# ਜ਼ੰਜ਼ੀਰਾਂ ਬਨਾਮ ਮੇਹਨਤਕਸ਼

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਜੰਜ਼ੀਰਾਂ ਬਨਾਮ ਮੇਹਨਤਕਸ਼**

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**
**ਡਿਪਟੀ ਮੈਡੀਕਲ ਕਮਿਸ਼ਨਰ**
ਬੀਬੀ ਵਾਲਾ ਰੋਡ, ਗਲੀ ਨੰਬਰ 6,
ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : ਸਤੰਬਰ, 2009

© : ਲੇਖਕ ਦੇ ਹੱਕ ਰਾਖ਼ਵੇਂ ਹਨ।

ਟਾਈਟਲ : ਅਮਿੱਤ ਮਿੱਤਰ

**ਪ੍ਰਕਾਸ਼ਕ :**
*ਤਰਕਭਾਰਤੀ ਪ੍ਰਕਾਸ਼ਨ,*
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ
ਫ਼ੋਨ : 01679-233244 ਫ਼ੈਕਸ : 241744
e-mail : anu_bnl@yahoo.com
www.tarksheel.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ : ਪੇਪਰ ਬੈਕ** 80/-
**ਸਜਿਲਦ** 100/-

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    - ਭਾਗ-1
    - ਭਾਗ-2
    - ਭਾਗ-3
    - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਕਿਵ ਕੂੜੈ ਤੁਟੈ ਪਾਲਿ

# ਤਤਕਰਾ


1. ਵੱਖ-ਵੱਖ ਸਮਾਜ ਪ੍ਰਬੰਧਾਂ ਵਿਚ ਔਰਤਾਂ ਦੀ ਹਾਲਤ ਅਤੇ ਪਿਤਾ ਪੁਰਖੀ ਸੱਤਾ 5
2. ਬਦਲ ਰਹੀ ਸੁੰਦਰਤਾ ਸੋਚ ਤੇ ਪੁਰਾਣੇ ਪ੍ਰਤੀਕ ਚਿੰਨ੍ਹ 27
3. ਪੁੱਤ ਦੇ ਜਨਮ ਦੀ ਲਾਲਸਾ 31
4. ਕਲਾਰਾ ਜੈਟਕਿਨ-ਔਰਤ ਸ਼ਕਤੀ ਅੰਦੋਲਨ ਦੀ ਅਗਰਦੂਤ 33
5. ਰੋਜ਼ਾ ਲਕਜ਼ਮਬਰਗ-ਸੰਘਰਸ਼ ਦੀ ਪ੍ਰਤੀਕ ਯੋਧਾ 39
6. ਔਰਤਾਂ ਲਈ ਸਹੀਂ ਨੁਮਾਇੰਦਗੀ ਕਿਉਂ ਨਹੀਂ 46
7. ਝਾਰਖੰਡ ਤੋਂ ਹਰਿਆਣੇ ਵੱਲ ਲੜਕੀਆਂ ਦੀ ਤਸਕਰੀ 50
8. ਕਾਬੁਲ ਬਣੀ ਵਿਧਵਾਵਾਂ ਦੀ ਰਾਜਧਾਨੀ 53
9. ਔਰਤ ਪੁਲਸੀਆਂ ਨਾਲ ਭੇਦ ਭਾਵ 55
10. ਸਾਮਰਾਜੀ ਪ੍ਰਬੰਧ ਵਿਰੁੱਧ ਰਾਜਸੀ ਸੰਘਰਸ਼ ਦਾ ਮਹੱਤਵ 57
11. ਵਿਸੇਸ਼ ਆਰਮਜ਼ ਐਕਟ ਦਾ ਵਿਰੋਧ ਕਰਦੀ ਏਰੋਮ ਸ਼ਰਮੀਲਾ 63
12. ਡੇਟਿੰਗ ਦੇ ਬਹਾਨੇ ਬਲਾਤਕਾਰ 66
13. ਇੱਜ਼ਤ ਦੇ ਨਾਂ 'ਤੇ ਪਿਆਰ ਦਾ ਖ਼ੂਨ 69
14. ਦਿੱਲੀ ਦੀਆਂ ਸੜਕਾਂ ਔਰਤਾਂ ਦੀ ਸੁਰੱਖਿਆ 72
15. ਭਾਰਤ 'ਚ ਔਰਤ ਨੂੰ ਮਜ਼ਬੂਤੀ ਦੇ ਅਸਲੀ ਅਰਥ 75
16. ਔਰਤ ਅੰਦੋਲਨ 'ਚ ਮੁਖ ਰਾਜਸੀ ਧਾਰਾਵਾਂ 78
17. ਔਰਤਾਂ ਪ੍ਰਤੀ ਹਿੰਸਾ 87
18. ਪਿੱਤਰ ਸੱਤਾਵਾਦੀ ਸਭਿਆਚਾਰ ਅਤੇ ਲਿੰਗ ਵੰਡ ਦਾ ਗਲਬਾ 91
19. ਦਾਬੇ ਤੇ ਮੁਕਤੀ ਦੇ ਆਰਥਕ ਪਹਿਲੂ 100
20. ਨਵ-ਜਮਹੂਰੀ ਔਰਤ ਅੰਦੋਲਨ 109
21. ਨਰਕ ਦਾ ਦੂਜਾ ਰੂਪ ਹੈ ਰਜੀਵ ਕਲੋਨੀ 117
22. ਕੌਮੀਕਰਨ ਦਾ ਅਸਲੀ ਅਰਥ 120
23. ਕਿਲੇ ਢਹਿ ਢੇਰੀ, ਰਾਜਾ ਬੇਨਕਾਬ 122
24. 1984 'ਚ ਹੋਏ ਸਿੱਖਾਂ ਦੇ ਕਤਲੇਆਮ 125
25. ਕੀ ਜੁੱਤਾ ਸੁੱਟਣਾ ਅਸੱਭਿਅਕ ਹੈ? 128
26. ਸਮੂਹ-20 ਨੇ ਬਣਾਈ ਦੂਜੀ ਆਮ ਰਾਇ 130
27. ਮਜ਼ਦੂਰ ਜਮਾਤ ਤੇ ਸੂਚਨਾ ਪ੍ਰਚਾਰ ਤੰਤਰ (ਮੀਡੀਆ) 133
28. ਮਈ ਦਿਵਸ 138
29. ਅੰਨੀਆਂ ਪਾਰਟੀਆਂ ਬਨਾਮ ਲੋਕਾਂ ਦੇ ਮੁੱਦੇ 142
30. ਮਾਰਕਸ ਦੇ ਜਨਮ ਦਿਨ 'ਤੇ 144
31. ਮਈ ਦਿਨ ਤੇ ਭਾਰਤ ਦੀ ਮਜ਼ਦੂਰ ਜਮਾਤ 149
32. ਮਈ ਦਿਨ ਤੇ ਮਜ਼ਦੂਰ ਜਮਾਤ ਦਾ ਸੰਘਰਸ਼ 152
33. ਸਾਮਰਾਜੀ ਫੌਜੀ ਗਠਜੋੜ ਨਾਟੋ 154
34. ਕਾਲੇ ਕੋਟ 'ਤੇ ਦਾਗ 157
35. ਮੀਡੀਆ ਦਾ ਮੰਡੀਕਰਨ ਕਿਵੇਂ 160
36. ਸਰਕਾਰੀ ਕਮਿਊਨਿਸਟ ਸਾਮਰਾਜ ਦੇ ਚਾਕਰ 163
37. ਇਹ ਕਿਹੋ ਜਿਹਾ ਪ੍ਰਸ਼ਾਸ਼ਨ? 166
38. ਫਰਜੀ ਪੁਲਿਸ ਮੁਕਾਬਲਿਆਂ ਦਾ ਦੌਰ ਜਾਰੀ 170
39. ਜਜ਼ੀਆ ਦਾ ਜੰਜਾਲ 173
40. ਬੰਦ ਕਾਰਖਾਨਿਆਂ ਦੀ ਜ਼ਮੀਨ ਸਬੰਧੀ ਰਾਜਸੀ ਖੋਹ ਖਿੰਝ 176
41. ਸਾਮਰਾਜੀਆਂ ਦੀ ਹੁਣ ਉਲਟੀ ਮੱਤ 178
42. ਫਿਰਕੂ ਦੰਗੇ ਬਨਾਮ ਪੂੰਜੀਵਾਦੀ ਰਾਜ ਸੱਤਾ 180
43. ਨੇਪਾਲ ਦੇ ਸੰਘਰਸ਼ 'ਚ ਨਵਾਂ ਮੋੜ 182

# ਵੱਖ-ਵੱਖ ਸਮਾਜ ਪ੍ਰਬੰਧਾਂ ਵਿਚ ਔਰਤਾਂ ਦੀ ਹਾਲਤ ਅਤੇ ਪਿਤਾ ਪੁਰਖੀ ਸੱਤਾ

ਔਰਤਾਂ ਸਮਾਜ ਦਾ ਅੱਧਾ ਹਿੱਸਾ ਹਨ। ਉਨ੍ਹਾਂ ਦੇ ਇਨਕਲਾਬ ਵਿਚ ਆਉਣ ਨਾਲ ਤਾਕਤ ਦੁਗਣੀ ਹੋ ਜਾਂਦੀ ਹੈ। ਨਹੀਂ ਆਉਣ ਨਾਲ ਅੱਧੀ ਰਹਿ ਜਾਂਦੀ ਹੈ। ਔਰਤ ਅੰਦਰਲੇ ਰੋਹ ਨੂੰ ਇਨਕਲਾਬ ਦੀ ਅੰਤਰ ਮੁਖੀ ਸ਼ਕਤੀ ਵਿਚ ਤਬਦੀਲ ਕਰਨਾ ਤੇ ਉਨ੍ਹਾਂ ਦੀ ਸਮੁੱਚੀ ਊਰਜਾ ਨੂੰ ਇਸ ਵਿਚ ਸਹੀ ਢੰਗ ਨਾਲ ਲਾ ਦੇਣਾ ਮੁੱਖ ਕਾਰਜਾਂ ਵਿਚੋਂ ਇਕ ਹੈ। ਇਸ ਲਈ ਮੌਜੂਦਾ ਅਰਧ-ਬਸਤੀਵਾਦੀ ਅਰਧ-ਜਾਗੀਰੂ ਸਮਾਜ ਵਿਚ ਉਨ੍ਹਾਂ ਦੀ ਆਮ ਸਥਿਤੀ ਦੇ ਨਾਲ-ਨਾਲ ਉਨ੍ਹਾਂ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ 'ਤੇ ਵੀ ਗੌਰ ਕਰਨਾ ਅਤੇ ਉਸ ਆਧਾਰ 'ਤੇ ਉਨ੍ਹਾਂ ਬਾਰੇ ਕਾਰਜਾਂ ਨੂੰ ਤਹਿ ਕਰਨਾ ਜ਼ਰੂਰੀ ਹੈ। ਇਸ ਲਈ ਉਨ੍ਹਾਂ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਦੇ ਮੱਦੇਨਜ਼ਰ ਸਭ ਤੋਂ ਪਹਿਲਾਂ ਜਮਾਤੀ ਲੁੱਟ ਦੇ ਦਾਬੇ ਦੀ ਪੈਦਾਇਸ਼ ਦੇ ਨਾਲ ਨਾਲ ਹੀ ਉਹਨਾਂ 'ਤੇ ਲੱਦੇ ਪਿਤਾ ਪੁਰਖੀ ਦਾਬੇ ਦੀ ਵੀ ਇਤਿਹਾਸਕ ਪੜਤਾਲ ਜ਼ਰੂਰੀ ਹੈ। ਜ਼ਰੂਰੀ ਤਾਂ ਇਹ ਵੀ ਹੈ ਕਿ ਵੱਖ-ਵੱਖ ਸਮਾਜਿਕ ਪ੍ਰਬੰਧਾਂ ਵਿਚ ਉਹਨਾਂ ਦੀ ਸਥਿਤੀ ਦਾ ਇਤਿਹਾਸਕ ਪੱਖ ਤੋਂ ਜਾਇਜ਼ਾ ਲਿਆ ਜਾਵੇ।

**ਔਰਤ ਦੀ ਗੁਲਾਮੀ ਤੇ ਪਿਤਾ ਪੁਰਖੀ ਸੱਤਾ ਦੀ ਪੈਦਾਇਸ਼ ਅਤੇ ਵਿਕਾਸ**

ਔਰਤਾਂ ਦੋਹਰੀ ਲੁੱਟ ਤੇ ਦਾਬੇ ਦਾ ਸਾਹਮਣਾ ਕਰਦੀਆਂ ਆਪਣੇ ਮਰਦਾਂ ਵਾਂਗੂੰ ਉਹ ਵੀ ਸਮਾਜ ਦੀ ਲੁੱਟ ਤੇ ਦਾਬਾ ਸਹਿੰਦੀਆਂ ਹਨ ਪਰ ਨਾਲ ਹੀ ਨਾਲ ਉਨ੍ਹਾਂ ਨੂੰ ਪਿਤਾ ਪੁਰਖੀ ਦਾਬੇ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਔਰਤਾਂ ਉਪਰ ਮਰਦਾਂ ਦੇ ਗਲਬੇ ਦਾ ਪ੍ਰਬੰਧ ਪਿਤਾ ਪੁਰਖੀ ਸਤਾ ਵਾਲਾ ਹੁੰਦਾ ਹੈ। ਸਭ ਲੁਟੇਰੇ ਸਮਾਜਾਂ ਦੇ ਹਾਕਮ ਜਮਾਤੀ ਪਿਤਾ ਪੁਰਖੀ ਦਾਬੇ ਨੂੰ ਸੰਸਥਾਗਤ ਰੂਪ ਦਿੰਦੇ ਹਨ ਪਰ ਇਸ ਤੋਂ ਇਲਾਵਾ ਉਹ ਮਰਦ ਵੀ ਖ਼ੁਦ ਹਾਕਮ ਜਮਾਤ ਵਲੋਂ ਪੀੜਤ ਹੁੰਦੇ ਹਨ, ਪਿਤਾ ਪੁਰਖੀ ਵਿਚਾਰਾਂ ਨਾਲ ਪ੍ਰਭਾਵਿਤ ਹੁੰਦੇ ਹਨ। ਔਰਤਾਂ 'ਤੇ ਦਾਬੇ ਦਾ ਇਹ ਮਹੱਤਵਪੂਰਨ ਪਹਿਲੂ ਹੈ। ਪਿਤਾ ਪੁਰਖੀ ਸੱਤਾ ਵਾਲੀਆਂ ਪੂਰਵ ਧਾਰਨਾਵਾਂ ਦੇ ਸਰਵ ਵਿਆਪੀ ਹੋਣ ਵਿਚ ਇਸ ਪਹਿਲੂ ਦਾ ਯੋਗਦਾਨ ਹੈ। ਇਸ ਤਰ੍ਹਾਂ ਜਿਥੇ ਜਮਾਤੀ ਦਾਬੇ ਨੂੰ ਸਮਝਣਾ ਵੱਧ ਔਖਾ ਹੈ ਅਤੇ ਲੋਕ ਉਸ ਨੂੰ ਸਮਝਣ ਲਈ ਵੱਧ ਤਿਆਰ ਰਹਿੰਦੇ ਹਨ, ਪਿਤਾ ਪੁਰਖੀ ਸੱਤਾ ਨਾਲ ਇਹ ਜੁੜੇ ਹੋਏ ਹਨ। ਪਿਤਾ ਪੁਰਖੀ ਲੁੱਟ ਤੇ ਦਾਬਾ ਜਮਾਤੀ ਲੁੱਟ ਤੇ ਦਾਬੇ 'ਤੇ ਅਧਾਰਤ ਹੁੰਦਾ ਹੈ ਅਤੇ ਉਸ ਰਾਹੀਂ ਪਾਲਿਆ ਪੋਸਿਆ ਜਾਂਦਾ ਹੈ। ਫਿਰ ਜਮਾਤੀ ਸ਼ੋਸ਼ਣ ਦੇ ਦਾਬੇ ਨੂੰ ਪਿਤਾ ਪੁਰਖੀ ਸੱਤਾ ਰਾਹੀਂ ਵੀ ਬਲ ਮਿਲਦਾ ਹੈ। ਇਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਪਿਤਾ ਪੁਰਖੀ ਸਤਾ ਦੀ ਪੈਦਾਇਸ਼ ਜਮਾਤੀ ਸਮਾਜ ਦੀ ਪੈਦਾਇਸ਼ ਦੇ ਨਾਲ ਹੀ ਹੋਈ ਹੈ ਅਤੇ ਨਵ-ਜਮਹੂਰੀ ਸਮਾਜਵਾਦ ਦੇ ਰਸਤੇ ਜਮਾਤ ਰਹਿਤ ਸਮਾਜ ਕਮਿਊਨਿਸਟ ਸਮਾਜ ਦੀ ਉਸਾਰੀ ਲਈ ਜਮਾਤੀ ਸੰਘਰਸ਼ ਦੇ ਅਮਲ ਦੇ ਦੌਰ ਤੋਂ ਹੀ ਪਿਤਾ ਪੁਰਖੀ ਸਤਾ ਦਾ ਅੰਤਿਮ ਰੂਪ ਵਿਚ ਖਾਤਮਾ ਸੰਭਵ ਹੈ। ਇਸ ਪਿੱਤਰੀ ਸਤਾ ਵਿਰੁੱਧ ਸੰਘਰਸ਼ ਨੂੰ ਲਾਜ਼ਮੀ ਹੀ ਅਜਿਹੇ ਜਮਾਤੀ ਸੰਘਰਸ਼

ਦੀ ਦਿਸ਼ਾ ਵਿਚ ਅਤੇ ਉਸ ਦੇ ਇਕ ਅੰਗ ਵਜੋਂ ਚਲਾਉਣਾ ਹੋਵੇਗਾ। ਮੌਜੂਦਾ ਨਵ-ਜਮਹੂਰੀ ਇਨਕਲਾਬ ਦੇ ਇਕ ਅੰਗ ਵਜੋਂ ਚਲਾਉਣਾ ਹੋਵੇਗਾ। ਹਰ ਸਮੇਂ ਇਸ ਸੰਜੀਵ ਅੰਤਰ ਸੰਬੰਧ ਨੂੰ ਸਮਝਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਇਸ ਦਾ ਇਕ ਵਿਰੋਧ ਵਿਕਾਸ ਪੱਖ ਔਰਤ ਸੁਆਲ ’ਤੇ ਮਾਰਕਸਵਾਦੀ ਸਮਝ ਦਾ ਮੂਲ ਨੁਕਤਾ ਹੈ।

ਸਾਡੇ ਮਾਰਕਸਵਾਦੀ ਅਧਿਆਪਕਾਂ ’ਚੋਂ ਫ੍ਰੇਡਰਿਕ ਏਜਲਸ਼ ਨੇ ਔਰਤ ਸੁਆਲ ਦੇ ਅਧਿਐਨ ਲਈ ਇਕ ਅਧਾਰ ਪੇਸ਼ ਕੀਤਾ ਸੀ। 1884 ’ਚ ਲਿਖੀ ਗਈ ਉਨ੍ਹਾਂ ਦੀ ਰਚਨਾ ‘ਪ੍ਰੀਵਾਰ ਨਿੱਜੀ ਜਾਇਦਾਦ ਤੇ ਰਾਜ ਦੀ ਉਤਪੱਤੀ’ ਇਕ ਰਾਹ ਦਰਸਾਊ ਕਿਰਤ ਹੈ।

ਬਾਕੀ ਚੀਜ਼ਾਂ ਤੋਂ ਇਲਾਵਾ ਇਹ ਕਿਤਾਬ ਔਰਤ ਦਾਬੇ ਦੀ ਸ਼ੁਰੂਆਤ ਨਕਸ਼ਾ ਖਿੱਚਦੀ ਹੈ। ਇਹ ਵਿਖਾ ਕੇ ਔਰਤ ਤੇ ਦਾਬਾ, ਇਤਿਹਾਸ ਦੇ ਖਾਸ ਸਮੇਂ ’ਚ ਹੋਂਦ ’ਚ ਆਇਆ ਸੀ, ਏਂਜਲਜ਼ ਨੇ ਪਿਤਾ ਪੁਰਖੀ ਸਤਾ ਦੀ ਸਮਾਜਿਕ ਸ਼ੁਰੂਆਤ ਵੱਲ ਧਿਆਨ ਖਿੱਚਿਆ ਸੀ। ਤਦ ਤੋਂ ਇਹ ਕਿਤਾਬ, ਔਰਤਾਂ ਦੀ ਮੁਕਤੀ ਲਈ ਸਿਧਾਂਤਕ ਹਥਿਆਰ ਬਣ ਗਈ ਹੈ। ਮਾਰਕਸ ਦੀ ਖੋਜ ਤੋਂ ਲੈ ਕੇ ਏਜਲਜ਼ ਨੇ ਸਥਾਪਿਤ ਕੀਤਾ ਕਿ ਔਰਤਾਂ ’ਤੇ ਦਾਬਾ ਨਿੱਜੀ ਜਾਇਦਾਦ ਦੇ ਹੋਂਦ ’ਚ ਆਉਣ ਨਾਲ ਸ਼ੁਰੂ ਹੋਇਆ। ਯਾਨੀ ਕਿ ਉਸ ਸਮੇਂ ਤੇ ਜਦ ਮੁੱਢ ਕਦੀਮੀ ਕਮਿਊਨਿਜ਼ਮ ਟੁੱਟਿਆ ਅਤੇ ਜਮਾਤੀ ਸਮਾਜ ਪੈਦਾ ਹੋਇਆ। ਮਰਦਾਂ ਦੇ ਗਲਬੇ ਨਾਲ ਜੁੜਿਆ ਹੋਇਆ ਹੈ ਇਕਹਿਰੇ ਪਰਿਵਾਰ ਦਾ ਆਉਣਾ, ਜੋ ਨਿੱਜੀ ਜਾਇਦਾਦ ਦੀ ਮਜ਼ਬੂਤੀ ਤੇ ਵਿਰਾਸਤੀ ਤਬਾਦਲੇ ਲਈ ਉਜਾਰ ਬਣ ਗਿਆ। ਆਦਿ ਸਮਾਜ ਦੇ ਮਾਤਾ ਪੁਰਖੀ, ਕਬੀਲਾ ਅਧਾਰਤ, ਗੈਰ ਯਹੂਦੀ ਸਮਾਜ ਨੇ ਸਮਾਜਿਕ ਪੈਦਾਵਾਰ ’ਚ ਔਰਤਾਂ ਦੀ ਭਾਗੀਦਾਰੀ ਵੇਖੀ ਸੀ। ਪਰ ਸਭਿਅਤਾ ’ਚ ਤਬਦੀਲ ਹੋਣ ਦੇ ਅਮਲ ’ਚ ਔਰਤ ਅਧਿਕਾਰ ਟੁੱਟਣ ਦੇ ਨਾਲ, ਔਰਤ ਦੀ ਕਿਰਤ ਦਾ ਸਮਾਜਿਕ ਕਿਰਦਾਰ ਵੀ ਟੁੱਟ ਗਿਆ, ਉਹ ਵਿਅਕਤੀਗਤ ਅਤੇ ਘਰੇਲੂ ਦਾਇਰੇ ਤਕ ਸੀਮਤ ਹੋ ਗਿਆ। ਮਾਤਾ ਪੁਰਖੀ ਦੀ ਥਾਂ ਪਿਤਾ ਪੁਰਖੀ ਆ ਗਈ ਅਤੇ ਮਾਂ ਦਾ ਅਧਿਕਾਰ ਉਖਾੜ ਦਿੱਤਾ ਗਿਆ ਅਤੇ ਉਸ ਦੀ ਥਾਂ ਪਿਤਾ ਪੁਰਖੀ ਸਤਾ ਤੇ ਪਿਤਾ ਪੁਰਖੀ ਦਾਬੇ ਨੇ ਲੈ ਲਈ। ਏਜ਼ਲਜ਼ ਨੇ ਇਸ ਦੀ ਤਬਦੀਲੀ ਦਾ ਨਿਚੋੜ ਇਸ ਤਰ੍ਹਾਂ ਕੱਢਿਆ : “ਮਾਂ ਦੇ ਅਧਿਕਾਰ ਨੂੰ ਉਖਾੜ ਸੁਟਣਾ ਔਰਤ ਦੀ ਸੰਸਾਰ ਵਿਆਪੀ ਇਤਿਹਾਸਕ ਹਾਰ ਸੀ। ਘਰ ’ਚ ਵੀ ਆਦਮੀ ਨੇ ਕੰਟਰੋਲ ਸੰਭਾਲਿਆ, ਔਰਤਾਂ ਨੂੰ ਨੀਵਾਂ ਦਰਜਾ ਦੇ ਦਿੱਤਾ ਗਿਆ ਅਤੇ ਗੁਲਾਮ ਬਣਾ ਦਿੱਤਾ ਗਿਆ। ਉਹ ਮਰਦ ਦੀ ਵਾਸ਼ਣਾ ਦੀ ਗੁਲਾਮ ਅਤੇ ਬੱਚੇ ਪੈਦਾ ਕਰਨ ਦੀ ਸਿਰਫ ਇਕ ਮਸ਼ੀਨ ਹੀ ਬਣ ਗਈ।” ਏਗਲਜ਼ ਨੇ ਅੱਗੇ ਆਖਿਆ “ਇਸ ਤਰ੍ਹਾਂ ਇਤਿਹਾਸ ਦੇ ਵਿਕਾਸ ਦੇ ਨਾਲ-ਨਾਲ ਅਤੇ ਇਤਿਹਾਸ ਦੇ ਪਹਿਲੇ ਜਮਾਤੀ ਦਾਬੇ ਮਰਦਾਂ ਵਲੋਂ ਔਰਤ ’ਤੇ ਦਾਬੇ ਦੇ ਨਾਲ-ਨਾਲ ਪ੍ਰਗਟ ਹੁੰਦੀ ਹੈ।”

*(ਪਰਿਵਾਰ ਨਿੱਜੀ ਜਾਇਦਾਦ ਤੇ ਰਾਜ ਦੀ ਉਤਪੱਤੀ)*

ਇਹ ਸੁਆਲ ਆਮ ਤੌਰ ’ਤੇ ਸਾਹਮਣੇ ਆਉਂਦਾ ਹੈ ਕਿ ਪਿਤਾ ਪੁਰਖੀ ਸਤਾ ਦੀ ਉਤਪਤੀ ਪਹਿਲਾਂ ਹੋਈ ਅਤੇ ਜਮਾਤੀ ਸਮਾਜ ਬਾਅਦ ਵਿਚ ਵਿਕਸਤ ਹੋਇਆ। ਉਹ ਆਰੀਆ ਵਰਗੇ ਖਾਨਾਬਦੋਸ਼ ਪਸ਼ੂ ਪਾਲਕਾਂ ਦਾ, ਜੋ ਪਿਤਾ ਪੁਰਖੀ ਸਤਾ ਦਾ ਵਿਹਾਰ ਕਰਦੇ ਸਨ ਅਤੇ ਹੋਰ ਵਰਤਮਾਨ ਕਬੀਲਿਆਈ ਸਮਾਜਾਂ ਦੀ ਉਦਾਹਰਣ ਦਿੰਦੇ

ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਆਰੀਆ ਵਰਗੇ ਪਸ਼ੂ ਪਾਲਕਾਂ 'ਚ ਕਬੀਲੇ ਦੇ ਮੁਖੀ ਮਰਦ ਸਨ। ਉਹ ਜਮਾਤੀ ਸਮਾਜ ਵੱਲ ਵੱਧਣ ਸਮੇਂ 'ਚ ਸਨ ਅਤੇ ਇਸ ਲਈ ਇਨ੍ਹਾਂ ਦੇ ਭਰੂਣ 'ਚ ਜਮਾਤੀ ਸਮਾਜ ਦੇ ਕੁਝ ਤੱਤ ਵੇਖੇ ਜਾ ਸਕਦੇ ਸਨ। ਜਮਾਤੀ ਸਮਾਜ ਇਕ ਹੀ ਰਾਤ 'ਚ ਪੈਦਾ ਨਹੀਂ ਹੋਇਆ ਸੀ ਬਲਕਿ ਸੰਗਰਾਂਦੀ ਦੌਰ ਦੇ ਲੰਮੇ ਸਮੇਂ ਵਿਚ ਦੀ ਗੁਜ਼ਰਿਆ ਸੀ। ਬਦਲਾਅ ਦੇ ਇਸ ਲੰਮੇ ਅਮਲ 'ਚ ਇਸ ਜ਼ੁਲਮ ਦੇ ਉਚੇਰੇ ਪੱਧਰਾਂ 'ਚ ਜਮਾਤ ਸਮਾਜ ਨਾਲ ਜੁੜੇ ਹੋਏ ਕਈ ਪਹਿਲੂ ਦੇਖ ਸਕਦੇ ਹਾਂ। ਗੁਲਾਮਾਂ ਨੂੰ ਬੰਦੀ ਬਣਾਉਣਾ ਸ਼ੁਰੂ ਹੋ ਗਿਆ ਸੀ ਹਾਲਾਂਕਿ ਜਿਸ ਨੂੰ ਸਹੀ ਅਰਥ 'ਚ ਰਾਜ ਕਿਹਾ ਜਾ ਸਕਦਾ ਹੈ, ਉਸ ਦੀ ਉਤਪੱਤੀ ਨਹੀਂ ਹੋਈ ਸੀ। ਪਿਤਾ ਪੁਰਖੀ ਸਤਾ ਬਰਕਰਾਰ ਸੀ ਪਰ ਉਹ ਇਕ ਸੰਸਥਾ ਨਹੀਂ ਬਣੀ ਸੀ। ਭਾਰਤ 'ਚ ਪਿਤਾ ਪੁਰਖੀ ਸਤਾ ਦੀ ਉਤਪੱਤੀ 2600 ਸਾਲ ਪਹਿਲਾਂ ਹੋਈ ਸੀ। ਪ੍ਰਾਚੀਨ ਭਾਰਤ 'ਚ ਪਹਿਲਾਂ ਰਾਜ-600 ਈਸਾ ਪੂਰਵ ਮਗਧ ਰਾਜ ਦੇ ਹੋਂਦ 'ਚ ਆਉਣ ਦੇ ਨਾਲ ਹੀ ਸਥਾਪਿਤ ਹੋਇਆ। ਹਾਲਾਂਕਿ ਭਾਰਤੀ ਮਹਾਂਦੀਪ ਦੇ ਉੱਤਰੀ-ਪੱਛਮੀ ਭਾਗ 'ਚ 2500 ਈਸਾ ਪਹਿਲਾਂ ਹਿੰਦੂ ਘਾਟੀ ਸੱਭਿਅਤਾ ਪੈਦਾ ਹੋਈ ਸੀ ਪਰ ਇਹ ਤਾਂਬਾ ਯੁੱਗ ਦੀ ਸੱਭਿਅਤਾ ਸੀ ਜੋ ਟਿਕੀ ਨਹੀਂ ਅਤੇ 1800 ਈਸਾ ਪੂਰਵ ਤੱਕ ਨਸ਼ਟ ਹੋ ਗਈ। ਉਸ ਸਮੇਂ, ਕਈ ਸਾਰੇ ਆਦੀਵਾਸੀ ਸਮੂਹ ਪੂਰੇ ਭਾਰਤ 'ਚ ਫੈਲ ਗਏ ਅਤੇ ਵਿਕਾਸ ਦੇ ਵੱਖ-ਵੱਖ ਪੱਧਰਾਂ 'ਤੇ ਸਨ। ਦੱਖਣੀ ਤੇ ਕੇਂਦਰੀ ਭਾਰਤ 'ਚ ਜ਼ਿਆਦਾਤਰ ਆਦੀਵਾਸੀ ਸਮੂਹ ਮੁੱਢ ਕਦੀਮੀ ਖੇਤੀ 'ਚ ਸੁਆਲ ਸਨ ਅਤੇ ਪਸ਼ੂ ਪਾਲਣ 'ਤੇ ਨਿਰਭਰ ਸਨ। ਕਿਉਂਕਿ ਔਰਤਾਂ ਨੇ ਖੇਤੀ ਤੱਕ ਆਉਣ ਦੇ ਸਫਰ 'ਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ ਅਤੇ ਸਮਾਜਿਕ ਪੈਦਾਵਾਰ 'ਚ ਸਰਗਰਮ ਰੂਪ 'ਚ ਇਹ ਸ਼ਾਮਲ ਸਨ। ਇਸ ਲਈ ਸਮਾਜ ਮਾਤਾ ਪੁਰਖੀ ਸਨ। ਪਸ਼ੂ ਪਾਲਣ 'ਤੇ ਅਧਾਰਤ ਸਮੂਹਾਂ 'ਚ ਲਗਦਾ ਹੈ ਕਿ ਪਿਤਾ ਪੁਰਖੀ ਵਿਹਾਰ ਪਹਿਲਾਂ ਹੀ ਸਥਾਪਤ ਹੋ ਚੁੱਕਿਆ ਸੀ।

ਜਿਸ ਸਮੇਂ ਸਿੰਧੂ ਘਾਟੀ ਸਭਿਅਤਾ ਦੀ ਟੁੱਟ ਭੱਜ ਹੋਈ, ਉਸ ਸਮੇਂ ਭਾਰਤ 'ਚ ਆਰੀਆ ਦਾ ਆਉਣਾ ਸ਼ੁਰੂ ਹੋ ਗਿਆ। ਆਰੀਆ 'ਚ ਪਹਿਲਾਂ ਤੋਂ ਹੀ ਪਿਤਾ ਪੁਰਖੀ ਸਮਾਜ ਮੌਜੂਦ ਸੀ, ਹਾਲਾਂਕਿ ਔਰਤਾਂ ਪੈਦਾਵਾਰ 'ਚ ਸ਼ਾਮਲ ਸਨ। ਜਮਾਤੀ ਬਣਤਰ ਦਾ ਅਮਲ ਪਹਿਲਾਂ ਹੀ ਸ਼ੁਰੂ ਹੋ ਚੁੱਕਿਆ ਸੀ। ਇਹ ਯੁੱਧ ਰਾਹੀਂ ਹਰਾਏ ਸਮੂਹਾਂ ਨੂੰ ਗੁਲਾਮ ਬਣਾ ਕੇ ਯੁੱਧ ਰਾਹੀਂ ਹੀ ਫੈਲਿਆ। 1000 ਈਸਾ ਪੂਰਵ ਦੇ ਪਿਛੋਂ ਦਾ ਕਾਲ, ਮੁੱਢ ਕਦੀਮੀ ਖੇਤੀ ਅਤੇ ਪਸ਼ੂ ਪਾਲਕ ਸਮਾਜਾਂ ਦੇ ਸੰਘਰਸ਼ ਅਤੇ ਖਿੰਡਾਅ ਅਤੇ ਜਮਾਤਾਂ ਤੇ ਨਿੱਜੀ ਸੰਪੱਤੀ ਦੇ ਵਿਕਾਸ ਦਾ ਸਮਾਂ ਹੈ। 800 ਈਸਾ ਪੂਰਵ ਲੋਹੇ ਦੀ ਖੋਜ ਅਤੇ ਲੋਹੇ ਦੇ ਹਲ ਤੇ ਅਧਾਰਿਤ ਖੇਤੀ ਦੀ ਸ਼ੁਰੂਆਤ ਨੇ ਇਸ ਅਮਲ ਨੂੰ ਕਾਫੀ ਤੇਜ਼ ਕਰ ਦਿੱਤਾ। ਬਾਕੀ ਦੀ ਪੈਦਾਵਾਰ ਵੱਧ ਗਈ। ਇਸ ਸਮੇਂ ਤੱਕ ਸ਼ੂਦਰ ਰੱਖਣ ਦੇ ਪ੍ਰਬੰਧ (ਯਾਨੀ ਸ਼ੂਦਰ ਕਿਰਤ ਤੇ ਅਧਾਰਤ ਪੈਦਾਵਾਰ ਪ੍ਰਣਾਲੀ) 'ਤੇ ਅਧਾਰਤ ਪਹਿਲਾਂ ਰਾਜ ਗੰਗਾ ਦੇ ਮੈਦਾਨ 'ਚ ਉਭਰਿਆ। ਪਿਤਾ ਪੁਰਖੀ ਸਤਾ ਨੇ ਚੰਗੀ ਤਰ੍ਹਾਂ ਨਾਲ ਸਥਾਪਿਤ ਹੋ ਚੁੱਕੀ ਸੀ, ਸਮਾਜਿਕ ਪੈਦਾਵਾਰ 'ਚ ਔਰਤਾਂ ਨੇ ਆਪਣਾ ਮਹੱਤਵ ਗੁਆ ਲਿਆ ਸੀ ਅਤੇ ਹੇਠਲੇ ਦਰਜੇ ਤੇ ਉਨ੍ਹਾਂ ਨੂੰ ਸੁੱਟ ਦਿੱਤਾ ਗਿਆ ਸੀ। ਜਾਗੀਰਦਾਰੀ ਦੀ ਉਤਪੱਤੀ ਦੇ ਨਾਲ ਭਾਰਤ 'ਚ ਪਿਤਾ ਪੁਰਖੀ ਸਤਾ ਨੇ ਪੂਰੀ ਤਰ੍ਹਾਂ ਸੰਸਥਾਗਤ ਰੂਪ ਧਾਰਨ ਕਰ ਲਿਆ ਸੀ ਅਤੇ ਉਸ ਤਰ੍ਹਾਂ ਔਰਤ ਜਾਗੀਰੂ ਜਮਾਤੀ

ਦਾਬੇ ਤੇ ਲੁੱਟ-ਘਸੁੱਟ ਤੇ ਜ਼ਬਰ ਦੇ ਨਾਲ ਨਾਲ ਪਿਤਾ ਪੁਰਖੀ ਸਤਾ ਦਾ ਸ਼ਿਕਾਰ ਹੋ ਕੇ ਗੁਲਾਮੀ ਦੀ ਹਾਲਤ 'ਚ ਚਲੀ ਗਈ।

**ਜਾਗੀਰੂ ਸਮਾਜ 'ਚ ਔਰਤਾਂ ਦੀ ਸਥਿਤੀ ਅਤੇ ਜਗੀਰਦਾਰੀ ਦੇ ਤਹਿਤ ਪਿਤਾ ਪੁਰਖੀ ਸਤਾ** : ਭਾਰਤ 'ਚ ਕਰੀਬ ਈਸਾ ਬਾਅਦ ਚੌਥੀ ਸ਼ਤਾਬਦੀ ਤੋਂ ਪੈਦਾਵਾਰ ਦੀ ਜਾਗੀਰੂ ਪ੍ਰਣਾਲੀ ਹੋਂਦ 'ਚ ਆਈ। ਜਾਗੀਰਦਾਰੀ ਦਾ ਅਰਥ ਸੀ ਬਟਾਈਕਾਰਾਂ ਤੇ ਬੰਦਕ ਮਜ਼ਦੂਰਾਂ ਦੀ ਸਿੱਧੀ ਤੇ ਸ਼ਰੇਆਮ ਲੁੱਟ ਕਰਨ ਵਾਲੇ ਜ਼ਿੰਮੀਦਾਰਾਂ ਦੀ ਇਕ ਜਮਾਤ ਦੀ ਹੋਂਦ। ਜਾਗੀਰੂ ਪ੍ਰਣਾਲੀ 'ਚ ਔਰਤਾਂ ਦੇ ਲਈ ਜਾਇਦਾਦ ਦੀ ਮਾਲਕੀ ਜਾਂ ਵਿਰਾਸਤ ਦੇ ਅਧਿਕਾਰ ਤੇ ਜਾਂ ਪੈਦਾਵਾਰ ਦੇ ਸਾਧਨਾਂ 'ਤੇ ਕਿਸੇ ਵੀ ਗਲਬੇ ਦੀ ਮਨਾਹੀ ਸੀ। ਜਿਥੇ ਉੱਚ ਵਰਗ ਦੀਆਂ ਔਰਤਾਂ, ਚਾਰ ਦੀਵਾਰੀ ਦੇ ਅੰਦਰ ਰਹਿੰਦੀਆਂ ਸਨ, ਉਥੇ ਜਾਗੀਰੂ ਜਮਾਤ ਬਟਾਈਦਾਰਾਂ, ਬੰਦਕ ਮਜ਼ਦੂਰ ਜਮਾਤਾਂ ਅਤੇ ਦਸਤਕਾਰ ਜਾਤਾਂ ਦੀਆਂ ਔਰਤਾਂ ਦੀ ਕਿਰਤ ਦੀ ਲੁੱਟ ਕਰਦੀ ਸੀ। ਔਰਤਾਂ ਦੀ ਥਾਂ ਪਸ਼ੂਆਂ ਦੇ ਬਰਾਬਰ ਸਮਝੀ ਜਾਂਦੀ ਸੀ। ਔਰਤ ਦੀ ਕੋਈ ਆਜ਼ਾਦ ਹੋਂਦ ਨਹੀਂ ਸੀ। ਉਸ ਦੀ ਪਹਿਚਾਣ ਉਸ ਦੇ ਪਿਤਾ, ਪਤੀ ਜਾਂ ਪੁੱਤਰ ਰਾਹੀਂ ਹੋਣ ਲੱਗੀ। ਜ਼ਿੰਮੀਦਾਰਾਂ ਲਈ ਮਿਹਨਤ ਕਰਨ ਦੇ ਲਈ ਬਟਾਈਦਾਰਾਂ ਅਤੇ ਬੰਦਕ ਮਜ਼ਦੂਰ ਜਮਾਤਾਂ ਦੀਆਂ ਔਰਤਾਂ ਨੂੰ ਆਪਣੇ ਪਤੀਆਂ ਦੇ ਨਾਲ ਜਾਣਾ ਪੈਂਦਾ ਸੀ। ਇਸ ਤਰ੍ਹਾਂ ਲੁੱਟੇ ਜਾਂਦੇ ਵਰਗਾਂ ਦੀਆਂ ਔਰਤਾਂ ਸਮਾਜਿਕ ਪੈਦਾਵਾਰ 'ਚ ਭਾਗੀਦਾਰੀ ਕਰਦੀਆਂ ਸਨ। ਉਨ੍ਹਾਂ ਨੂੰ ਦੂਹਰੀ ਲੁੱਟ ਤੇ ਦਾਬੇ ਦਾ ਸ਼ਿਕਾਰ ਹੋਣਾ ਪੈਂਦਾ ਸੀ। ਇਕ ਪਾਸੇ ਘਰੇਲੂ ਤੋੜ-ਭੰਨ, ਕਿਰਤ ਰਾਹੀਂ ਉਹ ਪਤੀਆਂ, ਬੱਚਿਆ ਤੇ ਮਾਪਿਆਂ ਨੂੰ ਇਸ ਲਾਇਕ ਤਿਆਰ ਕਰਦੀਆਂ ਸਨ ਜਿਸ ਨਾਲ ਉਹ ਜਾਗੀਰੂ ਮਾਲਕਾਂ ਦੀ ਸੇਵਾ ਕਰ ਸਕਣ। ਉਹ ਨਾਲ ਹੀ ਉਨ੍ਹਾਂ ਦੇ ਪੂਰਕਾਂ ਦੇ ਰੂਪ 'ਚ ਉਹ ਉਸ ਖਾਸ ਮਾਲਕ ਦੇ ਘਰ ਸਾਰਾ ਘਰੇਲੂ ਕੰਮ ਨਿਪਟਾਉਂਦੀਆਂ ਸਨ ਅਤੇ ਪੈਦਾਵਾਰੀ ਕਿਰਤ 'ਚ ਵੀ ਹਿੱਸਾ ਲੈਂਦੀਆਂ ਸਨ। ਮਰਦਾਂ ਦੇ ਮਤਾਹਿਤ ਵਜੋਂ ਉਨ੍ਹਾਂ ਦੀ ਇਸ ਕਿਰਤ ਦੀ ਨਾਂ ਤਾਂ ਕੋਈ ਪਹਿਚਾਣ ਸੀ ਨਾ ਕੀਮਤ। ਉਨ੍ਹਾਂ ਦੀ ਇਸ ਕਿਰਤ ਨੂੰ ਪਤੀ, ਪਿਤਾ ਜਾਂ ਪੁੱਤਰ ਦੀ ਕਿਰਤ ਦੀ ਸਹਾਇਕ ਕਿਰਤ ਵਜੋਂ ਵੇਖਿਆ ਜਾਂਦਾ ਸੀ। ਦੂਜੇ ਪਾਸੇ, ਉਹ ਔਰਤ ਮਿਹਨਤਕਸ਼ ਵਜੋਂ ਦੂਜੇ ਜਾਗੀਰੂ ਮਾਲਕਾਂ ਦੇ ਅਜਿਹੇ ਕਿਸਾਨੀ ਕੰਮ 'ਚ ਵੀ ਹਿੱਸਾ ਲੈਂਦੀਆਂ ਸਨ ਜਿਨ੍ਹਾਂ ਨੂੰ ਔਰਤ ਲਾਇਕ ਕੰਮ ਮੰਨਿਆ ਜਾਂਦਾ ਸੀ ਜਿਵੇਂ ਕਿ ਨੌਕਰਾਨੀ, ਧਾਨ ਦੀ ਬਿਜਾਈ ਆਦਿ। ਉਥੇ ਉਨ੍ਹਾਂ ਦੀ ਜਮਾਤੀ ਲੁੱਟ-ਘਸੁੱਟ ਹੁੰਦੀ ਸੀ। ਮਿਹਨਤਕਸ਼ ਔਰਤ ਵਜੋਂ ਇਸ ਤਰ੍ਹਾਂ ਜਾਗੀਰੂ ਸਮਾਜ 'ਚ ਮਿਹਨਤਕਸ਼ ਔਰਤਾਂ ਪਿਤਾ ਪੁਰਖੀ ਸਤਾ ਤਹਿਤ ਸੰਬੰਧਾਂ ਰਾਹੀਂ ਜਾਗੀਰੂ ਲੁੱਟ ਤੇ ਦਾਬਾ ਅਤੇ ਔਰਤ ਮਿਹਨਤਕਸ਼ ਵਜੋਂ ਜਮਾਤੀ ਲੁੱਟ ਤੇ ਦਾਬਾ-ਇਨ੍ਹਾਂ ਦੋਨੋਂ ਕਿਸਮਾਂ ਦੀ ਲੁੱਟਾਂ ਤੇ ਦਾਬੇ ਨੂੰ ਝਲਣ ਲਈ ਮਜ਼ਬੂਰ ਸਨ। ਜਾਗੀਰਦਾਰੀ 'ਚ ਪਿਤਾ ਪੁਰਖੀ ਸਤਾ, ਔਰਤ ਜਾਂ ਉਸ ਦੀ ਕਿਰਤ ਦੀ ਕੋਈ ਵਿਸ਼ੇਸ਼ ਸਮਾਜਿਕ ਪਹਿਚਾਣ ਨਹੀਂ ਹੁੰਦੀ ਸੀ। ਮਰਦਾਵੀ ਸਤਾ ਤਹਿਤ ਵਿਚਾਰਧਾਰਾ ਜਾਗੀਰੂ ਜਮਾਤਾਂ ਦੇ ਲਈ ਮਿਹਨਤਕਸ਼ ਔਰਤਾਂ ਦੀ ਮੁਫ਼ਤ ਜਾਂ ਬੇਹੱਦ ਸਸਤੀ ਕਿਰਤ ਸੇਵਾ ਯਕੀਨੀ ਬਣਾਉਂਦੀ ਸੀ ਹਿੰਸਾ, ਸਰੀਰਕ ਬੇਇੱਜ਼ਤੀ ਅਤੇ ਧਰਮ ਰਾਹੀਂ ਮਾਨਤਾ ਪ੍ਰਾਪਤ ਯੋਨ ਸਬੰਧਾਂ 'ਚ ਸਹਿਵਸ ਤੋਂ ਇਲਾਵਾ ਜਗੀਰੂ ਪ੍ਰਬੰਧ 'ਚ ਔਰਤਾਂ ਦਾ ਇਸ ਤਰ੍ਹਾਂ ਦੀ ਆਫ਼ਤ ਤੇ ਬੇਹੱਦ ਲੁੱਟ ਹਾਸਿਲ ਕੀਤੀ ਜਾਂਦੀ ਸੀ। ਜਾਗੀਰਦਾਰੀ ਦਾ ਔਰਤਾਂ

ਪ੍ਰਤੀ ਰੁੱਖ ਸਭ ਤੋਂ ਅੱਛੀ ਤਰ੍ਹਾਂ ਨਾਲ ਮਨੂੰ ਦੇ 'ਧਰਮ ਸ਼ਾਸਤਰ' 'ਚ ਦਿੱਤਾ ਹੋਇਆ ਹੈ। ਸ਼ੂਦਰ ਰੱਖਣ ਦੀ ਪ੍ਰਬੰਧ ਦੇ ਕੰਮਜ਼ੋਰ ਪੈਣ ਅਤੇ ਜਾਗੀਰਦਾਰੀ ਦੀ ਨਵੀਂ ਪ੍ਰਦਾਲੀ ਦੀ ਉਤਪਤੀ ਸਮੇਂ 'ਤੇ ਆਉਣ ਵਾਲੇ 'ਮਨੂ ਧਰਮ ਸ਼ਾਸਤਰ' ਭਾਰਤ 'ਚ ਜਾਗੀਰੂ ਵਿਚਾਰਧਾਰਾ ਤੇ ਪਿਤਾ ਪੁਰਖੀ ਸਤਾ ਦਾ ਇੱਛਾ ਪਾਤਰ ਬਣ ਗਿਆ ਅਤੇ ਉਸ ਨੂੰ ਸੰਸਥਾਗਤ ਕਰਨ 'ਚ ਇਸ ਨੇ ਅਹਿਮ ਭੂਮਿਕਾ ਨਿਭਾਈ।

ਜਾਗੀਰਦਾਰੀ 'ਚ ਪਰਿਵਾਰ, ਪੈਦਾਵਾਰ ਤੇ ਖਪਤ, ਦੋਨੋਂ ਦੀਆਂ ਇਕਾਈਆਂ ਸਨ ਜਾਗੀਰਦਾਰੀ ਦਾ ਕੁਦਰਤੀ ਅਰਥਚਾਰਾ ਲਘੂ ਪੈਦਾਵਾਰ 'ਤੇ ਅਧਾਰਤ ਸੀ। ਜਿਣਸੀ ਪੈਦਾਵਾਰ ਨਾ ਮਾਤਰ ਸੀ ਇਸ ਲਈ ਪਰਿਵਾਰ ਖੇਤੀ ਦੇ ਨਾਲ ਕਈ ਹੋਰ ਹਸਤਕਲਾ ਅਤੇ ਛੋਟੇ-ਮੋਟੇ ਕੰਮ ਨਾਲੋ-ਨਾਲ ਕਰਦਾ ਸੀ। ਇਨ੍ਹਾਂ ਕੰਮਾਂ ਤੇ ਘਰੇਲੂ ਕੰਮ 'ਚ ਕੋਈ ਵੰਡ ਦੀ ਲੀਹ ਨਹੀਂ ਸੀ ਅਤੇ ਇਹ ਚੱਕਰ ਅੰਤਹੀਣ ਸੀ। ਇਸ ਪ੍ਰਕਾਰ ਘਰੇਲੂ ਕੰਮ ਦਾ ਖੇਤਰ ਬਹੁਤ ਵੱਡਾ ਸੀ ਅਤੇ ਇਸ 'ਚ ਔਰਤ ਦੀ ਕਿਰਤ ਦਾ ਕਾਫੀ ਵੱਡਾ ਹਿੱਸਾ ਲੱਗ ਜਾਂਦਾ ਸੀ। ਕਿਉਂਕਿ ਪੈਦਾਵਾਰ ਛੋਟੀ ਪੱਧਰ 'ਤੇ ਸੀ, ਪਰਿਵਾਰ, ਪੈਦਾਵਾਰ ਤੇ ਖਪਤ ਦੋਨਾਂ ਦੀ ਆਰਥਿਕ ਇਕਾਈ ਸੀ ਅਤੇ ਘਰੇਲੂ ਕੰਮਾਂ 'ਚ ਔਰਤ ਦੀ ਕਿਰਤ ਦਾ ਵੱਡਾ ਹਿੱਸਾ ਲੱਗ ਜਾਂਦਾ ਸੀ ਇਸ ਲਈ ਹੋਂਦ ਤੇ ਅਧੀਨਤਾ ਦਾ ਪਿਤਾ ਪੁਰਖੀ ਢਾਂਚਾ ਸਿਰਫ ਪਰਿਵਾਰ ਦੇ ਅੰਦਰ ਹੀ ਨਹੀਂ ਬਲਕਿ ਪੂਰੇ ਜਾਗੀਰੂ ਸਮਾਜ ਦਾ ਮੁੱਖ ਪਹਿਲੂ ਬਣ ਗਿਆ। ਲੈਨਿਨ ਨੇ ਕਿਹਾ ਹੈ, "ਪਿਤਾ ਪੁਰਖੀ ਸੱਤਾ ਲਘੂ ਉਤਪਾਦ ਅਰਥਚਾਰੇ ਦਾ ਇੱਕ ਹਿੱਸਾ ਹੈ।" ਜਗੀਰਦਾਰੀ 'ਚ ਪਿਤਾ ਪੁਰਖੀ ਸੱਤਾ ਅਤੇ ਪਰਿਵਾਰ ਦੇ ਢਾਂਚੇ ਦੇ ਨਾਲ ਉਸ ਦੇ ਸੰਬੰਧ ਦਾ ਇਹ ਦੂਜਾ ਵੱਡਾ ਆਰਥਿਕ ਪਹਿਲੂ ਸੀ।

**ਪੂੰਜੀਵਾਦ ਸਮਾਜ 'ਚ ਔਰਤਾਂ ਦੀ ਸਥਿਤੀ**

ਪੱਛਮ ਵਿਚ ਪੂੰਜੀਵਾਦ ਦਾ ਵਿਕਾਸ ਔਰਤਾਂ ਦੇ ਜੀਵਨ 'ਚ ਕਈ ਵੱਡੀਆਂ ਤਬਦੀਲੀਆਂ ਲਿਆਇਆ। ਇਸ ਨੇ ਔਰਤਾਂ ਨੂੰ ਜਾਗੀਰੂ ਇਕੱਲੇਪਣ ਅਤੇ ਬੰਧਨ 'ਚੋਂ ਬਾਹਰ ਆਉਣ 'ਚ ਮਦਦ ਕੀਤੀ ਅਤੇ ਉਨ੍ਹਾਂ ਦੇ ਸੰਸਾਰਕ ਦ੍ਰਿਸ਼ਟੀਕੋਣ ਅਤੇ ਮੁੱਲਾਂ ਨੂੰ ਤਬਦੀਲ ਕਰ ਦਿੱਤਾ। ਪੂੰਜੀਵਾਦ ਦੇ ਉਭਰਨ ਨੇ, ਔਰਤਾਂ ਵਿਚਕਾਰ ਜਮਹੂਰੀ ਆਸਾਂ ਨੂੰ ਜਗਾਇਆ, ਬਰਾਬਰਤਾ ਤੇ ਮੁਕਤੀ ਦੇ ਵਿਚਾਰਾਂ ਨੂੰ ਜਗਾਇਆ ਅਤੇ ਆਪਣੇ ਜਮਹੂਰੀ ਅਧਿਕਾਰਾਂ ਦੇ ਦਾਅਵੇ ਲਈ ਅੰਦੋਲਨਾਂ ਨੂੰ ਪੈਦਾ ਕੀਤਾ। ਇਹ ਅਜਿਹੀਆਂ ਚੀਜ਼ਾਂ ਸਨ, ਜੋ ਜਾਗੀਰੂ ਸਮਾਜ 'ਚ ਸੁਣੀਆਂ ਨਹੀਂ ਗਈਆਂ ਸਨ। ਇਸ ਨੇ ਕਾਮ ਸੰਬੰਧਾਂ 'ਚ ਵੀ ਇਹ ਕੁਝ ਹੱਦ ਤੱਕ ਆਜ਼ਾਦੀ ਲਿਆਂਦੀ ਜਿਵੇਂ ਹਮਸਫਰਾਂ ਦੀ ਆਜ਼ਾਦ ਚੋਣ, ਜੋ ਨਿਸ਼ਚਿਤ ਤੌਰ 'ਤੇ ਜਮਾਤੀ ਘੇਰੇ ਤੋਂ ਨਿਰਧਾਰਿਤ ਹੁੰਦੀ ਹੈ ਅਤੇ ਤਲਾਕ ਦਾ ਅਧਿਕਾਰ ਆਦਿ। ਪਰ ਔਰਤ 'ਚੋਂ ਵਾਧੂ ਕਦਰ ਨੂੰ ਖਿੱਚਣ ਲਈ ਪੂੰਜੀਵਾਦ ਨੇ ਉਨ੍ਹਾਂ ਦੀ ਜਮਾਤੀ ਲੁੱਟ ਤੇ ਦਾਬੇ ਦੇ ਨਾਲ ਨਾਲ ਪਿਤਾ ਪੁਰਖੀ ਸਤਾ ਦੀ ਸੰਸਥਾ 'ਤੇ ਵੀ ਨਿਭਰਤਾ ਕਾਇਮ ਰੱਖੀ।

ਇਸ ਤਰ੍ਹਾਂ ਪੂੰਜੀਵਾਦ ਨੇ ਪਿਤਾ ਪੁਰਖੀ ਸਤਾ ਦੀ ਸੰਸਥਾ ਨੂੰ ਖਤਮ ਨਹੀਂ ਕੀਤਾ ਪਰ ਪਿਤਾ ਪੁਰਖੀ ਦਾਬੇ ਦੇ ਰੂਪਾਂ ਨੂੰ ਬਦਲ ਦਿੱਤਾ। ਪੂੰਜੀਵਾਦ ਵਲੋਂ ਲਿਆਂਦੀਆਂ ਗਈਆਂ ਆਰਥਿਕ ਤਬਦੀਲੀਆਂ 'ਚ ਸਭ ਤੋਂ ਮਹੱਤਵਪੂਰਨ ਸੀ

ਸਮਾਜਿਕ ਪੈਦਾਵਾਰ 'ਚ ਵੱਡੇ ਪੱਧਰ 'ਤੇ ਔਰਤਾਂ ਨੂੰ ਲਿਆਉਣਾ। ਔਰਤ ਹੁਣ ਆਪਣੇ ਪਤੀਆਂ ਦੇ ਸਹਾਇਕ ਵਜੋਂ ਕੰਮ ਨਹੀਂ ਕਰਦੀਆਂ ਸਨ। ਪੂੰਜੀਪਤੀ ਉਨ੍ਹਾਂ ਨੂੰ ਆਤਮ ਨਿਰਭਰ ਵਿਅਕਤੀਆਂ ਵਜੋਂ ਕਿਰਤ ਸਬੰਧਾਂ 'ਚ ਲਿਆਏ। ਇਸ ਪ੍ਰਕਾਰ ਔਰਤਾਂ ਆਪਣੀ ਮਜ਼ਦੂਰੀ ਕਮਾਉਣ ਲੱਗੀਆਂ, ਪਰ ਇਹ ਮੰਨਣਾ ਗਲਤ ਹੋਵੇਗਾ ਕਿ ਸਮਾਜਿਕ ਪੈਦਾਵਾਰ 'ਚ ਔਰਤਾਂ ਦੀ ਭਾਗੀਦਾਰੀ ਆਪਣੇ ਆਪ 'ਚ ਉਨ੍ਹਾਂ ਦੀ ਮੁਕਤੀ ਸੀ। ਇਸ ਦੇ ਉਲਟ ਸਮਾਜਿਕ ਕਿਰਤ ਵਜੋਂ ਔਰਤਾਂ ਦੀ ਭਾਗੀਦਾਰੀ, ਕਿਰਤ ਦੀ ਨਵੀਂ ਲਿੰਗਕ ਵੰਡ ਦੇ ਆਧਾਰ 'ਤੇ ਹੋਂਦ 'ਚ ਆਈ ਜਿਸ ਨੇ ਪੂੰਜੀਵਾਦ 'ਚ ਪਿਤਾ ਪੁਰਖੀ ਦਾਬੇ ਨੂੰ ਤਹਿ ਕੀਤਾ। ਇਹ ਪੂੰਜੀਵਾਦ, ਔਰਤਾਂ ਦੀ ਮੁਕਤੀ ਦੇ ਅੰਦੋਲਨ ਲਈ ਬਾਹਰਮੁਖੀ ਆਧਾਰ ਤਿਆਰ ਕਰਦਾ ਹੈ, ਉਸ ਦੇ ਲਈ ਸਮਾਜਿਕ ਅਤੇ ਆਰਥਿਕ ਹਾਲਤਾਂ ਨੂੰ ਪ੍ਰਪੱਕ ਕਰਦਾ ਹੈ।

**ਪੂੰਜੀਵਾਦ ਸਮਾਜ 'ਚ ਔਰਤਾਂ ਦੀ ਗੁਲਾਮੀ ਤੇ ਪਿਤਾ ਪੁਰਖੀ ਸਤਾ ਦਾ ਰੂਪ**

1. ਪੂੰਜੀਵਾਦ ਨੇ ਔਰਤਾਂ ਨੂੰ ਵੱਡੇ ਪੈਮਾਨੇ 'ਤੇ ਪੈਦਾਵਾਰੀ-ਕੰਮਾਂ 'ਚ ਭਾਗੀਦਾਰ ਬਣਾਉਣ ਜਾਂ ਬਣਨ ਦੀ ਸਥਿਤੀ ਪੈਦਾ ਕੀਤੀ। ਇਸ ਤਰ੍ਹਾਂ ਇਸ ਨੇ ਉਨ੍ਹਾਂ ਤੇ ਜਮਾਤੀ ਲੁੱਟ ਤੇ ਦਾਬੇ ਦੇ ਰੂਪ 'ਚ ਤਬਦੀਲੀ ਵੀ ਲਿਆਂਦੀ। ਪਰ ਇਸ ਨਾਲ ਉਨ੍ਹਾਂ ਦੀ ਗੁਲਾਮੀ ਦੀ ਸਥਿਤੀ 'ਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ। ਨਾ ਉਨ੍ਹਾਂ ਨੂੰ ਜਮਹੂਰੀਅਤ ਮਿਲੀ ਤੇ ਨਾ ਸੱਚਮੁੱਚ ਦੀ ਆਜ਼ਾਦੀ। ਨਾਲ ਹੀ ਪਿਤਾ ਪੁਰਖੀ ਬੰਧਨਾਂ ਦਾ ਰੂਪ ਭਾਵੇਂ ਕੁਝ ਬਦਲਿਆ, ਪਰ ਉਹ ਬਣੇ ਰਹੇ। ਇਸ ਤਰ੍ਹਾਂ ਪੂੰਜੀਵਾਦੀ ਸਮਾਜ 'ਚ ਵੀ ਔਰਤਾਂ ਜਮਾਤੀ ਲੁੱਟ-ਘਸੁੱਟ ਤੇ ਪਿਤਾ ਪੁਰਖੀ ਦਾਬੇ ਦੀ ਦੂਹਰੀ ਚੱਕੀ 'ਚ ਪਿਸਦੀਆਂ ਰਹੀਆਂ। ਇਕ ਪਾਸੇ ਉਹ ਮਰਦਾਂ ਤੋਂ ਅੱਧੀ ਜਾਂ ਉਨ੍ਹਾਂ ਦੀ ਚੌਥਾਈ ਮਜ਼ਦੂਰ ਲੈ ਕੇ ਪੂੰਜੀਵਾਦ ਲੁੱਟ ਦਾ ਸ਼ਿਕਾਰ ਹੁੰਦੀ ਰਹੀਆਂ, ਦੂਜੇ ਪਾਸੇ ਉਨ੍ਹਾਂ ਦੀ ਕਿਰਤ ਨੂੰ ਮਰਦ ਕਿਰਤ ਦੇ ਸਹਾਇਕ ਤੇ ਪੂਰਕ ਐਲਾਨ ਨੇ ਉਨ੍ਹਾਂ ਦੀ ਭਰਪੂਰ ਲੁੱਟ ਕੀਤੀ ਜਾ ਰਹੀ। ਇਸ ਤਰ੍ਹਾਂ ਜਮਾਤੀ ਲੁੱਟ ਦੇ ਨਾਲ-ਨਾਲ ਪਿਤਾ ਪੁਰਖੀ ਸਤਾ ਵੀ ਔਰਤਾਂ ਤੋਂ ਵਾਧੂ ਕਦਰ ਨਿਚੋੜਣ ਦਾ ਇਕ ਜ਼ਰੀਆ ਬਣੀ ਰਹੀ।

2. ਪੂੰਜੀਵਾਦ ਨੇ ਔਰਤਾਂ ਨੂੰ ਸਮਾਜਿਕ ਪੈਦਾਵਾਰ 'ਚ ਖਿੱਚਿਆ। ਪਰ ਅਜਿਹਾ ਕਰਨ 'ਚ ਇਸ ਨੇ ਮਰਦਾਂ ਤੇ ਔਰਤਾਂ ਦੇ ਕੰਮ 'ਚ ਲਿੰਗਕ ਵੰਡ ਬਰਕਰਾਰ ਰੱਖੀ। ਪੂੰਜੀਵਾਦ 'ਚ ਔਰਤਾਂ ਵਲੋਂ ਕੀਤਾ ਗਿਆ ਕੰਮ ਮੁੱਖ ਤੌਰ 'ਤੇ ਉਸ ਦੇ ਘਰੇਲੂ ਕੰਮ ਦਾ ਹੀ ਵਿਸਥਾਰ ਹੈ। ਉਦਾਹਰਣ ਵਜੋਂ ਔਰਤਾਂ ਘਰੇਲੂ ਨੌਕਰ, ਸਫਾਈ ਕਰਨ ਵਾਲੀ, ਕੱਪੜੇ ਸਿਉਣ ਵਾਲੀ, ਨਰਸ, ਸਕੂਲ ਅਧਿਆਪਕਾਂ, ਕਲਰਕ, ਸੇਲਜ਼ ਗਰਲ, ਸੈਕਟਰੀ ਆਦਿ ਵਜੋਂ ਕੰਮ ਕਰਦੀ ਹੈ। ਜਦੋਂ ਔਰਤਾਂ ਕੱਪੜਾ, ਖਾਣਾ ਤਿਆਰ ਕਰਨ, ਦਵਾਈ ਜਾਂ ਬਿਜਲਈ ਸਨਅਤਾਂ 'ਚ ਪੈਦਾਵਾਰ ਲਾਈਨ 'ਚ ਰੁਜ਼ਗਾਰ 'ਚ ਹੁੰਦੀਆਂ ਹਨ ਤਦ ਵੀ ਇਨ੍ਹਾਂ ਫੈਕਟਰੀਆਂ 'ਚ ਕਿਰਤ ਦੀ ਲਿੰਗਕ ਵੰਡ ਬਰਕਰਾਰ ਰੱਖੀ ਜਾਂਦੀ ਹੈ। ਉਸਾਰੀ ਸਨਅਤ ਵਿਚ, ਖੇਤੀ ਆਦਿ 'ਚ ਮਰਦਾਂ ਤੇ ਔਰਤਾਂ ਦੇ ਕੰਮ 'ਚ ਇਹ ਸਾਫ ਵੰਡ ਜਿੰਨੀ ਸੰਭਵ ਹੋ ਸਕੇ ਕਾਇਮ ਰੱਖੀ ਜਾਂਦੀ ਹੈ। ਇਸ ਨੂੰ ਵੱਖ-ਵੱਖ ਆਧਾਰਾਂ ਤੇ ਜਾਇਜ਼ ਠਹਿਰਾਇਆ ਜਾਂਦਾ ਹੈ। ਜਿਨ੍ਹਾਂ 'ਚ ਸਭ ਤੋਂ ਆਮ ਇਹ ਹੈ ਕਿ ਔਰਤਾਂ ਸਰੀਰਕ ਮਿਹਨਤ ਕਰਨ ਵਾਲੇ ਕੰਮ ਲਈ ਯੋਗ ਨਹੀਂ ਹਨ, ਉਹ

ਉਨ੍ਹਾਂ ਕੰਮਾਂ ਨੂੰ ਕਰਨ 'ਚ ਬਿਹਤਰ ਹਨ, ਜਿਹਨਾਂ 'ਚ ਕਾਫੀ 'ਧੀਰਜ' ਦੀ ਲੋੜ ਹੈ, ਉਨ੍ਹਾਂ ਦੀਆਂ ਉਂਗਲਾਂ "ਪਤਲੀਆਂ" ਹਨ ਅਤੇ "ਬਾਰੀਕ"। ਸਰੀਰਕ ਵਰਤੋਂ ਵਾਲੇ ਕੰਮਾਂ ਨੂੰ ਕਰਨ 'ਚ ਉਹ ਮਾਹਰ ਹਨ ਆਦਿ। ਇਸ ਤਰ੍ਹਾਂ ਪੂੰਜੀਵਾਦੀ ਪਿਤਾ ਪੁਰਖੀ ਸਤਾ ਸਮਾਜਿਕ ਪੈਦਾਵਾਰ 'ਚ ਲਿੰਗ ਦੇ ਆਧਾਰ ਬਰਕਰਾਰ ਰੱਖਣ ਦਾ ਯਤਨ ਕਰਦੀ ਹੈ। ਇਹ ਉਸ ਦੇ ਲਈ ਫ਼ਾਇਦੇਮੰਦ ਹੈ ਕਿ ਤੇ ਅਖੌਤੀ ਕੁਦਰਤੀ ਕਿਰਤ ਵੰਡ ਇਸ ਤਰ੍ਹਾਂ ਦੀ 'ਕੁਦਰਤੀ' ਲਿੰਗ ਵੰਡ ਜਾਰੀ ਰੱਖੀ ਜਾਵੇ ਕਿਉਂਕਿ ਇਸ ਨਾਲ ਮਜ਼ਦੂਰੀ ਨੂੰ ਆਸਾਨੀ ਨਾਲ ਤਰੋੜਿਆ-ਅਰੋੜਿਆ ਜਾ ਸਕਦਾ ਹੈ। 'ਹੁਨਰਮੰਦ', 'ਅਰਧ ਹੁਨਰਮੰਦ' ਅਤੇ "ਗੈਰ ਹੁਨਰਮੰਦ" ਕੰਮ ਵਿਚਕਾਰ ਕੀਤੀ ਜਾਣ ਵਾਲੀ ਵੰਡ 'ਚ ਵੀ ਕਿਰਤ ਦੀ ਲਿੰਗਕ-ਵੰਡ ਦਾ ਪ੍ਰਛਾਵਾਂ ਹੈ। ਪਿਤਾ ਪੁਰਖੀ ਸਤਾ ਵਾਲੀ ਵਿਚਾਰਧਾਰਾ ਔਰਤ ਦੀ ਕਿਰਤ ਨੂੰ "ਗੈਰ-ਹੁਨਰਮੰਦ' ਅਤੇ 'ਅਰਧ-ਹੁਨਰਮੰਦ' ਦਾ ਦਰਜਾ ਦਿੰਦੀ ਹੈ ਅਤੇ ਇਸ ਤਰ੍ਹਾਂ ਉਸ ਦੇ ਲਈ ਦਿੱਤੀ ਜਾਣ ਵਾਲੀ ਘੱਟ ਮਜ਼ਦੂਰੀ ਨੂੰ ਜਾਇਜ਼ ਠਹਿਰਾਉਂਦੀ ਹੈ।

ਇਹ ਨਹੀਂ ਭੁਲਿਆ ਜਾਣਾ ਚਾਹੀਦਾ ਕਿ ਕਿਰਤ ਦੀ ਇਹ ਲਿੰਗ ਵੰਡ ਪੈਦਾਵਾਰ ਦੇ ਇਕ ਖੇਤਰ ਤੋਂ ਦੂਜੇ 'ਚ ਅਤੇ ਪੈਦਾਵਾਰ ਦੇ ਇਕ ਖਾਸ ਖੇਤਰ 'ਚ ਇਕ ਇਕਾਈ ਤੋਂ ਦੂਜੀ ਇਕਾਈ 'ਚ ਵੱਖ-ਵੱਖ ਹੁੰਦੀ ਹੈ। ਇਸ ਤਰ੍ਹਾਂ ਪੂੰਜੀਵਾਦ ਵਲੋਂ ਪੈਦਾ ਕੀਤੀ ਗਈ ਲਿੰਗ-ਵੰਡ ਮਣਘੜਤ ਹੈ। ਪਰ ਇਹ ਮਨਘੜਤ ਵੰਡ ਪਿੱਛੇ ਇਕ 'ਕੁਦਰਤੀ' ਲੱਗਣ ਵਾਲੀ ਖਾਈ ਨੂੰ ਜ਼ਬਰਦਸਤੀ ਠੋਸਣ ਦੀ ਬਕਾਇਦਾ ਕੋਸ਼ਿਸ਼ ਵੀ ਹੈ।

3. ਵਰਗ ਸਮਾਜ ਦੇ ਬਣਨ ਸਮੇਂ ਤੋਂ, ਘਰੇਲੂ ਕੰਮ ਔਰਤ ਦਾ ਕੰਮਕਾਰ ਰਿਹਾ ਹੈ। ਪੂੰਜੀਵਾਦ 'ਚ ਹਾਲਾਂਕਿ ਆਜ਼ਾਦ ਆਧਾਰ ਤੇ ਔਰਤਾਂ ਨੂੰ ਸਮਾਜਿਕ ਪੈਦਾਵਾਰ 'ਚ ਲਿਆਂਦਾ ਗਿਆ। ਪਰ ਉਨ੍ਹਾਂ ਤੋਂ ਘਰੇਲੂ ਕੰਮ ਦਾ ਭਾਰ ਪੂਰੀ ਤਰ੍ਹਾਂ ਹਟਾਇਆ ਨਹੀਂ ਗਿਆ। ਇਸ ਤਰ੍ਹਾਂ ਪੂੰਜੀਵਾਦ 'ਚ ਔਰਤਾਂ ਸਮਾਜਿਕ ਪੈਦਾਵਾਰ ਤੇ ਘਰੇਲੂ ਕੰਮ ਦੋਨਾਂ 'ਚ ਸ਼ਾਮਲ ਰਹਿੰਦੀਆਂ ਹਨ। ਔਰਤਾਂ ਵਲੋਂ ਕੀਤਾ ਜਾਣ ਵਾਲਾ ਕੁਲ ਕੰਮ ਮਰਦਾਂ ਤੋਂ ਕਾਫੀ ਜ਼ਿਆਦਾ ਹੈ। ਅਰਥਚਾਰੇ ਦੇ ਦੋ ਖੇਤਰ-ਸਮਾਜਿਕ ਤੇ ਘਰੇਲੂ ਲਿੰਗ-ਵੰਡ ਦੇ ਅਧਾਰਿਤ ਹਨ। ਹੁਣ ਵੀ ਘਰੇਲੂ ਕੰਮ ਨੂੰ ਆਪਸ 'ਚ ਵੰਡਣ ਦੇ ਰਾਹ 'ਚ ਪਿਤਾ ਪੁਰਖੀ ਸਤਾ ਵਾਲੀ ਵਿਚਾਰਧਾਰਾ ਖੜੀ ਹੈ। ਮਰਦ ਪ੍ਰੋਲੇਤਾਰੀ ਸਮਝਦਾ ਹੈ ਕਿ ਕਾਰਖਾਨੇ 'ਚ ਲੱਕ ਤੋੜਵੀ ਮਿਹਨਤ ਕਰਨ ਪਿੱਛੋਂ ਉਸ ਦਾ ਦਿਨ ਪੂਰਾ ਹੋ ਗਿਆ। ਘਰੇਲੂ ਕੰਮ ਮਦਦ ਕਰਨ 'ਚ ਉਹ ਆਪਣੀ ਜ਼ਿੰਮੇਵਾਰੀ ਨਹੀਂ ਸਮਝਦਾ। ਘਰੇਲੂ ਕੰਮ 'ਚ ਭਾਗ ਨਾ ਲੈਣ ਦੀ ਸਹੂਲਤ ਮੁਹੱਈਆ ਕਰ ਕੇ, ਪਿਤਾ ਪੁਰਖੀ ਸਤਾ ਵਾਲੀ ਵਿਚਾਰਧਾਰਾ ਉਸ ਦੇ ਫਾਇਦੇ ਵਿਚ ਹੈ। ਅਜਿਹੇ ਸਮੇਂ 'ਚ ਜਦ ਔਰਤਾਂ ਵਿਆਪਕ ਪੱਧਰ 'ਤੇ ਕਿਰਤੀ ਜਮਾਤ 'ਚ ਜੁੜ ਗਈਆਂ ਹਨ, ਇਹ ਵਿਚਾਰਧਾਰਾ ਲਿੰਗ ਦੇ ਆਧਾਰ ਤੇ ਪ੍ਰੋਲੇਤਾਰੀ ਦੀ ਏਕਤਾ ਤੋੜਨ 'ਚ ਯੋਗਦਾਨ ਪਾਉਂਦੀ ਹੈ।

ਕਿਰਤੀ ਜਮਾਤ ਵਲੋਂ ਕੀਤਾ ਗਿਆ ਕੰਮ (ਚਾਹੇ ਉਹ ਔਰਤਾਂ ਖੁਦ ਮਜ਼ਦੂਰ ਹੋਣ ਜਾਂ ਨਾ) ਪੂੰਜੀਵਾਦੀ ਸਮਾਜ ਦੀ ਸਭ ਤੋਂ ਮਹੱਤਵਪੂਰਨ ਵਸਤੂ ਕਿਰਤੀਆਂ ਦੀ ਕਿਰਤ ਸ਼ਕਤੀ ਨੂੰ ਭਰਨ ਅਤੇ ਮੁੜ-ਜੀਵਤ ਕਰਨ 'ਚ ਮਦਦ ਕਰਦਾ ਹੈ। ਖਾਣਾ

ਪਕਾ ਕੇ, ਕੱਪੜੇ ਧੋ ਕੇ, ਫਟੇ ਕੱਪੜੇ ਸਿਉਂ ਕੇ, ਬੀਮਾਰਾਂ ਦੀ ਸੇਵਾ ਕਰਕੇ ਆਦਿ। ਔਰਤਾਂ ਕਿਰਤੀ ਸ਼ਕਤੀ ਨੂੰ ਵੇਚਣ ਲਈ ਵਾਜਬ ਬਣਾਉਣ 'ਚ ਯੋਗਦਾਨ ਦਿੰਦੀਆਂ ਹਨ।

ਇਸ ਤੋਂ ਇਲਾਵਾ ਕਿਰਤ ਸ਼ਕਤੀ ਦੇ ਮੁੜ-ਉਤਪਾਦਨ 'ਚ ਔਰਤਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਹ ਪੈਦਾ ਹੋਣ ਤੋਂ ਪਹਿਲਾਂ ਬੱਚੇ ਨੂੰ ਆਪਣੇ ਪੇਟ 'ਚ ਰੱਖਦੀਆਂ ਹਨ। ਬੱਚਿਆਂ ਨੂੰ ਦੁੱਧ ਪਿਲਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਪਾਲਦੀਆਂ ਹਨ। ਜਿਸ ਨਾਲ ਕਿ ਉਹ ਵੱਡੇ ਹੋ ਕੇ ਪੂੰਜੀਵਾਦੀ ਸਮਾਜ ਦੀਆਂ ਥੱਕੀਆਂ ਹੋਈਆਂ ਅਤੇ ਬੁੱਢੀਆਂ ਪੈਦਾਵਾਰੀ ਸ਼ਕਤੀਆਂ ਦੀ ਥਾਂ ਲੈਣ ਲਈ ਕਾਬਲੀਅਤ ਰੱਖਣ ਵਾਲੇ ਪ੍ਰੋਲੇਤਾਰੀ ਔਰਤ ਤੇ ਮਰਦ ਬਣ ਜਾਂਦੇ ਹਨ। ਇਸ ਤਰ੍ਹਾਂ ਔਰਤਾਂ ਦਾ ਘਰੇਲੂ ਕੰਮ, ਪੂੰਜੀਵਾਦੀ ਪ੍ਰਬੰਧ ਦੇ ਜਿਉਂਦੇ ਰਹਿਣ ਅਤੇ ਬਣੇ ਰਹਿਣ ਲਈ ਜ਼ਰੂਰੀ ਹੈ। ਇਹ ਪੂੰਜੀਪਤੀ ਲਈ ਕਿਰਤ ਸ਼ਕਤੀ ਨੂੰ ਤਿਆਰ ਕਰਦਾ ਹੈ ਅਤੇ ਉਸ ਦਾ ਪੁਨਰ-ਉਤਪਾਦਨ ਕਰਦਾ ਹੈ। ਇਸ ਤਰ੍ਹਾਂ ਅਰਥਚਾਰੇ ਦੇ ਦੋਨੋਂ ਖੇਤਰਾਂ-ਸਮਾਜਿਕ ਪੈਦਾਵਾਰ ਤੇ ਘਰੇਲੂ ਕੰਮ ਵਿਚਕਾਰ ਨਜ਼ਦੀਕੀ ਅੰਤਰ ਸੰਬੰਧ ਹੈ। ਸਮਾਜਿਕ ਪੈਦਾਵਾਰ ਘਰੇਲੂ ਪੈਦਾਵਾਰ ਦੇ ਆਸਰੇ ਖੜੀ ਹੈ ਅਤੇ ਘਰੇਲੂ ਕੰਮ ਉਸ ਮਜ਼ਦੂਰੀ ਦੀ ਖਪਤ ਕਰਕੇ ਕੀਤਾ ਜਾਂਦਾ ਹੈ। ਜੋ ਸਿਰਫ ਰੋਜ਼ਮਰਾ ਦੀਆਂ ਜ਼ਰੂਰਤਾਂ ਨੂੰ ਖਰੀਦਣ ਲਈ ਮਰਦ ਤੇ ਔਰਤ ਮਜ਼ਦੂਰਾਂ ਨੂੰ ਮਿਲਦੀ ਹੈ ਅਤੇ ਦੂਜੇ ਪਾਸੇ ਇਨ੍ਹਾਂ ਜ਼ਰੂਰਤ ਦੀਆਂ ਵਸਤਾਂ ਲਈ ਕਿਰਤ ਸ਼ਕਤੀ ਨੂੰ ਭਰਨ ਤੇ ਪੁਨਰ ਉਤਪਾਦਿਤ ਕਰਨ ਲਈ ਔਰਤਾਂ ਦੀ ਕਿਰਤ ਤੋਂ ਆਉਂਦੀ ਹੈ। ਪਰ ਪੂੰਜੀਵਾਦ ਨੇ, ਜੋ ਔਰਤਾਂ ਦੇ ਘਰੇਲੂ ਕੰਮ 'ਤੇ ਵੀ ਨਿਰਭਰ ਹੈ, ਪਿਤਾ ਪੁਰਖੀ ਸੱਤਾ ਵਿਚਾਰਧਾਰਾ ਦਾ ਫਾਇਦਾ ਉਠਾਉਂਦੇ ਹੋਇਆ ਅਰਥਚਾਰੇ ਦੇ ਇਸ ਖੇਤਰ ਨੂੰ ਮਹੱਤਵਹੀਣ ਕਰਾਰ ਦੇ ਦਿੱਤਾ ਹੈ। ਔਰਤਾਂ ਵਲੋਂ ਕੀਤੇ ਜਾਣ ਵਾਲੇ ਘਰੇਲੂ ਕੰਮ ਦੀ ਕੋਈ ਸਮਾਜਿਕ ਇਜ਼ਤ ਜਾਂ ਮੁੱਲ ਨਹੀਂ ਹੈ। ਉਸ ਲਈ ਕੋਈ ਕੀਮਤ ਨਹੀਂ ਮਿਲਦੀ। ਅਜਿਹਾ ਵੇਖਿਆ ਜਾਂਦਾ ਹੈ ਕਿ ਜਿਵੇਂ ਕਿਤੇ ਇਸ ਦਾ ਕੋਈ ਸਮਾਜਿਕ ਮੁੱਲ ਨਹੀਂ ਹੈ। ਪਰ ਸੱਚਾਈ ਇਹ ਹੈ ਕਿ ਔਰਤਾਂ ਦਾ ਘਰੇਲੂ ਕੰਮ, ਨਾ ਸਿਰਫ ਵਰਤੋਂ ਮੁੱਲਾਂ ਬਲਕਿ ਵਟਾਂਦਰਾ ਮੁੱਲਾਂ ਨੂੰ ਪੈਦਾ ਕਰਨ 'ਚ ਵੀ ਯੋਗਦਾਨ ਕਰਦਾ ਹੈ। ਮਜ਼ਦੂਰ ਦੀ ਕਿਰਤ ਸ਼ਕਤੀ ਇਕ ਜਿਣਸ ਹੈ। ਉਸ ਦਾ ਵਟਾਂਦਰਾ ਮੁੱਲ ਹੈ ਅਤੇ ਇਹ ਕਿਰਤ ਸ਼ਕਤੀ ਮਜ਼ਦੂਰ ਵਲੋਂ ਆਪਣੀ ਮਜ਼ਦੂਰੀ ਨਾਲ ਜ਼ਰੂਰਤ ਦੀਆਂ ਵਸਤਾਂ ਨੂੰ ਸਿਰਫ ਖਰੀਦਣ ਨਾਲ ਨਹੀਂ ਬਲਕਿ ਇਨ੍ਹਾਂ ਜ਼ਰੂਰਤ ਦੀਆਂ ਵਸਤਾਂ ਨੂੰ ਬਦਲਣ ਲਈ ਪਰਿਵਾਰ 'ਚ ਔਰਤ ਦੀ ਕਿਰਤ ਨਾਲ ਵੀ ਵਟਾਂਦਰੇ ਲਈ ਤਿਆਰ ਹੈ। ਇਸ ਲਈ ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਜਿਥੇ ਪੂੰਜੀਪਤੀ ਸਮਾਜਿਕ ਪੈਦਾਵਾਰ ਦੇ ਬਿੰਦੂ 'ਤੇ ਮਰਦ ਤੇ ਔਰਤ ਮਜ਼ਦੂਰਾਂ ਦੀ ਲੁੱਟ ਕਰਦੀ ਹੈ, ਉਥੇ ਉਸੇ ਸਮੇਂ ਔਰਤਾਂ ਦੀ ਘਰੇਲੂ ਕਿਰਤ ਦੀ ਲੁਕਵੀ ਟੇਢੇ ਢੰਗ ਨਾਲ ਲੁੱਟ ਵੀ ਕਰਦੀ ਹੈ।

4. ਪੂੰਜੀਵਾਦ ਨੂੰ ਕਿਰਤ ਦੀ ਰਾਖਵੀਂ ਫ਼ੌਜ ਦੀ ਜ਼ਰੂਰਤ ਹੈ। ਆਪਣੇ ਅਰਥਚਾਰੇ ਦੇ ਤੇਜ਼ ਵਿਸਥਾਰ ਸਮੇਂ ਇਸ ਨੇ ਔਰਤਾਂ ਨੂੰ ਸਮਾਜਿਕ ਪੈਦਾਵਾਰ 'ਚ ਖਿੱਚਿਆ। ਘਰੇਲੂ ਔਰਤਾਂ ਇਸ ਦੇ ਸਮਾਜਿਕ ਪ੍ਰਬੰਧ 'ਚ ਖਿੱਚੀਆਂ ਜਾਂਦੀਆਂ ਹਨ। ਇਸ ਤਰ੍ਹਾਂ ਜੋ ਔਰਤਾਂ ਘਰੇਲੂ ਕੰਮ ਕਰਦੀਆਂ ਹਨ, ਦੂਜੇ ਸ਼ਬਦਾਂ 'ਚ 'ਘਰੇਲੂ ਔਰਤਾਂ' ਵਾਧੂ ਕਿਰਤ ਨੂੰ ਤਿਆਰ ਕਰਨ ਤੇ ਉਸ ਨੂੰ ਮੁਹੱਈਆ ਕਰਾਉਣ ਦਾ ਸਰੋਤ ਹਨ।

ਇਹ ਰਾਖਵੀਂ ਫੌਜ, ਜਿਸ 'ਚ ਔਰਤਾਂ ਦਾ ਵੱਡਾ ਹਿੱਸਾ ਹੈ, ਕਿਰਤ ਦੀ ਆਮ ਕੀਮਤ ਨੂੰ ਘੱਟ ਰੱਖਣ ਅਤੇ ਸੰਕਟ ਸਮੇਂ ਕਿਰਤੀਆਂ ਨੂੰ ਹਟਾਉਣ ਦੇ ਮਾਧਿਆਮ ਵਜੋਂ ਕੰਮ ਕਰਦੀ ਹੈ।

5. ਪੂੰਜੀ ਦੀ ਦੇਖ ਰੇਖ ਅਧੀਨ ਘਰੇਲੂ ਪੈਦਾਵਾਰ ਪੂੰਜੀਵਾਦੀ ਸੰਗਠਨ ਦਾ ਅਜਿਹਾ ਰੂਪ ਹੈ ਜੋ ਔਰਤ ਦੀ ਕਿਰਤ ਨਾਲ ਵਾਧੂ ਕਦਰ ਚੂਸਣ ਲਈ ਇਕਦਮ ਤਿਆਰ ਹੈ। ਭਾਰਤ 'ਚ ਬੀੜੀ ਅਤੇ ਅਗਰਬੱਤੀ ਬਣਾਉਣ, ਸਿਲੇ ਸਿਲਾਏ ਕੱਪੜੇ-ਤਿਆਰ ਕਰਨ, ਮਸਾਲੇ, ਕਢਾਈ, ਲੈਸ ਆਦਿ ਬਣਾਉਣ ਵਰਗੇ ਕੰਮ, ਇਨ੍ਹਾਂ ਅਧਾਰਾਂ ਤੇ ਪੂਰੀ ਤਰ੍ਹਾਂ ਜਾਂ ਅੰਸ਼ਿਕ ਰੂਪ ਵਿਚ ਜਥੇਬੰਦ ਹਨ। ਕੁਝ ਪੂੰਜੀਵਾਦੀ ਦੇਸ਼ਾਂ 'ਚ ਘੜੀ ਅਤੇ ਬਿਜਲਈ ਸਨਅਤਾਂ ਨੂੰ ਵੀ ਸ਼ਾਮਲ ਕਰਨ ਲਈ ਘਰੇਲੂ ਪੈਦਾਵਾਰ ਦਾ ਵਿਸਥਾਰ ਹੋ ਗਿਆ ਹੈ।

ਪੈਦਾਵਾਰ ਦੇ ਇਸ ਰੂਪ 'ਚ ਪੂੰਜੀਪਤੀ, ਔਰਤ ਮਜ਼ਦੂਰਾਂ ਨੂੰ ਕੱਚਾ ਮਾਲ ਮਹੁੱਈਆ ਕਰਾਉਂਦਾ ਹੈ ਅਤੇ ਤਿਆਰ ਵਸਤੂ ਲੈ ਲਈ ਜਾਂਦੀ ਹੈ। ਅਕਸਰ ਪੂੰਜੀਪਤੀ ਠੇਕੇਦਾਰਾਂ ਅਤੇ ਉਪ ਠੇਕੇਦਾਰਾਂ ਦੇ ਜਾਲ 'ਤੇ ਨਿਰਭਰ ਕਰਦਾ ਹੈ। ਘਰੇਲੂ ਪੈਦਾਵਾਰ ਪੂੰਜੀਪਤੀ ਲਈ ਕਈ ਸਹੂਲਤਾਂ ਪ੍ਰਦਾਨ ਕਰਦੀ ਹੈ। ਇਸ ਪ੍ਰਬੰਧ ਅੰਦਰ ਮਜ਼ਦੂਰ ਦੇ ਪਰਿਵਾਰ ਦੀ ਚੇਤਨਾ 'ਚ ਮਰਦ ਦੀ ਆਮਦਨ 'ਚ ਥੋੜਾ ਹੋਰ ਜੋੜਨ ਲਈ ਕੁਝ ਵਾਧੂ ਘੰਟੇ ਕੰਮ ਕਰਨ ਵਾਲੀ "ਘਰੇਲੂ ਔਰਤ" ਦੀ ਛਾਪ ਅੱਛੀ ਤਰ੍ਹਾਂ ਵਸੀ ਹੋਈ ਹੈ। ਘਰੇਲੂ ਪੈਦਾਵਾਰ ਉਸ ਜਾਗੀਰੂ ਪਿਤਾ ਪੁਰਖੀ ਸੱਤਾ ਦੇ ਰੁਝਾਣ ਦੇ ਨਾਲ ਅੱਛੀ ਤਰ੍ਹਾਂ ਮੇਲ ਖਾਂਦੀ ਹੈ ਕਿ ਔਰਤਾਂ ਨੂੰ ਘਰੇਲੂ ਕੰਮ ਅਤੇ ਬੱਚਿਆਂ ਦੀ ਦੇਖ ਰੇਖ ਤੱਕ ਸੀਮਤ ਰਹਿਣਾ ਚਾਹੀਦਾ ਹੈ। ਇਸ ਲਈ ਪੂੰਜੀਵਾਦੀ ਦਾਬੇ ਦਾ ਇਹ ਰੂਪ ਘੁੰਢ ਪ੍ਰਥਾ ਦੇ ਕੁਢਰ ਜਾਗੀਰੂ ਰੁਝਾਣ ਨੂੰ ਸੰਤੁਸ਼ਟ ਕਰਦਾ ਹੈ। ਗਰੀਬ ਅਤੇ ਉੱਚ ਜਾਤੀ ਦੀਆਂ ਔਰਤਾਂ ਵੀ ਮਜ਼ਦੂਰਾਂ ਵਾਂਗੂੰ ਪੈਦਾਵਾਰੀ ਲੀਹ 'ਚੋਂ ਬਾਹਰ ਜਾ ਕੇ ਕੰਮ ਕਰਨ ਦੇ ਇਸ ਰੂਪ ਨੂੰ ਬਿਹਤਰ ਸਮਝਦੀਆਂ ਹਨ। ਇਸ ਤਰ੍ਹਾਂ ਮੁਸਲਮਾਨ ਔਰਤ ਮਜ਼ਦੂਰਾਂ ਦੇ ਇਕ ਵੱਡੇ ਹਿੱਸੇ ਦੀ ਪੂੰਜੀਵਾਦੀ ਪੈਦਾਵਾਰ ਦੇ ਰੂਪ ਨਾਲ ਲੁੱਟ ਹੁੰਦੀ ਹੈ। ਘਰੇਲੂ ਪੈਦਾਵਾਰ ਨੂੰ ਉਹ ਪਹਿਚਾਣ ਨਹੀਂ ਮਿਲਦੀ ਜੋ ਵੈਸੇ ਸਮਾਜਿਕ ਪੈਦਾਵਾਰ ਆਪਣੇ ਲਈ ਕਮਾਉਂਦੀ ਹੈ। ਇਹ ਔਰਤਾਂ ਨੂੰ ਉਚੇਰੀ ਸਮਾਜਿਕ ਜਾਂ ਜਮਾਤੀ ਚੇਤਨਾ ਤੋਂ ਵੀ ਵਾਂਝਿਆ ਰੱਖਦਾ ਹੈ ਜੋ ਆਧੁਨਿਕ ਵੱਡੇ ਪੱਧਰ ਦੀਆਂ ਸਨਅਤਾਂ ਤੋਂ ਆ ਸਕਦੀ ਹੈ। ਦੂਜੇ ਪਾਸੇ ਜਿਸ ਮਾਹੌਲ 'ਚ ਇਸ ਦਾ ਸੰਚਾਲਨ ਹੁੰਦਾ ਹੈ, ਉਹ ਮਾਹੌਲ ਪੂੰਜੀਪਤੀ ਨੂੰ ਮਜ਼ਦੂਰੀ ਨੱਪਣ ਦੀ ਕਾਫੀ ਗੁੰਜਾਇਸ਼ ਦਿੰਦਾ ਹੈ। ਇਸ ਤਰ੍ਹਾਂ ਘਰੇਲੂ ਪੈਦਾਵਾਰ ਅਰਥਚਾਰੇ 'ਚ ਔਰਤਾਂ ਦੀ ਕਿਰਤ ਪੂੰਜੀਵਾਦੀ ਜਮਾਤੀ ਲੁੱਟ ਦੇ ਨਾਲ-ਨਾਲ ਪਿਤਾ ਪੁਰਖੀ ਸਤਾ ਲੁੱਟ ਦਾ ਵੀ ਇਕ ਖਾਸ ਰੂਪ ਬਣ ਗਈ ਹੈ। ਘਰੇਲੂ ਪੈਦਾਵਾਰ, ਪੂੰਜੀਪਤੀ ਦੇ ਮੁਨਾਫੇ ਨੂੰ ਵੀ ਕਈ ਗੁਣਾ ਵਧਾ ਦਿੰਦੀ ਹੈ ਕਿਉਂਕਿ ਇਸ ਵਿਚ ਕੋਈ ਵਾਧੂ ਢਾਂਚਾਗਤ ਖਰਚ ਨਹੀਂ ਹੁੰਦਾ ਹੈ।

6. ਪੂੰਜੀਵਾਦ ਔਰਤਾਂ ਦੇ ਜਿਣਸੀਕਰਣ 'ਤੇ ਵੱਧਦਾ-ਫੁੱਲਦਾ ਹੈ। ਪੂੰਜੀਵਾਦ ਦੀ ਅਜ਼ਾਰੇਦਾਰੀ ਦੇ ਪੜਾਅ 'ਚ ਯਾਨੀ ਕਿ ਸਾਮਰਾਜਵਾਦ 'ਚ, ਔਰਤਾਂ ਦੀ ਲੁੱਟ-ਘਸੁੱਟ ਦੇ ਇਹ ਰੂਪ ਹੋਰ ਤਿੱਖੇ ਰੂਪ ਨਾਲ ਉਹ ਸੰਸਾਰਕ ਪੱਧਰ 'ਤੇ ਚਲਦੇ ਰਹਿੰਦੇ ਹਨ। ਸਾਮਰਾਜਵਾਦ ਔਰਤਾਂ ਦੀ ਕਿਰਤ ਦੀ ਲੁੱਟ ਨਾ ਸਿਰਫ ਆਪਣੇ ਦੇਸ਼ਾਂ 'ਚ

ਕਰਦਾ ਹੈ ਬਲਕਿ ਲੁੱਟੇ ਜਾਂਦੇ ਦੇਸ਼ਾਂ ਤੋਂ ਗਰੀਬ ਔਰਤਾਂ ਦੀ ਹਿਜਰਤ ਨੂੰ ਉਤਸ਼ਾਹਿਤ ਕਰ ਰਹੇ ਹਨ। ਇਸ ਤੋਂ ਇਲਾਵਾ ਇਸ ਨੇ ਸੈਰ ਸਪਾਟੇ ਤੇ ਮੰਨੋਰੰਜਨ/ਮੀਡੀਆ ਉਦਯੋਗਾਂ ਨੂੰ ਵਿਕਸਤ ਕਰਕੇ ਅਤੇ ਉਨ੍ਹਾਂ ਤੋਂ ਜਬਰਦਸਤ ਮੁਨਾਫਾ ਕਮਾ ਕੇ ਔਰਤਾਂ ਦੇ ਸਰੀਰ ਦੇ ਜਿਣਸੀਕਰਨ ਨੂੰ ਆਪਣੀ ਟੀਸੀ 'ਤੇ ਪਹੁੰਚਾ ਦਿੱਤਾ ਹੈ।

ਖ਼ੂਬ ਮੁਨਾਫ਼ਾ ਕਮਾਉਣ ਵਾਲਾ ਲਗਭਗ ਜਿਣਸੀ ਕਾਮ ਉਦਯੋਗ ਪੈਦਾ ਹੋ ਗਿਆ ਹੈ। ਜਿਸ ਵਿਚ ਹੋਸਟੇਸ, ਦਾਈ ਜਿਣਸੀ ਕਾਮੇ ਨਾ ਜਾਣੇ ਕੀ-ਕੀ ਨਾਵਾਂ ਤਹਿਤ ਲੁੱਟੇ ਜਾਂਦੇ ਦੇਸ਼ਾਂ ਦੀਆਂ ਲੱਖਾਂ ਔਰਤਾਂ ਤੇ ਲੜਕੀਆਂ ਲਪੇਟ ਲਈਆਂ ਗਈਆਂ ਹਨ। ਸਾਮਰਾਜਵਾਦੀ ਵਿਸ਼ਵੀਕਰਨ 'ਚ ਇਹ ਸਭ ਨੰਗੇ ਚਿੱਟੇ ਰੂਪ 'ਚ ਪ੍ਰਤੀਬਿੰਬਤ ਹੋ ਰਿਹਾ ਹੈ।

ਇਸ ਤਰ੍ਹਾਂ ਉੱਪਰ ਦਿੱਤੇ ਗਏ 6 ਬਿੰਦੂਆਂ ਤੋਂ ਸਪੱਸ਼ਟ ਹੈ ਕਿ ਪੂੰਜੀਵਾਦ ਖਾਸ ਤੌਰ 'ਤੇ ਸਾਮਰਾਜਵਾਦੀ ਪੜਾਅ 'ਚ ਨਾ ਸਿਰਫ਼ ਵਾਧੂ ਮੁਨਾਫ਼ੇ ਕਮਾਉਣ ਲਈ ਬਲਕਿ ਇੱਕ ਸਮਾਜਕ ਪ੍ਰਬੰਧ ਦੇ ਰੂਪ 'ਚ ਆਪਣੇ ਆਪ ਨੂੰ ਬਰਕਰਾਰ ਰੱਖਣ ਲਈ ਵੀ ਲਿੰਗਕ ਆਧਾਰ 'ਤੇ ਵੰਡ ਪੇਦਾ ਕਰਨ ਲਈ ਪਿਤਾਪੁਰਖੀ ਵਿਚਾਰਧਾਰਾ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦਾ ਹੈ।

(3) ਅਰਧ ਬਸਤੀਵਾਦੀ-ਅਰਧ ਜਾਗੀਰੂ ਸਮਾਜ 'ਚ ਔਰਤਾਂ ਦੀ ਸਥਿਤੀ ਜਦ ਅਠਾਰਵੀਂ ਸਦੀ ਦੇ ਮਗਰਲੇ ਅਧ 'ਚ ਬਰਤਾਨਵੀਂ ਬਸਤੀਵਾਦੀਆਂ ਨੇ ਭਾਰਤ 'ਤੇ ਕਬਜ਼ਾ ਜਮ੍ਹਾ ਲਿਆ, ਤਦ ਸਾਡੇ ਦੇਸ਼ 'ਚ ਸਾਮੰਤੀ ਸਮਾਜ ਦੀ ਕੁੱਖ 'ਚ ਪੂੰਜੀਵਾਦ ਦਾ ਵਿਕਾਸ ਸ਼ੁਰੂ ਹੋ ਰਿਹਾ ਸੀ। ਬਰਤਾਨਵੀ ਬਸਤੀਵਾਦੀਆਂ ਨੇ ਪੂੰਜੀਵਾਦ ਦੇ ਆਜ਼ਾਦ ਵਿਕਾਸ 'ਚ ਅੜਿਕਾ ਲਾ ਦਿੱਤਾ ਅਤੇ ਭਾਰਤੀ ਸਮਾਜ, ਜਾਗੀਰੂ ਸਮਾਜ ਤੋਂ ਬਸਤੀਵਾਦੀ ਤੇ ਅਰਧ ਜਾਗੀਰੂ ਸਮਾਜ 'ਚ ਤਬਦੀਲ ਹੋ ਗਿਆ। ਅੰਗਰੇਜ਼ਾਂ ਨੇ ਜਾਗੀਰਦਾਰੀ ਦੀ ਰਾਖੀ ਕੀਤੀ। ਉਨ੍ਹਾਂ ਨੇ ਲਿੰਗਕ ਦਾਬੇ ਸਮੇਤ ਭਾਰਤੀ ਸਮਾਜ ਦੇ ਸਾਰੇ ਪਿਛਾਕੜੀ ਜਾਗੀਰੂ ਪਹਿਲੂਆਂ ਨੂੰ ਟਿਕਾਈ ਰੱਖਿਆ।

ਔਰਤਾਂ ਸਮੇਤ ਭਾਰਤੀ ਸਮਾਜ 'ਤੇ ਬਰਤਾਨਵੀ ਬਸਤੀਵਾਦੀ ਹਕੂਮਤ ਦਾ ਵੱਡਾ ਪ੍ਰਭਾਵ ਪਿਆ। ਉਸ ਦੀਆਂ ਆਰਥਿਕ ਨੀਤੀਆਂ ਨੇ ਖੇਤੀ ਅਰਥਚਾਰੇ ਅਤੇ ਦਸਤਕਾਰ ਪੈਦਾਵਾਰ ਦਾ ਵਿਨਾਸ਼ ਕਰ ਦਿੱਤਾ, ਜਿਸ ਨਾਲ ਲੱਖਾਂ ਲੋਕ ਬੇਰੁਜ਼ਗਾਰ ਤੇ ਗਰੀਬ ਹੋ ਗਏ। ਔਰਤਾਂ ਨੇ ਵੀ ਰਵਾਇਤੀ ਘਰੇਲੂ ਪੈਦਾਵਾਰ 'ਚ ਆਪਣੀ ਭੂਮਿਕਾ ਗੁਆ ਲਈ ਅਤੇ ਬਸਤੀਵਾਦੀ ਹਕੂਮਤ 'ਚ ਲਗਾਤਾਰ ਅਕਾਲਾਂ, ਗਰੀਬੀ ਅਤੇ ਬਦਹਾਲੀ ਦੀ ਮਾਰ ਨੇ ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਵੇਸ਼ਵਾ ਬਿਰਤੀ ਲਈ ਲੜਕੀਆਂ ਦੀ ਵਿਕਰੀ ਵੀ ਵਿਆਪਕ ਹੋ ਗਈ। ਬ੍ਰਿਟਿਸ਼ ਹਕੂਮਤ ਦੇ ਦੌਰਾਨ, ਪਿਤਾ ਪੁਰਖੀ ਸਤਾ ਦੇ ਸਭ ਤੋਂ ਪਿਛਾਖੜੀ ਰੂਪ ਮਜ਼ਬੂਤ ਹੋਏ। ਉਸ ਸਮੇਂ ਅੰਗਰੇਜ਼ਾਂ ਨੇ ਅਰਥਚਾਰੇ 'ਚ ਕੁਝ ਢਾਂਚਾਗਤ ਬਦਲਾਅ ਸ਼ੁਰੂ ਕੀਤੇ। ਜ਼ਮੀਨ, ਜੋ ਨਿੱਜੀ ਜਾਇਦਾਦ ਬਣ ਗਈ ਸੀ, ਉਸ ਦੀ ਰਜਿਸਟ੍ਰੇਸ਼ਨ ਸਿਰਫ਼ ਮਰਦਾਂ ਦੇ ਨਾਂ ਨਾਲ ਹੁੰਦੀ ਸੀ। ਵੱਡੇ ਬਾਗਾਂ 'ਚ ਨਕਦੀ ਫਸਲਾਂ ਦੀ ਪੈਦਾਵਾਰ ਦੇ ਵਿਕਾਸ ਨੇ ਗਰੀਬ ਤਬਕਿਆਂ ਦੀਆਂ ਔਰਤਾਂ ਨੂੰ ਮਜ਼ਦੂਰ ਬਣਾ ਦਿੱਤਾ। ਰੇਲ ਦਾ ਵਿਕਾਸ ਕੱਪੜਾ ਤੇ ਬੂਟ ਮਿਲਾਂ ਦੀ ਸਥਾਪਨਾ ਦਾ ਅਰਥ ਸੀ ਕਿ ਮਜ਼ਦੂਰਾਂ ਦੀ ਮੰਗ ਵੱਧ ਗਈ। ਇਨ੍ਹਾਂ ਉਦਯੋਗਾਂ 'ਚ ਔਰਤਾਂ ਵੀ ਮਜ਼ਦੂਰ ਬਣ ਗਈਆਂ। ਇਸ ਪ੍ਰਕਾਰ ਭਾਰਤ 'ਚ ਔਰਤ ਮਿਹਨਤਕਸ਼

ਜਮਾਤ 19ਵੀਂ ਸਦੀ ਦੇ ਦੂਜੇ ਹਿੱਸੇ ਵਿਚ ਪੈਦਾ ਹੋਈ। 19ਵੀਂ ਸਦੀ ਦੇ ਅੰਤ ਤੱਕ ਬਰਤਾਨਵੀਂ ਸਾਮਰਾਜਵਾਦ ਦੀਆਂ ਜ਼ਰੂਰਤਾਂ ਨੇ ਆਧੁਨਿਕ ਸਿੱਖਿਆ ਦਾ ਵਿਕਾਸ ਕੀਤਾ। ਸੁਧਾਰ ਅੰਦੋਲਨ ਦੇ ਪ੍ਰਭਾਵ 'ਚ ਜ਼ਿਆਦਾਤਰ ਉੱਚੀਆਂ ਜਮਾਤਾਂ ਦੀਆਂ ਔਰਤਾਂ ਨੇ ਸਿੱਖਿਆ ਗ੍ਰਹਿਣ ਕੀਤੀ ਅਤੇ ਪੜ੍ਹਾਉਣ ਤੇ ਨਰਸ ਦਾ ਕੰਮ ਵਰਗੇ ਕਿੱਤਿਆਂ 'ਚ ਦਾਖ਼ਲ ਹੋਈਆਂ।

1947 'ਚ ਅੰਗਰੇਜ਼ਾਂ ਦੇ ਜਾਣ ਪਿੱਛੋਂ ਭਾਰਤ ਨਵ-ਬਸਤੀਵਾਦੀ ਕਿਸਮ ਦੇ ਇਕ ਅਰਧ ਬਸਤੀਵਾਦੀ ਅਤੇ ਅਰਧ ਜਾਗੀਰੂ ਸਮਾਜ 'ਚ ਤਬਦੀਲ ਹੋ ਗਿਆ। ਸਮਾਜਿਕ ਸੰਬੰਧ ਮੁੱਖ ਤੌਰ 'ਤੇ ਜਾਗੀਰੂ ਬਣੇ ਰਹੇ। ਫਿਰ ਪੂੰਜੀਵਾਦੀ ਸੰਬੰਧ ਵੀ ਵਿਕਸਤ ਹੋਏ। ਪਰ ਉਹ ਕਾਫੀ ਵਿਗੜੇ ਤੇ ਅਣਘੜ ਹਨ।

ਔਰਤਾਂ ਦੀ ਸਥਿਤੀ ਤੇ ਵੀ ਇਸ ਦਾ ਪ੍ਰਭਾਵ ਪਿਆ। ਉਹ ਸਾਮਰਾਜਵਾਦ ਜਾਗੀਰਦਾਰੀ ਅਤੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੇ ਤਹਿਤ ਜਮਾਤੀ ਲੁੱਟ ਤੇ ਦਾਬੇ ਦਾ ਸ਼ਿਕਾਰ ਹੋਣ ਲੱਗੀ। ਉਨ੍ਹਾਂ ਤੇ ਜਾਰੀ ਮਰਦਾਵੀਂ ਲੁੱਟ 'ਚ ਵੀ ਸਾਮਰਾਜੀ-ਪੂੰਜੀਵਾਦੀ ਅਤੇ ਜਾਗੀਰੂ ਦੋਨੋਂ ਪਹਿਲੂ ਰਹੇ।

ਮੌਜੂਦਾ ਅਰਧ ਬਸਤੀਵਾਦੀ-ਅਰਧ ਜਾਗੀਰੂ ਸਮਾਜ 'ਚ ਔਰਤਾਂ ਖਾਸ ਕਰਕੇ ਮਿਹਨਤਕਸ਼ ਔਰਤਾਂ ਦੀ ਸਥਿਤੀ ਅਤਿਅੰਤ ਬਦਤਰ ਹੈ। 'ਢੋਲ ਗੰਵਾਰ ਸ਼ੂਦਰ, ਪਸ਼ੂ, ਨਾਰੀ ਸਭ ਤਾੜਣ ਦੇ ਅਧਿਕਾਰੀ' ਇਹ ਸਰਭ ਵਿਆਪਕ ਅਖਾਣ ਅੱਜ ਵੀ ਭਾਰਤੀਨਾਰੀ ਦੀ ਸਥਿਤੀ ਬਿਆਨ ਕਰਦਾ ਹੈ। 'ਔਰਤ ਆਜ਼ਾਦੀ ਦੇ ਯੋਗ ਨਹੀਂ-ਜਿੰਨੀ ਸੁਤੰਤਰ ਹੋਈ ਉਨੀ ਵਿਗੜੀ ਨਾਰੀ' ਨਾਲ ਮੰਨੋ ਨਾਰੀ ਦੀ ਗੁਲਾਮੀ ਨੂੰ ਪਟਾ ਮਿਲ ਗਿਆ ਹੈ। ਸਥਾਪਿਤ ਸਮਾਜਿਕ ਮਾਨਤਾ ਹੈ ਕਿ ਨਾਰੀ ਦੀ ਸਿਰਜਨਾ ਵਿਧਾਤਾ ਨੇ ਮਰਦਾਂ ਦੀ ਗੁਲਾਮ ਦੇ ਰੂਪ ਵਿਚ ਕੀਤੀ ਹੈ। "ਔਰਤ ਬਚਪਨ 'ਚ ਪਿਤਾ ਦੇ ਅਧੀਨ, ਸ਼ਾਦੀ ਤੋਂ ਬਾਅਦ ਪਤੀ ਦੇ ਅਧੀਨ, ਬੁਢਾਪੇ 'ਚ ਪੁੱਤਰਾਂ ਦੇ ਅਧੀਨ ਰਹੇਗੀ।" ਇਹ ਕਥਣ ਨਾਲ ਦਰਅਸਲ ਔਰਤਾਂ ਦੀ ਅਪਮਾਨਜਨਕ ਤਸਵੀਰ ਹੀ ਸਾਹਮਣੇ ਆਉਂਦੀ ਹੈ। ਜ਼ਾਲਮ ਜਾਗੀਰੂ ਰਵਾਇਤਾਂ ਨੇ ਐਸੀ ਹੀ ਮਜ਼ਬੂਰੀ ਦੀ ਜ਼ਿੰਦਗੀ ਨਾਰੀਆਂ 'ਤੇ ਠੋਸ ਦਿੱਤੀ ਹੈ ਜੋ ਅੱਜ ਵੀ ਜਾਰੀ ਹੈ। ਦਹੇਜ-ਪ੍ਰਥਾ ਅਤੇ ਦਹੇਜ ਹੱਤਿਆ, ਭਰੂਣ-ਹੱਤਿਆ, ਜੋਤੇਦਾਰ-ਜਿੰਮੀਦਾਰ-ਮਹਾਜਨ ਤੇ ਗੁੰਡਾ-ਪੁਲਿਸ ਵਲੋਂ ਬਲਾਤਕਾਰ ਤੇ ਸਮੂਹਿਕ ਬਲਾਤਕਾਰ, ਤਸੀਹੇ, ਘੱਟ ਮਜ਼ਦੂਰੀ ਦੇਣ, ਮਾਫੀਆ ਤੇ ਠੇਕੇਦਾਰਾਂ ਦੇ ਮੰਨੋਰੰਜਨ ਤੇ ਭੋਗ ਦੀ ਵਸਤੂ ਵਜੋਂ ਵਰਤੇ ਜਾਣ ਦੀਆਂ ਘਟਨਾਵਾਂ ਵੱਧਦੀਆਂ ਜਾ ਰਹੀਆਂ ਹਨ। ਅਜੇ ਵੀ ਜਾਗੀਰਦਾਰਾਂ-ਜਿੰਮੀਦਾਰਾਂ ਵਲੋਂ ਔਰਤਾਂ ਨੂੰ ਰਖੈਲ ਵਜੋਂ ਰੱਖਣ ਉਨ੍ਹਾਂ ਨੂੰ ਗਾਲੀ-ਗਲੋਚ, ਮਾਰਕੁੱਟ ਕਰਨ ਦਾ ਰਿਵਾਜ ਆਮ ਹੈ। ਇਸ ਦੇ ਇਲਾਵਾ ਪੇਂਡੂ ਖੇਤਰਾਂ 'ਚ ਅੰਧ ਵਿਸ਼ਵਾਸ, ਮਾੜੇ ਸੰਸਕਾਰ ਤੇ ਕੁਰੀਤੀਆਂ ਦਾ ਸ਼ਿਕਾਰ ਮਿਹਨਤਕਸ਼ ਔਰਤਾਂ ਹੀ ਜ਼ਿਆਦਾ ਹੁੰਦੀਆਂ ਹਨ। "ਡਾਇਣ" ਆਦਿ ਦੇ ਨਾਂ 'ਤੇ ਮੱਧਯੁੱਗੀ ਅਤਿਆਚਾਰ ਲਗਾਤਾਰ ਅੱਜ ਵੀ ਜਾਰੀ ਹੈ।

ਸ਼ਹਿਰੀ ਖੇਤਰ ਵਿਚ ਵੀ ਔਰਤਾਂ ਬੇਕਿਰਕ ਜਮਾਤੀ ਲੁੱਟ-ਘਸੁੱਟ ਤੇ ਤਸੀਹੇ ਝਲਣ ਨੂੰ ਮਜ਼ਬੂਰ ਹਨ। ਬਹੁਤ ਹੀ ਘੱਟ ਮਜ਼ਦੂਰੀ, ਕੰਮਕਾਜ ਵਾਲੀਆਂ ਥਾਵਾਂ 'ਤੇ ਬੇਕਿਰਕ ਤੇ ਜ਼ਾਲਮ ਲਿੰਗਕ ਦਾਬਾ, ਭੋਗਣ ਤੇ ਲਲਚਾਉਣ ਵਾਲੀ ਵਸਤੂ ਵਜੋਂ ਉਨ੍ਹਾਂ ਦੀ ਸਮਾਜਿਕ ਸੁਰੱਖਿਆ ਵੀ ਗੈਰ ਯਕੀਨੀ ਹੋ ਗਈ ਹੈ।

ਅਰਧ ਜਾਗੀਰੂ, ਅਰਥਚਾਰੇ ਅਰਧ ਜਾਗੀਰੂ ਜਮਾਤੀ ਲੁੱਟ-ਘਸੁੱਟ ਦੇ ਨਾਲ-ਨਾਲ ਪਿਤਾ ਪੁਰਖੀ ਹੰਕਾਰ ਦਾਬੇ ਦਾ ਮਜ਼ਬੂਤ ਗੜ੍ਹ ਹੈ। ਸਭ ਤੋਂ ਪਹਿਲਾਂ ਜ਼ਿੰਮੀਦਾਰ ਜਮਾਤ, ਭੂਮੀਹੀਣ ਤੇ ਗਰੀਬ ਕਿਸਾਨ ਔਰਤ ਦੀ ਕਿਰਤ ਦੀ ਬੇਰਹਿਮ ਲੁੱਟ ਕਰਦੀ ਹੈ। ਦੂਜਾ ਖੇਤੀ 'ਚ ਅਰਧ ਜਾਗੀਰੂ ਰਿਸ਼ਤੇ, ਲਘੂ ਪੈਦਾਵਾਰ ਨੂੰ ਬਰਕਰਾਰ ਰੱਖਦੇ ਹਨ। ਇਹ ਘਰੇਲੂ ਅਰਥਚਾਰੇ ਲਈ ਅਧਾਰ ਮੁਹੱਈਆ ਕਰਦਾ ਹੈ ਅਤੇ ਇਸ ਲਈ ਪੈਦਾਵਾਰ ਤੇ ਉਪਭੋਗ ਦੋਹਾਂ ਦੀ ਇਕਾਈ ਵਜੋਂ ਪਰਿਵਾਰ ਦੇ ਬਣੇ ਰਹਿਣ ਲਈ ਅਧਾਰ ਦਿੰਦੇ ਹਨ। ਇਹ ਔਰਤਾਂ ਤੇ ਬੱਚਿਆਂ ਦੀ ਅਧੀਨਗੀ ਦਾ ਪਿਤਾ ਪੁਰਖੀ ਪਰਿਵਾਰਕ ਢਾਂਚਾ ਖੜ੍ਹਾ ਕਰਦਾ ਹੈ।

ਤੀਜਾ ਅਰਧ ਜਾਗੀਰੂ ਅਰਥਚਾਰਾ ਜ਼ਮੀਨ ਦੇ ਛੋਟੇ ਮਾਲਕਾਂ ਦੀ ਅਣਗਣਿਤ ਜਨਤਾ ਦੇ ਸਿਰ 'ਤੇ ਵੱਧਦਾ ਫੁੱਲਦਾ ਹੈ। ਇਹ ਸਮਾਜਿਕ ਪੈਦਾਵਾਰ ਦੀ ਗੁੰਜਾਇਸ਼ ਖਾਸ ਤੌਰ 'ਤੇ ਮੱਧ ਤੇ ਅਮੀਰ ਕਿਸਾਨਾਂ ਦੀਆਂ ਔਰਤਾਂ ਵਿਚਕਾਰ, ਨੂੰ ਸੀਮਤ ਕਰਦੀ ਹੈ। ਅਰਧ ਜਾਗੀਰਦਾਰੀ ਦੇ ਇਹ ਤਿੰਨ ਆਰਥਕ ਪਹਿਲੂ, ਅਰਧ ਜਗੀਰੂ ਜਮਾਤੀ ਲੁੱਟ-ਘਸੁੱਟ ਨੂੰ ਜਾਰੀ ਰੱਖਣ ਦੇ ਨਾਲ ਨਾਲ ਪਿਤਾ ਪੁਰਖੀ ਸਤਾ ਨੂੰ ਨਾ ਸਿਰਫ ਆਧਾਰ 'ਚ ਖੜ੍ਹਾ ਕਰਦੇ ਹਨ ਬਲਕਿ ਉਪਰੀ ਢਾਂਚੇ 'ਚ ਵੀ ਸਭ ਤੋਂ ਵੱਧ ਪਿਛਾਕੜੀ ਤਰੀਕਿਆਂ ਨਾਲ ਮਜ਼ਬੂਤ ਕਰਦੇ ਹਨ। ਪੁਰਾਤਨ ਲਿੰਗਕ ਮੁੱਲ, ਔਰਤਾਂ ਦੀ ਸਭ ਤੋਂ ਖਰਾਬ ਜਨਤਕ ਬੇਇਜ਼ਤੀ, ਹਿੰਦੂ ਫਾਸੀਵਾਦੀਆਂ ਵਲੋਂ ਮੱਧ ਯੁੱਗੀ ਜਾਗੀਰੂ ਔਰਤ-ਵਿਰੋਧੀ ਮੁੱਲਾਂ ਤੇ ਸੱਭਿਆਚਾਰ ਦੀ ਪੁਨਰ-ਸਥਾਪਨਾ ਦੇ ਯਤਨ-ਪਿਤਾ ਪੁਰਖੀ ਸਤਾ ਦੀ ਪਿਛਾਖੜੀ ਰਾਜਸੀ ਸਮਾਜਿਕ ਸੱਭਿਆਚਾਰ ਦੇ ਇਸ ਸਮੁੱਚੇ ਦਾਇਰੇ ਨੂੰ ਇਹ ਅਰਧ ਜਾਗੀਰੂ ਢਾਂਚਾ ਕਾਇਮ ਰੱਖਦਾ ਹੈ। ਔਰਤਾਂ ਦੇ ਹਿੱਤ ਵਿਚ ਉਨ੍ਹਾਂ ਨੂੰ ਅਰਧ ਜਾਗੀਰੂ ਬੇਕਿਰਕ ਲੁੱਟ-ਘਸੁੱਟ ਤੇ ਦਾਬੇ ਨਾਲ ਅਤੇ ਹਰ ਪ੍ਰਕਾਰ ਦੇ ਪਿਤਾ ਪੁਰਖੀ ਬੰਧਨ ਤੋਂ ਮੁਕਤ ਕਰਨ ਲਈ ਜਾਗੀਰਦਾਰੀ ਦਾ ਵਿਨਾਸ਼ ਕਰਨਾ ਹੋਵੇਗਾ।

ਵੱਖ-ਵੱਖ ਘਮੰਤੂ ਅਤੇ ਸਥਾਈ ਜਨਜਾਤੀ ਸਮੂਹਾਂ ਵਿਚ ਵੀ, ਆਮ ਤੌਰ 'ਤੇ ਪਿਤਾ ਪੱਖੀ ਵਿਰਾਸਤ ਦਾ ਅਧਿਕਾਰ ਅਤੇ ਪਿਤਾ ਪੁਰਖੀ ਸਤਾ ਰਹਿੰਦੀ ਹੈ, ਪਰ ਰਹਿੰਦੀ ਹੈ ਉਨ੍ਹਾਂ ਰੂਪਾਂ 'ਚ ਜੋ ਸਮੂਹ ਦੇ ਸੱਭਿਆਚਾਰ ਅਤੇ ਜੀਵਨ ਜਾਂਚ ਲਈ ਵਿਸ਼ੇਸ਼ ਹਨ। ਕਿਉਂਕਿ ਇਨ੍ਹਾਂ ਫਿਰਕਿਆਂ 'ਚ ਨਿੱਜੀ ਜ਼ਾਇਦਾਦ ਵਿਕਸਤ ਹੋ ਚੁੱਕੀ ਹੈ। ਇਨ੍ਹਾਂ 'ਚ ਜਮਾਤੀ ਸਮਾਜ ਦੇ ਬੁਨਿਆਦੀ ਪਹਿਲੂ ਜਿਹੇ ਇਕ ਨਿਸ਼ਠ ਇਕਹਿਰੇ ਤੇ ਬਹੁ ਪੱਖੀ ਬਹੁ ਨਿਸ਼ਠ ਵੀ ਹਨ। ਆਦੀਵਾਸੀ ਔਰਤਾਂ ਨੂੰ ਆਮ ਖੁੱਲ੍ਹ ਮਿਲਣ ਦੀ ਆਮ ਰਾਇ ਦੇ ਉਲਟ ਇਨ੍ਹਾਂ ਨੂੰ ਬਲਕਿ ਪਿਤਾ ਪੁਰਖੀ ਦਬਾਅ ਅਤੇ ਪੂਰਵ ਧਾਰਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ ਸਮਾਜਿਕ ਪੈਦਾਵਾਰ 'ਚ ਉਨ੍ਹਾਂ ਦੀ ਭੂਮਿਕਾ ਮਹੱਤਵਪੂਰਨ ਹੈ ਅਤੇ ਉਨ੍ਹਾਂ ਦੀ ਕਿਰਤ ਮੁਲਵਾਨ ਸਮਝੀ ਜਾਂਦੀ ਹੈ। ਫਿਰ ਵੀ ਔਰਤਾਂ ਨੂੰ ਮੁੱਖ ਪੈਦਾਵਾਰ ਦੇ ਸਾਧਨਾਂ-ਜ਼ਮੀਨ, ਪਸ਼ੂਆਂ ਦੀ ਮਾਲਕੀ ਦੀ ਮਨਾਹੀ ਹੈ। ਵਿਆਹ ਅਤੇ ਮੁੜ-ਵਿਆਹ ਕਬੀਲੇ ਦੇ ਨਿਯਮਾਂ ਅਤੇ ਰਿਵਾਜ਼ਾਂ ਨਾਲ ਨਿਰਧਾਰਿਤ ਹੁੰਦੇ ਹਨ ਜੋ ਔਰਤਾਂ ਦੀ ਚੋਣ ਨੂੰ ਸੀਮਤ ਕਰਦੇ ਹਨ। ਔਰਤਾਂ ਲਈ ਵਫਾਦਾਰੀ ਸਖਤੀ ਨਾਲ ਲਾਗੂ ਕੀਤੀ ਜਾਂਦੀ ਹੈ ਅਤੇ ਪਤੀ ਤੋਂ ਇਲਾਵਾ ਕਿਸੇ ਹੋਰ ਮਰਦ ਨਾਲ ਸੰਬੰਧ ਬਣਾਉਣ ਵਾਲੀ ਔਰਤ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਜਨਜਾਤੀਆਂ ਦੇ ਵਿਸ਼ੇਸ਼ ਰਿਵਾਜ਼ ਹੁੰਦੇ ਹਨ ਜਿਨ੍ਹਾਂ ਦਾ ਟੀਚਾ ਹੁੰਦਾ ਹੈ ਕੁਢਰ ਤਰੀਕੇ

ਨਾਲ ਔਰਤਾਂ ਦੀ ਅਧੀਨਗੀ ਵਾਲੇ ਦਰਜੇ ਦਾ ਅਤੇ ਔਰਤਾਂ ਦੀ ਲਿੰਗਕਤਾ, ਗਤੀਸ਼ੀਲਤਾ 'ਤੇ ਖਾਨਦਾਨੀ ਮੁਖੀਆਂ ਦੇ ਗਲਬੇ ਦਾ ਦਾਅਵਾ ਕਰਨਾ। ਉਤਰ-ਪੂਰਵ ਦੇ ਕੁਝ ਜਨਜਾਤੀ ਫਿਰਕਿਆਂ 'ਚ ਜਿਵੇਂ "ਖਾਸੀ" ਚ ਜਿਨ੍ਹਾਂ 'ਚ ਮਾਤਾ ਪੁਰਖੀ ਚਲਦੀ ਰਹੀ ਸੀ, ਸਾਮਰਾਜਵਾਦੀ ਪ੍ਰਭਾਵ ਅਤੇ ਆਪਣੇ ਸਤਾ ਪੁਰਖੀ ਨਿਯਮਾਂ ਅਤੇ ਨੀਤੀਆਂ ਦੇ ਨਾਲ ਭਾਰਤੀ ਰਾਜਸੱਤਾ ਦੀ ਦਖਲਅੰਦਾਜ਼ੀ ਦੇ ਨਾਲ ਕਾਫੀ ਕਮਜ਼ੋਰ ਪੈ ਗਿਆ ਹੈ।

ਸਾਮਰਾਜ ਵਲੋਂ ਕੀਤੇ ਗਏ ਅਣਘੜ ਤੇ ਵਿਗੜੇ ਪੂੰਜੀਵਾਦੀ ਵਿਕਾਸ ਦਾ ਇਕ ਪਿਛਾਕੜੀ ਕਿਰਦਾਰ ਹੈ। ਸਾਮਰਾਜਵਾਦੀਆਂ ਅਤੇ ਦਲਾਲ ਹਾਕਮ ਜਮਾਤਾਂ ਨੇ ਔਰਤਾਂ ਦੇ ਇਕ ਛੋਟੇ ਹਿੱਸੇ ਨੂੰ ਸਮਾਜਿਕ ਪੈਦਾਵਾਰ 'ਚ ਲਿਆ ਹੈ ਪਰ ਉਨ੍ਹਾਂ 'ਤੇ ਸਾਮਰਾਜਵਾਦੀ-ਜਾਗੀਰੂ ਲੁੱਟ-ਘਸੁੱਟ ਤੇ ਦਾਬੇ ਦੇ ਨਾਲ ਨਾਲ ਸਭ ਤੋਂ ਖਰਾਬ ਤਰੀਕਿਆਂ ਦਾ ਪਿਤਾ ਪੁਰਖੀ ਦਾਬਾ ਸ਼ੁਰੂ ਕਰ ਦਿੱਤਾ ਗਿਆ ਹੈ। ਪਹਿਲੇ, ਇਸ ਦੇ ਸਮਾਜਿਕ ਅਰਥਚਾਰੇ 'ਚ ਲਿੰਗ-ਆਧਾਰਿਤ ਕਿਰਤ ਵੰਡ ਨੂੰ ਸਥਾਪਿਤ ਕਰ ਦਿੱਤਾ ਹੈ। ਦੂਜਾ ਇਸ ਨੇ ਮਹਿਲਾ ਮਜ਼ਦੂਰਾਂ ਦੀ ਮਜ਼ਦੂਰੀ, ਮਰਦਾਂ ਤੋਂ ਕਾਫੀ ਘੱਟ ਰੱਖੀ ਹੈ। ਤੀਸਰਾ, ਇਸ ਦੇ ਨਿਰਯਾਤ ਜੋਨਾ ਵਿਸ਼ੇਸ਼ ਆਰਥਿਕ ਜੋਨਾ, ਕੱਪੜੇ ਦੇ ਖੇਤਰ ਆਦਿ 'ਚ ਸਭ ਤੋਂ ਜਾਬਰ ਤਰੀਕੇ ਵਰਤੇ ਹਨ। ਚੌਥਾ ਇਸ ਨੇ ਔਰਤ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਨਿਚੋੜਨ ਲਈ ਘਰੇਲੂ ਪੈਦਾਵਾਰੀ ਅਮਲ ਦੀ ਵਰਤੋਂ ਕੀਤੀ ਹੈ। ਪੰਜਵਾ, ਇਸ ਨੇ ਸਮਾਜਿਕ ਪੈਦਾਵਾਰ 'ਚ ਔਰਤਾਂ ਨੂੰ ਲੈਂਦੇ ਹੋਇਆ, ਔਰਤ ਮਜ਼ਦੂਰਾਂ ਤੇ ਕਰਮਚਾਰੀਆਂ ਦੇ ਘਰੇਲੂ ਭਾਰ ਨੂੰ ਘੱਟ ਕਰਨ ਲਈ ਖਾਸ ਧਿਆਨ ਨਹੀਂ ਦਿੱਤਾ ਹੈ। ਛੇਵਾਂ, ਇਸ ਨੇ ਮਜ਼ਦੂਰੀ ਦੇ ਮੁੱਲ ਨੂੰ ਘੱਟੋ-ਘੱਟ ਰੱਖਣ ਲਈ ਔਰਤਾਂ ਤੇ ਬੱਚਿਆਂ ਦੀ ਮੁਫ਼ਤ ਕਿਰਤ ਦੀ ਵਰਤੋਂ ਕੀਤੀ ਹੈ। ਸਤਵਾਂ, ਇਹ ਸਭ ਕਰਨ 'ਚ ਸਾਮਰਾਜਵਾਦ ਅਤੇ ਉਨ੍ਹਾਂ ਦੇ ਦਲਾਲਾਂ ਨੇ ਜਾਗੀਰਦਾਰੀ ਦੇ ਸਭ ਤੋਂ ਵੱਧ ਪਿਛਾਖੜੀ ਮੁੱਲ ਦੀ ਵਰਤੋਂ ਕੀਤੀ ਹੈ ਅਤੇ ਹਮੇਸ਼ਾ ਉਨ੍ਹਾਂ ਦੀ ਰਾਖੀ ਕੀਤੀ ਹੈ। ਇਸ ਤੋਂ ਅੱਗੇ ਸਾਮਰਾਜਵਾਦ ਬੇਹੱਦ ਪਤਿਤ ਅਤੇ ਅਕਸਰ ਕਦਰਾਂ-ਕੀਮਤਾਂ ਵਾਲਾ ਸਭਿਆਚਾਰਕ ਹਮਲਾ ਕਰਦਾ ਰਿਹਾ ਹੈ, ਇਸ ਨੇ ਨਾ ਸਿਰਫ ਔਰਤਾਂ ਦੀ ਗੁਲਾਮੀ ਅਤੇ ਜਮਾਤੀ ਲੁੱਟ-ਘਸੁੱਟ ਤੇ ਦਾਬੇ ਤੇ ਪਿਤਾ ਪੁਰਖੀ ਸੱਤਾ 'ਚ ਇਕ ਨਵੀਂ ਰੂਹ ਫੂਕੀ ਹੈ। ਬਲਕਿ ਉਸ ਨੂੰ ਅਤੇ ਵੱਧ ਪਿਛਾਖੜੀ ਹਿੰਸਕ ਤੇ ਅਪਰਾਧੀ ਬਣਾ ਦਿੱਤਾ ਹੈ। ਸਾਮਰਾਜਵਾਦ ਨੇ ਵੱਡੇ ਮੁਨਾਫੇ ਕਮਾਉਣ ਲਈ ਜਿਣਸੀ ਉਦਯੋਗ ਨੂੰ ਵਿਕਸਤ ਕਰਕੇ, ਵੱਡੀ ਪੱਧਰ 'ਤੇ ਵੇਸ਼ਵਾ ਬਿਰਤੀ ਨੂੰ ਵਧਾਇਆ ਹੈ। ਸਾਮਰਾਜਵਾਦ ਅਤੇ ਦਲਾਲ ਨੌਕਰਸ਼ਾਹ ਪੂੰਜੀ ਵਲੋਂ ਲੁੱਟੀਆਂ ਜਾਂਦੀਆਂ ਔਰਤਾਂ ਇਨ੍ਹਾਂ ਜਮਾਤਾਂ ਵਲੋਂ ਲੁਟੇ ਜਾਂਦੇ ਮਰਦ ਮਜ਼ਦੂਰਾਂ 'ਤੇ ਨਿਰਭਰ ਔਰਤਾਂ ਅਤੇ ਭਾਰਤੀ ਔਰਤਾਂ ਦੀ ਵਿਆਪਕ ਜਨਤਾ ਜੋ ਹਰ ਰੋਜ਼ ਸਾਮਰਾਜਵਾਦ ਅਤੇ ਉਸ ਦੀਆਂ ਦਲਾਲ ਹਾਕਮ ਜਮਾਤਾਂ ਦੀ ਬੇਕਿਰਕ ਲੁੱਟ-ਘਸੁੱਟ ਤੇ ਜ਼ਬਰ ਅਤੇ ਉਸ ਰਾਹੀਂ ਪ੍ਰਯੋਜਿਤ ਪਿਤਾ ਪੁਰਖੀ ਸਤਾ ਦੀ ਠੋਕਰ ਖਾਂਦੀ ਹੈ, ਉਦੋਂ ਤੱਕ ਆਪਣੀ ਮੁਕਤੀ ਹਾਸਲ ਨਹੀਂ ਕਰ ਸਕਦੀ, ਜਦ ਤੱਕ ਸਾਮਰਾਜਵਾਦ ਤੇ ਉਨ੍ਹਾਂ ਦੀਆਂ ਦਲਾਲ ਹਾਕਮ ਜਮਾਤਾਂ ਨੂੰ ਜੜੋਂ ਨਹੀਂ ਪੁੱਟ ਦਿੱਤਾ ਜਾਂਦਾ।

## 2. ਆਧਾਰ, ਉਸਾਰ ਢਾਂਚਾ ਤੇ ਪਿਤਾ ਪੁਰਖੀ ਸਤਾ ਤੇ ਦਾਬੇ

ਔਰਤਾਂ ਤੇ ਜਾਰੀ ਜਮਾਤੀ ਲੁੱਟ-ਘਸੁੱਟ ਤੋਂ ਇਲਾਵਾ ਪਿਤਾ ਪੁਰਖੀ ਸਤਾ ਦਾ ਰੂਪ ਕੀ ਹੈ? ਕੀ ਪਿਤਾ ਪੁਰਖੀ ਸਤਾ ਅਧਾਰ 'ਚ ਰਹਿੰਦੀ ਹੈ ਜਾਂ ਸਿਰਫ ਉਸਾਰ ਢਾਂਚੇ ਦੀ ਹੀ ਇਕ ਪਹਿਲੂ ਹੈ। ਇਹ ਇਕ ਮਹੱਤਵਪੂਰਨ ਸਵਾਲ ਹੈ। ਔਰਤ ਦਾਬੇ ਨਾਲ ਸੰਬੰਧਿਤ ਇਹ ਮਹੱਤਵਪੂਰਨ ਧਾਰਨਾਤਮਕ ਸਵਾਲ ਹੈ। ਇਸ ਸਵਾਲ ਦੇ ਜੁਆਬ ਦਾ ਔਰਤ ਮੁਕਤੀ ਹਿੱਤ ਸੰਘਰਸ਼ 'ਚ, ਖਾਸ ਪਿਤਾ ਪੁਰਖੀ ਮਰਦਾਵੀਂ ਸਤਾ ਦੇ ਖਿਲਾਫ ਸੰਘਰਸ਼ 'ਚ ਪ੍ਰੋਲੇਤਾਰੀ ਵਲੋਂ ਵਰਤੀ ਜਾਣ ਵਾਲੀ ਦਾਅਪੇਚਕ ਨੀਤੀ ਅਤੇ ਨਾਹਰਿਆਂ 'ਤੇ ਵੀ ਸਿੱਧਾ ਪ੍ਰਭਾਵ ਹੈ। ਸੋਧਵਾਦੀ ਪਾਰਟੀਆਂ ਅਤੇ ਕੁਝ ਸਮਾਜਿਕ ਨਾਰੀਵਾਦੀਆਂ 'ਚ ਔਰਤ ਸਵਾਲ ਬਾਰੇ ਇਕ ਆਮ ਧਾਰਨਾ ਹੈ-ਉਸ ਨੂੰ ਇਕ ਉਸਾਰ ਢਾਂਚੇ ਦੇ ਪਹਿਲੂ ਵਜੋਂ ਮੰਨਣਾ। ਔਰਤ ਦਾਬੇ ਬਾਰੇ ਇਹ ਇਕ ਸਤਰੀ ਵਿਚਾਰ ਹੈ। ਸੋਧਵਾਦੀ ਹਾਲਾਂਕਿ ਇਸ ਮਾਰਕਸਵਾਦੀ ਵਿਚਾਰ ਨੂੰ ਮੰਨਦੇ ਹਨ ਕਿ ਔਰਤ 'ਤੇ ਦਾਬੇ ਦੀ ਪੈਦਾਇਸ਼ ਜਮਾਤੀ ਸਮਾਜ ਦੇ ਨਾਲ ਹੋਈ ਪਰ ਉਹ ਇਸ ਨੂੰ ਮਸ਼ੀਨੀ ਰੂਪ ਨਾਲ ਸਮਝਦੇ ਹਨ। ਉਨ੍ਹਾਂ ਅਨੁਸਾਰ ਸਮਾਜ ਦੇ ਲੁਟੇਰੇ ਜਮਾਤੀ ਆਧਾਰ ਦੇ ਪ੍ਰਤੀਬਿੰਬ ਦੇ ਵਜੋਂ ਪਿਤਾ ਪੁਰਖੀ ਸਤਾ ਉਸਾਰ ਢਾਂਚੇ 'ਚ ਵਿਚਾਰਧਾਰਾ, ਧਰਮ, ਸਭਿਆਚਾਰ, ਪ੍ਰਮਪ੍ਰਾਵਾਂ, ਰਿਵਾਜਾਂ, ਕਨੂੰਨ, ਪਰਿਵਾਰ ਆਦਿ ਦੇ ਖੇਤਰ 'ਚ ਕੰਮ ਕਰਦੀ ਹੈ। ਇਸ ਲਈ ਉਹ ਉਦੋਂ ਤੱਕ ਪਿੱਤਰ ਸਤਾ ਨਾਲ ਲੜਨ ਬਾਰੇ ਨਹੀਂ ਸੋਚ ਸਕਦੇ ਜਦ ਤੱਕ ਆਰਥਿਕ ਆਧਾਰ ਇਨਕਲਾਬੀ ਢੰਗ ਨਾਲ ਬਦਲਦਾ ਨਹੀਂ। ਉਨ੍ਹਾਂ ਦੀ ਧਾਰਨਾ ਹੈ ਇਕ ਵਾਰੀ ਜਦ ਆਰਥਿਕ ਅਧਾਰ ਬਦਲ ਜਾਂਦਾ ਹੈ ਅਤੇ ਇਕ ਸਮਾਜਵਾਦੀ ਆਰਥਿਕ ਆਧਾਰ ਆ ਜਾਂਦਾ ਹੈ, ਪਿੱਤਰ ਸਤਾ ਵੀ ਗਾਇਬ ਹੋ ਜਾਵੇਗੀ। ਇਹ ਮਾਰਕਸਵਾਦ ਨੂੰ ਵਿਗਾੜ ਦੀ ਤੇ ਦੂਸ਼ਿਤ ਕਰਦੀ ਹੈ-ਆਰਥਿਕ ਧਾਰਨਾ ਮਾਰਕਸਵਾਦ ਨੂੰ ਸੌਖੇ ਤਰੀਕੇ ਨਾਲ ਸੀਮਤ ਕਰਦਾ ਹੈ। ਇਸ ਤਰ੍ਹਾਂ ਇਕ ਅਣਜਾਣ ਭਵਿੱਖ ਤਕ ਪਿੱਤਰ ਸਤਾ ਦੇ ਖਿਲਾਫ ਲੜਾਈ ਮੁਲਤਵੀ ਹੀ ਨਹੀਂ ਹੋ ਜਾਂਦੀ ਬਲਕਿ ਪੂਰੀ ਤਰ੍ਹਾਂ ਛੱਡ ਦਿੱਤੀ ਜਾਂਦੀ ਹੈ ਕਿਉਂਕਿ ਇਨਕਲਾਬ ਆਰਥਿਕ ਅਧਾਰ 'ਤੇ ਉਸ ਅਧਾਰ 'ਤੇ ਉਸਰੇ ਪੂਰੇ ਉਸਾਰ ਢਾਂਚੇ ਨੂੰ ਬਦਲ ਦੇਵੇਗੀ। ਕੁਲ ਮਿਲਾ ਕੇ ਇਸ ਦਾ ਪ੍ਰਭਾਵ ਇਸ ਰੂਪ 'ਚ ਪੈਦਾ ਹੈ ਕਿ ਵਿਹਾਰ ਵਿਚ ਜਮਾਤੀ ਸੰਘਰਸ਼ ਅਤੇ ਔਰਤ ਮੁਕਤੀ ਲਈ ਸੰਘਰਸ਼ ਅੰਤਰ ਸੰਬੰਧਤ ਨਹੀਂ ਬਣਦਾ।

ਕੁਝ ਨਾਰੀਵਾਦੀ ਪਿੱਤਰ ਸਤਾ ਦੀਆਂ ਜੜ੍ਹਾਂ ਪਰਿਵਾਰ 'ਚ ਲੱਭ ਰਹੀਆਂ ਹਨ। ਸਮੱਸਿਆ ਨੂੰ ਇਸ ਰੂਪ 'ਚ ਵੇਖਣ ਨਾਲ ਉਹ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿੰਦੀਆਂ ਹਨ ਕਿ ਪਰਿਵਾਰ ਖੁਦ ਕੁਝ ਆਰਥਿਕ ਅਤੇ ਸਮਾਜਿਕ ਅਮਲਾਂ 'ਤੇ ਅਧਾਰਿਤ ਹੈ-ਉਹ ਸਮਾਜ ਦੇ ਆਰਥਿਕ ਢਾਂਚੇ 'ਤੇ ਆਧਾਰਿਤ ਹੈ। ਢਾਂਚੇ ਦੇ ਬਦਲਣ ਦੇ ਨਾਲ ਉਹ ਵੀ ਬਦਲਦਾ ਹੈ। ਪਰਿਵਾਰ ਦੇ ਵਿਆਪਕ ਆਰਥਿਕ-ਰਾਜਸੀ ਢਾਂਚੇ ਦੇ ਨਾਲ ਰਿਸ਼ਤੇ ਨੂੰ ਲੋੜੀਂਦਾ ਮਹੱਤਵ ਉਹ ਨਹੀਂ ਦਿੰਦੇ ਹਨ ਇਸ ਤਰ੍ਹਾਂ ਉਹ ਵੀ ਆਪਣੇ ਸੰਘਰਸ਼ ਨੂੰ ਉਸਾਰ ਢਾਂਚੇ ਦੇ ਖੇਤਰ ਤੱਕ ਸੀਮਤ ਕਰ ਰਹੀਆਂ ਹਨ।

ਫਿਰ ਕੁਝ ਨਾਰੀਵਾਦੀਆਂ 'ਚ ਪਿੱਤਰ ਸਤਾ ਵਿਰੋਧੀ ਸੰਘਰਸ਼ ਨੂੰ ਸਾਮਰਾਜਵਾਦ ਜਾਗੀਰਦਾਰੀ-ਦਲਾਲ ਨੌਕਰਸ਼ਾਹ ਸਰਮਾਏਦਾਰੀ ਵਿਰੋਧੀ ਸੰਘਰਸ਼ ਨੂੰ ਬਰਾਬਰ ਬਰਾਬਰ ਚਲਾਉਣ ਜਾਂ ਦੋਹਾਂ ਨੂੰ ਬਰਾਬਰ ਦਾ ਮਹੱਤਵ ਦੇਣ ਦਾ ਵਿਚਾਰ ਹੈ। ਇਹ ਵਿਚਾਰ

ਔਰਤਾਂ ਦੀ ਮਰਦਾਂ ਵਿਰੋਧੀ ਲਾਮਬੰਦੀ ਨੂੰ ਮੂਹਰੇ ਲਿਆ ਕੇ ਇਨਕਲਾਬ ਦੇ ਸਭ ਤੋਂ ਮਹੱਤਵਪੂਰਨ ਸਵਾਲ ਅਸਲੀ ਦੁਸ਼ਮਣਾਂ ਦੇ ਖਿਲਾਫ ਸਾਰੇ ਅਸਲੀ ਦੋਸਤਾਂ ਨੂੰ ਲਾਮਬੰਦ ਕਰਨ ਦੇ ਸੁਆਲ ਨੂੰ ਘੱਟ ਮਹੱਤਵ ਦਿੰਦਾ ਹੈ ਅਤੇ ਜਮਾਤੀ ਕਤਾਰਬੰਦੀ 'ਚ ਪਾੜਾ ਪਾਉਂਦਾ ਹੈ। ਇਸ ਤਰ੍ਹਾਂ ਇਹ ਜਮਾਤੀ ਨਜ਼ਰੀਏ ਤੋਂ ਔਰਤ ਸੁਆਲ ਨੂੰ ਨਾ ਵੇਖ ਕੇ ਔਰਤ ਨਜ਼ਰੀਏ ਨਾਲ ਜਮਾਤੀ ਸੰਘਰਸ਼ ਨੂੰ ਵੇਖਦਾ ਹੈ। ਸਿੱਟੇ ਵਜੋਂ ਪਿੱਤਰ ਸਤਾ ਦੀ ਬੁਨਿਆਦ-ਇਸ ਪ੍ਰਬੰਧ ਨੂੰ ਜੜੋਂ ਪੁੱਟ ਸੁੱਟਣ ਲਈ ਲੋਕ ਯੁੱਧ ਦੀ ਰਾਹ 'ਤੇ ਔਰਤਾਂ ਦੀ ਲਾਮਬੰਦੀ ਦਾ ਕੇਂਦਰੀ ਕੰਮ ਮਹੱਤਵ ਨਹੀਂ ਹਾਸਿਲ ਕਰਦਾ ਅਤੇ ਪਿੱਤਰ ਸਤਾ ਵਿਰੋਧੀ ਸੰਘਰਸ਼ ਨਵ-ਜਮਹੂਰੀ ਇਨਕਲਾਬ ਦਾ ਇੱਕ ਹਿੱਸਾ ਨਾ ਬਣ ਕੇ ਉਸ ਤੋਂ ਵੱਖਰਾ ਹੋ ਜਾਂਦਾ ਹੈ। ਇਸ ਤਰ੍ਹਾਂ ਸੱਚਮੁੱਚ ਵਿਚ ਪਿੱਤਰ ਸੱਤਵਾਦੀ ਲੁੱਟ ਖਸੁੱਟ ਦਾ ਖ਼ਾਤਮਾ ਕਰਨ ਹਿੱਤ ਨਵ-ਜਮਹੂਰੀ ਇਨਕਲਾਬ ਨੂੰ ਸਫ਼ਲ ਬਣਾਉਣ ਅਤੇ ਫਿਰ ਸਮਾਜਵਾਦ ਤੇ ਕਮਿਊਨਿਜ਼ਮ ਦੀ ਦਿਸ਼ਾ ਵਿਚ ਅੱਗੇ ਵੱਧਦੇ ਜਾਣ ਦਾ ਟੀਚਾ ਧੁੰਦਲਾ ਹੋ ਜਾਂਦਾ ਹੈ। ਅਸਲ 'ਚ ਔਰਤ ਮੁਕਤੀ ਦੇ ਨਿਸ਼ਾਨੇ ਤੋਂ ਔਰਤ ਲਹਿਰ ਭਟਕ ਜਾਂਦੀ ਹੈ। ਇਸ ਪ੍ਰਸੰਗ ਵਿਚ ਕਾਮਰੇਡ ਲੈਨਿਨ ਦਾ ਇਹ ਕਥਨ ਗੌਰ ਕਰਨਯੋਗ ਹੈ, "ਔਰਤ-ਮਰਦ ਦੀ ਸੱਚੀ ਬਰਾਬਰੀ ਸਿਰਫ਼ ਸਮੁੱਚੇ ਸਮਾਜ ਦੇ ਸਮਾਜਵਾਦੀ ਕਾਇਆ ਪਲਟ ਅਮਲ ਦੌਰਾਨ ਹੀ ਹਾਸਲ ਕੀਤੀ ਜਾ ਸਕਦੀ ਹੈ।

ਪਿੱਤਰ ਸਤਾ ਸਿਰਫ਼ ਉਸਾਰ ਢਾਂਚੇ ਦਾ ਪਹਿਲੂ ਨਹੀਂ ਹੈ, ਜਿਸ ਦਾ ਖਾਤਮਾ ਆਰਥਿਕ ਅਧਾਰ, ਯਾਨੀ ਕਿ ਉਹ ਲੁਟੇਰੇ ਜਮਾਤੀ ਸੰਘਰਸ਼, ਜੋ ਕਿਸੇ ਵੀ ਪੈਦਾਵਾਰੀ ਪ੍ਰਣਾਲੀ ਦਾ ਅਧਾਰ ਹੁੰਦੇ ਹਨ, ਦੇ ਖਾਤਮੇ ਨਾਲ ਹੋ ਸਕਦਾ ਹੈ। ਪਿੱਤਰ ਸੱਤਾਵਾਦੀ ਸਬੰਧ ਆਰਥਿਕ ਸਬੰਧ ਵੀ ਹੈ। ਪਿੱਤਰ ਸੱਤਾ ਦੇ ਸਬੰਧ ਦਾ ਅਰਥ ਹੈ, ਔਰਤਾਂ ਦਾ ਨਾ ਸਿਰਫ ਰਾਜਸੀ ਅਤੇ ਸਭਿਆਚਾਰਕ ਰੂਪ ਨਾਲ ਬਲਕਿ ਆਰਥਿਕ ਤੇ ਸਮਾਜਿਕ ਰੂਪ ਨਾਲ ਵੀ ਮਰਦਾਂ ਅਤੇ ਲੁਟੇਰਿਆਂ ਜਮਾਤਾਂ ਦੇ ਅਧੀਨ ਹੋਣ ਦੇ ਸਬੰਧ।

ਸਭ ਤੋਂ ਪਹਿਲਾਂ ਤਾਂ ਪਿੱਤਰ ਸਤਾ ਔਰਤਾਂ ਨੂੰ ਪੈਦਾਵਾਰੀ ਸਾਧਨਾਂ ਦੀ ਮਾਲਕੀ ਦੇ ਅਧਿਕਾਰ ਤੋਂ ਵਾਂਝਿਆਂ ਰੱਖਕੇ ਉਨ੍ਹਾਂ ਦੀ ਲੁੱਟ ਦਾ ਭੌਤਿਕ ਅਧਾਰ ਤਿਆਰ ਕਰਦੀ ਹੈ। ਪਿੱਤਰ ਸੱਤਾ ਪੈਦਾਵਾਰ ਦੇ ਸਾਧਨਾਂ ਨਾਲ ਔਰਤਾਂ ਦੇ ਬੁਨਿਆਦੀ ਸਬੰਧਾਂ ਨੂੰ ਨਿਰਧਾਰਿਤ ਕਰਦੀ ਹੈ। ਉਤਪਾਦਨ ਦੇ ਮੁੱਖ ਸਾਧਨਾਂ 'ਤੇ ਮਾਲਕੀ ਅਤੇ ਕੰਟਰੋਲ 'ਤੇ ਅਧਿਕਾਰ ਦੀ ਰੋਕ ਨੇ, ਪੱਛਮ 'ਚ ਗੁਲਾਮ ਪ੍ਰਥਾ ਸਮਾਜ ਦੇ ਸਮੇਂ ਤੋਂ ਅਤੇ ਭਾਰਤ 'ਚ ਸ਼ੂਦਰ ਰੱਖਣ ਦੀ ਪ੍ਰਬੰਦ ਦੇ ਸਮੇਂ ਤੋਂ ਆਰਥਾਤ ਜਮਾਤ ਦੀ ਪੈਦਾਇਸ਼ ਦੇ ਸਮੇਂ ਤੋਂ ਹੀ ਸਮਾਜ 'ਚ ਔਰਤਾਂ ਦੀ ਥਾਂ ਨੂੰ ਨਿਰਧਾਰਿਤ ਕੀਤਾ ਹੈ।

ਜਿਥੇ ਜਾਗੀਰਦਾਰੀ 'ਚ ਔਰਤਾਂ ਨੂੰ ਜਾਇਦਾਦ ਦਾ ਅਧਿਕਾਰ ਖੁੱਲ੍ਹੇ ਆਮ ਰੋਕਿਆ ਜਾਂਦਾ ਹੈ ਜਿਵੇਂ ਕਿ ਪਿਛਾਖੜੀ ਮਨੂ ਸਮਿਰਤੀ ਅਤੇ ਜਾਗੀਰੂ ਕਾਲ ਦੇ ਹੋਰ ਸਾਹਿਤ 'ਚ ਲਿਖਿਆ ਹੋਇਆ ਹੈ, ਪੂੰਜੀਵਾਦ ਇਸ ਨੂੰ ਵੱਧ ਸ਼ਾਂਤੀ ਨਾਲ ਅਤੇ ਵੱਧ ਕੁਸ਼ਲ ਤਰੀਕਿਆਂ ਨਾਲ ਕਰਦਾ ਹੈ। ਅਰਥਚਾਰੇ ਦਾ ਇਹ ਇਕ ਕਠੋਰ ਸੱਚ ਹੈ ਕਿ ਅੱਜ ਤੱਕ ਔਰਤਾਂ ਦੁਨੀਆ ਦੀ ਸਾਰੀ ਜਾਇਦਾਦ ਦੇ ਇਕ ਫੀਸਦੀ ਤੋਂ ਵੀ ਘੱਟ ਦੀਆਂ ਮਾਲਕ ਹਨ ਅਤੇ ਦੂਜੇ ਪਾਸੇ ਸਾਰੇ ਕੰਮ ਦਾ ਦੋ-ਤਿਹਾਈ ਉਹ ਹੀ ਕਰਦੀਆਂ ਹਨ।

ਦੂਸਰਾ ਪਿੱਤਰ ਸਤਾ ਨੇ ਲਿੰਗਕ ਅਧਾਰ 'ਤੇ ਕਿਰਤ ਦੀ ਵੰਡ ਨਿਰਧਾਰਿਤ

ਕੀਤੀ। ਘਰੇਲੂ ਖੇਤਰ ਅਤੇ ਜਨਤਕ ਖੇਤਰ ਵਿਚਕਾਰ ਵੰਡ, ਜਿਸ ’ਚ ਔਰਤਾਂ ਘਰੇਲੂ ਕੰਮ ਲਈ ਲਗਾ ਦਿੱਤੀਆਂ ਜਾਂਦੀਆਂ ਹਨ ਅਤੇ ਮਰਦ ਸਮਾਜਿਕ ਪੈਦਾਵਾਰ ’ਚ ਰਹਿੰਦੇ ਹਨ ਅਤੇ ਫਿਰ ਖੁਦ ਸਮਾਜਿਕ ਪੈਦਾਵਾਰ ’ਚ “ਔਰਤਾਂ” ਦੇ ਕੰਮ ਅਤੇ “ਮਰਦਾਂ” ਦੇ ਕੰਮ ’ਚ ਵੰਡ (ਜਿਸ ਨੂੰ ਕੁਦਰਤੀ ਵਿਖਾਇਆ ਜਾਂਦਾ ਹੈ) ਇਸ ਦੇ ਲੱਛਣ ਹਨ। ਇਸ ਪ੍ਰਕਾਰ ਅਰਥਚਾਰੇ ਦੇ ਦੋਨੋਂ ਮਹੱਤਵਪੂਰਨ ਪਹਿਲੂ ਪੈਦਾਵਾਰ ਦੇ ਸਾਧਨਾਂ ’ਤੇ ਕੰਟਰੋਲ ਅਤੇ ਕਿਰਤ ਵੰਡ ’ਚ ਔਰਤਾਂ ਦੀ ਭੂਮਿਕਾ ਅਤੇ ਸਥਾਨ ਪ੍ਰਿਤ ਸੱਤਾ ਨਾਲ ਨਿਰਧਾਰਿਤ ਹੁੰਦੇ ਹਨ। ਆਰਥਿਕ ਕੰਮਕਾਜ ’ਚ ਸਪੱਸ਼ਟ ਵੰਡ ਉਸ ਸਬੰਧ ’ਤੇ ਵੀ ਜ਼ੋਰ ਦਿੰਦੀ ਹੈ ਜੋ ਕਿ ਲਿੰਗਕ ਅਧਾਰ ’ਤੇ ਘਰੇਲੂ ਅਤੇ ਜਨਤਕ ਖੇਤਰਾਂ ’ਚ ਔਰਤਾਂ ਦੀ ਮਰਦਾਂ ਨਾਲ ਹੁੰਦੀ ਹੈ। ‘ਔਰਤਾਂ ਦੇ ਪਿਛੜੇਪਣ’ ਅਤੇ ‘ਮਰਦਾਂ ਦੀ ਕਾਬਲੀਅਤ’ ਦੇ ਸੁਆਲ ਹੇਠਾਂ ਖੜ੍ਹਾ ਹੋਇਆ ਆਰਥਿਕ ਤੱਥ ਵੀ ਘਰੇਲੂ ਕੰਮ ਪ੍ਰਤੀ ਲਿੰਗਾਂ ਦੇ ਰਿਸ਼ਤੇ ਨਾਲ ਜੁੜਿਆ ਹੋਇਆ ਹੈ। ਘਰੇਲੂ ਮਿਹਨਤ ਅਰਥਚਾਰੇ ਦਾ ਇਕ ਪਹਿਲੂ ਹੈ ਅਤੇ ਅਜਿਹਾ ਪਹਿਲੂ ਹੈ ਜੋ ਕਾਫੀ ਮਹੱਤਵਪੂਰਨ ਹੱਦ ਤੱਕ ਸਮਾਜ ’ਚ ਔਰਤਾਂ ਦੇ ਸਥਾਨ ਨੂੰ ਨਿਰਧਾਰਿਤ ਕਰਦਾ ਹੈ।

ਜੇ ਨਿਚੋੜ ਕੱਢਿਆ ਜਾਵੇ, ਤਾਂ ਪੈਦਾਵਾਰ ਦੇ ਸਾਧਨਾਂ ’ਤੇ ਔਰਤਾਂ ਸੱਚਮੁੱਚ ਦੀ ਮਾਲਕੀ ਜਾਂ ਕੰਟਰੋਲ, ਮਰਦਾਂ ਦੇ ਨਾਲ, ਬਰਾਬਰ ਦੇ ਪੱਧਰ ’ਤੇ ਸਮਾਜਿਕ ਪੈਦਾਵਾਰ ’ਚ ਭਾਗੀਦਾਰੀ ਮਿਹਨਤ ਵੰਡ ਦਾ ਖਾਤਮਾ ਤੇ ਘਰ ਦੀ ਚਾਕਰੀ ਤੋਂ ਔਰਤਾਂ ਨੂੰ ਮੁਕਤ ਕਰਨਾ ਅਤੇ ਘਰੇਲੂ ਕੰਮ ਨੂੰ ਜਨਤਕ ਖੇਤਰ ’ਚ ਬਦਲਣਾ ਜਿਥੇ ਬਰਾਬਰੀ ਦੇ ਅਧਾਰ ’ਤੇ ਬੰਦੇ ਘਰੇਲੂ ਕੰਮ ’ਚ ਹਿੱਸਾ ਲੈਂਦੇ ਹਨ। ਅਧਾਰ ’ਚ ਸਿਰਫ ਔਰਤ ਇਹ ਤਬਦੀਲੀ ਪਿੱਤਰ ਸੱਤਾ ਤੋਂ ਔਰਤਾਂ ਦੀ ਸੱਚੀ ਮੁਕਤੀ ਲਿਆ ਸਕਦੀ ਹੈ। ਕਿਉਂਕਿ ਉਪਰ ਦਿੱਤੇ ਗਏ ਤਿੰਨ ਪਹਿਲੂ ਪਿੱਤਰ ਸੱਤਾ ਦੇ ਭੌਤਿਕ ਅਧਾਰ ਦੇ ਹਿੱਸੇ ਹਨ। ਅਧਾਰ ’ਚ ਇਹ ਤਬਦੀਲੀ ਲਿਆਂਦੇ ਬਿਨ੍ਹਾਂ ਇਹ ਸਪੱਸ਼ਟ ਹੈ ਕਿ ਚਾਹੇ ਅਸੀਂ ਕਿੰਨੀਆਂ ਹੀ ਔਰਤਾਂ ਨੂੰ ਜਨਤਕ ਅਹੁਦਿਆਂ ਅਤੇ ਵਿਧਾਨਿਕ ਸੰਸਥਾਵਾਂ ’ਚ ਲੈ ਜਾਈਏ; ਅਸੀਂ ਸੱਭਿਆਚਾਰਕ ਖੇਤਰ ’ਚ ਪੁਰਾਣੇ ਵਿਚਾਰਾਂ, ਰਿਵਾਜਾਂ, ਪ੍ਰਮਪਰਾਵਾਂ ਆਦਿ ਨਾਲ ਚਾਹੇ ਕਿੰਨਾ ਵੀ ਤੇਜ਼ ਸੰਘਰਸ਼ ਕਰੀਏ; ਅਤੇ ਨਿਆਂਇਕ ਤੌਰ ’ਤੇ ਔਰਤਾਂ ਦੀ ਕੋਈ ਵੀ ਸਥਿਤੀ ਹੋਵੇ, ਪਿੱਤਰ ਸੱਤਾਵਾਦੀ ਦਾਬੇ ’ਚ ਕੋਈ ਬੁਨਿਆਦੀ ਤਬਦੀਲੀ ਨਹੀਂ ਹੋਵੇਗੀ।

ਇਸ ਲਈ ਇਸ ਮਹੱਤਵਪੂਰਨ ਪਹਿਲੂ (ਯਾਨੀ ਕਿ ਪਿੱਤਰ ਸੱਤਾ ਦੇ ਅਧਾਰ ਦਾ ਤੱਤ ਵੀ ਹੋਣਾ) ਨੂੰ ਪਹਿਚਾਨਣਾ, ਔਰਤ ਸੁਆਲ ’ਤੇ ਰੁੱਖ ਤੇ ਇਨਕਲਾਬ ਦੇ ਮੌਜੂਦਾ ਪੱਧਰ ਅਤੇ ਇਨਕਲਾਬ ਦੀ ਜਿੱਤ ਪਿੱਛੋਂ ਦੋਨਾਂ ’ਚ ਸੰਘਰਸ਼ ਦੇ ਦਾਅਪੇਚਾਂ ’ਚ ਵੱਡਾ ਫ਼ਰਕ ਲਿਆਏਗਾ।

ਇਸ ਤੋਂ ਇਲਾਵਾ ਵਿਚਾਰਧਾਰਾ ਦੇ ਰੂਪ ’ਚ ਅਤੇ ਸਮਾਜਿਕ ਸਬੰਧ ਦੇ ਰੂਪ ’ਚ ਪਿੱਤਰ ਸੱਤਾ ਉਸਾਰ ਢਾਂਚੇ ਦੇ ਖੇਤਰ ਵਿਚ ਵੀ ਕੰਮ ਕਰਦੀ ਹੈ। ਪਰਿਵਾਰ ਦੇ ਅੰਦਰ ਰਿਸ਼ਤੇ, ਧਰਮ, ਸਿੱਖਿਆ, ਕਨੂੰਨ, ਰਿਵਾਜ਼, ਮੀਡੀਆ ਆਦਿ ਵਲੋਂ ਵਿਕਸਤ ਵਿਚਾਰਕ ਢਾਂਚਾ ਪਿੱਤਰ ਸੱਤਾਵਾਦੀ ਕਿਰਤ ਵੰਡ ਨੂੰ ਹੋਰ ਸ਼ਕਤੀ ਪ੍ਰਦਾਨ ਕਰਦੇ ਹਨ। ਇਸ ਲਈ ਇਸ ਤੱਥ ਨੂੰ ਕਦੀ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਕਿ ਪਿੱਤਰ ਸੱਤਾ ਅਜਿਹਾ ਪਹਿਲੂ ਹੈ ਜੋ ਔਰਤਾਂ ਦੀ ਆਰਥਿਕ ਤੌਰ ’ਤੇ ਲੁੱਟ ਕਰਦਾ ਹੈ। ਅਤੇ

ਵਿਚਾਰਕ ਤੌਰ 'ਤੇ ਉਨ੍ਹਾਂ 'ਤੇ ਦੱਬਾ ਪਾਉਂਦਾ ਹੈ। ਇਸ ਲਈ ਪਿੱਤਰ ਸੱਤਾ ਨਾਲ ਦੋਨੋਂ ਅਧਾਰ 'ਤੇ ਉਸਾਰ ਢਾਂਚੇ ਉਤੇ ਲੜਨਾ ਹੋਵੇਗਾ। ਪਰ ਨਾਲ ਹੀ ਇਹ ਯਾਦ ਰੱਖਣਾ ਪਵੇਗਾ ਕਿ ਔਰਤਾਂ ਦਾ ਮਰਦ ਸੱਤਾ ਤੇ ਮਰਦਾਂ ਦੇ ਖਿਲਾਫ ਸੰਘਰਸ਼ ਜਿਥੇ ਦੋਸਤਾਨਾ ਹੈ ਅਤੇ ਜਮਾਤੀ ਏਕਤਾ ਨੂੰ ਹਾਸਲ ਕਰਨ ਅਤੇ ਜਮਾਤੀ ਸੰਘਰਸ਼ ਨੂੰ ਤੇਜ਼ ਕਰਨ ਦੇ ਟੀਚੇ ਵੱਲ ਸੰਚਾਲਿਤ ਹੈ, ਉਥੇ ਔਰਤਾਂ ਦੀ ਜਮਾਤੀ ਲੁੱਟ-ਘਸੁੱਟ ਖਿਲਾਫ ਲੁਟੇਰਿਆਂ ਅਤੇ ਹਾਕਮ ਜਮਾਤਾਂ ਖਿਲਾਫ ਸੰਘਰਸ਼ ਦਾ ਚਰਿਤਰ ਦੁਸ਼ਮਣਾ ਨਾ ਹੈ। ਇਸ ਲਈ ਆਪਣੇ ਅਧਿਕਾਰਾਂ ਲਈ ਵਿਆਪਕ ਔਰਤ ਅੰਦੋਲਨ ਖੜਾ ਕਰਦੇ ਸਮੇਂ ਪਿੱਤਰ ਸੱਤਾ ਵਿਰੋਧੀ ਸੰਘਰਸ਼ ਨੂੰ ਲਾਜ਼ਮੀ ਹੀ ਸਾਮਰਾਜ ਵਿਰੋਧੀ-ਜਗੀਰਦਾਰੀ ਵਿਰੋਧੀ ਲੋਕ ਸੰਘਰਸ਼ ਦੇ ਉਦੇਸ਼ ਨੂੰ ਦਿਮਾਗ 'ਚ ਰੱਖਦਿਆਂ ਚਲਾਉਣਾ ਹੋਵੇਗਾ। ਇਥੇ ਮਾਓ ਦੇ ਇਸ ਕਥਨ ਨੂੰ ਮਾਰਗ ਦਰਸ਼ਕ ਅਸੂਲ ਦੇ ਰੂਪ 'ਚ ਅਪਣਾਉਣਾ ਹੋਵੇਗਾ। "ਚੀਨ ਦੇ ਮਰਦਾਂ 'ਤੇ ਅਕਸਰ ਸੱਤਾ ਦੀਆਂ ਤਿੰਨ ਪ੍ਰਕਾਰ ਦੇ ਪ੍ਰਬੰਧਾਂ [ਰਾਜਸੀ ਸੱਤਾ, ਬਿਰਾਦਰੀ ਦੀ ਸਤਾ ਅਤੇ ਧਾਰਮਿਕ ਸਤਾ] ਦਾ ਭਾਰ ਰਹਿੰਦਾ ਹੈ-ਜਿਥੋਂ ਤੱਕ ਔਰਤਾਂ ਦਾ ਸੁਆਲ ਹੈ ਉਹ ਉੱਪਰ ਕਹੀਆਂ ਗਈਆਂ ਤਿੰਨ ਪ੍ਰਕਾਰ ਦੀਆਂ ਸੱਤਾਵਾਂ ਬਿਰਾਦਰੀ ਦੀ ਸਤਾ, ਧਾਰਮਿਕ ਸਤਾ ਅਤੇ ਪਤੀ ਦੀ ਸਤਾ ਦਾ ਗਲਬਾ ਸਹਿਣ ਤੋਂ ਇਲਾਵਾ ਮਰਦਾਂ ਦਾ ਗਲਬਾ ਵੀ ਸਹਿੰਦੀਆਂ ਹਨ। ਇਹ ਚਾਰ ਪ੍ਰਕਾਰ ਦੀਆਂ ਸੱਤਾਵਾਂ - ਰਾਜਨੀਤਕ ਸਤਾ, ਬਰਾਦਰੀ ਦੀ ਸਤਾ, ਧਾਰਮਿਕ ਸਤਾ ਅਤੇ ਪਤੀ ਦੀ ਸਤਾ।

### 4. ਸਮਾਜਵਾਦੀ ਔਰਤ ਅੰਦੋਲਨ

ਨਵ-ਜਮਹੂਰੀ ਇਨਕਲਾਬ ਤੋਂ ਸਮਾਜਵਾਦ ਦਾ ਦੌਰ ਪੂੰਜੀਵਾਦੀ-ਸਾਮਰਾਜੀ ਵਿਵਸਥਾ ਦੇ ਨਾਲ-ਨਾਲ ਪਿੱਤਰ ਸੱਤਾ ਦੇ ਖੇਤਰਾਂ ਦੀਆਂ ਸੰਭਾਵਨਾਵਾਂ ਨੂੰ ਖੋਲ੍ਹਦਾ ਹੈ। ਮਾਓ-ਜੇ-ਤੁੰਗ ਨੇ ਕਿਹਾ ਹੈ : "ਔਰਤ ਮਰਦ ਦੀ ਸੱਚੀ ਬਰਾਦਰੀ ਸਿਰਫ਼ ਸਮੁੱਚੇ ਸਮਾਜ ਦੇ ਸਮਾਜਵਾਦੀ ਤਬਦੀਲੀ ਦੇ ਅਮਲ ਦੌਰਾਨ ਹੀ ਹਾਸਿਲ ਕੀਤੀ ਜਾ ਸਕਦੀ ਹੈ।" (ਚੀਨ ਦੇ ਪਿੰਡਾਂ 'ਚ ਸਮਾਜਵਾਦੀ ਉਭਾਰ) ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਵੀ ਲੰਮਾ ਅਮਲ ਹੈ। ਜਿਸ ਵਿਚ ਪ੍ਰੋਲੇਤਾਰੀ ਔਰਤਾਂ ਨੂੰ, ਸਮਾਜਵਾਦੀ ਉਸਾਰੀ ਨੂੰ ਅੱਗੇ ਵਧਾਉਣ, ਉਸ ਨੂੰ ਮੁੱਦਾ ਬਣਾਉਣ ਤੇ ਪੂੰਜੀਵਾਦ ਦੀ ਪੁਨਰ ਸਥਾਪਨਾ ਦੀਆਂ ਕੋਸ਼ਿਸ਼ਾਂ ਦੀ ਰੋਕਥਾਮ ਕਰਨ 'ਚ ਆਗੂ ਤੇ ਸਰਗਰਮ ਭੂਮਿਕਾ ਨਿਭਾਉਣ ਦੇ ਨਾਲ-ਨਾਲ ਜਾਗੀਰੂ ਪਿੱਤਰ ਸੱਤਾ ਦੀਆਂ ਕੁਝ ਰਹਿੰਦ ਖੂੰਹਦ ਅਤੇ ਫੋਰੀ ਦੇ ਵੱਧ ਵਿਆਪਕ ਪੂੰਜੀਵਾਦੀ ਪਿੱਤਰਸੱਤਾ ਖਿਲਾਫ ਸੰਘਰਸ਼ ਜਾਰੀ ਰੱਖ ਕੇ, ਅਹਿਮ ਭੂਮਿਕਾ ਨਿਭਾਉਣੀ ਹੋਵੇਗੀ।

ਆਰਥਿਕ ਖੇਤਰ 'ਚ ਸਮਾਜਵਾਦ, ਹੁਣ ਤੱਕ ਛਿਪੀ ਤੇ ਬੰਨੀ ਉਸ ਕਿਰਤ ਸ਼ਕਤੀ ਨੂੰ ਜੋ ਘਰ ਦੀ ਚਾਰ ਦੀਵਾਰੀ ਅੰਦਰ ਮਿਹਨਤ ਕਰਦੀ ਸੀ, ਸਮਾਜਿਕ ਪੈਦਾਵਾਰ 'ਚ ਪੂਰੀ ਤਰ੍ਹਾਂ ਲਾਉਣ ਦੀ ਸੰਭਾਵਨਾ ਨੂੰ ਖੋਹਲਦਾ ਹੈ। ਇਹ ਔਰਤਾਂ ਦੀ ਜ਼ਿੰਦਗੀ ਵਿਚ ਤੁਰੰਤ ਤੇ ਵਿਆਪਕ ਤੌਰ 'ਤੇ ਫੈਲਿਆ ਹੋਇਆ ਬਦਲਾਅ ਲਿਆਉਂਦਾ ਹੈ। 8 ਮਾਰਚ 1918 ਨੂੰ ਬੋਲਦੇ ਹੋਇਆ ਲੈਨਿਨ ਨੇ ਸਮਾਜਵਾਦ ਤੇ ਔਰਤ ਮੁਕਤੀ ਵਿਚਕਾਰ ਰਿਸ਼ਤਿਆਂ ਨੂੰ ਟਿਕਿਆ ਸੀ : "ਮੁੱਢਲੇ ਕਦਮ ਜ਼ਮੀਨ, ਫੈਕਟਰੀਆਂ ਤੇ ਮਿਲਾਂ ਦੀ ਨਿੱਜੀ ਮਾਲਕੀ ਦਾ ਖਾਤਮਾ ਸੀ। ਇਹ ਹੇਠਲੇ ਵਿਅਕਤੀਗਤ ਘਰੇਲੂ

ਅਰਥਚਾਰੇ ਤੋਂ ਵੱਡੇ ਪੈਮਾਨੇ ਦੀ ਸਮਾਜਿਕ ਅਰਥ ਵਿਵਸਥਾ 'ਚ ਜਾ ਕੇ, ਇਹ ਔਰਤਾਂ ਦੀ ਮੁਕਤੀ, 'ਘਰੇਲੂ -ਗੁਲਾਮੀ' ਤੋਂ ਉਨ੍ਹਾਂ ਦੀ ਮੁਕਤੀ ਦਾ ਰਾਹ ਖੋਹਲਦਾ ਹੈ।" ਫਿਰ ਇਕ ਹੋਰ ਮੌਕੇ ਸਮੇਂ ਲੈਨਿਨ ਨੇ ਕਿਹਾ ਹੈ; "ਔਰਤਾਂ ਦੀ ਸੱਚੀ ਮੁਕਤੀ, ਸੱਚਾ ਕਮਿਊਨਿਜ਼ਮ ਸਿਰਫ ਉਦੋਂ ਤੇ ਉਥੇ ਸ਼ੁਰੂ ਹੋਵੇਗਾ ਜਦ ਛੋਟੇ ਘਰੇਲੂ ਕੰਮਾਂ ਖਿਲਾਫ ਪੁਰਜ਼ੋਰ ਸੰਘਰਸ਼ ਸ਼ੁਰੂ ਹੁੰਦਾ ਹੈ (ਪ੍ਰੋਲੇਤਾਰੀ ਦੀ ਅਗਵਾਈ 'ਚ ਜਿਸ ਕੋਲ ਰਾਜ ਸੱਤਾ ਹੈ) ਅਤੇ ਜਾਂ ਜਦ ਉਸ ਦਾ ਵੱਡੇ ਪੈਮਾਨੇ 'ਤੇ ਸਮਾਜਵਾਦੀ ਅਰਥਚਾਰੇ 'ਚ ਸਮੁੱਚੀ ਤਬਦੀਲੀ ਸ਼ੁਰੂ ਹੁੰਦੀ ਹੈ।" (ਇਕ ਮਹਾਨ ਸ਼ੁਰੂਆਤ)

ਘਰੇਲੂ ਕੰਮ ਜੋ ਉਦੋਂ ਤੱਕ ਔਰਤ ਦਾ ਬੋਝ ਸੀ, ਇਸ ਤਰ੍ਹਾਂ ਤਬਦੀਲ ਕੀਤਾ ਜਾਵੇਗਾ ਜਿਸ ਨਾਲ ਉਹ ਜਨਤਕ ਸਮਾਜਵਾਦੀ ਅਰਥਚਾਰੇ ਦਾ ਹਿੱਸਾ ਬਣ ਜਾਏ। ਇਹ ਔਰਤਾਂ ਤੇ ਪੈਣ ਵਾਲੇ ਭਾਰ ਨੂੰ ਕਾਫੀ ਘੱਟ ਕਰ ਦੇਵੇਗਾ। ਘਰੇਲੂ ਕੰਮ ਨੂੰ ਜਨਤਕ ਖੇਤਰ ਵਿਚ ਤਬਦੀਲ ਕਰਨ ਦੀ ਸਹਿਯੋਗੀ ਭੂਮਿਕਾ ਬਗ਼ੈਰ ਸਿਰਫ ਸਮਾਜਿਕ ਪੈਦਾਵਾਰ 'ਚ ਔਰਤਾਂ ਨੂੰ ਲਿਆਉਣ 'ਤੇ ਇਕਹਿਰਾ ਜ਼ੋਰ, ਚੀਜ਼ਾਂ ਨੂੰ ਕਰਨ ਦਾ ਗਲਤ ਤਰੀਕਾ ਹੋਵੇਗਾ। ਇਹ ਔਰਤਾਂ ਤੇ ਵਾਧੂ ਬੋਝ ਪਾਵੇਗਾ ਤੇ ਸਮਾਜਵਾਦ ਲਈ ਸੰਘਰਸ਼ 'ਚ ਭਾਗ ਲੈਣ ਲਈ ਉਨ੍ਹਾਂ ਦੇ ਉਤਸ਼ਾਹ ਨੂੰ ਮੱਠਾ ਪਾ ਦੇਵੇਗਾ।

ਸਮਾਜਿਕ ਪੈਦਾਵਾਰ ਦੇ ਖੇਤਰ ਵਿਚ, ਔਰਤਾਂ ਨੂੰ ਗੈਰ-ਹੁਨਰਮੰਦ, ਅਰਧ-ਹੁਨਰਮੰਦ ਤੇ ਹੁਨਰਮੰਦ ਕਾਮਿਆਂ 'ਚ ਜਾਣ ਲਈ ਸਿਖਲਾਈ ਮੁਹੱਈਆ ਕਰਾਉਣ ਦੀ ਚੇਤੰਨ ਮੁਹਿੰਮ ਨਾਲ (ਜੋ ਖੁਦ ਅਰਥਚਾਰੇ ਦੇ ਸਨਅਤੀਕਰਣ ਦੀ ਸਮੁੱਚੀ ਰਫ਼ਤਾਰ ਨਾਲ ਸੰਬੰਧਿਤ ਹੈ) ਅਤੇ ਸਮਾਜਿਕ ਪੈਦਾਵਾਰ 'ਚ ਸਾਰੇ ਮਰਦਾਂ ਲਈ ਸੁਰੱਖਿਅਤ ਥਾਵਾਂ ਨੂੰ ਤੋੜ ਕੇ, ਲਿੰਗਾਂ ਵਿਚਕਾਰ ਵੰਡ ਨੂੰ ਖਤਮ ਕਰਨਾ ਹੋਵੇਗਾ। ਮਾਓ ਨੇ ਸਮਾਜਵਾਦ ਦੀਆਂ ਅੰਦਰੂਨੀ ਵਿਰੋਧਤਾਈਆਂ ਦੀ ਗੱਲ ਕੀਤੀ ਸੀ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਲਿੰਗ ਅਧਾਰ 'ਤੇ ਵੀ ਅਜਿਹੀਆਂ ਅੰਦਰੂਨੀ ਵਿਰੋਧਤਾਈਆਂ ਦਿੱਸਣਗੀਆਂ। ਸਭ ਨੌਕਰੀਆਂ 'ਚ 50 ਫੀਸਦੀ ਔਰਤਾਂ ਨੂੰ ਲਿਆਉਣ ਦੀ ਚੇਤੰਨ ਨੀਤੀ, ਸੁਰੱਖਿਆ ਦੇਣ ਵਾਲੇ ਰਾਖਵੇਕਰਨ ਦੀ ਨੀਤੀ, ਇਸ ਕਾਰਜ ਦਾ ਹੋਰ ਤੇਜ਼ੀ ਨਾਲ ਹੱਲ ਕਰਨ 'ਚ ਮਦਦ ਕਰ ਸਕਦੀ ਹੈ।

ਜਾਗੀਰੂ ਅਰਥਚਾਰੇ 'ਚ ਪਰਿਵਾਰ ਪੈਦਾਵਰ ਤੇ ਖਪਤ ਉਨ੍ਹਾਂ ਦੀ ਹੀ ਇਕਾਈ ਹੈ। ਨਵ-ਜਮਹੂਰੀ ਅਰਥਚਾਰੇ 'ਚ ਹੌਲੀ-ਹੌਲੀ ਉਹ ਪੈਦਾਵਾਰ ਦੀ ਇਕਾਈ ਵਜੋਂ ਇਹ ਖਤਮ ਹੋ ਜਾਂਦਾ ਹੈ ਜਦ ਕਿ ਖਪਤ ਦੀ ਇਕਾਈ ਰਹਿੰਦਾ ਹੈ। ਪਰ ਸਮਾਜਵਾਦੀ ਪ੍ਰਬੰਧ 'ਚ ਪੈਦਾਵਾਰ ਦੇ ਸਮਾਜਵਾਦੀਕਰਣ ਦੇ ਨਾਲ, ਪਰਿਵਾਰਕ ਇਕਾਈ:

1. ਸਮਾਜਿਕ ਪੈਦਾਵਾਰ ਦੇ ਨਾਲ ਸਾਰੇ ਰਿਸ਼ਤੇ ਛੱਡ ਦਿੰਦੀ ਹੈ;

2. ਖਪਤ ਦੀ ਇਕਾਈ ਵਜੋਂ ਉਸ ਦੀ ਭੂਮਿਕਾ ਹੌਲੀ-ਹੌਲੀ ਘੱਟ ਮਹੱਤਵਪੂਰਨ ਹੁੰਦੀ ਹੈ;

3. ਘਰੇਲੂ ਕੰਮ ਦਾ ਹੌਲੀ-ਹੌਲੀ ਘੱਟ ਹੋਣਾ, ਬਾਕੀ ਬਚੇ ਨਾਮਾਤਰ ਘਰੇਲੂ ਕੰਮ ਤੋਂ ਜਿਸ ਨੂੰ ਪਤੀ-ਪਤਨੀ ਵਿਚਕਾਰ ਵੰਡ ਕੇ ਕੀਤਾ ਜਾਂਦਾ ਹੈ, ਲਿੰਗਕ ਮੋਹਰ ਦਾ ਅੰਤ ਕਰਦਾ ਹੈ;

4. ਸਮਾਜਵਾਦ 'ਚ ਪਰਿਵਾਰ ਅਧਾਰ ਵਿਚ ਹੋਣਾ ਬੰਦ ਕਰ ਦਿੱਤਾ ਹੈ ਅਤੇ

ਇਕ ਸੰਸਥਾ ਬਣ ਜਾਂਦਾ ਹੈ ਜੋ ਉਸਾਰ ਢਾਂਚੇ ਤੱਕ ਸੀਮਤ ਹੈ।

ਰਾਜਸੀ ਖੇਤਰ 'ਚ ਨਾ ਸਿਰਫ਼ ਕਮਿਊਨਿਸਟਾਂ ਨੂੰ ਔਰਤਾਂ ਸਬੰਧੀ ਆਪਣੀ ਨੀਤੀ 'ਚ ਇਨ੍ਹਾਂ ਪਿੱਤਰ ਸੱਤਾ ਵਿਰੋਧੀ ਤਬਦੀਲੀਆਂ ਦਾ ਪ੍ਰਤੀਬਿੰਬਨ ਕਰਨ 'ਚ ਯੋਗ ਹੋਣਾ ਚਾਹੀਦਾ ਹੈ, ਬਲਕਿ ਔਰਤ ਮੁਕਤੀ ਲਈ ਸੰਘਰਸ਼ ਨੂੰ ਅੱਗੇ ਲੈ ਜਾਣ ਲਈ ਵੀ ਉਸ ਨੂੰ ਖੁਦ ਨੂੰ ਤਿਆਰ ਕਰਨਾ ਚਾਹੀਦਾ ਹੈ। ਹੋਰ ਸਿਧਾਂਤਕ ਸੁਆਲਾਂ ਤੋਂ ਇਲਾਵਾ ਇਹ ਜ਼ਰੂਰੀ ਹੈ ਕਿ ਹਰ ਪੱਧਰ 'ਤੇ ਘੱਟੋ-ਘੱਟ ਉਸ ਦੀ ਅੱਧੀਆਂ ਮੈਂਬਰ ਔਰਤਾਂ ਹੋਣ।

ਅੱਗੇ, ਸਭ ਫੈਸਲਾ ਲੈਣ ਵਾਲੀਆਂ ਇਕਾਈਆਂ 'ਚ ਔਰਤਾਂ ਨੂੰ ਬਰਾਬਰ ਗਿਣਤੀ 'ਚ ਹਾਜ਼ਰ ਹੋਣਾ ਚਾਹੀਦਾ ਹੈ।

ਇਸ ਲਈ ਰਾਜਸੀ ਕੰਮ, ਇਕ ਅਜਿਹਾ ਖੇਤਰ ਜੋ ਅਜੇ ਤੱਕ ਔਰਤਾਂ ਲਈ ਮਨ੍ਹਾ ਸੀ, ਔਰਤ ਖੇਤਰ ਦਾ 'ਸੁਭਾਵਿਕ' ਹਿੱਸਾ ਬਣਾਇਆ ਜਾਵੇ।

ਸਭਿਆਚਾਰ ਦੇ ਖੇਤਰ 'ਚ, ਸਮਾਜਵਾਦੀ ਮੁੱਲਾਂ ਦੇ ਪਸਾਰ ਅਤੇ ਦਬਾ ਕੇ ਰੱਖਣ ਦੇ ਸਾਰੇ ਪਿੱਤਰ ਸੱਤਾਵਾਦੀ ਰੂਪਾਂ ਅਤੇ ਮਰਦ ਵਿਸ਼ੇਸ਼ ਅਧਿਕਾਰਾਂ ਦੇ ਅੰਤ ਨਾਲ ਔਰਤਾਂ ਤੋਂ ਘਰੇਲੂ ਕਿਰਤ ਦਾ ਭਾਰ ਹਟਾਉਣ ਨਾਲ ਅਤੇ ਘਰੇਲੂ ਕੰਮ ਨੂੰ ਬਰਾਬਰੀ ਦੇ ਅਧਾਰ 'ਤੇ ਵੰਡਣ ਨਾਲ, ਤਹਿਸ਼ੁਦਾ ਵਿਆਹਾਂ ਦੀ ਬਜਾਏ ਚੋਣ ਨਾਲ ਵਿਆਹ ਕਰਨ ਦੇ ਨਾਲ ਇਕ ਜੁੱਟਦਾ ਦੀ ਸੰਸਥਾ ਦੇ ਹੋਂਦ 'ਚ ਆਉਣ ਸਮੇਂ ਤੋਂ ਪਹਿਲੀ ਵਾਰੀ ਸਮਾਜਿਕ ਪੱਧਰ 'ਤੇ ਪਰਿਵਾਰ ਦੇ ਅੰਦਰ ਪਤੀ ਤੇ ਪਤਨੀ ਦਾ ਰਿਸ਼ਤਾ ਸਹੀ ਅਰਥਾਂ 'ਚ ਜਮਹੂਰੀ ਅਧਾਰ 'ਤੇ ਰੱਖਿਆ ਜਾਵੇ। ਇਸ ਅਮਲ 'ਚ ਇਹ ਜਮਹੂਰੀ ਸਾਰ ਹਾਸਲ ਕਰ ਚੁੱਕਾ ਹੋਵੇਗਾ। ਜਿਸ ਨੂੰ ਇਹ ਮੰਨਣਾ ਸਮਾਜਵਾਦੀ ਪੜ੍ਹਾਅ ਦੇ ਆਉਣ ਨਾਲ ਪਰਿਵਾਰ ਸੰਸਥਾ ਵਜੋਂ ਖਿੰਡ ਜਾਵੇਗਾ ਜਿਵੇਂ ਕਿ ਕੁਝ ਨਾਰੀਵਾਦੀ ਕਹਿੰਦੇ ਹਨ, ਤੱਥ ਭਰਪੂਰ ਨਹੀਂ ਵਿਖਾਈ ਦਿੰਦਾ। ਬਲਕਿ ਪਰਿਵਾਰ ਬਹੁਤ ਵੱਡੀ ਤਬਦੀਲੀ ਮਹਿਸੂਸ ਕਰੇਗਾ। ਉਸ ਦਾ ਇਕਹਿਰਾ ਢਾਂਚਾ ਕਾਇਮ ਰਹੇਗਾ ਪਰ ਉਸ ਦਾ ਪਿੱਤਰੀ ਸੱਤਾ ਵਾਲਾ ਤੱਤ ਨਹੀਂ ਰਹੇਗਾ ਦੇ ਹਿੱਤਾਂ ਦਾ ਸਭ ਤੋਂ ਬੇਹਤਰੀ ਨਾਲ ਪ੍ਰਤੀਬਿੰਬਨ ਕਰਨਗੀਆਂ। ਜਦ ਸਿਹਤ ਸੰਭਾਲ, ਮੀਡੀਆ ਵਿਸ਼ਾ ਵਸਤੂ, ਸਿੱਖਿਆ, ਕਲਾ ਸਾਹਿਤ ਤੇ ਸਭਿਆਚਾਰ 'ਚ ਅੱਗੇ ਤਬਦੀਲੀਆਂ ਹੋਣਗੀਆਂ, ਮਰਦ ਤੇ ਔਰਤ ਪੂਰਵ ਧਾਰਨਾ ਅਤੇ ਔਰਤਾਂ ਵਲੋਂ ਪਿੱਤਰ ਸੱਤਾਵਾਦੀ ਮੁੱਲਾਂ ਨੂੰ ਆਤਮਸਾਤ ਕਰਨਾ, ਦੋਨੋਂ ਸਮਾਜਾਂ 'ਚ ਆਪਣਾ ਭੌਤਿਕ ਅਧਾਰ ਗੁਆ ਲੈਣਗੇ। ਹਰ ਗੁਜਰਦੇ ਦਿਨ ਦੇ ਨਾਲ, ਔਰਤਾਂ ਦੀ ਅੰਤਿਮ ਮੁਕਤੀ ਹੋਰ ਵੱਧ ਸੱਚ ਹੁੰਦੀ ਜਾਵੇਗੀ। ਸਮੇਂ ਦੇ ਅਜਿਹੇ ਬਿੰਦੂ 'ਤੇ, ਸਮਾਜ ਵੀ ਕਮਿਊਨਿਜ਼ਮ ਤੱਕ ਪਹੁੰਚ ਚੁੱਕਿਆ ਹੋਵੇਗਾ। ਸਮਾਜਵਾਦੀ ਤਬਦੀਲੀ ਸਮੇਂ ਪਿੱਤਰ ਸਤਾ ਖਿਲਾਫ ਸੰਘਰਸ਼ ਕਹਿਣਾ ਵੱਧ ਸੌਖਾ ਹੈ ਪਰ ਕਰਨਾ ਨਹੀਂ। ਇਹ ਸਿਰਫ ਅਧਾਰ 'ਤੇ ਉਪਰੀ ਢਾਂਚੇ ਵਿਚ ਜਮਾਤੀ-ਲੜਾਈ ਨੂੰ ਅੱਗੇ ਵਧਾਉਣ ਦੇ ਨਾਲ ਹੀ ਸੰਭਵ ਹੋਵੇਗਾ। ਜਿਸ ਤਰ੍ਹਾਂ ਨਵ-ਜਮਹੂਰੀ ਇਨਕਲਾਬ ਸਮੇਂ ਔਰਤ ਮੁਕਤੀ ਅੰਦੋਲਨ ਜਮਾਤੀ ਲੜਾਈ ਨੂੰ ਅੱਗੇ ਵਧਾਉਣ 'ਤੇ ਨਿਰਭਰ ਕਰਦਾ ਸੀ ਅਤੇ ਉਸ ਵਿਚ ਯੋਗਦਾਨ ਪਾਉਂਦਾ ਸੀ, ਉਸੇ ਤਰ੍ਹਾਂ ਸਮਾਜਵਾਦ 'ਚ ਜਮਾਤੀ ਲੜਾਈ ਦਾ ਵਿਕਾਸ ਅਤੇ ਵਿਚਾਰਾਂ ਦੇ ਖੇਤਰ 'ਚ ਬੁਰਜੂਆ ਦੇ ਖਿਲਾਫ਼ ਲੜਾਈ ਅਤੇ ਪੈਦਾਵਾਰ ਦੇ ਖੇਤਰ ਵਿਚ ਨੌਕਰਸ਼ਾਹੀ ਦੇ ਪ੍ਰਗਟਾਵੇ ਖਿਲਾਫ ਸੰਘਰਸ਼, ਪਿੱਤਰ ਸੱਤਾ ਵਿਰੋਧੀ ਸੰਘਰਸ਼ ਨੂੰ ਭਰਵਾਂ

ਡੂੰਘਾ ਤੇ ਮਜ਼ਬੂਤ ਕਰੇਗਾ। ਇਹ ਨਹੀਂ ਭੁੱਲ ਜਾਣਾ ਚਾਹੀਦਾ ਕਿ ਸਮਾਜ ਦੇ ਕੁਝ ਦਿਖਣ 'ਚ 'ਗੈਰ-ਜਮਾਤੀ' ਪਹਿਲੂ ਜਿਵੇਂ ਲਿੰਗਕ ਭੇਦਭਾਵ, ਕੌਮੀ ਭੇਦਭਾਵ ਆਦਿ ਖਾਸ ਇਤਿਹਾਸਕ ਮੋੜਾਂ 'ਤੇ ਸਮਾਜ 'ਚ ਆਏ ਹਨ ਅਤੇ ਖੁਦ 'ਚ ਇਨ੍ਹਾਂ ਦਾ ਟੀਚਾ ਨਹੀਂ ਸੀ ਬਲਕਿ ਇਕ ਖਾਸ ਇਤਿਹਾਸਕ ਯੁੱਗ ਵਿਚ ਉੱਭਰਦੀਆਂ ਜਮਾਤਾਂ ਦੀ ਸੇਵਾ ਕਰਨਾ ਇਨ੍ਹਾਂ ਦਾ ਨਿਸ਼ਾਨਾ ਸੀ। ਇਸ ਲਈ ਮਾਰਕਸਵਾਦੀ ਦਾਅਵਾ ਕਿ ਸਮਾਜ 'ਚ ਜਮਾਤ ਤੋਂ ਉਪਰ ਕੁਝ ਨਹੀਂ ਹੈ, ਜਮਾਤੀ ਵੰਡ ਦੇ ਅਧਾਰਿਤ ਹੈ। ਜਮਾਤੀ ਸਮਾਜਾਂ 'ਚ ਸਾਰੀਆਂ ਸਮਾਜਿਕ ਸੰਸਥਾਵਾਂ ਖਾਸ ਜਮਾਤਾਂ 'ਤੇ ਹਿੱਤਾ ਦੀ ਸੇਵਾ ਕਰਦੀਆਂ ਹਨ। ਇਸ ਲਈ ਸਰਮਾਏਦਾਰੀ ਦਾ ਕਾਇਮ ਰਹਿਣਾ, ਉਨ੍ਹਾਂ ਸੰਸਥਾਵਾਂ ਜਾਂ ਸੰਸਥਾਵਾਂ ਦੀ ਰਹਿੰਦ ਖੂੰਹਦ, ਜਿਨ੍ਹਾਂ ਨੇ ਸਰਮਾਏਦਾਰੀ ਦੀ ਜਮਾਤ ਨੂੰ ਸਹਾਰਾ ਦਿੱਤਾ ਸੀ ਜਿਵੇਂ ਪਿੱਤਰ ਸੱਤਾ ਰਾਸ਼ਟਰੀ ਭੇਦਭਾਵ ਆਦਿ ਦੇ ਕਾਇਮ ਰਹਿਣ ਦੇ ਨਾਲ ਪ੍ਰਤੱਖ ਤੌਰ 'ਤੇ ਸੰਬੰਧਿਤ ਹੈ। ਇਸ ਲਈ ਸਮਾਜਵਾਦੀ ਸਮਾਜ 'ਚ ਪਿੱਤਰ ਸੱਤਾਵਾਦੀ ਮੁੱਲਾਂ ਦਾ ਜਾਰੀ ਰਹਿਣਾ ਸਿਰਫ ਇਹ ਵਿਖਾਉਂਦਾ ਹੈ ਕਿ ਸਰਮਾਏਦਾਰੀ ਜਮਾਤ ਅਜੇ ਵੀ ਜਿੰਦਾ ਹੈ। ਇਸ ਤਰ੍ਹਾਂ ਪਿੱਤਰ ਸੱਤਾ ਦੇ ਅੰਤ ਦਾ ਪੂੰਜੀਪਤੀ ਦੇ ਅੰਤ ਨਾਲ ਨੇੜ ਦਾ ਸਬੰਧ ਹੈ।

ਸੋਵੀਅਤ ਸੰਘ ਅਤੇ ਚੀਨ 'ਚ ਇਨਕਲਾਬ ਦੀ ਸਫਲਤਾ ਤੋਂ ਤੁਰੰਤ ਪਿੱਛੋਂ, ਸਮਾਜਵਾਦੀ ਸਰਕਾਰਾਂ ਨੇ ਸਾਰੇ ਔਰਤ-ਵਿਰੋਧੀ ਕਾਨੂੰਨਾਂ ਅਤੇ ਸੰਵਿਧਾਨਿਕ ਸਮਿਆਂ ਨੂੰ ਬਦਲ ਦਿੱਤਾ ਹੈ। ਔਰਤਾਂ ਨੂੰ ਪੜ੍ਹਨ, ਕੰਮ ਕਰਨ, ਰਾਜਨੀਤੀ 'ਚ ਭਾਗ ਲੈਣ, ਸਮਾਜਿਕ ਜ਼ਿੰਦਗੀ ਤੇ ਹੋਰ ਸਾਰੇ ਖੇਤਰਾਂ 'ਚ ਹਿੱਸਾ ਲੈਣ ਦੇ ਪੂਰੇ ਮੌਕੇ ਦਿੱਤੇ ਗਏ। ਗਰਭਪਾਤ ਦਾ ਅਧਿਕਾਰ ਦੇਣ ਵਾਲਾ, ਸੋਵੀਅਤ ਸੰਘ ਪਹਿਲਾਂ ਦੇਸ਼ ਸੀ। 30 ਸਾਲਾਂ ਦੇ ਅਮਲ 'ਚ ਸਮਾਜਵਾਦੀ ਸਮਾਜਾਂ ਦੀਆਂ ਪ੍ਰਾਪਤੀਆਂ ਪਹਿਲਾਂ ਵੇਖੀਆਂ ਨਹੀਂ ਗਈਆਂ ਹਨ। ਜੋ ਕਹਿੰਦੇ ਹਨ ਕਿ ਸਮਾਜਵਾਦੀ ਸਮਾਜ ਵੀ ਅਸਫਲ ਰਹੇ, ਉਹ ਜਾਣ ਬੁੱਝ ਕੇ ਇਨ੍ਹਾਂ ਪ੍ਰਾਪਤੀਆਂ ਨੂੰ ਵੇਖਣ ਤੋਂ ਇਨਕਾਰ ਕਰਦੇ ਹਨ। ਪਰ ਇਹ ਸਭ ਪੂੰਜੀਪਤੀ ਤੇ ਸਮਾਜਵਾਦੀ ਸ਼ਕਤੀਆਂ ਵਿਚਕਾਰ ਚੱਲ ਰਹੀ ਜਮਾਤੀ ਲੜਾਈ ਦੇ ਕਾਰਨ ਸੰਭਵ ਸੀ। ਜਦ ਵੀ ਸੱਜੇ ਪੱਖੀਆਂ (ਪੂੰਜੀਪਤੀ) ਦਾ ਹੱਥ ਉੱਪਰ ਹੋਇਆ, ਔਰਤ ਮੁਕਤੀ ਦਾ ਏਜੰਡਾ ਵੀ ਪਿੱਛੇ ਹੋ ਗਿਆ। ਉਦਾਹਰਣ ਵਜੋਂ ਇਹ ਚੀਨ 'ਚ ਲਊ-ਸ਼ਾਓ-ਚੀ ਨੇ ਔਰਤ ਕਿਰਤੀਆਂ ਨੂੰ ਘਰ ਜਾਣ ਲਈ ਕਿਹਾ। ਦਲੀਲ ਸੀ-ਸਭ ਲਈ ਕੰਮ ਦੇ ਮੌਕੇ ਨਹੀਂ ਸਨ, ਇਸ ਲਈ ਔਰਤਾਂ ਘਰ 'ਚ ਆਪਣੇ 'ਸਮਾਜਵਾਦੀ' ਪਤੀਆਂ ਦੀ ਸੇਵਾ ਕਰ ਸਕਦੀਆਂ ਹਨ ਅਤੇ ਇਸ ਤਰ੍ਹਾਂ ਨਵੀਂ ਊਰਜਾ ਦੇ ਨਾਲ ਸਮਾਜਵਾਦੀ ਉਸਾਰੀ 'ਚ ਹਿੱਸਾ ਲੈ ਸਕਦੀਆਂ ਹਨ। ਹਰ ਖੇਤਰ 'ਚ ਉਨ੍ਹਾਂ ਨੇ ਵਿਕਾਸ ਦੇ ਪਹੀਏ ਨੂੰ ਪੁੱਠਾ ਘੁਮਾਉਣ ਦੀ ਕੋਸ਼ਿਸ਼ ਕੀਤੀ। ਫਿਰ ਜਦ ਪਾਰਟੀ 'ਚ ਸਹੀ ਲੀਹ ਸਥਾਪਿਤ ਹੋਈ ਤਾਂ ਔਰਤ ਮੁਕਤੀ ਦਾ ਸੁਆਲ ਏਜੰਡੇ 'ਤੇ ਲਿਆਂਦਾ ਗਿਆ ਤੇ ਉਸ ਨੂੰ ਯਕੀਨੀ ਬਣਾਉਣ ਲਈ ਵਾਜਿਬ ਕਦਮ ਉਠਾਏ ਗਏ। ਸਭ ਜਾਗੀਰੂ ਰਹਿੰਦ ਖੂੰਹਦ ਵਿਰੁੱਧ ਤੀਬਰਤਾ ਨਾਲ ਲੜਿਆ ਗਿਆ ਅਤੇ ਪਿੱਤਰ ਸੱਤਾ ਖਿਲਾਫ ਇਸ ਸੰਘਰਸ਼ ਦੀ ਅਗਵਾਈ ਖੁਦ ਔਰਤਾਂ ਨੇ ਕੀਤੀ।

ਇਸ ਲਈ ਪੂੰਜੀਵਾਦ ਦਾ ਮੁੜ-ਉਭਾਰ ਵੀ ਇਕ ਪਾਸੇ ਪਿੱਤਰ ਸੱਤਾ 'ਤੇ ਨਿਰਭਰ ਹੋ ਕੇ ਅਤੇ ਦੂਜੇ ਪਾਸੇ ਨਾਰੀਵਾਦ 'ਤੇ ਨਿਰਭਰ ਹੋ ਕੇ ਸੰਭਵ ਹੈ। ਸਮਾਜਵਾਦੀ

ਦੇਸ਼ਾਂ ਨੂੰ ਪੁਨਰ ਸਥਾਪਿਤ ਸਰਮਾਏਦਾਰੀ ਸੂਬਿਆਂ ਦੀ ਬਰਾਬਰੀ ’ਚ ਵੇਖਣਾ ਨਾ ਸਿਰਫ ਰਾਜਸੀ ਤੌਰ ’ਤੇ ਗਲਤ ਹੈ ਬਲਕਿ ਅਸਲੀਅਤ ਨੂੰ ਵੀ ਵਿਗਾੜਦਾ ਹੈ। ਔਰਤਾਂ ਦੀ ਪੂਰਨ ਮੁਕਤੀ ਸਿਰਫ ਸਮਾਜਵਾਦ ’ਚ ਜਮਾਤੀ ਲੜਾਈ ਨੂੰ ਜਾਰੀ ਰੱਖਣ ਰਾਹੀਂ ਹੀ ਸੰਭਵ ਹੈ। ਸਮਾਜਵਾਦ ’ਚ ਜਮਾਤੀ ਲੜਾਈ ਜਾਰੀ ਰੱਖਣਾ, ਮਾਓਵਾਦ ਦਾ ਇਕ ਵੱਡਾ ਯੋਗਦਾਨ ਹੈ। ਸਿਰਫ ਅਜਿਹੇ ਸਿਧਾਂਤਕ ਹਥਿਆਰ ਦੇ ਨਾਲ ਔਰਤ ਜਨਤਾ ਪਿੱਤਰ ਸੱਤਾਵਾਦੀ ਪਾਬੰਦੀਆਂ ਦੇ ਸਾਰੇ ਰੂਪਾਂ ਦਾ ਅੰਤ ਕਰ ਸਕਦੀ ਹੈ ਅਤੇ ਆਪਣੀ ਅੰਤਿਮ ਮੁਕਤੀ ਜਿੱਤ ਸਕਦੀ ਹੈ। ਉਸਾਰ ਢਾਂਚੇ ’ਚ ਪੂੰਜੀਵਾਦੀ ਵਿਚਾਰਾਂ ਤੇ ਹਮਲਾ ਕਰਨ ਅਤੇ ਸਮਾਜਵਾਦ ਨੂੰ ਪੱਕੇ ਪੈਰੀਂ ਕਰਨ ਲਈ ਸਭਿਆਚਾਰਕ ਇਨਕਲਾਬ ਔਰਤਾਂ ਤੋਂ ਮੰਗ ਕਰਦੇ ਹਨ ਕਿ ਉਹ ਪੂੰਜੀਵਾਦੀ ਵਿਚਾਰਧਾਰਾ ਤੇ ਸਭਿਆਚਾਰ ਦੇ ਨਾਲ-ਨਾਲ ਪਿੱਤਰ ਸੱਤਾ ਦੇ ਸਾਰੇ ਪ੍ਰਗਟਾਵਿਆਂ ਖਿਲਾਫ ਤਦ ਤੱਕ ਨਿਰੰਤਰ ਇਨਕਲਾਬੀ ਸੰਘਰਸ਼ ਚਲਾਉਣ, ਜਦ ਤੱਕ ਕਿ ਪੂੰਜੀਵਾਦੀ ਹਿੱਤ, ਜਿੰਨਾਂ ਦਾ ਉਹ (ਪੂੰਜੀਵਾਦੀ ਵਿਚਾਰਧਾਰਾ ਅਤੇ ਸਭਿਆਚਾਰ ਤੇ ਪਿੱਤਰ ਸੱਤਾ) ਨੁਮਾਇੰਦਗੀ ਕਰਦੀ ਹੈ, ਆਖਰੀ ਤੇ ਨਾ ਬਦਲੇ ਜਾਣ ਵਾਲੇ ਰੂਪਾਂ ਵਜੋਂ ਖਤਮ ਨਾ ਹੋ ਜਾਣ। ਅਤੇ ਆਖਰਕਾਰ ਔਰਤਾਂ ਆਜ਼ਾਦ ਨਾ ਹੋ ਜਾਣ। ਇਸ ਲਈ ਸਮਾਜਵਾਦ ਦਾ ਸਮਾਂ ਸਿਰਫ ਆਰਥਿਕ ਤਬਦੀਲੀ ਤੇ ਉਸਾਰੀ ਦਾ ਨਹੀਂ ਹੈ। ਅਜਿਹੀ ਸੋਚ ਅਰਥਵਾਦ ਹੋਵੇਗੀ ਬਲਕਿ ਇਹ ਸਰਮਾਏਦਾਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਸਭਿਆਚਾਰਕ ਇਨਕਲਾਬਾਂ ਦੇ ਕਈ ਹੋਰ ਪਹਿਲੂਆਂ ਦੇ ਹਿੱਸੇ ਵਜੋਂ ਵਿਸ਼ੇਸ਼ ਤੌਰ ’ਤੇ ਪਿੱਤਰ ਸੱਤਾ ਵਿਰੋਧੀ ਪਹਿਲੂ ਵੀ ਹਨ।

### 5. ਇਨਕਲਾਬੀ ਔਰਤ ਅੰਦੋਲਨ ਦੀ ਸਹੀ ਦਿਸ਼ਾ

ਕਾਮਰੇਡ ਲੈਨਿਨ ਨੇ ਕਿਹਾ ਹੈ, “ਮਿਹਨਤਕਸ਼ ਔਰਤਾਂ ਦੇ ਅੰਦੋਲਨ ਦਾ ਮੁੱਖ ਉਦੇਸ਼ ਔਰਤਾਂ ਦੀ ਸਿਰਫ ਰਸਮੀ ਬਰਾਬਰੀ ਲਈ ਨਹੀਂ; ਬਲਕਿ ਆਰਥਿਕ ਤੇ ਰਾਜਸੀ ਬਰਾਬਰੀ ਲਈ ਲੜਨਾ ਹੈ। ਮੁੱਖ ਕੰਮ ਔਰਤਾਂ ਨੂੰ ਉਤਪਾਦਕ ਸਮਾਜਿਕ ਕਿਰਤ ’ਚ ਖਿੱਚਣਾ ਹੈ, ਉਨ੍ਹਾਂ ਨੂੰ ਘਰੇਲੂ ਗੁਲਾਮੀ ’ਚੋਂ ਕੱਢਣਾ ਹੈ, ਰਸੋਈਦਾਰੀ ਅਤੇ ਬੱਚੇ ਪਾਲਣ ਦਾ ਅਕਾਊ ਤੇ ਖੁਸ਼ਕ ਮਹੌਲ ਵਿਚ ਮੱਤ ਮਾਰ ਦੇਣ ਵਾਲਾ ਅਤੇ ਅਪਮਾਨਜਨਕ ਅਧੀਨਗੀ ਤੋਂ ਮੁਕਤ ਕਰਨਾ ਹੈ।

ਇਹ ਲੰਮਾ ਸੰਘਰਸ਼ ਹੈ ਇਸ ਲਈ ਸਮਾਜਿਕ ਤਕਨੀਕ ਤੇ ਰਿਵਾਜ਼ ਦੋਨਾਂ ਦੀ ਹੀ ਮੁਢੋਂ ਪੁਨਰ-ਉਸਾਰੀ ਲਾਜ਼ਮੀ ਹੈ। ਪਰ ਇਸ ਸੰਘਰਸ਼ ਦਾ ਅੰਤ ਕਮਿਊਨਿਜ਼ਮ ਦੀ ਪੂਰਨ ਜਿੱਤ ਨਾਲ ਹੋਵੇਗਾ” (ਮਿਹਨਤਕਸ਼ ਔਰਤਾਂ ਦੇ ਕੌਮਾਂਤਰੀ ਦਿਵਸ ਦੇ ਮੌਕੇ, 4 ਮਾਰਚ 1920)।

ਮਹਿਲਾ ਸੰਘਰਸ਼ ਦੀ ਦਿਸ਼ਾ ’ਤੇ ਕਾਮਰੇਡ ਕਲਾਰਾ ਜੇਟਕਿਨ ਦੇ ਨਾਲ ਗੱਲਬਾਤ ਕਰਦੇ ਸਮੇਂ ਕਾਮਰੇਡ ਲੈਨਿਨ ਨੇ ਕਿਹਾ “ਇਕ ਸਪੱਸ਼ਟ ਸਿਧਾਂਤਕ ਅਧਾਰ ’ਤੇ ਸਾਨੂੰ ਸ਼ਕਤੀਸ਼ਾਲੀ ਔਰਤ ਅੰਦੋਲਨ ਦੀ ਉਸਾਰੀ ਕਰਨੀ ਹੋਵੇਗੀ। ਜਾਹਿਰ ਹੈ ਕਿ ਮਾਰਕਸਵਾਦੀ ਸਿਧਾਂਤ ਬਿਨ੍ਹਾਂ ਅੱਛਾ ਵਿਹਾਰਕ ਕੰਮ ਹੋ ਨਹੀਂ ਸਕਦਾ।”

ਉਪਰੋਕਿਤ ਸਿੱਖਿਆਵਾਂ ਦੇ ਅਧਾਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਭਾਰਤ ’ਚ ਵੀ ਔਰਤ ਅੰਦੋਲਨ ਦੀ ਸਹੀ ਦਿਸ਼ਾ ਲਈ ਮਜ਼ਬੂਤ ਸਿਧਾਂਤਕ ਅਧਾਰ ਯਾਨੀ

ਮਾਰਕਸਵਾਦ-ਲੈਨਿਨਵਾਦ-ਮਾਓਵਾਦ ਦੀ ਜ਼ਰੂਰਤ ਹੈ। ਉਪਰੋਕਿਤ ਵਿਸ਼ੇਲਸ਼ਣਾਂ ਤੋਂ ਸਪੱਸ਼ਟ ਹੈ ਕਿ ਔਰਤਾਂ ਦੀ ਜਮਾਤੀ ਤੇ ਪਿੱਤਰ ਸੱਤਾਵਾਦੀ ਲੁੱਟ-ਘਸੁੱਟ ਦਾ ਮੂਲ ਕਾਰਨ ਮੌਜੂਦਾ ਲੁਟੇਰੀ ਤੇ ਗਲੀ-ਸੜੀ ਅਰਧ-ਜਾਗੀਰੂ-ਅਰਧ ਬਸਤੀਵਾਦੀ ਪਿੱਤਰ ਸੱਤਾਵਾਦੀ ਸਮਾਜਿਕ ਵਿਵਸਥਾ ਵਿਚ ਹੈ। ਇਸ ਲਈ ਇਸ ਵਿਵਸਥਾ ਨੂੰ ਜੜੋਂ ਪੁੱਟ ਕੇ ਨਵ-ਜਮਹੂਰੀ, ਸਮਾਜਵਾਦ ਤੇ ਕਮਿਊਨਿਜ਼ਮ ਦੇ ਟੀਚੇ ਵੱਲ ਵੱਧਣ ਦੇ ਸੰਘਰਸ਼ ਵਿਚ ਔਰਤਾਂ ਨੂੰ ਸ਼ਾਮਲ ਹੋਣਾ ਪਵੇਗਾ। ਇਸ ਸੰਘਰਸ਼ ਵਿਚ ਔਰਤਾਂ-ਮਰਦਾਂ ਵਲੋਂ ਮੋਢੇ ਨਾਲ ਮੋਢਾ ਲਾ ਕੇ ਲੜਨ ਦੀ ਬਜਾਏ ਵੱਖ-ਵੱਖ ਰਹਿ ਕੇ ਔਰਤਾਂ ਲਈ ਨਾ ਕੋਈ ਸੱਚਮੁੱਚ ਦਾ ਇਨਕਲਾਬੀ ਸੰਘਰਸ਼ ਚਲਾਉਣਾ ਸੰਭਵ ਹੈ ਤੇ ਨਾ ਹੀ ਅਸਲੀ ਔਰਤ ਮੁਕਤੀ ਦੀ ਰਾਹ ’ਤੇ ਅੱਗੇ ਵੱਧਣਾ। ਕਾਮਰੇਡ ਮਾਓ ਨੇ ਵੀ ਇਨਕਲਾਬੀ ਔਰਤ ਅੰਦੋਲਨ ਦੀ ਦਿਸ਼ਾ ਨੂੰ ਨਿਸ਼ਚਿਤ ਤੌਰ ’ਤੇ ਸਮਾਜਵਾਦ ਤੇ ਕਮਿਊਨਿਜ਼ਮ ਵੱਲ ਬਣਾਈ ਰੱਖਣ ਅਤੇ ਸਾਮਰਾਜਵਾਦ ਜਾਗੀਰਦਾਰੀ ਵਿਰੋਧੀ ਨਵ-ਜਮਹੂਰੀ ਇਨਕਲਾਬ ਦੇ ਇਕ ਹਿੱਸੇ ਵਜੋਂ ਇਸ ਨੂੰ ਅੱਗੇ ਵਧਾਉਣ ਦੀ ਗੱਲ ਕਹੀ ਗਈ ਹੈ।

ਅੰਤ ’ਚ ਲਾਜ਼ਮੀ ਹੀ ਮੌਜੂਦਾ ਪ੍ਰਬੰਧ ’ਚ ਔਰਤ ਮੁਕਤੀ ਦਾ ਸੁਆਲ ਮਜ਼ਦੂਰਾਂ, ਕਿਸਾਨਾਂ ਸਮੇਤ 90 ਫੀਸਦੀ ਲੋਕਾਈ ਦੀ ਮੁਕਤੀ ਦੇ ਨਾਲ ਜੁੜਿਆ ਹੋਇਆ ਹੈ। ਮਜ਼ਦੂਰਾਂ ਦੀ ਮਜ਼ਦੂਰੀ ਦੀ ਗੁਲਾਮੀ ਤੋਂ ਮੁਕਤੀ ਲਈ ਸਮਾਜਵਾਦੀ ਪ੍ਰਬੰਧ ਕਾਇਮ ਕਰਨ ਦੀ ਲੋੜ ਹੈ। ਔਰਤਾਂ ਦੀ ਲੁੱਟ ਦਾ ਅੰਤ ਤੇ ਪਿੱਤਰ ਸੱਤਾ ਦਾ ਖਾਤਮਾ ਵੀ ਇਸ ਨਾਲ ਜੁੜਿਆ ਹੋਇਆ ਹੈ। ਉਸ ਦੀ ਪਹਿਲੀ ਸ਼ਰਤ ਹੈ ਸਾਮਰਾਜਵਾਦ-ਜਾਗੀਰਦਾਰੀ ਵਿਰੋਧੀ ਨਵ ਜਮਹੂਰੀ ਇਨਕਲਾਬ ਦੀ ਜਿੱਤ। ਇਸ ਇਨਕਲਾਬ ਦੀ, ਜਿਸ ਦਾ ਧੁਰਾ ਜ਼ਰਈ ਇਨਕਲਾਬ ਹੈ, ਸਫਲਤਾ ਸ਼ਾਂਤੀਪੂਰਨ ਪਾਰਲੀਮਾਨੀ ਰਾਹ ਤੋਂ ਨਹੀਂ, ਪ੍ਰੋਲੇਤਾਰੀ ਦੀ ਅਗਵਾਈ ’ਚ ਸਿਰਫ ਜ਼ੁਰਈ ਇਨਕਲਾਬ ਤੇ ਲੰਮੇ ਲੋਕ ਸੰਘਰਸ਼ ਦੇ ਰਾਹੀਂ ਹੀ ਸੰਭਵ ਹੈ। ਇਸ ਲਈ ਇਸ ਇਨਕਲਾਬ ਅਤੇ ਲਮਕਵੇਂ ਲੋਕ ਯੁੱਧ ’ਚ ਅਤੇ ਇਸ ਵੱਲ ਇਨਕਲਾਬੀ ਸੰਘਰਸ਼ਾਂ ਤੇ ਹੋਰ ਸੰਘਰਸ਼ਾਂ ’ਚ ਔਰਤਾਂ ਦੀ ਸ਼ਮੂਲੀਅਤ ਹੀ ਔਰਤ ਮੁਕਤੀ ਦਾ ਇਕੋ ਇਕ ਰਾਹ ਹੈ। ਦੂਜੇ ਪਾਸੇ ਇਸ ਤੋਂ ਪਾਸੇ ਰਹਿ ਕੇ ਇਸ ਦਿਸ਼ਾ ਤੇ ਟੀਚੇ ਤੋਂ ਵੱਖ ਰਹਿ ਕੇ ਔਰਤ ਮੁਕਤੀ ਦੇ ਨਾਂ ’ਤੇ ਚਾਹੇ ਕੁਝ ਵੀ ਕਿਉਂ ਨਹੀਂ ਕੀਤਾ ਜਾਂਦਾ, ਇਸ ਨਾਲ ਔਰਤਾਂ ਦੀ ਗੁਲਾਮੀ ਦੀਆਂ ਜੰਜ਼ੀਰਾਂ ਟੱਸ ਤੋਂ ਮੱਸ ਨਹੀਂ ਹੋਣਗੀਆਂ, ਉਹ ਜੰਜ਼ੀਰ ਭਾਵੇਂ ਜਮਾਤੀ ਲੁੱਟ ਦੀ ਹੋਵੇ ਜਾਂ ਪਿੱਤਰ ਸੱਤਾ ਦੀ।

# ਬਦਲ ਰਹੇ ਹਨ ਸੁੰਦਰਤਾ ਸੋਚ ਤੇ ਪੁਰਾਣੇ ਪ੍ਰਤੀਕ ਚਿੰਨ੍ਹ

ਜੋ ਔਰਤਾਂ ਸੰਧੂਰ, ਬਿੰਦੀ ਜਾਂ ਸੁਹਾਗ ਦਾ ਕੋਈ ਵੀ ਚਿੰਨ ਧਾਰਨ ਨਹੀਂ ਕਰਦੀਆਂ, ਉਨ੍ਹਾਂ ਨੂੰ ਅਕਸਰ ਇਸ ਤਰ੍ਹਾਂ ਦੇ ਸੁਆਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, 'ਤੁਸੀਂ ਸੰਧੂਰ, ਬਿੰਦੀ, ਮੰਗਲ-ਸੂਤਰ ਵਗੈਰਾ ਦੀ ਵਰਤੋਂ ਕਿਉਂ ਨਹੀਂ ਕਰਦੇ?'

ਸਮਾਜ 'ਚ ਇਹ ਧਾਰਨਾ ਕਾਫੀ ਲੰਮੇ ਸਮੇਂ ਤੋਂ ਬਣੀ ਹੋਈ ਕਿ ਸ਼ਾਦੀ-ਸ਼ੁਦਾ ਔਰਤਾਂ ਨੂੰ ਸੁਹਾਗ ਦੀਆਂ ਨਿਸ਼ਾਨੀਆਂ ਸੰਧੂਰ, ਬਿੰਦੀ, ਚੂੜੀ, ਮੰਗਲਸੂਤਰ ਆਦਿ ਜ਼ਰੂਰ ਪਹਿਨਣੇ ਚਾਹੀਦੇ ਹਨ। ਜਦ ਲੋਕ ਕਿਸੇ ਔਰਤ ਨੂੰ ਇਸ ਦੀ ਵਰਤੋਂ ਕਰਦੇ ਨਹੀਂ ਵੇਖਦੇ ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਭਾਰਤੀ ਸਭਿਆਚਾਰ ਦਾ ਉਲੰਘਣ ਹੈ। ਆਓ, ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਕਿ ਇਹ ਔਰਤਾਂ ਇਨ੍ਹਾਂ ਗਹਿਣਿਆਂ ਨੂੰ ਕਿਉਂ ਨਹੀਂ ਪਹਿਨਦੀਆਂ। ਅਸੀਂ ਵੇਖਦੇ ਹਾਂ ਕਿ ਜੋ ਔਰਤਾਂ ਆਰਥਕ ਤੌਰ 'ਤੇ ਆਤਮ ਨਿਰਭਰ ਹੈ। ਅਜ਼ਾਦ ਵਿਚਾਰ ਰੱਖਦੀਆਂ ਹਨ, ਚੇਤੰਨ ਹਨ ਅਤੇ ਜਿਨ੍ਹਾਂ ਨੇ ਸਮਾਜ 'ਚ ਆਪਣੀ ਇਕ ਪਹਿਚਾਣ ਬਣਾ ਲਈ ਹੈ ਮੁੱਖ ਤੌਰ 'ਤੇ ਉਹ ਹੀ ਇਸ ਦੀ ਘੱਟ ਵਰਤੋਂ ਕਰਦੀਆਂ ਹਨ। ਹੁਣ ਕਿਉਂਕਿ ਸਾਡੇ ਸਮਾਜ ਵਿਚ ਪਤੀ ਤੋਂ ਵੱਖ ਔਰਤ ਦੀ ਕੋਈ ਪਹਿਚਾਣ ਨਹੀਂ ਮੰਨੀ ਜਾਂਦੀ ਹੈ, ਇਸ ਕਰਕੇ ਜਦ ਕੋਈ ਔਰਤ ਸੁਹਾਗ ਦੀਆਂ ਨਿਸ਼ਾਨੀਆਂ ਨੂੰ ਨਹੀਂ ਪਹਿਨਦੀ ਤਦ ਮੰਨ ਲਿਆ ਜਾਂਦਾ ਹੈ ਕਿ ਉਹ ਕੁਆਰੀ, ਵਿਧਵਾ ਜਾਂ ਤਲਾਕਸ਼ੁਦਾ ਹੈ। ਜੇ ਇਨ੍ਹਾਂ 'ਚੋਂ ਕੋਈ ਨਾ ਹੋਵੇ ਤਾਂ ਉਹ 'ਤੇਜ਼ ਤਰਾਰ' ਮਨ ਵਾਲੀ ਹੋਵੇਗੀ। ਸੱਚਾਈ ਇਹ ਹੈ ਕਿ ਉਹ ਕੰਮਕਾਰੀ ਔਰਤਾਂ ਜੋ ਆਰਥਕ ਤੌਰ 'ਤੇ ਨਿਰਭਰ ਹਨ ਤੇ ਜਿਨ੍ਹਾਂ ਦੀ ਅਜ਼ਾਦ ਪਹਿਚਾਣ ਹੈ। ਉਹ ਹੌਲੀ ਹੌਲੀ ਇਨ੍ਹਾਂ ਪ੍ਰਤੀ ਉਦਾਸੀਨ ਹੁੰਦੀਆਂ ਜਾ ਰਹੀਆਂ ਹਨ ਉਨ੍ਹਾਂ ਨੂੰ ਸੁਹਾਗ ਦੀਆਂ ਇਨ੍ਹਾਂ ਨਿਸ਼ਾਨੀਆਂ ਦੀ ਵਰਤੋਂ ਕਰਨ ਦੀ ਵਾਧੂ ਜ਼ਰੂਰਤ ਨਹੀਂ ਹੁੰਦੀ। ਇਹ ਔਰਤਾਂ ਨਾ ਸਿਰਫ ਸੁਹਾਗ ਦੀਆਂ ਨਿਸ਼ਾਨੀਆਂ ਪ੍ਰਤੀ ਉਦਾਸੀਨ ਹੋਈਆਂ ਹਨ ਬਲਕਿ ਡਰੈਸ 'ਚ ਰਵਾਇਤੀ ਸਾੜੀ ਨੂੰ ਛੱਡ ਕੇ ਸਲਵਾਰ-ਕੁੜਤਾ ਵਰਗੀਆਂ ਸਹੂਲਤਾਂ ਭਰਪੂਰ ਹੀ ਪਹਿਨਦੀਆਂ ਹਨ। ਘਰ ਤੋਂ ਦਫ਼ਤਰ ਅਤੇ ਦਫ਼ਤਰ ਤੋਂ ਘਰ ਦੀ ਭੱਜਦੌੜ ਵਿਚਕਾਰ ਇਨ੍ਹਾਂ ਪਾਸ ਸ਼ਿੰਗਾਰ ਲਈ ਕਿੰਨਾ ਸਮਾਂ ਬਚਦਾ ਹੋਵੇਗਾ? ਅਤੇ ਜੇ ਡਾਕਟਰ, ਇੰਜੀਨੀਅਰ, ਨਰਸ, ਅਧਿਆਪਕ, ਸੈਨਿਕ ਵਰਗੇ ਪੇਸ਼ੇ 'ਚ ਲੱਗੀਆਂ ਔਰਤਾਂ ਇਨ੍ਹਾਂ ਨੂੰ ਪਹਿਣ ਵੀ ਲੈਣ ਤਾਂ ਕੀ ਉਹ ਆਪਣਾ ਕੰਮ ਠੀਕ ਤਰ੍ਹਾਂ ਕਰ ਸਕਣਗੀਆਂ? ਇਥੋਂ ਤੱਕ ਕਿ ਮੇਹਨਤ-ਮਜ਼ਦੂਰੀ ਕਰਨ ਵਾਲੀਆਂ ਔਰਤਾਂ ਵੀ ਵੱਧ ਹਾਰ-ਸ਼ਿੰਗਾਰ ਨਹੀਂ ਕਰਦੀਆਂ। ਜਦ ਬਹੁਤੀਆਂ ਔਰਤਾਂ ਘਰ ਵਿਚ ਹੀ ਰਹਿੰਦੀਆਂ ਸਨ ਤਾਂ ਉਨ੍ਹਾਂ ਦੀ ਦੁਨੀਆਂ ਘਰ ਸ਼ਿੰਗਾਰ ਤੱਕ ਹੀ ਸੀਮਤ ਸੀ। ਅੱਜ ਔਰਤਾਂ ਦੀ ਦੁਨੀਆਂ ਦਾ ਕੁੱਝ ਹੱਦ ਤੱਕ ਵਿਸਥਾਰ ਹੋਇਆ ਹੈ। ਇਸ ਗਤੀਸ਼ੀਲ ਜੀਵਨ ਵਿਚ ਉਨ੍ਹਾਂ ਪਾਸ ਸਾਜ-ਸ਼ਿੰਗਾਰ ਲਈ ਨਾ ਤਾਂ ਸਮਾਂ ਹੈ ਤੇ ਨਾ ਹੀ ਬਹੁਤੀ ਜ਼ਰੂਰਤ। ਜਿਥੋਂ ਤੱਕ ਸੁਹਾਗ ਚਿੰਨਾਂ ਦੀ ਮਹੱਤਤਾ ਦਾ ਸੁਆਲ ਹੈ ਤਾਂ ਜਾਨਣ-ਸਮਝਣ ਦੀ ਜ਼ਰੂਰਤ ਇਹ ਹੈ ਕਿ ਸੁੱਖੀ ਵਿਆਹੁਤਾ ਜੀਵਨ ਲਈ ਸੁਹਾਗ ਚਿੰਨ ਕਿੰਨੇ ਜ਼ਰੂਰੀ ਹਨ? ਕੀ ਇਹ ਮੁੱਠੀ ਭਰ ਸੁਹਾਗ ਚਿੰਨ ਪਤੀ-ਪਤਨੀ ਦੀ ਸਜੀਵ ਸਬੰਧਤਾ ਨੂੰ ਬਿਹਤਰ ਬਣਾਉਣ 'ਚ ਕੋਈ ਭੂਮਿਕਾ

ਨਿਭਾਉਂਦੇ ਹਨ? ਇਸ ਦੇ ਉਲਟ ਅਸੀਂ ਇਹ ਵੀ ਵੇਖਦੇ ਹਾਂ ਕਿ ਕੋਈ ਔਰਤ ਜੋ ਸੁਹਾਗ ਚਿੰਨ੍ਹਾਂ ਨੂੰ ਪਹਿਚਾਣ 'ਚ ਕੋਈ ਕਸਰ ਬਾਕੀ ਨਹੀਂ ਛੱਡਦੀਆਂ, ਉਨ੍ਹਾਂ ਦੇ ਵਿਆਹੁਤਾ ਜੀਵਨ ਵੀ ਬਹੁਤੇ ਮਧੁਰ ਨਹੀਂ ਹੁੰਦੇ।

ਅਸਲ ਵਿਚ ਵੇਖਿਆ ਜਾਵੇ ਤਾਂ ਸੁਹਾਗ ਦੀਆਂ ਨਿਸ਼ਾਨੀਆਂ ਨੇ ਸਾਡੇ ਸਮਾਜ ਵਿਚ ਇਕ ਰੂੜੀ ਦਾ ਰੂਪ ਅਪਣਾ ਲਿਆ ਹੈ। ਇਨ੍ਹਾਂ ਪਿੱਛੇ ਕੋਈ ਤਰਕਸ਼ੀਲ ਅਧਾਰ ਨਹੀਂ ਹੈ। ਦੁਨੀਆ ਦੇ ਬਹੁਤੇ ਦੇਸ਼ਾਂ ਤੇ ਸਭਿਤਾਵਾਂ ਵਿਚ ਤਾਂ ਇਹ ਲਾਜ਼ਮੀ ਹਿੱਸਾ ਵੀ ਨਹੀਂ ਮੰਨਿਆ ਜਾਂਦਾ। ਸਾਡੇ ਦੇਸ਼ ਦੇ ਹੀ ਵੱਖ ਵੱਖ ਭਾਗਾਂ ਵਿਚ ਕਿਧਰੇ ਇਨ੍ਹਾਂ ਦੀ ਵੱਧ ਵਰਤੋਂ ਹੁੰਦੀ ਹੈ ਤਾਂ ਕਿਧਰੇ ਘੱਟ ਜਾਂ ਬਿਲਕੁਲ ਨਹੀਂ। ਉੱਤਰ ਪ੍ਰਦੇਸ਼, ਬੰਗਾਲ, ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ ਵਰਗੇ ਪਿਛੜੇ ਖੇਤਰਾਂ ਵਿਚ ਸੁਹਾਗ ਚਿੰਨ੍ਹਾਂ ਪ੍ਰਤੀ ਖਿੱਚ ਵੱਧ ਹੈ। ਕੇਰਲ, ਕਰਨਾਟਕ ਤੇ ਪੂਰਬੀ ਉੱਤਰ ਰਾਜਾਂ 'ਚ ਇਨ੍ਹਾਂ ਦੀ ਵਰਤੋਂ ਨਾਂਹ ਦੇ ਬਰਾਬਰ ਹੈ। ਇਸਾਈਆਂ, ਸਿੱਖਾਂ ਤੇ ਜਨਜਾਤੀਆਂ 'ਚ ਤਾਂ ਸੁਹਾਗ ਦੀ ਲਾਜ਼ਮੀ ਨਿਸ਼ਾਨੀ ਕੋਈ ਹੈ ਹੀ ਨਹੀਂ। ਇਸ ਗੱਲ ਨੂੰ ਹੋਰ ਵੱਧ ਠੀਕ ਤਰ੍ਹਾਂ ਸਮਝਣ ਲਈ ਅਸੀਂ ਇਕ ਨਜ਼ਰ ਇਤਿਹਾਸ 'ਤੇ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਜੋ ਸਮਾਜ ਮਾਤਰਸਤਾਮਕ ਸੀ ਜਿਥੇ ਮਾਂ ਪਰਿਵਾਰ ਦੀ ਮੁਖੀਆ ਹੁੰਦੀ ਸੀ। ਉਸ ਦੀ ਆਪਣੀ ਇਕ ਪਹਿਚਾਣ ਹੁੰਦੀ ਸੀ, ਉਸ ਨੂੰ ਕਿਸੇ ਵੀ ਰੂਪ 'ਚ ਪਹਿਚਾਣ ਹਾਸਿਲ ਕਰਨ ਦੀ ਜ਼ਰੂਰਤ ਨਹੀਂ ਸੀ। ਕੇਰਲ, ਕਰਨਾਟਕ ਤੇ ਪੂਰਬ ਉਤਰ ਰਾਜਾਂ ਵਿਚ ਕਿਤੇ ਕਿਤੇ ਅੱਜ ਵੀ ਇਸ ਸਮਾਜ ਦੀ ਰਹਿੰਦ ਖੂੰਦ ਦੇਖਣ ਨੂੰ ਮਿਲਦੀ ਹੈ। ਇਸ ਥਾਂ 'ਤੇ ਸੁਹਾਗ ਚਿੰਨ੍ਹਾਂ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੈ। ਜਿਨ੍ਹਾਂ ਖੇਤਰਾਂ ਵਿਚ ਪਿਤਰਸਤਾਮਿਕ ਵਿਵਸਥਾ ਮਜ਼ਬੂਤ ਸੀ ਉਥੇ ਔਰਤ ਦੀ ਹੈਸੀਅਤ ਨਿੱਜੀ ਸੰਪਤੀ ਦੀ ਸੀ। ਇਸ ਦੀ ਕੋਈ ਸੁਤੰਤਰ ਪਹਿਚਾਣ ਨਹੀਂ ਸੀ ਜਿਸ ਤਰ੍ਹਾਂ ਮਾਲਿਕ ਆਪਣੀ ਸੰਮਤੀ ਐਲਾਨਣ ਲਈ ਗੁਲਾਮਾਂ ਜਾਨਵਰਾਂ ਨੂੰ ਦਾਗ ਦਿੰਦੇ ਸਨ, ਉਸ ਤਰ੍ਹਾਂ ਔਰਤ ਨੂੰ ਵੀ ਆਪਣੇ ਮਾਲਕ ਲਈ ਕੋਈ ਚਿੰਨ੍ਹ ਧਾਰਨ ਕਰਨਾ ਹੁੰਦਾ ਸੀ। ਇਸ ਤਰ੍ਹਾਂ ਅਰੰਭ ਵਿਚ ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਗੁਲਾਮੀ ਦੇ ਪ੍ਰਤੀਕ ਵਜੋਂ ਸ਼ੁਰੂ ਹੋਈ ਜੋ ਅੱਜ ਤੱਕ ਜਾਰੀ ਹੈ। ਸਾਜ ਸ਼ਿੰਗਾਰ ਤੇ ਗਹਿਣਿਆਂ ਪਿੱਛੋਂ ਸੁੰਦਰ ਲੱਗਣ ਦੀ ਇਕ ਸੋਚ ਵੀ ਹੈ। ਲੋਕ ਅਕਸਰ ਇਹ ਕਹਿੰਦੇ ਹਨ ਕਿ ਇਸ ਨਾਲ ਔਰਤ ਦੀ ਸੁੰਦਰਤਾ ਵਧਦੀ ਹੈ। ਇਕ ਮਿੰਟ ਅਸੀਂ ਮੰਨ ਵੀ ਲਈਏ ਕਿ ਇਸ ਨਾਲ ਸੁੰਦਰਤਾ ਵਧਦੀ ਹੈ ਤਾਂ ਫਿਰ ਪਤੀ ਦੀ ਮੌਤ ਪਿੱਛੋਂ ਔਰਤ ਤੋਂ ਉਸ ਦੇ ਸੁੰਦਰ ਰਹਿਣ ਦਾ ਅਧਿਕਾਰ ਕਿਉਂ ਖੋਹ ਲਿਆ ਜਾਂਦਾ ਹੈ ਨਿਸ਼ਚੈ ਹੀ ਇਹ ਸਿਰਫ ਸੁੰਦਰ ਲੱਗਣ ਦਾ ਮਾਮਲਾ ਨਹੀਂ। ਰਹੀ ਗੱਲ ਸੁੰਦਰਤਾ ਗਿਆਨ ਦੀ ਤਾਂ ਵੱਖ-ਵੱਖ ਖੇਤਰਾਂ ਦਾ ਆਪਣਾ ਵੱਖਰਾ ਸੁੰਦਰਤਾ ਗਿਆਨ ਰਿਹਾ ਹੈ। ਬਦਲਦੇ ਹੋਏ ਸਮਾਜ ਤੇ ਉਸਦੀ ਜ਼ਰੂਰਤ ਨਾਲ ਵੀ ਸੁੰਦਰਤਾ ਬੋਧ ਬਦਲਦਾ ਰਿਹਾ ਹੈ। ਰਾਜਿਆਂ-ਮਹਾਰਾਜਿਆਂ ਦੇ ਕਾਲ 'ਤੇ ਨਜ਼ਰ ਮਾਰੀਏ ਤਾਂ ਵੇਖਦੇ ਹਾਂ ਕਿ ਔਰਤ ਮਰਦ ਦੋਨੋਂ ਹੀ ਗਹਿਣੇ ਪਹਿਨਦੇ ਸਨ। ਅੱਜ ਵੀ ਉਨ੍ਹਾਂ ਦੇ ਜਿੰਨੇ ਚਿੱਤਰ ਹਨ ਉਨ੍ਹਾਂ 'ਚ ਰਾਜਾ ਜੇਵਰਾਂ ਨਾਲ ਲੱਦਿਆ ਦਿਖਾਈ ਦਿੰਦਾ ਹੈ। ਯਾਨੀ ਉਸ ਸਮੇਂ ਮਰਦ ਦਾ ਜੇਵਰ ਪਹਿਨਣਾ ਵੀ ਸੁੰਦਰ ਮੰਨਿਆ ਜਾਂਦਾ ਸੀ। ਅਧੁਨਿਕ ਯੁੱਗ ਦੇ ਅਰੰਭ ਹੋਣ ਦੇ ਨਾਲ ਹੀ ਮਰਦ ਜਿਵੇਂ-ਜਿਵੇਂ ਉਤਪਾਦਨ 'ਚ ਵੱਧ ਸਰਗਰਮ ਤੇ ਭਾਗੀਦਾਰ ਹੁੰਦਾ ਗਿਆ। ਉਸ ਨੇ ਗਹਿਣੇ ਲਾਹ ਸੁੱਟੇ। ਧੋਤੀ-ਕੁੜਤੇ ਵਰਗੇ ਉਲਝਣ ਵਰਗੇ ਵਸਤਰਾਂ ਦੀ ਥਾਂ

ਪੈਂਟ-ਸ਼ਰਟ ਜਾਂ ਕੁੜਤਾ-ਪਜਾਮਾ ਵਰਗੇ ਚੁਸਤ ਕੱਪੜਿਆਂ ਨੂੰ ਅਪਣਾ ਲਿਆ ਜੋ ਕੰਮ ਲਈ ਵੱਧ ਸਹੂਲਤ ਵਾਲੇ ਹਨ। ਅਸੀਂ ਵੇਖਦੇ ਹਾਂ ਕਿ ਅਧੁਨਿਕ ਯੁੱਗ ਦੇ ਆਰੰਭ ਤੋਂ ਪਹਿਲਾਂ ਯੂਰਪ ਵਿਚ ਵੀ ਔਰਤਾਂ 'ਚ ਲੰਬੇ ਲੰਬੇ ਗਾਊਨ ਜਾਂ ਫ੍ਰਾਕ ਦਾ ਰਿਵਾਜ ਸੀ ਤੇ ਉਹ ਤਰ੍ਹਾਂ ਤਰ੍ਹਾਂ ਦੇ ਕੇਸ ਸਜਾਇਆ ਕਰਦੀਆਂ ਸਨ ਪਰ ਸਨਅਤੀ ਇਨਕਲਾਬ ਦੀ ਹਨੇਰੀ ਨੇ ਇਹ ਸਭ ਕੁੱਝ ਬਦਲ ਕੇ ਰੱਖ ਦਿੱਤਾ ਭਾਰੀ ਪੈਮਾਨੇ 'ਤੇ ਔਰਤਾਂ ਘਰਾਂ ਤੋਂ ਬਾਹਰ ਨਿਕਲ ਕੇ ਫੈਕਟਰੀਆਂ 'ਚ ਕੰਮ ਕਰਨ ਲੱਗੀਆਂ। ਉਨ੍ਹਾਂ ਦੇ ਗਾਊਨ ਦੀ ਥਾਂ ਪੈਂਟ ਸ਼ਰਟ ਤੇ ਸਰਕਟ ਨੇ ਲੈ ਲਈ। ਡਿਜ਼ਾਇਨਰ ਜੂੜਿਆਂ ਦੀ ਥਾਂ ਛੋਟੇ ਛੋਟੇ ਸਹੂਲਤ ਭਰਪੂਰ ਵਾਲਾਂ ਨੇ ਲੈ ਲਈ। ਆਰਥਕ ਆਤਮ ਨਿਰਭਰਤਾ ਨੇ ਉਨ੍ਹਾਂ ਦੇ ਵਿਅਕਤੀਤਵ ਨੂੰ ਬਦਲ ਦਿੱਤਾ। ਉਨ੍ਹਾਂ ਨੇ ਆਪਣੇ ਲਈ ਤੇ ਆਪਣੇ ਸਮਾਜ ਲਈ ਵੱਡੀਆਂ ਵੱਡੀਆਂ ਲੜਾਈਆਂ ਲੜੀਆਂ ਤੇ ਜਮਹੂਰੀ ਅਧਿਕਾਰ ਹਾਸਲ ਕੀਤੇ।

ਜਿਥੋਂ ਤੱਕ ਭਾਰਤ ਦੀ ਗੱਲ ਹੈ ਤਾਂ ਅੱਜ ਤੋਂ ਦੋ ਪੀੜੀਆਂ ਪਹਿਲਾਂ ਯਾਨੀ ਆਪਣੀ ਨਾਨੀ-ਦਾਦੀ ਦੇ ਜ਼ਮਾਨੇ ਦੀ ਗੱਲ ਲਓ। ਉਸ ਸਮੇਂ ਜੋ ਜੇਵਰ ਚਲਦੇ ਸਨ ਜਿਵੇਂ ਕੜਾ, ਬਾਜੂਬੰਦ, ਹੰਸਲੀ ਅੱਜ ਲਗਭਗ ਖਤਮ ਹੋ ਚੁੱਕੇ ਹਨ। ਸ਼ਹਿਰਾਂ ਦੀ ਗੱਲ ਤਾਂ ਛੱਡੋ ਪਿੰਡਾਂ ਵਿਚ ਅੱਜ ਕੋਈ ਬਹੂ ਇਸ ਤਰ੍ਹਾਂ ਦੇ ਜੇਵਰਾਂ ਨੂੰ ਪਹਿਨਣਾ ਪਸੰਦ ਨਹੀਂ ਕਰਨਗੀਆਂ। ਇਸ ਤਬਦੀਲੀ ਲਈ ਨਾ ਤਾਂ ਕੋਈ ਅੰਦੋਲਨ ਚਲਾਇਆ ਗਿਆ ਅਤੇ ਨਾ ਹੀ ਮੁਹਿੰਮ, ਬਲਕਿ ਸਮਾਜ ਦੀ ਗਤੀ ਦੇ ਨਾਲ ਹੀ ਖਤਮ ਹੁੰਦੇ ਗਏ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਮਹਾਂਨਗਰਾਂ ਤੇ ਉਦਯੋਗਿਕ ਖੇਤਰਾਂ 'ਚ ਜਿੱਥੇ ਔਰਤਾਂ ਦੀ ਹਿੱਸੇਦਾਰੀ ਸਮਾਜਕ ਪੈਦਾਵਾਰ 'ਚ ਕਾਫੀ ਹੈ, ਉਥੇ ਔਰਤਾਂ ਨੇ ਆਪਣੀ ਸਹੂਲਤ ਅਨੁਸਾਰ ਪੌਸ਼ਾਕ ਅਪਣਾ ਲਈ ਹੈ ਜਿਵੇਂ ਸਲਵਾਰ-ਕੁੜਤਾ, ਪੈਂਟ-ਸ਼ਰਟ ਆਦਿ ਉਨ੍ਹਾਂ ਨੇ ਕਾਫੀ ਹੱਦ ਤੱਕ ਗਹਿਣਿਆਂ ਦੇ ਬੋਝ ਨੂੰ ਹਲਕਾ ਕੀਤਾ ਹੈ। ਪਰ ਜੋ ਔਰਤ ਅੱਜ ਵੀ ਘਰਾਂ ਤੱਕ ਸੀਮਤ ਹਨ ਉੱਥੇ ਇਹ ਬਦਲਾਅ ਕੁੱਝ ਘੱਟ ਦਿਖਾਈ ਦਿੰਦਾ ਹੈ। ਔਰਤਾਂ ਦੀ ਸੁੰਦਰਤਾ ਬੋਧ ਸਬੰਧੀ ਸਮਾਜ 'ਚ ਪ੍ਰਚਲਿਤ ਰਵੱਈਆ ਵੀ ਵਿਚਾਰ ਦਾ ਮੁੱਦਾ ਹੈ। ਪ੍ਰਚਲਿਤ ਰਵੱਈਆ ਅੱਜ ਵੀ ਔਰਤ ਨੂੰ ਇਨਸਾਨ ਨਹੀਂ ਗੁਡੀਆ ਵਜੋਂ ਵੇਖਦਾ ਹੈ। ਸਜੀ ਸੰਵਾਰੀ, ਲਜਾਈ-ਸੁਆਈ, ਸੁੰਕੜੀ ਜਿਹੀ ਔਰਤ ਵੀ ਸੁੰਦਰ ਮੰਨੀ ਜਾਂਦੀ ਹੈ। ਕੁੱਲ ਮਿਲਾ ਕੇ ਕਹੀਏ ਤਾਂ ਕਿ ਔਰਤ ਦੀ ਬਾਹਰੀ ਸੁੰਦਰਤਾ ਨੂੰ ਹੀ ਮਾਨਤਾ ਦਿੱਤੀ ਜਾਂਦੀ ਹੈ। ਇਸ ਸਮਾਜ 'ਚ ਸੁੰਦਰਤਾ ਬੋਧ ਦਾ ਦੂਜਾ ਦ੍ਰਿਸ਼ਟੀਕੋਣ ਵੀ ਵੱਧ ਫੁਲ ਰਿਹਾ ਹੈ, ਜਿਸ ਨੂੰ ਕੁੱਝ ਲੋਕ ਅਪਣਾ ਰਹੇ ਹਨ। ਉਹ ਹੈ ਅੰਦਰੂਨੀ ਸੁੰਦਰਤਾ ਯਾਨੀ ਇਕ ਐਸੀ ਔਰਤ ਜੋ ਆਤਮ ਨਿਰਭਰ ਹੋਵੇਗੀ, ਜਿਸ ਦੇ ਅੰਦਰ ਆਤਮ ਵਿਸ਼ਵਾਸ ਹੋਵੇ, ਜੋ ਸਮਾਜ ਨੂੰ ਅੱਗੇ ਵਧਾਉਣ 'ਚ ਕੋਈ ਯੋਗਦਾਨ ਕਰਦੀ ਹੋਵੇ। ਜਿਵੇਂ ਮਹਾਸ਼ਵੇਤਾ ਸ਼ਰਮਾ ਜੋ ਵੇਖਣ ਨੂੰ ਸੁੰਦਰ ਨਹੀਂ ਸੀ। ਪਰ ਸਾਹਿਤ ਦੀ ਦੁਨੀਆਂ 'ਚ ਉਸ ਦੇ ਯੋਗਦਾਨ ਨੂੰ ਕੀ ਕੋਈ ਇਤਿਹਾਸ ਭੁਲਾ ਸਕਦਾ ਹੈ। ਮਹਾਸ਼ਵੇਤਾ ਦੇਵੀ ਅੱਜ ਵੀ ਸਾਹਿਤ 'ਚ ਇਕ ਉੱਚਾ ਸਥਾਨ ਰੱਖਦੀ ਹੈ। ਇਸ ਤਰ੍ਹਾਂ ਕੈਪਟਨ ਲੱਛਮੀ, ਸਹਿਗਲ ਨੇ ਅਜ਼ਾਦੀ ਦੀ ਲੜਾਈ ਵਿਚ ਸ਼ੁਭਾਸ ਚੰਦਰ ਨਾਲ ਮਿਲ ਕੇ ਸੈਨਾ ਦੀ ਅਗਵਾਈ ਕੀਤੀ ਇਹ ਸਭ ਔਰਤਾਂ ਸਮਾਜ 'ਚ ਆਪਣੇ ਯੋਗਦਾਨ ਲਈ ਯਾਦ ਕੀਤੀਆਂ ਜਾਂਦੀਆਂ ਹਨ ਨਾ ਕਿ ਬਾਹਰੀ ਸੁੰਦਰਤਾ ਦੇ ਕਾਰਨ। ਇਨ੍ਹਾਂ ਸਾਰਿਆਂ ਦੇ ਉਲਟ ਪ੍ਰਚਲਿਤ ਸੁੰਦਰਤਾ ਦੀ ਉਦਾਹਰਣ ਵਜੋਂ ਸਾਡੇ ਸਾਹਮਣੇ ਐਸ਼ਵਰਿਆ ਰਾਏ, ਲਾਰਾ

ਦੱਤਾ ਵਰਗੇ ਲੋਕ ਵੀ ਹਨ। ਹੁਣ ਤਹਿ ਅਸੀਂ ਕਰਨਾ ਹੈ ਕਿ ਕਿਹੜਾ ਦ੍ਰਿਸ਼ਟੀਕੋਣ ਸਾਡੇ ਲਈ ਠੀਕ ਹੈ। ਅੱਜ ਕਿਸ ਦ੍ਰਿਸ਼ਟੀਕੋਣ ਨੂੰ ਮਾਨਤਾ ਮਿਲਣੀ ਚਾਹੀਦੀ ਹੈ। ਸਮਾਜ ਦੇ ਬਦਲਦੇ ਰੂਪ ’ਚ ਸੁੰਦਰਤਾ ਦਾ ਪ੍ਰਚਲਿਤ ਰੂਪ ਵੀ ਪੁਰਾਣਾ ਹੋ ਗਿਆ ਹੈ ਤੇ ਇਸ ਦੇ ਪੁਰਾਣੇ ਪੈਣ ਦੇ ਸੰਕੇਤ ਵੀ ਮਿਲ ਰਹੇ ਹਨ। ਕੁੱਝ ਔਰਤਾਂ ਇਸ ਨੂੰ ਛੱਡ ਕੇ ਨਵਾਂ ਸੁੰਦਰਤਾ ਬੋਧ ਅਪਣਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪਰ ਪੁਰਾਣੀ ਮਾਨਤਾ ਦੇ ਲੋਕ ਇਸ ’ਤੇ ਤਰ੍ਹਾਂ ਤਰ੍ਹਾਂ ਦੀ ਰੋਕ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੁੱਝ ਸੰਗਠਨਾਂ ਨੇ ਉਹੀ ਬੁਰਕਾ, ਸਾੜ੍ਹੀ ਪਹਿਨਣ ਤੇ ਜੀਨਸ ਪੈਂਟ ਨਾ ਪਹਿਨਣ ਲਈ ਕੋਡ ਆਫ ਡ੍ਰੈਸ ਜਾਰੀ ਕੀਤੇ ਜਾ ਰਹੇ ਹਨ। ਇਸ ਨੂੰ ਬਣਾਈ ਰੱਖਣ ’ਚ ਮੀਡੀਆ ਆਪਣੀ ਭੂਮਿਕਾ ਨਿਭਾ ਰਿਹਾ ਹੈ। ਇਸ ਕਾਰਨ ਟੀ. ਵੀ. ਸੀਰੀਅਲਾਂ ਵਿਚ ਔਰਤ ਪਾਤਰਾਂ ਨੂੰ ਸੰਧੂਰ, ਬਿੰਦੀ, ਮੰਗਲਸੂਤਰ ਤੇ ਭਾਰੀ ਭਾਰੀ ਗਹਿਣੇ ਪਹਿਣੇ ਵਿਖਾਇਆ ਜਾਂਦਾ ਹੈ। ਸੁੰਦਰਤਾ ਸਮਾਜ ਵੇਚਣ ਵਾਲੀਆਂ ਕੰਪਨੀਆਂ ਵੀ ਇਸ ਮਾਪ ਦੰਡ ਨੂੰ ਬਣਾਈ ਰੱਖਣਾ ਚਾਹੁੰਦੀਆਂ ਹਨ ਕਿਉਂਕਿ ਇਸ ਨਾਲ ਉਨ੍ਹਾਂ ਦਾ ਧੰਦਾ ਵਧਦਾ ਫੁਲਦਾ ਹੈ। ਇਸ ਦੇ ਬਾਵਜੂਦ ਔਰਤਾਂ ਦਾ ਇਕ ਛੋਟਾ ਹਿੱਸਾ ਪਿਛਲੇ ਤੇ ਮਧਯੁੱਗੀ ਮੁੱਲਾਂ ਮਾਨਤਾਵਾਂ ਨੂੰ ਪਿੱਛੇ ਛੱਡ ਆਪਣੀ ਸੁਤੰਤਰ ਪਹਿਚਾਣ ਬਣਾ ਰਹੀਆਂ ਹਨ। ਹੌਲੀ ਹੌਲੀ ਔਰਤਾਂ ’ਚ ਸਿੱਖਿਆ ਦਾ ਪ੍ਰਚਾਰ ਹੋਵੇਗਾ, ਚੇਤਨਾ ਵਧੇਗੀ, ਆਰਥਕ ਆਤਮ ਨਿਰਭਰਤਾ ਆਵੇਗੀ। ਕੁੱਲ ਮਿਲਾ ਕੇ ਸਮਾਜ ’ਚ ਜਦ ਉਨ੍ਹਾਂ ਦੀ ਆਪਣੀ ਪਹਿਚਾਣ ਹੋਵੇਗੀ ਤਾਂ ਪੁਰਾਣੇ ਮਾਪਦੰਡ ਟੁੱਟ ਜਾਣਗੇ। ਪੁਰਾਣੇ ਜ਼ਮਾਨੇ ਦੇ ਗਹਿਣੇ ਪਹਿਰਾਵਿਆਂ ਦੀ ਥਾਂ ਅੱਜ ਪ੍ਰਚਲਿਤ ਗਹਿਣੇ ਅਜਾਇਬ ਘਰਾਂ ’ਚ ਜਾਣਗੇ। ਤਬਦੀਲੀ ਕੁਦਰਤ ਤੇ ਸਮਾਜ ਦਾ ਨਿਯਮ ਹੈ। ਸੁੰਦਰਤਾ ਦੇ ਮਾਪਦੰਡ ਵੀ ਬਦਲਣਗੇ।

# ਪੁੱਤ ਦੇ ਜਨਮ ਦੀ ਲਾਲਸਾ

ਪੁੱਤਰ ਮੋਹ ਇਕ ਅਜਿਹਾ ਸ਼ਬਦ ਹੈ ਜਿਸ ਦੇ ਗਧੀਗੇੜ 'ਚ ਸਿਰਫ ਮਰਦ ਵਰਗ ਹੀ ਨਹੀਂ ਬਲਕਿ ਔਰਤਾਂ ਵੀ ਭਲੀਭਾਂਤ ਵਸੀਆਂ ਹੋਈਆਂ ਹਨ। 21ਵੀਂ ਸਦੀ ਦਾ ਲਗਭਗ ਇਕ ਦਹਾਕਾ ਹੋਣ ਵਾਲਾ ਹੈ ਫਿਰ ਵੀ ਖੁਦ ਔਰਤ ਹੀ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਬਣ ਰਹੀ ਹੈ। ਪਹਿਲਾਂ ਮਰਦ ਔਰਤ 'ਤੇ ਹਾਵੀ ਹੁੰਦੇ ਸਨ ਕਿ ਜੇ ਉਹ ਪੁੱਤ ਜੰਮੇਗੀ ਤਾਂ ਹੀ ਘਰ ਵਿਚ ਰਹਿ ਸਕੇਗੀ ਨਹੀਂ ਤਾਂ ਦੇਖ ਲੈ। ਫਿਰ ਹੌਲੀ ਹੌਲੀ ਖੁਦ ਔਰਤਾਂ ਵੀ ਇਸ ਤੇ ਹਾਵੀ ਹੋਣ ਲੱਗੀਆਂ। ਸੱਸ, ਜੇਠਾਣੀ, ਨਣਦ ਆਦਿ ਸਭ ਦਾ ਦਬਾਅ ਹੁੰਦਾ ਹੈ ਕਿ ਜੇ ਤੂੰ ਸਾਡੇ ਖਾਨਦਾਨ (ਵੰਸ਼) ਨੂੰ ਚਲਾਉਣ ਵਾਲਾ ਨਾ ਦਿੱਤਾ ਤਾਂ ਇਸ ਘਰ ਨਾਲ ਤੇਰਾ ਕੋਈ ਵਾਅ ਵਾਸਤਾ ਨਹੀਂ ਹੋਵੇਗਾ। ਇਸ ਤੱਥ ਨੂੰ ਸਮਾਜ ਨੇ ਝੱਲਿਆ ਹੈ ਪਰ ਇਹ ਇਕ ਅਜਿਹਾ ਤੱਥ ਹੈ ਕਿ ਜੋ ਸਿਰਫ ਸਮਾਜ ਦੀਆਂ ਨਜ਼ਰਾਂ ਵਿਚ ਹੀ ਨਹੀਂ ਬਲਕਿ ਇਕ ਮਾਂ ਉੱਪਰ ਪ੍ਰਸ਼ਨ ਚਿੰਨ ਲਾ ਰਿਹਾ ਹੈ ਅਤੇ ਇਹ ਤੱਥ ਹੈ ਕਿ ਪੁੱਤਰ ਮੋਹ 'ਚ ਔਰਤਾਂ (ਖੁਦ ਮਾਵਾਂ) ਡਿਪ੍ਰੈਸ਼ਨ (ਉਦਾਸੀ) ਦਾ ਸ਼ਿਕਾਰ ਹੋ ਰਹੀਆਂ ਹਨ। ਇਹ ਤੱਥ ਅਜਿਹਾ ਕੌੜਾ ਸੱਚ ਹੈ ਕਿ ਜੋ ਆਸਾਨੀ ਨਾਲ ਹਲਕ ਤੋਂ ਹੇਠਾਂ ਨਹੀਂ ਉਤਰਦਾ। ਮਾਂ ਲਈ ਬੱਚਾ ਸਿਰਫ਼ ਉਸ ਦੇ ਜਿਗਰ ਦਾ ਟੁਕੜਾ ਹੁੰਦਾ ਹੈ, ਪੁੱਤ ਜਾਂ ਧੀ ਨਹੀਂ। ਪਰ ਇਹ ਸੱਚ ਹੁਣ ਭਰਮ ਪੈਦਾ ਕਰ ਰਿਹਾ ਹੈ ਕਿਉਂਕਿ ਹੁਣ ਮਾਂ ਖੁਦ ਚਾਹੁੰਦੀ ਹੈ ਕਿ ਉਨ੍ਹਾਂ ਦਾ ਹੋਣ ਵਾਲਾ ਬੱਚਾ ਪੁੱਤ ਹੋਵੇ, ਧੀ ਨਹੀਂ। ਇਸ ਪੁੱਤਰ ਮੋਹ ਦੀ ਚਾਅ ਵਿਚ ਔਰਤਾਂ ਤਣਾਅ ਨੂੰ ਸੱਦਾ ਦੇ ਰਹੀਆਂ ਹਨ। ਇਹ ਮਾਨਸਿਕ ਤਣਾਅ ਗਰਭਵਤੀ ਔਰਤਾਂ 'ਚ ਅਖੀਰ ਦੇ ਮਹੀਨਿਆਂ ਤੇ ਜਣੇਪੇ ਪਿੱਛੋਂ ਸਭ ਤੋਂ ਵੱਧ ਹੁੰਦਾ ਹੈ। ਪਿੱਛੇ ਜਿਹੇ ਹੀ ਇਕ ਸਰਕਾਰੀ ਹਸਪਤਾਲ ਵੱਲੋਂ ਇਸ ਵਿਸ਼ੇ 'ਤੇ ਸਰਵੇ ਕੀਤਾ ਗਿਆ ਹੈ ਜਿਸ ਦੇ ਨਤੀਜੇ ਹੈਰਾਨ ਕਰਨ ਵਾਲੇ ਹਨ। ਜਿੱਥੇ ਡਿਲਵਰੀ ਪਿੱਛੋਂ 18 ਤੋਂ 40 ਸਾਲ ਦੀ ਉਮਰ ਦੀਆਂ ਸੌ ਔਰਤਾਂ 'ਤੇ ਕੀਤੇ ਗਏ ਇਕ ਅਧਿਐਨ 'ਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਇਸ ਸਬੰਧੀ ਗਾਇਨੀ ਕੋਲੋ ਲਾਜਿਸਟ ਐਂਡ ਆਈ. ਐਮ. ਏ. ਦੀ ਮੈਂਬਰ ਡਾ. ਗੀਤਾ ਬਾਧਵਾ ਦਾ ਕਹਿਣਾ ਹੈ ਕਿ ਹਸਪਤਾਲ ਵਿਚ ਡਿਲਵਰੀ ਸਮੇਂ ਆਉਣ ਵਾਲੀਆਂ ਜ਼ਿਆਦਾਤਰ ਗਰਭਵਤੀ ਔਰਤਾਂ 'ਤੇ ਤਣਾਅ ਹਾਵੀ ਰਹਿੰਦਾ ਹੈ। ਉਨ੍ਹਾਂ ਨੂੰ ਇਹ ਚਿੰਤਾ ਲੱਗੀ ਰਹਿੰਦੀ ਹੈ ਕਿ ਹੋਣ ਵਾਲਾ ਬੱਚਾ ਲੜਕਾ ਹੋਵੇਗਾ ਜਾਂ ਲੜਕੀ। ਡਾ. ਬਾਧਵਾ ਦਾ ਕਹਿਣਾ ਹੈ ਕਿ ਕੁੱਝ ਔਰਤਾਂ 'ਚ ਤਣਾਅ ਕਾਰਨ ਸਿਹਤ ਸਬੰਧੀ ਸਮੱਸਿਆਵਾਂ ਹੋਣ ਲੱਗਦੀਆਂ ਹਨ। ਜੋ ਕਿ ਉਨ੍ਹਾਂ ਦੇ ਜੀਵਨ ਲਈ ਖ਼ਤਰਨਾਕ ਸਾਬਤ ਹੋ ਸਕਦੀਆਂ ਹਨ। ਉਕਤ ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਸੌ ਵਿਚੋਂ 15 ਫੀਸਦੀ ਔਰਤਾਂ ਬੱਚਾ ਜਨਣ ਪਿੱਛੋਂ ਕਾਫ਼ੀ ਵੱਧ ਤਣਾਅ 'ਚ ਆ ਜਾਂਦੀਆਂ ਹਨ। ਇਨ੍ਹਾਂ 'ਚ 90 ਫੀਸਦੀ ਔਰਤਾਂ ਅਜਿਹੀਆਂ ਹਨ ਜਿਨ੍ਹਾਂ ਦੇ ਲੜਕੀ ਹੋਈ ਸੀ। ਇਸ ਬਾਬਤ ਮੌਲਾਨਾ ਅਜ਼ਾਦ ਮੈਡੀਕਲ ਕਾਲਜ ਦੇ ਪ੍ਰੋਫੈਸਰ ਡਾ. ਜੁਗਲ ਕਿਸ਼ੋਰ ਨੇ ਕਿਹਾ ਕਿ ਡਿਲਵਰੀ ਤੋਂ ਪਹਿਲਾਂ ਅਤੇ ਬਾਅਦ ਵਿਚ ਹੋਣ ਵਾਲਾ ਤਣਾਅ ਮਾਂ ਹੀ ਨਹੀਂ ਬੱਚੇ ਲਈ ਵੀ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਇਥੇ ਹੈਰਾਨ ਕਰਨ ਵਾਲੀ ਗੱਲ

ਇਹ ਹੈ ਕਿ ਲੜਕੇ ਦੀ ਇੱਛਾ ਰੱਖਣ ਵਾਲਿਆਂ ਦੀ ਤੈਦਾਦ 'ਚ ਸਿਰਫ ਅਨਪੜ੍ਹ ਹੀ ਨਹੀਂ ਬਲਕਿ ਸਿੱਖਿਅਤ ਤੇ ਖਾਂਦੀ ਪੀਂਦੀ ਜਮਾਤ ਦੇ ਲੋਕ ਵੀ ਸ਼ਾਮਲ ਹਨ। ਇਕ ਮਹਿਲਾ ਡਾਕਟਰ ਦਾ ਕਹਿਣਾ ਹੈ ਕਿ ਗਰਭਵਤੀ ਔਰਤਾਂ ਦੇ ਅਲਟਰਾ-ਸਾਊਂਡ ਕਰਨ ਵਾਲਿਆਂ ਵਿਚ ਸਭ ਤੋਂ ਵੱਧ ਸਿੱਖਿਅਤ ਤੇ ਖੁਸ਼ਹਾਲ ਵਰਗ ਹੀ ਸ਼ਾਮਲ ਹੈ। ਜਿਨ੍ਹਾਂ ਨੂੰ ਸਮਝਾਉਣ ਲਈ ਨਿਯਮ ਕਾਨੂੰਨ ਤੇ ਸਖਤੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦ ਮਾਨਸਿਕ ਰੋਗੀ ਮਾਂ ਦੇ ਪੇਟੋਂ ਇਕ ਮਾਨਸਿਕ ਰੋਗੀ ਬੱਚਾ ਜਨਮ ਲਵੇਗਾ, ਉਹ ਲੜਕਾ ਹੋਵੇ ਜਾਂ ਲੜਕੀ ਇਹ ਬਾਅਦ ਦੀ ਗੱਲ ਹੋਵੇਗੀ।

# ਕਲਾਰਾ ਜੈਟਕਿਨ-ਔਰਤ ਮੁਕਤੀ ਅੰਦੋਲਨ ਦੀ ਅਗਰਦੂਤ

ਪ੍ਰਸਿੱਧ ਪ੍ਰੋਲੇਤਾਰੀ ਯੋਧਾ ਤੇ ਔਰਤ ਮੁਕਤੀ ਅੰਦੋਲਨ ਦੀ ਅਗਰਦੂਤ ਕਲਾਰਾ ਜੈਟਕਿਨ ਦਾ ਜਨਮ 15 ਜੁਲਾਈ 1857 ਨੂੰ ਜਰਮਨੀ ਦੇ ਸੈਕਸੋਨੀ ਪ੍ਰਾਂਤ ਦੇ ਵਿਡਰੋ ਕਸਬੇ 'ਚ ਹੋਇਆ ਸੀ। ਬਚਪਨ 'ਚ ਉਸ ਦਾ ਨਾਂ ਕਲਾਰਾ ਆਈਜਨਰ ਸੀ। ਉਨ੍ਹਾਂ ਦੇ ਪਿਤਾ ਇਕ ਸਕੂਲ ਵਿਚ ਅਧਿਆਪਕ ਸਨ ਜਦ ਕਿ ਮਾਂ ਫਰਾਂਸੀਸੀ ਕ੍ਰਾਂਤੀ ਦੇ ਆਦਰਸ਼ਾਂ 'ਚ ਅਥਾਹ ਵਿਸ਼ਵਾਸ ਰੱਖਣ ਵਾਲੀ ਔਰਤ ਸੀ। ਇਸ ਤਰ੍ਹਾਂ ਉਨ੍ਹਾਂ ਦਾ ਪਰਿਵਾਰਕ ਪਿਛੋਕੜ ਵਿਚਾਰਕ ਤੇ ਰਾਜਸੀ ਸੀ। ਕਲਾਰਾ ਮੁੱਢਲੀ ਸਿੱਖਿਆ ਪੂਰੀ ਕਰਨ ਪਿੱਛੋਂ ਉਸ ਸਿੱਖਿਆ ਲਈ ਲਿਪਜਿਗ ਚਲੀ ਆਈ। ਲਿਪਜਿਗ ਦੀ 'ਅਧਿਆਪਕ ਸਿੱਖਿਆ ਸੰਸਥਾ' 'ਚ ਪੜ੍ਹਦਿਆਂ ਜਵਾਨੀ ਦੇ ਦਿਨਾਂ ਵਿਚ ਹੀ ਕਲਾਰਾ ਰਾਜਸੀ ਤੌਰ 'ਤੇ ਜਾਗਰੂਕ ਹੋਣ ਲੱਗੀ। ਉਹ ਜਰਮਨ ਸਮਾਜਕ ਜਮਹੂਰੀ ਨੇਤਾ ਵਿਲਹੇਮ ਲਿਬਨੇਖਤ ਦੇ ਭਾਸ਼ਣ ਸੁਣਦੀ ਹੁੰਦੀ ਸੀ। ਅਧਿਐਨ ਪਿੱਛੋਂ ਉਨ੍ਹਾਂ ਨੇ 1874 ਵਿਚ ਜਰਮਨੀ ਦੇ ਨਾਰੀ ਅੰਦੋਲਨ ਤੇ ਮਜ਼ਦੂਰ-ਸੰਘਰਸ਼ ਨੂੰ ਸਬੰਧ ਸਥਾਪਤ ਕਰ ਲਿਆ। ਹਾਲਾਂਕਿ ਉਸ ਸਮੇਂ ਔਰਤਾਂ ਲਈ ਕਿਸੇ ਰਾਜਸੀ ਪਾਰਟੀ ਨਾਲ ਲੜਨਾ ਗੈਰ ਕਾਨੂੰਨੀ ਸੀ ਫਿਰ ਵੀ ਉਹ 1878 'ਚ ਸਮਾਜਵਾਦੀ ਮਜ਼ਦੂਰ ਪਾਰਟੀ ਸਥਾਪਤ ਏ. ਡੀ. ਏ. ਪੀ. ਤੇ ਅਗਸਤ ਬੇਬੇਲ ਤੇ ਵਿਲਹੇਮ ਲਿਬਨੇਖਤ ਵੱਲੋਂ ਸਥਾਪਤ ਏ. ਡੀ. ਏ. ਪੀ. ਦੇ ਰਲੇਵੇਂ ਪਿੱਛੋਂ ਹੋਂਦ 'ਚ ਆਈ ਸੀ। 1890 'ਚ ਇਸ ਪਾਰਟੀ ਦਾ ਨਾਂ ਬਦਲ ਕੇ ਜਰਮਨੀ ਦੀ ਸਮਾਜਕ ਜਮਹੂਰੀ ਪਾਰਟੀ (ਐੱਸ. ਪੀ. ਡੀ.) ਕਰ ਦਿੱਤਾ ਗਿਆ। 1878 ਵਿਚ ਜਰਮਨੀ ਦੇ ਚਾਂਸਲਰ ਆਟੋ ਬਾਨ ਬਿਸਮਾਰਕ ਨੇ ਸਮਾਜਵਾਦੀਆਂ ਸਰਗਰਮੀਆਂ 'ਤੇ ਪਾਬੰਦੀ ਲਾ ਦਿੱਤੀ ਅਤੇ ਜਰਮਨ ਸਮਾਜਕ ਜਮਹੂਰੀ ਪਾਰਟੀ 'ਤੇ ਪਬੰਦੀ ਲਾ ਦਿੱਤੀ। ਕਲਾਰਾ ਹੁਣ ਪਾਰਟੀ ਦੇ ਰੂਪੋਸ ਸਰਗਰਮੀਆਂ 'ਚ ਆ ਗਈ। ਇਸ ਦੌਰਾਨ ਲਿਪਜਿਗ 'ਚ ਰਹਿੰਦਿਆਂ ਹੋਇਆ ਕਲਾਰਾ ਦੀ ਮੁਲਾਕਾਤ ਇਕ ਰੂਸੀ ਸਮਾਜਵਾਦੀ ਔਸਿਪ ਜੇਟਕਿਨ ਨਾਲ ਹੋਈ ਜੋ ਕਿ ਕਾਸ਼ਠ ਮਜ਼ਦੂਰ ਸੀ। ਦੋਨਾਂ 'ਚ ਪਿਆਰ ਹੋ ਗਿਆ। 1882 'ਚ ਜਦ ਔਸਿਪ ਨੂੰ ਜਰਮਨੀ ਛੱਡ ਕੇ ਪੈਰਿਸ ਜਾਣਾ ਪਿਆ ਤਾਂ ਕਲਾਰਾ ਵੀ ਔਸਿਪ ਨਾਲ ਪੈਰਿਸ ਆ ਗਈ। ਕਲਾਰਾ ਤੇ ਔਸਿਪ ਨੇ ਵਿਆਹ ਨਹੀਂ ਕੀਤਾ ਪਰ ਕਲਾਰਾ ਨੇ ਔਸਿਪ ਜੈਟਕਿਨ ਦੇ ਨਾਂ ਨੂੰ ਅਪਣਾ ਲਿਆ ਤੇ ਉਹ ਕਲਾਰਾ ਜੈਟਕਿਨ ਅਖਵਾਉਣ ਲੱਗੀ। ਕਲਾਰਾ ਨੇ ਦੋ ਬੱਚਿਆਂ ਨੂੰ ਵੀ ਜਨਮ ਦਿੱਤਾ। ਭਿਅੰਕਰ ਗਰੀਬੀ 'ਚ ਰਹਿੰਦਿਆਂ ਕਲਾਰਾ ਤੇ ਔਸਿਪ ਦੋਨਾਂ ਨੂੰ ਤਪਦਿਕ (ਟੀ. ਬੀ.) ਹੋ ਗਈ। 1886 'ਚ ਕਲਾਰਾ ਬੱਚਿਆਂ ਨਾਲ ਜਰਮਨ ਵਾਪਸ ਚਲੀ ਗਈ। ਉਹ ਜਰਮਨ ਸਮਾਜਕ ਜਮਹੂਰੀ ਦੀਆਂ ਗੁਪਤ ਮੀਟਿੰਗਾਂ 'ਚ ਭਾਸ਼ਣ ਦੇਣ ਲੱਗੀ। ਮਾਂ ਦੀ ਭੂਮਿਕਾ ਤੇ ਬੋਝ ਦੇ ਬਾਵਜੂਦ ਉਸ ਨੇ ਸਾਲ ਭਰ 'ਚ 300 ਭਾਸ਼ਣ ਦਿੱਤੇ, ਹਰ ਵਾਰੀ ਗ੍ਰਿਫ਼ਤਾਰੀ ਦਾ ਜ਼ੋਖਿਮ ਉਠਾ ਕੇ ਵੀ ਉਹ ਭਾਸ਼ਣ ਦਿੰਦੀ ਹੁੰਦੀ ਸੀ। ਉਨ੍ਹਾਂ ਦੇ ਸਰੋਤਿਆਂ ਅਨੁਸਾਰ ਕਲਾਰਾ ਦੇ ਭਾਸ਼ਣ ਮਜ਼ਦੂਰ ਮੇਹਨਤਕਸ਼ ਲੋਕਾਂ ਪ੍ਰਤੀ ਡੂੰਘੀ ਹਮਦਰਦੀ ਨਾਲ ਭਰੇ ਹੁੰਦੇ ਸਨ। ਉਹ ਗਰੀਬ ਮਜਦੂਰਾਂ ਦੀ ਜ਼ਿੰਦਗੀ ਨਾਲ ਬਹੁਤ ਕਰੀਬੀ ਰਿਸ਼ਤਾ ਰੱਖਦੀ ਸੀ। ਫੈਕਟਰੀਆਂ 'ਚ 14 ਘੰਟੇ ਰੋਜ਼ਾਨਾ ਤੇ ਹਫ਼ਤੇ 'ਚ 6 ਦਿਨ ਕਠੋਰ ਮੇਹਨਤ ਕਰਨ ਵਾਲੀ ਤੇ ਸਿਰਫ ਕਾਲੀ ਰੋਟੀ ਤੇ ਆਲੂ ਉੱਪਰ ਗੁਜ਼ਾਰਾ ਕਰਨ ਵਾਲੀਆਂ ਮਜ਼ਦੂਰ ਔਰਤਾਂ ਦੇ ਜੀਵਨ

ਤੇ ਕੰਮ ਹਾਲਤਾਂ ਬਾਰੇ ਉਨ੍ਹਾਂ ਨੂੰ ਸਪੱਸ਼ਟ ਜਾਣਕਾਰੀ ਹੁੰਦੀ ਸੀ। ਉਨ੍ਹਾਂ ਦੀਆਂ ਸਭਾਵਾਂ 'ਚ ਸੈਕੜਿਆਂ ਤੋਂ ਲੈ ਕੇ ਹਜ਼ਾਰਾਂ ਦੀ ਗਿਣਤੀ ਵਿਚ ਸਰੋਤੇ ਹੁੰਦੇ ਸਨ। ਉਹ ਆਪਣੇ ਸਰੋਤਿਆਂ ਨੂੰ ਉਦਯੋਗਾਂ 'ਚ ਔਰਤਾਂ ਦੇ ਮਹੱਤਵ, ਉਨ੍ਹਾਂ ਦੀਆਂ ਖਤਰਨਾਕ ਕੰਮ ਹਾਲਤਾਂ ਤੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਦੀ ਫੌਰੀ ਲੋੜ ਵਰਗੇ ਵਿਸ਼ਿਆਂ 'ਤੇ ਸਿੱਖਿਅਤ ਕਰਦੀ ਸੀ। ਕਲਾਰਾ ਜੈਟਕਿਨ ਫ੍ਰੇਡਰਿਕ ਏਂਗਲਸ ਦੀ ਨਿੱਜੀ ਦੋਸਤ ਸੀ। ਉਹ ਏਂਗਲਸ ਵੱਲੋਂ ਲਿਖਿਤ ਪੁਸਤਕ 'ਪਰਿਵਾਰ ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ' 'ਚ ਦਿੱਤੇ ਇਸ ਸਿੱਟੇ ਨਾਲ ਸਹਿਮਤ ਸੀ ਕਿ ਔਰਤਾਂ ਦੀ ਗੁਲਾਮੀ ਨਿੱਜੀ ਜਾਇਦਾਦ ਦੇ ਹੋਂਦ 'ਚ ਆਉਣ ਨਾਲ ਸ਼ੁਰੂ ਹੋਈ। ਉਨ੍ਹਾਂ ਨੇ ਅਗਸਤ ਬੇਬੇਲ ਵੱਲੋਂ ਲਿਖਿਤ 'ਔਰਤਾਂ ਤੇ ਸਮਾਜਵਾਦ' ਨਾਮੀ ਪੁਸਤਕ ਨੂੰ ਵੀ ਪੜਿਆ ਜਿਸ 'ਚ ਇਸ ਪੂੰਜੀਵਾਦੀ ਧਾਰਨਾ ਨੂੰ ਚੁਣੌਤੀ ਦਿੱਤੀ ਗਈ ਸੀ ਕਿ ਔਰਤਾਂ ਦੀ ਹੀਣ ਦਸ਼ਾ ਨਾ ਬਦਲੇ ਜਾਣ ਯੋਗ ਕੁਦਰਤੀ ਚੀਜ਼ ਹੈ। ਉਹ ਬੇਬੇਲ ਦੇ ਉਸ ਕਥਨ ਦੀ ਕਾਇਲ ਸੀ ਕਿ "ਔਰਤਾਂ ਦੀ ਆਤਮ ਨਿਰਭਰਤਾ ਤੇ ਬਰਾਬਰੀ ਬਗੈਰ ਮਨੁੱਖ ਜਾਤੀ ਦੀ ਮੁਕਤੀ ਅਸੰਭਵ ਹੈ।"

ਜਨਵਰੀ 1889 ਨੂੰ ਕਲਾਰਾ ਔਸਿਪ ਦੀ ਦੇਖਭਾਲ ਲਈ ਪੈਰਿਸ ਵਾਪਸ ਪਰਤ ਗਈ। ਔਸਿਪ ਦੀ ਤਪਦਿਕ ਨਾਲ ਮੌਤ ਹੋ ਗਈ। ਇਸ ਸਮੇਂ ਦੂਜੀ ਇੰਟਰਨੈਸ਼ਨਲ ਦੇ ਸਥਾਪਨਾ ਸੰਮੇਲਨ ਲਈ ਉਹ ਨੁਮਾਇੰਦਾ ਚੁਣੀ ਗਈ। ਉਹ ਸੰਮੇਲਨ ਫਰਾਂਸੀਸੀ ਕ੍ਰਾਂਤੀ ਸਮੇਂ ਬਸਤੀ ਦੇ ਕਿਲ੍ਹੇ ਦੇ ਪਤਨ ਦੇ ਸ਼ਤਾਬਦੀ ਸਾਲ 'ਚ ਆਯੋਜਿਤ ਹੋ ਰਿਹਾ ਸੀ, ਦੂਜੇ ਇੰਟਰਨੈਸ਼ਨਲ ਦੇ 400 ਨੁਮਾਇੰਦਿਆਂ ਵਿਚੋਂ 8 ਔਰਤ ਨੁਮਾਇੰਦਿਆਂ 'ਚ ਕਲਾਰਾ ਜੈਟਕਿਨ ਸ਼ਾਮਲ ਸੀ। ਇਸ ਸੰਮੇਲਨ 'ਚ ਉਨ੍ਹਾਂ ਨੇ ਆਪਣੇ ਭਾਸ਼ਣ 'ਚ ਸੰਮੇਲਨ ਨੂੰ ਅਪੀਲ ਕੀਤੀ ਕਿ ਉਹ ਔਰਤਾਂ ਦੇ ਵੋਟ ਅਧਿਕਾਰ ਬਰਾਬਰ ਕੰਮ ਕਰਨ ਲਈ ਬਰਾਬਰ ਤਨਖਾਹ ਸਮੇਤ ਔਰਤਾਂ ਦੀ ਬਰਾਬਰੀ ਦੇ ਅਧਿਕਾਰ ਨੂੰ ਮੰਨੇ। ਸੰਮੇਲਨ ਨੇ ਇਕ ਮਤਾ ਪਾਸ ਕੀਤਾ ਕਿ "ਮਰਦ ਮਜ਼ਦੂਰਾਂ ਦਾ ਫਰਜ਼ ਹੈ ਕਿ ਉਹ ਔਰਤਾਂ ਨੂੰ ਬਰਾਬਰ ਅਧਿਕਾਰਾਂ ਦੇ ਅਧਾਰ 'ਤੇ ਆਪਣੇ ਸੂਬਿਆਂ 'ਚ ਸ਼ਾਮਲ ਕਰਨ ਤੇ ਸਿਧਾਂਤ ਵਜੋਂ ਦੋਨੋ ਲਿੰਗਾਂ ਦੇ ਮਜ਼ਦੂਰਾਂ ਲਈ ਕੌਮੀਅਤਾ ਦੇ ਭੇਦਭਾਵ ਬਗੈਰ ਬਰਾਬਰ ਤਨਖਾਹ ਦੀ ਮੰਗ ਕਰਨਾ।" 1890 'ਚ ਜਰਮਨੀ 'ਚ ਬਿਸਮਾਰਕ ਨੂੰ ਉਸ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਨਵੀਂ ਸਰਕਾਰ ਨੇ ਜਰਮਨ ਸਮਾਜਕ ਜਮਹੂਰੀ ਮਜ਼ਦੂਰ ਪਾਰਟੀ ਨੂੰ ਪਾਬੰਦੀ ਲਾਉਣ ਵਾਲੇ ਕਾਨੂੰਨ ਦਾ ਨਵੀਨੀਕਰਨ ਨਹੀਂ ਕੀਤਾ। ਆਖਰ ਕਲਾਰਾ ਜਰਮਨੀ ਵਾਪਸ ਆ ਗਈ। 1892 'ਚ ਉਹ ਸਮਾਜਵਾਦੀ ਪ੍ਰੈਤੂ ਡਾਈ ਗਲੀਸ਼ੀਟ (ਸਮਾਨਤਾ) ਦੀ ਸੰਪਾਦਕ ਬਣੀ। ਇਸ ਪੱਤਰ ਦਾ ਉਨ੍ਹਾਂ ਨੇ 1917 ਤੱਕ ਸੰਪਾਦਕ ਬਣੀ ਕਲਾਰਾ ਜੈਟਕਿਨ ਨੇ ਕੌਮਾਂਤਰੀ ਮਜ਼ਦੂਰ ਅੰਦੋਲਨ ਤੇ ਔਰਤ ਅੰਦੋਲਨ ਦੇ ਖਾੜਕੂ ਬੁਲਾਰੇ ਵਜੋਂ ਇਸ ਪ੍ਰੈਤੂ ਨੂੰ ਇਕ ਪਹਿਚਾਣ ਦਵਾਈ। ਇਸ ਪ੍ਰੈਤੂ 'ਚ ਹੜਤਾਲਾਂ, ਮਜ਼ਦੂਰਾਂ ਦੀ ਸਰਗਰਮੀਆਂ ਦੀ ਰਿਪੋਰਟ ਹੁੰਦੀ ਸੀ। ਪੱਤਰ ਨੇ ਔਰਤ ਕਾਰਖਾਨਾ ਨਿਰੀਖਕਾਂ ਦੀ ਪੈਰੋਕਾਰੀ ਕੀਤੀ ਅਤੇ ਸਮਾਜਕ ਜਮਹੂਰੀਅਤ ਪਸੰਦਾਂ ਨੂੰ ਇਸ ਮੰਗ 'ਤੇ ਜ਼ੋਰ ਦੇਣ ਦੀ ਅਪੀਲ ਕੀਤੀ। 1914 ਤੱਕ ਡਾਈ ਗਲੇਸ਼ੀਟ ਦੀ ਪ੍ਰਸਾਰ ਗਿਣਤੀ 125000 ਤੱਕ ਪਹੁੰਚ ਗਈ। ਕਲਾਰਾ ਜੈਟਕਿਨ ਲਗਾਤਾਰ ਮਜ਼ਦੂਰਾਂ ਨੂੰ ਸੰਗਠਿਤ ਕਰਨ 'ਚ ਲੱਗੀ ਰਹੀ। ਉਹ ਕਈ ਮਜ਼ਦੂਰ ਯੂਨੀਅਨਾਂ 'ਚ ਸਰਗਰਮ ਰਹੀ। ਬੁਕ ਬਾਈਡਰ (ਜਿਲਦ-ਸਾਜ) ਯੂਨੀਅਨ ਦੀ ਉਹ ਕਾਰਜਕਾਰਨੀ ਮੈਂਬਰ ਸੀ। ਇਸ

ਤੋਂ ਇਲਾਵਾ ਵਸਤਰ ਉਦਯੋਗ ਦੇ ਮਜ਼ਦੂਰਾਂ, ਕਾਸ਼ਠ ਮਜ਼ਦੂਰਾਂ, ਦਸਤਾਨੇ ਬਣਾਉਣ ਵਾਲੇ ਮਜ਼ਦੂਰਾਂ, ਕੱਪੜਾ ਸਿਉਣ ਵਾਲੀਆਂ ਔਰਤਾਂ, ਦਰਜੀਆਂ ਆਦਿ ਦੀਆਂ ਯੂਨੀਅਨਾਂ ਵਿਚ ਸਰਗਰਮ ਰਹੀ। 1907 'ਚ ਸਟੁਟ ਗਾਰਟ 'ਚ ਕੌਮਾਂਤਰੀ ਸਮਾਜਵਾਦੀ ਕਾਂਗਰਸ ਨਾਲ ਪਹਿਲੀ ਕੌਮਾਂਤਰੀ ਸਮਾਜਵਾਦ ਔਰਤ ਕਾਨਫਰੰਸ 'ਚ 15 ਦੇਸ਼ਾਂ ਦੀ 59 ਔਰਤਾਂ ਨੇ ਹਿੱਸਾ ਲਿਆ। ਕਾਂਗਰਸ ਨੇ ਇਕ 'ਕੌਮਾਂਤਰੀ ਔਰਤ ਬਿਊਰੋ' ਸਥਾਪਤ ਕੀਤਾ। ਕਲਾਰਾ ਜੈਟਕਿਨ ਇਸ ਬਿਊਰੋ ਦੀ ਸਕੱਤਰ ਚੁਣੀ ਗਈ।

1910 'ਚ ਕੋਪਨਹੇਗਨ (ਡੈਨਮਾਰਕ) 'ਚ ਕੌਮਾਂਤਰੀ ਸਮਾਜਕ ਔਰਤ ਸੰਗਠਨ ਦਾ ਇਕ ਸੰਮੇਲਨ ਹੋਇਆ। ਇਸ ਸੰਮੇਲਨ ਕਲਾਰਾ ਜੈਟਕਿਨ ਨੇ ਔਰਤਾਂ ਲਈ ਵੋਟ ਦਾ ਅਧਿਕਾਰ, ਬਰਾਬਰਤਾ ਤੇ ਲੁੱਟ ਤੋਂ ਮੁਕਤੀ ਦੇ ਸੰਕਲਪ ਨੂੰ 8 ਮਾਰਚ ਨੂੰ ਕੌਮਾਂਤਰੀ ਮਜ਼ਦੂਰ ਔਰਤ ਦਿਵਸ ਵਜੋਂ ਮਨਾਉਣ ਦਾ ਪ੍ਰਸਤਾਵ ਰੱਖਿਆ।

ਇਸ ਤੋਂ ਪਹਿਲਾਂ 1909 'ਚ ਅਮਰੀਕਾ ਦੀਆਂ ਮਜ਼ਦੂਰ ਔਰਤਾਂ ਨੇ ਮਜ਼ਦੂਰ ਔਰਤ ਦਿਵਸ ਮਨਾਇਆ ਸੀ। ਕਲਾਰਾ ਜੈਟਕਿਨ ਦਾ ਪ੍ਰਸਤਾਵ ਸੰਮੇਲਨ ਨੇ ਮਨਜ਼ੂਰ ਕਰ ਲਿਆ ਹਾਲਾਂਕਿ ਤਰੀਕ ਬਾਰੇ ਉਸ ਸਮੇਂ ਕੋਈ ਫੈਸਲਾ ਨਹੀਂ ਹੋ ਸਕਿਆ। ਇਸ ਤਰ੍ਹਾਂ 1911 ਤੋਂ ਕੌਮਾਂਤਰੀ ਮਜ਼ਦੂਰ ਔਰਤ ਦਿਵਸ ਪੂਰੀ ਦੁਨੀਆਂ ਪੱਧਰ ਤੇ ਮਨਾਇਆ ਜਾਣ ਲੱਗਿਆ। ਕਲਾਰਾ ਜੈਟਕਿਨ ਨੇ ਔਰਤ ਮੁਕਤੀ ਅੰਦੋਲਨ ਨੂੰ ਇਨਕਲਾਬੀ ਪ੍ਰੋਲੇਤਾਰੀ ਅੰਦੋਲਨ ਅਤੇ ਸਮਾਜਵਾਦ ਲਈ ਸੰਘਰਸ਼ ਨਾਲ ਜੋੜ ਕੇ ਦੇਖਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਉਨ੍ਹਾਂ ਪੂੰਜੀਵਾਦੀ ਨਾਰੀ ਵਾਦੀਆਂ ਦੀ ਜ਼ੋਰਦਾਰ ਅਲੋਚਨਾ ਕੀਤੀ ਔਰਤ ਮੁਕਤੀ ਅੰਦੋਲਨ ਨੂੰ ਮਜ਼ਦੂਰ ਵਰਗ ਦੇ ਅੰਦੋਲਨ ਤੋਂ ਵੱਖ ਕਰਕੇ ਵੇਖਦੇ ਸਨ। 1901 'ਚ ਆਪਣੇ ਪੱਤਰ ਡਾਈਗਲੀਸ਼ੀਟ 'ਚ ਉਨ੍ਹਾਂ ਨੇ ਲਿਖਿਆ "ਸੰਸਾਰ ਦੀਆਂ ਮਜ਼ਦੂਰ ਔਰਤਾਂ ਦੀ ਪੂਰਨ ਮੁਕਤੀ ਇਕ ਸਮਾਜਵਾਦੀ ਸਮਾਜ ਵਿਚ ਵੀ ਸੰਭਵ ਹੈ।" ਹੋਰ ਔਰਤ ਵੋਟ ਅਧਿਕਾਰ ਦੇ ਸੁਆਲ 'ਤੇ ਉਨ੍ਹਾਂ ਨੇ ਕਿਹਾ, "ਔਰਤਾਂ ਨੂੰ ਸਿਰਫ ਆਪਣੇ ਆਰਥਕ ਤੇ ਸਭਿਆਚਾਰਕ ਹਿੱਤਾਂ ਦੀ ਰਾਖੀ ਲਈ ਵੋਟ ਅਧਿਕਾਰ ਦੀ ਲੋੜ ਨਹੀਂ ਹੈ। ਉਸ ਨੂੰ ਆਪਣੇ ਹੀ ਵਰਗ ਦੇ ਮਰਦਾਂ ਖਿਲਾਫ ਲੜਨ ਲਈ ਵੋਟ ਅਧਿਕਾਰ ਦੀ ਲੋੜ ਨਹੀਂ ਹੈ ਬਲਕਿ ਉਸ ਨੂੰ ਸਰਮਾਏਦਾਰ ਜਮਾਤ ਵਿਰੁੱਧ ਲੜਨ ਲਈ ਵੋਟ ਦੇ ਅਧਿਕਾਰ ਦੀ ਲੋੜ ਹੈ।"

ਕਿਸੇ ਵਿਅਕਤੀ ਦੇ ਆਚਰਨ ਦੀ ਪ੍ਰੀਖਿਆ ਡੂੰਘੇ ਸੰਕਟ ਦੇ ਪਲਾਂ 'ਚ ਹੁੰਦੀ ਹੈ ਕਲਾਰਾ ਜੈਟਕਿਨ ਪ੍ਰੋਲੇਤਾਰੀ ਜਮਾਤ ਦੇ ਉਨ੍ਹਾਂ ਯੋਧਿਆਂ 'ਚ ਸ਼ਾਮਲ ਹੈ ਜਿਨ੍ਹਾਂ ਨੇ ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਤੋਂ ਹੀ ਇਸ ਪ੍ਰੀਖਿਆ ਨੂੰ ਸਫਲਤਾ ਪੂਰਵਕ ਅੰਜ਼ਾਮ ਦਿੱਤਾ। ਚਾਹੇ ਪ੍ਰੋਲੇਤਾਰੀ ਵਿਚਾਰਧਾਰਾ ਦੀ ਰਾਖੀ ਦਾ ਸੁਆਲ ਹੋਵੇ ਜਾਂ ਮਾੜੀਆਂ ਹਾਲਤਾਂ ਵਿਚ ਵੀ ਇਨਕਲਾਬੀ ਸੰਘਰਸ਼ ਨੂੰ ਅੱਗੇ ਤੋਰਨ ਦਾ ਸੁਆਲ, ਉਹ ਹਮੇਸ਼ਾ ਖਰੀ ਉਤਰੀ। ਇਸ ਸਮੇਂ ਤੱਕ ਪੂੰਜੀਵਾਦ ਦੇ ਅਜ਼ਾਰੇਦਾਰੀ ਰੂਪ ਗ੍ਰਹਿਣ ਕਰਕੇ ਸਾਮਰਾਜਵਾਦ 'ਚ ਤਬਦੀਲ ਹੋ ਗਿਆ ਸੀ, ਕੁੱਝ ਮੁੱਠੀਭਰ ਸਾਮਰਾਜੀਆਂ ਜਰਮਨੀ, ਬ੍ਰਿਟੇਨ, ਫਰਾਂਸ, ਅਮਰੀਕਾ ਆਦਿ ਵੱਡੇ ਪੈਮਾਨੇ 'ਤੇ ਯੁੱਧ ਦੀਆਂ ਤਿਆਰੀਆਂ ਤੇ ਯੁੱਧ ਸਮੱਗਰੀ ਬਣਾਉਣ 'ਚ ਜੁਟੇ ਹੋਏ ਸਨ ਇਕ ਪਾਸੇ ਸਾਮਰਾਜੀ ਯੁੱਧ ਦੀ ਤਿਆਰੀ ਵਿਚ ਜੁਟੇ ਹੋਏ ਸਨ ਤਾਂ ਦੂਜੇ ਪਾਸੇ ਦੁਨੀਆਂ ਦੇ ਸਮਾਜਵਾਦੀ ਅੰਦੋਲਨ 'ਚ ਮੌਕਾ ਪ੍ਰਸਤੀ ਪੈਰ ਪਸਾਰ ਰਹੀ ਸੀ। ਜਰਮਨ ਸਮਾਜਕ ਜਮਹੂਰੀ ਪਾਰਟੀ ਦੇ ਅੰਦਰ ਮੌਕਾ ਪ੍ਰਸਤਾਂ

ਦੀ ਸਥਿਤੀ ਕਾਫੀ ਮਜ਼ਬੂਤ ਹੋ ਗਈ ਸੀ। ਮੌਕਾਪ੍ਰਸਤ ਤੱਤ ਅਜ਼ਾਰੇਦਾਰ ਪੂੰਜੀਵਾਦ ਤੇ ਸਾਮਰਾਜੀ ਯੁੱਧਾਂ ਦੇ ਨਾਲ ਤਾਲ ਮੇਲ ਬਣਾ ਕੇ ਚਲਣ ਦੀ ਨੀਤੀ ਤਜ਼ਵੀਜ਼ ਕਰ ਰਹੇ ਸਨ। ਜਰਮਨ ਮੌਕਾ ਪ੍ਰਸਤ ਨੇਤਾ ਬਰਨਸਟੀਨ ਨੇ ਸਾਮਰਾਜ ਦੀ ਪੈਰੋਕਾਰੀ ਕਰਦਿਆਂ ਕਹਿਣਾ ਸ਼ੁਰੂ ਕੀਤਾ ਕਿ ਪੂੰਜੀਵਾਦ ਜਾਇਦਾਦ ਦੀ ਬਰਾਬਰ ਵੰਡ ਵੱਲ ਵੱਧ ਰਿਹਾ ਹੈ, ਕਿ ਜਮਾਤ ਖਤਮ ਹੋਣ ਵੱਲ ਵਧ ਰਹੀ ਹੈ ਅਤੇ ਇਹ ਕਿ ਪੂੰਜੀਵਾਦ ਆਪਣੀਆਂ ਅੰਦਰੂਨੀ ਵਿਰੋਧਤਾਈਆਂ ਦਾ ਹੱਲ ਕਰਨ ’ਚ ਸਮਰਥ ਹੈ। ਕਲਾਰਾ ਜੈਟਕਿਨ, ਕਾਰਲ ਲਿਬਨੇਖਤ ਤੇ ਰੋਜਾ ਲਕਜਮਵਰਗ ਆਦਿ ਦੀ ਨਜ਼ਰ ’ਚ ਇਹ ਸ਼ੁੱਧ ਮੌਕਾਪ੍ਰਸਤੀ ਸੀ ਅਤੇ ਉਨ੍ਹਾਂ ਨੇ ਇਸ ਦਾ ਪੂਰੀ ਤਾਕਤ ਨਾਲ ਮੁਕਾਬਲਾ ਕੀਤਾ। 1907 ’ਚ ਸਟੁਟਗਾਰਟ ’ਚ ਹੋਈ ਦੂਜੀ ਇੰਟਰਨੈਸ਼ਨਲ ਦੀ ਕਾਂਗਰਸ ’ਚ ਬਸਤੀਵਾਦੀ ਸੁਆਲ ’ਤੇ ਜਰਮਨੀ ਦੀ ਸਮਾਜਕ ਜਮਹੂਰੀ ਪਾਰਟੀ ਦੇ ਬਹੁਤ ਸਾਰੇ ਨੁਮਾਇੰਦਿਆਂ ਨੇ ਖੁੱਲ੍ਹੇਆਮ ਸਾਮਰਾਜ ਪੱਖੀ ਨੀਤੀ ਅਪਣਾਈ ਸੀ। ਇਸ ਕਾਂਗਰਸ ਬਾਰੇ ਆਪਣੀ ਖਤ ’ਚ ਕਲਾਰਾ ਜੈਟਕਿਨ ਨੇ ਲਿਖਿਆ ਕਿ “ਇਸ ਵਾਰੀ ਬਹੁਗਿਣਤੀ ਕਮਿਸ਼ਨਾਂ ਵਿਚ ਅਤੇ ਬਹੁਗਿਣਤੀ ਕੇਸਾਂ ’ਤੇ ਜਰਮਨੀ ਦੇ ਨੁਮਾਇੰਦੇ ਮੌਕਾ ਪ੍ਰਸਤੀ ਦੇ ਨੇਤਾ ਸਨ।” 1907 ਅਤੇ ਪਿੱਛੋਂ 1912 ਦੀ ਕਾਂਗਰਸ ’ਚ ਦੂਜੀ ਇੰਟਰਨੈਸ਼ਨਲ ਨੇ ਇਕ ਯੁੱਧ ਵਿਰੋਧੀ ਪ੍ਰਸਤਾਵ ਪਾਸ ਕੀਤਾ ਸੀ। ਪਰ ਅਗਸਤ 1914 ’ਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ ਤਾਂ ਜਰਮਨ ਸਮਾਜਕ ਜਮਹੂਰੀ ਪਾਰਟੀ ਦੇ ਜਰਮਨ ਸੰਸਦ ਦੇ ਨੁਮਾਇੰਦਿਆਂ ਨੇ ਯੁੱਧ ਕੋਸ਼ਾਂ ਦੇ ਪੱਖ ’ਚ ਵੋਟ ਪਾਈ ਅਤੇ ਜੰਗ ਦੌਰਾਨ ਹੜਤਾਲਾਂ ਨਾ ਕਰਨ ਦੀ ਪੂੰਜੀਵਾਦੀ ਬੇਨਤੀ ਮੰਨ ਲਈ। ਜਰਮਨ ਸਮਾਜਕ ਜਮਹੂਰੀਅਤ ਦੇ ਨੁਮਾਇੰਦੇ ਅੰਨੀ ਕੌਮਪ੍ਰਸਤੀ ਤੇ ਜੰਗੀ ਜਨੂੰਨ ਦੀ ਹਨੇਰੀ ’ਚ ਵਹਿ ਗਏ। ਉਨ੍ਹਾਂ ਦੀ ਮੌਕਾ ਪ੍ਰਸਤੀ ਖੁੱਲ੍ਹ ਕੇ ਸਾਹਮਣੇ ਆ ਗਈ ਸੀ। ਪਰ ਇਕ ਸਮਾਜਕ ਜਮਹੂਰੀਅਤ ਨੁਮਾਇੰਦੇ ਕਾਰਲ ਲਿਬਨੇਖਤ ਨੇ ਹਿੰਮਤ ਕਰਕੇ ਸਮਾਜਕ ਜਮਹੂਰੀ ਪਾਰਟੀ ਦੀ ਇਸ ਮੌਕਾਪ੍ਰਸਤ ਨੀਤੀ ਤੋਂ ਬਗਾਵਤ ਕਰਕੇ ਯੁੱਧ ਕੋਸ਼ ਖਿਲਾਫ਼ ਵੋਟ ਪਾਈ। ਹਾਕਮ ਪਾਰਟੀ, ਪ੍ਰੈਸ ਤੇ ਮੌਕਾ ਪ੍ਰਸਤ ਸਮਾਜਕ ਜਨਵਾਦੀਆਂ ਨੇ ਜਿਥੇ ਕਾਰਲ ਲਿਬਨੇਖਤ ਦੀ ਸਖਤ ਨਿੰਦਾ ਹੀ ਨਹੀਂ ਕੀਤੀ ਉਥੇ ਕਲਾਰਾ ਜੇਟਕਿਨ ਤੇ ਰੋਜਾ ਅਕਜਮਬਰਗ ਨੇ ਕਾਰਲ ਲਿਬਨੇਖਤ ਦੀ ਦ੍ਰਿੜਤਾ ਨਾਲ ਹਮਾਇਤ ਕੀਤੀ। ਦਸੰਬਰ 1914 ’ਚ ਰੋਜਾ ਲਕਜਮਬਰਗ, ਕਾਰਲ ਲਿਬਨੇਖਤ, ਪਾਲ ਲੇਬੀ, ਆਰਨੇਸਟ ਸੇਅਰ, ਲਿਓ ਜੋਗਿਸ ਤੇ ਫ੍ਰੇਂਜ ਮੇਹਰਿੰਗ, ਕਲਾਰਾ ਜੈਟਕਿਨ ਆਦਿ ਨੇ ਸਪਾਰਟਾਕਸ ਬੁੰਦ ਜਾਂ ਸਪਾਰਟਾਕਸ ਲੀਗ ਦੀ ਸਥਾਪਨਾ ਕੀਤੀ ਗਈ। ਸਪਾਰਟਾਕਸ ਲੀਗ ਇਕ ਭੂਮੀਗਤ ਰਾਜਸੀ ਸੰਗਠਨ ਸੀ ਜੋ ਆਪਣੇ ਵਿਚਾਰਾਂ ਨੂੰ “ਸਪਾਰਟਾਕਸ ਲੈਟਰਸ” ਨਾਮਕ ਗੈਰ ਕਾਨੂੰਨੀ ਅਖਬਾਰ ’ਚ ਪ੍ਰਕਾਸ਼ਿਤ ਕੀਤਾ ਸੀ। ਕਲਾਰਾ ਜੈਟਕਿਨ ਨੇ ਡਾਈ ਗਲੈਸ਼ੀਟ ਦੇ ਅੰਕ ਵਿਚ ਦੁਨੀਆਂ ਦੀਆਂ ਸਭ ਸਮਾਜਕ ਜਮਹੂਰੀ ਔਰਤਾਂ ਨਾਲ ਯੁੱਧ ਦਾ ਵਿਰੋਧ ਜਥੇਬੰਦ ਕਰਨ ਹਿੱਤ ਬਰਨ (ਸਵਿਟਜਰਲੈਂਡ) ਵਿਚ ਉਨ੍ਹਾਂ ਵੱਲੋਂ ਆਯੋਜਿਤ ਇਕ ਸੰਮੇਲਨ ’ਚ ਹਿੱਸਾ ਲੈਣ ਦੀ ਅਪੀਲ ਕੀਤੀ। ਮਾਰਚ 1915 ’ਚ ਬ੍ਰਿਟੇਨ, ਫਰਾਂਸ, ਜਰਮਨੀ, ਇਟਲੀ, ਪੋਲੈਂਡ, ਰੂਸ, ਹਾਲੈਂਡ ਤੇ ਸਵਿਟਜਰਲੈਂਡ ਦੇ 28 ਨੁਮਾਇੰਦਿਆਂ ਨੇ ਇਸ ਸੰਮੇਲਨ ’ਚ ਹਿੱਸਾ ਲਿਆ। ਕਲਾਰਾ ਜੈਟਕਿਨ ਨੇ ਇਸ ਸੰਮੇਲਨ ’ਚ ਕਿਹਾ, “ਜੇ ਸਿਰਫ ਔਰਤਾਂ ਦਾ ਬਹੁਮਤ ਹੀ ‘ਜੰਗ ਦਾ ਵਿਰੋਧ ਕਰੋ’ ਦੇ ਨਾਹਰੇ ਨਾਲ ਪੂਰੇ ਸੰਕਲਪ

ਨਾਲ ਖੜਾ ਹੁੰਦਾ ਹੈ ਤਾਂ ਸ਼ਾਂਤੀ ਪ੍ਰਤੀ ਆਸਵੰਦ ਹੋਇਆ ਜਾ ਸਕਦਾ ਹੈ।" ਸੰਮੇਲਨ ਨੇ ਕਲਾਰਾ ਜੈਟਕਿਨ ਦੇ ਲਿਖੇ ਐਲਾਨਨਾਮੇ ਨੂੰ ਪਾਸ ਕਰ ਦਿੱਤਾ। ਇਸ ਐਲਾਨਨਾਮੇ 'ਚ ਕਿਹਾ ਗਿਆ ਸੀ ਕਿ "ਇਸ ਜੰਗ ਨਾਲ ਕਿਸ ਨੂੰ ਫਾਇਦਾ ਹੁੰਦਾ ਹੈ? ਸਿਰਫ ਸਭ ਦੇਸ਼ਾਂ ਦੀ ਇਕ ਛੋਟੀ ਜਿਹੀ ਘੱਟ ਗਿਣਤੀ ਨੂੰ, ਰਾਇਫਲਾਂ ਤੇ ਤੋਪਾਂ ਬਣਾਉਣ ਵਾਲਿਆਂ ਨੂੰ, ਆਰਮਰ ਪਲੇਟ ਤੇ ਟਾਰਪੀਡੋ ਬੋਟ ਬਣਾਉਣ ਵਾਲਿਆਂ ਨੂੰ, ਜਹਾਜ਼ ਬਣਾਉਣ ਦੇ ਕਾਰਖਾਨਿਆਂ (ਸ਼ਿਪਯਾਰਡ) ਦੇ ਮਾਲਕਾਂ ਨੂੰ..... ਆਪਣੇ ਮੁਨਾਫ਼ੇ ਲਈ ਇਨ੍ਹਾਂ ਲੋਕਾਂ ਨੇ ਜਨਤਾ 'ਚ ਨਫ਼ਰਤ ਫੈਲਾ ਦਿੱਤੀ ਹੈ। ਮਜ਼ਦੂਰਾਂ ਨੂੰ ਇਸ ਯੁੱਧ ਨਾਲ ਕੁੱਝ ਵੀ ਲਾਭ ਨਹੀਂ ਹੋਣ ਵਾਲਾ ਪਰ ਉਨ੍ਹਾਂ ਦੀ ਹਰ ਆਪਣੀ ਪਿਆਰੀ ਚੀਜ਼ ਇਸ ਜੰਗ ਨਾਲ ਖੁਸ ਜਾਵੇਗੀ।"

ਇਸ ਸੰਮੇਲਨ ਦੇ ਫੌਰਨ ਪਿੱਛੋਂ ਕਲਾਰਾ ਜੈਟਕਿਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਜਰਮਨੀ ਦੇ ਕਾਰਲ ਰਸੂਹੇ 'ਚ ਚਾਰ ਮਹੀਨਿਆਂ ਲਈ ਹਿਰਾਸਤ 'ਚ ਰੱਖਿਆ ਗਿਆ। ਆਪਣੇ ਯੁੱਧ ਵਿਰੋਧੀ ਵਿਚਾਰਾਂ ਨੂੰ ਪ੍ਰਚਾਰਿਤ ਕਰਨ ਕਰਕੇ ਉਨ੍ਹਾਂ ਨੂੰ ਕਈ ਵਾਰ ਗ੍ਰਿਫ਼ਤਾਰ ਕੀਤਾ ਗਿਆ। ਜੰਗ ਦੇ ਲਮਕਣ ਨਾਲ ਜਰਮਨ ਸਮਾਜਕ ਜਮਹੂਰੀ ਪਾਰਟੀ 'ਚ ਮਤਭੇਦ ਵਧਦੇ ਗਏ। ਕਾਰਲ ਲਿਬਨੇਖਤ ਪਿੱਛੋਂ 1915 'ਚ ਆਟੋ ਰੂਲੇ ਨੇ ਵੀ ਪਾਰਟੀ ਨੀਤੀ ਖਿਲਾਫ ਵੋਟ ਪਾਈ। ਸਮਾਜਕ ਜਮਹੂਰੀ ਪਾਰਟੀ ਵਿਚ 1916 'ਚ ਫੁੱਟ ਪੈ ਗਈ। ਯੁੱਧ ਵਿਰੋਧੀ ਲੋਕਾਂ ਨੇ ਅਜ਼ਾਦ ਜਰਮਨ ਸਮਾਜਕ ਜਮਹੂਰੀ ਪਾਰਟੀ ਜਥੇਬੰਦ ਕੀਤੀ। ਸਪਾਰਟਾਕਸ ਲੀਗ ਇਸ ਪਾਰਟੀ ਦਾ ਹਿੱਸਾ ਬਣ ਗਿਆ।

ਨਵੰਬਰ 1917 (ਪੁਰਾਣੇ ਕਲੈਂਡਰ ਅਨੁਸਾਰ 25 ਅਕਤੂਬਰ 1917) ਨੂੰ ਰੂਸੀ ਲੋਕ ਜੰਗ ਦੀ ਤਬਾਹੀ ਖਿਲਾਫ਼ "ਸ਼ਾਂਤੀ, ਜ਼ਮੀਨ ਤੇ ਰੋਟੀ" ਦੇ ਨਾਹਰੇ ਨਾਲ ਉਹ ਖੜੀ ਹੋਈ। ਰੂਸ ਵਿਚ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਮੁਕੰਮਲ ਹੋ ਗਿਆ। ਅਕਤੂਬਰ ਇਨਕਲਾਬ ਦਾ ਸਵਾਗਤ ਕਰਦਿਆਂ ਕਲਾਰਾ ਜੈਟਕਿਨ ਨੇ ਲਿਖਿਆ, "ਅਕਤੂਬਰ ਇਨਕਲਾਬ ਵਿਸ਼ਵ ਇਤਿਹਾਸ ਦੀ ਮਹੱਤਵਪੂਰਨ ਘਟਨਾ ਹੈ। ਇਹ ਇਕ ਨਵੇਂ ਯੁੱਗ ਦਾ ਉਦੈ ਹੈ।" ਉਨ੍ਹਾਂ ਨੇ ਵਿਸ਼ਵ ਦੇ ਪਹਿਲੇ ਸਮਾਜਵਾਦੀ ਰਾਜ ਦਾ ਔਰਤ ਸ਼ਕਤੀ ਦੀ ਦਿਸ਼ਾ 'ਚ ਇਕ ਲੰਬੇ ਕਦਮ ਵਜੋਂ ਸੁਆਗਤ ਕੀਤਾ। ਪਹਿਲੀ ਸੰਸਾਰ ਜੰਗ ਜਰਮਨੀ ਲਈ ਇਕ ਮਹਾਨ ਬਿਪਤਾ ਸੀ। ਜਰਮਨੀ ਦੇ ਲੋਕ ਜੰਗ 'ਚ ਮਾਰੇ ਗਏ ਅਤੇ ਜ਼ਖਮੀ ਵੀ ਹੋਏ। ਨਵੰਬਰ 1918 'ਚ ਸਪਾਰਟਕਸ ਲੀਗ ਦੀ ਅਗਵਾਈ 'ਚ ਬਰਲਿਨ ਦਾ ਪ੍ਰੋਲੇਤਾਰੀ ਯੁੱਧ ਦੇ ਵਿਰੁੱਧ ਪੂੰਜੀਵਾਦੀ ਸੱਤਾ ਨੂੰ ਪੁੱਟ ਸੁੱਟਣ ਲਈ ਉੱਠ ਖੜ੍ਹਾ ਹੋਇਆ। ਇਸ ਵਿਰੋਧ ਦੀ ਅਗਵਾਈ ਕਰਨ ਵਾਲੇ ਕਾਰਲ ਲਿਬਨੇਖਤ ਤੇ ਰੋਜਾ ਲਕਜਮਬਰਗ ਦੇ ਕਲਾਰਾ ਜੈਟਕਿਨ ਵੀ ਜਾ ਮਿਲੀ। ਇਸ ਬਗਾਵਤ ਤੇ ਰੋਜ਼ਾ ਲਕਜਮਬਰਗ ਦੇ ਕਲਾਰਾ ਜੈਟਕਿਨ ਵੀ ਜਾ ਮਿਲੀ। ਇਸ ਬਗਾਵਤ ਨੂੰ ਬੇਰਹਿਮੀ ਨਾਲ ਕੁਚਲ ਦਿੱਤਾ ਗਿਆ। ਕਾਰਲ ਲਿਬਨੇਖਤ, ਰੋਜ਼ਾ ਲਕਜਮਬਰਗ ਤੇ ਜੋਗਿਸ ਜਰਮਨ ਸੈਨਾ ਤੇ ਫ੍ਰੇਡ ਕੋਰਪ ਦੇ ਸਾਂਝੇ ਬਲਾਂ ਵੱਲੋਂ ਫੜ ਲਏ ਗਏ। 15 ਜਨਵਰੀ 1919 ਨੂੰ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ। ਸ਼ੋਕ ਗ੍ਰਸਤ ਕਲਾਰਾ ਜੈਟਕਿਨ ਨੇ ਲਿਖਿਆ "ਜਰਮਨ ਮਜ਼ਦੂਰ ਜਮਾਤ ਨੇ ਆਪਣੇ ਸਭ ਤੋਂ ਸਮਰਪਿਤ, ਸਾਹਸੀ ਤੇ ਮਜ਼ਬੂਤ ਨੇਤਾਵਾਂ ਨੂੰ ਗੁਆ ਲਿਆ ਹੈ।

ਇਨ੍ਹਾਂ ਕਠਿਨ ਹਲਾਤਾਂ ਵਿਚ ਕਲਾਰਾ ਜੈਟਕਿਨ ਨੇ 1920 ਵਿਚ ਅਰਸਟ

ਥਾਲਮਾਨ, ਅਰਨਸਟ ਟਾਲਰ ਤੇ ਵਾਲਥਰ ਵਿਲਿਕ੍ਰਟ ਨਾਲ ਮਿਲ ਕੇ ਜਰਮਨੀ ਦੀ ਕਮਿਊਨਿਸਟ ਪਾਰਟੀ ਦਾ ਫੈਸਲਾ ਲਿਆ। ਕਲਾਰਾ ਜੈਟਕਿਨ ਕੇਂਦਰੀ ਕਮੇਟੀ ਵਿਚ ਚੁਣੀ ਗਈ। ਉਨ੍ਹਾਂ ਨੂੰ ਪਾਰਟੀ ਦਾ ਕੌਮਾਂਤਰੀ ਸਕੱਤਰ ਬਣਾਇਆ ਗਿਆ। ਕਮਿਊਨਿਸਟ ਇੰਟਰਨੈਸ਼ਨਲ 'ਚ ਉਹ ਦੁਨੀਆਂ ਭਰ ਦੇ ਮਜ਼ਦੂਰ ਅੰਦੋਲਨ ਦੀ ਇਕਜੁਟਤਾ ਲਈ ਕੰਮ ਕਰਦੀ ਰਹੀ। 1925 'ਚ ਉਹ ਜਰਮਨੀ ਦੀ ਖੱਬੇ ਪੱਖੀ ਇਕਜੁਟਤਾ ਵਿਭਾਗ 'ਰੇਡ ਏਡ' ਦੇ ਬਤੌਰ ਮੁਖੀ ਉਨ੍ਹਾਂ ਨੇ ਅਮਰੀਕਾ 'ਚ ਨਸਲ ਤੋਂ ਬਾਹਰ ਵਿਆਹ ਸਬੰਧ ਬਣਾਉਣ ਨੂੰ ਸਜਾ ਯੋਗ ਅਪਰਾਧ ਐਲਾਨ ਕਰਨ ਵਾਲੇ ਕਾਨੂੰਨਾਂ ਦਾ ਵਿਰੋਧ ਕੀਤਾ ਤੇ ਇਨ੍ਹਾਂ ਖਿਲਾਫ਼ ਕੌਮਾਂਤਰੀ ਪੱਧਰ 'ਤੇ ਹੋਣ ਵਾਲੇ ਵਿਰੋਧ ਮੁਜਾਹਰਿਆਂ 'ਚ ਹਿੱਸਾ ਲਿਆ। ਰੂਸੀ ਕ੍ਰਾਂਤੀ ਦੇ ਨੇਤਾ ਲੈਨਿਨ ਦੇ ਨਾਲ ਕਲਾਰਾ ਜੈਟਕਿਨ ਨੇ ਔਰਤ ਮੁਕਤੀ ਦੇ ਸੁਆਲ 'ਤੇ ਸਲਾਹ ਮਸ਼ਵਰਾ ਕੀਤਾ ਅਤੇ ਇਕ ਪੁਸਤਕ 'ਔਰਤ ਸੁਆਲ 'ਤੇ ਲੈਨਿਨ" ਲਿਖੀ। ਇਸ ਪੁਸਤਕ 'ਚ ਉਨ੍ਹਾਂ ਨੇ ਲੈਨਿਨ ਦੇ ਇਸ ਵਿਚਾਰ ਨੂੰ ਰੱਖਿਆ ਕਿ ਕਮਿਊਨਿਸਟ ਪਾਰਟੀ ਦੀ ਮੈਂਬਰ ਹੋਣ ਅਤੇ ਬਰਾਬਰੀ ਦੇ ਅਧਿਕਾਰ ਤੇ ਫਰਜ਼ ਹੋਣ ਦੇ ਬਾਵਜੂਦ ਔਰਤਾਂ ਲਈ ਪਾਰਟੀ ਨੂੰ ਵਿਸ਼ੇਸ਼ ਕਮਿਸ਼ਨ ਗਠਿਤ ਕਰਨ ਦੀ ਲੋੜ ਬਣਦੀ ਹੈ ਤਾਂ ਕਿ ਪਾਰਟੀ ਦੀਆਂ ਨੀਤੀਆਂ ਤੇ ਸਮਾਨਤਾ ਲਈ ਸੰਘਰਸ਼ ਨੂੰ ਵਿਆਪਕ ਬਣਾਇਆ ਜਾ ਸਕੇ। ਲੈਨਿਨ ਨੇ ਵਿਆਪਕ ਔਰਤ ਮਜ਼ਦੂਰਾਂ ਨੂੰ ਮੈਦਾਨ 'ਚ ਉਤਾਰ ਤੇ ਸਮਾਜਵਾਦ ਲਈ ਸੰਘਰਸ਼ ਕਰਨ ਦੇ ਕਲਾਰਾ ਜੈਟਕਿਨ ਦੀ ਜਥੇਬੰਦੀ ਸਬੰਧੀ ਵਿਚਾਰਾਂ ਦੀ ਤਾਰੀਫ ਕੀਤੀ। ਕਲਾਰਾ ਜੈਟਕਿਨ ਨੇ 1920 ਤੋਂ ਲੈ ਕੇ 1933 ਤੱਕ ਜਰਮਨ ਸੰਸਦ ਰਾਈਖਟਾਗ 'ਚ ਕਮਿਊਨਿਸਟ ਪਾਰਟੀ ਦੇ ਬਤੌਰ ਪ੍ਰਤੀਨਿਧ ਭੂਮਿਕਾ ਨਿਭਾਈ। ਨਾਜੀਬਾਦ ਦੇ ਉਭਾਰ ਦੇ ਦੌਰ 'ਚ ਨਾਜੀਆਂ ਦੀ ਮੌਤ ਦੀਆਂ ਧਮਕੀਆਂ ਦੀ ਕਦੀ ਪ੍ਰਵਾਹ ਨਹੀਂ ਕੀਤੀ। 30 ਅਗਸਤ 1932 ਨੂੰ ਰਾਈਖਸਟਾਗ ਦੇ ਸਭ ਤੋਂ ਉਪਰਲੇ ਮੈਂਬਰ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਉਨ੍ਹਾਂ ਨੇ ਹਿਟਲਰ ਦੇ ਰਾਸ਼ਟਰੀ ਸਮਾਜਵਾਦ (ਨਾਜੀਵਾਦ) ਦੀ ਸਖ਼ਤ ਨਿੰਦਾ ਕੀਤੀ ਤੇ ਲੋਕਾਂ ਨੂੰ ਇਸ ਨੂੰ ਹਰਾਉਣ ਦੀ ਅਪੀਲ ਕੀਤੀ। ਹਿਟਲਰ ਦੀ ਨਾਜੀ ਪਾਰਟੀ ਨੇ ਜਰਮਨੀ 'ਚ ਹਕੂਮਤ 'ਚੋਂ ਹੋਣ ਪਿੱਛੋਂ 1933 'ਚ ਨਾਜੀਆ ਵੱਲੋਂ ਛਲ ਪੂਰਵਕ ਰਾਈਖਸਟਾਗ 'ਚ ਅੱਗ ਲਾ ਦਿੱਤੀ ਗਈ ਅਤੇ ਇਸ ਦਾ ਦੋਸ਼ ਕਮਿਊਨਿਸਟਾਂ ਸਿਰ ਮੜ੍ਹ ਦਿੱਤਾ, ਇਸ ਬਹਾਨੇ ਦੀ ਵਰਤੋਂ ਕਰਕੇ ਜਰਮਨੀ ਦੀ ਕਮਿਊਨਿਸਟ ਪਾਰਟੀ 'ਤੇ ਪਾਬੰਦੀ ਲਾ ਦਿੱਤੀ ਗਈ। ਕਲਾਰਾ ਨੂੰ ਇਕ ਵਾਰ ਫੇਰ ਬੇਵੱਸ ਹੋ ਕੇ ਰੂਸ ਜਾਣਾ ਪਿਆ। ਜੀਵਨ ਦੇ ਆਖਰੀ ਸਾਲਾਂ ਵਿਚ ਉਹ ਫਾਂਸੀਵਾਦ ਖਿਲਾਫ ਇਕ ਸਾਂਝੇ ਮੋਰਚੇ ਦੇ ਗਠਨ ਦੀ ਲੋੜ ਨੂੰ ਉਹ ਲਗਾਤਾਰ ਰੇਖਾਂਕ੍ਰਿਤ ਕਰਦੀ ਰਹੀ। ਉਨ੍ਹਾਂ ਕਿਹਾ "ਇਸ ਨੂੰ ਉਨ੍ਹਾਂ ਕਰੋੜਾਂ ਔਰਤਾਂ ਨੂੰ ਨਾਲ ਲੈਣਾ ਨਹੀਂ ਭੁਲਣਾ ਚਾਹੀਦਾ ਜੋ ਹੁਣ ਤੱਕ ਯੌਨ ਗੁਲਾਮੀ ਦੀਆਂ ਬੇੜੀਆਂ 'ਚ ਜਕੜੀਆਂ ਹੋਈਆਂ ਹਨ ਤੇ ਇਸ ਲਈ ਜਮਾਤ ਲੁੱਟ ਘਸੁੱਟ ਦੇ ਸਭ ਤੋਂ ਜ਼ਾਲਮ ਰੂਪ ਨੂੰ ਝੱਲ ਰਹੀਆਂ ਹਨ। ਕਲਾਰਾ ਦੀ ਇੱਛਾ ਇਕ ਸਮਾਜਵਾਦੀ ਜਰਮਨੀ ਵੇਖਣ ਦੀ ਸੀ। ਇਸ ਇੱਛਾ ਨੂੰ ਮਨ 'ਚ ਲੈ ਕੇ ਉਹ 22 ਜੁਲਾਈ 1933 ਨੂੰ ਮਾਸਨੋ ਦੇ ਨੇੜੇ ਔਰਕਟ ਗੇਲਸ ਕੋਏ 'ਚ ਉਸ ਦੀ ਮੌਤ ਹੋ ਗਈ। ਇਕ ਪ੍ਰੋਲੇਤਾਰੀ ਯੋਧਾ ਤੇ ਔਰਤ ਮੁਕਤੀ ਦੇ ਅਗਰਦੂਤ ਵਜੋਂ ਕਲਾਰਾ ਜੈਟਕਿਨ ਮਜ਼ਦੂਰ ਜਮਾਤ ਲਈ ਉਹ ਹਮੇਸ਼ਾ ਪ੍ਰੇਰਨਾ ਸਰੋਤ ਬਣੀ ਰਹੇਗੀ।

# ਰੋਜਾ ਲਕਜ਼ਮਬਰਗ-ਸੰਘਰਸ਼ ਦੀ ਪ੍ਰਤੀਕ ਯੋਧਾ

ਰੋਜ਼ਾ ਲਕਜ਼ਮਬਰਗ ਦਾ ਨਾਂ ਮਜ਼ਦੂਰ ਵਰਗ ਦੇ ਉਨ੍ਹਾਂ ਯੋਧਿਆਂ ਵਿਚ ਸ਼ਾਮਲ ਹੈ ਜਿਨ੍ਹਾਂ ਨੇ ਸੁਧਾਰਵਾਦ ਦੇ ਖਿਲਾਫ਼ ਸੰਘਰਸ਼ ਕੀਤਾ ਅਤੇ ਇਨਕਲਾਬ ਨੂੰ ਅੱਗੇ ਵਧਾਉਂਦਿਆਂ ਆਪਣੀ ਜਾਨ ਵਾਰ ਦਿੱਤੀ। ਦੂਜੀ ਇੰਟਰਨੈਸ਼ਨਲ ਦੇ ਇਨਕਲਾਬੀ ਧੜੇ ਦੀ ਨੇਤਾ ਵਜੋਂ ਸੁਧਾਰਵਾਦ ਖਿਲਾਫ਼ ਉਨ੍ਹਾਂ ਦੇ ਸਮਝੌਤਾਹੀਣ ਸੰਘਰਸ਼ ਅਤੇ 1918 ਦੀ ਜਰਮਨ ਕ੍ਰਾਂਤੀ ਦੀ ਇੱਕ ਮੁੱਖ ਨੇਤਾ ਵਜੋਂ ਉਨ੍ਹਾਂ ਦੇ ਸਾਹਸ, ਸਮਰਪਣ ਅਤੇ ਕੁਰਬਾਨੀ ਕਾਰਨ ਉਹ ਮਜ਼ਦੂਰ ਜਮਾਤ ਲਈ ਸਤਿਕਾਰਯੋਗ ਤੇ ਮਹਾਨ ਪ੍ਰੇਰਣਾ ਸਰੋਤ ਬਣੀ ਰਹੇਗੀ। ਰੋਜਾ ਲਕਜ਼ਮਬਰਗ ਭਾਵ ਰੋਜਾਲਿਆ ਲਕਜ਼ਮਬਰਗ ਦਾ ਜਨਮ ਇੱਕ ਮੱਧਵਰਗੀ ਯਹੂਦੀ ਪਰਿਵਾਰ 'ਚ ਜਾਰਸ਼ਾਹੀ ਰੂਸ ਦੇ ਅਧੀਨ ਪੋਲੈਂਡ ਦੇ ਜੈਮੋਸ਼ ਦੇ ਨੇੜੇ ਲੁਬਲਿਨ 'ਚ ਪੰਜ ਮਾਰਚ 1871 ਨੂੰ ਹੋਇਆ ਸੀ। ਉਨ੍ਹਾਂ ਦਾ ਪਿਤਾ ਲੱਕੜੀ ਦਾ ਕਾਰੋਬਾਰ ਕਰਦੇ ਸਨ। ਰੋਜ਼ਾ ਉਨ੍ਹਾਂ ਦੀ ਪੰਜਵੀਂ ਸੰਤਾਨ ਸੀ ਪੰਜ ਸਾਲ ਦੀ ਉਮਰ 'ਚ ਪੈਰ 'ਚ ਰੋਗ ਕਾਰਨ ਉਹ ਅਪੰਗਤਾ ਦਾ ਸ਼ਿਕਾਰ ਹੋ ਗਈ। ਸਕੂਲੀ ਦਿਨਾਂ ਤੋਂ ਹੀ ਰੋਜ਼ਾ ਮਜ਼ਦੂਰ ਅੰਦੋਲਨ ਨਾਲ ਜੁੜ ਗਈ। ਉਹ ਪੋਲੈਂਡ ਦੀ ਖੱਬੇ ਪੱਖੀ ਮਜ਼ਦੂਰ ਪਾਰਟੀ ਨਾਲ ਜੁੜ ਗਈ। ਉਨ੍ਹਾਂ ਨੇ ਆਪਣੇ ਰਾਜਸੀ ਜੀਵਨ ਦੀ ਸ਼ੁਰੂਆਤ ਮਜ਼ਦੂਰ ਜਮਾਤ ਦੀਆਂ ਵਿਆਪਕ ਆਮ ਹੜਤਾਲਾਂ ਆਯੋਜਿਤ ਕਰਕੇ ਕੀਤੀ ਜਾਰ ਅਲੇਕਸਾਂਦਰ ਤੀਜੇ ਦੀ ਤਾਨਾਸ਼ਾਹੀ ਹਕੂਮਤ ਦੌਰਾਨ ਆਜ਼ਾਦ ਵਿਚਾਰਾਂ ਰਾਜਸੀ ਵਿਅਕਤੀਆਂ ਤੇ ਮਜ਼ਦੂਰ ਅੰਦੋਲਨ ਦਾ ਭਿਆਨਕ ਦਮਨ ਕੀਤਾ ਜਾਂਦਾ ਸੀ। ਜਾਰਸ਼ਾਹੀ ਦੇ ਜਬਰ ਕਾਰਨ ਪਾਰਟੀ ਦੇ ਚਾਰ ਨੇਤਾਵਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਅਤੇ ਪਾਰਟੀ 'ਤੇ ਪਾਬੰਦੀ ਲਾ ਦਿੱਤੀ ਗਈ। ਪਾਰਟੀ ਦੇ ਹੋਰ ਮੈਂਬਰ ਤੇ ਰੋਜਾ ਲਕਜ਼ਮਬਰਗ ਭੂਮੀਗਤ ਰੂਪ 'ਚ ਕੰਮ ਕਰਨ ਲੱਗੇ।

1887 'ਚ ਰੋਜਾ ਆਪਣੀ ਮਿਡਲ (Abitur) ਪ੍ਰੀਖਿਆ ਪਾਸ ਕਰਨ ਪਿੱਛੋਂ ਜਾਰਸ਼ਾਹੀ ਤਹਿਤ ਗ੍ਰਿਫ਼ਤਾਰੀ ਤੋਂ ਬਚਣ ਤੇ ਉੱਚ ਸਿੱਖਿਆ ਹਾਸਲ ਕਰਨ ਦੇ ਉਦੇਸ਼ ਨਾਲ ਉਹ ਜਊਰਿਚ (ਸਵਿਟਰਜ਼ਲੈਂਡ) ਚਲੀ ਗਈ। ਸਵਿਟਰਜ਼ਲੈਂਡ ਵਿਚ ਉਨ੍ਹਾਂ ਦੀ ਮੁਲਾਕਾਤ ਨਿਰਵਾਸਨ 'ਚ ਰਹਿ ਅਕੇਲਸਾਂਦਰਾ ਕੋਲੋਤਾਈ ਪਲੇਖਾਨੋਵ ਜਿਓ ਜੋਗਿਸ਼ ਤੇ ਪਾਵੇਲ ਅਕਸੇਲ ਰੋਦ ਵਰਗੇ ਇਨਕਲਾਬੀਆਂ ਨਾਲ ਹੋਈ। ਜਿਊਰਿਚ ਵਿਚ ਉਨ੍ਹਾਂ ਦੇ ਦਰਸ਼ਨ ਇਤਿਹਾਸ, ਰਾਜਨੀਤੀ, ਅਰਥਸ਼ਾਸਤਰ, ਗਣਿਤ ਦਾ ਅਧਿਐਨ ਕੀਤਾ ਅਤੇ ਰਾਜ ਦੇ ਰੂਪ, ਮੱਧ ਯੁੱਗ ਅਤੇ ਆਰਥਕ ਤੇ ਸ਼ੇਅਰ ਬਾਜ਼ਾਰ ਦੇ ਸੰਕਟ 'ਚ ਮੁਹਾਰਤ ਹਾਸਲ ਕਰ ਲਈ।

ਰੋਜ਼ਾ ਲਕਜ਼ਮਬਰਗ ਪੋਲਿਸ ਸਮਾਜਵਾਦੀ ਪਾਰਟੀ ਦੀਆਂ ਰਾਸ਼ਟਰਵਾਦੀ ਨੀਤੀਆਂ ਨਾਲ ਅਸਹਿਮਤ ਸੀ। ਇਨ੍ਹਾਂ ਰਾਸ਼ਟਰਵਾਦੀ ਰੁਝਾਣਾਂ ਨੂੰ ਮਜ਼ਦੂਰ ਅੰਤਰ ਰਾਸ਼ਟਰਵਾਦ ਲਈ ਘਾਤਕ ਮੰਨਦੀ ਸੀ। 1893 ਵਿਚ ਲਿਓ ਜੋਗਿਸ਼ ਦੇ ਨਾਲ ਮਿਲ ਕੇ ਉਨ੍ਹਾਂ ਨੇ ਸਪ੍ਰਾਵਾ ਰੋਬੋਨਿਤਕਜਾ (ਮਜ਼ਦੂਰਾਂ ਦਾ) ਅਖ਼ਬਾਰ ਦੀ ਸਥਾਪਨਾ ਕੀਤੀ। ਇਸ ਅਖ਼ਬਾਰ ਰਾਹੀਂ ਉਹ ਪੋਲਿਸ ਸਾਮਰਾਜਵਾਦੀ ਪਾਰਟੀ ਦੀਆਂ ਅਲੋਚਨਾ ਕਰਨ ਲਈ ਪੋਲਿਸ ਸਮਾਜਵਾਦੀ ਪਾਰਟੀ ਪੋਲੰਡ ਦੀ ਰੂਸੀ ਸਾਮਰਾਜ ਤੋਂ ਆਜ਼ਾਦੀ ਦੀ ਮੰਗ

ਕਰਦੀ ਸੀ। ਰੋਜ਼ਾ ਲਕਜ਼ ਮਬਰਗ ਨੇ ਇਸ ਮੰਗ ਦਾ ਵਿਰੋਧ ਕੀਤਾ ਅਤੇ ਇਸ ਮਤਭੇਦ ਕਾਰਨ 1893 ਵਿਚ ਲਿਓਜੋਗਿਸ਼ ਕੋਸ ਤਾਂ ਜਾ ਸ਼ਵਾ ਤੇ ਜੂਲੀਅਸ ਕਾਸਰਕੀ (ਜੂਲੀਅਸ ਮਾਰਲੇਵਸਕੀ) ਦੇ ਨਾਲ ਮਿਲ ਕੇ ਪੋਲੈਂਡ ਦੀ ਸਮਾਜਕ ਜਨਵਾਦੀ ਪਾਰਟੀ ਦੀ ਸਥਾਪਨਾ ਕੀਤੀ ਜੋ ਪਿੱਛੋਂ ਲਿਥੂਆਨਿਆ ਦੀ ਸਮਾਜਕ ਜਮਹੂਰੀ ਜਥੇਬੰਦੀ ਦੇ ਨਾਲ ਰੇਲਵੇ ਪਿੱਛੋਂ ਪੋਲੈਂਡ ਤੇ ਲਿਥੂਆਨਿਆ ਦੀ ਸਮਾਜਕ ਜਮਹੂਰੀ ਪਾਰਟੀ ਅਖਵਾਈ। ਰੋਜਾ ਲਕਸਮਬਰਗ ਸਪ੍ਰਾਵਾ ਰੋਬੋਨਿਤਕਜਾ (ਮਜ਼ਦੂਰਾਂ ਦਾ ਅਖਬਾਰ) ਦਾ ਸੰਪਾਦਨ ਕਰਨ ਪੈਰਿਸ ਚਲੀ ਗਈ।

ਕੌਮੀਅਤਾਂ ਦੀ ਮੁਕਤੀ ਸਬੰਧੀ ਰੋਜਾ ਲਕਜਮਬਰਗ ਦੀ ਧਾਰਨਾ ਗਲਤ ਸੀ ਉਹ ਕੌਮੀਅਤਾਂ ਦੀ ਮੁਕਤੀ ਦੀ ਹਮਾਇਤੀ ਹੋਣ ਦੇ ਨਾਲ ਹੀ ਪੋਲੈਂਡ ਦੀ ਅਜ਼ਾਦੀਆਂ ਦੀ ਮੁਕਤੀ ਦੀ ਹਮਾਇਤ ਦੇ ਨਾਲ ਪੋਲੈਂਡ ਦੀ ਆਜ਼ਾਦੀ ਦੀ ਵਿਰੋਧੀ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਸਿਰਫ ਜਰਮਨੀ ਰੂਸ ਤੇ ਆਸਟਰੇਲੀਆ ਵਰਗੇ ਮੁਲਕਾਂ ਵਿਚ ਸਮਾਜਵਾਦੀ ਇਨਕਲਾਬ ਮੁਕੰਮਲ ਹੋਣ ਦੀ ਸ਼ਰਤ ’ਤੇ ਹੀ ਆਜ਼ਾਦ ਤੇ ਆਤਮ ਨਿਰਭਰ ਪੋਲੈਂਡ ਹੋਂਦ ਵਿਚ ਆ ਸਕਦਾ ਹੈ। ਨਾਲ ਹੀ ਉਹ ਸਮਾਜਵਾਦ ਦੇ ਦੌਰ ਵਿਚ ਵੱਡੀਆਂ ਸ਼ਕਤੀਆਂ ਦੇ ਹੋਂਦ ਵਿਚ ਆ ਜਾਣ ਦੇ ਪਿੱਛੋਂ ਤੋਂ ਛੋਟੀਆਂ ਕੌਮੀਅਤਾਂ ਲਈ ਆਤਮ ਨਿਰਭਰ ਦੇ ਅਧਿਕਾਰ ਨੂੰ ਭਰਮਾਊ ਮੰਨਣ ਲੱਗੀ ਸੀ। ਇਨ੍ਹਾਂ ਅਧਾਰਾਂ ’ਤੇ ਉਹ ਪੋਲੈਂਡ ਲਈ ਆਜ਼ਾਦੀ ਦੀ ਮੰਗ ਕਰਦੀ ਸੀ। ਇਸ ਗਲਤ ਧਾਰਨਾ ਕਾਰਨ ਰੂਸੀ ਕ੍ਰਾਂਤੀ ਦੇ ਨੇਤਾ ਲੈਨਿਨ ਨਾਲ ਉਨ੍ਹਾਂ ਦੀ ਤਿੱਖੀ ਬਹਿਸ ਹੋਈ ਸੀ। ਦਰਅਸਲ ਪੋਲਿਸ ਸਮਾਜਵਾਦੀ ਪਾਰਟੀ ਦੇ ਰਾਸ਼ਟਰਵਾਦੀ ਭੜਕਾਵਾਂ ਨਾਲ ਜੂਝਦੇ ਹੋਇਆਂ ਉਹ ਦੂਜੇ ਸਿਰੇ ’ਤੇ ਪਹੁੰਚ ਗਈ ਅਤੇ ਗਲਤ ਸਮਝ ’ਤੇ ਖੜੀ ਹੋ ਗਈ।

1898 ਵਿਚ ਰੋਜਾ ਲਕਜਮਬਰਗ ਨੇ ਗੁਸਤਾਵ ਲਿਊਬੇਕ ਨਾਲ ਵਿਆਹ ਕਰ ਲਿਆ। ਇਸ ਨਾਲ ਉਨ੍ਹਾਂ ਨੂੰ ਜਰਮਨ ਦੀ ਨਾਗਰਿਕਤਾ ਮਿਲ ਗਈ। ਰੋਜ਼ਾ ਨੂੰ ਵਿਸ਼ਵਾਸ ਸੀ ਕਿ ਸਮਾਜਵਾਦੀ ਇਨਕਲਾਬ ਪਹਿਲਾਂ ਪਹਿਲ ਫਰਾਂਸ ਤੇ ਜਰਮਨ ਵਿਚ ਹੋਣਗੇ। ਜਰਮਨੀ ਦੀ ਸਮਾਜਕ ਜਮਹੂਰੀ ਪਾਰਟੀ ਉਸ ਸਮੇਂ ਦੀ ਸਭ ਤੋਂ ਵੱਡੀ ਸੰਸਦੀ ਪਾਰਟੀ ਬਣ ਚੁੱਕੀ ਸੀ। ਰੋਜ਼ਾ ਜਰਮਨ ਸਮਾਜਕ ਜਨਵਾਦੀ ਪਾਰਟੀ ਦੇ ਨਾਲ ਮਿਲ ਕੇ ਕੰਮ ਕਰਨਾ ਚਾਹੁੰਦੀ ਸੀ। ਆਖਰ ਉਹ ਬਰਲਿਨ ਆ ਗਈ। ਹਾਲਾਂ ਕਿ ਲਿਓ ਜੋਗਿਸ਼ ਦੇ ਨਾਲ ਮਿਲ ਕੇ ਉਹ ਪੋਲੈਂਡ ਤੇ ਲਿਊ ਅਨਿਆ ਦੀ ਸਮਾਜਕ ਜਮਹੂਰੀ ਪਾਰਟੀ ਇਸ ਸਮੇਂ ਮੌਕਾ ਪ੍ਰਸਤੀ ਨੌਕਰਸ਼ਾਹੀ ਵਰਗੀਆਂ ਗੰਭੀਰ ਬੀਮਾਰੀਆਂ ਨਾਲ ਗ੍ਰਸਿਤ ਸੀ। ਜਰਮਨੀ ਦੀ ਸਮਾਜਕ ਜਮਹੂਰੀ ਪਾਰਟੀ ਦੇ ਇਨਕਲਾਬੀ ਖੱਬੇ ਪੱਖ ਦੇ ਨਾਲ ਮਿਲ ਕੇ ਰੋਜ਼ਾ ਨੇ ਮੌਕਾ ਪ੍ਰਸਤੀ ਤੇ ਨੌਕਰਸ਼ਾਹੀ ਖਿਲਾਫ਼ ਜਹਾਦ ਛੇੜ ਦਿੱਤਾ। ਇਸ ਸਮੇਂ ਜਰਮਨੀ ਦੀ ਸਮਾਜਕ ਜਮਹੂਰੀ ਪਾਰਟੀ ਵਿਚ ਸੋਧਵਾਦ ਤਿੱਖੇ ਰੂਪ ’ਚ ਪ੍ਰਗਟ ਹੋਇਆ। ਪਾਰਟੀ ਦੇ ਇੱਕ ਪ੍ਰਮੁੱਖ ਨੇਤਾ ਤੇ ਸਿਧਾਂਤਕਾਰ ਏਡਵਰਡ ਬਰਨਸਟੀਨ ਨੇ ਇਹ ਧਾਰਨਾ ਪੇਸ਼ ਕੀਤੀ ਕਿ ਪੂੰਜੀਵਾਦ ਆਪਣੇ ਅੰਤਰ ਵਿਰੋਧਾਂ ਤੋਂ ਨਿਜਾਤ ਪਾ ਸਕਦਾ ਹੈ ਕਿ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਤੇਜ ਸਨਅਤੀ ਤਰੱਕੀ ਤੇ ਸੰਸਦੀ ਜਮਹੂਰੀਅਤ ਰਾਹੀਂ ਸਮਾਜਵਾਦ ਹਾਸਲ ਕਰਨਾ ਸੰਭਵ ਹੈ। ਇਹ ਜਮਾਤੀ ਸੰਘਰਸ਼ ਨੂੰ ਤਿਲਾਂ ਜਲੀ ਦੇਣਾ ਸੀ। ਰੋਜ਼ਾ ਲਕਜਮਬਰਗ ਨੇ ਕਾਰਲ ਕਾਉਤਸਕੀ ਨਾਲ ਮਿਲ ਕੇ ਇਸ ਸੋਧਵਾਦੀ ਵਿਚਾਰਧਾਰਾ ਦੀ ਦ੍ਰਿੜਤਾ ਪੂਰਬਕ ਮੁਕਾਬਲਾ ਕੀਤਾ

ਤੇ ਮਾਰਕਸਵਾਦ ਦੀ ਹਿਫ਼ਾਜਤ ਕੀਤੀ। ਰੋਜ਼ਾ ਲਕਸਮਬਰਗ ਨੇ ਆਪਣੇ ਸੰਘਰਸ਼ ਦੌਰਾਨ ਸਾਫ਼ ਸ਼ਬਦਾਂ ’ਚ ਐਲਾਨ ਕੀਤਾ ਕਿ ਪੂੰਜੀ ਤੇ ਕਿਰਤ ਵਿਚਕਾਰ ਦਾ ਵਿਰੋਧ ਸਿਰਫ਼ ਇਨਕਲਾਬ ਤੇ ਉਸ ਪਿੱਛੋਂ ਪੈਦਾਵਾਰੀ ਸੰਘਰਸ਼ਾਂ ਵਿਚ ਬੁਨਿਆਦੀ ਬਦਲਾਅ ਦੇ ਨਾਲ ਹੀ ਹੱਲ ਹੋ ਸਕਦਾ ਹੈ। ਇਸ ਦੌਰਾਨ (1999 ’ਚ) ਉਨ੍ਹਾਂ ਨੇ ਆਪਣੀ ਪ੍ਰਸਿੱਧ ਪੁਸਤਕ “ਸਮਾਜਕ ਸੁਧਾਰ ਜਾਂ ਇਨਕਲਾਬ” ਲਿਖੀ। ਰੋਜਾ ਨੇ ਸੋਧਵਾਦੀ ਪਾਰਟੀਆਂ ’ਚੋਂ ਬਾਹਰ ਨਿਕਲਣ ਦੀ ਮੰਗ ਕੀਤੀ। ਇਹ ਮੰਗ ਭਾਵੇਂ ਨਹੀਂ ਮੰਨੀ ਗਈ ਪਰ ਮਾਰਕਸਵਾਦੀ ਨਜ਼ਰੀਏ ਤੇ ਮਜ਼ਦੂਰ ਇਨਕਲਾਬ ਨੂੰ ਪਾਰਟੀ ਦੇ ਪ੍ਰੋਗਰਾਮ ’ਚ ਮੰਜੂਰ ਕੀਤਾ ਗਿਆ।

ਰੋਜ਼ਾ ਲਕਜਮਬਰਗ ਨੇ ਆਪਣੇ ਪੱਤਰ ’ਚ 1990 ਦੇ ਪਿੱਛੋਂ ਦੀਆਂ ਸਮਾਜਕ ਆਰਥਕ ਸਮੱਸਿਆਵਾਂ ’ਤੇ ਵਿਸ਼ਲੇਸ਼ਣ ਪ੍ਰਕਾਸ਼ਿਤ ਕੀਤੇ। ਜੰਗ ਦੇ ਡਰ ਨੂੰ ਵੇਖਦਿਆਂ ਉਨ੍ਹਾਂ ਨੇ ਜਰਮਨ ਫੌਜਵਾਦ ਤੇ ਸਾਮਰਾਜਵਾਦ ਦੀ ਤਿੱਖੀ ਅਲੋਚਨਾ ਕੀਤੀ। 1904 ਤੋਂ 1906 ਦਰਮਿਆਨ ਆਪਣੀਆਂ ਰਾਜਸੀ ਕਾਰਵਾਈਆਂ ਲਈ ਉਨ੍ਹਾਂ ਨੇ ਤਿੰਨ ਵਾਰੀ ਗ੍ਰਿਫ਼ਤਾਰ ਹੋ ਕੇ ਜ਼ੇਲ੍ਹ ਜਾਣਾ ਪਿਆ। 1905 ਵਿਚ ਅਗਸਤ ਬੇਬੇਲ ਨੇ ਰੋਜਾ ਲਕਜਮਬਰਗ ਨੂੰ ਪਾਰਟੀ ਦੇ ਅਖਬਾਰ ਵੋਰਵਾਟਸ (ਅਗ੍ਰਿਮ) ਦਾ ਸੰਪਾਦਕ ਬਣਾ ਦਿੱਤਾ।

ਪਾਰਟੀ ਉਸਾਰੀ ਦੇ ਪ੍ਰਸ਼ਨ ’ਤੇ ਰੋਜ਼ਾ ਲਕਜਮਬਰਗ ਦੇ ਵਿਚਾਰ ਰੂਸੀ ਸਮਾਜਕ ਜਮਹੂਰੀਵਾਦੀ ਪਾਰਟੀ ਦੇ ਬੋਲਿਸ਼ਵਿਕ ਧੜੇ ਖਿਲਾਫ਼ ਤੇ ਮੈਸੋਵਿਕਾ ਦੇ ਪੱਖ ਵਿਚ ਸਨ। ਬੋਲਿਸ਼ਵਕਾ ਤੇ ਲੈਨਿਨ ਦੇ ਜਮਹੂਰੀ ਕੇਂਦਰੀਵਾਦ ਦੇ ਅਧਾਰ ’ਤੇ ਇਕ ਕੇਂਦਰੀਕ੍ਰਿਤ ਲੀਡਰਸ਼ਿਪ ਦੇ ਦੁਆਲੇ ਬਣੇ ਪਾਰਟੀ ਢਾਂਚੇ ਨੂੰ ਉਹ ਨੌਕਰਸ਼ਾਹਨਾ ਬੀਮਾਰੀਆਂ ਦੀ ਜਨਣੀ ਮੰਨਦੀ ਸੀ। ਮੇਸੇਵਿਕਾਂ ਦੀ ਢਿਲੀ ਢਾਲੀ ਪਾਰਟੀ ਦੀ ਉਹ ਸਮਰਥਕ ਸੀ। ਲੈਨਿਨ ਤੇ ਬੋਲਸ਼ਵਿਕਾਂ ਦੀ ਉਨ੍ਹਾਂ ਨੇ ਪਾਰਟੀ ਗਠਨ ਦੇ ਸੁਆਲ ’ਤੇ ਤਿੱਖੀ ਅਲੋਚਨਾ ਕੀਤੀ। ਇਸੇ ਕਾਰਨ ਲੈਨਿਨ ਨੇ ਰੋਜ਼ਾ ਲਕਜ਼ਮਬਰਗ ਤੇ ਲਿਓ ਜੋਗਿਸ਼ ਦੀ ਅਗਵਾਈ ਵਾਲੇ ਪੋਲੈਂਡ ਦੇ ਸਮਾਜਕ ਜਨਵਾਦੀ ਪਾਰਟੀ ਗੁੱਟ ਦੇ ਹਿੱਸੇ ਦੀ ਥਾਂ ਸ਼ਦੇਕ ਦੀ ਅਗਵਾਈ ਵਾਲੇ ਹਿੱਸੇ ਦਾ ਪੱਖ ਲਿਆ। ਦਰਅਸਲ ਜਰਮਨ ਪਾਰਟੀ ਦੀ ਨੌਕਰਸ਼ਾਹੀ ਨਾਲ ਸੰਘਰਸ਼ ਕਰਦਿਆਂ ਇੱਕ ਵਾਰੀ ਫਿਰ ਰੋਜਾ ਨੇ ਸਿਰੇ ਤੇ ਜਾ ਕੇ ਗਲਤ ਸਟੈਂਡ ਲੈ ਲਿਆ। ਉਨ੍ਹਾਂ ਦੀ ਧਾਰਨਾ ਸੀ ਕਿ ਜਥੇਬੰਦੀ ਦਾ ਢਾਂਚਾ ਕਿਸੇ ਕੇਂਦਰੀ ਲੀਡਰਸ਼ਿਪ ਵੱਲੋਂ ਗਠਿਤ ਨਾ ਹੋ ਕੇ ਸੰਘਰਸ਼ ਦਰਮਿਆਨ ਉਸਰਨਾ ਚਾਹੀਦਾ ਹੈ।

1905 ਦੀ ਰੂਸੀ ਕ੍ਰਾਂਤੀ ਦੌਰਾਨ ਲਕਜ਼ਮਬਰਗ ਤੇ ਲਿਓ ਜੋਗਿਸ਼ ਵਾਰਸਾ (ਪੋਲੈਂਡ) ਵਾਪਸ ਆ ਗਏ ਤੇ ਉੱਥੇ ਉਸ ਤੁਰੰਤ ਗਿਫ਼ਤਾਰ ਕਰ ਲਏ ਗਏ ਗੌਰ ਕਰਨ ਲਾਇਕ ਹੈ ਕਿ ਪੋਲੈਂਡ ਉਸ ਸਮੇਂ ਰੂਸੀ ਸਾਮਰਾਜ ਦਾ ਹਿੱਸਾ ਸੀ। ਇਸ ਅਸਫਲ ਇਨਕਲਾਬ ਨੇ ਕ੍ਰਾਂਤੀ ਦੇ ਪ੍ਰਸੰਗ ਵਿਚ ਰੋਜਾ ਲਕਜ਼ਬਰਗ ਦੀ ਧਾਰਨਾ ਵਿਚ ਕੁੱਝ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਪਹਿਲਾਂ ਜਿੱਥੇ ਉਹ ਮੰਨਦੀ ਸੀ ਕਿ ਸਮਾਜਵਾਦੀ ਇਨਕਲਾਬ ਸਿਰਫ਼ ਵਿਕਸਤ ਪੂੰਜੀਵਾਦੀ ਮੁਲਕਾਂ ’ਚ ਹੀ ਹੋ ਸਕਦਾ ਹੈ, ਉੱਥੇ ਹੁਣ ਇਸ ਗੱਲ ਦੀ ਕਾਇਲ ਹੋ ਗਈ ਕਿ ਰੂਸ ਵਰਗੇ ਪਿਛੜੇ ਮੁਲਕਾਂ ਵਿਚ ਵੀ ਇਨਕਲਾਬ ਹੋ ਸਕਦਾ ਹੈ। ਦੂਜਾ, 1905 ਦੇ ਇਨਕਲਾਬ ’ਚ ਉਨ੍ਹਾਂ ਨੇ ਬੋਲਿਸ਼ਵਿਕਾਂ ਤੇ ਮੈਸੇਵਿਕਾਂ

ਦੀ ਕਾਰਜ ਨੀਤੀ ਦੇ ਫਰਕ ਨੂੰ ਵੀ ਮਹਿਸੂਸ ਕੀਤਾ। ਜਿਥੇ ਬਾਲਸ਼ਵਿਕ ਇਨਕਲਾਬ ਦੀ ਭਰਪੂਰ ਹਮਾਇਤ ਤੇ ਅਗਵਾਈ ਕਰ ਰਹੇ ਸਨ ਉੱਥੇ ਮੈਸੇਵਿਕਾ ਦਾ ਰੁਖ ਢਿੱਲਾ ਢਾਲਾ ਤੇ ਪੂੰਜੀਪਤੀਆਂ ਦਾ ਪਿੱਛਲੱਗ ਬਣਿਆ ਹੋਇਆ ਸੀ ਉਨ੍ਹਾਂ ਨੇ ਆਮ ਹੜਤਾਲਾਂ ਤੋਂ ਮਜ਼ਦੂਰ ਵਰਗ ਦੇ ਉਭਾਰ ਨੂੰ ਵੀ ਵੇਖਿਆ ਤੇ ਸੋਵੀਅਤਾਂ ਵਜੋਂ ਪ੍ਰੋਲੇਤਾਰੀ ਤਾਨਾਸ਼ਾਹੀ ਦੇ ਨਵੇਂ ਰੂਪਾਂ ਨੂੰ ਵੀ ਵੇਖਿਆ। ਇਸ ਇਨਕਲਾਬ ਪਿੱਛੋਂ ਉਹ ਬੋਲਿਸ਼ਵਿਕਾਂ ਦੀ ਹਮਾਇਤੀ ਬਣ ਗਈ।

1906 'ਚ ਰੋਜਾ ਲਕਸਮਬਰਗ ਨੇ "ਆਮ ਹੜਤਾਲ, ਰਾਜਸੀ ਪਾਰਟੀ ਤੇ ਟ੍ਰੇਡ ਯੂਨੀਅਨਾਂ" ਦੇ ਨਾਂ ਨਾਲ ਇਕ ਪੁਸਤਕ ਛਾਪੀ। ਇਸ ਪੁਸਤਕ ਵਿਚ ਉਨ੍ਹਾਂ ਨੇ ਇਸ ਗੱਲ ਦੀ ਵਕਾਲਤ ਕੀਤੀ ਕਿ ਆਮ ਹੜਤਾਲਾਂ ਅੰਦਰ ਮਜ਼ਦੂਰਾਂ ਦੀ ਚੇਤਨਾ ਤੇ ਸੰਘਰਸ਼ ਦੇ ਪੱਧਰ ਨੂੰ ਉਪਰ ਉਠਾਉਣ ਤੇ ਸਾਮਵਾਦੀ ਇਨਕਲਾਬ ਨੇਪਰੇ ਚਾੜ੍ਹਨ ਦਾ ਮੁੱਦਾ ਹੁੰਦਾ ਹੈ। ਬਾਅਦ 'ਚ ਆਮ ਹੜਤਾਲਾਂ ਦੇ ਮਹੱਤਵ ਨੂੰ ਸਮਝਦੇ ਹੋਇਆ ਰੋਜਾ ਲਕਜ਼ਮਬਰਗ ਨੇ ਜਰਮਨ ਸਮਾਜਵਾਦ ਤੇ ਫੌਜੀਕਰਨ ਖਿਲਾਫ ਮਜ਼ਦੂਰਾਂ ਦੀਆਂ ਆਮ ਹੜਤਾਲਾਂ ਦਾ ਸੁਝਾਅ ਜਰਮਨ ਪਾਰਟੀ ਨੂੰ ਦਿੱਤਾ ਪਰ ਪਾਰਟੀ ਨੇ ਉਨ੍ਹਾਂ ਦੇ ਸੁਝਾਅ ਨੂੰ ਨਹੀਂ ਮੰਨਿਆ।

ਵਾਰਸਾ ਜ਼ੇਲ੍ਹ ਤੋਂ ਰਿਹਾਅ ਹੋਣ ਪਿੱਛੋਂ ਉਨ੍ਹਾਂ ਨੇ ਸਮਾਜਕ ਜਨਵਾਦੀ ਪਾਰਟੀ ਦੇ ਸਕੂਲ ਵਿਚ 1907 ਤੋਂ 14 ਤੱਕ ਪੜਾਉਣ ਦਾ ਕੰਮ ਕੀਤਾ। 1907 'ਚ ਉਹ ਰੂਸੀ ਸਮਾਜਕ ਜਨਵਾਦੀ ਪਾਰਟੀ ਦੀ ਪੰਜਵੀ ਕਾਂਗਰਸ 'ਚ ਸ਼ਾਮਲ ਹੋਈ ਜੋ ਕਿ ਲੰਦਨ ਵਿਚ ਹੋਈ ਸੀ। ਇਸੇ ਕਾਂਗਰਸ ਦੌਰਾਨ ਲੈਨਿਨ ਸਟੈਂਡ ਹੋਣ ਦੇ ਬਾਵਜੂਦ ਕ੍ਰਾਂਤੀਕਾਰੀ ਮਾਰਕਸਵਾਦ ਦੀ ਹਿਫ਼ਾਜਤ ਕਰਨ ਲਈ ਲੈਨਿਨ ਰੋਜ਼ਾ ਦੀ ਬਹੁਤ ਇੱਜ਼ਤ ਕਰਦੇ ਸਨ।

1907 ਵਿਚ ਸਟੁਟਗਾਰਟ 'ਚ ਹੋਈ ਦੂਜੀ ਇੰਟਰਨੈਸ਼ਨਲ ਦੀ ਕਾਨਫਰੰਸ 'ਚ ਰੋਜਾ ਨੇ ਸਮਾਜਵਾਦੀ ਮੁਲਕਾਂ ਦੀਆਂ ਯੁੱਧ ਦੀਆਂ ਕੋਸ਼ਿਸ਼ਾਂ ਦੇ ਵਿਰੋਧ ਵਿਚ ਪ੍ਰੋਲੇਤਾਰੀ ਅੰਤਰ ਰਾਸ਼ਟਰੀ ਅੱਤਵਾਦ ਨੂੰ ਬੁਲੰਦ ਕਰਦਿਆਂ ਸਭ ਸਮਾਜਵਾਦੀ ਪਾਰਟੀਆਂ ਤੋਂ ਆਪਣੇ ਦੇਸ਼ 'ਚ ਜੰਗ ਦਾ ਵਿਰੋਧ ਕਰਨ 'ਚ ਇੱਕ ਪ੍ਰਸਤਾਵ ਪੇਸ਼ ਕੀਤਾ ਜੋ ਮੰਜ਼ੂਰ ਕਰ ਲਿਆ ਗਿਆ। ਉਨ੍ਹਾਂ ਨੇ ਕਾਂਗਰਸ ਵਿਚ ਕਿਹਾ "ਜੰਗ ਛਿੜ ਜਾਣ ਦੇ ਖਤਰੇ ਦੌਰਾਨ ਮਜ਼ਦੂਰਾਂ ਤੇ ਉਨ੍ਹਾਂ ਦੇ ਸੰਸਦੀ ਨੁਮਾਇੰਦਿਆਂ ਦਾ ਇਹ ਫ਼ਰਜ ਬਣ ਜਾਂਦਾ ਹੈ। ਕਿ ਉਹ ਸੰਬਧਿਤ ਦੇਸ਼ਾਂ 'ਚ ਜੰਗ ਰੋਕਣ ਲਈ ਸਾਰੇ ਸਹੀ ਯਤਨ ਕਰਨ, ਜਿਨ੍ਹਾਂ 'ਚ ਨਿਸ਼ਚਤ ਤੌਰ 'ਤੇ ਜਮਾਤੀ ਸੰਘਰਸ਼ ਦੀ ਸਥਿਤੀ ਤੇ ਰਾਜਸੀ ਹਾਲਤਾਂ ਦੇ ਅਨੁਕੂਲ ਤਬਦੀਲੀ ਜਾਂ ਤੇਜ਼ੀ ਲਿਆਂਦੀ ਜਾ ਸਕਦੀ ਹੈ। ਹੋ ਨਾ ਹੋਵੇ ਜੇ ਜੰਗ ਛਿੜ ਜਾਂਦੀ ਹੈ ਤਾਂ ਇਹ ਉਨ੍ਹਾਂ ਦਾ ਫਰਜ਼ ਹੈ ਕਿ ਉਨ੍ਹਾਂ ਦੇ ਛੇਤੀ ਖ਼ਤਮ ਹੋਣ ਲਈ ਆਵਾਜ਼ ਉਠਾਉਣ ਅਤੇ ਜੰਗ ਤੋਂ ਪੈਦਾ ਆਰਥਕ ਰਾਜਸੀ ਸੰਕਟ ਦੀ ਵਰਤੋਂ ਵੱਖ ਵੱਖ ਸਮਾਜਕ ਵਰਗਾਂ ਨੂੰ ਜਾਗ੍ਰਿਤ ਕਰਕੇ ਪੂੰਜੀਵਾਦ ਪ੍ਰਬੰਧ ਨੂੰ ਜਲਦੀ ਪੁੱਟ ਸੁੱਟਣ ਲਈ ਕਰਨਾ।"

1912 ਵਿਚ ਉਹ ਯੂਰੋਪਿਅਨ ਸੋਸ਼ਲਿਸਟ ਕਾਂਗਰਸ ਵਿਚ ਜਰਮਨ ਸਮਾਜਕ ਜਨਵਾਦੀ ਪਾਰਟੀ ਦੀ ਨੁਮਾਇੰਦਾ ਚੁਣੀ ਗਈ। ਉਨ੍ਹਾਂ ਨੇ ਫਰਾਂਸੀਸੀ ਸਮਾਜਵਾਦੀ ਜੀਨ ਜੋਰੇਸ ਨੂੰ ਇਹ ਬੇਨਤੀ ਕੀਤੀ ਕਿ ਜੰਗ ਸ਼ੁਰੂ ਹੋਣ 'ਤੇ ਯੂਰਪ ਦੀਆਂ ਸਭ ਮਜ਼ਦੂਰ

ਪਾਰਟੀਆਂ ਇਸ ਦਾ ਵਿਰੋਧ ਕਰਨ। 1913 ਵਿਚ ਇੱਕ ਵਿਸ਼ਾਲ ਸਭਾ ਵਿਚ ਮਜ਼ਦੂਰਾਂ ਨੂੰ ਸੰਬੋਧਿਤ ਕਰਦਿਆਂ ਉਨ੍ਹਾਂ ਕਿਹਾ "ਜੇ ਉਹ ਸੋਚਦੇ ਹਨ ਕਿ ਅਸੀਂ ਆਪਣੇ ਫਰਾਂਸੀਸੀ ਤੇ ਹੋਰ ਭਰਾਵਾਂ ਖਿਲਾਫ਼ ਹਥਿਆਰ ਉਠਾਈਏ ਤਾਂ ਸਾਨੂੰ ਉੱਚੀ ਆਵਾਜ਼ 'ਚ ਕਹਿਣਾ ਚਾਹੀਦਾ ਹੈ 'ਅਸੀਂ ਇਹ ਨਹੀਂ ਕਰਾਂਗੇ'।"

ਪਰ 1914 'ਚ ਜਦ ਪਹਿਲੀ ਸੰਸਾਰ ਜੰਗ ਛਿੜ ਪਈ ਤਾਂ ਜਰਮਨ ਸਮਾਜਕ ਜਨਵਾਦੀ ਪਾਰਟੀ ਸਮੇਤ ਫਰਾਂਸੀਸੀ ਸਮਾਜਕ ਜਨਵਾਦੀ ਪਾਰਟੀਆਂ ਜੰਗ ਦੇ ਜਨੂਨ ਵਿਚ ਵਹਿ ਗਈਆਂ ਅਤੇ ਆਪਣੇ ਆਪਣੇ ਦੇਸ਼ ਦੇ ਪੂੰਜੀਪਤੀਆਂ ਦੀਆਂ ਪਿਛਲਗ ਬਣ ਗਈਆਂ। ਜਰਮਨ ਪਾਰਲੀਮੈਂਟ (ਮਈਖਸਟਾਗ) ਦੇ ਮਜ਼ਦੂਰ ਨੁਮਾਇੰਦਿਆਂ ਨੇ ਸਰਕਾਰ ਦੀਆਂ ਯੁੱਧ ਨੀਤੀਆਂ ਦੇ ਪੱਖ 'ਚ ਵੋਟ ਪਾਈ ਅਤੇ ਸਰਕਾਰ ਨੂੰ ਜੰਗ ਸਮੇਂ ਹੜਤਾਲ ਨਾ ਕਰਨ ਦਾ ਯਕੀਨ ਦਵਾ ਦਿੱਤਾ।

ਇਸ ਸਮੇਂ ਜਰਮਨੀ ਵਿਚ ਰੋਜ਼ਾ ਲਕਜਮਬਰਗ, ਕਾਰਲ ਲੀਬਨੇਖਤ, ਕਲਾਰਾ ਜੈਟਕਿਨ ਫ੍ਰਾਂਜ ਮੇਹਰਿੰਗ ਵਰਗੇ ਮਜ਼ਦੂਰ ਜਮਾਤ ਦੇ ਸੱਚੇ ਨੁਮਾਇੰਦਿਆਂ ਨੇ ਜੰਗ ਦਾ ਵਿਰੋਧ ਕੀਤਾ। ਰੋਜ਼ਾ ਲਕਜ਼ਮਬਰਗ ਨੇ ਫ੍ਰੈਂਕ ਫਰਟ 'ਚ ਇਕ ਜੰਗ ਵਿਰੋਧੀ ਰੈਲੀ ਆਯੋਜਿਤ ਕੀਤੀ ਜਿਸ ਵਿਚ ਉਨ੍ਹਾਂ ਨੇ ਫੌਜੀ ਭਾਰਤੀ ਦਾ ਵਿਰੋਧ ਕਰਨ ਤੇ ਸਰਕਾਰੀ ਹੁਕਮ ਨਾ ਮੰਨਣ ਦੀ ਅਪੀਲ ਕੀਤੀ। ਜੰਗ ਦੌਰਾਨ ਹੀ ਅਗਸਤ 1914 ਵਿਚ ਕਾਰਲ ਲੀਬਨੇਖਤ, ਕਲਾਰਾ ਜੈਟਕਿਨ, ਫ੍ਰਾਂਜ ਮੇਹਰਿੰਗ ਦੇ ਨਾਲ ਮਿਲ ਕੇ ਉਨ੍ਹਾਂ ਨੇ 'ਡਾਈ ਇੰਟਰਨੈਸ਼ਨਲ' ਗਰੁੱਪ ਦੀ ਸਥਾਪਨਾ ਕੀਤੀ ਜੋ ਕਿ ਜਰਮਨੀ 1916 ਵਿਚ ਸਪਾਰਟਾਕਸ ਬੂੰਤ ਜਾਂ ਸਪਾਰਟਾਕਸ ਲੀਗ ਦੇ ਨਾਂ ਨਾਲ ਜਾਣੀ ਜਾਂਦੀ ਰਹੀ। ਇਹ ਇਕ ਰੂਪੋਸ਼ ਸੰਗਠਨ ਸੀ ਜੋ ਕਿ ਆਪਣੇ ਵਿਚਾਰਾਂ ਨੂੰ 'ਸਪਾਰਟਾਕਸ ਲੈਟਰ' ਨਾਂ ਦੇ ਪੱਤਰ 'ਚ ਪ੍ਰਕਾਸ਼ਿਤ ਕਰਦਾ ਸੀ।

ਮਈ 1916 ਵਿਚ ਸਪਾਰਟਾਕਸ ਲੀਗ ਨੇ ਖੁੱਲ੍ਹ ਕੇ ਕੰਮ ਕਰਨ ਦਾ ਫੈਸਲਾ ਕੀਤਾ ਤੇ ਸੰਸਾਰ ਜੰਗ ਖਿਲਾਫ਼ ਬਰਲਿਨ ਵਿਚ ਇੱਕ ਮੁਜਾਹਰਾ ਆਯੋਜਿਤ ਕੀਤਾ। ਰੋਜ਼ਾ ਲਕਜਮਬਰਗ ਤੇ ਕਾਰਲ ਲੀਬਨੇਖਤ ਸਮੇਤ ਸਪਾਰਟਾਕਸ ਲੀਗ ਦੇ ਨੇਤਾ ਗ੍ਰਿਫ਼ਤਾਰ ਕਰ ਲਏ ਗਏ। ਜ਼ੇਲ੍ਹ ਅੰਦਰ ਰੋਜ਼ਾ ਲਕਜਮਬਰਗ ਨੇ ਕਈ ਦਸਤਾਵੇਜ ਲਿਖੇ, ਜਿਸ ਵਿਚ 'ਜਰਮਨ ਸਮਾਜਕ ਸੰਕਟ' ਦਸਤਾਵੇਜ ਜੋ ਜੂਨਿਅਸ ਛੇਵੇਂ ਨਾਂ ਨਾਲ ਲਿਖੀ ਗਈ, ਕਾਫ਼ੀ ਪ੍ਰਸਿੱਧ ਹੋਈ। ਜੂਨਿਅਸ ਪੈਂਫਲੇਟ ਦੇ ਨਾਂ ਨਾਲ ਬਿਆਨ ਇਸ ਦਸਤਾਵੇਜ਼ ਵਿਚ ਰੋਜ਼ਾ ਨੇ ਬਾਲਸ਼ਵਿਕ ਪਾਰਟੀ ਦੇ ਨੇਤਾ ਲੈਨਿਨ ਦੇ ਪੂੰਜੀਵਾਦੀ ਪ੍ਰਬੰਧ ਨੂੰ ਤਾਕਤ ਨੂੰ ਉਲਟਾਉਣ ਤੇ ਸੰਸਾਰ ਜੰਗ 'ਤੇ ਰੋਕ ਲਾਉਣ ਹਿੱਤ ਇੱਕ ਨਵੀਂ ਇੰਟਰਨੈਸ਼ਨਲ ਦੇ ਗਠਨ ਵਾਲੇ ਵਿਚਾਰਾਂ ਦੀ ਹਮਾਇਤੀ ਕੀਤੀ।

ਬੋਲਸ਼ਵਿਕਾਂ ਵੱਲੋਂ ਅਕਤੂਬਰ ਇਨਕਲਾਬ ਨੇਪਰੇ ਚਾੜ੍ਹਨ ਤੇ ਰੋਜ਼ਾ ਨੇ ਅਕਤੂਬਰ ਇਨਕਲਾਬ ਦੀ ਅਲੋਚਨਾ ਕੀਤੀ। ਉਨ੍ਹਾਂ ਦੀ ਆਲੋਚਨਾ ਦਾ ਆਧਾਰ ਇਹ ਭਰਮਪੂਰਨ ਧਾਰਨਾ ਸੀ ਕਿ ਅਕਤੂਬਰ ਇਨਕਲਾਬ ਗੈਰ ਜਮਹੂਰੀ ਤਰੀਕੇ ਨਾਲ ਨੇਪਰੇ ਚਾੜ੍ਹਿਆ ਗਿਆ ਹੈ। ਦੂਜਾ ਜਨਵਾਦੀ ਕੇਂਦਰਵਾਦ ਦੀ ਬਾਲਸ਼ਵਿਕ ਨੀਤੀ ਦਾ ਥਾਂ ਉਹ ਜਮਹੂਰੀਅਤ 'ਤੇ ਵਧ ਜ਼ੋਰ ਦਿੰਦੀ ਸੀ। ਪ੍ਰੋਲੇਤਾਰੀ ਤਾਨਾਸ਼ਾਹੀ ਦੀ ਸਮਰਥਕ ਹੋਣ ਦੇ ਬਾਵਜੂਦ ਵੀ ਉਹ ਇੱਕ ਪਾਰਟੀ ਪ੍ਰੋਲੇਤਾਰੀ ਦੀ ਹਕੂਮਤ ਦੀ ਵਿਰੋਧੀ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਬੋਲਸ਼ਿਵਕਾਂ ਦੀ ਨੀਤੀ ਨਾਲ ਹੇਠਾਂ ਤੋਂ ਮਜ਼ਦੂਰਾਂ

ਦੀ ਪਹਿਲ ਕਦਮੀ ’ਚ ਅੜਿੱਕਾ ਲੱਗੇਗਾ ਇਹ ਨੌਕਰਸ਼ਾਹ ਰੁਝਾਣਾਂ ਨੂੰ ਪੈਦਾ ਕਰੇਗਾ। ਰੋਜਾ ਲਕਜ਼ਮਬਰਗ ਦੀ ਨਜ਼ਦੀਕੀ ਸਹੇਲੀ ਤੇ ਸਹਿਯੋਗੀ ਕਲਾਰਾ ਜੇਂਟਕਿਨ ਅਨੁਸਾਰ ਜ਼ੇਲ੍ਹ ਤੋਂ ਛੁਟਣ ਪਿੱਛੋਂ ਰੋਜ਼ਾ ਨੇ ਅਕਤੂਬਰ ਇਨਕਲਾਬ ਬਾਰੇ ਆਪਣੀ ਰਾਇ ਬਦਲ ਲਈ ਸੀ ਅਤੇ ਮੰਨਿਆ ਸੀ ਕਿ ਤੱਥਾਂ ਦੀ ਘਾਟ ਕਾਰਨ ਅਕਤੂਬਰ ਇਨਕਲਾਬ ਬਾਰੇ ਉਨ੍ਹਾਂ ਦਾ ਰੁਖ ਅਲੋਚਨਾਤਮਕ ਬਣਿਆ ਜੋ ਗਲਤ ਸੀ।

ਰੋਜ਼ਾ ਲਕਜਮਬਰਗ ਅੱਠ ਅਕਤੂਬਰ 1918 ਨੂੰ ਜ਼ੇਲ੍ਹ ਤੋਂ ਰਿਹਾਅ ਹੋਈ ਉਨ੍ਹਾਂ ਦੇ ਨਾਲ ਕਾਰਲ ਲੀਬਨੇਖਤ ਵੀ ਰਿਹਾਅ ਹੋਏ। ਰੋਜਾ ਅਜੇ ਜ਼ੇਲ੍ਹ ਵਿਚ ਹੀ ਸੀ ਕਿ ਇਸ ਦੌਰਾਨ 1917 ’ਚ ਸਪਾਰਟਾਕਸ ਲੀਗ ਇੰਡੀਪੇਂਡੈਂਟ ਸੋਸਲਿਸਟ ਪਾਰਟੀ ਨਾਲ ਜੁੜ ਗਈ। ਇੰਡੀਪੈਂਡੇਂਟ ਸੋਸਲਿਸਟ ਪਾਰਟੀ ਦਾ ਗਠਨ ਇੱਕ ਜੰਗ ਵਿਰੋਧੀ ਸਾਬਕਾ ਐਸ. ਪੀ. ਡੀ. (ਜਰਮਨ ਸਮਾਜਕ ਜਨਵਾਦੀ ਪਾਰਟੀ) ਮੈਂਬਰ ਨੇ ਕੀਤਾ ਸੀ। ਨਵੰਬਰ 1918 ’ਚ ਐਸ. ਪੀ. ਡੀ. ਤੇ ਯੂ ਐਸ. ਪੀ. ਡੀ. ਨੇ ਸਮਰਾਟ ਕੈਸਰ ਦੇ ਗੱਦੀ ਛੱਡਣ ਪਿੱਛੋਂ ਸਰਕਾਰ ਦਾ ਗਠਨ ਕੀਤਾ। ਇਸ ਨਾਲ ਜਰਮਨ ਕ੍ਰਾਂਤੀ ਦੀ ਸ਼ੁਰੂਆਤ ਹੋ ਗਈ। ਮਜ਼ਦੂਰਾਂ ਤੇ ਫ਼ੌਜੀਆਂ ਦੀਆਂ ਪ੍ਰੀਸ਼ਦਾਂ ਨੇ ਯੁੱਧ ਖਤਮ ਕਰਨ ਤੇ ਰਾਜਾਸ਼ਾਹੀ ਖਤਮ ਕਰਨ ਦੇ ਉਦੇਸ਼ ਨਾਲ ਸਮਤੀਆਂ ਗਠਿਤ ਕਰ ਲਈਆਂ ਤੇ ਜਰਮਨੀ ਦੇ ਜ਼ਿਆਦਾਤਰ ਹਿੱਸਿਆਂ ’ਤੇ ਕਬਜਾ ਕਰ ਲਿਆ। ਯੂ ਐਸ. ਪੀ. ਡੀ. ਤੇ ਏ. ਪੀ. ਡੀ. ਦੇ ਜ਼ਿਆਦਾਤਰ ਮੈਂਬਰਾਂ ਨੇ ਇਨ੍ਹਾਂ ਸੰਮਤੀਆਂ ਦਾ ਸੁਆਗਤ ਕੀਤਾ ਪਰ ਐਸ. ਪੀ. ਡੀ. ਦੀ ਲੀਡਰਸ਼ਿਪ ਨੇ ਇਕ ਡਰ ਨਾਲ ਗ੍ਰਸਿਤ ਹੋ ਕੇ ਕਿ ਕਿਤੇ ਇਹ ਸੰਮਤੀਆਂ ਕਿਧਰੇ 1905 ਤੇ 1917 ਦੇ ਰੂਸੀ ਇਨਕਲਾਬ ਸਮੇਂ ਪੈਦਾ ਹੋਈਆਂ ਸੋਵੀਅਤਾਂ ਵਰਗੀਆਂ ਜ਼ਮੀਨੀ ਸੱਤਾ ਦਾ ਰੂਪ ਨਾ ਗ੍ਰਹਿਣ ਕਰ ਲੈਣ, ਇਨ੍ਹਾਂ ਦਾ ਵਿਰੋਧ ਕੀਤਾ। ਇਸ ਦੌਰਾਨ ਰੋਜਾ ਲਕਜਮਬਰਗ ਅਤੇ ਕਾਰਲ ਲੀਬਨੇਖਤ ਨੇ ਸਪਾਰਟਾਕਸ ਲੀਗ ਨੂੰ ਮੁੜ ਸੁਰਜੀਤ ਕੀਤਾ ਤੇ ‘ਲਾਲ ਝੰਡਾ’ ਨਾਂ ਦੇ ਅਖਬਾਰ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਸਭ ਰਾਜਸੀ ਬੰਦੀਆਂ ਦੀ ਰਿਹਾਈ ਦੀ ਮੰਗ ਕੀਤੀ। ਦਸੰਬਰ 29 ਤੋਂ 31 ਵਿਚਕਾਰ ਉਨ੍ਹਾਂ ਨੇ ਸਪਾਰਟਾਕਸ ਲੀਗ, ਇੰਡੀਪੈਂਡੇਂਟ ਸੋਸ਼ਲਿਸਟ ਤੇ ਜਰਮਨੀ ਦੇ ਕੌਮਾਂਤਰੀ ਕਮਿਊਨਿਸਟ ਨਾਂ ਦੇ ਸੰਗਠਨਾਂ ਦੇ ਸਾਂਝੇ ਸੰਮੇਲਨ ਵਿਚ ਹਿੱਸਾ ਲਿਆ। ਇਸ ਸੰਮੇਲਨ ਵਿਚ ਹੀ ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਨੀਂਹ ਪਈ। ਰੋਜਾ ਲਕਸਮਬਰਗ ਕਾਰਲ ਲੀਬਨੇਖਤ ਤੇ ਕਲਾਰਾ ਜੈਟਕਿਨ ਲਿਓ ਜੋਗਿਸ਼ ਤੇ ਫਰਾਂਜ ਮੇਹਰਿੰਗ ਇਸ ਦੀ ਚੋਟੀ ਦੀ ਲੀਡਰਸ਼ਿਪ ਵਿਚ ਸਨ। ਰੋਜ਼ਾ ਲਕਜਮਬਰਗ ਨੇ ਸੰਵਿਧਾਨ ਸਭਾ ਦੀਆਂ ਚੋਣਾਂ ਵਿਚ ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਭਾਗੀਦਾਰੀ ਦੀ ਹਮਾਇਤ ਕੀਤੀ ਪਰ ਉਸ ਇਸ ਮੁੱਦੇ ’ਤੇ ਵੋਟਾਂ ’ਚ ਹਾਰ ਗਈ। ਜਨਵਰੀ 1919 ਵਿਚ ਫਿਰ ਜਰਮਨੀ ’ਚ ਬਗਾਵਤ ਦੀ ਇਕ ਲਹਿਰ ਦੌੜ ਗਈ। ਹਾਲਾਂ ਕਿ ਰੋਜ਼ਾ ਨੇ ਜ਼ਬਰਦਸਤੀ ਸੱਤਾ ਖੋਹਣ ਦਾ ਵਿਰੋਧ ਕੀਤਾ ਸੀ ਪਰ ਇਨਕਲਾਬ ਸ਼ੁਰੂ ਹੋਣ ਪਿੱਛੋਂ ਉਨ੍ਹਾਂ ਨੇ ਉਸ ਦੀ ਹਮਾਇਤ ਕੀਤੀ ਅਤੇ ਕਾਰਲ ਲੀਬਨੇਖਤ ਨਾਲ ਉਸ ਦੀ ਅਗਵਾਈ ਕਰਨ ਲੱਗੀ। ਬਗਾਵਤ ਸ਼ੁਰੂ ਹੋਣ ’ਤੇ ਸਮਾਜਕ ਜਨਵਾਦੀ ਪਾਰਟੀ (ਐਸ. ਪੀ. ਡੀ.) ਦੇ ਨੇਤਾ ਅਤੇ ਜਰਮਨੀ ਲਈ ਚਾਂਸਲਰ ਫੇਡਰਿਕ ਏਬਰਟ ਨੇ ਜਰਮਨੀ ਫੌਜ ਤੇ ਪਿਛਾਖੜੀ ਫ੍ਰੇਕਾਪਰਸ ਨੂੰ ਬਗਾਵਤ ਕੁਚਲਣ ਦਾ ਹੁਕਮ ਦਿੱਤਾ। ਰੋਜ਼ਾ ਲਕਜਮਬਰਗ ਤੇ ਕਾਰਲ ਲੀਬ ਨੇ ਖਤ ਗ੍ਰਿਫ਼ਤਾਰ ਕਰ ਲਏ ਗਏ। ਜ਼ਾਲਮ ਤਸੀਹੇ ਦੇਣ ਪਿੱਛੋਂ ਬਿਨਾਂ ਮੁਕੱਦਮਾ ਚਲਾਏ

ਦੋਹਾਂ ਦੀ ਹੱਤਿਆ ਕਰ ਦਿੱਤੀ ਗਈ। ਚਾਰ ਮਹੀਨਿਆਂ ਪਿੱਛੋਂ ਰੋਜ਼ਾ ਲਕਜਮਬਰਗ ਦੀ ਲਾਸ਼ ਬਰਾਮਦ ਹੋਈ। ਸੈਂਕੜੇ ਹੋਰ ਜਰਮਨ ਕਮਿਊਨਿਸਟਾਂ ਦੇ ਕਤਲ ਵੀ ਇਸੇ ਤਰ੍ਹਾਂ ਕੀਤੇ ਗਏ। ਇਸ ਤਰ੍ਹਾਂ ਗਦਾਰ ਸਮਾਜਕ ਜਨਵਾਦੀਆਂ ਨੇ ਜਰਮਨੀ ਦੇ ਇਨਕਲਾਬ ਨੂੰ ਖ਼ੂਨ ਵਿਚ ਡੁਬੋ ਦਿੱਤਾ। ਰੋਜਾ ਲਕਜਮਬਰਗ ਇਕ ਜਾਂਬਾਜ ਪ੍ਰੋਲੇਤਾਰੀ ਯੋਧਾ ਸੀ। ਉਨ੍ਹਾਂ ਦੇ ਕਤਲ ’ਤੇ ਰੂਸੀ ਕ੍ਰਾਂਤੀ ਦੇ ਨੇਤਾ ਲੈਨਿਨ ਨੇ ਲਿਖਿਆ ਅੱਜ ਬਰਲਿਨ ਵਿਚ ਪੂੰਜੀਪਤੀ ਤੇ ਸਮਾਜਕ ਜਨਵਾਦੀ ਜਸ਼ਨ ਮਨਾ ਰਹੇ ਹਨ। ਉਹ ਕਾਰਲ ਲੀਬਨੇਖਤ ਤੇ ਰੋਜਾ ਲਕਜ਼ਮਬਰਗ ਦਾ ਸ਼ਿਕਾਰ ਕਰਨ ਲਈ ਉਨ੍ਹਾਂ ਨੂੰ ਕਸਾਈਖਾਨੇ ਪਹੁੰਚਾਇਆ, ਨੇ ਹੁਣ ਪ੍ਰੋਲੇਤਾਰੀ ਨੇਤਾਵਾਂ ਦੇ ਕਾਤਲਾਂ ਦੀ ਭੂਮਿਕਾ ਅਪਣਾ ਲਈ ਹੈ। ਜਰਮਨੀ ਦੀ ਉਦਾਹਰਣ ਦੱਸਦੀ ਹੈ ਕਿ ਜਨਵਾਦ ਸਿਰਫ ਪੂੰਜੀਵਾਦ ਲੁੱਟ ਤੇ ਬੇਰਹਿਮ ਹਿੰਸਾ ਦਾ ਗਧੀ ਗੇੜ ਹੈ, ਕਸਾਈਆਂ ਦਾ ਨਾਸ਼ ਹੋਵੇ। ਰੋਜਾ ਇਕ ਮਹਾਨ ਪ੍ਰੋਲੇਤਾਰੀ ਨੇਤਾ ਸੀ। ਇਹ ਸਹੀ ਹੈ ਕਿ ਕੁੱਝ ਮੌਕਿਆਂ ’ਤੇ ਉਨ੍ਹਾਂ ਨੇ ਕੁੱਝ ਗਲਤੀਆਂ ਕੀਤੀਆਂ ਪਰ ਉਨ੍ਹਾਂ ਦੀ ਇਨਕਲਾਬੀ ਸੋਚ ਦੇ ਮੁਕਾਬਲੇ ਉਨ੍ਹਾਂ ਦੀਆਂ ਗਲਤੀਆਂ ਬਹੁਤ ਛੋਟੀਆਂ ਸਨ। ਉਨ੍ਹਾਂ ਦਾ ਮੁਲਅੰਕਣ ਕਰਦੇ ਹੋਇਆਂ ਰੂਸੀ ਇਨਕਲਾਬ ਦੇ ਨੇਤਾ ਲੈਨਿਨ ਨੇ ਉਨ੍ਹਾਂ ਨੂੰ ਗਲਤੀਆਂ ਦੇ ਬਾਵਜੂਦ ਉੱਚ ਕੋਟੀ ਦੀ ਪ੍ਰੋਲੇਤਾਰੀ ਯੋਧਾ ਕਿਹਾ ਤੇ ਉਸ ਦੇ ਅੰਨੇ ਅਲੋਚਕਾਂ ਦੀ ਨਿੰਦਾ ਕੀਤੀ।

ਲੈਨਿਨ ਨੇ ਆਖਿਆ – ‘‘ਬਾਜ ਕਦੀ ਕਦੀ ਮੁਰਗੀਆਂ ਤੋਂ ਨੀਵੀਆਂ ਉਡਾਣਾਂ ਭਰ ਸਕਦੇ ਹਨ ਪਰ ਮੁਰਗੀਆਂ ਕਦੀ ਵੀ ਬਾਜ ਦੇ ਬਰਾਬਰ ਉਚਾਈ ਤੇ ਨਹੀਂ ਉੱਠ ਸਕਦੀਆਂ ਹਨ। ... ਆਪਣੀਆਂ ਗਲਤੀਆਂ ਦੇ ਬਾਵਜੂਦ ਉਹ ਸਾਡੇ ਲਈ ਬਾਜ ਸੀ ਅਤੇ ਰਹੇਗੀ। ਨਾ ਸਿਰਫ਼ ਦੁਨੀਆਂ ਭਰ ਦੇ ਕਮਿਊਨਿਸਟ ਉਨ੍ਹਾਂ ਦੀ ਯਾਦ ਨੂੰ ਜਿੰਦਾ ਰੱਖਣਗੇ ਬਲਕਿ ਉਨ੍ਹਾਂ ਦੀ ਜੀਵਨੀ ਤੇ ਉਨ੍ਹਾਂ ਦਾ ਪੂਰਾ ਕੰਮ ਪੂਰੀ ਦੁਨੀਆਂ ਦੇ ਕਮਿਊਨਿਸਟਾਂ ਦੀਆਂ ਕਈ ਪੀੜੀਆਂ ਨੂੰ ਸਿਖਲਾਈ ਦੇਣ ਲਈ ਮਹੱਤਵਪੂਰਨ ਸਮੱਗਰੀ ਦਾ ਕੰਮ ਕਰਨਗੇ।

# ਔਰਤਾਂ ਲਈ ਸਹੀਂ ਨੁਮਾਇੰਦਗੀ ਕਿਉਂ ਨਹੀਂ

ਅਜੇ 24 ਮਾਰਚ ਦੀ ਗੱਲ ਹੈ ਕਿ ਨਵੀਂ ਦਿੱਲੀ ਵਿਚ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰ ਮਾਮਲੇ ਦੀ ਮੁਖੀ ਨਵਨੀਤਮ ਪਿੱਲੈ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਇਕ ਬੈਠਕ ਨੂੰ ਸੰਬੋਧਿਤ ਕਰ ਰਹੀ ਸੀ। ਬੈਠਕ 'ਚ ਪਿੱਲੈ ਨੇ ਇਕ ਅਸਹਿ ਤੱਥ ਵੱਲ ਆਪਣਾ ਧਿਆਨ ਖਿੱਚਿਆ। ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰ ਦੀ ਰਾਖੀ ਦਾ ਜਿੰਮਾ ਸੰਭਾਲ ਰਹੀ ਦੇਸ਼ ਦੀ ਸਿਖਰ ਸੰਸਥਾ ਯਾਨੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (NHRB) ਅਤੇ ਸੁਪਰੀਮ ਕੋਰਟ 'ਚ ਇਕ ਵੀ ਔਰਤ ਮੈਂਬਰ ਨਹੀਂ ਹੈ। ਅੱਜ ਜਦੋਂ ਅਸੀਂ ਪੰਦਰਵੀਂ ਲੋਕ ਸਭਾ ਦੇ ਨਤੀਜਿਆਂ ਦੀ ਉਡੀਕ ਵਿਚ ਹਾਂ ਅਤੇ ਦੇਖ ਰਹੇ ਹਾਂ ਸੱਠ ਤੋਂ ਵੱਧ ਸਾਲ ਬੀਤ ਜਾਣ ਪਿੱਛੋਂ ਵੀ ਦੇਸ਼ ਦੀ ਸਭ ਤੋਂ ਉੱਚੀ ਵਿਧਾਇਕਾ 'ਚ ਔਰਤਾਂ ਦੀ ਗਿਣਤੀ ਅੱਠ ਫੀਸਦੀ ਤੋਂ ਘੱਟ ਹੈ, ਤਾਂ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਲੱਗਦੀ। ਸਾਲ 2004 ਵਿਚ ਜਦ ਯੂ. ਪੀ. ਏ. ਸੱਤਾ 'ਚ ਆਈ ਸੀ ਤਾਂ ਉਸ ਨੇ ਔਰਤ ਰਾਖਵੇਂਕਰਨ ਦਾ ਵਾਅਦਾ ਕੀਤਾ ਸੀ। ਪਰ ਉਹਨਾਂ ਦੀਆਂ ਸਹਿਯੋਗੀ ਪਾਰਟੀਆਂ, ਜਨਤਾ ਦਲ (ਯੂ) ਰਾਸ਼ਟਰੀ ਜਨਤਾ ਦਲ ਦੇ ਖਾਸ ਕਰਕੇ ਸਮਾਜਵਾਦੀ ਪਾਰਟੀ ਇਸ ਬਿੱਲ ਦੇ ਘੋਰ ਵਿਰੋਧੀ ਹੋ ਗਏ ਅਤੇ ਔਰਤ ਕੋਟੇ ਵਿਚ ਵੀ ਜਾਤੀਗਤ ਕੋਟੇ ਦੀ ਮੰਗ ਕਰਨ ਲੱਗੇ। ਨੱਬੇ ਦੇ ਦਹਾਕੇ ਵਿਚ ਜਦ ਇਸ ਮੁੱਦੇ 'ਤੇ ਪਹਿਲਾਂ-ਪਹਿਲ ਬਹਿਸ ਹੋਈ ਤਾਂ ਸ਼ਰਦ ਯਾਦਵ ਨੇ ਇਕ ਅਪਮਾਨ ਜਨਕ ਟਿੱਪਣੀ ਕੀਤੀ ਸੀ। ਹੋਰ ਪਿਛੜੀਆਂ ਜਾਤੀਆਂ ਦੇ ਕਈ ਹੋਰ ਨੇਤਾਵਾਂ ਨੇ ਵੀ ਇਸ ਮੁੱਦੇ 'ਤੇ ਜਿਸ ਪਿਛੜੀ ਰੂੜੀਵਾਦੀ ਮਾਨਸਿਕਤਾ ਵਿਖਾਈ ਉਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਉਹ ਅਹਿਮ ਮਾਮਲੇ ਵਿਚ ਔਰਤਾਂ ਨੂੰ ਬਰਾਬਰੀ ਦੇ ਹੱਕ ਦੇਣ ਦੇ ਪੱਖ ਵਿਚ ਨਹੀਂ ਹਨ। ਇਸ ਮੁੱਦੇ 'ਤੇ ਭਾਰਤੀ ਜਨਤਾ ਪਾਰਟੀ ਨੇ ਵੀ ਤੇਜ਼ੀ ਨਾਲ ਉਹੀ ਰਾਹ ਫੜਿਆ ਅਤੇ ਆਪਣੇ ਕੱਟੜ ਤੱਤਾਂ ਸਾਹਮਣੇ ਗੋਡੇ ਟੇਕਦਿਆਂ ਬਿੱਲ ਨੂੰ ਠੰਡੇ ਬਸਤੇ ਵਿਚ ਪਾ ਦਿੱਤਾ। ਰਾਸ਼ਟਰੀ ਸੋਇੰਮ ਸੇਵਕ ਸੰਘ (R.S.S) ਔਰਤਾਂ ਨੂੰ ਵੱਧ ਸੱਤਾ ਦੇਣ ਦੀ ਵਿਰੋਧੀ ਹੈ। ਸੰਘ ਨੇ 1960 'ਚ ਵੀ ਰਾਜਨੀਤੀ 'ਚ ਔਰਤਾਂ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਅਤੇ ਭਾਜਪਾ ਉਸ ਦੀ ਰਾਜਸੀ ਇਕਾਈ ਹੈ। ਭਾਜਪਾ ਦੇ ਵਿਚਾਰਕ ਮਸਲਨ ਮੁਰਲੀ ਮਨੋਹਰ ਜੋਸ਼ੀ ਤੇ ਲਾਲਮੁਨੀ ਚੌਬੇ ਔਰਤ ਰਾਖਵੇਂਕਰਨ ਦਾ ਵਿਰੋਧ ਕਰਦੇ ਹਨ ਅਤੇ ਖੁਲ੍ਹੇਆਮ ਕਹਿ ਚੁੱਕੇ ਹਨ ਕਿ ਔਰਤਾਂ ਨੂੰ ਰਾਖਵੇਂਕਰਨ ਦੇਣਾ ਸੰਸਦੀ ਸੀਟਾਂ ਦੀ ਬਰਾਬਰੀ ਹੋਵੇਗੀ। ਇਥੋਂ ਤੱਕ ਕਿ ਔਰਤ ਰਾਖਵੇਂਕਰਨ ਦੀ ਜੁਬਾਨੀ ਹਮਾਇਤ ਕਰਨ ਵਾਲੇ ਖੱਬੇ ਪੱਖੀ ਨੇਤਾ ਤੇ ਮਾਕਾਪਾ ਦੇ ਔਰਤ ਮੋਰਚੇ ਦੀ ਨੇਤਾ ਵਰਿੰਦਾ ਕਰਤ ਨੇ ਵੀ ਔਰਤ ਰਾਖਵੇਂਕਰਨ ਸੰਬੰਧੀ ਯੂ. ਪੀ. ਏ. ਦੀ ਵਾਅਦਾ ਖਿਲਾਫੀ ਨੂੰ ਕਦੀ ਅਹਿਮ ਮੁੱਦਾ ਨਹੀਂ ਬਣਾਇਆ। ਜਥੇਬੰਦ ਖੱਬੇ ਨਾ ਤਾਂ ਲਿੰਗਕ ਨੁਮਾਇੰਦਗੀ ਦੇ ਖੁੱਲ੍ਹੇ ਸਮਰੱਥਕ ਰਹੇ ਹਨ ਅਤੇ ਨਾ ਹੀ ਉਹਨਾਂ ਨੇ ਔਰਤਾਂ ਨਾਲ ਜੁੜੇ ਹੋਰ ਮਾਮਲਿਆਂ ਨੂੰ ਕੌਮੀ ਪੱਧਰ ਤੇ ਉਠਾਇਆ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਸੰਸਦ 'ਚ ਔਰਤਾਂ ਦੀ ਗਿਣਤੀ ਨੂੰ ਵਧਾਉਣ ਦੀ ਕੋਸ਼ਿਸ਼ ਵਾਰ-ਵਾਰ ਅਸਫਲ ਹੁੰਦੀ ਰਹੀ ਹੈ। ਲੋਕ ਸਭਾ ਕੌਮੀ ਪੱਧਰ 'ਤੇ ਚੁਣੇ ਨੁਮਾਇੰਦਿਆਂ ਦਾ ਅਦਾਰਾ ਹੈ। ਪਰ 542 ਮੈਂਬਰਾਂ

ਵਾਲੀ ਮੌਜੂਦਾ ਲੋਕ ਸਭਾ 'ਚ ਔਰਤਾਂ ਦੀ ਕੁੱਲ ਗਿਣਤੀ 45 ਸੀ ਜੋ 10 ਫੀਸਦੀ ਤੋਂ ਵੀ ਘੱਟ ਹੈ। ਇਥੋਂ ਤੱਕ ਕਿ 242 ਮੈਂਬਰਾਂ ਵਾਲੀ ਰਾਜ ਸਭਾ 'ਚ ਵੀ ਔਰਤਾਂ ਦੀ ਗਿਣਤੀ ਸਿਰਫ 28 ਹੈ ਜਦਕਿ ਇਹ ਉਹ ਸਦਨ ਹੈ ਜਿਥੇ ਨੁਮਾਇੰਦੇ ਨਿਯੁਕਤੀ ਰਾਹੀਂ ਵੀ ਆਉਂਦੇ ਹਨ ਅਤੇ ਇਸ ਕਾਰਨ ਉਥੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੇ ਖੇਤਰਾਂ ਦੇ ਨੁਮਾਇੰਦਿਆਂ ਨੂੰ ਨੁਮਾਇੰਦਗੀ ਮਿਲ ਸਕਦੀ ਹੈ। ਔਰਤ ਰਾਖਵੇਂਕਰਨ ਦੀ ਬਹਿਸ ਇਕ ਦਹਾਕੇ ਪਹਿਲਾਂ ਸ਼ੁਰੂ ਹੋਈ ਸੀ। ਸੰਸਦ 'ਚ ਇਸ ਮੁੱਦੇ ਨੂੰ ਲੈ ਕੇ ਵਿਰੋਧੀ ਸੰਸਦਾਂ ਨੇ ਵਾਰ-ਵਾਰ ਸ਼ਰਮਨਾਕ ਰਾਜਸੀ ਝਮੇਲੇ ਨੂੰ ਜਨਮ ਦਿੱਤਾ ਅਤੇ ਖੂਬ ਹੱਲਾ ਮਚਾਇਆ। ਇਕ ਤੋਂ ਬਾਅਦ ਦੂਜੀ ਸਰਕਾਰ ਨੇ ਇਸ ਸੰਬੰਧੀ ਖੂਬ ਯੋਜਨਾਵਾਂ ਬਣਾਈਆਂ ਮੀਟਿੰਗਾਂ ਕੀਤੀਆਂ ਪਰ ਉਨ੍ਹਾਂ ਤੋਂ ਕਦੀ ਕੁਝ ਨਹੀਂ ਨਿਕਲਿਆ। ਆਖਰਕਾਰ! ਆਖਰਕਾਰ ਲੋਕ ਰਾਜੀ ਨੁਮਾਇੰਦਗੀ ਦੇ ਇਸ ਮੁੱਦੇ 'ਚ ਐਸਾ ਕੀ ਹੈ ਜੋ ਸਾਡੀਆਂ ਸਾਰੀਆਂ ਪਾਰਟੀਆਂ, ਚਾਹੇ ਉਹ ਖੱਬੇ ਹੋਣ ਜਾਂ ਸੱਜੇ ਜਾਂ ਮੱਧ ਮਾਰਗੀ ਇਸ ਕਦਰ ਪ੍ਰੇਸ਼ਾਨ ਹਨ। ਅਸੀਂ ਜਾਣਦੇ ਹਾਂ ਕਿ ਔਰਤਾਂ ਖਿਲਾਫ਼ ਹਿੰਸਾ ਦਿਨ-ਬ-ਦਿਨ ਵੱਧ ਰਹੀ ਹੈ। 2001 ਦੀ ਮਰਦਮ ਸ਼ੁਮਾਰੀ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਅਮੀਰਾਂ, ਉੱਚ ਜਾਤੀਆਂ ਦੇ ਹਿੰਦੂਆਂ ਤੇ ਸਿੱਖ ਫਿਰਕਿਆਂ ਵਿਚ ਮਾਦਾ-ਭਰੂਣ ਹੱਤਿਆਂ ਦੀ ਦਰ ਵੱਧ ਰਹੀ ਹੈ (ਗੁਜਰਾਤ ਦੇ ਮੇਹਸਾਣਾ, ਸਾਂਗਲੀ, ਮੁੰਬਈ, ਹਰਿਆਣਾ ਅਤੇ ਪੰਜਾਬ 'ਚ ਇਹ ਰੁਝਾਣ ਵੱਧ ਵੇਖਿਆ ਜਾ ਰਿਹਾ ਹੈ।)

ਹਾਲਾਂਕਿ ਔਰਤਾਂ ਨੂੰ ਵੋਟ ਦਾ ਅਧਿਕਾਰ ਤਾਂ ਹੈ ਪਰ ਅਸੀਂ ਸਰਕਾਰੀ ਤੇ ਨੀਤੀਗਤ ਪੱਧਰ 'ਤੇ ਲਿੰਗਕ ਭੇਦਭਾਵ ਦੇ ਮੁੱਦੇ ਨੂੰ ਹਮੇਸ਼ਾ ਨਕਾਰਦੇ ਰਹੇ। ਇਸ ਦੀ ਮੁੱਖ ਵਜ੍ਹਾ ਇਹ ਸੀ ਕਿ ਰਾਜਸੀ ਪਾਰਟੀਆਂ ਨੇ ਆਪਣੀਆਂ ਨੀਤੀਆਂ ਦਾ ਉਸਾਰੀ ਅਮਲ ਅਤੇ ਕੇਂਦਰੀ ਤੇ ਰਾਜ ਵਿਧਾਇਕਾਂ 'ਚ ਔਰਤਾਂ ਨੂੰ ਸਹੀ ਥਾਂ ਦੇਣ 'ਚ ਕੋਤਾਹੀ ਕੀਤੀ। ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਭਾਰਤ ਨੂੰ ਘਰੇਲੂ ਹਿੰਸਾ ਬਿੱਲ ਨੂੰ ਮੰਜੂਰੀ ਦੇਣ 'ਚ 58 ਸਾਲ ਲੱਗ ਗਏ ਜਦਕਿ ਦੇਸ਼ ਦੀਆਂ 40 ਫੀਸਦੀ ਔਰਤਾਂ ਇਸ ਦਾ ਸ਼ਿਕਾਰ ਹਨ। ਸੰਸਦ, ਸੁਪਰੀਮ ਕੋਰਟ ਅਤੇ ਮਨੁੱਖੀ ਅਧਿਕਾਰ ਕਮਿਸ਼ਨ 'ਚ ਔਰਤਾਂ ਦੀ ਗੈਰ-ਹਾਜ਼ਰੀ ਇਕ ਸਚਾਈ ਹੈ ਪਰ ਦੇਸ਼ ਦੀਆਂ ਹਜ਼ਾਰਾਂ ਪੰਚਾਇਤਾਂ ਦੀ ਨੁਮਾਇੰਦਗੀ ਔਰਤਾਂ ਕਰ ਰਹੀਆਂ ਹਨ ਅਤੇ ਕਈ ਸੂਬਿਆਂ 'ਚ ਮੁੱਖ ਮੰਤਰੀ ਦੀ ਕੁਰਸੀ ਜਾਂ ਤਾਂ ਉਹ ਸੰਭਾਲ ਰਹੀਆਂ ਹਨ ਜਾਂ ਸੰਭਾਲ ਚੁੱਕੀਆਂ ਹਨ। ਜਦ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਭਾਰਤ ਆਏ ਸਨ ਅਤੇ ਰਾਜਸਥਾਨ ਦੀਆਂ ਪੰਚਾਇਤਾਂ ਦੀਆਂ ਔਰਤਾਂ ਨੁਮਾਇੰਦਿਆਂ ਨਾਲ ਗੱਲ ਕਰ ਰਹੇ ਸਨ ਤਾਂ ਇਹ ਗੱਲਾਂ ਅਖ਼ਬਾਰਾਂ ਦੇ ਪਹਿਲੇ ਸਫੇ ਦੀਆਂ ਸੁਰਖੀਆਂ ਬਣੀਆਂ ਸਨ। ਇਸ ਦੇ ਫੌਰਨ ਪਿੱਛੋਂ ਪੇਂਡੂ ਔਰਤਾਂ ਅਤੇ ਉਨ੍ਹਾਂ ਦੇ ਸਰੋਕਾਰਾਂ ਅਤੇ ਸਮੱਸਿਆਵਾਂ ਦੇ ਹੱਲ ਵੱਲ ਲੋਕਾਂ ਦਾ ਧਿਆਨ ਗਿਆ। ਔਰਤਾਂ ਨੂੰ ਪੰਚਾਇਤ ਪੱਧਰ 'ਤੇ ਭਾਗੀਦਾਰੀ ਕਰਨ ਤੇ ਖੇਤਰੀ ਨੇਤਾਵਾਂ ਵਜੋਂ ਉਭਰਨ ਦੀ ਕਦੀ-ਕਦੀ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਮੱਧ ਪ੍ਰਦੇਸ਼ 'ਚ ਔਰਤਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਵਾਲਾ ਕਾਨੂੰਨ ਲਾਗੂ ਹੋਣ ਦੇ ਕੁਝ ਸਾਲਾਂ ਅੰਦਰ ਹੀ ਇਸ ਦੇ ਮਾੜੇ ਸਿੱਟੇ ਵੇਖਣ ਨੂੰ ਮਿਲੇ ਇਸ ਸੂਬੇ ਦੀ ਇਕ ਦਲਿਤ ਔਰਤ ਸਰਪੰਚ ਨੂੰ ਇਸ ਲਈ ਨੰਗਾ ਘੁਮਾਇਆ ਗਿਆ ਕਿ ਉਸ ਨੇ ਗਣਤੰਤਰ ਦਿਵਸ 'ਤੇ ਝੰਡਾ ਲਹਿਰਾਉਣ ਦੀ ਜੁਅਰਤ ਕੀਤੀ ਸੀ। ਸਾਲ 1976

ਵਿਚ ਭਾਰਤੀ ਔਰਤਾਂ ਦੀ ਦਸ਼ਾ ਸੰਮਤੀ (ਕਮੇਟੀਆਨ ਦਾ ਸਟੇਟਸ਼ ਆਫ ਵੁਮੈਂਨ-ਸੀ. ਐੱਸ. ਡਬਲਯੂ. ਆਈ.) ਦੀ ਰਿਪੋਰਟ ਵਿਚ ਇਕ ਸਲਾਹ ਦਿੱਤੀ ਗਈ ਸੀ ਕਿ ਰਾਜਸੀ ਸੰਸਥਾਵਾਂ 'ਚ ਔਰਤਾਂ ਦੀ ਸ਼ਮੂਲੀਅਤ ਵਧਾਉਣ ਲਈ ਇਕ ਯਕੀਨੀ ਰਾਖਵੇਂਕਰਨ ਦੀ ਨੀਤੀ ਦੀ ਲੋੜ ਹੈ। ਇਸ ਪਿੱਛੋਂ 1998 'ਚ ਔਰਤਾਂ ਲਈ ਗਠਿਤ 'ਨੈਸ਼ਨਲ ਪ੍ਰਸਪੈਕਟਿਵ ਪਲਾਨ' 'ਚ ਸਮਝਾਇਆ ਗਿਆ ਕਿ ਦੇਸ਼ ਦੀਆਂ ਸਭ ਚੁਣਾਵੀਂ ਸੰਸਥਾਵਾਂ ਵਿਚ ਉਨ੍ਹਾਂ ਨੂੰ 30 ਫੀਸਦੀ ਰਾਖਵਾਂਕਰਨ ਦਿੱਤਾ ਜਾਵੇ। ਨਾਰੀ ਸਮਰੱਥਕਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਚਾਇਤਾਂ ਵਿਚ ਰਖਵਾਂਕਰਨ ਨੀਤੀ ਨੂੰ ਬਣਾਈ ਰੱਖਣ ਨਾਲ ਜ਼ਮੀਨੀ ਪੱਧਰ 'ਤੇ ਉਨ੍ਹਾਂ ਦੀ ਰਾਜਸੀ ਸ਼ਮੂਲੀਅਤ ਨੂੰ ਉਤਸ਼ਾਹ ਮਿਲੇਗਾ। ਇਸ ਮੰਗ 'ਤੇ ਹੀ 1993 'ਚ ਤਿਹਤਰਵੀਂ ਤੇ ਚੌਹੋਤਰਵੀਂ ਸੋਧਾਂ ਹੋਈਆਂ। ਹਾਲਾਂਕਿ ਭਾਰਤ ਵਿਚ ਲਿੰਗਕ ਨਿਆਂ ਲਈ ਨੁਮਾਇੰਦਗੀ ਦੀ ਗੱਲ ਅੱਗੇ ਵਧੀ ਹੈ ਪਰ ਚੋਟੀ ਦੀਆਂ ਰਾਜਸੀ ਸੰਸਥਾਵਾਂ ਵਿਚ ਐਸੀ ਵਿਵਸਥਾ ਦਾ ਵਿਰੋਧ ਕਾਫੀ ਡੂੰਘਾ ਹੈ। ਔਰਤਾਂ ਨੂੰ ਰਾਖਵੀਂ ਨੁਮਾਇੰਦਗੀ ਦੇਣ ਪਿੱਛੇ ਕਈ ਤਰਕ ਹਨ। ਪਹਿਲਾਂ ਇਹ ਕਿਉਂਕਿ ਔਰਤਾਂ ਅੱਧੀ ਨੁਮਾਇੰਦਗੀ ਕਰਦੀਆਂ ਇਸ ਲਈ ਸੱਤਾ ਤੇ ਨੀਤੀਆਂ ਵਿਚ ਸ਼ਾਮਲ ਹੋਣਾ ਉਨ੍ਹਾਂ ਦਾ ਬੁਨਿਆਦੀ ਮਨੁੱਖੀ ਅਧਿਕਾਰ ਹੈ। ਦੂਜਾ ਇਹ ਕਿ ਔਰਤਾਂ ਦੇ ਸਮਾਜਿਕ ਜੈਵਿਕ ਤੇ ਆਰਥਿਕ ਅਨੁਭਵ ਵਿਸ਼ਾਲ ਹੁੰਦੇ ਹਨ ਜਿਨ੍ਹਾਂ ਨੂੰ ਨੀਤੀਆਂ ਘੜਨ ਤੇ ਹਕੂਮਤੀ ਪ੍ਰਣਾਲੀ 'ਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਤੀਜਾ ਇਹ ਕਿ ਸੱਤਾ 'ਚ ਸਥਾਨ ਬਣਾਉਣ ਵਾਲੀਆਂ ਔਰਤਾਂ ਹੋਰਨਾਂ ਔਰਤਾਂ ਲਈ ਪ੍ਰੇਰਨਾ ਸਰੋਤ ਹੋਣਗੀਆਂ। ਵਿਸ਼ਵੀ ਪੱਧਰ 'ਤੇ ਵੀ ਅਧੁਨਿਕਤਾ, ਪ੍ਰਜਾਤੰਤਰ ਤੇ ਨੁਮਾਇੰਦਗੀ ਸੰਬੰਧੀ ਭੇਦ-ਭਾਵ ਦੀ ਗੱਲ ਪ੍ਰਮੁੱਖਤਾ ਨਾਲ ਦਿੱਸਦੀ ਹੈ। ਇਕ ਪਾਸ ਜਿਥੇ ਫਰਾਂਸ ਤੇ ਸਵੀਡਨ ਦੇ ਕੁਲ ਜਨਤਕ ਅਹੁਦਿਆਂ 'ਚੋਂ ਅੱਧੇ, ਤੇ ਔਰਤਾਂ ਬਿਰਾਜਮਾਨ ਹਨ। ਉਥੇ ਦੂਜੇ ਪਾਸੇ ਜਪਾਨ ਦੀ ਸੰਸਦ ਵਿੱਚ ਔਰਤਾਂ ਦੀ ਹਾਜ਼ਰੀ ਸਿਰਫ 4 ਫੀਸਦੀ ਹੈ। ਸਾਡੇ ਸੰਵਿਧਾਨ ਤੇ ਕਾਨੂੰਨ 'ਚ ਔਰਤ ਤੇ ਮਰਦ ਨੂੰ ਬਰਾਬਰ ਮੰਨਿਆ ਗਿਆ ਹੈ ਪਰ ਸੱਚਾਈ ਕੌੜੀ ਹੈ। ਲਿੰਗਕ ਵਿਕਾਸ ਦੇ ਮਾਮਲੇ 'ਚ ਭਾਰਤ ਦੁਨੀਆਂ ਦੇ 162 ਮੁਲਕਾਂ ਦੀ ਸੂਚੀ 'ਚ 115ਵੇਂ ਨੰਬਰ ਤੇ ਹੈ। ਸਾਡਾ ਵੰਸ਼ਵਾਦੀ ਸਮਾਜ ਔਰਤਾਂ ਖਿਲਾਫ਼ ਦਹੇਜ਼, ਘਰੇਲੂ ਹਿੰਸਾ, ਮਾਦਾ ਭਰੂਣ ਹੱਤਿਆ ਵਰਗੇ ਹਿੰਸਾਤਮਕ ਸਭਿਆਚਾਰ ਨੂੰ ਢੋਹ ਰਿਹਾ ਹੈ। ਲਿੰਗਕ ਨਿਆਂ ਦੇ ਮੁੱਦੇ 'ਤੇ ਅਤਿਆਚਾਰੀ ਤੇ ਅਤਿਆਚਾਰ ਦੇ ਭੋਗੀ ਦੋਨੋਂ ਹੀ 'ਆਪਣੀਆਂ' ਔਰਤਾਂ ਨੂੰ ਬਰਾਬਰ ਦੇ ਹੱਕਾਂ ਤੋਂ ਵਾਂਝਿਆ ਰੱਖਣ ਸੰਬੰਧੀ ਇਕ ਹੈ। ਇਹੀ ਕਾਰਨ ਹੈ ਕਿ ਦੇਸ਼ ਦੀਆਂ ਦਲਿਤ ਤੇ ਮੁਸਲਿਮ ਔਰਤਾਂ ਗਰੀਬੀ ਅਤੇ ਆਪਣੇ ਧਾਰਮਿਕ-ਜਾਤੀ ਦਬਾਵਾਂ ਕਾਰਨ ਆਮ ਨਾਲੋਂ ਤਿੰਨ ਗੁਣਾਂ ਵੱਧ ਪੀੜਤ ਹਨ। ਪੇਂਡੂ ਖੇਤਰਾਂ 'ਚ ਖਾਸ ਕਰਕੇ ਦਲਿਤਾਂ, ਆਦੀਵਾਸੀਆਂ ਤੇ ਘੱਟ ਗਿਣਤੀ ਫਿਰਕਿਆਂ ਦੀਆਂ ਲੜਕੀਆਂ ਵਿਚ ਅਨਪੜਤਾ ਬਹੁਤ ਵੱਡੀ ਸਮੱਸਿਆ ਹੈ। ਪੋਸ਼ਣ ਸੰਬੰਧੀ ਵੀ ਮਾਤਾ-ਪਿਤਾ ਲੜਕੀਆਂ ਦੇ ਮੁਕਾਬਲੇ ਲੜਕਿਆਂ ਦਾ ਵੱਧ ਖਿਆਲ ਰੱਖਦੇ ਹਨ। ਮਹਾਰਾਸ਼ਟਰ ਸਿਰਫ ਇਕ ਅਪਵਾਦ ਹੈ। ਜਿਸ ਨੇ ਲੜਕੀਆਂ ਲਈ ਸਨਾਤਕ ਤੱਕ ਮੁਫਤ ਸਿੱਖਿਆ ਦਾ ਪ੍ਰਬੰਧ ਕੀਤਾ ਹੈ।

ਰਾਜਸਥਾਨ ਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿਚ ਆਬਾਦੀ ਕੰਟਰੋਲ ਲਈ ਪ੍ਰਤੀ ਪਰਿਵਾਰ ਦੋ ਬੱਚਿਆਂ ਦੀ ਜੋ ਨੀਤੀ ਅਪਣਾ ਰੱਖੀ ਹੈ ਉਸ ਦਾ ਸ਼ਿਕਾਰ ਔਰਤਾਂ

ਵੀ ਹੋ ਰਹੀਆਂ ਹਨ ਅਤੇ ਅਤੇ ਗੈਰ-ਸਿਹਤਮੰਦ ਸਥਿਤੀਆਂ 'ਚ ਨਲਬੰਦੀ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਸਿਹਤ, ਸਿੱਖਿਆ ਤੇ ਪ੍ਰੀਵਾਰ ਨਿਯੋਜਨ ਲਈ ਜਾਗਰੂਕਤਾ ਫੈਲਾਉਣ ਦੀ ਬਜਾਏ ਕਈ ਸਰਕਾਰਾਂ ਆਬਾਦੀ ਵਾਧੇ ਨੂੰ ਘੱਟ ਕਰਨ ਲਈ ਸ਼ਾਰਟਕੱਟ ਦਾ ਸਹਾਰਾ ਲੈਂਦੀਆਂ ਹਨ। ਜਿਸ ਨਾਲ ਔਰਤ ਆਬਾਦੀ ਦਾ ਅਨੁਪਾਤ ਖਤਰੇ ਵਿਚ ਪੈਂਦਾ ਹੈ। ਜੇ ਸੰਸਦ 'ਚ 33 ਫੀਸਦੀ ਔਰਤਾਂ ਦੀ ਨੁਮਾਇੰਦਗੀ ਹੋਵੇਗੀ ਤਾਂ ਕੀ ਇਸ ਤਰ੍ਹਾਂ ਦੀਆਂ ਔਰਤ ਵਿਰੋਧੀ ਨੀਤੀਆਂ ਬਿਨ੍ਹਾਂ ਸੁਆਲ ਉਠਾਏ ਪਾਸ ਹੋ ਸਕਣਗੀਆਂ? ਜੇ ਅਜਿਹਾ ਹੋਵੇਗਾ ਤਾਂ ਕੀ ਲੋਕਾਂ ਸੰਬੰਧੀ ਬਣਾਈਆਂ ਜਾਣ ਵਾਲੀਆਂ ਨੀਤੀਆਂ ਦੇ ਬੇਮੰਚ ਨੂੰ ਠੀਕ ਕਰਨ ਦੀ ਸੰਭਾਵਨਾ ਵੱਧ ਨਹੀਂ ਹੋਵੇਗੀ? ਹਾਲਾਂਕਿ ਇਹ ਵੀ ਜ਼ਰੂਰੀ ਹੈ ਕਿ ਔਰਤ ਅੰਦੋਲਨ ਰਾਹੀਂ ਔਰਤ ਨੁਮਾਇੰਦਿਆਂ 'ਤੇ ਦਬਾਅ ਬਣਾਇਆ ਜਾਵੇ ਤਾਂ ਕਿ ਵਿਆਪਕ ਲਿੰਗਕ ਮੁੱਦੇ ਬਹਿਸਾਂ 'ਚ ਸ਼ਾਮਲ ਹੋ ਸਕਣ।

# ਝਾਰਖੰਡ ਤੋਂ ਹਰਿਆਣੇ ਵੱਲ ਲੜਕੀਆਂ ਦੀ ਤਸਕਰੀ

ਨੂੰਹ (ਮੇਵਾਤ, ਹਰਿਆਣਾ) ਦੇ ਚੌਕ ਚੁਰਾਹੇ, ਬੱਸ ਅੱਡੇ 'ਤੇ ਇਕੱਲੀ ਆਦਿਵਾਸੀ ਲੜਕੀ ਬੌਂਦੁਲੀ ਜਿਹੀ ਡਰੀ ਹੋਈ ਘੁੰਮ ਰਹੀ ਹੈ। ਭਟਕਦੇ ਭਟਕਦੇ ਉਹ ਇੰਨੀ ਬਦਹਵਾਸ ਹੋ ਚੁੱਕੀ ਹੈ ਕਿ ਆਪਣਾ ਨਾਂ ਤੱਕ ਵੀ ਦੱਸਣਾ ਨਹੀਂ ਚਾਹੁੰਦੀ। ਡੂੰਘੀਆਂ ਧਸੀਆਂ ਹੋਈਆਂ ਉਸ ਦੀਆਂ ਅੱਖਾਂ 'ਚ ਬੇ ਵਿਸ਼ਵਾਸੀ ਭਰੀ ਹੈ। ਕੁੱਝ ਹੀ ਦਿਨ ਪਹਿਲਾਂ ਚੌਕ 'ਤੇ ਖੁੱਲ੍ਹੇਆਮ ਉਸ ਦੀ ਨਿਲਾਮੀ ਹੋ ਰਹੀ ਸੀ। ਉਸ ਦਾ ਅਖੌਤੀ ਬਾਪ ਚੌਕ 'ਤੇ ਖੜਾ ਹੋ ਕੇ ਸ਼ਰ੍ਹੇਆਮ ਉਸ ਦੀ ਬੋਲੀ ਲਾ ਰਿਹਾ ਸੀ ਇਕ ਹਜ਼ਾਰ–ਇਕ ਹਜ਼ਾਰ–ਇਕ ਹਜ਼ਾਰ – ਇਕ ਦੋ ਫਿਰ ਭੀੜ 'ਚੋਂ ਇਕ ਬੁੱਢੇ ਵਿਅਕਤੀ ਦੀ ਕਮਜ਼ੋਰ ਜਿਹੀ ਆਵਾਜ਼ ਆਈ – ਦੋ ਹਜ਼ਾਰ–1 ਬਾਪ ਉਤਸ਼ਾਹ ਨਾਲ ਚੀਕਿਆ – ਦੋ ਹਜ਼ਾਰ – ਇਕ, ਦੋ, ਤਿੰਨ – ਉਧਰੋਂ ਲੰਘਦੇ ਸਥਾਨਕ ਪੱਤਰਕਾਰ ਆਸਿਫ ਅਲੀ ਚੰਦੇਲੀ ਨੇ ਇਹ ਨਜ਼ਾਰਾ ਵੇਖਿਆ ਤੇ ਪਲ ਭਰ 'ਚ ਮਾਜਰਾ ਬਦਲ ਗਿਆ। ਪੁਲਿਸ ਆਈ ਤੇ ਭੀੜ ਗਾਇਬ। ਨਿਰੀਹ ਲੜਕੀ ਆਪਣੇ ਬਾਪ ਤੋਂ ਪਿੱਛਾ ਛੁਡਾ ਕੇ ਕਿਤੇ ਗੁੰਮ ਹੋ ਗਈ। ਨੂੰਹ 'ਚ ਪਿਛਲੇ ਦਿਨੀਂ ਝਾਰਖੰਡ ਦੀ ਇਕ ਆਦੀਵਾਸੀ ਲੜਕੀ ਇਕ ਸਮਾਜਕ ਵਰਕਰ ਨੂੰ ਮਿਲੀ। ਉਸ ਨੇ ਜੋ ਆਪਣਾ ਦੁੱਖੜਾ ਸੁਣਾਇਆ। ਉਸ ਤੋਂ ਹਰਿਆਣੇ ਦੇ ਮੇਵਾਤ ਇਲਾਕੇ ਦੀ ਸਮਾਜਕ ਢਾਂਚੇ ਦੀ ਪੋਲ ਖੁੱਲ੍ਹ ਗਈ। ਬਕੌਲ ਲੜਕੀ 'ਮੈਨੂੰ ਇਕ ਟਰੱਕ ਡਰਾਈਵਰ ਇੱਥੇ ਲਿਆਇਆ। ਇੱਥੇ ਲਿਆ ਕੇ ਮੈਨੂੰ 500 ਰੁਪਏ 'ਚ ਵੇਚ ਦਿੱਤਾ। ਕੁੱਝ ਦਿਨ ਮੈਨੂੰ ਘਰ ਰੱਖਿਆ, ਮੇਰਾ ਯੋਨ ਸੋਸ਼ਣ ਕੀਤਾ ਤੇ ਫਿਰ ਬਾਹਰ ਭਜਾ ਦਿੱਤਾ। ਉਹ ਮੈਥੋਂ ਧੰਦਾ ਕਰਵਾਉਣਾ ਚਾਹੁੰਦਾ ਸੀ, ਮੈਂ ਨਹੀਂ ਕਰਨਾ ਚਾਹੁੰਦੀ ਸੀ' ਅਨਵਰੀ ਖਾਤੂਨ ਦੀ ਉਮਰ ਹੈ 22 ਸਾਲ। ਉਹ ਮੂਲ ਰੂਪ 'ਚ ਝਾਰਖੰਡ ਦੇ ਹਜ਼ਾਰੀ ਬਾਗ਼ ਦੀ ਰਹਿਣ ਵਾਲੀ ਹੈ। ਪਿਛਲੇ ਸਾਲ ਉਸ ਨੂੰ ਮੇਵਾਤ ਜ਼ਿਲ੍ਹੇ ਦੇ ਘਾਸੇੜਾ ਪਿੰਡ 'ਚ ਲਿਆ ਕੇ ਇਕ ਅੱਧਖੜ ਉਮਰ ਦੇ ਬੰਦੇ ਦੇ ਘਰ ਬਿਠਾ ਦਿੱਤਾ। ਉਸ ਨੂੰ ਝਾਰਖੰਡ ਤੋਂ ਇਹ ਝਾਂਸਾ ਦੇ ਕੇ ਲਿਆਂਦਾ ਗਿਆ ਸੀ ਕਿ ਦੂਰ ਦੇ ਰਿਸ਼ਤੇਦਾਰਾਂ ਨੂੰ ਮਿਲਣ ਜਾਣਾ ਹੈ। ਪਰ ਇੱਥੇ ਆਉਂਦਿਆਂ ਹੀ ਉਸ ਨੂੰ ਜਬਰੀ ਅਧਖੜ ਵਿਅਕਤੀ ਨਾਲ ਵਿਆਹ ਦਿੱਤਾ। ਡਰਦੇ ਡਰਦੇ ਅਨਵਰੀ ਦੱਸਦੀ ਹੈ 'ਇਕ ਵਿਅਕਤੀ ਨੇ ਮੇਰੇ ਪਤੀ ਤੋਂ ਮੇਰੇ ਬਦਲੇ ਦਸ ਹਜ਼ਾਰ ਰੁਪਏ ਲਏ।'

ਇਹ ਸਿਰਫ ਤਿੰਨ ਲੜਕੀਆਂ ਦੀ ਕਹਾਣੀ ਹੈ। ਅਰਾਵਲੀ ਪਹਾੜੀਆਂ ਨਾਲ ਘਿਰੇ ਪੂਰੇ ਮੇਵਾਤ ਖੇਤਰ ਵਿਚ ਅਨੇਕਾਂ ਲੜਕੀਆਂ ਤਸਕਰੀ ਕਰਕੇ ਇਥੇ ਲਿਆਂਦੀਆਂ ਜਾਂਦੀਆਂ ਹਨ। ਇੱਥੇ ਲਿਆ ਕੇ ਉਨ੍ਹਾਂ ਨੂੰ ਕਿਸੇ ਕਿੱਲੇ ਨਾਲ ਬੰਨ ਦਿੱਤਾ ਜਾਂਦਾ ਹੈ ਜਾਂ ਉਨ੍ਹਾਂ ਦੀ ਨਿਲਾਮੀ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਤੋਂ ਘਰ ਵਾਲੇ ਧੰਦਾ ਕਰਵਾਉਂਦੇ ਹਨ ਜਾਂ ਦਰ ਦਰ ਭੀਖ ਮੰਗਣ 'ਤੇ ਮਜ਼ਬੂਰ ਕਰ ਦਿੰਦੇ ਹਨ। ਉਪਰੋਂ ਦੇਖਿਆ ਮਾਮਲਾ ਸਿਰਫ ਸ਼ਾਦੀ ਤੇ ਲੜਕਾ ਪੈਦਾ ਕਰਨ ਵਰਗਾ ਲੱਗਦਾ ਹੈ ਪਰ ਅੰਦਰ ਅੰਦਰ ਮੌਜ ਮਸਤੀ ਤੇ ਕਈ ਤਰ੍ਹਾਂ ਦੇ ਧੰਦੇ ਚਲਦੇ ਹਨ। ਨਾਲ ਨਾਲ ਤਸਕਰੀ ਦਾ ਮਜ਼ਬੂਤ ਤਾਣਾ ਬਾਣਾ ਵੀ ਹੈ ਜਿਸ 'ਚ ਇਥੋਂ ਦਾ ਸਮਾਜ ਲਿਪਤ ਹੈ। ਅਜਿਹੀਆਂ ਲੜਕੀਆਂ ਨੂੰ ਇਥੋਂ ਦਾ ਸਮਾਜ 'ਪਾਰੋ' ਕਹਿੰਦਾ ਹੈ, ਇਹ ਦੇਵਦਾਸ ਦੀ 'ਪਾਰੋ' ਹੈ।

ਪਾਰੋ ਭਾਵ ਸੂਬੇ ਦੀ ਸਰਹੱਦ ਪਾਰ ਤੋਂ ਆਈ ਉਹ ਲੜਕੀ ਜੋ ਖਰੀਦ ਕੇ ਵਰਤੋਂ ਲਈ ਲਿਆਈ ਜਾਂਦੀ ਹੈ। ਇਥੋਂ ਦਾ ਸਮਾਜ ਵੀ ਇਨ੍ਹਾਂ ਨੂੰ ਇੱਜ਼ਤ ਦੀ ਨਜ਼ਰ ਨਾਲ ਨਹੀਂ ਵੇਖਦਾ। ਨੂੰਹ ਦੇ ਜਾਨ ਮੁਹੰਮਦ ਦੀ ਪਤਨੀ ਰੋਹਾਨਾ ਹੁਣ ਇਥੇ ਰਸ-ਬਸ ਚੁੱਕੀ ਹੈ ਅਤੇ ਇੱਜਤਦਾਰ ਜ਼ਿੰਦਗੀ ਜਿਉਂ ਰਹੀ ਹੈ। ਉਨ੍ਹਾਂ ਨੇ ਵੀ ਹੈਦਰਾਬਾਦ ਤੋਂ 'ਪਾਰੋ' ਲਿਆ ਕੇ ਆਪਣੇ ਪੁੱਤਾਂ ਨੂੰ ਦਿੱਤੀਆਂ ਹਨ। ਪਹਿਲਾਂ ਸਿਰਫ ਰੋਹਾਨਾ ਨੂੰ 'ਪਾਰੋ' ਕਹਿੰਦੇ ਸਨ ਤਾਂ ਉਨ੍ਹਾਂ ਨੂੰ ਬੁਰਾ ਲੱਗਦਾ ਸੀ। ਹਣ ਚਾਰੋ ਬਹੂਆਂ 'ਪਾਰੋ' ਹਨ। ਇਸ ਲਈ ਰੋਹਾਨਾ ਇਕੱਲੀ ਨਹੀਂ ਹੈ। ਉਹ ਕਹਿੰਦੀ ਹੈ 'ਜਦ ਕੋਈ ਸਾਨੂੰ ਪਾਰੋ ਕਹਿੰਦਾ ਹੈ, ਤਾਂ ਸਾਨੂੰ ਬੁਰਾ ਲੱਗਦਾ ਹੈ। ਸਾਨੂੰ ਅਜੇ ਤੱਕ ਬਾਹਰਲੀਆਂ ਹੀ ਮੰਨਦੇ ਹਨ। ਅਸੀਂ ਮਾਹੌਲ ਬਦਲਣਾ ਚਾਹੁੰਦੇ ਹਾਂ। ਇਸ ਲਈ ਬਾਹਰ ਦੀਆਂ ਪੜੀਆਂ ਲਿਖੀਆਂ ਲੜਕੀਆਂ ਲਿਆਉਂਦੇ ਹਾਂ, ਚਾਹੇ ਕੋਈ ਕੁੱਝ ਕਹੇ।' ਰੋਹਾਨਾ ਦੀ ਇਕ ਬਹੂ ਜੀਨਤ ਵੀ ਪਾਰੋ ਹੈ ਜੋ ਬੜੀ ਮੁਸ਼ਕਲ ਨਾਲ ਇਥੇ ਸੈਟ ਹੋ ਸਕੀ ਹੈ। ਜੀਨਤ ਦੱਸਦੀ ਹੈ 'ਇਹ ਪੈਸੇ ਵਾਲੇ ਇੱਜਤਦਾਰ ਲੋਕ ਹਨ, ਇਸ ਲਈ ਮੈਂ ਸੁਰੱਖਿਅਤ ਜ਼ਿੰਦਗੀ ਜਿਉਂ ਰਹੀ ਹਾਂ।' ਜੀਨਤ ਖੁਸ਼ ਕਿਸਮਤ ਹੈ ਪਰ ਅਜਿਹੀ ਜ਼ਿੰਦਗੀ ਸਾਰਿਆਂ ਦੀ ਕਿੱਥੇ ਹੁੰਦੀ ਹੈ। ਜੀਨਤ ਦੇ ਗੁਆਂਢ ਵਿਚ ਹੀ ਮਜਲਿਸ ਨਾਂ ਦਾ ਵਿਅਕਤੀ ਆਪਣੇ ਲਈ ਝਾਰਖੰਡ ਤੋਂ ਸਾਨਿਆ ਨਾਂ ਦੀ ਲੜਕੀ ਖਰੀਦ ਲਿਆਇਆ ਹੈ।

ਅੱਧਖੜ ਉਮਰ ਦਾ ਮਜਲਿਸ ਚਾਰ ਮਹੀਨੇ ਪਹਿਲਾਂ ਹੀ ਝਾਰਖੰਡ ਗਿਆ ਸੀ। ਗਰੀਬ ਹੋਣ ਕਰਕੇ ਕੋਈ ਉਸ ਨੂੰ ਆਪਣੀ ਲੜਕੀ ਨਹੀਂ ਦੇ ਰਿਹਾ ਸੀ। ਤਸਕਰਾਂ ਨੇ ਉਸ ਨੂੰ ਝਾਰਖੰਡ ਦੇ ਗਰੀਬ ਤੇ ਪਿਛੜੇ ਇਲਾਕੇ ਦਾ ਰਾਹ ਵਿਖਾ ਦਿੱਤਾ। ਸਾਨਿਆ ਵਾਗੂੰ ਸ਼ਹਿਨਾਜ ਵੀ ਹੈ ਜੋ ਦਸ ਸਾਲ ਪਹਿਲਾਂ ਮਾਲਦਾ (ਪੱਛਮੀ ਬੰਗਾਲ) ਤੋਂ ਘਾਸੇੜਾ ਪਿੰਡ ਲਿਆਂਦੀ ਗਈ ਅਤੇ ਉਸ ਤੋਂ ਪਿੱਛੋਂ ਹੁਣ ਤੱਕ ਆਪਣੇ ਮਾਂ-ਬਾਪ ਨੂੰ ਨਹੀਂ ਮਿਲੀ। ਸਿਰਫ ਝਾਰਖੰਡ ਹੀ ਨਹੀਂ ਹੈਦਰਾਬਾਦ, ਪੱਛਮੀ ਬੰਗਾਲ, ਅਸਾਮ ਤੇ ਬਿਹਾਰ ਦੇ ਕੁੱਝ ਪਿਛੜੇ ਇਲਾਕੇ ਤੋਂ ਲੜਕੀਆਂ ਦੀ ਤਸਕਰੀ ਧੜੱਲੇ ਨਾਲ ਹੋ ਰਹੀ ਹੈ। ਰਾਂਚੀ ਦੇ ਸਮਾਜ ਸੇਵਕ ਸੰਜੇ ਮਿਸ਼ਰਾ ਕਹਿੰਦੇ ਹਨ, "ਸਿਰਫ ਝਾਰਖੰਡ ਤੋਂ 45 ਹਜ਼ਾਰ ਲੜਕੀਆਂ ਨੂੰ ਦੂਜੇ ਰਾਜਾਂ 'ਚ ਲਿਜਾ ਕੇ ਵੇਚ ਦਿੱਤਾ ਗਿਆ ਹੈ। ਕਦੀ ਉਨ੍ਹਾਂ ਨੂੰ ਕੰਮ ਦਾ ਲਾਲਚ ਦਿੱਤਾ ਜਾਂਦਾ ਹੈ ਤਾਂ ਕਦੀ ਫਿਲਮਾਂ 'ਚ ਅਭਿਨੇਤਰੀ ਬਣਾਉਣ ਦਾ ਲਾਲਚ। ਇੱਥੋਂ ਜਾਂਦਿਆਂ ਹੀ ਉਨ੍ਹਾਂ ਨੂੰ ਵਸਤੂ ਦੀ ਤਰ੍ਹਾਂ ਭੋਗਣ ਲਈ ਵੇਚ ਦਿੱਤਾ ਜਾਂਦਾ ਹੈ। ਦਰਅਸਲ ਹਰਿਆਣੇ 'ਚ ਕੰਨਿਆ ਭਰੂਣ ਹੱਤਿਆ ਕਾਰਨ ਲੜਕੀਆਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਲਗਾਤਾਰ ਡਿੱਗ ਰਹੀ ਹੈ। ਲੜਕਿਆਂ ਦੀ ਸ਼ਾਦੀ ਲਈ ਲੜਕੀਆਂ ਨਹੀਂ ਮਿਲ ਰਹੀਆਂ। ਸਵੈ ਸੇਵੀ ਜਥੇਬੰਦੀਆਂ ਇਸ ਸਮੱਸਿਆ ਦਾ ਸਿੱਧਾ ਸਬੰਧ ਇਸ ਨਾਲ ਜੋੜਦੇ ਹਨ। ਭਾਰਤ 'ਚ ਸੰਨ 1991 ਦੀ ਮਰਦ ਸ਼ੁਮਾਰੀ 'ਚ ਪ੍ਰਤੀ ਹਜ਼ਾਰ ਪਿੱਛੇ 945 ਔਰਤਾਂ ਸਨ। ਇਹ ਅਨੁਪਾਤ ਸੰਨ 2001 ਦੀ ਜਨਗਣਨਾ 'ਚ ਘੱਟ ਕੇ ਲਗਭਗ 927 ਰਹਿ ਗਿਆ ਸੀ। ਪੰਜਾਬ ਤੇ ਹਰਿਆਣਾ ਵਿਚ ਤਾਂ ਔਰਤਾਂ ਦੀ ਸਥਿਤੀ ਹੋਰ ਵੀ ਤਰਸਯੋਗ ਹੈ। ਸੰਨ 2001 ਦੀ ਮਰਦ ਸ਼ੁਮਾਰੀ ਮੁਤਾਬਕ ਹਰਿਆਣੇ 'ਚ ਪ੍ਰਤੀ ਹਜ਼ਾਰ ਪਿੱਛੇ 861 ਔਰਤਾਂ ਹੀ ਹਨ ਹਰਿਆਣੇ 'ਚ ਕੰਨਿਆ ਭਰੂਣ ਹੱਤਿਆ ਸਿਖਰ 'ਤੇ ਹੈ। ਜ਼ਾਹਿਰ ਹੈ 'ਪਾਰੋ' ਦਾ ਬਜ਼ਾਰ ਸਜੇਗਾ ਤੇ ਬੋਲੀ ਲੱਗੂਗੀ। ਇੱਥੇ ਕਈ ਕਿੱਸੇ ਤੇ ਘਟਨਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਸੁਣ ਕੇ

ਤੁਹਾਡਾ ਦਿਲ ਦਹਿਲ ਜਾਵੇਗਾ। ਇਹ 'ਪਾਰੋ' ਸਿਰਫ ਰੋਜ਼ਾਨਾ ਸੋਸ਼ਣ ਲਈ ਹੀ ਨਹੀਂ, ਇਹ ਬੱਚੇ ਪੈਦਾ ਕਰਨ ਦੀ ਮਸ਼ੀਨ ਵੀ ਹੁੰਦੀ ਹੈ। ਕਈ 'ਪਾਰੋ' ਨੂੰ ਇਕ ਭਾਈ ਲਈ ਲੜਕਾ ਪੈਦਾ ਕਰਨ ਪਿੱਛੋਂ, ਦੂਜੇ ਭਾਈ ਲਈ ਲੜਕਾ ਪੈਦਾ ਕਰਨ ਨੂੰ ਕਿਹਾ ਜਾਂਦਾ ਹੈ। ਉਨ੍ਹਾਂ ਦੀ ਦਲੀਲ ਸੁਣੋ 'ਗਰੀਬਾਂ ਨੇ ਵੀ ਤਾਂ ਪਰਿਵਾਰ ਅੱਗੇ ਵਧਾਉਣਾ ਹੈ।' ਘਸੇੜਾ ਪਿੰਡ ਦੀਆਂ ਕੁੱਝ ਪਾਰੋ ਵਡਕਲੀ ਚੌਕ 'ਤੇ ਭੀਖ ਮੰਗਦੀਆਂ ਵਿਖਾਈ ਦਿੰਦੀਆਂ ਹਨ। ਉਨ੍ਹਾਂ ਨਾਲ ਗੱਲ ਕਰੋ ਤਾਂ ਸੱਚ ਪਤਾ ਲੱਗੇਗਾ। ਉਨ੍ਹਾਂ ਵਿਚੋਂ ਇਕ ਪਾਰੋ ਦੱਸਦੀ ਹੈ 'ਮੈਂ ਆਪਣੇ ਬੀਮਾਰ ਪਤੀ ਲਈ ਭੀਖ ਮੰਗ ਰਹੀ ਹਾਂ, ਇਸ ਨਾਲ ਹੀ ਘਰ ਦਾ ਖਰਚਾ ਚਲਦਾ ਹੈ। ਮੇਰੇ ਪਤੀ ਮੈਨੂੰ ਅੱਛੀ ਤਰ੍ਹਾਂ ਰੱਖਦੇ ਹਨ। ਮਾਰ ਕੁੱਟ ਨਹੀਂ ਕਰਦੇ।' ਪਰਿਵਾਰ ਵਧਾਉਣ ਦੇ ਨਾਂ 'ਤੇ ਕਟਿਹਾਰ (ਬਿਹਾਰ) ਤੋਂ ਇਕ ਹੋਰ 'ਪਾਰੋ' ਨਗੀਨਾ ਕਸਬੇ 'ਚ ਲਿਆਂਦੀ ਗਈ। ਇਹ 25 ਸਾਲਾਂ ਦੀ ਸਨੋਵਰਾ ਖਾਤੂਨ ਹੈ। ਪਹਿਲਾਂ ਬਕਾਇਦਾ ਇਸ ਦੀ ਸ਼ਾਦੀ ਹੋਈ ਸੀ, ਇਕ ਬੱਚਾ ਹੋਇਆ, ਨਾ ਜਾਣੇ ਫਿਰ ਕੀ ਹੋਇਆ ਕਿ ਸਭ ਨੂੰ ਛੱਡ ਕੇ ਇਕ ਵਿਅਕਤੀ ਨਾਲ ਉਹ ਇੱਥੇ ਆ ਗਈ। ਹੁਣ ਉਸ ਦੀ ਪਤਨੀ ਬਣ ਕੇ ਜਿਉਂ ਰਹੀ ਹੈ। ਇਸ ਦੇ ਪਹਿਲਾਂ 8 ਬੱਚੇ ਤੇ ਬੀਵੀ ਹਨ। ਉਨ੍ਹਾਂ ਦੇ ਕਾਰੋਬਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਨਗੀਨਾ ਕਸਬੇ ਦਾ ਇਕ ਰਿਕਸ਼ਾ ਚਾਲਕ ਤੈਅਬ ਦਲਾਲ ਹੈ। ਜੋ ਸਨੋਵਰਾ ਨੂੰ ਲੈ ਕੇ ਆਇਆ 'ਪਾਰੋ' ਬਦਲੇ ਲੜਕੀ ਦੇ ਬਾਪ/ਪਤੀ ਤੇ ਦਲਾਲ ਤਿੰਨਾਂ ਨੇ ਪੈਸੇ ਖਾਧੇ। ਹੁਣ ਜਰਾ ਮੇਵਾਤ ਖੇਤਰ ਅੱਧਾ ਹਰਿਆਣਾ ਤੇ ਅੱਧਾ ਰਾਜਸਥਾਨ ਵਿਚ। ਇੱਥੇ ਤਿੰਨ ਮੁੱਖ ਫਿਰਕੇ ਮੇਵ, ਜੱਟ ਤੇ ਅਹਿਰ ਰਹਿੰਦੇ ਹਨ। ਇਨ੍ਹਾਂ ਦੇ ਸਮਾਜ 'ਚ 'ਪਾਰੋ' ਦਾ ਖੂਬ ਰਿਵਾਜ਼ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਗਰੀਬਾਂ ਨੂੰ ਇਥੋਂ ਦਾ ਕੋਈ ਧਨਾਢ ਬੰਦਾ ਲੜਕੀ ਨਹੀਂ ਦਿੰਦਾ। ਇਸ ਲਈ 'ਪਾਰੋ' ਤੋਂ ਇਲਾਵਾ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਹੈ। ਨੂੰਹ ਦੇ ਪ੍ਰਸਿੱਧ ਸਮਾਜ ਸੇਵਕ ਡਾ. ਅਕਸੂਕ ਅਹਿਮਦ ਸਾਫ ਕਹਿੰਦੇ ਹਨ, 'ਤਸਕਰੀ' ਇਥੇ ਇਕ ਕਾਰੋਬਾਰੀ ਵਾਗੂੰ ਹੈ। ਕੁੱਝ ਟਰੱਕ ਡਰਾਈਵਰ ਵੀ ਇਸ ਵਿਚ ਲਿਪਤ ਹਨ। ਕੁੱਝ ਸਥਾਨਕ ਦਲਾਲ ਹਨ ਜੋ ਸੌਦਾ ਕਰਾਉਂਦੇ ਹਨ। ਪੁਲਸ ਤੱਕ ਸ਼ਿਕਾਇਤਾਂ ਪਹੁੰਚਦੀਆਂ ਹਨ। ਸਥਾਨਕ ਸੰਸਥਾਵਾਂ ਵੀ ਕੰਮ ਕਰ ਰਹੀਆਂ ਹਨ। ਜ਼ਰੂਰਤ ਹੈ ਕਿ ਪੁਲਿਸ ਉਦਾਸੀਨ ਰਵੱਈਆ ਛੱਡ ਕੇ ਇੱਥੇ ਮੁਹਿੰਮ ਚਲਾਵੇ।' ਇਥੋਂ ਦੇ ਪੜੇ ਲੋਕਾਂ ਦਾ ਇਸ਼ਾਰਾ ਕਿਧਰੇ ਹੋਰ ਹੈ। ਮੇਵਾਤ ਦੀ ਦੁਰਦਸ਼ਾ ਸੁਧਾਰਨ ਲਈ ਬਣਾਈ ਗਈ ਮੇਵਾਤ ਡਿਪੈਲਪਮੈਂਟ ਏਜੰਸੀ 'ਚ ਘੱਟ ਗਿਣਤੀਆਂ ਦੇ ਵਿਕਾਸ ਲਈ ਅੱਛਾ ਖਾਸਾ ਸਲਾਨਾ ਬਜਟ ਆਉਂਦਾ ਹੈ। ਪਰ ਇਸ ਦਾ ਕੰਮ ਧਰਾਤਲ 'ਤੇ ਸਿਰਫ ਕਾਗਜ਼ਾਂ ਵਿਚ ਹੀ ਦਿਸਦਾ ਹੈ।

# ਕਾਬੁਲ ਬਣੀ ਵਿਧਵਾਵਾਂ ਦੀ ਰਾਜਧਾਨੀ

ਅੱਤਵਾਦ ਨੂੰ ਖਤਮ ਕਰਕੇ ਲੋਕ ਰਾਜ ਸਥਾਪਤ ਕਰਨ ਦੀ ਆੜ ਵਿਚ ਅਮਰੀਕੀ ਹਾਕਮ ਜਮਾਤ ਤੇ ਉਸ ਦੇ ਪਿੱਛਲੱਗ ਟੋਨੀ ਬਲੇਅਰ ਨੇ ਅਫਗਾਨਿਸਤਾਨ ’ਚ ਆਮ ਨਾਗਰਿਕਾਂ ’ਤੇ ਅਮਰੀਕੀ ਤੇ ਨਾਟੋ ਸੇਵਾਵਾਂ ਦੀ ਦਹਿਸ਼ਤ ਕਾਇਮ ਕੀਤੀ ਹੈ। ਅਮਰੀਕਾ ਤੇ ਨਾਟੋ ਦੀਆਂ ਸੇਵਾਵਾਂ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਨੂੰ ਵਿਧਵਾਵਾਂ ਦੀ ਰਾਜਧਾਨੀ ਵਿਚ ਬਦਲ ਦਿੱਤਾ ਹੈ। ਇਨ੍ਹਾਂ ਦੀ ਗਿਣਤੀ 50 ਹਜ਼ਾਰ ਤੋਂ ਵੱਧ ਦੱਸੀ ਜਾਂਦੀ ਹੈ। ਅਮਰੀਕਾ ਤੇ ਨਾਟੋ ਦੀਆਂ ਸੈਨਾਵਾਂ ਦੇ ਕਹਿਰ ਨੇ ਜਿਥੇ ਇਕ ਪਾਸੇ ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾਈਆਂ ਹਨ, ਨਿਰਦੋਸ਼ ਸ਼ਹਿਰੀਆਂ ਦਾ ਕਤਲੇਆਮ ਕੀਤਾ ਹੈ, ਉਥੇ ਠੀਕ ਦੂਜੇ ਪਾਸੇ ਜਿਨ੍ਹਾਂ ਤਾਲਿਬਾਨੀ ਕੱਟੜ ਪੰਥੀਆਂ ਦੀ ਦਹਿਸ਼ਤ ਨੂੰ ਖਤਮ ਕਰਨ ਦੇ ਨਾਂ ’ਤੇ ਹਮਲਾ ਕੀਤਾ ਸੀ, ਉਨ੍ਹਾਂ ਨੂੰ ਆਪਣੀਆਂ ਸਰਗਰਮੀਆਂ ਨਾਲ ਖੁਦ-ਪਾਣੀ ਮੁਹੱਈਆ ਕਰਵਾ ਕੇ ਹੋਰ ਵੱਧ ਮਜ਼ਬੂਤ ਕੀਤਾ ਹੈ। ਇਕ ਦੌਰ ਵਿਚ ਅਮਰੀਕਾ ਨੇ ਇਸ ਨੂੰ ਪੈਦਾ ਕਰਨ ’ਚ ਅਹਿਮ ਭੂਮਿਕਾ ਨਿਭਾਈ ਸੀ। ਵੈਸੇ ਪਿਛਲੇ 30 ਸਾਲਾਂ ਤੋਂ ਲਗਾਤਾਰ ਚਲ ਰਹੇ ਯੁੱਧ ਵਿਚ ਲਗਭਗ ਡੇਢ ਲੱਖ ਵਿਧਵਾਵਾਂ ਹਨ ਇਕ ਅਜਿਹੇ ਸਮਾਜ ਵਿਚ ਔਰਤਾਂ ਲਈ ਜਿਥੇ ਕੋਈ ਸਮਾਜਕ ਸੁਰੱਖਿਆ ਨਾ ਹੋਵੇ, ਉਮਰ ਦੇ ਹਰ ਪੜਾਅ ’ਤੇ ਪਾਬੰਦੀਆਂ ਹੀ ਹੋਣ, ਉਨ੍ਹਾਂ ਦੀ ਹਾਲਤ ਕਿੰਨੀ ਬਦਤਰ ਹੋਵੇਗੀ, ਇਹ ਕਲਪਨਾ ਤੋਂ ਵੀ ਪਰ੍ਹਾਂ ਹੈ। ਇਕ ਅਫਗਾਨ ਵਿਧਵਾ ਔਰਤ ਦੀ ਔਸਤ ਉਮਰ 35 ਸਾਲ ਹੈ। ਇਨ੍ਹਾਂ ਵਿਧਵਾਵਾਂ ਦਾ 94 ਫੀਸਦੀ ਹਿੱਸਾ ਅਨਪੜ੍ਹ ਹੈ। 94 ਫੀਸਦੀ ਵਿਧਵਾ ਔਰਤਾਂ ਦੇ ਬੱਚੇ ਹਨ ਅਤੇ ਔਸਤਨ 4 ਤੋਂ ਵੱਧ ਬੱਚੇ ਹਨ। ਇਹ ਅਫਗਾਨ ਔਰਤਾਂ ਦਰੀਆਂ ਬੁਣ ਕੇ, ਕੱਪੜੇ ਸਿਲਾਈ ਕਰਕੇ, ਭੀਖ ਮੰਗ ਕੇ ਆਪਣੀ ਰੋਟੀ ਰੋਜ਼ੀ ਚਲਾ ਰਹੀਆਂ ਹਨ, ਹਾਲਾਤ ਨੂੰ ਇੱਥੋਂ ਤੱਕ ਪਹੁੰਚਾ ਦਿੱਤਾ ਹੈ ਕਿ ਵੇਸ਼ਵਾ ਵਿਰਤੀ ਦੇ ਪੇਸ਼ੇ ਨੂੰ ਮਜ਼ਬੂਰਨ ਅਪਣਾ ਕੇ ਗੁਜ਼ਾਰਾ ਕਰਨਾ ਪੈ ਰਿਹਾ ਹੈ।

ਨਿਸਚਿਤ ਤੌਰ ’ਤੇ ਅਮਰੀਕੀ ਹਾਕਮ ਇਸ ਸਾਰੇ ਕੁੱਝ ਲਈ ਜ਼ਿੰਮੇਵਾਰ ਹਨ। ਇਕ ਪਾਸੇ ਅਮਰੀਕਾ ਤੇ ਨਾਟੋ ਸੈਨਾਵਾਂ ਦਾ ਹਮਲਾ ਤਾਂ ਦੂਜੇ ਪਾਸੇ ਕੱਟੜ ਪੰਥੀ ਤਾਲਿਬਾਨਾ ਦੀਆਂ ਔਰਤਾਂ ਨੂੰ ਘਰ ਅੰਦਰ ਕੈਦ ਕਰਨ ਦੀ ਸੋਚ ਤੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਔਰਤਾਂ ’ਤੇ ਠੋਸਣ ਦੀ ਕਾਰਵਾਈ ਨੇ ਔਰਤਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ ਹੈ। ਇਹ ਔਰਤਾਂ ਉਨ੍ਹਾਂ ਇਮਾਰਤਾਂ ’ਚ ਰਹਿਣ ਲਈ ਮਜ਼ਬੂਰ ਹਨ ਜੋ ਹਮਲੇ ’ਚ ਖਸਤਾ ਹੋ ਚੁੱਕੀਆਂ ਹਨ ਅਤੇ ਤਿਆਗੀਆਂ ਜਾ ਚੁੱਕੀਆਂ ਹਨ। ਅਜਿਹੇ ਇਲਾਕੇ ’ਚ ਰਹਿ ਰਹੀਆਂ ਹਨ ਜਿਥੇ ਠੰਢ ’ਚ ਤਾਪਮਾਨ ਜੀਰੋ ਤੋਂ ਘੱਟ ਕੇ 17 ਡਿਗਰੀ ਸੈਂਟੀਗ੍ਰੇਟ ਤੱਕ ਜਾ ਪਹੁੰਚਦਾ ਹੈ। ਪਾਣੀ ਗਰਮ ਕਰਨ ਦੀ ਕੋਈ ਸਹੂਲਤ ਨਹੀਂ ਅਮਰੀਕਾ ਤੇ ਨਾਟੋ ਫੌਜਾਂ ਕਿਵੇਂ ਇਨ੍ਹਾਂ ਔਰਤਾਂ ਨੂੰ ਵਿਧਵਾ ਬਣਾਉਣ ਲਈ

ਜ਼ਿੰਮੇਵਾਰ ਹਨ ਤਾਂ ਇਸ ਨੂੰ ਇਸ ਤੱਥ ਨਾਲ ਸਮਝਿਆ ਜਾ ਸਕਦਾ ਹੈ ਕਿ ਅਮਰੀਕਾ ਤੇ ਨਾਟੋ ਫੌਜਾਂ ਦੇ ਹਰੇਕ ਫੌਜ ਦੇ ਕਤਲ ਬਦਲੇ 3–4 ਨਿਰਦੋਸ਼ ਅਫਗਾਨ ਸ਼ਹਿਰੀਆਂ ਦਾ ਕਤਲ ਕਰ ਦਿੱਤਾ ਜਾਂਦਾ ਹੈ।

| ਸਾਲ | ਅਫਗਾਨ ਦੇ ਕਤਲ | ਫੌਜੀਆਂ ਦੇ ਕਤਲ | ਅਨੁਪਾਤ |
|---|---|---|---|
| 2005 | 408–478 | 130 | 3.1–3.7 |
| 2006 | 653–769 | 191 | 3.3–4.0 |
| 2007 | 1010–1297 | 232 | 4.4–5.6 |
| 2008 (ਜਨ–ਸਤੰਬਰ) | 628–729 | 236 | 2.3–3.1 |
| 2009 (ਜਨ) | 71–86 | 24 | 3.0–3.6 |
| 2009 (ਵਰ) | 10 | 4 | 2.5 |

*(ਸਰੋਤ ਫਰੰਟ ਲਾਈਨ ਮਾਰਚ 2009)*

# ਔਰਤ ਪੁਲਸੀਆਂ ਨਾਲ ਭੇਦ ਭਾਵ?

ਪੰਜਾਬ ਔਰਤ ਪੁਲਿਸ ਕਰਮਚਾਰੀ ਨਹੀਂ ਚਾਹੁੰਦੀਆਂ ਕਿ ਉਨ੍ਹਾਂ ਦੀਆਂ ਬੱਚੀਆਂ ਵੀ ਇਹ ਨੌਕਰੀ ਕਰਨ। ਪਿਛਲੇ ਦਿਨੀਂ ਪੰਜਾਬ ਪੁਲਿਸ 'ਚ ਔਰਤਾਂ ਦੀ ਭਰਤੀ ਲਈ ਅਰਜ਼ੀਆਂ ਮੰਗੀਆਂ ਜਾ ਰਹੀਆਂ ਸਨ, ਤਦ ਹੀ ਇਸ ਗੱਲ ਦਾ ਪਤਾ ਲੱਗਿਆ। ਇਹ ਗੱਲ ਜੇ ਇਸ ਮਹਿਕਮੇ ਦੇ ਮੁਲਾਜ਼ਮ ਸੋਚਦੇ ਹਨ ਤਾਂ ਇਹ ਕਾਫੀ ਗੰਭੀਰ ਹੈ। ਇਸ ਦੌਰ 'ਚ ਜਦ ਰੁਜ਼ਗਾਰ ਦੀ ਆਪਾ-ਧਾਪੀ ਤੇ ਮਾਰਾਮਾਰੀ ਚੱਲ ਰਹੀ ਹੋਵੇ ਤਾਂ ਇਥੇ ਇਸ ਤਰ੍ਹਾਂ ਗੱਲ ਆਉਣੀ ਹੀ ਮਾਮਲੇ ਦੀ ਗੰਭੀਰਤਾ ਨੂੰ ਦਰਸਾਉਂਦੀ ਹੈ।

ਔਰਤ ਕਮਿਸ਼ਨ ਦੇ ਸਰਵੇ ਅਨੁਸਾਰ 2003 ਵਿਚ ਔਰਤ ਮੁਲਾਜ਼ਮਾਂ ਦੀ ਗਿਣਤੀ ਦਾ ਅਨੁਪਾਤ ਪੂਰੇ ਦੇਸ਼ ਵਿਚ ਵੱਖ-ਵੱਖ ਰਾਜਾਂ ਵਿਚ 4 ਤੋਂ 10 ਫੀਸਦੀ ਹੈ। ਪੁਲਿਸ ਥਾਣਿਆਂ 'ਚ ਵੱਖਰੇ ਔਰਤ ਗੁਸਲਖਾਨੇ ਤੇ ਡ੍ਰੈਸ ਚੇਂਜਿੰਗ ਕਮਰਿਆਂ ਦੀ ਘਾਟ ਦਾ ਸੁਆਲ ਵੀ ਉੱਠਦਾ ਰਿਹਾ ਹੈ। ਮਹਿਲਾ ਪੁਲਿਸ ਕਰਮੀਆਂ ਦੀ ਸੁਰੱਖਿਆ ਦੇ ਸੁਆਲ 'ਤੇ ਸਮਾਜ ਦੇ ਨਾਲ ਖੁਦ ਵਿਭਾਗ ਦਾ ਆਪਣਾ ਦਾਮਨ ਵੀ ਸਾਫ਼ ਨਹੀਂ ਹੈ। ਬੀਤੇ ਵਰ੍ਹੇ ਮਹਿਲਾ ਕਮਿਸ਼ਨ ਨੇ ਪੁਲਿਸ ਵੱਲੋਂ ਛੇੜਖਾਨੀਆਂ ਦੇ ਜੋ ਕੇਸ ਥਾਣਿਆਂ 'ਚ ਦਰਜ ਹਨ ਉਨ੍ਹਾਂ ਦਾ ਬਿਊਰਾ ਪੇਸ਼ ਕੀਤਾ ਸੀ। ਸਾਲ 2006 ਦੇ ਅੰਕੜੇ ਵੀ ਇਸ ਨਾਲ ਮਿਲਦੇ ਜੁਲਦੇ ਹਨ। ਇਸ ਅਨੁਸਾਰ 2008 ਵਿਚ

| | | |
|---|---|---|
| ਦਿੱਲੀ 'ਚ-57 | ਹਰਿਆਣੇ 'ਚ-25 | ਘਟਨਾਵਾਂ ਵਾਪਰੀਆਂ |
| ਉੱਤਰ ਪ੍ਰਦੇਸ਼ 'ਚ-264 | ਸੰਨ 2007 'ਚ | ਇਨ੍ਹਾਂ ਦੀ ਗਿਣਤੀ |
| ਉੱਤਰਾਖੰਡ 'ਚ-8 | ਦਿੱਲੀ 'ਚ-22 | ਬਿਹਾਰ 'ਚ-8 |
| ਬਿਹਾਰ 'ਚ-15 | ਉੱਤਰਪ੍ਰਦੇਸ਼ 'ਚ-53 | ਰਾਜਸਥਾਨ 'ਚ-23 |
| ਰਾਜਸਥਾਨ 'ਚ-30 | ਉੱਤਰਾਖੰਡ 'ਚ-5 | ਹਰਿਆਣਾ 'ਚ-5 |

*(ਦੈਨਿਕ ਹਿੰਦੁਸਤਾਨ 20 ਮਾਰਚ 'ਚੋਂ ਧੰਨਵਾਦ ਨਾਲ)*

ਕੁੱਝ ਸਮਾਂ ਪਹਿਲਾਂ ਮੁੰਬਈ ਵਿਚ ਮਹਿਲਾ ਪੁਲਿਸ ਕਰਮੀਆਂ ਦੀ ਇਕ ਕਾਰਜਸ਼ਾਲਾ 'ਚ ਔਰਤਾਂ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਦੇ ਮਰਦ ਸਹਿਯੋਗੀਆਂ ਦੇ ਵਿਹਾਰ ਉਨ੍ਹਾਂ ਲਈ ਅਪਮਾਨਜਨਕ ਤੇ ਰੁੱਖੇ ਹੁੰਦੇ ਹਨ। ਉਨ੍ਹਾਂ ਮੁਤਾਬਕ ਮਰਦ ਉਨ੍ਹਾਂ ਦੇ ਸਾਹਮਣੇ ਹੀ ਬੇਝਿਜਕ ਕੱਪੜੇ ਬਦਲਣ ਲਗਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਨੂੰ ਬੇਹੱਦ ਓਪਰਾ, ਮਹਿਸੂਸ ਹੁੰਦਾ ਹੈ। ਉਨ੍ਹਾਂ ਦੀ ਭਾਸ਼ਾ ਬੇਹੱਦ ਗਾਲਾਂ ਨਾਲ ਭਰੀ ਹੁੰਦੀ ਹੈ। ਇਸ ਵਰਕਸ਼ਾਪ 'ਚ ਔਰਤਾਂ ਨੇ ਇਹ ਵੀ ਉਜਾਗਰ ਕੀਤਾ ਕਿ ਜਿਸ ਤਰ੍ਹਾਂ ਉਨ੍ਹਾਂ ਦੇ ਉੱਚ ਅਫ਼ਸਰਾਂ ਨੂੰ ਖੁਸ਼ ਨਾ ਕਰਨ ਕਰਕੇ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਨਾਲ ਦੁਖੀ ਕੀਤਾ ਗਿਆ ਹੈ। । ਅਜਿਹੇ ਕਈ ਹੋਰ ਸਰਵੇਖਣ ਜਾਂ ਵਰਕਸ਼ਾਪਾਂ ਜਾਂ ਸੈਮੀਨਾਰ 'ਚ ਸਮੇਂ ਸਮੇਂ 'ਤੇ ਪੁਲਿਸ ਮਹਿਕਮੇ ਵਿਚ ਮਹਿਲਾ ਪੁਲਿਸ ਕਰਮੀਆਂ ਦੇ ਨਾਲ ਗਲਾਂ ਆਉਂਦੀਆਂ ਰਹੀਆਂ ਹਨ।

ਦਰਅਸਲ ਇਹ ਮੌਜੂਦਾ ਸਮਾਜ ਅਰਧ-ਜਾਗੀਰੂ ਸਮਾਜ ਹੈ। ਇਸ ’ਚ ਪੁਰਾਣੀ ਮਰਦ ਪ੍ਰਧਾਨ ਜਾਗੀਰੂ ਮਾਨਸਿਕਤਾ ਦੀ ਰਹਿੰਦ ਖੂੰਹਦ ਪਈ ਹੈ। ਇਸ ਦੇ ਇਜ਼ਹਾਰ ਹਰੇਕ ਖੇਤਰ ਵਿਚ ਵਿਖਾਈ ਦਿੰਦੇ ਹਨ ਕਿਤੇ ਘੱਟ ਕਿਤੇ ਵੱਧ। ਔਰਤਾਂ ਨਾਲ ਪੂਰੀ ਬਰਾਬਰੀ ਦਾ ਵਰਤਾਅ ਇਸ ਵਿਵਸਥਾ ਦੇ ਵੱਸ ਦਾ ਰੋਗ ਨਹੀਂ ਹੈ, ਇਸ ਲਈ ਨਵੇਂ ਮਾਨਵੀ ਮੁੱਲਾਂ ਵਾਲੀ ਸਮਾਜਕ ਵਿਵਸਥਾ ਦੀ ਲੋੜ ਹੈ ਜੋ ਇਨਕਲਾਬੀ ਸੰਘਰਸ਼ ਰਾਹੀਂ ਹੀ ਹਾਸਲ ਹੋਵੇਗੀ।

# ਸਾਮਰਾਜੀ ਪ੍ਰਬੰਧ ਵਿਰੁੱਧ ਰਾਜਸੀ ਸੰਘਰਸ਼ ਦਾ ਮਹੱਤਵ

ਸਾਮਰਾਜੀ ਪ੍ਰਬੰਧ ਤੇ ਉਸ ਦੇ ਕਾਰਕਾਂ ਨੂੰ ਉਖਾੜਨ ਤੇ ਜਨਤਾ ਦੇ ਨਵ ਜਮਹੂਰੀ ਤੇ ਸਮਾਜਵਾਦੀ ਇਨਕਲਾਬਾਂ ਨੂੰ ਜਿੱਤ ਦੀ ਮੰਜ਼ਿਲ ਵੱਲ ਲੈ ਜਾਣ ਲਈ ਦੁਨੀਆਂ ਭਰ 'ਚ ਬਾਹਰਮੁਖੀ ਹਾਲਾਤ ਇਕ ਵਾਰੀ ਫਿਰ ਤੋਂ ਮਜ਼ਦੂਰ ਵਰਗ ਤੇ ਹੋਰ ਮੇਹਨਤਕਸ਼ ਲੋਕਾਂ ਲਈ ਵੱਧ ਅਨੁਕੂਲ ਹੁੰਦੇ ਜਾ ਰਹੇ ਹਨ। ਇਹ ਅੱਜ ਇਕ ਠੋਸ ਹਕੀਕਤ ਹੈ। ਆਰਥਕ ਸੰਕਟ ਤੇ ਅਰਥਚਾਰੇ 'ਚ ਪਿਘਲਾਅ ਨੇ ਪੂਰੇ ਅਮਰੀਕਾ ਨੂੰ ਆਪਣੀ ਗ੍ਰਿਫਤ ਵਿੱਚ ਲੈ ਲਿਆ ਹੈ। ਅਜੇ ਤਕ ਅਮਰੀਕਾ ਦੇ ਹਾਕਮ ਇਹ ਦੁਹਰਾਉਂਦੇ ਸਨ ਕਿ ਇਕੀਵੀਂ ਸਦੀ ਅਮਰੀਕੀ ਪਰਭੂਤਵ ਦੀ ਸਦੀ ਹੋਵੇਗੀ। ਪਰ ਇਹ ਦਾਅਵਾ ਹੁਣ ਸੁਣਨ 'ਚ ਨਹੀਂ ਆ ਰਿਹਾ ਹੈ। ਜਪਾਨ ਤੇ ਪੱਛਮੀ ਯੂਰਪ ਦੇ ਸਾਮਰਾਜੀ ਅਰਥਚਾਰਿਆਂ ਵਿੱਚ ਵੀ ਭਾਰੀ ਉਥਲ ਪੁਥਲ ਮੱਚੀ ਹੋਈ ਹੈ। ਇਹ ਵਿਸ਼ਵ ਵਿਆਪੀ ਆਰਥਕ ਸੰਕਟ ਉਹਨਾਂ ਸਾਰੇ ਦੇਸ਼ਾਂ ਵਿੱਚ ਵੀ ਤਬਾਹੀ ਮਚਾ ਰਿਹਾ ਹੈ ਜੋ ਨਵ-ਬਸਤੀਵਾਦ ਦੇ ਵੱਖ-ਵੱਖ ਪੜਾਵਾਂ 'ਤੇ ਹਨ। ਜਿਹਨਾਂ ਨੇ ਸਾਮਰਾਜੀ ਵਿਸ਼ਵੀਕਰਨ ਨੂੰ ਅਪਣਾਇਆ ਸੀ ਅਤੇ ਆਪਣੇ ਆਪਣੇ ਦੇਸ਼ ਦੇ ਅਰਥਚਾਰੇ ਨੂੰ ਤੇਜੀ ਨਾਲ ਸਾਮਰਾਜੀ ਪੂੰਜੀ ਤੇ ਬਾਜਾਰੂ ਵਿਵਸਥਾ ਅੰਦਰ ਸ਼ਾਮਲ ਕਰਨ ਜਾ ਰਹੇ ਸਨ। ਇਸ ਨਵੇਂ ਵਿਕਾਸ ਕ੍ਰਮ ਦੀ ਵਜਾਹ ਕਰਕੇ ਕੌਮਾਂਤਰੀ ਪੱਧਰ 'ਤੇ ਸਾਮਰਾਜਵਾਦ ਤੇ ਨਪੀੜੇ ਜਾਂਦੇ ਦੇਸ਼ਾਂ ਤੇ ਦੁਨੀਆਂ ਦੀ ਲੋਕਾਂ ਵਿਚਕਾਰ ਅੰਤਰ ਵਿਰੋਧ ਪੂੰਜੀ ਤੇ ਕਿਰਤ ਵਿਚਕਾਰ ਵਿਰੋਧਤਾਈ ਸਾਮਰਾਜੀ ਦੇਸ਼ਾਂ ਤੇ ਇਜਾਰੇਦਾਰ ਸਮੂਹਾਂ ਵਿਚਕਾਰ ਵਿਰੋਧ ਤਾਈ ਤਿੱਖੀ ਹੋ ਗਈ ਹੈ ਅਤੇ ਸਾਮਰਾਜਵਾਦ ਤੇ ਸਮਾਜਵਾਦ ਵਿਚਕਾਰ ਅੰਤਰ ਵਿਰੋਧ ਸਾਹਮਣੇ ਆਉਣ ਲੱਗੇ ਹਨ। ਅੱਜ ਤੋਂ ਦੋ ਦਹਾਕੇ ਪਹਿਲਾਂ ਸੋਵੀਅਤ ਸਿੰਘ ਜੋ ਪਹਿਲਾਂ ਹੀ ਪੂੰਜੀਵਾਦੀ ਰਾਹ 'ਤੇ ਚੱਲ ਰਿਹਾ ਸੀ। ਦੇ ਡਿੱਗਣ ਨੂੰ ਵਿਖਾ ਕੇ ਸਾਮਰਾਜਵਾਦ ਤੇ ਉਸ ਦੇ ਹਮਾਇਤੀਆਂ ਨੇ ਕੌਮਾਂਤਰੀ ਮਜ਼ਦੂਰ ਅੰਦੋਲਨ 'ਤੇ ਇਹ ਕਹਿੰਦਿਆਂ ਜਬਰ ਦਸਤ ਹੱਲਾ ਬੋਲਿਆ ਸੀ ਕਿ ਸਮਾਜਵਾਦ ਹੁਣ ਬੀਤੇ ਸਮੇਂ ਦੀ ਗੱਲ ਹੋ ਚੁੱਕੀ ਹੈ। ਉਸ ਸਮੇਂ ਦੀ ਤੁਲਨਾ ਵਿੱਚ ਅੱਜ ਕੌਮਾਂਤਰੀ ਹਾਲਤ ਵਿੱਚ ਗੁਣਾਤਮਕ ਬਦਲਾਅ ਆਇਆ ਹੈ। ਬਾਹਰਮੁਖੀ ਹਾਲਤਾਂ 'ਚ ਆਏ ਇਸ ਬਦਲਾਅ ਨੇ ਦੁਨੀਆਂ ਭਰ 'ਚ ਇਨਕਲਾਬੀ ਕਮਿਊਨਿਸਟ ਪਾਰਟੀਆਂ ਦੇ ਚੌਤਰਫਾ ਵਿਕਾਸ ਲਈ ਅਨਕੂਲ ਬਾਹਰਮੁੱਖੀ ਸਥਿਤੀ ਉਸਾਰ ਦਿੱਤੀ ਹੈ। ਪਰ ਕਿਤੇ ਵੀ ਅਜਿਹਾ ਗੁਣਾਤਮਕ ਬਦਲਾਅ ਕਿਸੇ ਗਿਣਨਯੋਗ ਹੱਦ ਤਕ ਨਜ਼ਰ ਨਹੀਂ ਆ ਰਿਹਾ ਹੈ। ਹਾਲਾਂਕਿ ਕਈ ਸਾਰੇ ਅੰਚਲਾਂ ਵਿੱਚ ਵੱਖ-ਵੱਖ ਰੂਪਾਂ 'ਚ ਸਮਾਜ ਵਿਰੋਧੀ ਅੰਦੋਲਨ ਰਫਤਾਰ ਫੜ ਰਿਹਾ ਹੈ। ਅਜਿਹਾ ਕਿਉਂ ਹੋ ਰਿਹਾ ਹੈ? ਇਹ ਇਕ ਜਿਉਣ ਮਰਨ ਦਾ ਸੁਆਲ ਹੈ। ਸਾਡੇ ਦੇਸ਼ ਦੀਆਂ ਤੇ ਕੌਮਾਂਤਰੀ ਪੱਧਰ 'ਤੇ ਕਮਿਊਨਿਸਟ ਤਾਕਤਾਂ ਵੱਲੋਂ ਇਹ ਸੁਆਲ ਉੱਠਣਾ ਚਾਹੀਦਾ ਹੈ ਤੇ ਇਸ ਦੇ ਜੁਆਬ ਦੀ ਤਲਾਸ਼ ਕੀਤੀ ਜਾਣੀ ਚਾਹੀਦੀ ਹੈ। ਸਿਰਫ ਬਾਹਰਮੁਖੀ ਹਾਲਤਾਂ ਦੇ ਸਾਜਗਾਰ ਹੋਣ ਨਾਲ ਹੀ ਗੁਣਾਤਮਕ ਤਬਦੀਲੀ ਲਿਆਉਣ ਵਾਲਾ ਇਨਕਲਾਬ ਨਹੀਂ ਹੋਣਾ ਹੈ। ਲੈਨਿਨ ਦੀ ਅਗਵਾਈ 'ਚ ਬਾਲਸ਼ਵਿਕ ਪਾਰਟੀ ਨੇ ਮੇਨਸ਼ਵਿਕਾਂ ਨਰੋਦਨਿਕਾਂ ਤੇ ਹੋਰ ਗੈਰ ਪ੍ਰੋਲੇਤਾਰੀ ਵਿਚਾਰਾਂ ਖਿਲਾਫ ਜੋ ਸਮਝੌਤਾ ਹੀਣ 'ਤੇ ਤਿੱਖਾ

ਸੰਘਰਸ਼ ਚਲਾਇਆ ਸੀ ਉਸ ਦਾ ਹਵਾਲਾ ਦਿੰਦਿਆਂ ਲੈਨਿਨ ਨੇ ਵਾਰ ਵਾਰ ਜੋਰ ਦਿੱਤਾ ਹੈ ਕਿ ਬਿਨਾਂ ਇਨਕਲਾਬੀ ਸਿਧਾਂਤ ਦੇ ਕੋਈ ਮਜ਼ਬੂਤ ਕਮਿਊਨਿਸਟ ਪਾਰਟੀ ਦੀ ਉਸਾਰੀ ਨਹੀਂ ਕੀਤੀ ਜਾ ਸਕਦੀ ਹੈ। ਉਸ ਪਿਛੋਂ ਮਾਓ-ਜੇ-ਤੁੰਗ ਨੇ ਜ਼ੋਰ ਦੇ ਕੇ ਕਿਹਾ, ਵਿਚਾਰਕ ਤੇ ਰਾਜਸੀ ਦਿਸ਼ਾ ਦਾ ਸਹੀਪਣ ਜਾਂ ਗਲਤਪਣ ਸਭ ਚੀਜ਼ਾਂ ਨੂੰ ਨਿਰਧਾਰਿਤ ਕਰਦਾ ਹੈ।" ਇਨਕਲਾਬੀ ਸਿਧਾਂਤ ਨੂੰ ਸਭ ਤੋਂ ਉਪਰ ਰੱਖੇ ਬਗੈਰ ਕੋਈ ਇਨਕਲਾਬ ਨਹੀਂ ਹੋ ਸਕਦਾ। ਕੌਮਾਂਤਰੀ ਕਮਿਊਨਿਸਟ ਅੰਦੋਲਨ ਦੇ ਹੁਣ ਤੱਕ ਦੇ ਇਤਿਹਾਸ ਨੇ ਇਸ ਮਾਰਕਸਵਾਦੀ-ਲੈਨਿਨਵਾਦੀ ਸਬਕ ਦੇ ਸਹੀਪਣ ਨੂੰ ਪ੍ਰਮਾਣਿਤ ਕੀਤਾ ਹੈ।

ਜਦ ਤਿੰਨ ਸੌ ਸਾਲ ਪਹਿਲਾਂ ਪੂੰਜੀਵਾਦੀ ਪ੍ਰਬੰਧ ਦਾ ਉਭਾਰ ਆਇਆ ਸੀ ਅਤੇ ਉਸਨੇ ਇਕ ਭਾਰੂ ਤਾਕਤ ਵਜੋਂ ਵਿਕਸਤ ਹੋਣਾ ਸ਼ੁਰੂ ਕੀਤਾ ਸੀ ਤਾਂ ਇਕ ਨਵੀਂ ਹਾਲਤ ਉਸਰੀ ਸੀ। ਉਭਰਦੀ ਜਾਬਰ ਵਿਵਸਥਾ ਤੇ ਮੇਹਨਤਕਸ਼ਾਂ ਵਿਚਕਾਰ ਵਿਰੋਧਤਾਈ ਨੇ ਬੇਹੱਦ ਤਿੱਖਾ ਰੂਪ ਗ੍ਰਹਿਣ ਕਰ ਲਿਆ ਸੀ। ਮਜ਼ਦੂਰੀ ਦੀ ਗੁਲਾਮੀ ਨੇ ਪੱਛਮੀ ਯੂਰਪ ਤੇ ਉਤਰੀ ਅਮਰੀਕਾ ਵਿੱਚ ਮਜ਼ਦੂਰਾਂ ਦੇ ਕਸ਼ਟਾਂ ਨੂੰ ਵਧਾ ਦਿੱਤਾ ਸੀ। ਇਨ੍ਹਾਂ ਹਾਲਤਾਂ 'ਚ ਮਜ਼ਦੂਰੀ ਦੇ ਗੁਲਾਮਾਂ ਨੇ ਪੂੰਜੀ ਵਿਰੁੱਧ ਵੱਖ-ਵੱਖ ਰੂਪਾਂ 'ਚ ਸੰਘਰਸ਼ ਕੀਤਾ। ਪੂੰਜੀਵਾਦ ਦੇ ਬੇਰਹਿਮ ਕਿਰਦਾਰ ਤੋਂ ਰੋਹ 'ਚ ਆ ਕੇ ਕਾਲਪਨਿਕ ਸਮਾਜਵਾਦੀ ਵਿਚਾਰਾਂ ਨੇ ਜਨਮ ਲਿਆ ਤੇ ਉਸ ਅਨੁਸਾਰ ਵਿਰੋਧ ਵੀ ਹੋਇਆ ਪਰ ਜਦ ਮਾਰਕਸ ਤੇ ਏਂਗਲਜ ਵਲੋਂ ਪੂੰਜੀਵਾਦੀ ਪ੍ਰਬੰਧ ਦਾ ਵਿਗਿਆਨਕ ਵਿਸਲੇਸ਼ਣ ਪੇਸ਼ ਕੀਤਾ ਗਿਆ ਤੇ ਕਮਿਊਨਿਸਟ ਐਲਾਨ ਨਾਮੇ ਰਾਹੀਂ ਇਕ ਇਨਕਲਾਬੀ ਦਿਸ਼ਾ ਮੁਹੱਈਆ ਕੀਤੀ ਗਈ ਤਦ ਜਾ ਕੇ ਹੀ ਪਹਿਲੀ ਕੌਮਾਂਤਰੀ ਹੋਂਦ 'ਚ ਆਈ ਜਿਸ ਨੇ ਮਜ਼ਦੂਰ ਜਮਾਤੀ ਜਥੇਬੰਦੀਆਂ ਨੂੰ ਅਗਵਾਈ ਮੁਹੱਈਆ ਕੀਤੀ ਤਦ ਜਾ ਕੇ ਪੈਰਿਸ ਕਮਿਊਨ ਮੁਕੰਮਲ ਹੋਇਆ। ਜਿਸ 'ਚ ਮਜ਼ਦੂਰਾਂ ਨੇ ਪਹਿਲੀ ਵਾਰ ਸੱਤਾ 'ਤੇ ਕਬਜਾ ਕੀਤਾ ਸੀ ਪੈਰਿਸ ਕਮਿਊਨ ਦੇ ਤਜਰਬਿਆਂ ਤੋਂ ਸਬਕ ਸਿੱਖ ਕੇ ਦੂਜੀ ਕੌਮਾਂਤਰੀ ਦੀ ਉਸਾਰੀ ਕੀਤੀ ਗਈ ਜਿਸ ਨੇ ਇਨਕਲਾਬੀ ਮਜ਼ਦੂਰ ਜਮਾਤੀ ਅੰਦੋਲਨ ਨੂੰ ਇਕ ਨਵੀਂ ਦਿਸ਼ਾ ਤੇ ਪ੍ਰੇਰਣਾ ਮੁਹੱਈਆਂ ਕੀਤੀ ਇਸ ਤਰ੍ਹਾਂ ਉਨੀਵੀਂ ਸਦੀ ਦਾ ਇਤਿਹਾਸ ਕਮਿਊਨਿਸਟ ਅੰਦੋਲਨ ਦੇ ਉਭਾਰ ਤੇ ਵਿਨਾਸ਼ਕਾਰੀ ਪੂੰਜੀਵਾਦੀ ਪ੍ਰਬੰਧ ਖਿਲਾਫ ਉਸ ਵੱਲੋਂ ਪੇਸ਼ ਕੀਤੀ ਗਈ ਜਬਰਦਸਤ ਚੁਣੌਤੀ ਦਾ ਇਤਿਹਾਸ ਬਣ ਗਿਆ। ਇਹ ਸਹੀ ਹੈ ਕਿ ਪੂੰਜੀਵਾਦ ਖੁਦ ਦੇ ਅੰਦਰੂਨੀ ਅੰਤਰ ਵਿਰੋਧਾਂ ਕਾਰਨ ਆਪਣੇ ਇਜ਼ਾਰੇਦਾਰ ਉਚਤਮ ਵਿਵਸਥਾ ਸਾਮਰਾਜਵਾਦ 'ਚ ਤਬਦੀਲ ਹੋਈ ਸੀ। ਪਰ ਇਸ ਤਬਦੀਲੀ ਦੀ ਗਤੀ ਨੂੰ ਤੇਜ ਕਰਨ ਵਿੱਚ ਮਜ਼ਦੂਰ ਜਮਾਤ ਦੇ ਸੰਘਰਸ਼ ਦੇ ਉਭਾਰ ਤੇ ਵਿਕਾਸ ਦੀ ਵੀ ਭੂਮਿਕਾ ਰਹੀ ਹੈ। ਦੂਜੀ ਕੌਮਾਂਤਰੀ ਇੰਟਰਨੈਸ਼ਨਲ ਦੇ ਸਾਹਮਣੇ ਚੁਣੌਤੀ ਸੀ। ਸਾਮਰਾਜਵਾਦ ਦਾ ਵਿਸ਼ਲੇਸ਼ਣ ਕਰਨਾ ਉਸ ਨੂੰ ਭਾਜ ਦੇਣ ਲਈ ਮਾਰਕਸਵਾਦੀ ਸਿਧਾਂਤ ਨੂੰ ਵਿਕਸਤ ਕਰਨਾ ਪਰ ਇਸਦੀ ਲੀਡਰਸ਼ਿਪ ਇਸ ਕੰਮ ਨੂੰ ਪੂਰਾ ਕਰਨ 'ਚ ਪੂਰੀ ਤਰ੍ਹਾਂ ਅਸਫਲ ਰਹੀ ਤੇ ਸਮਝੌਤਾਵਾਦੀ ਦਿਸ਼ਾ ਦੀ ਸ਼ਿਕਾਰ ਹੋ ਗਈ। ਉਹ ਸਾਮਰਾਜੀ ਤਾਕਤਾਂ ਤੇ ਉਸ ਦੀ ਬਸਤੀਵਾਦੀ ਨੀਤੀ ਦੇ ਪੈਰੋਕਾਰ ਬਣ ਗਏ ਇਸ ਤਰ੍ਹਾਂ ਇਕ ਵਾਰੀ ਫਿਰ ਤੋਂ ਮਜ਼ਦੂਰ ਅੰਦੋਲਨ ਸੰਕਟ ਵਿੱਚ ਪੈ ਗਿਆ। ਇਹ ਲੈਨਿਨ ਸਨ ਜਿਹਨਾਂ ਨੇ ਇਹ ਚੁਣੌਤੀ ਨੂੰ ਸਵੀਕਾਰ ਕੀਤਾ ਅਤੇ ਸਾਮਰਾਜ ਤੇ ਉਸ ਵੱਲੋਂ ਲਿਆਂਦੀਆਂ ਗਈਆਂ

ਗੁਣਾਤਮਕ ਤਬਦੀਲੀਆਂ ਦਾ ਵਿਗਿਆਨ ਢੰਗ ਨਾਲ ਵਿਸਲੇਸ਼ਨ ਕੀਤਾ। ਇਸ ਵਿਸਲੇਸ਼ਨ ਦੇ ਅਧਾਰ ’ਤੇ ਉਹਨਾਂ ਨੇ ਮਾਰਕਸਵਾਦੀ ਸਿਧਾਂਤ ਤੇ ਵਿਚਾਰਧਾਰਾ ਨੂੰ ਇਕ ਨਵੀਂ ਉਚਾਈ ਮੁਹੱਈਆ ਕੀਤੀ। ਇਸ ਕਾਰਨ ਯੁਗਾਂਤਰ ਕਾਰੀ ਬਦਲਾਅ ਆਏ। ਜਿਵੇਂ ਅਕਤੂਬਰ ਇਨਕਲਾਬ (ਮਹਾਨ ਪ੍ਰੋਲੇਤਰੀ ਸਮਾਜਵਾਦੀ ਇਨਕਲਾਬ) ਦੀ ਇਤਿਹਾਸਕ ਜਿੱਤ ਹੋਈ ਸੋਵੀਅਤ ਸੰਘ ਹੋਂਦ ਵਿੱਚ ਆਇਆ। ਤੀਜੀ ਕਮਿਊਨਿਸਟ ਕੌਮਾਂਤਰੀ ਦਾ ਗਠਨ ਕਰਕੇ ਸੋਵੀਅਤ ਸੰਘ ’ਚ ਸ਼ਕਤੀਸ਼ਾਲੀ ਢੰਗ ਨਾਲ ਸਮਾਜਵਾਦੀ ਉਸਾਰੀ ਦੇ ਨਾਲ ਨਾਲ ਬਸਤੀਵਾਦੀ ਅਰਧ ਬਸਤੀਵਾਦੀ ਤੇ ਨਿਰਭਰ ਦੇਸ਼ਾਂ ਵਿੱਚ ਕੌਮੀ ਮੁਕਤੀ ਅੰਦੋਲਨਾਂ ਦੀ ਜਬਰਦਸਤ ਲਹਿਰ ਪੈਦਾ ਹੋਈ। ਇਸ ਨਾਲ ਸਾਮਰਾਜਵਾਦ ਤੇ ਪ੍ਰੋਲੇਤਾਰੀ ਇਨਕਲਾਬ ਦੇ ਇਕ ਨਵੇਂ ਯੁੱਗ ਦਾ ਆਰੰਭ ਹੋਇਆ।

ਅਕਤੂਬਰ ਇਨਕਲਾਬ ਦੇ ਮਹਾਨ ਸੰਸਾਰ ਵਿਆਪੀ ਮਹੱਤਵ ਦਾ ਸਟਾਲਿਨ ਨੇ ਵਰਨਣ ਕੀਤਾ ਕਿ ਅਕਤੂਬਰ ਇਨਕਲਾਬ ਦਾ ਮਹਾਨ ਸੰਸਾਰ ਵਿਆਪੀ ਮਹੱਤਵ ਇਸ ਤੱਥ ਤੋਂ ਜਾਹਰ ਹੁੰਦਾ ਹੈ ਕਿ ਇਸ ਨੇ (1) ਕੌਮੀ ਸੁਆਲ ਦੇ ਦਾਇਰੇ ਨੂੰ ਫੈਲਾ ਦਿੱਤਾ ਅਤੇ ਇਸ ਨੂੰ ਯੂਰਪ ਵਿੱਚ ਕੌਮੀ ਲੁੱਟ ਘਸੁੱਟ ਨੂੰ ਖਤਮ ਕਰਨ ਦੇ ਖਾਸ ਸੁਆਲ ਨਾਲ ਪੀੜਤ ਲੋਕਾਂ, ਬਸਤੀਆਂ ਤੇ ਅਰਧ ਬਸਤੀਆਂ ਦੀ ਸਾਮਰਾਜ ਤੋਂ ਮੁਕਤੀ ਦੇ ਆਮ ਸੁਆਲ ’ਚ ਬਦਲ ਦਿੱਤਾ ਹੈ।

(2) ਇਸ ਨੇ ਉਹਨਾਂ ਦੀ ਮੁਕਤੀ ਲਈ ਸੰਭਾਵਨਾਵਾਂ ਦੇ ਦਰਵਾਜੇ ਅਤੇ ਇਸ ਪ੍ਰਤੀ ਸਹੀ ਰਸਤੇ ਖੋਹਲ ਦਿੱਤੇ ਹਨ। ਇਸ ਤਰ੍ਹਾਂ ਇਸ ਨੇ ਪੱਛਮੀ ਤੇ ਪੂਰਬੀ ਪੀੜਤ ਜਨਤਾ ਦੀ ਮੁਕਤੀ ਨੂੰ ਬੇਹੱਦ ਸੌਖਾ ਬਣਾ ਦਿੱਤਾ ਹੈ ਅਤੇ ਉਹਨਾਂ ਨੂੰ ਸਾਮਰਾਜਵਾਦ ਦੇ ਖਿਲਾਫ ਜੇਤੂ ਸੰਘਰਸ਼ਾਂ ਨੂੰ ਆਮ ਧਾਰਾ ਵਿੱਚ ਖਿੱਚ ਲਿਆ ਹੈ।

(3) ਇਸ ਤਰ੍ਹਾਂ ਵਿਸ਼ਵ ਸਾਮਰਾਜਵਾਦ ਵਿਰੁੱਧ ਇਨਕਲਾਬਾਂ ਦਾ ਇਕ ਨਵਾਂ ਮੋਰਚਾ ਖੋਹਲ ਕੇ ਪੱਛਮ ਦੇ ਪ੍ਰੋਲੇਤਰੀ ਤੋਂ ਰੂਸੀ ਇਨਕਲਾਬ ਤੋਂ ਹੁੰਦੇ ਹੋਏ, ਪੂਰਬ ਦੀ ਪੀੜਤ ਜਨਤਾ ਤੱਕ ਇਸ ਦਾ ਵਿਸਥਾਰ ਕਰਦੇ ਹੋਇਆਂ ਇਸ ਨੇ ਸਮਾਜਵਾਦੀ ਪੱਛਮ ਤੇ ਗੁਲਾਮ ਪੂਰਬ ਵਿਚਕਾਰ ਪੁਲ ਖੜ੍ਹਾ ਕਰ ਦਿੱਤਾ ਹੈ।

ਅਕਤੂਬਰ ਇਨਕਲਾਬ ਦੀ ਜਿੱਤ ਪਿਛੋਂ ਉਸਰੀ ਨਵੀਂ ਸਥਿਤੀ ਦੀ ਗੱਲ ਕਰਦਿਆਂ ਮਾਓ-ਜੇ-ਤੁੰਗ ਨੇ ਕਿਹਾ ਸੀ ‘ਇਹ ਇਕ ਅਜਿਹਾ ਯੁੱਗ ਹੈ ਜਿਸ ਵਿਚ ਸੰਸਾਰ ਦੇ ਇਕ ਹਿੱਸੇ ਵਿੱਚ (ਦੁਨੀਆਂ ਦੇ ਅੱਠਵੇਂ ਹਿੱਸੇ ਵਿਚ) ਵਿਸ਼ਵ ਪੂੰਜੀਵਾਦੀ ਮੋਰਚਾ ਤਹਿਸ ਨਹਿਰ ਹੋ ਗਿਆ ਹੈ ਅਤੇ ਹੋਰ ਥਾਵਾਂ ’ਤੇ ਇਸ ਨੇ ਆਪਣੀ ਪਤਨਸ਼ੀਲਤਾ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਹੈ ਜਿਸ ਵਿਚ ਬਚੇ ਹੋਏ ਪੂੰਜੀਵਾਦੀ ਹਿੱਸੇ ਸਭ ਬਸਤੀਆਂ ਤੇ ਅਰਧ ਬਸਤੀਆਂ ’ਤੇ ਪਹਿਲਾਂ ਤੋਂ ਵੱਧ ਨਿਰਭਰ ਹੋਏ ਬਿਨਾ ਜਿੰਦਾ ਨਹੀਂ ਰਹਿ ਸਕਦੇ ਹਨ, ਇਹ ਇਕ ਐਸਾ ਯੁੱਗ ਹੈ ਜਿਸ ਵਿੱਚ ਇੱਕ ਸਮਾਜਵਾਦੀ ਰਾਜ ਦੀ ਸਥਾਪਨਾ ਹੋਈ ਹੈ। ਜਿਸ ਨੇ ਐਲਾਨ ਕੀਤਾ ਹੈ ਕਿ ਇਹ ਸਭ ਬਸਤੀਆਂ ਤੇ ਅਰਧਬਸਤੀਆਂ ਦੇ ਮੁਕਤੀ ਅੰਦੋਲਨਾ ਨੂੰ ਸਰਗਰਮ ਹਮਾਇਤ ਦੇਣ ਲਈ ਤਿਆਰ ਹਨ ਅਤੇ ਇਹ ਅਜਿਹਾ ਯੁੱਗ ਹੈ ਜਿਸ ਵਿਚ ਪੂੰਜੀਵਾਦੀ ਦੇਸ਼ਾਂ ਦੇ ਪ੍ਰੋਲੇਤਾਰੀ ਖੁਦ ਨੂੰ ਸਮਾਜਕ ਜਮਹੂਰੀ ਪਾਰਟੀਆਂ ਦੇ ਸਮਾਜਕ-ਸਾਮਰਾਜਵਾਦੀ ਪ੍ਰਭਾਵ ਤੋਂ ਮੁਕਤ ਕਰਦਾ ਜਾ ਰਿਹਾ ਹੈ ਅਤੇ ਜਿਸ ਨੇ ਬਸਤੀਆਂ ਤੇ ਅਰਧ ਬਸਤੀਆਂ ’ਚ ਚਲ ਰਹੇ ਮੁਕਤੀ ਅੰਦੋਲਨਾ ਪ੍ਰਤੀ ਹਮਾਇਤਾ ਦਾ ਐਲਾਨ ਕੀਤਾ ਹੈ। ਇਸ ਯੁੱਗ

ਵਿਚ ਕਿਸੇ ਬਸਤੀ ਜਾਂ ਅਰਧਬਸਤੀ ਦੇ ਇਨਕਲਾਬ ਜਿਸ ਦੇ ਨਿਸ਼ਾਨੇ 'ਤੇ ਸਾਮਰਾਜਵਾਦ ਯਾਨੀ ਕਿ ਕੌਮਾਂਤਰੀ ਪੂੰਜੀਪਤੀ ਜਾਂ ਕੌਮਾਂਤਰੀ ਪੂੰਜੀਵਾਦ ਹੋਵੇ, ਹੁਣ ਪੁਰਾਣੇ ਪੂੰਜੀਵਾਦੀ ਜਨਵਾਦੀ ਸੰਸਾਰ ਇਨਕਲਾਬ ਦੇ ਦਾਇਰੇ 'ਚ ਨਹੀਂ ਆਉਂਦੀ ਹੈ, ਬਲਕਿ ਇਹ ਨਵੀਂ ਕੈਟੇਗਰੀ ਦੇ ਤਹਿਤ ਆਉਂਦੀ ਹੈ। ਹੁਣ ਇਹ ਪੁਰਾਣੇ ਬੁਰਜੂਆ ਜਾਂ ਸੰਸਾਰ ਇਨਕਲਾਬ ਦਾ ਹਿੱਸਾ ਨਹੀਂ ਹੈ। ਬਲਕਿ ਇਹ ਨਵੇਂ ਸੰਸਾਰ ਇਨਕਲਾਬ ਪ੍ਰੋਲੇਤਾਰੀ-ਸਮਾਜਵਾਦੀ ਸੰਸਾਰ ਇਨਕਲਾਬ ਦਾ ਹਿੱਸਾ ਹੈ। ਅਜਿਹੀਆਂ ਇਨਕਲਾਬੀ ਬਸਤੀਆਂ ਜਾਂ ਅਰਧਬਸਤੀਆਂ ਨੂੰ ਹੁਣ ਸੰਸਾਰ ਪੂੰਜੀਵਾਦ ਦੇ ਉਲਟ ਇਨਕਲਾਬੀ ਮੋਰਚੇ ਦੇ ਸਹਿਯੋਗੀ ਵਜੋਂ ਨਹੀਂ ਮੰਨਿਆ ਜਾ ਸਕਦਾ। ਉਹ ਵਿਸ਼ਵ ਸਮਾਜਵਾਦ ਦੇ ਇਨਕਲਾਬੀ ਮੋਰਚੇ ਦੇ ਸਹਿਯੋਗੀ ਬਣ ਗਏ ਹਨ।

"ਹਾਲਾਂਕਿ ਬਸਤੀਵਾਦੀ ਤੇ ਅਰਧ ਬਸਤੀਵਾਦੀ ਦਾ ਅਜਿਹਾ ਇਨਕਲਾਬ ਆਪਣੇ ਪਹਿਲੇ ਪੜਾਅ ਜਾਂ ਪਹਿਲੇ ਕਦਮ ਦੌਰਾਨ ਆਪਣੇ ਸਮਾਜਿਕ ਕਿਰਦਾਰ ਵਿੱਚ ਅਜੇ ਵੀ ਬੁਨਿਆਦੀ ਤੌਰ 'ਤੇ ਪੂੰਜੀਵਾਦੀ ਜਨਵਾਦੀ ਹੈ ਹਾਲਾਂਕਿ ਇਸ ਦਾ ਮਿਸ਼ਨ ਪੂੰਜੀਵਾਦ ਦੇ ਵਿਕਾਸ ਲਈ ਰਾਜ ਦੀ ਸਥਾਪਨਾ ਦੇ ਮੰਤਵ ਨਾਲ ਪੂੰਜੀਪਤੀਆਂ ਵੱਲੋਂ ਸੰਚਾਲਿਤ ਪੁਰਾਣੇ ਕਿਸਮ ਦਾ ਇਨਕਲਾਬ ਨਹੀਂ ਹੈ। ਇਹ ਪਹਿਲੇ ਪੜਾਅ 'ਚ ਇਕ ਨਵ-ਜਮਹੂਰੀ ਸਮਾਜ ਤੇ ਸਭ ਕਿਉਂਕਿ ਇਹ ਲੀਡਰਸ਼ਿਪ ਕੌਮਾਂਤਰੀ ਪੱਧਰ 'ਤੇ ਹੋ ਰਹੇ ਭਾਰੀ ਬਦਲਾਵਾਂ ਨੂੰ ਆਤਮਸਾਤ ਕਰਨ 'ਚ ਨਾਕਾਮ ਰਹੀ ਸੀ। ਸਿੱਟੇ ਵਜੋਂ ਸੋਵੀਅਤ ਸੰਘ ਦੀ ਖਰੁਸਚਵੀ ਲੀਡਰਸ਼ਿਪ ਨੇ ਤਰਕ ਦਿੱਤਾ ਕਿ ਸਾਮਰਾਜਵਾਦ ਤੇ ਪੀੜਤ ਦੇਸ਼ਾਂ 'ਤੇ ਲੋਕਾਂ ਵਿਚਕਾਰ ਪੂੰਜੀ ਤੇ ਕਿਰਤ ਵਿਚਕਾਰ ਕੌਮਾਂਤਰੀ ਵਿਰੋਧਤਾਈ ਮਧਮ ਪੈ ਗਈ ਹੈ। ਇਸ ਅਗਵਾਈ ਵਿੱਚ ਸਾਮਰਾਜ ਤੇ ਸਮਾਜਵਾਦ ਵਿਚਕਾਰ ਅਤੇ ਸੋਵੀਅਤ ਸੰਘ ਵਿਚਕਾਰ ਵਿਰੋਧਤਾਈ ਤਕ ਸੀਮਤ ਕਰ ਦਿੱਤਾ, ਉਸ ਨੇ ਤਰਕ ਦਿੱਤਾ ਕਿ ਸਾਮਰਾਜ ਕਮਜ਼ੋਰ ਹੋ ਗਿਆ ਹੈ। ਇਸ ਨੇ ਸਾਮਰਾਜ ਨਾਲ ਸ਼ਾਂਤੀਪੂਰਨ ਮੁਕਾਬਲੇ ਤੇ ਸ਼ਾਂਤੀਪੂਰਨ ਸਹਿਹੋਂਦ ਤੇ ਸਮਾਜਵਾਦ 'ਚ ਸ਼ਾਂਤੀਪੂਰਨ ਅਮਲ ਦੀ ਵਕਾਲਤ ਕੀਤੀ। ਇਹ ਜਮਾਤੀ ਲੜਾਈ ਖਤਮ ਹੋ ਜਾਣ ਦੇ ਜਮਾਤੀ ਭਾਈਵਾਲੀ ਹਾਲਤ ਸੀ। ਸਿੱਟਾ ਉਹੀ ਹੋਇਆ ਜੋ ਕਤਾਸਕੀ ਬਰਨਸਟਾਈਨ ਗੁੱਟ ਵੱਲੋਂ ਦੂਜੀ ਕੌਮਾਂਤਰੀ ਇੰਟਰਨੈਸ਼ਨਲ ਦੀ ਅਗਵਾਈ ਨੂੰ ਹਥਿਆ ਲੈਣ ਪਿੱਛੋਂ ਹੋਇਆ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨਵ-ਬਸਤੀਵਾਦ ਦਾ ਪੈਰੋਕਾਰ ਬਣਨ ਪਿੱਛੋਂ ਖਰੁਸਚਵ ਪੰਥੀਆਂ ਨੇ ਕੌਮਾਂਤਰੀ ਕਮਿਊਨਿਸਟ ਅੰਦੋਲਨ ਨੂੰ ਸੋਧਵਾਦ ਦੀ ਦਲਦਲ 'ਚ ਡਬੋਣ ਦੀ ਕੋਸ਼ਿਸ਼ ਕੀਤੀ। ਮਾਓ ਤੇ ਉਸਦੀ ਅਗਵਾਈ 'ਚ ਚੀਨ ਦੀ ਕਮਿਊਨਿਸਟ ਪਾਰਟੀ ਨੇ ਇਹਨਾਂ ਪੂੰਜੀਵਾਦੀ ਰਸਤਿਆਂ ਖਿਲਾਫ ਸਮਝੌਤਾਹੀਣ ਸੰਘਰਸ਼ ਕੀਤਾ। ਸੋਵੀਅਤ ਸੰਘ ਦੀ ਕਮਿਊਨਿਸਟ ਪਾਰਟੀ ਦੇ ਸੋਧਵਾਦੀ ਤਰਕਾਂ ਦੇ ਜੁਆਬ ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਨੇ ਕੌਮਾਂਤਰੀ ਕਮਿਊਨਿਸਟ ਅੰਦੋਲਨ ਦੀ ਆਮ ਸੇਧ ਬਾਰੇ ਪ੍ਰਸਤਾਵ ਪੇਸ਼ ਕੀਤਾ ਸੀ ਤੇ ਪੂੰਜੀਵਾਦੀ ਰਾਹਾਂ ਨੂੰ ਉਖਾੜ ਸੁੱਟਣ ਲਈ ਚੀਨ 'ਚ ਸਭਿਆਚਾਰਕ ਇਨਕਲਾਬ ਛੇੜਿਆ। ਇਸ ਇਤਿਹਾਸਕ ਸੰਘਰਸ਼ ਨੇ ਪੂੰਜੀਵਾਦੀ ਰਾਹਾਂ 'ਤੇ ਚੌਤਰਫੇ ਹਮਲੇ ਨਵੀਂ ਠੋਸ ਹਾਲਤਾਂ ਅਨੁਸਾਰ ਮਾਰਕਸੀ ਲੈਨਿਨੀ ਸਿਧਾਂਤ 'ਤੇ ਵਿਹਾਰ ਦੇ ਵਿਕਾਸ ਤੇ ਸਾਮਰਾਜਵਾਦ ਤੇ ਉਹਨਾਂ ਦੇ ਪੈਰੋਕਾਰਾਂ ਖਿਲਾਫ ਆਮ ਦਿਸ਼ਾ ਤੇ ਅਧਾਰਤ ਨਵੇਂ ਸਿਰੇ ਤੋਂ ਵਿਸ਼ਵ ਵਿਆਪੀ ਹਮਲਾਵਰ ਕਾਰਵਾਈ ਲਈ ਕੌਮਾਂਤਰੀ ਪੱਧਰ 'ਤੇ

ਮਾਰਕਸਵਾਦੀ ਲੈਨਿਨਵਾਦੀ ਤਾਕਤਾਂ ਦੇ ਧਰੁਵੀਕਰਣ ਦੀ ਉਮੀਦ ਜਗਾਈ। ਵਿਅਤਨਾਮ ਤੇ ਦੱਖਣੀ ਪੂਰਬੀ ਏਸ਼ੀਆ ਦੇ ਦੇਸ਼ਾਂ 'ਚ ਇਨਕਲਾਬੀ ਸੰਘਰਸ਼ਾਂ ਦੀ ਰਫਤਾਰ ਤੇ 1970 ਦੇ ਦਹਾਕੇ ਵਿੱਚ ਪੂਰੀ ਦੁਨੀਆਂ ਵਿੱਚ ਜਨ ਅੰਦੋਲਨ ਦੀਆਂ ਕਈ ਲਹਿਰਾਂ ਨੇ ਉਮੀਦ ਜਗਾਈ ਕਿ ਸੋਵੀਅਤ ਸੰਘ ਤੇ ਪੂਰਵੀ ਯੂਰਪ ਦੇ ਦੇਸ਼ਾਂ ਦੇ ਪੂੰਜੀਵਾਦੀ ਅਤੇ ਯਤਨ ਦੇ ਬਾਵਜੂਦ ਅੱਗੇ ਵੱਲ ਨਵੀਂ ਛਾਲ ਲਾਈ ਜਾ ਸਕਦੀ ਹੈ।

1960 ਦੇ ਦਹਾਕੇ ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਅੰਦਰ ਦੋ ਦਿਸ਼ਾਵਾਂ ਦੇ ਸੰਘਰਸ਼ ਨੇ ਬੇਹੱਦ ਤਿੱਖਾ ਰੂਪ ਧਾਰਨ ਕਰ ਲਿਆ ਸੀ। ਪਹਿਲਾਂ ਤਾਂ ਉਹ ਪੂੰਜੀਵਾਦੀ ਰਾਹੀਆਂ ਦੇ ਦਾਬੇ ਹੇਠ ਆ ਗਈ ਸੀ ਤੇ ਫਿਰ ਲਿਨ ਪਿਆਓ ਦੇ 'ਖੱਬੇ' ਤੰਗਨਜ਼ਰੀਆਂ ਦੇ ਪ੍ਰਭਾਵ ਵਿੱਚ 1913 'ਚ ਚੀਨ ਦੀ ਕਮਿਊਨਿਸਟ ਪਾਰਟੀ ਦੀ ਦਸਵੀਂ ਕਾਂਗਰਸ 'ਚ ਪਾਰਟੀ ਨੂੰ ਕੁਝ ਹੱਦ ਤਕ ਮਾਰਕਸੀ-ਲੈਨਿਨੀ ਦਿਸ਼ਾ ਤੇ ਵਾਪਸ ਲਿਆਂਦਾ ਜਾ ਸਕਿਆ ਸੀ। ਪਰ ਜਲਦ ਪਿੱਛੋਂ ਹੀ ਪੂੰਜੀਵਾਦੀ ਰਾਹੀਏ ਫਿਰ ਮਜ਼ਬੂਤ ਹੋਣ ਲੱਗੇ ਤੇ ਮਾਓ ਦੇ ਦੇਹਾਂਤ ਪਿਛੋਂ ਉਹਨਾਂ ਨੇ ਸੱਤਾ ਹਥਿਆ ਲਈ ਅਤੇ ਚੀਨ ਨੂੰ ਵੀ ਪੂੰਜੀਵਾਦੀ ਰਾਹ 'ਤੇ ਤੋਰ ਲਿਆ। ਅਲਬਾਨੀਆ ਦੀ ਲੇਬਰ ਪਾਰਟੀ ਦੀ ਲੀਡਰਸ਼ਿਪ ਭਟਕਾਅ ਦਾ ਸ਼ਿਕਾਰ ਹੋ ਗਈ। ਉਸ ਨੇ ਪਹਿਲਾਂ ਮਾਓ ਵਿਰੋਧੀ ਰੁਖ ਅਪਣਾਇਆ ਤੇ ਜਲਦੀ ਹੀ ਪੂੰਜੀਵਾਦੀ ਰਾਹ 'ਤੇ ਚਲ ਪਈ। ਦੱਖਣੀ ਏਸ਼ੀਆ ਦੇ ਮੁਕਤੀ ਸੰਘਰਸ਼ਾਂ ਨੇ ਵੀ ਆਪਣੀ ਰਫਤਾਰ ਗੁਆ ਲਈ ਤੇ ਨਵੇਂ ਰੂਪਾਂ 'ਚ ਇਕ ਵਾਰੀ ਫਿਰ ਤੋਂ ਸਾਮਰਾਜੀ ਦਾਬੇ ਹੇਠ ਆ ਗਏ। ਗੋਰਬਾਚੋਵ ਨੇ ਗਲਾਨੋਸਤ ਤੇ ਪ੍ਰੇਸਤ੍ਰੋਇਕਾ ਦਾ ਸਿਧਾਂਤ ਪੇਸ਼ ਕੀਤਾ ਤੇ ਇਸ ਪਿਛੋਂ ਸੋਵੀਅਤ ਸੰਘ ਖਿੰਡ ਗਿਆ। ਤਾਂ ਕੌਮਾਂਤਰੀ ਕਮਿਊਨਿਸਟ ਅੰਦੋਲਨ ਨੂੰ ਲੱਗੇ ਝਟਕੇ ਨੇ ਬੇਹੱਦ ਖਤਰਨਾਕ ਰੂਪ ਧਾਰਨ ਕਰ ਲਿਆ।

ਅੱਜ ਕੌਮਾਂਤਰੀ ਕਮਿਊਨਿਸਟ ਅੰਦੋਲਨ ਕਈ ਗੈਰ-ਪ੍ਰੋਲੇਤਾਰੀ ਰੁਝਾਣਾ ਵਿਚਾਰ ਘਿਰਿਆ ਹੋਇਆ ਹੈ। ਲੈਨਿਨ ਨੇ ਸਾਮਰਾਜੀ ਪ੍ਰਬੰਧ ਦੇ ਆਪਣੇ ਇਤਿਹਾਸਕ ਵਿਸਲੇਸ਼ਣ ਮਾਰਕਸਵਾਦੀ ਸਿਧਾਂਤ ਨੂੰ ਇਕ ਉਚਾਈ ਤਕ ਵਿਕਸਤ ਕਰਕੇ ਵਿਚਾਰਕ ਰਾਜਸੀ ਸਪੱਸ਼ਟਤਾ ਨੂੰ ਜਿਸ ਉਚਾਈ 'ਤੇ ਪਹੁੰਚਾਇਆ ਸੀ, ਉਸ ਦੇ ਮੁਕਾਬਲਾਤਨ ਅੱਜ ਤਸਵੀਰ ਵੱਖਰੀ ਹੈ। ਕਟਾਸਕੀ ਤੋਂ ਲੈ ਕੇ ਅੱਜ ਦੇ ਸਮੇਂ ਦੇ ਗੈਰ-ਪ੍ਰੋਲੇਤਾਰੀ ਰੁਝਾਣਾ ਤਕ ਸਭ ਦਾ ਬੁਨਿਆਦੀ ਸੂਤਰ ਹੈ ਜਮਾਤੀ ਭਿਆਲੀ ਦਾ ਸਿਧਾਂਤ ਤਦ ਤੱਕ ਕ੍ਰਾਂਤੀਕਾਰੀ ਸਿਧਾਂਤ ਦੀ ਸਰਦਾਰੀ ਨੂੰ ਮੁੜ ਸਥਾਪਤ ਕਰਨਾ ਤਾਂ ਹੀ ਸੰਭਵ ਹੋਵੇਗਾ ਜੇ ਸਾਮਰਾਜਵਾਦ ਤੇ ਉਸ ਦੇ ਨਵ-ਬਸਤੀਵਾਦੀ ਪੜਾਅ 'ਚ ਠੀਕ ਠੀਕ ਸਮਝਣ ਦੀ ਪੁਰਜੋਰ ਕੋਸ਼ਿਸ਼ ਕੀਤੀ ਜਾਵੇ। ਤੇ ਉਸ ਨੂੰ ਭਾਂਜ ਦੇਣ ਲਈ ਮਾਰਕਸਵਾਦੀ-ਲੈਨਿਨਵਾਦੀ ਸਮਝ ਤੇ ਵਿਚਾਰਧਾਰਾ ਨੂੰ ਵਿਕਸਤ ਕੀਤਾ ਜਾ ਸਕੇ।

ਲੁੱਟ ਦੇ ਨਵ-ਬਸਤੀਵਾਦੀ ਤਰੀਕੇ ਨੂੰ ਅਪਣਾ ਲੈਣ ਦੇ ਬਾਵਜੂਦ 1970 ਤੇ 1980 ਦੇ ਦਹਾਕੇ 'ਚ ਸਾਮਰਾਜੀ ਡੂੰਘੇ ਸੰਕਟ 'ਚ ਫਸਣ ਤੋਂ ਬਚ ਨਹੀਂ ਸਕੇ। ਇਸ ਤੋਂ ਮਜਬੂਰ ਹੋ ਕੇ ਉਹਨਾਂ ਨੇ ਕੀਨਸ ਤੇ ਕਲਿਆਣਕਾਰੀ ਪ੍ਰਬੰਧ ਨੂੰ ਜਿਸ 'ਤੇ ਉਹ ਹੁਣ ਤੱਕ ਚੱਲ ਰਹੇ ਸਨ, ਤਿਆਗ ਕੇ ਨਵ-ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨਾ ਸ਼ੁਰੂ ਕੀਤਾ।

ਇਹਨਾਂ ਨੀਤੀਆਂ 'ਤੇ ਅਮਲ ਕਰਕੇ ਉਹਨਾਂ ਨੇ ਨਵ-ਬਸਤੀਵਾਦੀ ਦੇਸ਼ਾਂ

ਦੀ ਜੋ ਵੀ ਥੋੜੀ ਬਹੁਤ ਸਮਰੱਥਾ ਸੀ, ਉਸ ਨੂੰ ਖਤਮ ਕਰ ਦਿੱਤਾ ਤੇ ਇਹਨਾਂ ਦੇਸ਼ਾਂ ਦੇ ਅਰਥਚਾਰੇ ਨੂੰ ਬਹੁਕੌਮੀ ਨਿਗਮਾਂ ਦੇ ਕੌਮਾਂਤਰੀ ਉਤਪਾਦਨ ਤੇ ਵੰਡ ਦੀ ਵਿਵਸਥਾ ਦੇ ਨਾਲ ਸਾਮਰਾਜੀ ਪੂੰਜੀ ਤੇ ਬਾਜ਼ਾਰ ਵਿਵਸਥਾ ਦੇ ਨਾਲ ਜੋੜਦੇ ਗਏ। ਪਰ 2008 ਦੇ ਆਖਰੀ ਸੰਕਟ ਪ੍ਰਗਟ ਹੋਣ ਦੇ ਬੇਹੱਦ ਭਿਅੰਕਰ ਰੂਪ ਧਾਰਨ ਕਰ ਲੈਣ ਨਾਲ ਸਾਮਰਾਜੀ ਦੇਸ਼ ਇਕ ਵਾਰੀ ਫਿਰ ਤੋਂ ਨਵੇਂ ਸਿਧਾਂਤਾਂ ਦੀ ਭਾਲ 'ਚ ਲੱਗ ਗਏ ਹਨ ਤਾਂ ਕਿ ਇਸ ਸੰਕਟ ਦੇ ਬੋਝ ਨੂੰ ਨਵ-ਬਸਤੀਵਾਦੀ ਦੇਸ਼ਾਂ ਤੇ ਲੱਦਿਆ ਜਾ ਸਕੇ। ਲੁੱਟ ਦੇ ਨਵ-ਬਸਤੀਵਾਦੀ ਤਰੀਕਿਆਂ ਨੂੰ ਅਪਣਾਉਣ ਪਿੱਛੋਂ ਸਾਮਰਾਜੀ ਪ੍ਰਬੰਧ ਆਪਣੇ ਅੰਦਰ ਸਮੋਏ ਸੰਕਟਾਂ ਤੋਂ ਬਚ ਨਹੀਂ ਸਕਿਆ। ਬਲਕਿ ਇਹ ਸੰਕਟ ਤੇਜ ਹੀ ਹੋਇਆ ਹੈ। ਕੌਮਾਂਤਰੀ ਪੱਧਰ 'ਤੇ ਸਭ ਮੁੱਖ ਵਿਰੋਧਤਾਈਆਂ ਤਿੱਖੀਆਂ ਹੋ ਰਹੀਆਂ ਹਨ ਤੇ ਆਉਣ ਵਾਲੇ ਦਿਨਾਂ 'ਚ ਹੋਰ ਵੱਧ ਤਿੱਖੀਆਂ ਹੋਣਗੀਆਂ। ਵਿਚਾਰਕ ਰਾਜਸੀ ਦਿਸ਼ਾ ਨੂੰ ਵਿਕਸਤ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਨੇ ਗਿਣਨਯੋਗ ਪ੍ਰਾਪਤੀ ਹਾਸਲ ਕੀਤੀ ਹੈ। ਰੋਸ ਰੂਪ 'ਚ ਸਾਮਰਾਜ ਦੇ ਨਵ-ਬਸਤੀਵਾਦੀ ਦੌਰ ਦੀਆਂ ਜ਼ਰੂਰਤਾਂ ਅਨੁਸਾਰ ਇਨਕਲਾਬੀ ਸਿਧਾਂਤ ਦੇ ਮਹੱਤਵ ਨੂੰ ਫਿਰ ਤੋਂ ਸਥਾਪਤ ਕੀਤਾ ਹੈ ਅਤੇ ਅਮਲ 'ਚ ਲਿਆਂਦਾ ਹੈ।

# ਵਿਸੇਸ਼ ਆਰਮਜ਼ ਐਕਟ ਦਾ ਵਿਰੋਧ ਕਰਦੀ ਏਰੋਮ ਸ਼ਰਮੀਲਾ

ਨੌ ਸਾਲ ਤੋਂ ਕੈਦ ਏਰੋਮ ਸ਼ਰਮੀਲਾ ਜਿਸ ਨੇ ਨੌ ਜਨਮ ਦਿਨ ਜੇਲ੍ਹ 'ਚ ਗੁਜ਼ਾਰੇ ਹਨ, ਉਹ ਵੀ ਪੁਲਸ ਦੀ ਨਿਗਰਾਨੀ ਵਿੱਚ 1 ਨਵੰਬਰ 2000 'ਚ ਆਪਣੀਆਂ ਵੱਖ-ਵੱਖ ਮੰਗਾਂ ਲਈ ਏਰੋਮ ਸ਼ਰਮੀਲਾ ਚਾਨੂ ਨੇ ਮਰਨਵਰਤ ਸ਼ੁਰੂ ਕੀਤਾ ਸੀ। ਇਹਨਾਂ ਮੰਗਾਂ ਵਿੱਚ ਮਣੀਪੁਰ 'ਚ ਵਿਸੇਸ਼ ਆਰਮਜ਼ ਐਕਟ 1958 ਕਨੂੰਨ ਨੂੰ ਖਤਮ ਕਰਨਾ ਵੀ ਸੀ। ਜਿਸ ਨੂੰ ਮਨੀਪੁਰ ਦੇ ਲੋਕ ਮੰਨਦੇ ਹਨ ਕਿ ਇਹ ਉਹਨਾਂ ਦੀ ਆਜ਼ਾਦੀ ਨੂੰ ਕੁਚਲਣ ਵਾਲਾ ਕਨੂੰਨ ਹੈ। ਇਥੋਂ ਦੇ ਲੋਕਾਂ ਲਈ ਆਦਰਸ਼ ਬਣ ਚੁੱਕੀ ਸ਼ਰਮੀਲਾ ਚਾਨੂ ਦੇ ਖਿਲਾਫ ਕੋਈ ਸੰਗੀਨ ਦੋਸ਼ ਵੀ ਨਹੀਂ ਹੈ ਜਿਸ ਕਾਰਨ ਉਸ ਨੂੰ ਲੰਬੇ ਸਮੇਂ ਤਕ ਕੈਦ ਵਿੱਚ ਰੱਖਿਆ ਜਾਵੇ। ਕੌਮਾਂਤਰੀ ਔਰਤ ਦਿਵਸ ਦੇ ਠੀਕ ਪਹਿਲਾਂ ਉਹਨਾਂ ਨੂੰ ਕੁਝ ਘੰਟਿਆਂ ਜਾਂ ਇਕ ਦਿਨ ਲਈ ਰਿਹਾ ਕਰ ਦਿੱਤਾ ਜਾਂਦਾ ਹੈ। ਪਰ ਉਸ ਪਿਛੋਂ ਅਮਨ ਕਾਨੂੰਨ ਦਾ ਹਵਾਲਾ ਦੇ ਕੇ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਸੰਸਦੀ ਕਮੇਟੀ ਤੇ ਨਿਆਂਮੂਰਤੀਆਂ ਨੂੰ ਲੈ ਕੇ ਗਠਿਤ ਵਿਸ਼ੇਸ਼ ਕਮੇਟੀ ਨੇ ਵੀ ਚਾਨੂ ਦੇ ਹੱਕ ਵਿੱਚ ਰਿਪੋਰਟ ਦਿੱਤੀ ਹੈ। ਫਿਰ ਵੀ ਜੇਲ੍ਹ ਦੀ ਦੁਨੀਆਂ ਤੋਂ ਬਾਹਰ ਉਹ ਪਹੁੰਚ ਨਹੀਂ ਸਕੀ ਹੈ। ਮਰਨਵਰਤ 'ਤੇ ਡਟੀ ਰਹਿਣ ਵਾਲੀ ਮਣੀਪੁਰ ਦੀ ਅਗਨੀ ਕੰਨਿਆ ਨੂੰ ਹਰ ਦਿਨ ਹਸਪਤਾਲ ਦੀ ਨਰਸ ਜ਼ਬਰੀ ਤਰਲ ਪਦਾਰਥ ਖਵਾ ਦਿੰਦੀ ਹੈ। ਸ਼ਰਮੀਲਾ ਚਾਨੂ ਹੁਣ ਵੀ ਆਪਣਾ ਸੁਪਨਾ ਵੇਖਦੀ ਹੈ ਕਿ ਵਿਸੇਸ਼ ਫੌਜੀ ਕਨੂੰਨ ਇਕ ਦਿਨ ਵਾਪਸ ਲੈ ਲਿਆ ਜਾਵੇਗਾ ਤੇ ਉਹ ਆਪਣੀ ਮਾਂ ਦੇ ਹੱਥੋਂ ਰੋਟੀ ਖਾ ਕੇ ਵਰਤ ਤੋੜ ਦੇਵੇਗੀ। 2 ਨਵੰਬਰ 2000 ਨੂੰ ਮਣੀਪੁਰ ਦੀ ਰਾਜਧਾਨੀ ਇੰਫਾਲ ਦੇ ਪਾਸ ਮਾਲੋਮ ਪਿੰਡ ਅਸਮ ਰਾਈਫਲਜ਼ ਦੇ ਜਵਾਨਾ ਨੇ 10 ਸਥਾਨਕ ਨਿਵਾਸੀਆਂ ਨੂੰ ਗੋਲੀ ਮਾਰ ਦਿੱਤੀ ਸੀ। ਦਰਅਸਲ ਆਸਮ ਰਾਈਫਲਜ਼ ਦੇ ਕੈਂਪ ਨੇੜੇ 1 ਨੰਵਬਰ ਨੂੰ ਕੁਝ ਅਣਪਛਾਣੇ ਸ਼ਰਾਰਤੀ ਤੱਤਾਂ ਨੇ ਬੰਬ ਰੱਖ ਦਿੱਤਾ ਸੀ। ਇਸ ਨਾਲ ਭੜਕੇ ਆਮ ਰਾਈਫਲ ਦੇ ਜਵਾਨਾਂ ਨੇ ਮਾਲੋਮ ਦੇ ਇਕ ਬੱਸ ਸਾਪ 'ਤੇ ਅੰਧਾਧੁੰਦ ਫਾਇਰਿੰਗ ਕੀਤੀ ਤਦ 27 ਸਾਲਾਂ ਏਰੋਮ ਸ਼ਰਮੀਲਾ ਨੇ ਇਸ ਹਤਿਆਕਾਂਡ ਦਾ ਵਿਰੋਧ ਕੀਤਾ ਤੇ ਮਨੁੱਖੀ ਅਧਿਕਾਰ ਦਿਵਸ ਦੇ ਮੌਕੇ ਵਰਤ ਸ਼ੁਰੂ ਕੀਤਾ ਸੀ। ਇਸਦੇ ਪਹਿਲਾਂ ਅਕਤੂਬਰ ਮਹੀਨੇ 'ਚ ਉਹ ਇਕ ਅਜਿਹੀ ਜਥੇਬੰਦੀ ਨਾਲ ਜੁੜ ਗਈ ਸੀ ਜੋ ਅਸਮਰਥ ਬੱਚਿਆਂ ਤੇ ਬੇਸਹਾਰਾ ਔਰਤਾਂ ਲਈ ਕੰਮ ਕਰਦੀ ਹੈ। ਹਿਊਮਨ ਰਾਈਟਸ ਐਲ. ਟੀ. ਜਾਂ ਐਚ. ਆਰ. ਏ. ਨਾਂ ਦੀ ਸਵੈ-ਸੇਵੀ ਵਰਕਰ ਦੀ ਹੈਸੀਅਤ ਵਿੱਚ ਚਾਨੂ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਮਿਲੀ ਸੀ। ਅਸਮ ਰਾਈਫਲਜ ਦੇ ਜਵਾਨਾਂ ਦੀ ਬੇਰਹਿਮੀ ਨੂੰ ਦੇਖ ਕੇ ਮਾਲੋਮ ਦੇ ਬਾਜ਼ਾਰ 'ਚ ਵਰਤ ਸ਼ੁਰੂ ਕਰ ਦਿੱਤਾ। ਸਥਾਨਕ ਲੋਕਾਂ ਦੇ ਨਾਲ ਹੀ ਮਣੀਪੁਰ ਵਿੱਚ ਔਰਤਾਂ ਦੀ ਸਭ ਤੋਂ ਸ਼ਕਤੀਸ਼ਾਲੀ ਜਥੇਬੰਦੀ ਅਪਬੁਲੁਬਾ ਮਣੀਪੁਰ ਕਾਲਬਾ ਇਮਾਲੁਪ (ਮਦਰਜ਼ ਯੂਨੀਅਨ ਟੂ ਸੇਵ ਮਨੀਪੁਰ) ਨੇ ਵੀ ਇਸ ਦੀ ਹਮਾਇਤ ਕੀਤੀ। ਸਿੱਟਾ ਇਹ ਹੋਇਆ ਕਿ ਸੂਬੇ ਵਿੱਚ ਫੌਜ ਪ੍ਰਤੀ ਲੋਕਾਂ ਦਾ ਗੁੱਸਾ ਵਧਦਾ ਗਿਆ। ਅਨਹੋਣੀ ਦੇ ਖਦਸ਼ੇ ਨੂੰ ਵੇਖਦਿਆਂ ਸਰਕਾਰ ਨੇ ਆਈ. ਪੀ. ਸੀ. ਦੀ ਧਾਰਾ 309 ਦੇ ਤਹਿਤ ਸ਼ਰਮੀਲਾ ਨੂੰ

ਗ੍ਰਿਫਤਾਰ ਕਰ ਲਿਆ। ਇਸ ਧਾਰਾ ਦੇ ਤਹਿਤ ਕਿਸੇ ਵੀ ਦੋਸ਼ੀ ਨੂੰ ਇਕ ਸਾਲ ਤੋਂ ਵੱਧ ਕੈਦ 'ਚ ਨਹੀਂ ਰੱਖਿਆ ਜਾ ਸਕਦਾ। ਪਰ ਸ਼ਰਮੀਲਾ ਨਾਲ ਅਜਿਹਾ ਨਹੀਂ ਹੋਇਆ। ਇਧਰ ਲਗਾਤਾਰ ਵਰਤ 'ਤੇ ਰਹਿਣ ਕਰਕੇ ਉਸ ਦੀ ਵਿਗੜਦੀ ਹਾਲਤ ਨੂੰ ਵੇਖਦਿਆਂ ਉਸ ਨੂੰ ਸਥਾਨਕ ਜਵਾਹਰ ਲਾਲ ਨਹਿਰੂ ਹਸਪਤਾਲ 'ਚ ਪੁਲਸ ਪਹਿਰੇ 'ਚ ਰੱਖਿਆ ਗਿਆ। ਇਸ ਪਿਛੋਂ ਉਸ ਨੂੰ ਤਰਲ ਖੁਰਾਕ ਦੇ ਕੇ ਬਚਾਉਣ ਦੀ ਕੋਸ਼ਿਸ਼ ਸ਼ੁਰੂ ਹੋਈ। 1 ਨਵੰਬਰ 2000 ਤੋਂ 09 ਸਾਜੀਵੋਵਾ ਸੈਂਟਰਲ ਜੇਲ੍ਹ ਜਾਂ ਹਸਪਤਾਲ ਚਾਨੂ ਲਈ ਅਸਥਾਈ ਘਰ ਬਣ ਗਿਆ। ਕਨੂੰਨ ਤਹਿਤ ਇਕ ਸਾਲ ਤੋਂ ਵੱਧ ਸਮਾਂ ਸ਼ਰਮੀਲਾ ਨੂੰ ਜੇਲ੍ਹ 'ਚ ਰੱਖਿਆ ਨਹੀਂ ਜਾ ਸਕਦਾ। ਇਸ ਲਈ ਸਮਾਂ ਸੀਮਾ ਖਤਮ ਹੁੰਦਿਆਂ ਹੀ ਉਸ ਨੂੰ ਰਿਹਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਕਾਰਨ ਰਿਹਾਈ ਦੇ ਇਕ ਘੰਟੇ ਪਿਛੋਂ ਉਸ ਨੂੰ ਫਿਰ ਗ੍ਰਿਫ਼ਤਾਰ ਕਰਨਾ ਸਥਾਨਕ ਪ੍ਰਸ਼ਾਸ਼ਨ ਦਾ ਹਰ ਸਾਲ ਦਾ ਰੁਟੀਨ ਬਣ ਗਿਆ ਹੈ। ਇਸ ਦੌਰਾਨ 2 ਅਕਤੂਬਰ 2006 ਨੂੰ ਰਿਹਾ ਹੋਣ ਨਾਲ ਚਾਨੂ ਨੂੰ ਮਣੀਪੁਰ ਤੋਂ ਦਿੱਲੀ ਜੇਲ੍ਹ 'ਚ ਲਿਆਂਦਾ ਗਿਆ। ਪਰ ਜਦ ਉਸ ਨੇ ਦਿੱਲੀ ਦੇ ਜੰਤਰ ਮੰਤਰ 'ਚ ਵਰਤ ਸ਼ੁਰੂ ਕੀਤਾ ਤਾਂ ਦੁਨੀਆਂ ਦੇ ਕਈ ਦੇਸ਼ਾਂ 'ਚ ਸਨਸਨੀ ਫੈਲ ਗਈ। ਚਾਰ ਦਿਨਾਂ ਬਾਅਦ 6 ਅਕਤੂਬਰ ਨੂੰ ਉਸ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ ਸੀ। ਤਕਰੀਬਨ 9 ਸਾਲ ਤੋਂ ਜੇਲ੍ਹ ਵਿੱਚ ਰਹਿਣ ਵਾਲੀ ਚਾਨੂ ਦਾ ਸਮਾਂ ਕਿਵੇਂ ਬੀਤਿਆ, ਇਸ 'ਤੇ ਪਿੱਛੇ ਜਿਹੇ ਹੀ ਇੰਫਾਲ ਜਾ ਕੇ ਚਾਨੂ ਦੀ ਇਕ ਸਹਿਯੋਗੀ ਤੋਂ ਪੁੱਛਣ 'ਤੇ ਉਤਰ ਮਿਲਿਆ ਕਿ ਸ਼ਰਮੀਲਾ ਦਾ ਸਮਾਂ ਬੀਤਦਾ ਹੈ ਬੌਧ ਧਰਮ ਦੀਆਂ ਵੱਖ-ਵੱਖ ਪੁਸਤਕਾਂ ਪੜ੍ਹ ਕੇ। ਮਣੀਪੁਰ ਦੀ ਇਸ ਕੰਨਿਆ ਨੇ 400-600 ਪੰਕਤੀਆਂ ਵਾਲੀਆਂ ਕਵਿਤਾਵਾਂ ਵੀ ਲਿਖੀਆਂ ਹਨ। ਫਰਵਰੀ 2008 'ਚ ਉਸ ਨੇ 1000 ਲਾਈਨਾਂ ਦੀ ਕਵਿਤਾ ਲਿਖੀ। ਜੇਲ੍ਹ ਵਿੱਚ ਹੀ ਰਹਿ ਕੇ ਉਹਨਾਂ ਨੂੰ ਖਬਰ ਮਿਲੀ ਕਿ ਉਹਨਾਂ ਦੀ 105 ਸਾਲਾਂ ਦਾਦੀ ਦਾ ਦੇਹਾਂਤ ਹੋ ਗਿਆ ਹੈ। ਜਿਹਨਾਂ ਦੇ ਆਖਰੀ ਦਰਸ਼ਨ ਕਰਨ ਲਈ ਵੀ ਚਾਨੂ ਨਹੀਂ ਆ ਸਕੀ ਜਦ ਕਿ ਜੇਲ੍ਹ ਤੋਂ ਉਸ ਦਾ ਘਰ ਸਿਰਫ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਜਾਣਕਾਰੀ ਚਾਨੂ ਦੇ ਭਾਈ ਇਮਰ ਸਿੰਘ ਜੀਤ ਨੇ ਦਿੱਤੀ। 1948 ਦੇ ਕੌਮਾਂਤਰੀ ਮਨੁੱਖੀ ਕਾਨੂੰਨ 'ਚ ਜੋ ਕੁਝ ਵੀ ਕਿਹਾ ਗਿਆ ਹੋਵੇ। ਪਰ ਭਾਰਤ ਦੇ ਉਤਰ-ਪੂਰਵਾਂਚਲ 'ਚ ਇਸ ਦੀ ਪਾਲਣਾ ਨਹੀਂ ਕੀਤੀ ਜਾਂਦੀ। 1956 ਤੋਂ ਹੀ ਨਾਗਾਲੈਂਡ ਤੇ ਮਣੀਪੁਰ ਵਿੱਚ ਭਾਰਤੀ ਫੌਜ ਸ਼ਾਂਤੀ ਕਾਇਮ ਕਰਨ ਦੇ ਨਾਂ 'ਤੇ ਵਿਸ਼ੇਸ਼ ਸਹੂਲਤ ਲੈਂਦੀ ਹੈ। ਸੰਵਿਧਾਨ 'ਚ ਭਾਰਤੀ ਨਾਗਰਿਕਾਂ ਦੇ ਅਧਿਕਾਰਾਂ ਨੂੰ ਲੈ ਕੇ ਚਾਹੇ ਕੁਝ ਵੀ ਕਿਹਾ ਗਿਆ ਹੋਵੇ ਪਰ ਮਣੀਪੁਰ ਨਾਗਾਲੈਂਡ ਦੇ ਲੋਕ ਇਸ ਤੋਂ ਵਾਂਝੇ ਹਨ। 1954 ਤੋਂ 1957 ਤਕ ਇਕ ਤੋਂ ਬਾਅਦ ਇਕ ਹਾਦਸੇ ਵਿਚ ਕਈ ਲੋਕ ਵੀ ਬੇਘਰ ਹੋਏ ਹਨ। ਆਪਣਾ ਆਲ੍ਹਣਾ ਸੜਦਿਆਂ ਹੋਇਆਂ ਉਹਨਾਂ ਨੇ ਖੁਦ ਆਪਣੀਆਂ ਅੱਖਾਂ ਨਾਲ ਵੇਖਿਆ ਹੈ। ਉਹ ਸੜਕ 'ਤੇ ਆ ਜਾਣ ਲਈ ਮਜ਼ਬੂਰ ਹੋਏ ਹਨ। ਇਸ ਜਾਤੀ ਦੰਗੇ ਤੇ ਹੋਰ ਹਾਦਸੇ ਤੇ ਰੋਕ ਲਾਉਣ ਲਈ ਸਾਲ 1955 'ਚ ਅਸਮ ਦੰਗਾ ਇਲਾਕਾ ਕਨੂੰਨ ਬਣਾਇਆ ਗਿਆ ਜਿਸ ਵਿਚ ਮਣੀਪੁਰ ਵਿਵਾਦਿਤ ਆਰਮਡ ਫੋਰਸ ਸਪੈਸ਼ਲ ਪਾਵਰਸ ਐਕਟ ਰੱਖਿਆ ਗਿਆ। (ਇਸ ਦਾ ਅਰਸਾ 1958 ਤੋਂ ਸ਼ੁਰੂ ਹੋਇਆ)। ਮਾਰਚ 2008 'ਚ ਸ਼ਰਮੀਲਾ ਚਾਨੂ ਦੀ ਸਲਾਨਾ ਰਿਹਾਈ ਦੇ ਮੌਕੇ 'ਤੇ ਸਥਾਨਕ ਔਰਤਾਂ ਦੇ ਸੰਗਠਨ ਅਮਨੂਪ ਮਣੀਪੁਰ ਕਾਨਮ

ਈਮਾਲੁਪ ਵੀਮੇਂਸ ਸੈਲਟਰ ਜਾਂ ਮੇਰਿਆ ਸਾਏ ਨੇ ਇਕ ਸਮਾਰੋਹ ਕਰਵਾਇਆ ਸੀ। ਪਰ ਮਣੀਪੁਰ ਪ੍ਰਸਾਸ਼ਨ ਨੇ ਇਸ ਕਾਰਨ ਇਸ ਦੀ ਇਜਾਜ਼ਤ ਨਹੀਂ ਦਿੱਤੀ ਕਿ ਉਸ ਨੂੰ ਡਰ ਸੀ ਕਿ ਚਾਨੂ ਦੀ ਮੌਜੂਦਗੀ ਕਨੂੰਨੀ ਸਥਿਤੀ ਨੂੰ ਭੰਗ ਕਰ ਸਕਦੀ ਹੈ। ਕਾਂਗਰਸ ਤੇ ਹੋਰ ਰਾਜਸੀ ਪਾਰਟੀਆਂ ਵੀ ਪ੍ਰਸਾਸਨ ਤੋਂ ਵੱਖਰੀਆਂ ਨਹੀਂ ਹਨ। ਇਸ ਦਾ ਸਬੂਤ ਚਾਨੂ ਦਾ 9 ਸਾਲਾਂ ਤੋਂ ਜੇਲ੍ਹ 'ਚ ਜਾਰੀ ਵਰਤ ਹੈ। ਨਿਆਮੂਰਤੀ ਜੀਵਨ ਰੈਡੀ ਕਮੇਟੀ ਸਾਲ 2004 'ਚ ਗਠਿਤ ਹੋਈ ਸੀ। ਇਸ ਦਾ ਉਭਾਰ ਮਣੀਪੁਰ 'ਚ ਵਿਸੇਸ਼ ਫੌਜੀ ਕਨੂੰਨ ਜਾਰੀ ਰੱਖਿਆ ਜਾਵੇ ਜਾਂ ਨਾ ਇਸ ਤੇ ਵਿਚਾਰ ਕਰਨਾ ਸੀ। ਕਮੇਟੀ ਦੀ ਰਿਪੋਰਟ 'ਚ ਕਿਹਾ ਗਿਆ ਸੀ 'ਇਹ ਐਕਟ ਇਕ ਮੁਹਿੰਮ ਦਾ ਸੂਚਕ ਹੈ ਜੋ ਸਿਰਫ ਪ੍ਰੇਸ਼ਾਨ ਕਰਨ ਦਾ ਮਾਧਿਅਮ ਹੈ।' ਮਣੀਪੁਰ 'ਚ ਵਿਧਾਇਕ ਤੋਂ ਲੈ ਕੇ ਸਾਂਸਦ ਤਕ ਹੁਣ ਇਸ ਝਮੇਲੇ ਭਰੇ ਕਨੂੰਨ ਨੂੰ ਹਟਾਉਣ ਦੇ ਪੱਖ ਵਿੱਚ ਹੈ। ਚਾਰ ਮਾਰਚ 2008 'ਚ ਮਣੀਪੁਰ ਦੇ ਸਾਂਸਦ ਡਾ. ਥੋਕ ਚੋਮ ਮੇਨਿਆ ਨੇ (AFFSTA) ਨੂੰ ਰੱਦ ਕਰਨ ਲਈ ਸੰਸਦ ਵਿੱਚ ਆਵਾਜ਼ ਉਠਾਈ ਸੀ। ਇਸ ਦੇ ਬਾਵਜੂਦ ਇਸ ਲੋਕ ਵਿਰੋਧੀ ਯੂ. ਪੀ. ਏ. ਸਰਕਾਰ ਨੇ ਰੱਦ ਨਹੀਂ ਕੀਤਾ ਹੈ। ਇਸ ਕਾਰਨ 36-37 ਸਾਲਾਂ ਚਾਨੂ ਆਮ ਜਨਤਾ 'ਚ ਵਿਰੋਧ ਦੀ ਪ੍ਰਤੀਕ ਬਣ ਚੁੱਕੀ ਹੈ। ਇਰੋਮ ਚਾਨੂ ਮਣੀਪੁਰ 'ਚ ਨੌਜਵਾਨ ਵਰਗ ਲਈ ਸਿਰਫ ਉਦਾਹਰਣ ਹੀ ਨਹੀਂ ਬਲਕਿ ਆਦਰਸ਼ ਵੀ ਹੈ। ਕੇਂਦਰ ਦੇ ਨਾਲ-ਨਾਲ ਮਣੀਪੁਰ ਦੀ ਸਰਕਾਰ ਉਹਨਾਂ ਦੀ ਹਰਮਨਪਿਆਰਤਾ ਤੋਂ ਡਰਦੀ ਹੈ ਅਤੇ ਇਸ ਕਾਰਨ ਮਣੀਪੁਰ ਦੀ ਇਸ ਅਗਨੀ ਕੰਨਿਆ ਨੂੰ ਕੌਮਾਂਤਰੀ ਮਹਿਲਾ ਦਿਵਸ ਸਮੇਂ ਵੀ ਗ੍ਰਿਫਤਾਰ ਕੀਤਾ ਜਾਂਦਾ ਹੈ।

# ਡੇਟਿੰਗ ਦੇ ਬਹਾਨੇ ਬਲਾਤਕਾਰ

ਅਧੁਨਿਕਤਾ ਦੀ ਦੌੜ 'ਚ 'ਡੇਟਿੰਗ' ਦੇ ਨਾਂ ਤੇ ਸ਼ਾਦੀ ਤੋਂ ਪਹਿਲਾਂ ਮੁਟਿਆਰਾਂ-ਨੌਜਵਾਨਾਂ ਦਾ ਸੰਪਰਕ ਕਦੋਂ 'ਡੇਟ ਰੇਪ' 'ਚ ਬਦਲ ਜਾਏ, ਕੁਝ ਕਿਹਾ ਨਹੀਂ ਜਾ ਸਕਦਾ। ਇਹ ਹੈ ਭੋਗਵਾਦੀ ਮਾਨਸਿਕਤਾ ਪਲਵੀ ਤੇ ਗੌਰਵ ਇਕ ਦੂਜੇ ਨੂੰ ਪਿਆਰ ਕਰਦੇ ਸਨ, ਨਾਲ-ਨਾਲ ਘੁੰਮਣ, ਫਿਲਮਾਂ ਵੇਖਣੀਆਂ ਤੋਂ ਰੈਸਟੋਰੈਂਟਾਂ 'ਚ ਲੰਚ-ਡਿਨਰ ਵੀ ਇਕੱਠੇ ਹੀ ਕਰਦੇ ਸਨ। ਪਿਆਰ ਦੀ ਡੋਰ ਵਿਚ ਬੱਝੇ ਇਨ੍ਹਾਂ ਦੋਨਾਂ ਨੂੰ ਇਕ ਮਹੀਨਾ ਲੰਘ ਗਿਆ ਸੀ। ਗੌਰਵ ਜਦ ਵੀ ਪਲਵੀ ਕੋਲ ਜਾਂਦਾ, ਉਸ ਦੀਆਂ ਭਾਵਨਾਵਾਂ ਉਤੇਜਿਤ ਹੋ ਜਾਂਦੀਆਂ ਤੇ ਉਹ ਪਲਵੀ ਨੂੰ ਆਪਣੀ ਜੱਫੀ ਵਿਚ ਲੈਣ ਲਈ ਬੇਚੈਨ ਹੋ ਜਾਂਦਾ ਪਰੰਤੂ ਪਲਵੀ ਸ਼ਾਦੀ ਤੋਂ ਪਹਿਲਾਂ ਸਰੀਰਕ ਮਿਲਣ ਲਈ ਤਿਆਰ ਨਾ ਹੁੰਦੀ। ਗੌਰਵ ਦੀ ਉਤੇਜਨਾ ਜਦ ਉਸ ਨੂੰ ਵਿਆਕੁਲ ਕਰਨ ਲੱਗੀ ਤਾਂ ਇਕ ਦਿਨ ਉਸ ਨੇ ਪਲਵੀ ਨੂੰ ਕੋਲਡ ਡ੍ਰਿੰਕ 'ਚ ਨਸ਼ੇ ਦੀ ਦੀਵਾਈ ਮਿਲਾ ਕੇ ਪਿਲਾ ਦਿੱਤੀ ਜਦ ਪਲਵੀ ਬੇਸੁਰਤ ਹੋ ਗਈ ਤਾਂ ਗੌਰਵ ਨੇ ਆਪਣੇ ਮਨ ਦੀ ਇੱਛਾ ਉਸ ਨਾਲ ਪੂਰੀ ਕਰ ਲਈ। ਉਕਤ ਘਟਨਾ ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਨਵੀਂ ਪੀੜ੍ਹੀ ਦੇ ਜਨੂੰਨੀ ਪ੍ਰੇਮੀ ਡੇਟਿੰਗ ਦੇ ਬਹਾਨੇ ਆਪਣੀ ਪ੍ਰੇਮਿਕਾ ਨੂੰ ਨਾ ਸਿਰਫ ਧੋਖਾ ਹੀ ਦਿੰਦੇ ਹਨ ਬਲਕਿ ਉਨ੍ਹਾਂ ਦਾ ਯੌਨ ਸ਼ੋਸ਼ਣ ਵੀ ਕਰਦੇ ਹਨ। ਸੈਕਸ ਦੇ ਜਨੂੰਨ ਦਾ ਸ਼ਿਕਾਰ ਨਾ ਸਿਰਫ ਪ੍ਰੇਮਕਾਵਾਂ ਹੀ ਹੁੰਦੀਆਂ ਹਨ ਬਲਕਿ ਮੰਗਣੀ ਹੋਣ ਪਿੱਛੋਂ ਭਾਵੀ ਪਤਨੀਆਂ ਵੀ ਹੁੰਦੀਆਂ ਹਨ। ਇੰਦੌਰ ਦੀ ਪ੍ਰਭਾ ਨਾਲ ਕੁਝ ਅਜਿਹਾ ਹੀ ਹੋਇਆ ਸੀ ਸ਼ਾਮ ਢਲ ਜਾਣ ਪਿੱਛੋਂ ਪ੍ਰਭਾ ਆਪਣੇ ਮਿੱਤਰਾਂ ਨੂੰ ਮਿਲਣ ਜਾਇਆ ਕਰਦੀ ਸੀ ਤੇ 10-11 ਵਜੇ ਰਾਤ ਨੂੰ ਘਰ ਵਾਪਸ ਆਉਂਦੀ ਸੀ। ਇਹ ਉਸ ਦਾ ਰੋਜ਼ਾਨਾ ਦਾ ਕੰਮ ਸੀ ਉਹ ਦਿਨ ਵੀ ਪ੍ਰਭਾ ਦੇਰ ਨਾਲ ਘਰ ਆਈ ਤੇ ਫਿਰ ਆਪਣੇ ਕਮਰੇ ਵਿਚ ਸਿੱਧਾ ਚਲੀ ਗਈ ਤੇ ਅਗਲਾ ਸਾਰਾ ਦਿਨ ਕਮਰੇ 'ਚ ਬੰਦ ਰਹੀ। ਚੰਚਲ ਮੁਟਿਆਰ ਦਾ ਅਚਾਨਕ ਗੁੰਮ-ਸੁੰਮ ਹੋ ਜਾਣਾ ਮਾਂ-ਬਾਪ ਨੂੰ ਪ੍ਰੇਸ਼ਾਨ ਕਰ ਰਿਹਾ ਸੀ ਪਰ ਉਹਨਾਂ ਨੂੰ ਕੁਝ ਪਤਾ ਨਹੀਂ ਲੱਗਿਆ ਦਰਅਸਲ ਮਿੱਤਰ ਮੰਡਲੀ ਦਾ ਬਹਾਨਾ ਲਾ ਕੇ ਪ੍ਰਭਾ ਰੋਜ਼ਾਨਾ ਆਪਣੇ ਮੰਗੇਤਰ ਨੂੰ ਮਿਲਣ ਜਾਇਆ ਕਰਦੀ ਸੀ। ਆਧੁਨਿਕ ਭਾਸ਼ਾ 'ਚ ਇਸ ਮਿਲਣ ਨੂੰ 'ਡੇਟਿੰਗ' ਕਹਿੰਦੇ ਹਨ। ਉਸ ਦਿਨ ਵੀ ਪ੍ਰਭਾ ਡੇਟਿੰਗ ਤੇ ਗਈ ਸੀ ਪਰ ਆਪਣੇ ਮੰਗੇਤਰ ਦੇ ਆਸ ਤੋਂ ਉਲਟ ਵਿਵਹਾਰ ਨਾਲ ਉਸ ਨੂੰ ਕਾਫੀ ਦੁੱਖ ਹੋਇਆ ਤੇ ਉਹ ਵਾਪਸ ਆ ਗਈ। ਉਸ ਦੀਆਂ ਅੱਖਾਂ ਦਾ ਵਹਿਸ਼ੀਪਣ, ਗੱਲਾਂ ਦਾ ਸਸਤਾਪਣ ਤੇ ਇਰਾਦਿਆਂ ਦੀ ਦਰਿੰਗਦੀ ਦੀ ਗਿਰਫਤ ਤੋਂ ਬਚ ਕੇ ਜਿਸ ਤਰ੍ਹਾਂ ਉਹ ਭੱਜੀ ਸੀ, ਉਸ ਨੂੰ ਭੁੱਲ ਸਕਣਾ ਮੁਸ਼ਕਲ ਸੀ। ਇਸ ਤਰ੍ਹਾਂ ਦੀਆਂ ਘਟਨਾਵਾਂ ਅਖਬਾਰਾਂ 'ਚ ਹਰ ਰੋਜ਼ ਪੜ੍ਹਨ ਨੂੰ ਮਿਲ ਜਾਇਆ ਕਰਦੀਆਂ ਹਨ। ਪਿਛਲੀ ਦਿਨੀਂ ਹੀ ਬੰਗਲੌਰ ਦੀ ਪੁਲਸ ਨੇ 30 ਸਾਲਾਂ ਰਾਧਾ ਕ੍ਰਿਸ਼ਨ ਨੂੰ ਗ੍ਰਿਫਤਾਰ ਕੀਤਾ ਸੀ, ਜਿਸ ਨੇ ਚਾਰ ਮੁਟਿਆਰਾਂ ਨਾਲ ਮੰਗਣੀ ਕਰਨ ਪਿੱਛੋਂ ਉਹਨਾਂ ਨੂੰ ਬੇਹੋਸ਼ੀ ਦੀ ਦਵਾ ਖਿਲਾ ਕੇ ਉਹਨਾਂ ਨਾਲ ਸਰੀਰਕ ਸੰਬੰਧ ਤਾਂ ਬਣਾਏ ਪਰ ਉਹਨਾਂ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਜੇ ਸ਼ਬਦਕੋਸ਼ ਦੇਖੀਏ ਤਾਂ ਇਹਨਾਂ ਹਾਲਤਾਂ ਨੂੰ ਅੰਗਰੇਜ਼ੀ ਵਿਚ 'ਡੇਟ ਰੇਪ'

ਕਿਹਾ ਜਾਂਦਾ ਹੈ। ਡੇਟ ਰੇਪ ਦੀ ਵਰਤੋਂ ਉਹਨਾਂ ਦਵਾਈਆਂ ਲਈ ਕੀਤੀ ਜਾਂਦੀ ਹੈ ਜਿਸ ਦੀ ਵਰਤੋਂ ਕਰਨ ਨਾਲ ਕਿਸੇ ਵਿਰੋਧ ਬਿਨਾ ਮੁਟਿਆਰ ਨਾਲ ਸਰੀਰਕ ਸੰਬੰਧ ਬਣਾਇਆ ਜਾਂਦਾ ਹੈ। ਵੈਲਟਾਈਨ ਤੇ ਨਿਊ ਈਅਰ ਪਾਰਟੀਆਂ 'ਚ ਇਨ੍ਹਾਂ ਦੀ ਵਿਕਰੀ ਅਚਾਨਕ ਵੱਧ ਜਾਂਦੀ ਹੈ। ਇਨ੍ਹਾਂ 'ਚ ਰੋਪਨੋਲ , ਜੀ ਐਚ ਵੀ, ਕੇਟਾਮਾਈਨ ਹਾਈਡਰੋਕਲੋਰਾਈਡ ਮੁੱਖ ਹਨ। ਸਭ ਤੋਂ ਵੱਧ ਵਰਤੋਂ ਰੋਪਨੋਲ ਦੀ ਹੁੰਦੀ ਹੈ। ਜਿਸ ਦੇ ਗੁਣਾਂ ਵਾਲੀ ਕਾਫੀ ਰਫਲਜ਼, ਰੁਫੀਜ਼ ਵਰਗੇ ਕਈ ਨਾਵਾਂ ਨਾਲ ਦਵਾਈਆਂ ਹਨ। ਇਹ ਰੰਗ ਰਹਿਤ, ਗੰਧ ਰਹਿਤ ਤੇ ਸੁਆਦ ਹੀਣ ਦਵਾ ਹੁੰਦੀ ਹੈ। ਇਸ ਕਾਰਨ ਕਿਸੇ ਵੀ ਪੀਣ ਵਾਲੀ ਚੀਜ਼ 'ਚ ਮਿਲਾਉਣ ਤੇ ਉਸ ਦਾ ਪਤਾ ਨਹੀਂ ਲੱਗਦਾ ਹੈ, ਇਹ ਅਸਾਨੀ ਨਾਲ ਤਰਲ ਵਿਚ ਘੁਲ ਜਾਂਦੀ ਹੈ ਅਤੇ ਆਪਣਾ ਪ੍ਰਭਾਵ ਵਰਤੋਂ ਦੇ 20 ਮਿੰਟ ਬਾਅਦ ਵਿਖਾ ਦਿੰਦੀ ਹੈ, ਇਹਨਾਂ ਦਾ ਅਸਰ 8 ਤੋਂ 12 ਘੰਟਿਆਂ ਤੱਕ ਰਹਿੰਦਾ ਹੈ। ਇਹ ਦਵਾਈਆਂ ਸੈਕਸ ਲਈ ਉਕਸਾਉਂਦੀਆਂ ਹਨ ਅਤੇ ਬੰਦੇ ਨੂੰ ਵਿਰੋਧ ਦੇ ਕਾਬਲ ਨਹੀਂ ਛੱਡਦੀਆਂ। ਹੋਸ਼ 'ਚ ਆਉਣ ਪਿੱਛੋਂ ਵਿਅਕਤੀ ਇਹ ਭੁਲ ਜਾਂਦਾ ਹੈ ਕਿ ਪਿਛਲੇ 8-10 ਘੰਟੇ ਦੌਰਾਨ ਉਸ ਨਾਲ ਕੀ ਹੋਇਆ। ਪਰ ਜੇ ਹਾਲਾਤ ਬੰਦੇ ਦੇ ਸਾਹਮਣੇ ਨਾ ਆਉਣ ਤਾਂ ਉਹ ਆਪਣੇ ਨਾਲ ਕੀਤੇ ਗਏ ਵਿਹਾਰ ਨੂੰ ਸਮਝ ਨਹੀਂ ਸਕਦਾ। ਉਦਾਹਰਣ ਵਜੋਂ ਪਲਵੀ ਤੇ ਗੌਰਵ ਦੀ ਘਟਨਾ ਦਾ ਜ਼ਿਕਰ ਕਰਨਾ ਇਥੇ ਜ਼ਰੂਰੀ ਹੈ। ਜੇ ਪਲਵੀ ਆਪਣੀ ਬੇਹੋਸ਼ੀ ਟੁੱਟਣ ਪਿੱਛੋਂ ਆਪਣੇ ਆਪ ਨੂੰ ਕੱਪੜਿਆਂ ਤੋਂ ਰਹਿਤ (ਨੰਗਾ) ਨਹੀਂ ਦੇਖਦੀ ਤਾਂ ਉਸ ਨੂੰ ਇਸ ਗੱਲ ਦੀ ਜਾਣਕਾਰੀ ਹੀ ਨਾ ਹੁੰਦੀ ਕਿ ਗੌਰਵ ਨੇ ਉਸ ਦੇ ਨਾਲ ਜਿਸਮਾਨੀ ਰਿਸ਼ਤਾ ਬਣਾਇਆ ਹੈ। ਖ਼ੂਨ 'ਚ ਇਸ ਦਵਾ ਦਾ ਅਸਰ 24 ਘੰਟੇ ਤੱਕ ਅਤੇ ਪਿਸ਼ਾਬ 'ਚ 48 ਘੰਟੇ ਤੱਕ ਰਹਿੰਦਾ ਹੈ। ਖ਼ੂਨ ਅਤੇ ਪਿਸ਼ਾਬ ਦੀ ਜਾਂਚ ਤੋਂ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਵਿਅਕਤੀ ਨੇ ਉਹ ਦਵਾ ਵਰਤੀ ਹੈ। ਬਹੁਤ ਘੱਟ ਮਾਤਰਾ 'ਚ ਅਲਕੋਹਲ ਲੈਣ ਪਿੱਛੋਂ ਵੀ ਹੋਸ਼ ਆਉਣ ਤੇ ਵਿਅਕਤੀ ਨੂੰ ਜ਼ਬਰਦਸਤ ਹੈਂਗਓਵਰ ਹੋਵੇ, ਵਿਅਕਤੀ ਨੂੰ ਰਾਤ ਬਾਰੇ ਠੀਕ ਠਾਕ ਪਤਾ ਨਾ ਹੋਵੇ। ਸਰੀਰ ਦੇ ਹਿੱਸਿਆਂ 'ਚ ਦਰਦ ਜਾਂ ਧੱਬੇ ਹੋਣ, ਤੇ ਸ਼ੱਕ ਹੋਵੇ ਤਾਂ ਜਲਦੀ ਤੋਂ ਜਲਦੀ ਖ਼ੂਨ-ਪੇਸ਼ਾਬ ਦੀ ਜਾਂਚ ਕਰਾਉਣੀ ਚਾਹੀਦੀ ਹੈ। ਜੇ ਮੁਟਿਆਰ ਨਾਲ ਸਰੀਰਕ ਸੰਬੰਧ ਬਣਾਏ ਗਏ ਹਨ ਅਤੇ ਉਸ ਨੂੰ ਇਹ ਯਾਦ ਨਹੀਂ (ਦਵਾ ਦੇ ਅਸਰ ਕਾਰਨ) ਹੈ ਕਿ ਉਸ ਨੇ ਕਦੋਂ ਇਸ ਦੀ ਸਹਿਮਤੀ ਦਿੱਤੀ ਤਾਂ ਕਨੂੰਨਣ ਉਸ ਮੁਟਿਆਰ ਨਾਲ ਬਲਾਤਕਾਰ ਹੀ ਹੋਇਆ ਹੈ। ਕਿਸੇ ਮਿੱਤਰ, ਪ੍ਰੇਮੀ ਜਾਂ ਕਿਸੇ ਜਾਣਕਾਰ ਨਾਲ ਬਾਹਰ ਜਾਣ ਤੇ ਭੈ-ਭੀਤ ਕਰਨ, ਬਲੈਕ ਮੇਲ ਕਰਨ ਜਾਂ ਫਿਰ ਨਸ਼ੀਲੇ ਪਦਾਰਥਾਂ ਦੇ ਅਸਰ ਹੇਠ ਬੇਹੋਸ਼ ਕਰਕੇ ਬਣਾਏ ਯੌਨ ਸੰਬੰਧ 'ਡੇਟ ਰੇਪ' ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਸ ਵਿਸ਼ੇ ਤੇ ਕੀਤੀ ਖੋਜ਼ ਤੇ ਸਰਵੇਖਣ ਰੀਪੋਰਟ ਕਹਿੰਦੀ ਹੈ ਕਿ ਭਾਰਤ ਵਿਚ 'ਡੇਟ ਰੇਪ' ਦੀ ਸ਼ਿਕਾਰ ਬਹੁਤੀਆਂ ਲੜਕੀਆਂ 14 ਤੋਂ 23 ਸਾਲ ਦੀ ਉਮਰ ਦੀਆਂ ਹੁੰਦੀਆਂ ਹਨ। ਜਿਹਨਾਂ 'ਚੋਂ ਬਹੁਤੀਆਂ ਆਪਣੇ ਪਰਿਵਾਰ ਨੂੰ ਕੁਝ ਵੀ ਦੱਸਣ ਤੋਂ ਬਚਾਉਂਦੀਆਂ ਹਨ। ਇਸ ਪ੍ਰਸੰਗ ਵਿਚ ਨਿਊਰੋ ਸਟੈਕਰਿਸਟ ਡਾ. ਬੀ. ਪੀ. ਸਿਨਹਾ ਅਨਸਾਰ ਡੇਟਿੰਗ 'ਤੇ ਜਾਣ ਵਾਲੀਆਂ ਬਹੁਤੀਆਂ ਮੁਟਿਆਰਾਂ ਘਰੋਂ ਝੂਠ ਬੋਲ ਕੇ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਉਹ ਜ਼ਿਆਦਾ ਮੁਸੀਬਤ 'ਚ ਫਸਦੀਆਂ ਹਨ। ਜ਼ਰੂਰਤ ਪੈਣ ਤੇ ਉਹ ਨਾ ਤਾਂ ਘਰੇ ਫੋਨ ਕਰ ਸਕਦੀਆਂ ਹਨ ਅਤੇ ਨਾ ਹੀ

ਉਸ ਸਥਿਤੀ 'ਚ ਮਦਦ ਲਈ ਕਿਸੇ ਨੂੰ ਬੁਲਾ ਸਕਦੀਆਂ ਹਨ। ਬੇਸ਼ੱਕ ਸਾਡਾ ਸਮਾਜ ਲੜਕੀਆਂ ਨੂੰ ਖੁੱਲ੍ਹ ਦੇਣ ਦੇ ਹੱਕ ਵਿਚ ਹੈ ਪਰ ਮਰਦ ਦੀ ਭੋਗਵਾਦੀ ਮਾਨਸਿਕਤਾ ਉਵੇਂ ਦੀ ਉਵੇਂ ਕਾਇਮ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ 'ਚ ਗ੍ਰਸਿਤ ਬਹੁਤੇ ਨੌਜਵਾਨ ਸਿੱਧੇ ਜਾਂ ਅਸਿੱਧੇ ਤੌਰ 'ਤੇ ਹਿੰਸਕ ਸੁਭਾਅ ਦੇ ਹੁੰਦੇ ਹਨ, ਜਿਨ੍ਹਾਂ ਲਈ ਔਰਤ ਦਾ ਸਰੀਰ ਮਰਦਾਵਾਂਪਣ ਸਾਬਤ ਕਰਨ ਦਾ ਇਕ ਜ਼ਰੀਆ ਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਮਾਨਸਿਕਤਾ ਕਿਸੇ ਵੀ ਗੱਲ ਲਈ ਇਕ ਮਿੰਟ ਸਮੇਂ ਤੱਕ ਉਡੀਕ ਨਹੀਂ ਕਰ ਸਕਦੀ। ਇਹੀ ਕਾਰਨ ਹੈ ਕਿ ਪ੍ਰੇਮ 'ਚ ਬੰਧਨ ਪਿੱਛੋਂ ਉਹਨਾਂ ਦੀਆਂ ਭਾਵਨਾਵਾਂ ਦੇਹਾਂ ਤੇ ਉਤਰ ਆਉਂਦੀਆਂ ਹਨ। ਮੰਗਣੀ ਪਿੱਛੋਂ ਵੀ ਇਹੀ ਸਥਿਤੀ ਹੁੰਦੀ ਹੈ ਸ਼ਾਇਦ ਇਸੇ ਦੌਰਾਨ ਮੰਗਣੀ ਅਤੇ ਸ਼ਾਦੀ ਦਰਮਿਆਨ 'ਡੇਟਿੰਗ' ਸਮੇਂ ਹੋਣ ਵਾਲੇ 'ਡੇਟ ਰੇਪ' ਦੀ ਗਿਣਤੀ ਵੱਧ ਗਈ ਹੈ। ਇਕ ਸਰਵੇਖਣ ਅਨੁਸਾਰ ਡੇਟ ਰੇਪ ਹੋਣ ਦਾ ਇਕ ਵੱਡਾ ਕਾਰਨ ਦੇਰ ਨਾਲ ਹੋਣ ਵਾਲੀਆਂ ਸ਼ਾਦੀਆਂ ਵੀ ਹਨ। ਜਵਾਨੀ ਦੀ ਦਹਿਲੀਜ਼ ਤੇ ਕਦਮ ਰੱਖਦਿਆਂ ਹੀ ਕਿਸੇ ਸਾਥੀ ਦੀ ਖਾਹਿਸ਼ 'ਚ ਹਾਰਮੋਨ ਉਛਲਣ ਲੱਗਦੇ ਹਨ। ਅਜਿਹੇ 'ਚ 18 ਸਾਲਾਂ ਦੀ ਉਮਰ 'ਚ ਸ਼ਾਂਦੀ ਦੇ ਬੰਧਨ ਵਿਚ ਬੰਨਣ ਵਾਲੀਆਂ ਲੜਕੀਆਂ ਜੇ 28 ਸਾਲ ਦੀ ਉਮਰ ਤੱਕ ਕੁਆਰੀਆਂ ਰਹਿਣ ਗਈਆਂ ਤੇ ਮੁੰਡੇ 30-35 ਸਾਲ ਦੀ ਉਮਰ ਤੱਕ ਵਿਆਹ ਨਹੀਂ ਕਰਨਗੇ ਤਾਂ ਵੱਧਦੇ ਹਾਰਮੋਨਾਂ ਤੇ ਕੰਟਰੋਲ ਕਿਥੋਂ ਤੱਕ ਸੰਭਵ ਹੋਵੇਗਾ ਕਹਿਣਾ ਮੁਸ਼ਕਲ ਹੈ। ਸਰੀਰ 'ਚ ਮੋਟਾਬੋਲਿਕ ਅਮਲ ਕਾਰਨ ਨੌਜਵਾਨਾਂ ਦੇ ਕਦਮ ਅਪਰਾਧ ਵੱਲ ਜਾਣ ਲੱਗਦੇ ਹਨ ਤੇ ਕਿਸੇ ਵੀ ਤਰੀਕੇ ਨਾਲ ਆਪਣੀ ਵਾਸ਼ਨਾ ਦੀ ਅੱਗ ਨੂੰ ਸ਼ਾਂਤ ਕਰਨਾ ਚਾਹੁੰਦੇ ਹਨ। ਸਮਾਂ ਬਦਲ ਗਿਆ ਹੈ ਸਮੇਂ ਦੇ ਨਾਲ ਪਿਆਰ ਅਤੇ ਰੋਮਾਂਸ ਵੀ ਇਸ ਪੀੜੀ ਵਿਚ ਮੁਟਿਆਰ ਦਾ ਚਿਹਰਾ ਦੇਖ ਲੈਣਾ ਫਿਰ ਉਸ ਦਾ ਹੱਥ ਛੂਹ ਲੈਣਾ ਹੀ ਮਨ ਨੂੰ ਸੰਤੋਸ਼ ਨਹੀਂ ਦੇ ਸਕਦਾ। ਆਪਣੀ ਖਾਹਿਸ਼ ਨੂੰ ਪੂਰਾ ਕਰਨ ਲਈ ਇਹ ਪੀੜ੍ਹੀ ਜਲਦੀ ਜਲਦੀ ਅਗਾਂਹ ਵੱਧਣ ਲਈ ਕਾਹਲੀ ਹੋ ਜਾਂਦੀ ਹੈ, ਜਿਸ ਨਾਲ 'ਡੇਟ ਰੇਪ' ਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਦਰਅਸਲ ਆਪਣੀਆਂ ਕਾਮਨਾਵਾਂ ਨੂੰ ਪੂਰਾ ਕਰਨ ਲਈ ਇਹ ਪੀੜ੍ਹੀ ਵਿਆਕੁਲ ਵੀ ਰਹਿੰਦੀ ਹੈ ਪਰ ਸਿੱਖਿਆ ਕਾਰਨ ਉਸੇ ਬਲਾਤਕਾਰ ਸੰਬੰਧੀ ਜਾਣਕਾਰੀ ਹੁੰਦੀ ਹੈ। ਇਸ ਕਾਰਨ ਕੋਈ ਮੁਟਿਆਰ ਨਾਲ ਉਸ ਦੇ ਹੋਸ਼ ਹਵਾਸ਼ 'ਚ ਧੱਕੇ ਨਾਲ 'ਬਲਾਤਕਾਰ' ਨਾ ਕਰਕੇ ਪਹਿਲਾਂ ਉਸ ਨੂੰ ਆਪਣੇ ਪਿਆਰ 'ਚ ਫਸਾਉਂਦਾ ਹੈ। ਫਿਰ ਪ੍ਰੇਮਿਕਾ ਨਾਲ ਸੰਬੰਧ ਬਣਾਉਣ ਲਈ ਇਜਹਾਰ ਕਰਦਾ ਹੈ ਪਰ ਜਦ ਉਹ ਤਿਆਰ ਨਹੀਂ ਹੁੰਦੀ ਤਾਂ 'ਡੇਟ ਰੇਪ' ਦਾ ਸਹਾਰਾ ਲੈਂਦਾ ਹੈ। ਇਸ ਅਪਰਾਧਿਕ ਪ੍ਰਵੇਸ਼ ਤੋਂ ਬਚਣ ਲਈ ਮਾਪਿਆਂ ਦੇ ਨਾਲ-ਨਾਲ ਮੁਟਿਆਰਾਂ ਨੂੰ ਵੀ ਅਧੁਨਿਕਤਾ ਤੇ ਵਾਸ਼ਵਾ ਦੇ ਵਪਾਰ ਤੋਂ ਬਚਣਾ ਚਾਹੀਦਾ ਹੈ ਤਾਂ ਹੀ ਉਹ ਇਸ ਤੋਂ ਬਚੀਆਂ ਰਹਿ ਸਕਦੀਆਂ ਹਨ ਕਿਉਂਕਿ ਕਿਸੇ ਦੇ ਵੀ ਚਿਹਰੇ ਤੇ ਉਸ ਦੇ ਮਨ ਦੀ ਖੋਟ ਨਜ਼ਰ ਨਹੀਂ ਆਉਂਦੀ ਅਤੇ ਕਿਸ ਦਾ 'ਪਿਆਰ' ਕਦੋਂ 'ਡੇਟ ਰੇਪ' ਬਣ ਜਾਵੇ, ਕਿਹਾ ਨਹੀਂ ਜਾ ਸਕਦਾ।

# ਇੱਜ਼ਤ ਦੇ ਨਾਂ 'ਤੇ ਪਿਆਰ ਦਾ ਖ਼ੂਨ

ਇਥੇ ਖਾਨਦਾਨ ਦੀ ਆਬਰੂ 'ਤੇ ਪ੍ਰੇਮੀਆਂ ਦੇ ਖ਼ੂਨ ਦਾ ਘਾਣ ਕੀਤਾ ਜਾਂਦਾ ਹੈ। ਜਾਤ ਬਿਮਾਰੀ ਦੇ ਨਾਂ 'ਤੇ ਸਮਾਜ ਦੇ ਖੁਦ ਬਣੇ ਠੇਕੇਦਾਰ ਇਹ ਫੈਸਲਾ ਕਰਦੇ ਹਨ ਕਿ ਜਾਤ-ਗੋਤ ਕਿਸੇ ਵੀ ਇਨਸਾਨੀ ਜਾਨ ਤੇ ਜਜ਼ਬਾਤ ਤੋਂ ਉਪਰ ਹਨ। ਇਹਨਾਂ ਠੇਕੇਦਾਰਾਂ ਦਾ ਮਕਸਦ ਸਮਾਜ ਦੀ ਨਬਜ਼ 'ਤੇ ਆਪਣੀ ਪਕੜ ਬਣਾਈ ਰੱਖਣਾ ਹੈ। ਇਸ ਸੋਚ ਵਿਚ ਹਿੰਦੂ ਤੇ ਮੁਸਲਮਾਨ ਦੋਨੋਂ ਸ਼ਾਮਲ ਹਨ। ਖੁਦ ਬਣੇ ਠੇਕੇਦਾਰ ਮੰਨਦੇ ਹਨ ਕਿ ਪਿਆਰ ਕਰਨ ਨਾਲ ਪਰਿਵਾਰ ਦੀ ਇੱਜ਼ਤ ਮਿੱਟੀ 'ਚ ਮਿਲ ਜਾਂਦੀ ਹੈ ਅਤੇ ਇੱਜ਼ਤ ਦੀ ਵਾਪਸੀ ਤਾਂ ਹੀ ਮੁਮਕਿਨ ਹੈ ਜਦ ਪਿਆਰ ਕਰਨ ਵਾਲਿਆਂ ਨੂੰ ਘਰੋਂ ਕੱਢ ਦਿੱਤਾ ਜਾਵੇ। ਇਹ ਸਿਆਸਤ ਖਾਪ ਪੰਚਾਇਤਾਂ 'ਤੇ ਵੀ ਚਲਦੀ ਸੀ। ਖਾਪ ਨੇਤਾ ਬ੍ਰਿਟਿਸ਼ ਸਰਕਾਰ ਨੂੰ ਮਾਲੀਆ ਵਸੂਲ ਕਰਕੇ ਦਿੰਦਾ ਸੀ ਇਕ ਖਾਪ ਦੇ ਲੋਕਾਂ 'ਚ ਭਾਈਚਾਰੇ ਦੀ ਭਾਵਨਾ ਹੁੰਦੀ ਹੈ। ਇਹਨਾਂ ਖਾਪਾਂ ਦੇ ਫੈਸਲੇ ਬਹੁਤ ਕਠੋਰ ਹੁੰਦੇ ਹਨ। ਇਹ ਪ੍ਰਥਾ ਅਗਲੇ ਪੰਜਾਹ ਸਾਲਾਂ ਤਕ ਨਹੀਂ ਬਦਲਣ ਵਾਲੀ। ਸਿਆਸੀ ਪਾਰਟੀਆਂ ਅਜਿਹੇ ਮਾਮਲਿਆਂ 'ਚ ਖਾਮੋਸ਼ ਰਹਿੰਦੀਆਂ ਹਨ ਕਿਉਂਕਿ ਉਹਨਾਂ ਦਾ ਵੋਟ ਬੈਂਕ ਵਿਗੜ ਜਾਵੇਗਾ ਅਤੇ ਪੁਲਸ ਨੇਤਾਵਾਂ ਦੇ ਇਸ਼ਾਰਿਆਂ 'ਤੇ ਕੰਮ ਕਰਦੀ ਹੈ। ਬਹੁਤੇ ਕੇਸ ਦਰਜ ਨਹੀਂ ਹੁੰਦੇ। ਅੰਕੜਿਆਂ ਦੀ ਗਿਣਤੀ ਤੋਂ ਪਰ੍ਹੇ ਹੋ ਕੇ ਵੇਖੀਏ ਤਾਂ ਇਸ ਇਲਾਕੇ 'ਚ ਪਿਆਰ ਦੀ ਸਜ਼ਾ ਮੌਤ ਕਿਉਂ ਹੈ? ਕਿਉਂਕਿ ਖਾਪ ਪੰਚਾਇਤਾਂ ਕਨੂੰਨ ਦੀਆਂ ਠੇਕੇਦਾਰ ਬਣ ਚੁੱਕੀਆਂ ਹਨ। ਇਹ ਹਕੀਕਤ ਹੈ ਕਿ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਤੇ ਰਾਜਸਥਾਨ ਦੇ ਕੁਝ ਇਲਾਕਿਆਂ ਦੀ। ਮੁਜਫਰ ਨਗਰ ਦਾ ਖਾਲਪਾਰ ਇਲਾਕਾ ਅਜਿਹੀਆਂ ਵਾਰਦਾਤਾਂ ਲਈ ਮਸ਼ਹੂਰ ਹੈ। ਚੌਰਾਹੇ ਵਾਲੀ ਗਲੀ 'ਤੇ ਪਹਿਲਾਂ ਘਰ ਨਰਗਿਸ ਦਾ ਹੈ। ਤੇਲੀ ਜਾਤੀ ਦੀ ਨਰਗਿਸ ਨੂੰ ਉਸ ਦੇ ਭਾਈ ਮੁਹੰਮਦ ਕਾਦਿਰ ਨੇ ਦੋ ਸਾਲ ਪਹਿਲਾਂ ਚਾਕੂ ਨਾਲ ਵੱਢ ਦਿੱਤਾ ਸੀ। ਵਜਾਹ ਸੀ ਨਰਗਿਸ ਦਾ ਗੁਆਂਢੀ ਪਾਨ ਵਾਲੇ ਨਾਲ ਪਿਆਰ ਤੇ ਉਸ ਨਾਲ ਭੱਜ ਕੇ ਦਿੱਲੀ ਵਿਚ ਨਕਾਹ ਪੰਚਾਇਤ ਬੈਠੀ। ਬਜ਼ੁਰਗਾਂ ਨੇ ਬਹਾਨੇ ਨਾਲ ਨਰਗਿਸ ਤੇ ਇਕਰਾਰ ਨੂੰ ਵਾਪਸ ਬੁਲਾਇਆ ਕਿ ਘਰ ਆ ਜਾਓ, ਸਾਨੂੰ ਇਹ ਨਕਾਹ ਮਨਜੂਰ ਹੈ। ਦੋਨੋਂ ਹਾਜ਼ਰ ਹੋਏ। ਬਿਰਾਦਰੀ ਨੇ ਨਰਗਿਸ ਦੇ ਘਰ ਵਾਲਿਆਂ ਨੂੰ ਹੁਕਮ ਦਿੱਤਾ ਕਿ ਉਸਨੂੰ ਰਸਮੋ ਰਿਵਾਜ਼ ਨਾਲ ਵਿਦਾ ਕਰੋ। ਜਿਉਂ ਹੀ ਨਰਗਿਸ ਚੁਰਸਤੇ 'ਤੇ ਪਹੁੰਚੀ ਭਾਈ ਕਾਦਿਰ ਨੇ ਉਸ ਨੂੰ ਚਾਕੂ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਨਰਗਿਸ ਨੂੰ ਮੇਹਰਠ ਦੇ ਹਸਪਤਾਲ ਲਿਜਾਇਆ ਗਿਆ। ਪਰ ਭੇਸ ਬਦਲ ਕੇ ਕਾਦਿਰ ਉਥੇ ਪਹੁੰਚਿਆ ਅਤੇ ਬਿਸਤਰੇ 'ਤੇ ਜ਼ਖ਼ਮੀ ਪਈ ਭੈਣ ਦੇ ਤਲਵਾਰ ਨਾਲ ਟੁਕੜੇ ਕਰ ਦਿੱਤੇ। ਦਸ ਮਹੀਨੇ ਜੇਹਲ ਕੱਟਣ ਪਿਛੋਂ ਕਾਦਿਰ ਨੂੰ ਗੈਰ ਇਰਾਦਾਨਾ ਕਤਲ ਦੇ ਜੁਰਮ 'ਚ ਜਮਾਨਤ ਮਿਲ ਗਈ। ਕਾਦਿਰ ਭੈਣ ਦੇ ਕਤਲ ਦੀ ਗੱਲ ਨਹੀਂ ਕਬੂਲ ਦਾ 'ਤੁਹਾਡੇ ਇਲਾਕੇ 'ਚ ਪਿਆਰ ਦੀ ਸਜ਼ਾ ਮੌਤ ਕਿਉਂ ਹੈ? ਤਾਂ ਕਹਿਣ ਲੱਗਾ 'ਆਦਮੀ ਸ਼ਹਿਰ 'ਚ ਇਕੱਲਾ ਰਹੇ ਤਾਂ ਪਿਆਰ ਕਰ ਵੀ ਲਵੇ, ਕੌਣ ਵੇਖਦਾ ਹੈ? ਪਰ ਇਥੇ ਤਾਂ ਬਰਾਦਰੀ ਖਾਨਦਾਨ ਦੇ ਹਜ਼ਾਰਾਂ ਲੋਕ ਹਨ। ਜਿਹਨਾਂ ਬੱਚਿਆਂ ਨੂੰ ਮਾਂ ਬਾਪ ਨੇ ਲਾਡ ਨਾਲ

ਪਾਲਿਆ ਹੋਵੇ ਤਾਂ ਉਹ ਪਰਿਵਾਰ ਦੀ ਇੱਜ਼ਤ ਕਿਵੇਂ ਮਿੱਟੀ 'ਚ ਮਿਲਾ ਸਕਦੇ ਹਨ।'

ਸਾਲ 2008 'ਚ ਸਿਰਫ਼ ਮੁਜੱਫਰਪੁਰ 'ਚ "ਪ੍ਰੇਮੀ ਜੋੜੇ ਕਤਲ ਹੋਏ ਤੇ ਇਸ ਸਾਲ ਬਲਾਤਕਾਰ ਦੇ ਕੁਲ 25 ਕੇਸ ਦਰਜ ਹੋਏ ਪਰ ਕਿਸੇ ਬਲਾਤਕਾਰੀ ਨੂੰ ਤਾਂ ਸਜਾ ਨਹੀਂ ਮਿਲੀ ਅਤੇ ਪਿਆਰ ਕਰਨ ਵਾਲਿਆਂ ਦੇ ਖ਼ੂਨ ਨਾਲ ਪਰਿਵਾਰ ਦੀ ਇੱਜ਼ਤ 'ਤੇ ਟੀਕਾ ਕੀਤਾ ਗਿਆ। ਹਰ ਸਾਲ ਆਨਰਕਿਲਿੰਗ ਦਾ ਅੰਕੜਾ 15 ਫੀਸਦੀ ਦੀ ਦਰ ਨਾਲ ਵਧ ਰਿਹਾ ਹੈ। ਇਲਾਕੇ ਦੇ ਨੇਤਾ ਇਸ ਦੀ ਅਣਦੇਖੀ ਕਰਦੇ ਹਨ। ਬਾਲਿਆਨ ਖਾਪ ਦੇ ਚੌਧਰੀ ਮਹਿੰਦਰ ਸਿੰਘ ਟਕੈਤ ਕਹਿੰਦੇ ਹਨ ਕਿ 'ਨਾਂ ਮੱਤ ਲਓ ਪਿਆਰ ਕਰਨ ਵਾਲਿਆਂ ਦਾ ਜਿੰਦਾ ਰਹਿਣਗੇ ਤਾਂ ਦੇਸ਼ ਨੂੰ ਖਤਰਾ ਹੋਵੇਗਾ।' ਪਿਛੇ ਜਿਹੇ ਹੀ ਸ਼ੋਅ ਪਿੰਡ (ਮੁਜਫਰ ਨਗਰ) ਦੀ 26 ਸਾਲਾ ਮੁਕੇਸ਼ (ਜਾਟ) ਨੂੰ ਉਹਨਾਂ ਦੀ ਮਾਂ ਸ਼ਕੁੰਤਲਾ ਤੇ ਭਾਈ ਦੀਪਕ ਨੇ ਕਤਲ ਕਰ ਦਿੱਤਾ। ਮੁਕੇਸ਼ ਦਾ ਵੀ ਇਹੀ ਗੁਨਾਹ ਸੀ ਕਿ ਉਸ ਨੇ ਪਿਆਰ ਕੀਤਾ ਸੀ ਜ਼ਿਲੇ ਦੇ ਸੀਨੀਅਰ ਪੁਲਸ ਕਪਤਨ ਵਿਜੇ ਪ੍ਰਕਾਸ਼ ਅਨੁਸਾਰ ਇਹ ਇਲਾਕਾ ਉਤਰ ਪ੍ਰਦੇਸ਼ ਦਾ ਪ੍ਰਤੀ ਵਿਅਕਤੀ ਵੱਧ ਆਮਦਨ ਵਾਲਾ ਇਲਾਕਾ ਹੈ। ਮੈਨੂੰ ਖੁਦ ਨੂੰ ਸਮਝ ਨਹੀਂ ਆਉਂਦੀ ਕਿ ਆਖਰ ਪ੍ਰੇਮੀ ਜੋੜਿਆਂ ਦੇ ਕਤਲ ਦੀ ਵਜਾਹ ਕੀ ਹੈ? ਦਿਲੀ ਯੂਨੀਵਰਸਿਟੀ ਦੇ ਸਾਇਕੋਏਨਾ ਲਿਟਿਕ ਵਿਭਾਗ ਦੇ ਡਾਇਰੈਕਟਰ ਡਾ. ਅਸ਼ੋਕ ਨਾਗਪਾਲ ਮੁਤਾਬਿਕ ਆਨਰ ਕਿਲਿੰਗ ਵਾਲੇ ਇਹ ਉਹੀ ਇਲਾਕਾ ਹੈ ਜੋ ਕੰਨਿਆ ਭਰੂਣ ਹੱਤਿਆ ਵਿਚ ਵੀ ਅੱਗੇ ਹੈ। ਇਹ ਇਲਾਕੇ ਫੌਜੀ ਸੱਚ ਵਾਲੇ ਹਨ। ਝੂਠੀ ਇੱਜ਼ਤ ਦੇ ਨਾਂ 'ਤੇ ਜਾਨ ਕੁਰਬਾਨ ਕਰ ਦੇਣ ਵਾਲੀ ਮਾਨਿਸਕਤਾ ਦੀ ਹਕੂਮਤ ਹੈ। ਸ਼ਹਿਰ ਦੇ ਕਾਜੀ ਵੀ ਖੁਦ ਨੂੰ ਕੰਮਜੋਰ ਕਹਿੰਦੇ ਹਨ। ਕਾਜੀ ਜਹੌਰ ਆਲਮ ਇਸ ਸੋਚ ਪਿਛੇ ਬਿਰਾਦਰੀਵਾਦ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਅਜਿਹੇ ਮਾਮਲਿਆਂ ਨੂੰ ਲੈ ਕੇ ਲੋਕਾਂ ਦੀ ਸੋਚ ਬਦਲਣ ਲਈ ਇਥੇ ਆਸਿਤਵ ਨਾਂ ਦੀ ਸੰਸਥਾ ਕੰਮ ਕਰ ਰਹੀ ਹੈ। ਇਥੇ ਮੁੱਢ ਦੇ ਸੁਆਲ ਅਤੇ ਔਰਤਾਂ ਕਤਲ ਹੁੰਦੀਆਂ ਹਨ।

ਹਰਿਆਨਾ ਵਿਚ ਵੀ ਇਹ ਰੁਝਾਣ ਉਨਾਂ ਹੀ ਡੂੰਘਾ ਹੈ। ਇਥੋਂ ਦੇ ਕਾਲੂਵਾਸ (ਭਿਵਾਨੀ) ਪਿੰਡ 'ਚ ਦਿਵਾਲੀ ਦੀ ਰਾਤ ਨੂੰ ਦੋ ਨਬਾਲਗ ਦਲਿਤ ਲੜਕੀਆਂ ਕਵਿਤਾ (9 ਸਾਲ) ਤੇ ਮਨੀਸ਼ਾ (12 ਸਾਲ) ਦੇਰ ਰਾਤ ਘਰ ਵਾਪਸ ਆਈਆਂ। ਬਿਰਾਦਰੀ ਵਾਲੇ ਇਕੱਠੇ ਹੋਏ। ਜਿਉਂ ਹੀ ਉਹ ਪਿੰਡ ਆਈਆਂ 30 ਲੋਕਾਂ ਨੇ ਉਸ 'ਤੇ ਡਾਗਾਂ ਵਰਾਹੀਆਂ। ਘਸੀਟਦੇ ਹੋਏ ਉਸ ਨੂੰ ਸ਼ਮਸ਼ਾਨ ਘਾਟ ਲੈ ਗਏ ਜਿਥੇ ਉਸ ਨੂੰ ਜਿੰਦਾ ਜਲਾ ਦਿੱਤਾ ਗਿਆ। ਪਿੰਡ ਦੀ ਜਾਟ ਬਿਰਾਦਰੀ ਦੇ ਰਜਿੰਦਰ ਸਿੰਘ ਸ਼ਿਵਰੈਨ ਨੇ ਪੁਲਸ 'ਚ ਐਫ ਆਈ ਦਰਜ ਕਰਨੀ ਚਾਹੀ ਤਾਂ ਉਸ ਨੂੰ ਪਾਗਲ ਐਲਾਨਣ ਦੀ ਕੋਸ਼ਿਸ਼ ਕੀਤੀ ਗਈ। ਪਰ ਉਹ ਕਾਤਲਾਂ ਖਿਲਾਫ ਕੇਸ ਦਰਜ ਕਰਾਉਣ ਵਿਚ ਸਫਲ ਰਹੇ। ਆਪਣੇ ਘਰ ਦੇ ਬਾਹਰ ਸ਼ਿਵਰੈਨ ਨੇ ਲਿਖ ਰੱਖਿਆ ਹੈ, 'ਤੁਸੀਂ ਮੈਨੂੰ ਸਹਿਯੋਗ ਦਿਉਂ ਮੈਂ ਤੁਹਾਨੂੰ ਰਖਿਆ ਦਿਆਂਗਾ।' ਉਹ ਕਹਿੰਦੇ ਹਨ ਕਿ ਪੁਲਸ ਵੀ ਜਾਤੀ ਪੰਚਾਇਤਾਂ ਦੇ ਦਬਾਅ ਹੇਠ ਕੰਮ ਕਰਦੀ ਹੈ। ਜੇ. ਐਨ. ਯੂ. ਯੂਨੀਵਰਸਿਟੀ 'ਚ ਸਮਾਜ ਸਾਸ਼ਤਰ ਦੇ ਪ੍ਰੋ. ਦੀਪਾਂਕਰ ਗੁਪਤਾ ਕਹਿੰਦੇ ਹਨ ਕਿ ਇਹਨਾਂ ਲੋਕਾਂ ਦੇ ਖੇਤਰਾਂ 'ਚ ਜਾਤੀ ਪਹਿਚਾਣ ਅਹਿਮ ਹੈ। ਇਹ ਗੱਲ ਛੋਟੀਆਂ ਜਾਤੀਆਂ ਵਿਚ ਵੀ ਹੈ। ਜਿਨ੍ਹਾਂ ਪਰਿਵਾਰਾਂ 'ਚ ਕਤਲ ਹੋਏ ਹਨ ਉਹ ਆਰਥਕ ਤੌਰ 'ਤੇ ਪਿਛੜੇ ਹੋਏ ਹਨ। ਯਾਨੀ

ਪੰਚਾਇਤਾਂ ਦਾ ਫੈਸਲਾ ਗਰੀਬਾਂ ’ਤੇ ਚਲ ਸਕਦਾ ਹੈ। ਨਾਮੀ ਘਰਾਣਿਆਂ ’ਚ ਗੈਰ ਜਾਤ ’ਚ ਵਿਆਹ ਹੋਏ ਹਨ। ਪਰ ਕੋਈ ਮੂੰਹ ਨਹੀਂ ਖੋਹਲਦਾ ਕਿਉਂਕਿ ਗਰੀਬ ਨੇ ਉਹਨਾਂ ਹੀ ਖਾਪ ਪੰਚਾਇਤਾਂ ਤੋਂ ਰੁਜ਼ਗਾਰ ਲੈਣਾ ਹੈ। ਰੋਹਤਕ ਦੀ ਜਗਮਤੀ ਸਾਂਗਵਾਨ ਕਹਿੰਦੀ ਹੈ ਕਿ ਮਾਵਾਂ ਤਾਂ ਚਾਹੁੰਦੀਆਂ ਹਨ ਕਿ ਉਹਨਾਂ ਦੇ ਬੱਚੇ ਭੱਜ ਜਾਣ ਜਾਂ ਉਹਨਾਂ ਦਾ ਨਾਂ ਖਤਮ ਕਰ ਦਿੱਤਾ ਜਾਵੇ ਪਰ ਉਹ ਬੱਚਿਆਂ ਨੂੰ ਕਤਲ ਨਹੀਂ ਕਰਵਾਉਣਾ ਚਾਹੁੰਦੀਆਂ। ਮਰਦ ਨੂੰ ਲਗਦਾ ਹੈ ਕਿ ਔਰਤ ਨੇ ਇੱਛਾ ਜ਼ਾਹਿਰ ਕੀਤੀ ਤਾਂ ਕਿਉਂ? ਔਰਤ ਨੂੰ ਬੇਰਹਿਮੀ ਨਾਲ ਕਤਲ ਕਰ ਦੇਣਾ, ਪਾਣੀ ਮੰਗੇ ਤਾਂ ਉਸ ਨੂੰ ਤੇਜ਼ਾਬ ਪਿਲਾਉਣਾ ਇਹ ਵਹਿਸ਼ੀਪਣ ਹੈ। ਮਰਦ ਔਰਤ ਦੀਆਂ ਉਹਨਾਂ ਖ਼ੂਬਸੂਰਤੀਆਂ ਨੂੰ ਕਤਲ ਕਰ ਦਿੰਦਾ ਹੈ ਜਿਸ ’ਤੇ ਔਰਤਾਂ ਨੂੰ ਮਾਣ ਹੋ ਸਕਦਾ ਹੈ ਕਿ ਉਹ ਇਸ ਤੇ ਫਿਰ ਗਰਵ ਨਾ ਕਰ ਸਕੇ। ਜਵਾਨ ਭਾਈ ਸੋਚਦਾ ਹੈ ਕਿ ਜੇ ਉਸ ਦੀ ਭੈਣ ਨੇ ਪ੍ਰੇਮ ਵਿਆਹ ਕੀਤਾ ਤਾਂ ਉਸ ਦੀ ਇੱਜ਼ਤ ਚਲੀ ਗਈ ਤੇ ਇਹ ਉਸ ਦੀ ਮਰਦਾਨਗੀ ਨੂੰ ਲਲਕਾਰ ਹੈ। ਅਜੇਹੇ ਪਰਿਵਾਰਾਂ ਦੇ ਰਿਸ਼ਤਿਆਂ ’ਚ ਟੁਟਿਆਪਣ ਹੈ। ਜੋ ਬੇਟੀ ਨੂੰ ਕਤਲ ਕਰ ਦਿੰਦੇ ਹਨ ਉਹਨਾਂ ਲਈ ਤਾਂ ਬੇਟੀ ਕਦੀ ਹੈ ਹੀ ਨਹੀਂ ਸੀ। ਉਸ ਭਾਈ ਲਈ ਉਹ ਕਦੀ ਭੈਣ ਨਹੀਂ ਸੀ। ਉਸ ਨੂੰ ਇਹ ਹਮੇਸ਼ਾ ਖਤਰੇ ਦੀ ਚੀਜ਼ ਲੱਗੀ ਹੈ। ਉਹਨਾਂ ਮੁਤਾਬਕ ਇੱਛਾ ਕੁਲੱਛਣੀ ਹੈ। ਬਵੰਬਾਰ ਲਿਆਂਉਂਦੀ ਹੈ। ਇਸ ਲਈ ਬੇਟੀਆਂ ਦੀ ਇੱਛਾ ਨੂੰ ਦਫ਼ਨ ਕਰਕੇ ਕਤਲ ਕਰ ਦਿੰਦੇ ਹਨ। ਅਜੇਹੇ ਪਰਿਵਾਰਾਂ ’ਚ ਬੱਚੀ ਨੂੰ ਕਦੀ ਮਾਂ ਦੀ ਸਿੱਖਿਆ ਵੀ ਨਹੀਂ ਮਿਲੀ ਹੁੰਦੀ ਘਰ ਦੀ ਇੱਜ਼ਤ ਰੱਖਣ ਦੀ ਜ਼ਿੰਮੇਵਾਰੀ ਇਕੱਲੇ ਮਰਦ ਦੀ ਹੀ ਕਿਉਂ?

# ਦਿੱਲੀ ਦੀਆਂ ਸੜਕਾਂ ਔਰਤਾਂ ਦੀ ਸੁਰੱਖਿਆ

ਲਗਭਗ ਰੋਜ਼ਾਨਾ ਉਹ ਦੱਖਣੀ ਦਿੱਲੀ ’ਚ ਪ੍ਰਿਆ ਸਿਨੇਮੇ ਕੋਲ ਚੋਰੀ ਕੀਤੀ ਕਾਰ ਜਾਂ ਮੋਟਰ ਸਾਈਕਲਾਂ ’ਤੇ ਮੌਕੇ ਦੀ ਤਾਕ ’ਚ ਘੁੰਮਦੇ ਰਹਿੰਦੇ, ਉਹਨਾਂ ਨੂੰ ਖਾਸ ਕਰਕੇ ਤਲਾਸ ਰਹਿੰਦੀ ਦੇਰ ਨਾਲ ਘਰ ਵਾਪਸ ਆ ਰਹੀਆਂ ਇਕੱਲੀਆਂ ਕਹਿਰੀਆਂ ਨੌਜਵਾਨ ਔਰਤਾਂ ਦੀ ਤਾਂ ਕਿ ਉਹ ਉਹਨਾਂ ’ਤੇ ਹਮਲਾ ਕਰਕੇ ਉਹਨਾਂ ਨੂੰ ਲੁੱਟ ਸਕਣ ਅਤੇ ਆਖਰਕਾਰ ਆਪਣੇ ਬੇਵਸ ਸ਼ਿਕਾਰ ਨੂੰ ਠਿਕਾਣੇ ਲਗਾ ਸਕਣ ਤਾਂ ਕਿ ਉਹਨਾਂ ਦੀ ਕਾਰਗੁਜ਼ਾਰੀ ਦਾ ਕੋਈ ਸਬੂਤ ਬਾਕੀ ਨਾ ਰਹੇ, ਉਹ ਰਾਜਧਾਨੀ ਦਿੱਲੀ ਦੇ ਪਾਸ਼ ਇਲਾਕਿਆਂ ਵਿਚ ਬੇਧੜਕ ਸਰਗਰਮ ਸਨ, ਉਹਨਾਂ ਨੂੰ ਨਾ ਪੁਲਸ ਦਾ ਡਰ ਸੀ ਤੇ ਨਾ ਕਾਨੂੰਨ ਦਾ ਤੇ ਹਮੇਸ਼ਾ ਚਕਾਚੌਂਧ ਦਾ ਦਾਅਵਾ ਕਰਨ ਵਾਲੀ ਦਿੱਲੀ ਪੁਲਸ ਨੂੰ ਕਦੀ ਉਹਨਾਂ ਦੀ ਭਿਣਕ ਤਕ ਨਹੀਂ ਲੱਗੀ ਹਾਲਾਂਕਿ ਇਸ ਗਰੋਹ ਦਾ ਮੁਖੀ ਪੁਲਸ ਦਾ ਮੁਖਬਰ ਸੀ। ਸਿੱਟੇ ਵਜੋਂ ਪਿਛਲੇ ਸਾਲ ਸਤੰਬਰ ਵਿਚ ਟੀ. ਵੀ. ਪੱਤਰਕਾਰ ਸੌਮੀਆ ਘੋਸ਼ ਨੂੰ ਆਪਣੀ ਜਾਨ ਗੁਆਉਣੀ ਪਈ। ਦੋਨੋਂ ਹੀ ਨੌਜਵਾਨ ਸਨ ਅਤੇ ਦੇਰ ਰਾਤ ਤਕ ਦਫਤਰ ਵਿਚ ਕੰਮ ਕਰਨ ਪਿਛੋਂ ਘਰ ਮੁੜ ਰਹੀਆਂ ਸਨ, ਦੋਨੋਂ ਦਾ ਕਤਲ ਇਕੋ ਜਿਹੇ ਹਾਲਤ ’ਚ ਹੋਇਆ, ਦੇਰ ਰਾਤ ਤੱਕ ਘਰ ਮੁੜਦਿਆਂ ਅਤੇ ਦੱਖਣੀ ਦਿੱਲੀ ਦੇ ਪਾਸ਼ ਇਲਾਕੇ ਵਿਚ ਅਤੇ ਹੁਣ ਦਿੱਲੀ ਪੁਲਸ ਦਾ ਦਾਅਵਾ ਹੈ ਕਿ ਉਹਨਾਂ ਨੇ ਇਨ੍ਹਾਂ ਦੋਹਾਂ ਕਤਲਾਂ ਦੀ ਗੁੱਥੀ ਸੁਲਝਾ ਲਈ ਹੈ। ਪੁਲਸ ਮੁਤਾਬਕ ਦੋਨੋ ਕਤਲ ਇਕ ਹੀ ਗ੍ਰੋਹ ਨੇ ਕੀਤੇ ਜਿਸ ਦੇ ਚਾਰ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਇਹ ਹਨ–ਰਵੀ ਕਪੂਰ, ਅਮਿਤ ਕੁਮਾਰ ਸ਼ੁਕਲਾ, ਅਜੈ ਤੇ ਬਲਜੀਤ। ਪੁਲਸ ਨੂੰ ਗਰੋਹ ਦੇ ਪੰਜਵੇਂ ਮੈਂਬਰ ਦੀ ਤਲਾਸ਼ ਹੈ। ਹਾਲਾਂਕਿ ਪੁਲਸ ਨੇ ਗ੍ਰੋਹ ਨੂੰ ਤਾਂ ਫੜ ਲਿਆ ਹੈ ਪਰ ਜਿਸ ਬੇਖੌਫੀ ਨਾਲ ਉਹ ਸਰਗਰਮ ਸੀ ਉਸ ਨਾਲ ਦਿੱਲੀ ਦੀਆਂ ਸੜਕਾਂ ’ਤੇ ਔਰਤਾਂ ਦੀ ਸੁਰੱਖਿਆ ਸਬੰਧੀ ਗੰਭੀਰ ਸੁਆਲ ਉਠ ਖੜ੍ਹੇ ਹੁੰਦੇ ਹਨ। ਇਹਨਾਂ ’ਚੋਂ ਸਿਰਫ਼ ਇਕ–ਕਪੂਰ ਦਾ ਅਪਰਾਧਿਕ ਇਤਿਹਾਸ ਰਿਹਾ ਹੈ। ਇਸ ਖਿਲਾਫ 12 ਮੁਕਦਮੇ ਦਰਜ ਹਨ। ਬਾਕੀ ਅਪਰਾਧੀ ਨਿਮਨ ਮੱਧਵਰਗ ਪਿਛੋਕੜ ਦੇ ਹਨ ਅਤੇ ਜਲਦੀ ਪੈਸਾ ਕਮਾਉਣ ਦੇ ਚੱਕਰ ਵਿਚ ਕਪੂਰ ਨਾਲ ਜਾ ਮਿਲੇ ਸਨ।

ਸੌਮੀਆ ਦੇ ਕਤਲ ਪਿਛੋਂ ਪੁਲਸ ਛੇ ਮਹੀਨਿਆਂ ਤੱਕ ਕੋਈ ਸੁਰਾਗ ਨਹੀਂ ਲੱਭ ਸਕੀ ਤੇ ਇਸ ਨੂੰ ‘ਬਲਾਇੰਡ ਕੇਸ’ (ਕੋਈ ਸੁਰਾਗ ਨਹੀਂ) ਕਰਾਰ ਦੇ ਦਿੱਤਾ ਸੀ। ਉਹ ਵੀ ਇਸ ਤੱਥ ਦੇ ਬਾਵਜੂਦ ਕਿ ਦੱਖਣੀ ਜ਼ਿਲਾ ਪੁਲਸ ਨੇ ਇਸ ਕੇਸ ਲਈ ਸਪੈਸ਼ਲ ਟੀਮ ਦਾ ਗਠਨ ਕੀਤਾ ਸੀ ਅਤੇ ਇਹ ਟੀਮ ਮ੍ਰਿਤਕ ਦੇ ਪਰਿਵਾਰ ਦੇ ਸੰਪਰਕ ਵਿਚ ਸੀ ਤੇ ਜਾਂਚ ਦੀ ਪ੍ਰਗਤੀ ਦੀ ਸੂਚਨਾ ਉਹਨਾਂ ਨੂੰ ਦਿੰਦੀ ਰਹਿੰਦੀ ਸੀ। ਇਹ ਵੀ ਜ਼ਿਕਰਯੋਗ ਹੈ ਕਿ ਇਸ ਗ੍ਰੋਹ ਦੇ ਖਿਲਾਫ ਫੈਸਲਾਕੁੰਨ ਸਬੂਤਾਂ ਲਈ ਇਕ ਹੋਰ ਨੌਜਵਾਨ ਕੰਮਕਾਜੀ ਔਰਤ ਜਿਗਿਆਸਾ ਨੂੰ ਆਪਣੀ ਜਾਨ ਗੁਆਉਣੀ ਪਈ। ਪੁਲਸ ਮੁਤਾਬਕ ਗ੍ਰੋਹ ਦੇ ਮੈਂਬਰਾਂ ਨੇ ਦੋਨਾਂ ਹੀ ਕਤਲਾਂ ਦਾ ਜੁਰਮ ਕਬੂਲਿਆਂ ਹੈ ਅਤੇ ਪੁਲਸ ਨੇ ਉਹਨਾਂ ਤੋਂ 0.314 ਬੋਰ ਉਹ ਪਿਸਤੌਲ ਵੀ ਬਰਾਮਦ ਕਰ ਲਿਆ ਜਿਸ ਨਾਲ ਸੌਮੀਆ ਦਾ ਕਤਲ ਕੀਤਾ ਗਿਆ ਸੀ। ਪੁਲਸ ਕਮਿਸ਼ਨਰ ਵਾਈ ਐਸ ਡਡਵਾਲ ਦਾ ਕਹਿਣਾ ਹੈ

ਕਿ ਪੂਰੀ ਤਸਵੀਰ ਪੁੱਛਗਿੱਛ ਪੂਰੀ ਹੋਣ ਪਿੱਛੋਂ ਹੀ ਸਾਹਮਣੇ ਆਵੇਗੀ। ਪੁਲਸ ਦੀ ਜਾਂਚ ਮੁਤਾਬਕ ਜਿਗਿਆਸਾ ਨੂੰ 18 ਮਾਰਚ ਦੀ ਸਵੇਰੇ ਦਫਤਰ ਦੀ ਟੈਕਸੀ ਨੇ ਉਸ ਦੇ ਅਪਾਰਟਮੈਂਟ ਬਲਾਕ ਦੇ ਬਾਹਰ ਛੱਡਿਆ ਸੀ, ਪਰ ਉਹ ਘਰ ਪਹੁੰਚੀ ਨਹੀਂ, ਗਿਰੋਹ ਨੇ ਅਪਾਰਟਮੈਂਟ ਦੇ ਬਾਹਰ ਤੋਂ ਹੀ ਚੋਰੀ ਕੀਤੀ ਕਾਰ 'ਚ ਹੀ ਉਸ ਨੂੰ ਅਗਵਾਅ ਕਰ ਲਿਆ। ਉਸ ਨੂੰ ਫਰੀਦਾਬਾਦ ਲੈ ਗਏ ਅਤੇ ਦੋ ਏ. ਟੀ. ਐਮ. ਉਸ ਦੇ ਅਕਾਊਂਟ 'ਚੋਂ ਲਗਭਗ 25000 ਰੁਪਏ ਕੱਢੇ, ਉਸ ਪਿਛੋਂ ਉਸ ਦਾ ਕਤਲ ਕਰ ਦਿੱਤਾ ਫਿਰ ਉਸ ਦੀ ਲਾਸ ਸੂਰਜਕੁੰਡ ਵਿਚ ਬਡਕਲ ਝੀਲ ਪਾਸ ਸੜਕ ਕਿਨਾਰੇ ਸੁੱਟ ਦਿੱਤੀ। ਇਹ ਥਾਂ ਉਸ ਦੇ ਘਰ ਤੋਂ 30 ਕਿ. ਮੀ. ਦੂਰ ਹੈ। ਇਕ ਦਿਨ ਪਿਛੋਂ ਪੁਲਸ ਨੇ ਲਾਸ਼ ਬਰਾਮਦ ਕੀਤੀ। ਅਗਲੇ ਦਿਨ ਅਪਰਾਧੀਆਂ ਨੇ ਖੁੱਲ੍ਹ ਕੇ ਸ਼ਾਪਿੰਗ ਕੀਤੀ। ਜਿਗਿਆਸਾ ਦੇ ਕਾਰਡ ਰਾਹੀਂ ਸਰੋਜਨੀ ਨਗਰ ਤੋਂ ਕੱਪੜੇ, ਇਲੈਕਟ੍ਰਾਨਿਕ ਸਮਾਨ ਤੇ ਧੁੱਪ ਦੇ ਚਸ਼ਮੇ ਖਰੀਦੇ, ਪਰ ਇਸ ਵਿਚ ਉਹਨਾਂ ਤੋਂ ਇਕ ਗਲਤੀ ਹੋ ਗਈ। ਇਕ ਦਿਨ ਅੰਦਰ ਲੱਗੇ ਸੀਸੀਟੀਵੀ ਕੈਮਰਿਆਂ 'ਚ ਉਹਨਾਂ ਦੀ ਸ਼ਕਲਾਂ ਕੈਦ ਹੋ ਰਹੀਆਂ ਸਨ, ਕੈਮਰੇ ਦਾ ਫੁਟੇਜ ਦੇਖ ਰਹੇ ਬੀਟ ਕਾਂਸਟੇਬਲ ਕਪਤਾਨ ਸਿੰਘ ਨੇ ਗਿਰੋਹ ਦੇ ਇਕ ਮੈਂਬਰ ਨੂੰ ਪਹਿਚਾਣ ਲਿਆ ਅਤੇ ਪੁਲਸ ਨੇ ਉਸ ਨੂੰ ਘਰੇ ਦਬੋਚ ਲਿਆ, ਗਿਰੋਹ ਦੇ ਮੁਖੀ ਕਪੂਰ ਨੇ ਆਪਣੇ ਗੁਆਂਢੀਆਂ ਨੂੰ ਖੁਦ ਪੁਲਸ ਅਧਿਕਾਰੀ ਦੱਸ ਰੱਖਿਆ ਸੀ। ਪੁਲਸ ਨੇ ਉਸ ਦੇ ਘਰੋਂ ਖਾਕੀ ਵਰਦੀ ਤੇ ਲਾਲ ਬੱਤੀ ਬਰਾਮਦ ਕੀਤੀ, ਇਥੋਂ ਤਕ ਕਿ ਉੱਚ ਪੁਲਸ ਅਧਿਕਾਰੀਆਂ ਦੀ ਵਰਤੋਂ ਵਾਲੀ ਨੀਲੀ ਸਟਾਰ ਨੰਬਰ ਪਲੇਟ ਵੀ ਮਿਲੀ, ਕਾਨਵੈਨ ਪੜੇ ਸ਼ੁਕਲਾ ਕਪੂਰ ਦਾ ਸੱਜਾ ਹੱਥ ਸੀ, ਬਾਡੀ ਬਿਲਡਰ ਬਲਜੀਤ ਨੂੰ ਪਿੱਛੇ ਜਿਹੇ ਹੀ ਗਿਰੋਹ ਵਿਚ 'ਸ਼ਾਮਲ' ਕੀਤਾ ਗਿਆ ਸੀ, ਅਜੈ ਭਰਮ ਵਿਚ ਸੀ ਅਤੇ ਗਿਰੋਹ 'ਚੋਂ ਬਾਹਰ ਨਿਕਲਣਾ ਚਾਹੁੰਦਾ ਸੀ। ਉਹ ਜਿਗਿਆਸ਼ਾ ਦੇ ਕਤਲ ਵਿਚ ਸ਼ਾਮਲ ਨਹੀਂ ਸੀ।

ਦੱਖਣੀ ਦਿੱਲੀ ਦੇ ਪੁਲਸ ਕਮਿਸ਼ਨਰ ਐਚ ਪੀ. ਐਸ ਧਾਲੀਵਾਲ ਨੇ ਦੱਸਿਆ ਪੁੱਛਗਿੱਛ ਦੌਰਾਨ ਇਹਨਾਂ ਲੋਕਾਂ ਨੇ 26 ਸਾਲਾਂ ਸੌਮੀਆ ਦੇ ਕਤਲ ਦੀ ਗੱਲ ਵੀ ਕਬੂਲ ਕਰ ਲਈ ਹੈ। ਸੌਮੀਆ ਦੀ ਹੱਤਿਆ 30 ਸਤੰਬਰ 2008 ਨੂੰ ਨੈਲਸਨ ਮੰਡੇਲਾ ਮਾਰਗ 'ਤੇ ਸਵੇਰੇ ਹੋਈ ਸੀ, ਉਦੋਂ ਉਹ ਝੰਡੇਵਾਲਾਨ ਸਥਿਤ ਦਫਤਰ ਤੋਂ ਵਸੰਤ ਕੁੰਜ 'ਚ ਆਪਣੇ ਘਰ ਨੂੰ ਵਾਪਸ ਆ ਰਹੀ ਸੀ। ਗਿਰੋਹ ਨੇ ਸੌਮੀਆ ਨੂੰ ਇਕੱਲਿਆਂ ਹੀ ਮੱਠੀ ਰਫ਼ਤਾਰ ਨਾਲ ਕਾਰ ਚਲਾਉਂਦੇ ਵੇਖਿਆ ਤੇ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਜਦ ਸੌਮੀਆ ਨੇ ਕਾਰ ਨਹੀਂ ਰੋਕੀ ਤਾਂ ਉਹਨਾਂ ਨੇ .314 ਬੋਰ ਦੇ ਦੇਸੀ ਪਸਤੌਲ ਨਾਲ ਉਸ ਨੂੰ ਗੋਲੀ ਮਾਰ ਦਿੱਤੀ। ਸੌਮੀਆ ਦੀ ਕਾਰ ਰੁਕਣ ਤੋਂ ਪਹਿਲਾਂ ਰੋਡ ਡਿਵਾਈਡਰ ਨਾਲ ਟਕਰਾਈ। ਗਿਰੋਹ ਨੇ ਜਦ ਸੌਮੀਆ ਦੇ ਮੱਥੇ 'ਚੋਂ ਖ਼ੂਨ ਨਿਕਲਦਾ ਦੇਖਿਆ ਤਾਂ ਉਹ ਭੱਜ ਗਏ। ਬਾਅਦ ਵਿਚ ਉਹ ਉਸ ਦੀ ਹਾਲਤ ਜਾਨਣ ਲਈ ਏਮਜ ਵੀ ਗਏ, ਜਿਥੋਂ ਉਸ ਨੂੰ ਮ੍ਰਿਤਕ ਕਰਾਰ ਦਿੱਤਾ ਜਾ ਚੁੱਕਿਆ ਸੀ। ਪੁਲਸ ਦੇ ਇਸ ਨਤੀਜੇ ਕਿ ਦੋਨੋਂ ਕਤਲ ਇਕ ਗਿਰੋਹ ਦੇ ਹਨ ਤੇ ਕਈ ਸੁਆਲ ਉਠਦੇ ਹਨ ਹਾਲਾਂਕਿ ਧਾਲੀਵਾਲ ਦਾ ਮੰਨਣਾ ਹੈ ਕਿ ਉਹਨਾਂ ਕੋਲ ਇਸ ਗੱਲ ਦੇ ਲੋੜੀਂਦੇ ਸਬੂਤ ਹਨ ਕਿ ਦੋਨਾਂ ਕਤਲਾਂ 'ਚ ਇਕ ਹੀ ਗਰੋਹ ਦਾ ਹੱਥ ਹੈ ਪਰ ਦੋਨੋਂ ਕਤਲਾਂ ਦੇ ਤਰੀਕੇ ਵਿਚ ਕਾਫੀ ਫਰਕ ਹੋਣ ਬਾਰੇ ਪੁਲਸ ਨੂੰ ਸਫਾਈ ਦੇਣੀ ਪੈਂਦੀ ਹੈ, ਸੌਮੀਆ

ਦੇ ਕੇਸ ਵਿਚ ਗਿਰੋਹ ਨੇ ਅਣਵਿਉਂਦੇ ਤਰੀਕੇ ਨਾਲ ਕਤਲ ਕੀਤਾ, ਉਹ ਡਰ ਵੀ ਗਏ ਸਨ ਕਿਉਂਕਿ ਘਟਨਾ ਵਾਲੀ ਥਾਂ ਤੋਂ ਸੌਮੀਆ ਦਾ ਕੋਈ ਸਮਾਨ ਚੁੱਕੇ ਬਿਨਾ ਹੀ ਭੱਜ ਗਏ ਸੀ, ਪਰ ਜਿਗਿਆਸਾ ਦੇ ਕਤਲ ਕੇਸ 'ਚ ਉਹ ਹੀ ਗਿਰੋਹ ਬੇਹੱਦ ਢੀਠਤਾ ਤੇ ਆਤਮਵਿਸ਼ਵਾਸ਼ ਨਾਲ ਭਰਿਆ ਦਿਸਦਾ ਹੈ। ਦਿੱਲੀ ਪੁਲਸ ਦੇ ਇਕ ਸਾਬਕਾ ਅਧਿਕਾਰੀ ਦਾ ਕਹਿਣਾ ਹੈ ਕਿ ਦੋਨੋਂ ਕਤਲਾਂ ਦੇ ਤਰੀਕੇ ਵਿਚ ਭਾਰੀ ਫਰਕ ਹੈ ਤੇ ਪੁਲਸ ਦੇ ਦਾਅਵੇ ਭਰਮਾਉਣ ਵਾਲੇ ਹਨ। ਪਰ ਇਸ ਨਾਲ ਪੁਲਸ ਦੇਰ ਰਾਤ ਤਕ ਦਫਤਰਾਂ 'ਚ ਕੰਮ ਕਰਨ ਵਾਲੀਆਂ ਔਰਤਾਂ ਦੀ ਰਾਖੀ ਕਰਨ 'ਚ ਨਾਕਾਮ ਰਹਿਣ ਦੇ ਦੋਸ਼ ਤੋਂ ਬਚ ਨਹੀਂ ਸਕਦੀ। ਏਸੋਚਮ ਨੇ ਪਿਛੇ ਜਿਹੇ ਹੀ ਭਾਰਤ ਦੇ ਮੋਹਰੀ ਮਹਾਂਨਗਰਾਂ 'ਚ ..... ਫਰਮ, ਏਅਰ ਲਾਈਨਾ, ਹਸਪਤਾਲ ਤੇ ਮੀਡੀਆ ਵਿਚ ਕੰਮ ਕਰਦੀਆਂ ਔਰਤਾਂ ਦੀ ਇੰਟਰਵਿਊ ਲਈ ਅਤੇ ਪਾਇਆ ਕਿ ਦਿੱਲੀ ਤੇ ਬੰਗਲੌਰ 'ਚ ਲੜੀਵਾਰ 65 ਤੇ 65 ਫੀਸਦੀ ਔਰਤਾਂ ਨੇ ਦੇਰ ਰਾਤ ਤੱਕ ਕੰਮ ਕਰਕੇ ਘਰ ਮੁੜਨ 'ਚ ਖੁਦ ਨੂੰ ਅਸੁਰੱਖਿਅਤ ਮਹਿਸੂਸ ਕੀਤਾ। ਹੈਦਰਾਬਾਦ, ਚੇਨਈ ਤੇ ਮੁੰਬਈ 'ਚ ਖੁਦ ਨੂੰ ਅਸੁਰੱਖਿਅਤ ਸਮਝਣ ਵਾਲੀਆਂ ਔਰਤਾਂ ਦਾ ਅੰਕੜਾ ਕ੍ਰਮਵਾਰ 35, 28 ਤੇ 26 ਫੀਸਦੀ ਹੈ। ਏਸਚੋਮ ਨੇ ਸਰਕਾਰ ਤੋਂ ਰਾਤ ਦੀ ਸ਼ਿਫਟ 'ਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਨੂੰ ਕਿਹਾ ਹੈ ਪਰ ਇਹ ਗੰਭੀਰ ਮੁੱਦਾ ਹੈ ਕਿਉਂਕਿ ਪੀੜਤ ਦੇ ਪਰਿਵਾਰ ਦੇ ਮੈਂਬਰ ਹੀ ਪੁਲਸ ਵਲੋਂ ਸੁਰੱਖਿਆ ਦੇਣ ਦੀ ਨਾਕਾਮੀ ਦਾ ਖਮਿਆਜਾ ਭੁਗਤਦੇ ਹਨ, ਸੌਮੀਆ ਤੇ ਜਿਗਿਆਸਾ ਦੋਨਾਂ ਦੇ ਮਾਪੇ ਇਸ ਗੱਲ ਤਾਂ ਖੁਸ਼ ਤਾਂ ਹਨ ਕਿ ਪੁਲਸ ਨੇ ਕੇਸ ਦੀ ਜਾਂਚ ਕੀਤੀ ਪਰ ਅਫਸੋਸ ਵੀ ਹੈ ਕਿ ਦਿੱਲੀ ਦੀਆਂ ਸੜਕਾਂ ਔਰਤਾਂ ਲਈ ਸੁਰੱਖਿਅਤ ਨਹੀਂ ਹਨ।

# ਭਾਰਤ 'ਚ ਔਰਤ ਨੂੰ ਮਜ਼ਬੂਤੀ ਦੇ ਅਸਲੀ ਅਰਥ

ਭਾਰਤ 'ਚ ਪਿਛਲੇ 4-5 ਸਾਲਾਂ ਤੋਂ ਹਾਕਮ ਜਮਾਤ ਵੱਲੋਂ ਪ੍ਰਚਾਰ ਮਾਧਿਅਮਾਂ ਰਾਹੀਂ ਔਰਤ ਸ਼ਸਤਰੀਕਰਨ ਦਾ ਜੁਮਲਾ ਦੁਹਰਾਇਆ ਜਾ ਰਿਹਾ ਹੈ। ਹਾਕਮ ਜਮਾਤ ਦੀ ਸੰਸਦ ਤੇ ਅਦਾਲਤਾਂ ਰਾਹੀਂ ਕਦੀ ਔਰਤਾਂ ਤੋਂ ਕੰਮ ਦੀ ਥਾਵਾਂ 'ਤੇ ਰਾਤ ਦੀ ਸਿਫ਼ਟ 'ਚ ਕੰਮ ਕਰਾਉਣ ਦਾ ਕਾਨੂੰਨ ਬਣਾ ਕੇ ਤੇ ਕਦੀ ਘੱਟ ਉਮਰ ਦੀਆਂ ਲੜਕੀਆਂ ਤੋਂ ਸ਼ਰਾਬ ਦੀ ਬਾਰਾਂ 'ਚ ਸ਼ਰਾਬ ਪਰੋਸਣ ਦਾ ਹੁਕਮ ਦੇ ਕੇ ਦੇਸ਼ ਦੀਆਂ ਔਰਤਾਂ ਨੂੰ ਮਜ਼ਬੂਤ ਬਣਾਇਆ ਜਾ ਰਿਹਾ ਹੈ। ਗੱਲਾਂ ਗੱਲਾਂ 'ਚ ਸਭ ਸਰਮਾਏਦਾਰ ਰਾਜਸੀ ਪਾਰਟੀ ਸੰਸਦ ਦੀਆਂ 33 ਫੀਸਦੀ ਸੀਟਾਂ 'ਤੇ ਔਰਤਾਂ ਨੂੰ ਰਾਖਵਾਂਕਰਨ ਦੇਣ ਦੀ ਗੱਲ ਕਰਦੀਆਂ ਰਹਿੰਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਜਦ ਵੀ ਔਰਤਾਂ ਨੂੰ ਰਾਖਵਾਂ ਕਰਨ ਦੇਣ ਸਬੰਧੀ ਬਿੱਲ ਨੂੰ ਸੰਸਦ ਦੇ ਸੈਸ਼ਨ 'ਚ ਰੱਖਣਾ ਹੁੰਦਾ ਹੈ ਤਾਂ ਇਸ ਨੂੰ ਸਭ ਸਰਮਾਏਦਾਰ ਪਾਰਟੀਆਂ ਤਰ੍ਹਾਂ ਤਰ੍ਹਾਂ ਦੇ ਕ੍ਰਿੰਤੂ-ਪ੍ਰੰਤੂ ਲਾ ਕੇ ਆਪਣਾ ਖਹਿੜਾ ਛੁਡਾ ਲੈਂਦੀਆਂ ਹਨ। ਸੰਸਦੀ ਚੋਣ 'ਚ ਇਨ੍ਹਾਂ ਸਭ ਪੂੰਜੀਵਾਦੀ ਪਾਰਟੀਆਂ 'ਚੋਂ ਚੋਣ ਲੜ ਰਹੇ ਉਮੀਦਵਾਰਾਂ ਪਿੱਛੋਂ ਮਹਿਲਾ ਉਮੀਦਵਾਰਾਂ ਨੂੰ ਲੱਭਣ ਲਈ ਖੁਰਦਬੀਨ ਵਰਗੇ ਯੰਤਰ ਦੀ ਵਰਤੋਂ ਕਰਨੀ ਪਵੇਗੀ। ਫਿਰ ਵੀ ਸਭ ਪੂੰਜੀਵਾਦੀ ਪਾਰਟੀਆਂ ਔਰਤ ਮਜ਼ਬੂਤੀ ਦੀਆਂ 'ਕੱਟੜ' ਹਮਾਇਤੀ ਹਨ। ਸੋਨੀਆ ਗਾਂਧੀ, ਮਾਇਆਵਤੀ, ਜੈਲਲਿਤਾ, ਮਮਤਾ ਬੈਨਰਜੀ, ਉਮਾ ਭਾਰਤੀ, ਸ਼ੀਲਾ ਦੀਕਸ਼ਤ, ਸੁਸ਼ਮਾ ਸਵਰਾਜ ਆਦਿ ਮੁਠੀਭਰ ਔਰਤਾਂ ਅਜਿਹੀਆਂ ਵੀ ਹਨ ਜੋ ਅੱਜ ਹਾਕਮ ਜਮਾਤ ਰਾਜਨੀਤੀ ਵਿਚ ਚੋਟੀ ਦੇ ਅਹੁਦੇ 'ਤੇ ਹਨ। ਇਨ੍ਹਾਂ ਸਭ ਔਰਤ ਉਮੀਦਵਾਰਾਂ ਨੂੰ ਮੌਜੂਦਾ ਲੋਕ ਸਭਾ ਚੋਣਾਂ 'ਚ ਪੂੰਜੀਵਾਦੀ ਪਾਰਟੀਆਂ ਵੱਲੋਂ ਸੁਰੱਖਿਆ 'ਚ ਲਿਆਂਦਾ ਜਾਂਦਾ ਹੈ। ਤਾਂ ਉਥੇ ਉਤਰਾਖੰਡ ਰਾਜ ਵਿਚ ਉਦਮ ਸਿੰਘ ਨਗਰ - ਨੈਨੀਤਾਲ ਲੋਕ ਸਭਾ ਸੀਟ 'ਤੇ ਇਕੋ ਇਕ ਔਰਤ ਉਮੀਦਵਾਰ ਬਿੰਦੂ ਗੁਪਤਾ ਨੂੰ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਤੋਂ ਜਾਂ ਤਾਂ ਬਲੈਕ ਆਊਟ ਕੀਤਾ ਜਾ ਰਿਹਾ ਹੈ ਜਾਂ ਫਿਰ ਬਿੰਦੂ ਗੁਪਤਾ ਬਾਰੇ ਵਲਗਰ ਤੇ ਨਕਾਰਾਤਮਕ ਪ੍ਰਚਾਰ ਕੀਤਾ ਜਾ ਰਿਹਾ ਹੈ। ਪ੍ਰਸ਼ਾਸ਼ਨ ਵੱਲੋਂ ਬਿੰਦੂ ਗੁਪਤਾ ਦੇ ਸਮਰਥਕਾਂ ਨੂੰ ਡਰਾਉਣ ਧਮਕਾਉਣ ਦੇ ਉਦੇਸ਼ ਨਾਲ ਸੰਮਨ ਭੇਜੇ ਜਾ ਰਹੇ ਹਨ। ਸ਼ਾਸਨ-ਪ੍ਰਸ਼ਾਸਨ ਤੇ ਪੂੰਜੀਵਾਦੀ ਮੀਡੀਆ ਸੋਨੀਆ-ਮਾਇਆਵਤੀ ਸੁਸ਼ਮਾ ਵਰਗੀਆਂ ਔਰਤਾਂ ਨੂੰ ਹੱਥੋਂ ਹੱਥੀ ਲੈ ਕੇ ਉਨ੍ਹਾਂ ਦਾ ਆਮ ਲੋਕਾਂ ਦੇ ਸਾਹਮਣੇ ਗੁਣ ਗਾਣ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਇਹ ਸਭ ਔਰਤਾਂ ਹਾਕਮ ਜਮਾਤ (ਖਾਸ ਖਾਂਦੇ ਪੀਂਦੇ ਲੋਕ) ਦੀਆਂ ਹਨ ਜਾਂ ਫਿਰ ਹਾਕਮ ਜਮਾਤ ਦੇ ਹਿੱਤਾਂ ਨੂੰ ਅੱਗੇ ਵਧਾਉਣ ਵਾਲੀ ਰਾਜਨੀਤੀ ਦੀਆਂ ਪੈਰੋਕਾਰ ਹਨ ਅਤੇ ਹਾਕਮ ਜਮਾਤ ਦੀ ਰਾਜਨੀਤੀ ਦਾ ਪਰਚਮ ਸਾਂਭੀ ਬੈਠੀਆਂ ਹਨ। ਜਦ ਹਾਕਮ ਜਮਾਤ ਨੂੰ ਸੋਨੀਆ, ਮਾਇਆਵਤੀ, ਸੁਸ਼ਮਾ ਵਰਗੀਆਂ ਔਰਤਾਂ ਨੂੰ ਅੱਗੇ ਲਿਆਉਣ 'ਚ ਕੋਈ ਡਿੱਕਤ ਨਹੀ ਹੈ। ਉੱਥੇ ਬਿੰਦੂ ਗੁਪਤਾ ਹਾਕਮ ਜਮਾਤ ਦਾ ਹਿੱਸਾ ਨਾ ਹੋ ਕੇ ਆਮ ਆਦਮੀ ਦੀ ਧੀ ਹੈ। ਬਿੰਦੂ ਗੁਪਤਾ ਵਰਗੀ ਹਰ ਉਸ ਔਰਤ ਦੇ ਵਧਦੇ ਕਦਮਾਂ ਨਾਲ ਹਾਕਮ ਜਮਾਤ ਨੂੰ ਪ੍ਰੇਸ਼ਾਨੀ ਤੇ ਖਤਰਾ ਮਹਿਸੂਸ ਹੁੰਦਾ ਹੈ ਜੋ ਮਜ਼ਦੂਰਾਂ-ਮੇਹਨਤਕਸ਼ਾਂ ਦੇ ਸੰਘਰਸ਼ਾਂ ਦਾ

ਪਰਚਮ ਸਾਂਭ ਕੇ ਆਮ ਆਦਮੀ ਦੇ ਹੱਕ ਲਈ ਉੱਠਣ ਵਾਲੀ ਆਵਾਜ਼ ਨੂੰ ਬੁਲੰਦ ਕਰਦੀ ਹੈ। ਬਿੰਦੂ ਗੁਪਤਾ ਈਸਟਰ ਇੰਡੀਆ ਖਟੀਮਾ ਦੇ ਮਜ਼ਦੂਰਾਂ ਦੇ ਸੰਘਰਸ਼ ਵਿਚ ਮਜ਼ਦੂਰਾਂ ਨਾਲ ਜ਼ੇਲ੍ਹ ਗਈ। ਲਾਲ ਕੁਰਮਾਂ ਵਿਚ ਨਗੀਨਾ ਕਲੋਨੀ ਨੂੰ ਜਦ ਰੇਲਵੇ ਪੁਲਿਸ ਵੱਲੋਂ ਉਜਾੜਿਆ ਜਾ ਰਿਹਾ ਸੀ ਤਾਂ ਬਿੰਦੂ ਗੁਪਤਾ ਤੇ ਉਨ੍ਹਾਂ ਦੇ ਵਰਕਰ ਗਰੀਬ ਬਸਤੀ ਵਾਲਿਆਂ ਨਾਲ ਖੜ੍ਹੇ ਸਨ। ਅਕਤੂਬਰ ਮਹੀਨੇ ’ਚ ਨਗੀਨਾ ਕਲੋਨੀ ’ਚ ਗਰੀਬਾਂ ਦੇ ਰਾਸ਼ਨ ਕਾਰਡ, ਬਿਜਲੀ, ਪਾਣੀ, ਸੜਕ ਆਦਿ ਲਈ ਬਸਤੀ ਵਾਲਿਆਂ ਨੂੰ ਇਕਜੁਟ ਕਰਨ ਦੇ ਅਪਰਾਧ ਵਿਚ ਬਿੰਦੂ ਗੁਪਤਾ ਨੂੰ ਉਨ੍ਹਾਂ ਦੀਆਂ ਦੋ ਬੇਟੀਆਂ, ਇਕ ਬੇਟੇ ਤੇ ਦਿਉਰ ਨਾਲ ਸੰਗੀਨ ਧਰਾਵਾਂ ਲਾ ਕੇ ਪੁਲਿਸ ਵੱਲੋਂ ਜ਼ੇਲ ਭੇਜ ਦਿੱਤਾ ਗਿਆ। ਪ੍ਰੀਤੀ ਸ਼ਾਮ ਨਾਂ ਦੀ ਇਕ ਆਦਮੀ ਦੀ ਬੇਟੀ ਨਾਲ ਕੁਝ ਦਰਿੰਦਿਆ ਨੇ ਬਲਾਤਕਾਰ ਕਰਕੇ ਉਸ ਦੀ ਬੇਰਹਿਮ ਹੱਤਿਆ ਕਰ ਦਿੱਤੀ ਸੀ। ਇਸ ਦੇ ਵਿਰੋਧ ’ਚ ਚਲਾਏ ਜਾ ਰਹੇ ਅੰਦੋਲਨ ’ਚ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕਰਨ ਦੇ ਅਪਰਾਧ ਵਿਚ ਬਿੰਦੂ ਗੁਪਤਾ ਤੇ ਉਸ ਦੇ ਆਸਰਿਤਾਂ ’ਤੇ ਦੇਸ਼ ਧਰੋਹ ਵਰਗੀਆਂ ਸੰਗੀਨ ਧਰਾਵਾਂ ਲਾ ਕੇ ਉਨ੍ਹਾਂ ਨੂੰ ਜ਼ੇਲ੍ਹ ਭੇਜ ਦਿੱਤਾ ਗਿਆ। 15ਵੀਂ ਲੋਕ ਸਭਾ ਚੋਣਾਂ ’ਚ ਬਿੰਦੂ ਗੁਪਤਾ ਵੱਲੋਂ ਭਾਗੀਦਾਰੀ ਵੀ ਮਜ਼ਦੂਰਾਂ ਮੇਹਨਤਕਸ਼ਾਂ ਦੇ ਸੰਘਰਸ਼ ਨੂੰ ਅੱਗੇ ਵਧਾਉਣ ਤੇ ਮੌਜੂਦਾ ਸਰਮਾਏਦਾਰੀ ਪ੍ਰਬੰਧ ਦੇ ਮੂੰਹ ਤੋਂ ਕਾਲਖ ਪੂੰਝ ਕੇ ਇਸ ਪ੍ਰਬੰਧ ਦਾ ਅਸਲੀ ਖੂੰਖਾਰ ਚਿਹਰਾ ਆਮ ਲੋਕਾਂ ਨੂੰ ਵਿਖਾਉਣ ਦੇ ਉਦੇਸ਼ ਨਾਲ ਕੀਤੀ ਜਾ ਰਹੀ ਹੈ। ਬਿੰਦੂ ਗੁਪਤਾ ਵਰਗੀ ਹਰ ਉਸ ਔਰਤ ਨੂੰ ਮਜ਼ਬੂਤ ਬਣਾਉਣ ਸਬੰਧੀ ਹਾਕਮ ਜਮਾਤ ਨੂੰ ਸਖਤ ਇਤਰਾਜ਼ ਹੈ। ਇਸ ਲਈ ਲਾਲਕੂੰਆਂ ਪ੍ਰਸ਼ਾਸ਼ਨ ਵੱਲੋਂ ਬਿੰਦੂ ਗੁਪਤਾ ਦੇ ਪਤੀ ਸੁਭਾਸ਼ ਗੁਪਤਾ ਸਮੇਤ ਕਈ ਲੋਕਾਂ ਖਿਲਾਫ਼ ਚੋਣਾਂ ’ਚ ਗੜਬੜ ਦਾ ਡਰ ਤੇ ਸ਼ਾਂਤੀ ਭੰਗ ਦੇ ਡਰ ਨਾਲ ਸੰਮਨ ਭੇਜੇ ਗਏ ਹਨ। ਬਿੰਦੂ ਗੁਪਤਾ ਦੇ ਪਤੀ ਸੁਭਾਸ਼ ਗੁਪਤਾ ਖਿਲਾਫ ਕੋਰਟ ਵੱਲੋਂ ਦੁਕਾਨ ਦੇ ਲਾਇਸੰਸ ਦੇ ਪ੍ਰਸੰਗ ਵਿਚ ਸੰਮਨ ਭੇਜ ਕੇ ਉਨ੍ਹਾਂ ਤੋਂ ਲਗਭਗ 25000/- ਰੁਪਏ ਵਸੂਲੇ ਗਏ। ਇਥੇ ਗੌਰ ਕਰਨ ਲਾਇਕ ਗੱਲ ਇਹ ਹੈ ਕਿ ਸੁਭਾਸ਼ ਗੁਪਤਾ ਦੀ ਗੌਲਾ ਨਦੀ ਤੋਂ ਹੋਣ ਵਾਲੀ ਖੁਦਾਈ ਲਈ ਬਣਾਏ ਗਏ ਹਲਦੂ ਚੌੜ ਗੇਟ ’ਤੇ ਮੌਸਮੀ ਦੁਕਾਨ ਹੈ। ਖੁਦਾਈ ਹੁੰਦੇ ਸਮੇਂ ਸਾਲ ਭਰ ਵਿਚ ਲਗਭਗ 5-6 ਮਹੀਨੇ ਦੀ ਦੁਕਾਨ ਚਲਦੀ ਹੈ। ਬਾਕੀ ਸਮਾਂ ਦੁਕਾਨ ਬੰਦ ਰਹਿੰਦੀ ਹੈ। ਹਲਦਾਨੀ ਤੋਂ ਲੈ ਕੇ ਸ਼ਾਂਤੀ ਪੁਰੀ ਤੱਕ ਗੌਲਾ ਨਦੀ ਦੇ ਵੱਖ ਵੱਖ ਗੇਟਾਂ ਵਿਚ ਸੈਂਕੜੇ ਦੁਕਾਨਾਂ ਸਥਿਤ ਹਨ। ਇਨ੍ਹਾਂ ਵਿਚੋਂ ਕਿਸੇ ਵੀ ਦੁਕਾਨ ਖਿਲਾਫ ਲਾਇਸੰਸ ਦੇ ਪ੍ਰਸੰਗ ’ਚ ਕੋਈ ਵੀ ਕਾਰਵਾਈ ਨਹੀਂ ਹੋਈ। ਖੁਦ ਸੁਭਾਸ਼ ਗੁਪਤਾ ਵੀ ਪਿਛਲੇ 15-20 ਸਾਲਾਂ ਤੋਂ ਗੌਲਾ ਨਦੀ ’ਚ ਦੁਕਾਨ ਚਲਾ ਰਹੇ ਹਨ। ਪਰ ਅੱਜ ਤੱਕ ਲਾਇਸੰਸ ਸਬੰਧੀ ਉਨ੍ਹਾਂ ਨੂੰ ਕਿਸੇ ਨੇ ਕੁਝ ਨਹੀਂ ਕਿਹਾ। ਸਾਸ਼ਨ-ਪ੍ਰਸ਼ਾਸਨ ਵੱਲੋਂ ਬਿੰਦੂ ਗੁਪਤਾ, ਬਿੰਦੂ ਗੁਪਤਾ ਦੇ ਨਜ਼ਦੀਕੀਆਂ ਤੇ ਸਮੱਰਥਕਾਂ ਖਿਲਾਫ਼ ਇਹ ਸਾਰੀ ਕਾਰਵਾਈ ਇਸ ਲਈ ਕੀਤੀ ਜਾ ਰਹੀ ਹੈ ਤਾਂ ਕਿ ਬਿੰਦੂ ਗੁਪਤਾ, ਉਨ੍ਹਾਂ ਦੇ ਸਹਿਯੋਗੀ ਸਮਰਥਕਾਂ ਆਮ ਆਦਮੀ ਦੇ ਸੰਘਰਸ਼ ਤੋਂ ਆਪਣੇ ਪੈਰ ਪਿੱਛੇ ਖਿੱਚ ਲੈਣ।

ਰਹੀ-ਸਹੀ ਕਸਰ ਪੂੰਜੀਵਾਦੀ ਮੀਡੀਆ ਨੇ ਆਪਣੇ ਆਪ ਨੂੰ ਪੂੰਜੀਪਤੀ ਵਰਗ ਦੀ ਅਵਾਜ਼ ’ਚ ਬਦਲ ਕੇ ਪੂਰੀ ਕਰ ਦਿੱਤੀ ਹੈ। ਦੈਨਿਕ ਅਖਬਾਰਾਂ ਵੱਲੋਂ ਕਾਂਗਰਸ-ਭਾਜਪਾ-ਸਪਾ-ਬਸਪਾ ਆਦਿ ਪਾਰਟੀਆਂ ਦੇ ਉਮੀਦਵਾਰਾਂ ਦੀ ਜਾਇਦਾਦ

ਦਾ ਵੇਰਵਾ ਦਿੱਤਾ ਗਿਆ ਸੀ। ਉਸ ਕਾਲਮ 'ਚ ਸਭ ਤੋਂ ਅੰਤ ਵਿਚ ਬਿੰਦੂ ਗੁਪਤਾ ਸਬੰਧੀ ਸੁਰਖੀ ਦਿੱਤੀ ਗਈ - ਉਦਮ ਸਿੰਘ ਨਗਰ-ਨੈਨੀਤਾਲ ਲੋਕ ਸਭਾ ਸੀਟ 'ਚ ਇਕੋ ਇਕ ਔਰਤ ਉਮੀਦਵਾਰ ਉਹ ਵੀ ਦਾਗੀ। ਇਸ ਔਰਤ 'ਤੇ ਚੋਰੀ ਤੇ ਹੱਤਿਆ ਦੀ ਕੋਸ਼ਿਸ਼ ਕਰਨ ਸਮੇਤ ਦਰਜਨਾਂ ਅਪਰਾਧਿਕ ਮਾਮਲੇ ਦਰਜ ਹਨ। ਜਿਥੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਵੱਲੋਂ ਪੂੰਜੀਵਾਦ ਪਾਰਟੀਆਂ ਦੇ ਉਮੀਦਵਾਰਾਂ ਦੇ ਆਉਣ 'ਤੇ ਵੀ ਸੁਰਖੀਆਂ ਲਾਈਆਂ ਜਾ ਰਹੀਆਂ ਹਨ। ਉਥੇ ਬਿੰਦੂ ਗੁਪਤਾ ਨੂੰ ਮੀਡੀਆ ਵੱਲੋਂ ਲਗਭਗ ਬਲੈਕ ਆਊਟ ਕੀਤਾ ਜਾ ਰਿਹਾ ਹੈ। ਨਿਰਪੱਖ ਤੇ ਸ਼ਾਂਤਮਈ ਢੰਗ ਨਾਲ ਚੋਣਾਂ ਮੁਕੰਮਲ ਕਰਾਉਣ ਦਾ ਦਾਅਵਾ ਕਰਨ ਵਾਲੇ ਚੋਣ ਕਮਿਸ਼ਨ ਦੀ ਨਿਰਪੱਖਤਾ ਦੀ ਪੋਲ ਵੀ ਉਨ੍ਹਾਂ ਵੱਲੋਂ ਧਾਰੀ ਚੁੱਪ ਨਾਲ ਖੁੱਲ੍ਹ ਗਈ ਹੈ। ਭਾਰਤ ਦੀ ਹਾਕਮ ਜਮਾਤ ਨੇ ਔਰਤ ਮਜ਼ਬੂਤੀ ਦੇ ਅਸਲੀ ਕਿਰਦਾਰ ਨੂੰ ਕਮਾਉਂ ਦੇ ਕਮਿਸ਼ਨਰ ਨੇ ਆਪਣੇ ਇਸ ਬਿਆਨ ਰਾਹੀ ਦਰਸਾਇਆ ਹੈ ਪ੍ਰੀਤੀ ਸ਼ਰਮਾ ਬਲਾਤਕਾਰ-ਹੱਤਿਆ ਦਾ ਕੇਸ ਕੋਈ ਹਾਈ ਫਰੋਫਾਇਲ ਕੇਸ ਨਹੀਂ ਹੈ ਕਿ ਇਸ ਦੀ ਸੀ. ਬੀ. ਆਈ. ਤੋਂ ਜਾਂਚ ਕਰਵਾਈ ਜਾਵੇ। ਕਮਿਸ਼ਨਰ ਦੇ ਉਕਤ ਕਥਨ ਤੋਂ ਇਹ ਸਪੱਸ਼ਟ ਹੈ ਕਿ ਇਹ ਪੂੰਜੀਪਤੀ ਜਮਾਤ ਦੀਆਂ ਬੇਟੀਆਂ ਨਾਲ ਪ੍ਰੀਤੀ ਸ਼ਰਮਾ ਵਰਗੀਆਂ ਘਟਨਾਵਾਂ ਘਟਦੀਆਂ ਹੋਣ ਤਾਂ ਇਹ ਹਾਈ ਫਰੋਫਾਇਲ ਕੇਸ ਬਣ ਜਾਂਦਾ ਹੈ ਜਿਵੇਂ ਕਿ ਆਰੂਸ਼ੀ ਹੱਤਿਆ ਕਾਂਡ ਦੇ ਸਮੇਂ ਹੋਇਆ ਸੀ। ਪ੍ਰਤੀ ਸ਼ਰਮਾ ਇਕ ਆਮ ਗਰੀਬ ਆਦਮੀ ਦੀ ਬੇਟੀ ਹੈ। ਇਹ ਹੈ ਪੂੰਜੀਵਾਦ 'ਚ ਔਰਤ ਦੇ ਮਜ਼ਬੂਤੀ ਕਰਨ ਦਾ ਅਸਲੀ ਅਰਥ।

# ਔਰਤ ਅੰਦੋਲਨ ’ਚ ਮੁਖ ਰਾਜਸੀ ਧਾਰਾਵਾਂ

ਬੁਰਜੂਆ ਸਿਧਾਂਤਕ ਦ੍ਰਿਸ਼ਟੀਕੋਣ ਨਾਲ ਔਰਤ ਸੁਆਲ ਦੀ ਸਮਝ ਬੁਰਜੂਆ ਨਾਰੀਵਾਦ ਹੈ। ਇਤਿਹਾਸਕ ਤੌਰ ’ਤੇ ਬੁਰਜੂਆ ਜੀ ਦੇ ਵਿਕਾਸ ਦੇ ਨਾਲ ਬੁਰਜੂਆ ਨਾਰੀਵਾਦ ਹੋਂਦ ’ਚ ਆਇਆ।

ਇਹ ਧਾਰਾ 18ਵੀਂ ਸਦੀ ਦੇ ਅੰਤ ’ਚ ਸ਼ੁਰੂ ਹੋਈ ਅਤੇ 20ਵੀਂ ਸਦੀ ’ਚ ਵੀ ਚਲਦੀ ਰਹੀ ਹੈ। ਜਿਵੇਂ-ਜਿਵੇਂ ਪੂੰਜੀਵਾਦੀ ਸਬੰਧ ਅਤੇ ਉਦਾਰ ਬੁਰਜੂਆ ਵਿਚਾਰਧਾਰਾ ਸਥਾਪਤ ਹੋਏ; ਬੁਰਜੂਆ ਤੇ ਨਿੱਕ-ਬੁਰਜੂਆ ਵਰਗਾਂ ਦੀਆਂ ਔਰਤਾਂ ਆਪਣੀ ਸਥਿਤੀ ਬਾਰੇ ਜਾਗਰਿਤ ਹੋਣ ਲੱਗੀਆਂ। ਮੈਰੀ ਵਾਲਸਟੋਕ੍ਰਾਫਟ ਵਰਗੀਆਂ ਕਈ ਔਰਤਾਂ ਔਰਤ ਸੁਆਲ ’ਤੇ ਲਿਖਣ ਲੱਗੀਆਂ। ਉਨ੍ਹਾਂ ਨੂੰ ਇਹ ਗੱਲ ਸਮਝ ’ਚ ਆਉਣ ਲੱਗੀ ਕਿ ਉਨ੍ਹਾਂ ਨੂੰ ਰਾਜਸੀ, ਸਿੱਖਿਆ ਤੇ ਸਮਾਜਕ ਖੇਤਰ ਵਿਚ ਬਰਾਬਰਤਾ ਦੇ ਲਈ ਸੰਘਰਸ਼ ਕਰਨਾ ਪਵੇਗਾ। ਕਈ ਉਦਾਰਵਾਦੀ ਚਿੰਤਕ ਤੇ ਦਾਰਸ਼ਨਿਕ ਜਿਵੇਂ ਜੇ. ਐਸ. ਮਿਲ ਨੇ ਵੀ ਔਰਤਾਂ ਦੇ ਅਧਿਕਾਰਾਂ ਬਾਰੇ ਲਿਖਿਆ ਅਤੇ ਪ੍ਰਚਾਰ ਕੀਤਾ। ਇਸ ਨੇ ਇਕ ਮੁਹਿੰਮ ਦਾ ਰੂਪ ਲੈ ਲਿਆ। ਪਹਿਲੇ ਯੂ. ਐਸ. ਏ. (ਅਮਰੀਕਾ) ’ਚ ਅਤੇ ਫਿਰ ਇੰਗਲੈਂਡ ਅਤੇ ਹੋਰ ਯੂਰਪੀ ਦੇਸ਼ਾਂ ਵਿਚ ਵੋਟ ਦੇ ਅਧਿਕਾਰ ਲਈ ਸਫਜੇਟ ਅੰਦੋਲਨ, 20ਵੀਂ ਸਦੀ ਦੇ ਸ਼ੁਰੂਆਤੀ ਦੌਰ ’ਚ, ਥੋੜੇ ਸਮੇਂ ਲਈ ਭਖ ਗਿਆ ਪਰ ਇਸ ਪੈਰਵੀ ਦਾ ਕੋਈ ਫਾਇਦਾ ਨਹੀਂ ਹੋਇਆ। ਪਹਿਲੇ ਸੰਸਾਰ ਯੁੱਧ ਪਿੱਛੋਂ ਔਰਤਾਂ ਨੂੰ ਵੋਟ ਦਾ ਅਧਿਕਾਰ ਮਿਲਣ ਪਿੱਛੋਂ ਇਹ ਧਾਰਾ ਗਾਇਬ ਹੋ ਗਈ। ਕ੍ਰਮਵਾਰ : ਮਜ਼ਦੂਰ ਜਮਾਤ ਦੀਆਂ ਔਰਤਾਂ ਦਾ ਅੰਦੋਲਨ ਅਤੇ ਸਮਾਜਵਾਦੀ ਅੰਦੋਲਨ ਦਾ ਵਿਕਾਸ ਹੋਇਆ, ਪਰ ਉਸ ਦੀ ਮੁੱਖ ਅਗਵਾਈ ਕਰਨ ਵਾਲੇ ਪਿਛਾਖੜੀ ਬਣ ਗਏ। 1960 ਦੇ ਦਹਾਕੇ ’ਚ ਜਦ ਵਿਕਸਤ ਪੂੰਜੀਵਾਦੀ ਦੇਸ਼ਾਂ ’ਚ ਔਰਤ ਅੰਦੋਲਨ ਉਭਰਿਆ ਤਦ ਵੀ ਇਹ ਉਦਾਰਵਿਚਾਰਧਾਰਾ ਪ੍ਰਭਾਵੀ ਰਹੀ।

### ਸਮਾਜਵਾਦੀ ਨਾਰੀਵਾਦ

1960 ਦੇ ਦਹਾਕੇ ਤੱਕ, ਔਰਤ ਬੁੱਧੀਜੀਵੀਆਂ ਦੇ ਇਕ ਹਿੱਸੇ ਨੇ, ਜੋ ਮਾਰਕਸਵਾਦ ਦੇ ਪ੍ਰਭਾਵ ’ਚ ਆਇਆ, ਉਦਾਰਵਾਦੀ ਬੁਰਜੂਆ ਨਾਰੀਵਾਦੀਆਂ ਤੋਂ ਖੁਦ ਨੂੰ ਸਿਧਾਂਤਕ ਤੌਰ ’ਤੇ ਵੱਖ ਕੀਤਾ ਅਤੇ ਇਹ ਸਮਾਜਵਾਦੀ ਨਾਰੀਵਾਦੀਆਂ ਦੇ ਨਾਂ ਨਾਲ ਜਾਣੇ ਜਾਣ ਲੱਗੇ। ਪਰ ਇਨ੍ਹਾਂ ਸਮਾਜਵਾਦੀ ਨਾਰੀਵਾਦੀਆਂ ਦੇ ਇਕ ਛੋਟੇ ਹਿੱਸੇ ਨੇ ਹੀ ਠੀਕ ਢੰਗ ਮਾਰਕਸਵਾਦ ਨੂੰ ਲਾਗੂ ਕੀਤਾ। ਜਦ ਕਿ ਬਹੁ-ਗਿਣਤੀ ਹਿੱਸੇ ਨੂੰ ਔਰਤਾਂ ਦੇ ਸੁਆਲ ’ਤੇ ਗੈਰ-ਪ੍ਰੋਲੇਤਾਰੀ ਸਿਧਾਂਤਕ ਦ੍ਰਿਸ਼ਟੀਕੋਣ ਨੂੰ ਅਪਣਾਇਆ। ਇਸ ਲਈ ਸਮਾਜਵਾਦੀ ਲੇਬਲ ਦੇ ਬਾਵਜੂਦ ਉਨ੍ਹਾਂ ਨੂੰ ਮੋਟੇ ਤੌਰ ’ਤੇ ਬੁਰਜੂਆ ਨਾਰੀਵਾਦੀਆਂ ਦੀ ਸ਼੍ਰੇਣੀ ’ਚ ਸ਼ਾਮਲ ਕਰਨ ਦੀ ਲੋੜ ਹੈ। ਸਮਾਜਵਾਦੀ ਨਾਰੀਵਾਦ ਨੇ ਔਰਤਾਂ ਦੇ ਸੁਆਲ ਦੀ ਸਮਝਦਾਰੀ ’ਚ ਚਾਰ ਵੱਡੇ ਯੋਗਦਾਨ ਦਿੱਤੇ।

ਪਹਿਲਾਂ ਘਰੇਲੂ ਕਿਰਤ ਦਾ ਸੁਆਲ ਸਪੱਸ਼ਟ ਤੌਰ ’ਤੇ ਕੇਂਦਰ ਬਿੰਦੂ ’ਤੇ ਲਿਆਂਦਾ ਗਿਆ ਅਤੇ ਉਸ ਦੇ ਅਧਿਐਨ ’ਚ ਰਾਜਸੀ ਅਰਥਸਾਸ਼ਤਰ ਦੇ ਮਾਰਕਸਵਾਦੀ

ਸਿਧਾਂਤਾਂ ਦੀ ਵਰਤੋਂ ਕੀਤੀ ਗਈ। ਘਰੇਲੂ ਕੰਮ ’ਚ ਔਰਤਾਂ ਦੀ ਭੂਮਿਕਾ ਅਤੇ ਪੂੰਜੀਵਾਦੀ ਪ੍ਰਣਾਲੀ ਦੇ ਮੁੜ ਉਤਪਾਦਨ ਅਤੇ ਕਿਰਤ ਸ਼ਕਤੀ ਦੀ ਮੁੜ ਪੈਦਾਇਸ਼ ਵਿਚਕਾਰ, ਦੇ ਰਿਸ਼ਤੇ ਅਤੇ ਇਸ ਤਰ੍ਹਾਂ ਇਸ ਵਿਚ ਔਰਤਾਂ ਦੀ ਅਹਿਮ ਭੂਮਿਕਾ ਦਾ ਸਿਧਾਂਤਕ ਤੌਰ ’ਤੇ ਨਿਚੋੜ ਕੱਢਿਆ ਗਿਆ। ਇਸ ਨੇ ਨਾ ਸਿਰਫ ਮਾਰਕਸ ਦੇ ਮੁੱਲ ਦੇ ਕਿਰਤ ਸਿਧਾਂਤ ਨੂੰ ਮਜ਼ਬੂਤ ਬਲਕਿ ਪੂੰਜੀਵਾਦੀ ਪੈਦਾਵਾਰ ਪ੍ਰਣਾਲੀ ’ਚ ਔਰਤਾਂ ਦੀ ਘਰੇਲੂ ਕਿਰਤ ਦੀ ਭੂਮਿਕਾ ਨੂੰ ਵਾਜਬ ਥਾਂ ਦਿੱਤੀ।

ਦੂਜਾ, ਸਮਾਜਕ ਪੈਦਾਵਾਰ ’ਚ ਔਰਤਾਂ ਦੀ ਭਾਗੀਦਾਰੀ ਬਾਰੇ ਸੂਖਮ ਸਿਖਲਾਈ ਦਿੱਤੀ ਗਈ ਅਤੇ ਇਹ ਦੇਖਿਆ ਗਿਆ ਕਿ ਜਿਥੇ ਪੂੰਜੀਵਾਦ ਵੱਡੇ ਪੈਮਾਨੇ ’ਤੇ ਔਰਤ ਨੂੰ ਸਮਾਜਕ ਪੈਦਾਵਾਰ ’ਚ ਲਿਆਇਆ ਨਾਲ ਹੀ ਨਾਲ ਉਸ ਨੇ ਮਰਦ ਤੇ ਔਰਤ ਕਿਰਤੀਆਂ ਵਿਚਕਾਰ ਇਕ ਕਿਰਤ ਵੰਡ ਵੀ ਪੈਦਾ ਕੀਤੀ। ਇਸ ਤਰ੍ਹਾਂ ਇਹ ਸਾਬਤ ਹੋ ਗਿਆ ਕਿ ਪੂੰਜੀਵਾਦ ਨੇ ਸਮਾਜਕ ਪੈਦਾਵਾਰ ’ਚ ਕਿਰਤ ਦੀ ਲਿੰਗਕ ਵੰਡ ਨੂੰ ਬਰਕਰਾਰ ਰੱਖਿਆ ਅਤੇ ਔਰਤਾਂ ਦੀ ਤਨਖਾਹ ਨੂੰ ਮਰਦਾਂ ਦੀ ਤਨਖਾਹ ਤੋਂ ਘੱਟ ਰੱਖਣ ’ਚ ਇਸ ਵੰਡ ਦੀ ਵਰਤੋਂ ਕੀਤੀ। ਇਹ ਪੂੰਜੀਵਾਦੀ ਅਰਥਚਾਰੇ ’ਚ ਪਿੱਤਰ ਸੱਤਾ ਦੇ ਸੰਸਥਾਗਤ ਹੋਣ ਦਾ ਇਕ ਹੋਰ ਸਬੂਤ ਸੀ। ਇਹ ਵਿਸਲੇਸ਼ਣ ਮਹੱਤਵਪੂਰਨ ਹੈ ਕਿਉਂਕਿ ਇਹ ਸਮਾਜਕ ਪੈਦਾਵਾਰ ਦੇ ਖੇਤਰ ’ਚ ਪੂੰਜੀਵਾਦੀ ਪਿੱਤਰਸੱਤਾ ਦਾ ਪਰਦਾਫਾਸ਼ ਕਰਦਾ ਹੈ। ਇਹ ਨਾ ਸਿਰਫ ਪੂੰਜੀਵਾਦ ਦੇ ਅਧਿਐਨ ਲਈ ਬਲਕਿ ਸਮਾਜਵਾਦੀ ਅਰਥਚਾਰੇ ’ਚ ਸਮਾਜਕ ਪੈਦਾਵਾਰ ਦੇ ਖੇਤਰ ’ਚ ਪੂੰਜੀਵਾਦੀ ਪਿੱਤਰ ਸੱਤਾਵਾਦੀ ਰਿਸ਼ਤਿਆਂ ਦੇ ਕਾਇਮ ਰਹਿਣ ਦੀ ਜਾਂਚ ਕਰਨ ਲਈ ਵੀ ਇਕ ਢਾਂਚਾ ਪੇਸ਼ ਕਰਦਾ ਹੈ।

ਤੀਸਰਾ ਏਂਗਲਸ ਦੇ ਯੋਗਦਾਨਾਂ ਤੋਂ ਲੈ ਕੇ ਸਮਾਜਵਾਦੀ ਨਾਰੀਵਾਦ ਨੇ ਪਿੱਤਰ ਸੱਤਾ ਦੀ ਧਾਰਣਾ ਨੂੰ ਅੱਗੇ ਹੋਰ ਵਿਕਸਤ ਕੀਤਾ ਹੈ। ਪਿੱਤਰ ਸੱਤਾ ਦਾ ਵਿਸਲੇਸ਼ਣ ਨਾ ਸਿਰਫ ਲੁੱਟ ਘਸੁੱਟ ਦੇ ਇਕ ਰੂਪ ’ਚ ਬਲਕਿ ਇਕ ਪੂਰਨ ਵਿਕਸਤ ਸਮਾਜਕ ਸੰਸਥਾ ਦੇ ਤੌਰ ’ਤੇ ਕੀਤਾ ਗਿਆ ਹੈ। ਮਾਰਕਸਵਾਦੀ ਪ੍ਰਣਾਲੀ ਦੀ ਵਰਤੋਂ ਕਰਕੇ ਇਸ ਨੂੰ ਸਪੱਸ਼ਟ ਤੌਰ ’ਤੇ ਇਕ ਸੰਸਥਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਜੋ ਅਧਾਰ ਤੇ ਉਸਾਰ ਢਾਂਚੇ ਦੋਨਾਂ ’ਚ ਕੰਮ ਕਰਦੀ ਹੈ। ਇਸ ਲਾਜ਼ਮੀ ਸਮਝਦਾਰੀ ਨੇ ਠੋਸ ਤੇ ਸਪੱਸ਼ਟ ਤੌਰ ’ਤੇ ਪਿੱਤਰ ਸੱਤਾ ਨੂੰ ਸਮਾਜਕ ਇਨਕਲਾਬ ਦੇ ਇਕ ਨਿਸ਼ਾਨੇ ਵਜੋਂ ਕੇਂਦਰਿਤ ਕਰਨ ’ਚ ਮਦਦ ਕੀਤੀ।

ਚੌਥਾ, ਰਾਜਸੱਤਾ ਦੇ ਪਿੱਤਰ ਸੱਤਾਵਾਦੀ ਪਹਿਲੂ ਵੀ ਸਾਹਮਣੇ ਲਿਆਂਦੇ ਗਏ। ਇਨ੍ਹਾਂ ਹਾਂ ਪੱਖੀ ਯੋਗਦਾਨਾਂ ਨੂੰ ਗਿਣਤੀ ’ਚ ਰੱਖਣਾ ਚਾਹੀਦਾ ਹੈ ਪਰ ਸਮਾਜਵਾਦੀ ਨਾਰੀਵਾਦ ਦੇ ਬੁਰਜੂਆ ਚੇਤਨਾ ਵੀ। ਇਹ ਨਾ-ਪੱਖੀ ਪ੍ਰਭਾਵ ਹਨ ਅਤੇ ਔਰਤਾਂ ਦੀ ਮੁਕਤੀ ਲਈ ਇਨ੍ਹਾਂ ਨਾਲ ਲੜਨਾ ਚਾਹੀਦਾ ਹੈ। ਆਓ ਹੁਣ ਬੁਰਜੂਆ ਨਾਰੀਵਾਦ ਦੇ ਕੁਝ ਰੁਝਾਨਾਂ ਨੂੰ ਵੇਖੀਏ। ਲਿੰਗਕ ਤੰਗਨਜ਼ਰੀ ਬੁਰਜੂਆ ਨਾਰੀਵਾਦ ਦੇ ਅਧਾਰ ’ਚ ਪਾਇਆ ਜਾਣ ਵਾਲਾ ਮੁੱਖ ਪਹਿਲੂ ਹੈ। ਇਹ ਹੇਠ ਲਿਖੇ ਤਰੀਕਿਆਂ ’ਚ ਵੇਖਿਆ ਜਾ ਸਕਦਾ ਹੈ।

1. ਔਰਤਾਂ ਦੀ ਲੁੱਟ-ਘਸੁੱਟ ਨੂੰ ਸਮਾਜਕ ਵਿਵਸਥਾ ਤੋਂ ਵੱਖ ਕਰਕੇ ਦੇਖਣਾ ਇਸ ਨਾਲ ਜਮਾਤੀ ਲੁਟ ਘਸੁੱਟ ਤੇ ਪਿੱਤਰਸੱਤਾ ਦੇ ਵਿਕਾਸ ਵਿਚਾਲੇ ਰਿਸ਼ਤਾ ਤੇ

ਜਮਾਤੀ ਸੰਘਰਸ਼ ਦੇ ਇਕ ਹਿੱਸੇ ਵਜੋਂ ਪਿੱਤਰਸਤਾ ਖਿਲਾਫ਼ ਸੰਘਰਸ਼ ਚਲਾਉਣ ਦਾ ਕਾਰਜ ਧੁੰਦਲਾ ਪੈ ਜਾਂਦਾ ਹੈ। ਇਸ ਤਰ੍ਹਾਂ ਦੀ ਚੇਤਨਾ ਨਾਲ ਲਾਜ਼ਮੀ ਹੀ ਸੁਧਾਰਵਾਦ ਪੈਦਾ ਹੁੰਦਾ ਹੈ।

2. ਮਰਦਾਂ ਨੂੰ ਔਰਤਾਂ ਦੇ ਨਿਸ਼ਾਨੇ ਵਜੋਂ ਵੇਖਣਾ। ਕਿਉਂਕਿ ਮਰਦ ਆਮ ਤੌਰ 'ਤੇ ਔਰਤਾਂ ਬਾਰੇ ਪਿੱਤਰ ਸੱਤਾਵਾਦੀ ਪੂਰਵ ਧਾਰਨਾਵਾਂ ਰੱਖਦੇ ਹਨ ਅਤੇ ਔਰਤ ਘਰੇਲੂ ਕਿਰਤ ਦੇ ਕੁਝ ਵਿਸ਼ੇਸ਼ ਅਧਿਕਾਰਾਂ ਦਾ ਆਨੰਦ ਲੈਂਦੇ ਹਨ ਇਸ ਲਈ ਮਰਦਾਂ ਨੂੰ ਔਰਤਾਂ ਦੀ ਲੁੱਟ ਘਸੁੱਟ ਦੇ ਕਾਰਨ ਵਜੋਂ ਵੇਖਿਆ ਜਾਂਦਾ ਹੈ। ਜਮਾਤੀ ਲੁੱਟ-ਘਸੁੱਟ ਅਤੇ ਮਰਦਾਵੀਂ ਲੁੱਟ ਨੂੰ ਇਕੋ ਹੀ ਪਲੜੇ 'ਚ ਤੋਲਿਆ ਜਾਂਦਾ ਹੈ। ਦੋਨਾਂ ਨੂੰ ਬਰਾਬਰ ਦੇ ਦੁਸ਼ਮਣਾਂ ਵਜੋਂ ਦੱਸਿਆ ਜਾਂਦਾ ਹੈ। ਇਹ ਫਰਕ ਨਹੀਂ ਕੀਤਾ ਜਾਂਦਾ ਕਿ ਲੁਟੇਰੀਆਂ ਹਾਕਮ ਜਮਾਤਾਂ ਨਾਲ ਔਰਤਾਂ ਦਾ ਅੰਤਰ ਵਿਰੋਧ ਦੁਸ਼ਮਣਾ ਹੈ ਜਦ ਕਿ ਪਿੱਤਰ ਸੱਤਾ ਨਾਲ ਮਿੱਤਰਾਂ ਵਾਲਾ ਵਿਰੋਧ ਹੈ।

ਦੋਨੋਂ ਦੋ ਕਿਸਮ ਦੇ ਅੰਤਰ ਵਿਰੋਧਾਂ ਨੂੰ ਹੱਲ ਕਰਨ ਦੇ ਦੋ ਰੁੱਖ, ਦੋ ਤਰੀਕੇ ਅਪਣਾਉਣ ਦੀ ਬਜਾਏ ਇਕ ਹੀ ਤੇਜ਼ੀ ਨਾਲ ਦੋਹਾਂ ਖਿਲਾਫ਼ ਲੜਿਆ ਜਾਂਦਾ ਹੈ। ਹਾਕਮ ਜਮਾਤਾਂ ਦੀ ਸੇਵਾ ਕਰਨ ਵਾਲੀ ਸੰਸਥਾ ਤੇ ਵਿਚਾਰਧਾਰਾ ਵਜੋਂ ਪਿੱਤਰ ਸੱਤਾ ਨਾਲ ਲੜਨ ਦੀ ਥਾਂ ਇਹ ਚੇਤਨਾ ਬੋਧ ਮੇਹਨਤਕਸ਼ ਜਮਾਤ ਵਿਚਕਾਰ ਆਪਸੀ ਲੜਾਈ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਅਸਲੀ ਦੁਸ਼ਮਣਾਂ ਖਿਲਾਫ਼ ਅਸਲੀ ਦੋਸਤਾਂ ਦੀ ਜਮਾਤੀ ਏਕਤਾ 'ਚ ਪਾੜਾ ਪਾਉਂਦੀ ਹੈ। ਸਿੱਟੇ ਵਜੋਂ ਜਮਾਤੀ ਸੰਘਰਸ਼ ਜਿਸ 'ਤੇ ਕਿ ਮੁੱਖ ਕੇਂਦਰੀ ਜ਼ੋਰ ਹੋਣਾ ਚਾਹੀਦਾ ਹੈ ਜ਼ੋਰ ਘੱਟ ਜਾਂਦਾ ਹੈ ਅਤੇ ਪਿੱਤਰ ਸੱਤਾ ਵਿਰੋਧੀ ਸੰਘਰਸ਼ 'ਤੇ ਵੱਧ ਜ਼ੋਰ ਦਿੱਤਾ ਜਾਣ ਲੱਗਦਾ ਹੈ।

3. ਔਰਤ ਨੂੰ ਇਕ ਤਬਕੇ ਵਜੋਂ ਵੇਖਿਆ ਜਾਂਦਾ ਹੈ। ਔਰਤਾਂ ਨੂੰ ਵੱਖ ਵੱਖ ਜਮਾਤਾਂ ਖਾਸ ਤੌਰ 'ਤੇ ਮੇਹਨਤਕਸ਼ ਜਮਾਤਾਂ ਦੀਆਂ ਔਰਤਾਂ ਅਤੇ ਹਾਕਮ ਜਮਾਤਾਂ ਦੀਆਂ ਔਰਤਾਂ ਵਿਚ ਜਮਾਤੀ ਵਖਰੇਵਾਂ ਤੇ ਜਮਾਤੀ ਵਿਰੋਧ ਦੇ ਮਹੱਤਵ ਨੂੰ ਘਟਾ ਦਿੱਤਾ ਜਾਂਦਾ ਹੈ। ਆਮ ਔਰਤਾਂ ਦੇ ਅੰਦੋਲਨ ਦੇ ਨਾਂ 'ਤੇ ਬੁਰਜੂਆ ਤੇ ਖਾਂਦੇ ਪੀਂਦੇ ਰੱਜੇ ਪੁੱਜੇ ਤਬਕਿਆਂ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਨੂੰ ਵਿਸ਼ੇਸ਼ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ।

4. ਬੁਰਜੂਆ ਨਾਰੀਵਾਦੀਆਂ ਸਮੇਤ ਅੱਛੀ ਗਿਣਤੀ ਵਿਚ ਸਮਾਜਵਾਦੀ ਨਾਰੀਵਾਦੀ ਮੰਗ ਕਰਦੇ ਹਨ ਕਿ ਔਰਤਾਂ ਦਾ ਅੰਦੋਲਨ ਕਮਿਊਨਿਸਟ ਪਾਰਟੀ ਦੇ ਸਮੁੱਚੇ ਪ੍ਰਭਾਵ ਤੋਂ ਆਪਣੀ 'ਅਜ਼ਾਦੀ' ਤੇ 'ਖੁਦ-ਮੁਖਤਿਆਰੀ' ਬਚਾ ਕੇ ਰੱਖੇ। ਇਸ ਤਰ੍ਹਾਂ ਨਾਲ ਔਰਤ ਅੰਦੋਲਨ 'ਤੇ ਪ੍ਰੋਲੇਤਾਰੀ ਦੀ ਥਾਂ ਬੁਰਜੂਆ ਦੇ ਪ੍ਰਭਾਵ ਨੂੰ ਸੁਰੱਖਿਅਤ ਕਰਨਾ ਤੇ ਸਥਾਪਤ ਕਰਨਾ ਚਾਹੁੰਦੇ ਹਨ।

ਬੁਨਿਆਦੀ ਤੌਰ 'ਤੇ ਇਸ ਉਚੇਚੇ ਰੁਝਾਣ ਤੋਂ ਇਲਾਵਾ, ਬੁਰਜੂਆ ਨਾਰੀਵਾਦ ਦੇ ਕੁਝ ਹੋਰ ਆਮ ਪਹਿਲੂ ਵੀ ਹਨ। ਇਸ ਦਾ ਤੱਤ ਸੁਧਾਰਵਾਦ ਹੈ। ਇਹ ਇਨਕਲਾਬ ਦੇ ਉਲਟ ਖੜਾ ਹੈ। ਅਕਸਰ ਇਹ ਅਧਾਰ 'ਚ ਵੀ ਔਰਤ ਦੀ ਲੁੱਟ ਨੂੰ ਵੇਖਣ ਦੀ ਥਾਂ ਖੁਦ ਨੂੰ ਸਿਰਫ ਉਸਾਰ ਢਾਂਚੇ ਦੇ ਪਹਿਲੂਆਂ ਦਾ ਜਵਾਬ ਦੇਣ ਤੱਕ ਸੀਮਤ ਕਰ ਲੈਂਦਾ ਹੈ। ਇਸ ਤੋਂ ਇਲਾਵਾ ਨਾਰੀਵਾਦ ਔਰਤ ਸੁਆਲ ਨੂੰ ਵਿਅਕਤੀਗਤ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਜੋ ਔਰਤ ਦੇ ਹਿੱਤਾਂ ਨੂੰ ਉਸ ਦੀ ਘਰੇਲੂ ਦੁਨੀਆਂ ਅਤੇ ਉਸ

ਤੋਂ ਪੈਦਾ ਹੋਣ ਵਾਲੀਆਂ ਤਰਜੀਹਾਂ ਤੱਕ ਸੁੰਗੜ ਦਿੰਦਾ ਹੈ।

ਇਹ ਬੁਰਜੂਆ ਨਾਰੀਵਾਦ ਵੱਲੋਂ ਰੱਖੀਆਂ ਗਈਆਂ ਕਈ ਹੋਰ ਵਿਸ਼ੇਸ਼ ਦਲੀਲਾਂ ਤੇ ਪ੍ਰਗਟਾਵੇ ਹਨ। ਪਿੱਤਰਸੱਤਾ ਤੇ ਔਰਤ ਮੁਕਤੀ 'ਤੇ ਸਾਰੇ ਮਾਰਕਸਵਾਦੀ ਸਿਧਾਂਤਕ ਦ੍ਰਿਸ਼ਟੀਕੋਣ ਨੂੰ ਤਿੱਖਾ ਕਰਨ ਅਤੇ ਵਿਕਸਤ ਕਰਨ ਵਿਚ ਬੁਰਜੂਆ ਨਾਰੀਵਾਦ ਦੇ ਇਨ੍ਹਾਂ ਵੱਖ ਵੱਖ ਵਿਚਾਰਾਂ ਨਾਲ ਸਿਧਾਂਤਕ ਬਹਿਸ ਅਤੇ ਅੰਦੋਲਨ ਦੀਆਂ ਵਿਹਾਰਕ ਮਿਸਾਲਾਂ ਮਹੱਤਵਪੂਰਨ ਹਨ।

**ਕੌਮਾਂਤਰੀ ਔਰਤ ਅੰਦੋਲਨ 'ਚ ਸਮਾਜਵਾਦੀ ਧਾਰਾ**

ਜਦ ਪੂੰਜੀਵਾਦ ਦੇ ਵਿਕਾਸ ਨਾਲ ਖਾਸ ਤੌਰ 'ਤੇ ਵੋਟ ਦਾ ਅਧਿਕਾਰ ਮੰਗਦਿਆਂ ਹੋਇਆ ਬੁਰਜੂਆ ਔਰਤ ਅੰਦੋਲਨ ਦਾ ਵਿਕਾਸ ਹੋਇਆ, ਉਸੇ ਸਮੇਂ ਯੂਰਪ 'ਚ ਕਿਰਤੀ ਜਮਾਤ ਦੀਆਂ ਔਰਤਾਂ 'ਚ ਇਕ ਧਾਰਾ ਵਿਕਸਿਤ ਹੋ ਰਹੀ ਸੀ। 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੀ ਸ਼ੁਰੂਆਤ 'ਚ ਸਮਾਜਵਾਦੀ ਮਰਦ ਅਤੇ ਔਰਤਾਂ ਨੇ ਇਕ ਕਿਰਤੀ ਜਮਾਤ ਔਰਤ ਅੰਦੋਲਨ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ 'ਚ ਸਭ ਤੋਂ ਮੁਖ ਸਨ, ਕਲਾਰਾ ਜੇਟਕਿਨ, ਰੋਜ਼ਾ ਲਕਸਮਬਰਗ ਅਲੇਕਸਾਂਡਰਾ ਕੋਲਨਤਾਈ, ਈਨੇਸਾ ਆਰਮੇਂਡ, ਦੁਰਪਕਾਇਆ ਅਤੇ ਹੋਰ। ਉਹ ਇਸ ਸੰਘਰਸ਼ ਦੀਆਂ ਸਿਧਾਂਤਕਾਰ ਤੇ ਨੇਤਾ ਸਨ। ਉਨ੍ਹਾਂ ਨੇ ਸਮਾਜਵਾਦੀ ਔਰਤਾਂ ਦੇ ਕੌਮਾਂਤਰੀ ਸੰਮੇਲਨ ਵੀ ਜਥੇਬੰਦ ਕੀਤੇ। ਫਰੇਡਰਿਕ ਏਂਗਲਜ਼ ਤੇ ਅਗੇਸਟ ਬੇਬਲ ਨੇ ਮਾਰਕਸਵਾਦੀ ਦ੍ਰਿਸ਼ਟੀਕੋਣ ਨਾਲ ਔਰਤ ਮੁਕਤੀ 'ਤੇ ਕਿਤਾਬਾਂ ਲਿਖੀਆਂ ਜਿਨ੍ਹਾਂ ਨੇ ਇਸ ਸੰਘਰਸ਼ ਲਈ ਮਾਰਗ ਦਰਸ਼ਕ ਦਾ ਕੰਮ ਕੀਤਾ। ਉਹ ਆਪਣੇ-ਆਪਣੇ ਦੇਸ਼ਾਂ ਦੇ ਜਮਾਤੀ-ਸੰਘਰਸ਼ ਤੇ ਇਨਕਲਾਬੀ ਸੰਘਰਸ਼ ਦਾ ਹਿੱਸਾ ਸਨ।

ਹਾਲਾਂਕਿ ਉਨ੍ਹਾਂ ਨੇ ਨਾਰੀਵਾਦੀਆਂ ਦੀ ਸਾਰੀ ਬੁਰਜੂਆ ਜਮਹੂਰੀ ਮੰਗਾਂ ਦਾ, ਜਿਵੇਂ ਵੋਟ ਦੇ ਅਧਿਕਾਰ ਦੀ, ਹਮਾਇਤ ਕੀਤੀ ਪਰ ਉਹ ਸਾਰਿਆਂ ਦੇ ਵੋਟ-ਅਧਿਕਾਰ ਦੇ ਪੱਖ ਵਿਚ ਸਨ। ਨਾਰੀਵਾਦੀਆਂ ਦੇ ਕਾਲੀਆਂ ਔਰਤਾਂ ਤੇ ਗਰੀਬ ਔਰਤਾਂ ਖਿਲਾਫ ਪੂਰਵ ਧਾਰਨਾ ਦੀ ਨਿੰਦਾ ਪੜਚੋਲ ਕਰਦਿਆਂ ਉਨ੍ਹਾਂ ਨੂੰ ਕਿਰਤ ਜਮਾਤ ਦੀਆਂ ਔਰਤਾਂ ਦੀਆਂ ਮੰਗਾਂ ਨੂੰ ਵੀ ਸਾਹਮਣੇ ਰੱਖਿਆ ਜਿਵੇਂ ਕਿ 8 ਘੰਟੇ ਕੰਮ, ਦੀਆਂ ਥਾਵਾਂ 'ਤੇ ਸਹੂਲਤਾਂ ਆਦਿ। ਉਨ੍ਹਾਂ ਨੇ ਵੱਡੀਆਂ ਰੈਲੀਆਂ, ਮੁਜਾਹਰੇ ਤੇ ਹੜਤਾਲਾਂ ਨੂੰ ਜਥੇਬੰਦ ਕੀਤਾ ਅਤੇ ਕਈ ਮੰਗਾਂ ਜਿੱਤੀਆਂ। ਉਨ੍ਹਾਂ ਨੂੰ ਆਪਣੀ ਜਮਾਤੀ ਬਿਰਾਦਰੀ ਦੇ ਨਾਲ ਸਾਰੇ ਸੰਘਰਸ਼ਾਂ 'ਚ ਹਿੱਸਾ ਲੈਣ ਦੇ ਅਧਿਕਾਰ ਲਈ ਵੀ ਸੰਘਰਸ਼ ਕਰਨਾ ਪਿਆ। ਪ੍ਰੋਲੇਤਾਰੀ ਮਰਦਾਂ ਨੂੰ, ਜੋ ਸ਼ੁਰੂ 'ਚ ਉਨ੍ਹਾਂ ਨਾਲ ਜੁੜਨ 'ਚ ਹਿਚਕਚਾ ਰਹੇ ਸਨ, ਉਨ੍ਹਾਂ ਦੇ ਦ੍ਰਿੜ ਨਿਸ਼ਚੇ ਸਾਹਮਣੇ ਝੁਕਣਾ ਪਿਆ।

ਜਿੱਥੇ ਬੁਰਜੂਆ ਔਰਤ ਸੰਘਰਸ਼ ਸਿਰਫ ਗੋਰੀਆਂ ਤੇ ਉੱਚ ਜਮਾਤ ਦੀਆਂ ਔਰਤਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦਾ ਸੀ, ਉਥੇ ਸਮਾਜਵਾਦੀ ਔਰਤ ਅੰਦੋਲਨ ਨੇ ਬਹੁਤ ਸਪੱਸ਼ਟ ਤੌਰ 'ਤੇ ਖੁਦ ਨੂੰ ਇਸ ਤੋਂ ਵੱਖ ਕੀਤਾ। ਉਸ ਨੇ ਉਨ੍ਹਾਂ ਸਾਰਿਆਂ ਦੀ ਨੁਮਾਇੰਦਗੀ ਕੀਤੀ ਜੋ ਜਮਹੂਰੀ ਸਨ ਅਤੇ ਮੇਹਨਤਕਸ਼ ਔਰਤਾਂ ਦੀ ਬਹੁਗਿਣਤੀ ਦੇ ਹਿੱਤਾਂ ਦੀ ਸੇਵਾ ਕਰਦੀਆਂ ਸਨ। ਸਮਾਜਵਾਦੀ ਔਰਤ ਅੰਦੋਲਨ ਦੀ ਧਾਰਾ ਉਨ੍ਹਾਂ ਸਾਰੇ ਦੇਸ਼ਾਂ 'ਚ ਵਗਦੀ ਰਹੀ ਜਿਥੇ ਕਮਿਊਨਿਸਟ ਪਾਰਟੀਆਂ ਨੇ ਔਰਤਾਂ ਨੂੰ, ਲੁਟੇਰੇ

ਪ੍ਰਬੰਧ ਖਿਲਾਫ ਸਮੁੱਚੇ ਸੰਘਰਸ਼ ਦੇ ਅੰਗ ਵਜੋਂ ਪਿੱਤਰਸੱਤਾ ਖਿਲਾਫ ਸੰਘਰਸ਼ 'ਚ ਜਥੇਬੰਦੀ ਕੀਤਾ। ਰੂਸ, ਚੀਨ ਵਿਅਤਨਾਮ ਤੇ ਕੋਰੀਆ 'ਚ ਔਰਤਾਂ ਨੇ ਪੂਰਵ ਇਨਕਲਾਬੀ ਅੰਦੋਲਨ ਅਤੇ ਪਾਰਟੀ ਦੀ ਸੈਨਾ 'ਚ ਇਕ ਮੁੱਖ ਭੂਮਿਕਾ ਅਦਾ ਕੀਤੀ। ਅੱਜ ਤੱਕ ਉਨ੍ਹਾਂ ਬਾਰੇ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ ਜਿਥੇ ਹਥਿਆਰਬੰਦ ਘੋਲ ਚਲ ਰਿਹਾ ਹੈ, 19ਵੀਂ ਸਦੀ ਦੀ ਸਮਾਜਵਾਦੀ ਔਰਤਾਂ ਦੀ ਵਿਰਾਸਤ ਬਰਕਰਾਰ ਹੈ। ਸਾਡਾ ਔਰਤ ਸੰਘਰਸ਼ ਵੀ ਇਸ ਵਿਰਾਸਤ ਦਾ ਇਕ ਹਿੱਸਾ ਹੀ ਹੈ।

**ਭਾਰਤ ਵਿਚ ਔਰਤ ਅੰਦੋਲਨ 'ਚ ਮੁੱਖ ਰੁਝਾਣ**

**ਸਮਾਜ ਸੁਧਾਰਕ ਅੰਦੋਲਨ** - ਭਾਰਤ 'ਚ ਉਦਾਰਵਾਦੀ ਬੁਰਜੂਆ ਰੁਝਾਣ ਰਾਜਾ ਰਾਮ ਮੋਹਨ ਰਾਏ, ਵਿੱਦਿਆ ਸਾਗਰ, ਵੀਰੇਸ਼ ਲਿੰਗਮ ਤੇ ਲਗਭਗ ਆਪਣੇ ਤੌਰ 'ਤੇ ਬ੍ਰਾਹਮਣ ਜਾਤੀਆਂ ਤੋਂ ਆਉਣ ਵਾਲੇ ਹੋਰ ਨੇਤਾਵਾਂ ਦੀ ਅਗਵਾਈ 'ਚ ਚਲੇ ਸ਼ੁਰੂਆਤੀ ਸਮਾਜਕ ਸੁਧਾਰ ਅੰਦੋਲਨ 'ਚ ਜਾਹਰ ਹੁੰਦਾ ਸੀ ਇਹ ਕਨੂੰਨੀ ਤੇ ਸੰਵਿਧਾਨਿਕ ਤਰੀਕਿਆਂ ਤੱਕ ਸੀਮਿਤ ਸੀ। ਇਹ ਬ੍ਰਿਟਿਸ਼ ਬਸਤੀਵਾਦੀਆਂ ਤੋਂ ਕਾਨੂੰਨ ਬਦਲਣ ਦੀ ਅਤੇ ਇਸ ਪ੍ਰਕਾਰ ਔਰਤਾਂ ਦੀ ਸਥਿਤੀ ਸੁਧਾਰਨ ਦੀ ਗੱਲ ਕਰਦਾ ਸੀ। ਇਹ ਮੁੱਖ ਤੌਰ 'ਤੇ ਸਤੀ, ਬਾਲ ਵਿਆਹ ਵਰਗੀਆਂ ਜਾਗੀਰੂ ਪ੍ਰਥਾਵਾਂ ਖਿਲਾਫ ਸੇਧਿਤ ਸੀ ਅਤੇ ਇਸ ਨੇ ਵਿਧਵਾ ਮੁੜ-ਵਿਆਹ, ਔਰਤਾਂ ਦੀ ਸਿੱਖਿਆ ਆਦਿ ਲਈ ਮੁਹਿੰਮ ਚਲਾਈ। ਇਨ੍ਹਾਂ ਸੁਧਾਰਾਂ ਦਾ ਉਦੇਸ਼ ਮੁੱਖ ਤੌਰ 'ਤੇ ਉੱਚ ਵਰਗ ਦੀਆਂ ਔਰਤਾਂ ਦੀ ਸਥਿਤੀ 'ਚ ਸੁਧਾਰ ਲਿਆਉਣਾ ਸੀ।

19ਵੀਂ ਸਦੀ ਦੇ ਆਖਰੀ ਦੇ ਦਹਾਕਿਆਂ 'ਚ ਸਮਾਜ ਸੁਧਾਰਕ ਅੰਦੋਲਨ 'ਚ ਰਾਸ਼ਟਰਵਾਦ ਨੂੰ ਹਿੰਦੂ ਮੁੜ ਸੁਰਜੀਤੀ ਦੀ ਬਰਾਬਰੀ 'ਚ ਦੇਖਣ ਦਾ ਰੁਝਾਣ ਪ੍ਰਗਟ ਹੋਇਆ। ਇਸ ਦੀ ਨੁਮਾਇੰਦਗੀ ਦਇਆਨੰਦ ਸਰਸਵਤੀ ਵਿਵੇਕਾਨੰਦ, ਰਾਮ ਕ੍ਰਿਸ਼ਨ ਮਿਸ਼ਨ ਅਤੇ ਕੁਝ ਹੱਦ ਤੱਕ ਏਨੀ ਬੇਸੇਂਟ ਦੀ ਹਿੰਦੂ ਐਸੋਸੀਏਸ਼ਨ ਨੇ ਕੀਤੀ। ਉਨ੍ਹਾਂ ਨੇ ਬਾਲ ਵਿਧਵਾਵਾਂ ਦੇ ਮੁੜ-ਵਿਆਹ ਨੂੰ ਹਮਾਇਤ ਦਿੱਤੀ ਪਰ ਬਾਲਗ ਔਰਤਾਂ ਲਈ ਇਸ ਦਾ ਵਿਰੋਧ ਕੀਤਾ, ਔਰਤਾਂ ਦੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਪਰ ਕਿਹਾ ਇਹ ਕਿ ਉਨ੍ਹਾਂ ਨੂੰ ਅੱਛੀਆਂ ਸੁਆਣੀਆਂ 'ਚ ਢਾਲਣ ਲਈ ਹੈ।

1920 ਦੇ ਦਹਾਕੇ ਤੋਂ ਬ੍ਰਿਟਿਸ਼-ਵਿਰੋਧੀ ਸੰਘਰਸ਼, ਕਿਰਤੀ ਜਮਾਤ ਦੇ ਸੰਘਰਸ਼ਾਂ ਜਾਤੀ ਵਿਰੋਧੀ ਅਤੇ ਹੋਰ ਸਮਾਜਕ-ਰਾਜਸੀ ਸੰਘਰਸ਼ਾਂ 'ਚ ਔਰਤਾਂ ਦੀ ਭਾਗੀਦਾਰੀ ਕਾਫੀ ਮਹੱਤਵਪੂਰਨ ਤੌਰ 'ਤੇ ਵਧ ਗਈ। ਉੱਚ ਜਾਤੀ ਤੇ ਜਮਾਤ ਦੇ ਹਿੱਸੇ ਦੀ ਉਦਾਰਵਾਦੀ ਔਰਤ ਸੁਧਾਰਵਾਦੀਆਂ ਦੀ ਅਗਵਾਈ 'ਚ 1927 'ਚ ਗਠਿਤ ਆਲ ਇੰਡੀਆ ਵੂਮੇਨਸ ਐਸੋਸੀਏਸ਼ਨ, ਇਕ ਉਦਾਰਵਾਦੀ, ਨਾਰੀਵਾਦੀ ਰੁਝਾਣ ਦੀ ਨੁਮਾਇੰਦਾ ਸੀ। ਇਸ ਦੇ ਕਾਰਜ ਔਰਤਾਂ ਦੀ ਬੇਹਤਰੀ ਲਈ ਹਾਲ ਮੀਟਿੰਗ ਕਰਨ ਅਤੇ ਪਾਸ ਕਰਨ ਤੱਕ ਸੀਮਤ ਸਨ। ਉਨ੍ਹਾਂ ਨੇ ਹੇਠਲੇ ਵਰਗਾਂ ਅਤੇ ਧਾਰਮਿਕ ਘੱਟ ਗਿਣਤੀਆਂ ਦੀਆਂ ਔਰਤਾਂ ਨੂੰ ਲਾਮਬੰਦ ਕਰਨ ਦਾ ਨਾ ਟੀਚਾ ਰੱਖਿਆ ਸੀ ਅਤੇ ਨਾ ਹੀ ਕੋਸ਼ਿਸ਼ ਕੀਤੀ ਸੀ।

ਜੋਤੀਬਾ ਫੂਲੇ, ਰਾਮਾਸੁਆਮੀ ਨਾਈਕਰ (ਪੇਰਿਅਰ) ਅਤੇ ਅੰਬੇਦਕਰ ਵਰਗੇ ਉਦਾਰਵਾਦੀ ਬੁਰਜੂਆ ਸੁਧਾਰਵਾਦੀਆਂ ਦੀ ਅਗਵਾਈ 'ਚ ਚਲ ਰਹੇ ਜਾਤੀ-ਵਿਰੋਧੀ

ਅੰਦੋਲਨਾਂ ਨੇ ਮੇਹਨਤਕਸ਼ ਜਮਾਤਾਂ ਤੇ ਜਾਤੀਆਂ ਦੀਆਂ ਔਰਤਾਂ ਨੂੰ ਲਾਮਬੰਦ ਕੀਤਾ ਉਨ੍ਹਾਂ ਨੇ ਜਾਤੀ ਢਾਂਚੇ, ਬ੍ਰਾਹਮਣਵਾਦ ਅਤੇ ਪਿੱਤਰੀ ਸੱਤਾ ਦਾ ਵਿਰੋਧ ਕੀਤਾ, ਲਿੰਗਾਂ ਦੀ ਬਰਾਬਰੀ ਦੀ ਹਮਾਇਤ ਕੀਤੀ ਤੇ ਕੁਝ ਹੱਦ ਤੱਕ ਜਮਹੂਰੀ ਵਿਚਾਰਧਾਰਾ ਨੂੰ ਪਾਲਿਆ। ਪਰ ਉਹ ਔਰਤ ਦਾਬੇ ਦੀਆਂ ਜੜ੍ਹਾਂ ਨੂੰ ਜਾਗੀਰੂ ਸਮਾਜਕ-ਆਰਥਕ ਵਿਵਸਥਾ 'ਚ ਨਹੀਂ ਬਲਕਿ ਹਿੰਦੂ ਧਰਮ ਤੇ ਸਭਿਆਚਾਰ 'ਚ ਵੇਖਦੇ ਸਨ।

**ਸਮਕਾਲੀ ਰੁਝਾਣ** - 1960 ਦੇ ਅੰਤ ਅਤੇ 1970 ਦੀ ਸ਼ੁਰੂਆਤ ਦੇ ਇਤਿਹਾਸਕ ਇਨਕਲਾਬੀ ਸੰਘਰਸ਼ਾਂ 'ਚ ਸਮਕਾਲੀਨ ਔਰਤ ਅੰਦੋਲਨ ਉਸਾਰਿਆ। ਸ਼ਾਨਮਤੇ ਨਕਸਲਬਾੜੀ ਉਭਾਰ ਨੇ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਨਾਲ ਔਰਤਾਂ ਖਾਸ ਕਰਕੇ ਮੇਹਨਤਕਸ਼ ਔਰਤਾਂ ਦੀ ਵਿਆਪਕ ਜਨਤਾ ਨੂੰ ਉਤਸ਼ਾਹਿਤ ਕੀਤਾ ਅਤੇ ਲਾਮਬੰਦ ਕੀਤਾ। ਔਰਤਾਂ ਖਾਸ ਕਰਕੇ ਕਿਸਾਨ ਔਰਤਾਂ, ਉਸ ਵਿਚ ਵੀ ਬੇਜ਼ਮੀਨਿਆ ਗਰੀਬ ਕਿਸਾਨ ਔਰਤਾਂ ਵੱਡੇ ਪੈਮਾਨੇ 'ਤੇ ਰਾਜਸੀ ਅੰਦੋਲਨਾਂ 'ਚ ਭਾਗ ਲੈਣ ਲੱਗੀਆਂ। ਪੱਛਮ ਦੇ ਔਰਤ ਮੁਕਤੀ ਅੰਦੋਲਨ ਨੇ ਵੀ ਭਾਰਤ 'ਚ ਸ਼ਹਿਰੀ ਔਰਤਾਂ 'ਤੇ ਆਪਣਾ ਪ੍ਰਭਾਵ ਪਾਇਆ। ਐਮਰਜੈਂਸੀ ਪਿੱਛੋਂ ਵਿਆਪਕ ਜਮਹੂਰੀ ਸੰਘਰਸ਼ ਨੇ ਔਰਤ ਅੰਦੋਲਨ ਦੇ ਸਮਾਜਕ ਅਧਾਰ ਨੂੰ ਫੈਲਦੇ ਦੇਖਿਆ। ਕਈ ਸੂਬਿਆਂ 'ਚ ਕੁਝ ਆਪ ਮੁਹਾਰੇ ਔਰਤ ਜਥੇਬੰਦੀਆਂ ਖੜੀਆਂ ਹੋ ਗਈਆਂ ਅਤੇ 1980 'ਚ ਇਕ ਕੁਲ ਹਿੰਦ ਕਾਨਫਰੰਸ ਸੱਦੀ ਗਈ। ਇਨ੍ਹਾਂ ਔਰਤ ਜਥੇਬੰਦੀਆਂ ਨੇ ਭੇਦਭਾਵ ਤੇ ਔਰਤਾਂ 'ਤੇ ਅਤਿਆਚਾਰ ਦੇ ਕੁਝ ਮੁੱਦੇ ਸਮੇਤ ਪਰਿਵਾਰ 'ਚ ਔਰਤਾਂ 'ਤੇ ਜ਼ਬਰ ਤੇ ਖੁਦ ਨੂੰ ਕੇਂਦਰਿਤ ਕੀਤਾ। ਕੁਝ ਔਰਤ ਜਥੇਬੰਦੀਆਂ ਦੀ ਸਫ਼ਲਤਾ ਨੇ ਰਾਜਸੀ ਪਾਰਟੀਆਂ ਵਿਚਕਾਰ ਆਪਣੇ ਔਰਤ ਜਥੇਬੰਦੀਆਂ ਨੂੰ ਮੁੜ ਸੁਰਜੀਤ ਕਰਨ ਜਾਂ ਨਵਿਆਂ ਨੂੰ ਸਥਾਪਤ ਕਰਨ 'ਚ ਨਵੀਂ ਰੁਚੀ ਪੈਦਾ ਕੀਤੀ। ਨਾਰੀਵਾਦੀ ਨੇਤਾਵਾਂ ਨੂੰ ਲੈ ਕੇ ਔਰਤ ਕਮਿਸ਼ਨ ਬਣਾ ਕੇ ਇਨ੍ਹਾਂ ਔਰਤ ਜਥੇਬੰਦੀਆਂ ਨੂੰ ਅਤੇ ਔਰਤਾਂ ਦੇ ਅਧਿਐਨ ਲਈ ਫੰਡ ਮੁਹੱਈਆ ਕਰਵਾ ਕੇ, ਔਰਤ ਮੁੱਦਿਆਂ ਨਾਲ ਸਬੰਧਤ ਨਵੇਂ ਕਨੂੰਨ ਲਿਆ ਕੇ ਜਾਂ ਪੁਰਾਣੇ ਕਾਨੂੰਨ ਬਦਲ ਕੇ ਆਦਿ ਅਜਿਹੇ ਤਰੀਕਿਆਂ ਰਾਹੀਂ ਸਰਕਾਰ ਇਨ੍ਹਾਂ ਖੁਦਮੁਖਤਿਆਰ ਔਰਤ ਸੰਗਠਨਾਂ ਦੀ ਆਗੂਆਂ 'ਚ ਤਾਲਮੇਲ ਬਿਠਾਉਣ 'ਚ ਸਫਲ ਹੋ ਗਈ ਭਾਰਤ 'ਚ ਔਰਤ ਅੰਦੋਲਨ 'ਚ ਮੁੱਖ ਰਾਜਸੀ ਧਾਰਾਵਾਂ ਨੂੰ ਅਸੀਂ ਮੋਟੇ ਤੌਰ 'ਤੇ ਤਿੰਨ ਸ਼੍ਰੇਣੀਆਂ 'ਚ ਵੰਡ ਸਕਦੇ ਹਾਂ :- ਪਿਛਾਖੜੀ ਧਾਰਾ, ਸੁਧਾਰਵਾਦੀ ਧਾਰਾ ਤੇ ਇਨਕਲਾਬੀ ਧਾਰਾ।

ਆਰ. ਐਸ. ਐਸ. ਤੋਂ ਕਾਂਗਰਸ ਤੱਕ, ਉਨ੍ਹਾਂ ਸਭ ਔਰਤ ਜਥੇਬੰਦੀਆਂ ਤੇ ਸੰਸਥਾਵਾਂ ਨੂੰ, ਜਿਨ੍ਹਾਂ ਨੂੰ ਹਾਕਮ ਜਮਾਤ ਦੀਆਂ ਪਾਰਟੀਆਂ ਨੇ ਬਣਾਇਆ ਪਹਿਲੀ ਸ਼੍ਰੇਣੀ 'ਚ ਲਿਆ ਜਾ ਸਕਦਾ ਹੈ। ਸਾਮਰਾਜ ਵੱਲੋਂ ਪਾਲੇ ਜਾਂਦੇ ਗੈਰ-ਸਰਕਾਰੀ ਸੰਗਠਨਾਂ (ਐਨ. ਜੀ. ਓ.) ਨੂੰ ਵੀ ਇਸ ਧਾਰਾ 'ਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ ਇਸ ਸ਼੍ਰੇਣੀ 'ਚ ਵੱਖ ਵੱਖ ਸ਼ਕਤੀਆਂ ਤੇ ਉਨ੍ਹਾਂ ਦੇ ਔਰਤ ਸੰਗਠਨਾਂ ਵਿਚਕਾਰ ਮੱਤਭੇਦ ਹੈ ਅਤੇ ਉਨ੍ਹਾਂ 'ਚ ਇਕ ਦੂਜੇ ਦੇ ਨਾਲ ਅੰਤਰ-ਵਿਰੋਧ ਵੀ ਸੰਭਵ ਹੈ, ਪਰ ਉਨ੍ਹਾਂ 'ਚ ਇਕ ਸਾਂਝਾ ਪਹਿਲੂ ਵੀ ਹੈ ਅਤੇ ਉਹ ਇਹ ਹੈ ਕਿ ਜਾਂ ਤਾਂ ਹਾਕਮ ਜਮਾਤਾਂ ਉਨ੍ਹਾਂ ਦਾ ਖਾਸਾ ਬਦਲ ਦਿੰਦੀਆਂ ਹਨ ਜਾਂ ਉਹ ਔਰਤਾਂ ਨੂੰ ਜਥੇਬੰਦ ਕਰਕੇ ਹਾਕਮ ਜਮਾਤਾਂ ਦੀ ਸੇਵਾ 'ਚ ਲਾਉਣਾ ਚਾਹੁੰਦੇ ਹਨ। ਇਸ ਦੇ ਅਧਾਰ 'ਚ ਇਹ

ਰਾਜਸੀ ਪਹਿਲੂ ਹੈ ਜੋ ਇਸ ਧਾਰਾ ਦੀਆਂ ਸਭ ਔਰਤ ਜਥੇਬੰਦੀਆਂ ਲਈ ਬਰਾਬਰ ਹੈ। ਸਭ ਤੋਂ ਵੱਧ ਪਿਛਾਖੜੀ ਧਾਰਾ ਉਹ ਹੈ ਜਿਸ ਦੀ ਅਗਵਾਈ ਆਰ. ਐਸ. ਐਸ. ਭਾਜਪਾ ਗਠਜੋੜ ਕਰ ਰਿਹਾ ਹੈ। ਇਹ ਹਿੰਦੂ ਰਾਸ਼ਟਰਵਾਦ ਦੇ ਨਾਂ 'ਤੇ ਵੱਡੀ ਗਿਣਤੀ 'ਚ ਔਰਤ ਸੇਵਿਕਾਵਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਨਵ-ਗਠਿਤ ਦੁਰਗਾ ਸੈਨਾ ਦਾ ਮਕਸਦ ਹੈ ਹਿੰਦੂ ਰਾਸ਼ਟਰਵਾਦ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਪਿੱਤਰ ਸੱਤਾ ਨੂੰ ਜਾਰੀ ਰੱਖਣਾ। ਇਸ ਹਿੰਦੂ ਫਿਰਕੂ ਧਾਰਾ ਖਿਲਾਫ ਲਗਾਤਾਰ ਤੇ ਦ੍ਰਿੜ ਸਮਰਪਿਤ ਸੰਘਰਸ਼ ਬਿਨਾ ਜਮਹੂਰੀ ਤੇ ਇਨਕਲਾਬੀ ਔਰਤ ਸੰਘਰਸ਼ ਨੂੰ ਮਜ਼ਬੂਤ ਨਹੀਂ ਕੀਤਾ ਜਾ ਸਕਦਾ ਹੈ।

ਸੁਧਾਰਵਾਦੀ ਧਾਰਾ ਬੁਨਿਆਦੀ ਤੌਰ 'ਤੇ ਉਨ੍ਹਾਂ ਬੁਰਜੂਆ ਨਾਰੀਵਾਦੀ ਸੰਗਠਨਾਂ, ਜੋ ਪਿੱਤਰ ਸੱਤਾ ਨਾਲ ਲੜਦੇ ਹਨ, ਕੌਮੀ ਮੁਕਤੀ ਸੰਘਰਸ਼ ਨਾਲ ਜੁੜੇ ਔਰਤ ਸੰਗਠਨਾਂ ਤੇ ਸੋਧਵਾਦੀ ਔਰਤ ਜਥੇਬੰਦੀਆਂ ਤੋਂ ਬਣੀ ਹੈ। ਉਹ ਆਮ ਤੌਰ 'ਤੇ ਸਾਮਰਾਜੀ ਏਜੰਸੀਆਂ ਜਾਂ ਸਰਕਾਰ ਤੋਂ ਫੰਡ ਲੈਣ ਨੂੰ ਸਵੀਕਾਰ ਨਹੀਂ ਕਰਦੇ ਹਨ।

ਇਸ ਸੁਧਾਰਵਾਦੀ ਧਾਰਾ 'ਚ ਪਹਿਲੀ ਆਮ ਤੌਰ 'ਤੇ ਔਰਤ ਕਿੱਤਾਕਾਰੀਆਂ ਵੱਲੋਂ ਜਥੇਬੰਦ ਕੀਤੇ ਹਨ। ਇਸ 'ਚ ਖਾਸੀ ਗਿਣਤੀ 'ਚ ਬੁਰਜੂਆ ਨਾਰੀਵਾਦੀ ਅਤੇ ਸਮਾਜਵਾਦੀ ਨਾਰੀਵਾਦੀ ਵੀ ਹਨ। ਇਹ ਖੁਦਮੁਖਤਿਆਰ ਔਰਤ ਅੰਦੋਲਨ ਦੇ ਹਮਾਇਤੀ ਹਨ। ਸੁਧਾਰਵਾਦੀ ਧਾਰਾ ਦੇ ਇਸ ਹਿੱਸੇ ਦਾ ਸਮਾਜਕ ਅਧਾਰ ਮੂਲ ਰੂਪ 'ਚ ਨਿਕ ਬੁਰਜੂਆ ਹਨ, ਪਰ ਸੁਧਾਰਵਾਦੀ ਧਾਰਾ ਦਾ ਇਹ ਹਿੱਸਾ ਛੋਟੇ ਗਰੁੱਪਾਂ 'ਚ ਕੰਮ ਕਰਦਾ ਹੈ ਅਤੇ ਇਸ ਦੀ ਅਗਵਾਈ 'ਚ ਕੋਈ ਜਨਤਕ ਅਧਾਰ ਵਾਲਾ ਔਰਤ ਅੰਦੋਲਨ ਨਹੀਂ ਹੈ। ਇਸ ਧਾਰਾ ਨੂੰ ਬਣਾਉਣ ਵਾਲਾ ਦੂਜਾ ਹਿੱਸਾ ਰਾਜਸੀ ਸੰਘਰਸ਼ਾਂ 'ਚ ਔਰਤ ਜਨਤਾ ਨੂੰ ਜਥੇਬੰਦ ਕਰ ਸਕਿਆ ਹੈ ਅਤੇ ਉਹ ਆਮ ਤੌਰ 'ਤੇ ਰਾਜਸੀ ਤੇ ਜਥੇਬੰਦਕ ਤੌਰ 'ਤੇ ਕੌਮੀ ਮੁਕਤੀ ਅੰਦੋਲਨਾਂ ਨਾਲ ਬੱਝੇ ਹਨ ਜੋ ਅੱਜ ਭਾਰਤੀ ਰਾਜ ਸੱਤਾ ਖਿਲਾਫ ਹਥਿਆਰਬੰਦ ਸੰਘਰਸ਼ ਚਲਾ ਰਹੇ ਹਨ। ਔਰਤ ਅੰਦੋਲਨ 'ਚ ਇਸ ਹਿੱਸੇ ਦੀ ਬੋਧ ਚੇਤਨਾ ਅਤੇ ਜ਼ੋਰ ਕੌਮੀ ਮੁਕਤੀ ਲਈ ਲੜਨਾ ਅਤੇ ਇਸ ਕਾਰਜ ਲਈ ਔਰਤਾਂ ਨੂੰ ਜਗਾਉਣਾ ਹੈ। ਜਾਂ ਤਾਂ ਉਹ ਪਿੱਤਰ ਸੱਤਾ ਦਾ ਵਿਰੋਧ ਨਹੀਂ ਕਰਦੇ ਹਨ ਤਾਂ ਉਸ 'ਤੇ ਜ਼ੋਰ ਨਹੀਂ ਦਿੰਦੇ।

ਤੀਜਾ ਸੋਧਵਾਦੀ ਔਰਤ ਸੰਗਠਨ ਇਕ ਅਜਿਹੇ ਰੁਝਾਣ ਦੀ ਨੁਮਾਇੰਦਗੀ ਕਰਦੇ ਹਨ ਜੋ ਬੁਰਜੂਆ ਨਾਰੀਵਾਦ ਤੋਂ ਵੱਖਰੇ ਹਨ, ਪਰ ਤੱਤ 'ਚ ਇਕੋ ਜਿਹੇ ਹਨ। ਔਰਤ ਸੁਆਲ 'ਤੇ ਸੋਧਵਾਦੀ ਪਾਰਟੀਆਂ ਦੀ ਸਮਝ ਬੁਨਿਆਦੀ ਤੌਰ 'ਤੇ ਮਸ਼ੀਨੀ ਅਤੇ ਆਰਥਕ ਤੌਰ 'ਤੇ ਨਿਰਧਾਰਿਤ ਹੈ।

ਔਰਤ ਸੁਆਲ ਸਬੰਧੀ ਸੋਧਵਾਦੀ ਸਮਝ 'ਚ ਹੇਠ ਲਿਖੀਆਂ ਘਾਟਾਂ ਦੇਖ ਸਕਦੇ ਹਾਂ।

1. ਕੁਝ ਬੁਰਜੂਆ ਨਾਰੀਵਾਦੀਆਂ ਵਾਂਗੂੰ, ਸੋਧਵਾਦੀ ਦੀ ਪਿੱਤਰਸੱਤਾ ਨੂੰ ਅਜਿਹੀ ਵਿਵਸਥਾ ਵਜੋਂ ਵੇਖਦੇ ਹਨ ਜੋ ਸਿਰਫ ਉਸਾਰ ਢਾਂਚੇ ਵਿਚ ਹੈ ਅਤੇ ਅਧਾਰ 'ਚ ਕੰਮ ਨਹੀਂ ਕਰਦੀ। ਇਸ ਪ੍ਰਕਾਰ ਪਿੱਤਰਸੱਤਾ ਦੇ ਆਰਥਕ ਅਧਾਰ ਰੱਦ ਕਰ ਦਿੱਤੇ ਜਾਂਦੇ ਹਨ ਅਤੇ ਸਾਰਾ ਸੁਆਲ ਪਿੱਤਰਸੱਤਾ ਦੇ ਖਿਲਾਫ ਸਭਿਆਚਾਰਕ ਸੰਘਰਸ਼ ਤੱਕ ਸੀਮਤ ਹੋ ਜਾਂਦਾ ਹੈ।

2. ਸੋਧਵਾਦੀ ਵਿਸਲੇਸ਼ਣ ਅਤੇ ਵਿਹਾਰ ਦਾ ਮੁੱਖ ਅਤੇ ਔਰਤ ਅੰਦੋਲਨ ਨੂੰ

ਇੱਕ ਸੰਵਿਧਾਨਿਕ ਸੁਧਾਰਵਾਦੀ ਅੰਦੋਲਨ ਤੱਕ ਸੀਮਤ ਕਰਨ ਦਾ ਹੈ।

3. ਪਿੱਤਰਸੱਤਾ ਦੇ ਖਿਲਾਫ ਸੰਘਰਸ਼ ਨੂੰ ਮਸ਼ੀਨੀ ਤੌਰ ’ਤੇ ਜਮਾਤੀ ਲੜਾਈ ਦੇ ਉਲਟ ਖੜਾ ਕਰਨ ਦਾ ਰੁਝਾਣ ਹੈ ਅਤੇ ਅਕਸਰ ਜਮਾਤੀ ਸੰਘਰਸ਼ ਦੇ ਹਿੱਤ ਦੇ ਬਹਾਨੇ ਪਿੱਤਰਸੱਤਾ ਦੇ ਖਿਲਾਫ ਸੰਘਰਸ਼ ਨੂੰ ਤਾਂ ਕਦੀ ਪਿੱਤਰਸੱਤਾ ਵਿਰੋਧੀ ਸੰਘਰਸ਼ ਦੇ ਹਿੱਤ ਦੇ ਨਾਂ ’ਤੇ ਜਮਾਤੀ ਸੰਘਰਸ਼ ਨੂੰ ਕਮਜ਼ੋਰ ਬਣਾ ਦਿੱਤਾ ਜਾਂਦਾ ਹੈ।

ਪਾਰਲੀਮਾਨੀਵਾਦ ਦੀ ਉਸ ਲੀਹ ਕਾਰਨ, ਔਰਤ ਨੂੰ ਜਥੇਬੰਦ ਕਰਨ ਨੂੰ ਉਹ ਆਪਣੇ ਵੋਟ ਬੈਂਕ ਨੂੰ ਵਧਾਉਣ ਦੇ ਉਨ੍ਹਾਂ ਦੇ ਸਮੁੱਚੇ ਟੀਚੇ ਦੇ ਤਹਿਤ ਕਰ ਦਿੱਤਾ ਜਾਂਦਾ ਹੈ ਅਤੇ ਇਸ ਲਈ ਉਹ ਸੰਘਰਸ਼ਾਂ ਨੂੰ ਸੰਵਿਧਾਨਿਕ ਸੁਧਾਰਾਂ ਤੇ ਸਖਤੀ ਨਾਲ ਕਨੂੰਨੀ ਦਾਇਰੇ ਤੱਕ ਸੀਮਤ ਕਰਦੇ ਹਨ। ਕਿਉਂਕਿ ਸੋਧਵਾਦੀ ਪਾਰਟੀਆਂ, ਹਾਕਮ ਜਮਾਤਾਂ ਦੀ ਸੇਵਾ ਕਰਦੀਆਂ ਹਨ, ਸੁਧਾਰਵਾਦੀ ਪ੍ਰੋਗਰਾਮ ਦੀ ਵਕਾਲਤ ਕਰਨ ਦੇ ਬਾਵਜੂਦ ਉਨ੍ਹਾਂ ਦੀਆਂ ਜਨਤਕ ਜਥੇਬੰਦੀਆਂ ਨੂੰ ਹੋਰ ਸੁਧਾਰਵਾਦੀ ਸੰਗਠਨਾਂ ਤੋਂ ਵੱਖਰਾ ਕਰਕੇ ਵੇਖਣਾ ਚਾਹੀਦਾ ਹੈ। ਜਿੱਥੇ ਅਸੀਂ ਔਰਤਾਂ ਦੇ ਸਾਂਝੇ ਮੁੱਦਿਆਂ ’ਤੇ ਸੁਧਾਰਵਾਦੀ ਧਾਰਾ ਦੀਆਂ ਔਰਤ ਜਥੇਬੰਦੀਆਂ ਦੇ ਨਾਲ ਸਾਂਝੀਆਂ ਸਰਗਰਮੀਆਂ ਕਰਾਂਗੇ ਉਥੇ ਸੋਧਵਾਦੀ ਪਾਰਟੀਆਂ ਦੀਆਂ ਔਰਤ ਜਥੇਬੰਦੀਆਂ ਨਾਲ ਸਾਂਝੀ ਸਰਗਰਮੀ ’ਚ ਸਾਨੂੰ ਵੱਧ ਚੌਕਸ ਤੇ ਚੋਣਵਾ ਰਹਿਣਾ ਚਾਹੀਦਾ ਹੈ।

ਸੁਧਾਰਵਾਦੀ ਤੇ ਸੋਧਵਾਦੀ ਧਾਰਾ ਦੇ ਇਹ ਸਾਰੇ ਹਿੱਸੇ, ਬੇਸ਼ੱਕ ਇਨ੍ਹਾਂ ਦੀ ਸਮਝ ਪੱਖੋਂ ਵੱਖਰੇ ਹਨ, ਔਰਤਾਂ ਦੇ ਸੰਘਰਸ਼ ਤੇ ਅੰਦੋਲਨਾਂ ਨੂੰ ਸੁਧਾਰਵਾਦ, ਪਾਰਲੀਮਾਨੀ ਵਾਦ, ਕਾਨੂੰਨਵਾਦ, ਅਰਥਵਾਦ ਤੇ ਸੋਧਵਾਦ ਦੀ ਦਲਦਲ ’ਚ ਫਸਾਉਣ ਦਾ ਕੰਮ ਕਰਦੇ ਹਨ। ਉਸ ਨੂੰ ਇਨਕਲਾਬੀ ਰਾਹ ਪੈਣ ਤੋਂ ਗੁੰਮਰਾਹ ਕਰਦੇ ਹਨ। ਇਨ੍ਹਾਂ ’ਚੋਂ ਕੋਈ ਵੀ ਇਸ ਸਮਾਜਕ ਪ੍ਰਬੰਧ ਨੂੰ ਨਿਸ਼ਾਨਾ ਨਹੀਂ ਬਣਾਉਂਦਾ ਜੋ ਪਿੱਤਰਸੱਤਾ ਨੂੰ ਪਾਲਦਾ-ਪੋਸਦਾ ਹੈ।

ਤੀਜੀ ਧਾਰਾ - ਜਿਸ ਨੂੰ ਇਨਕਲਾਬੀ ਧਾਰਾ ਕਹਿੰਦੇ ਹਨ, ਕੋਲ ਦਿਸ਼ਾ ਨਿਰਦੇਸ਼ਿਕ ਸਿਧਾਂਤ ਵਜੋਂ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਹੈ ਅਤੇ ਇਹ ਨਾ ਸਿਰਫ ਸਮਾਜਕ ਪ੍ਰਬੰਧ ਦੀਆਂ ਹਾਕਮ ਜਮਾਤਾਂ ਨੂੰ ਆਪਣਾ ਦੁਸ਼ਮਣ ਮੰਨਦੀਆਂ ਹਨ ਬਲਕਿ ਇਹ ਵੀ ਮੰਨਦੀਆਂ ਹਨ ਕਿ ਹਾਕਮ ਜਮਾਤਾਂ ਦੀ ਸੇਵਾ ਲਈ ਪਿੱਤਰ ਸੱਤਾ ਇਸ ਪ੍ਰਬੰਧ ਦੇ ਅੰਦਰ ਉਸਰੀ ਹੈ। ਇਸ ਲਈ ਇਹ ਧਾਰਾ ਹਾਕਮ ਜਮਾਤਾਂ ਖਿਲਾਫ਼ ਆਪਣੇ ਸੰਘਰਸ਼ ਦੇ ਹਿੱਸੇ ਵਜੋਂ ਮੁੱਖ ਤੌਰ ’ਤੇ ਮਜ਼ਦੂਰ ਜਮਾਤ ਤੇ ਕਿਸਾਨ ਔਰਤਾਂ ਨਾਲ ਬਣੀ ਔਰਤਾਂ ਦੀ ਵਿਆਪਕ ਜਨਤਾ ਤੇ ਨਾਲ ਹੀ ਕਿਸਾਨਾਂ, ਮਜ਼ਦੂਰਾਂ, ਮੱਧਵਰਗ ਤੇ ਸਾਮਰਾਜ-ਜਾਗੀਰਦਾਰੀ ਖਿਲਾਫ਼ ਸੰਘਰਸ਼ ਕਰਦੀ ਹੈ। ਨਾਲ ਹੀ ਨਾਲ ਇਕ ਸੰਘਰਸ਼ ਦੇ ਇਕ ਹਿੱਸੇ ਵਜੋਂ ਪਿੱਤਰਸੱਤਾ ਵਿਰੋਧੀ ਸੰਘਰਸ਼ਾਂ ਨੂੰ ਵੀ ਸਹੀ ਦਿਸ਼ਾ ’ਚ ਵਿਕਸਤ ਕਰਦੀ ਹੈ।

ਸਾਨੂੰ ਇਨ੍ਹਾਂ ਸੁਧਾਰਵਾਦੀ-ਸੋਧਵਾਦੀ ਧਾਰਾਵਾਂ ਦੇ ਖਿਲਾਫ ਸਿਧਾਂਤ ਤੇ ਵਿਹਾਰ ’ਚ ਸੰਘਰਸ਼ ਕਰਨਾ ਚਾਹੀਦਾ ਹੈ। ਔਰਤ ਅੰਦੋਲਨ ਦੀ ਇਸ ਸੁਧਾਰਵਾਦੀ-ਕਾਨੂੰਨਵਾਦੀ ਗਾਂਧੀਵਾਦੀ ਧਾਰਾ, ਸਿਰਫ ਸ਼ਾਂਤੀ ਸੰਘਰਸ਼ ਦੀ ਧਾਰਾ, ਸਿਰਫ ਜਲੂਸ-ਮੁਜ਼ਾਹਰੇ, ਸੈਮੀਨਾਰ ਕਰਨ ਵਾਲੀ ਰਵਾਇਤ ਤੇ ਧਾਰਾ ਖਿਲਾਫ ਔਰਤ ਅੰਦੋਲਨ ਦੀ ਇਨਕਲਾਬੀ ਧਾਰਾ ਭਾਵ ਜੁਝਾਰੂ ਤੇ ਇਨਕਲਾਬੀ ਔਰਤ ਅੰਦੋਲਨਾਂ ਦੀ ਧਾਰਾ, ਨਵ

ਜਮਹੂਰੀ ਇਨਕਲਾਬ ਦੇ ਟੀਚੇ ਨਾਲ ਵਿਕਸਤ ਹੋ ਰਹੇ ਲੋਕ ਯੁੱਧ ਵਿਚ ਅਤੇ ਇਨਕਲਾਬੀ ਸੰਘਰਸ਼ 'ਚ ਔਰਤਾਂ ਖਾਸ ਕਰਕੇ ਮੇਹਨਤਕਸ਼ ਔਰਤਾਂ ਨੂੰ ਵੱਡੀ ਗਿਣਤੀ 'ਚ ਸ਼ਾਮਲ ਕਰਨ ਵਾਲੀ ਧਾਰਾ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਸਿਰਫ਼ ਸਿਧਾਂਤ 'ਚ ਨਹੀਂ ਬਲਕਿ ਰੋਜ਼ ਮਰਾ ਦੇ ਵਿਹਾਰ 'ਚ ਸੁਧਾਰਵਾਦੀ-ਸੋਧਵਾਦੀ ਧਾਰਾ ਦੇ ਔਰਤ ਸੰਘਰਸ਼ਾਂ ਨਾਲ ਅੰਦੋਲਨਾਂ ਦੇ ਸਪੱਸ਼ਟ ਫਰਕ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਸਾਨੂੰ ਰੋਜ਼ ਮਰਾ ਦੇ ਵਿਹਾਰ 'ਚ ਔਰਤ ਸੰਘਰਸ਼ ਦੀਆਂ ਦੋਨਾਂ ਧਾਰਾਵਾਂ ਵਿਚਕਾਰ ਸਪੱਸ਼ਟ ਨਿਖੇੜਦੀ ਲਕੀਰ ਖਿੱਚਣੀ ਚਾਹੀਦੀ ਹੈ। ਇਹ ਸੰਘਰਸ਼ ਚਲਾਉਂਦੇ ਹੋਇਆਂ ਵੀ ਇਨਕਲਾਬੀ ਔਰਤ ਅੰਦੋਲਨ ਨੂੰ ਦੂਜੀਆਂ ਔਰਤ ਜਥੇਬੰਦੀਆਂ ਦੇ ਨਾਲ ਮੁੱਦਿਆਂ 'ਤੇ ਅਧਾਰਤ ਸਾਂਝੀਆਂ ਸਰਗਰਮੀਆਂ ਕਰਨ ਅਤੇ ਮੋਰਚੇ ਬਣਾਉਣ ਦੀ ਪਹਿਲ ਕਦਮੀ ਕਰਨੀ ਚਾਹੀਦੀ ਹੈ।

# ਔਰਤਾਂ ਪ੍ਰਤੀ ਹਿੰਸਾ

ਸਭ ਜਮਾਤੀ ਸਮਾਜਾਂ 'ਚ ਔਰਤ 'ਤੇ ਹਿੰਸਾ ਦਾ ਕਿਰਦਾਰ ਦੂਹਰਾ ਹੈ। ਇਕ ਪਾਸੇ ਉਹ, ਖਾਸ ਕਰਕੇ ਮੇਹਨਤਕਸ਼ ਔਰਤਾਂ ਬੇਰਹਿਮ ਜਮਾਤੀ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਦੂਜੇ ਪਾਸੇ ਉਹ ਸਮਾਜ ਤੇ ਪਰਿਵਾਰ ਵਿਚ ਮਰਦ ਸੱਤਾ ਅਧੀਨ ਹਿੰਸਾ ਦੀਆਂ ਵੀ ਸ਼ਿਕਾਰ ਹੁੰਦੀਆਂ ਹਨ। ਭਾਰਤ 'ਚ ਇਹ ਹਿੰਸਾ ਖਾੜਕੂ ਰੂਪ ਨਾਲ ਮਹਿਲਾ ਦੇ ਜੀਵਨ ਦਾ ਲਾਜ਼ਮੀ ਅੰਗ ਹੈ। ਜ਼ਿਮੀਦਾਰਾਂ, ਠੇਕੇਦਾਰਾਂ, ਮਾਫੀਆ ਗਰੋਹਾਂ ਅਤੇ ਦਲਾਲ ਨੌਕਰਸ਼ਾਹ ਪੂੰਜੀਪਤੀਆਂ ਦੇ ਅਦਾਰਿਆਂ 'ਚ ਅਫਸਰੀ ਤੇ ਹੋਰ ਪ੍ਰਭਾਵਸ਼ਾਲੀ ਜਮਾਤਾਂ ਅਤੇ ਉਸ ਦੇ ਲੱਠਮਾਰਾਂ ਵੱਲੋਂ ਔਰਤਾਂ 'ਤੇ ਲਗਾਤਾਰ ਹਿੰਸਾ ਠੋਸੀ ਜਾਂਦੀ ਹੈ। ਹਰੇਕ ਲੁਟੇਰੀ ਹਾਕਮ ਜਮਾਤ ਵੀ ਔਰਤਾਂ, ਖਾਸ ਕਰਕੇ ਮੇਹਨਤਕਸ਼ ਔਰਤਾਂ 'ਤੇ ਜਾਬਰ ਕਿਸਮ ਦੀ ਹਿੰਸਾ ਠੋਸਦੀ ਹੈ।

ਇਸ ਜਮਾਤੀ ਅਤੇ ਸਟੇਟ ਦੀ ਹਿੰਸਾ ਤੋਂ ਇਲਾਵਾ ਔਰਤਾਂ ਘਰ-ਪਰਿਵਾਰ ਅਤੇ ਸਮਾਜ ਵਿਚ ਵੀ ਰੋਜ਼ਾਨਾ ਮਰਦ ਦੀ ਕੁੱਟਮਾਰ ਦਾ ਸ਼ਿਕਾਰ ਹੁੰਦੀਆਂ ਹਨ। ਬੇਟੀਆਂ ਵਿਰੁੱਧ ਹੋ ਰਹੇ ਜ਼ਬਰ, ਭੇਦਭਾਵ, ਭਰੂਣ ਹੱਤਿਆ, ਦਹੇਜ ਹੱਤਿਆ, ਯੌਨ ਹਿੰਸਾ, ਬਲਾਤਕਾਰ ਸਾਥੀ ਚੁਨਣ 'ਤੇ, ਖੁਦ ਵਿਆਹ ਕਰਨ 'ਤੇ, ਆਪਣੇ ਜੀਵਨ ਬਾਰੇ ਖੁਦ ਫੈਸਲਾ ਲੈਣ 'ਤੇ ਮਾਰਕੁੱਟ ਤੇ ਕਤਲ ਅਤੇ ਰੋਜ਼-ਰੋਜ਼ ਦਾ ਗਾਲੀ-ਗਲੋਚ, ਮਾਰਕੁੱਟ ਅਤੇ ਤਰ੍ਹਾਂ ਤਰ੍ਹਾਂ ਦੇ ਜਬਰ ਤੇ ਅਤਿਆਚਾਰ ਆਦਿ ਘਰੇਲੂ ਤੇ ਸਮਾਜਕ ਹਿੰਸਾ ਦੇ, ਔਰਤਾਂ ਖਿਲਾਫ ਪਿੱਤਰ ਸੱਤਾਵਾਦੀ ਹਿੰਸਾ ਦੇ ਆਮ ਰੂਪ ਹਨ। ਕੰਮ 'ਤੇ ਜਾਣ ਵਾਲੀਆਂ ਔਰਤਾਂ ਵੀ ਵੱਖ ਵੱਖ ਰੂਪ 'ਚ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ, ਜਿਵੇਂ ਜ਼ਿਮੀਦਾਰਾਂ ਤੇ ਠੇਕੇਦਾਰਾਂ ਵੱਲੋਂ ਔਰਤ ਮਜ਼ਦੂਰਾਂ 'ਤੇ ਹਿੰਸਾ, ਕੰਮ ਦੀ ਥਾਂ 'ਤੇ ਸੁਪਰਵਾਈਜਰ ਤੇ ਹੋਰਾਂ ਵੱਲੋਂ ਪ੍ਰਤੱਖ ਤੇ ਲੁਕਵੇਂ ਤਸੀਹੇ।

ਇਸ ਤੋਂ ਇਲਾਵਾ ਫਿਰਕਾਪ੍ਰਸਤ ਤੇ ਜਾਤੀਗਤ ਹਿੰਸਾ ਦਾ ਵੀ, ਜੋ ਹਾਕਮ ਜਮਾਤ ਦੇ ਹੀ ਸੰਦ ਹਨ, ਸਭ ਤੋਂ ਵੱਧ ਸ਼ਿਕਾਰ ਔਰਤਾਂ ਹੀ ਹੁੰਦੀਆਂ ਹਨ। ਔਰਤ 'ਤੇ ਬੇਰਹਿਮ ਹਿੰਸਾ ਰਾਹੀਂ ਉਹ ਪੀੜਤ ਫਿਰਕੇ ਨੂੰ ਅਪਮਾਨਿਤ ਤੇ ਬੇਇੱਜ਼ਤ ਕਰਦੇ ਹਨ।

ਔਰਤਾਂ 'ਤੇ ਹਿੰਸਾ ਦੀਆਂ ਇਨ੍ਹਾਂ ਸਭ ਕਿਸਮਾਂ ਨੂੰ ਰਾਜ ਪਾਲਦਾ ਪੋਸ਼ਦਾ ਹੈ। ਕੋਰਟ-ਕਚਹਿਰੀ, ਕਾਨੂੰਨ, ਰਾਜ ਮਸ਼ੀਨਰੀ, ਧਰਮ ਮੀਡੀਆ, ਸਿੱਖਿਆ ਸੱਭਿਆਚਾਰ ਆਦਿ ਉਸਾਰ ਢਾਂਚੇ ਦੇ ਸਾਰੇ ਤੱਤ ਔਰਤਾਂ 'ਤੇ ਹਿੰਸਾ ਨੂੰ ਜਾਇਜ਼ ਠਹਿਰਾਉਂਦੇ ਹਨ। ਉਧਰ ਜਿਵੇਂ-ਜਿਵੇਂ ਔਰਤਾਂ ਰਾਜਸੀ ਅੰਦੋਲਨ ਵਿਸ਼ੇਸ਼ ਤੌਰ 'ਤੇ ਇਨਕਲਾਬੀ ਸੰਘਰਸ਼ ਅਤੇ ਕੌਮੀ ਅੰਦੋਲਨ ਜਾਂ ਫਿਰ ਹੋਰ ਜਨਤਕ ਜਥੇਬੰਦੀਆਂ 'ਚ ਸ਼ਾਮਲ ਹੋ ਰਹੀਆਂ ਹਨ, ਰਾਜ ਔਰਤਾਂ 'ਤੇ ਬੇਹੱਦ, ਜਾਬਰ ਤੇ ਭਿਅੰਕਰ ਹਿੰਸਾ ਠੋਸ ਰਿਹਾ ਹੈ। ਇਸ ਵਿਚ ਰੋਜ਼-ਰੋਜ਼ ਦੀਆਂ ਗ੍ਰਿਫਤਾਰੀਆਂ ਥਾਣੇ ਆਦਿ 'ਚ ਜਬਰ ਤਸੀਹੇ ਸਮੂਹਕ ਬਲਾਤਕਾਰ ਤੋਂ ਲੈ ਕੇ ਹਿੰਸਾ ਦੇ ਅਜਿਹੇ ਤੌਰ ਤਰੀਕੇ ਸ਼ਾਮਲ ਹਨ ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਸਾਨੂੰ ਔਰਤਾਂ ਨੂੰ ਖਾਸ ਕਰਕੇ ਮੇਹਨਤਕਸ਼ ਔਰਤਾਂ ਨੂੰ ਔਰਤਾਂ 'ਤੇ ਹਿੰਸਾ

ਦੀਆਂ ਉਪਰੋਕਤ ਸਭ ਕਿਸਮਾਂ ਖਿਲਾਫ ਲਾਮਬੰਦ ਕਰਦੇ ਹੋਇਆ ਮੌਜੂਦਾ ਰਾਜ ਸੱਤਾ ਦੇ ਪਿੱਤਰ ਸੱਤਾਵਾਦੀ ਕਿਰਦਾਰ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ 'ਚ ਇਹ ਰਾਜ ਤੇ ਉਨ੍ਹਾਂ ਵੱਲੋਂ ਪਾਲਿਆ ਪੋਸਿਆ ਮਰਦ ਸੱਤਾਵਾਦੀ ਮੁੱਲ ਬੋਧ ਹੀ ਇਸ ਹਿੰਸਾ ਦਾ ਮੂਲ ਹੈ। ਇਸ ਪਿਛਾਖੜੀ ਹਿੰਸਾ ਨੂੰ ਹਮੇਸ਼ਾ-ਹਮੇਸ਼ਾ ਲਈ ਖ਼ਤਮ ਕਰਨ ਵਾਸਤੇ ਕ੍ਰਾਂਤੀਕਾਰੀ ਹਿੰਸਾ ਦੇ ਰਾਹ 'ਤੇ ਭਾਵ ਲੋਕ ਯੁੱਧ ਤੇ ਕ੍ਰਾਂਤੀਕਾਰੀ ਅੰਦੋਲਨ ਦੇ ਰਾਹ 'ਤੇ ਔਰਤਾਂ ਨੂੰ ਅੱਗੇ ਲਿਆਉਣ ਵਾਸਤੇ ਸੁਚੇਤ ਯਤਨ ਤੇਜ਼ ਕਰਨੇ ਚਾਹੀਦੇ ਹਨ।

**ਰਾਜਸੀ ਜੀਵਨ 'ਚ ਔਰਤਾਂ ਦੀ ਭਾਗੀਦਾਰੀ ਅਤੇ ਪਿੱਤਰਸੱਤਾ**

ਜਮਾਤੀ ਸਮਾਜ ਦੀ ਉਤਪਤੀ ਦੇ ਨਾਲ-ਹੀ-ਨਾਲ ਹਾਕਮ ਜਮਾਤ ਨੇ ਤਾਕਤ ਦੇ ਜ਼ੋਰ 'ਤੇ ਮਾਤਰ ਸੱਤਾ ਨੂੰ ਪੁੱਟ ਸੁੱਟਿਆ ਅਤੇ ਮਰਦ-ਪ੍ਰਧਾਨਗੀ ਨੂੰ ਸਥਾਪਿਤ ਕੀਤਾ। ਔਰਤਾਂ ਨੂੰ ਘਰ ਅਤੇ ਚੁੱਲੇ-ਚੌਂਕੇ ਦੇ ਜ਼ੇਲ੍ਹਖਾਨੇ 'ਚ ਧੱਕਾ ਦਿੱਤਾ ਗਿਆ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਸਮਾਜਕ ਤੇ ਰਾਜਸੀ ਜੀਵਨ ਤੋਂ ਬਾਹਰ ਕਰ ਦਿੱਤਾ ਗਿਆ। ਇਸ ਵਿਚ ਲੁਟੀ ਜਾਂਦੀ ਜਮਾਤ ਦੇ ਮਰਦਾਂ ਨੂੰ ਵੀ ਕੁਝ ਵਿਸ਼ੇਸ਼ ਅਧਿਕਾਰ ਦਿੱਤੇ ਗਏ। ਇਸ ਜ਼ੋਰ 'ਤੇ ਹਾਕਮ ਜਮਾਤ ਨੂੰ ਔਰਤਾਂ ਨੂੰ ਰਾਜਸੀ ਜੀਵਨ ਤੋਂ ਬਾਈਕਾਟ ਕਰਨ 'ਚ ਮੁੱਖ ਤੌਰ 'ਤੇ ਲੁਟੀ ਜਾਂਦੀ ਜਮਾਤ ਦੇ ਮਰਦਾਂ ਦਾ ਅਤੇ ਨਾਲ ਹੀ ਪਿੱਤਰ ਸੱਤਾਵਾਦੀ ਵਿਚਾਰਧਾਰਾ ਨਾਲ ਲੈਸ ਲੁਟੀਆਂ ਜਾਂਦੀਆਂ ਔਰਤਾਂ ਦਾ ਵੀ ਸਾਥ ਮਿਲ ਗਿਆ। ਇਸ ਲਈ ਔਰਤਾਂ ਨੂੰ ਸਮਾਜਕ-ਰਾਜਸੀ ਜੀਵਨ 'ਚ ਵੱਡੇ ਪੈਮਾਨੇ 'ਤੇ ਸ਼ਾਮਲ ਕਰਨ ਲਈ ਪਿੱਤਰ ਸੱਤਾ ਨਾਲ ਸੰਘਰਸ਼ ਜ਼ਰੂਰੀ ਹੈ। ਫਿਰ ਵੱਡੇ ਪੈਮਾਨੇ 'ਤੇ ਉਨ੍ਹਾਂ ਦੀ ਰਾਜਸੀ ਭਾਗੀਦਾਰੀ, ਜਮਾਤ ਤੇ ਪਿੱਤਰ ਸੱਤਾਵਾਦੀ ਦੀ ਲੁਟ-ਘਸੁੱਟ ਤੋਂ ਉਨ੍ਹਾਂ ਦੀ ਮੁਕਤੀ ਦੇ ਮਾਰਗ ਨੂੰ ਵੀ ਰੋਸ਼ਨ ਕਰੇਗੀ।

ਪਰ ਪੂੰਜੀਵਾਦ ਦੇ ਵਿਕਾਸ ਅਤੇ ਸਮਾਜਕ ਪੈਦਾਵਾਰ 'ਚ ਔਰਤਾਂ ਦੀ ਵਧਦੀ ਹੋਈ ਭਾਗੀਦਾਰੀ ਪਿੱਛੋਂ, ਆਮ ਸਮਾਜਕ ਤੇ ਰਾਜਸੀ ਜ਼ਿੰਦਗੀ 'ਚ ਭਾਗ ਲੈਣ ਵਾਲੀਆਂ ਔਰਤਾਂ ਦੀ ਗਿਣਤੀ 'ਚ ਮੁਕਾਬਲਤਨ ਵਾਧਾ ਹੋਇਆ ਹੈ। ਪਰ ਇਹ ਸਾਰੀਆਂ ਔਰਤਾਂ ਜੋ ਸਮਾਜਕ-ਰਾਜਸੀ ਜੀਵਨ 'ਚ ਆਈਆਂ ਹਨ, ਲੁਟੇਰੀਆਂ-ਜਮਾਤਾਂ ਤੇ ਪਿੱਤਰਸੱਤਾ ਵੱਲੋਂ ਲਗਾਤਾਰ ਸਤਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਜੋ ਸੁਧਾਰ ਪੂੰਜੀਵਾਦ ਨੇ ਮੰਨੇ ਹਨ, ਉਹ ਬੁਨਿਆਦੀ ਤੌਰ 'ਤੇ ਨਿਕ ਬੁਰਜੂਆ ਔਰਤਾਂ ਦੇ ਇਕ ਵਧਦੇ ਹੋਏ ਹਿੱਸੇ ਲਈ ਹਨ, ਜਿਨ੍ਹਾਂ 'ਚੋਂ ਕੋਈ ਪੂੰਜੀਵਾਦ ਦੀ ਲੁੱਟ ਦੇ ਲਈ ਨਾ ਸਿਰਫ ਬੁਲਾਰਿਆਂ ਵਜੋਂ ਸ਼ਾਮਲ ਕਰ ਲਈਆਂ ਜਾਂਦੀਆਂ ਹਨ ਬਲਕਿ ਮਜ਼ਦੂਰ ਜਮਾਤ ਤੇ ਕਿਸਾਨ ਔਰਤਾਂ 'ਤੇ ਬੇਰਹਿਮ ਜਮਾਤੀ ਲੁੱਟ-ਘਸੁੱਟ ਤੇ ਪਿੱਤਰ ਸੱਤਾਵਾਦੀ ਜਬਰ ਸਬੰਧੀ ਸੁਚੇਤ ਤੌਰ 'ਤੇ ਚੁੱਪ ਹੋ ਜਾਂਦੀਆਂ ਹਨ।

18ਵੀਂ ਅਤੇ 19ਵੀਂ ਸਦੀਆਂ 'ਚ ਭਾਰਤ 'ਚ ਸੁਧਾਰ ਅੰਦੋਲਨ ਨੇ ਔਰਤਾਂ ਦੇ ਮੁੱਦੇ ਉਠਾਏ ਅਤੇ ਅੰਗਰੇਜ਼ੀ ਪ੍ਰਸਾਸ਼ਨ ਦੀ ਮਦਦ ਨਾਲ ਕੁਝ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਨਾਲ ਸਿੱਖਿਆ ਤੇ ਸਮਾਜਕ ਜ਼ਿੰਦਗੀ 'ਚ ਔਰਤਾਂ ਦੀ ਭਾਗੀਦਾਰੀ 'ਚ ਵਾਧਾ ਹੋਇਆ। 20ਵੀਂ ਸਦੀ ਦੀ ਸ਼ੁਰੂਆਤ 'ਚ, ਉਹ ਵੱਡੀ ਗਿਣਤੀ 'ਚ ਉਹ ਰਾਜਸੀ ਖੇਤਰ 'ਚ ਵੀ ਭਾਗ ਲੈਣ ਲੱਗੀਆਂ। ਉਹ ਰਾਜਸੀ ਪਾਰਟੀਆਂ 'ਚ

ਸਰਗਰਮ ਸਨ ਅਤੇ ਉਨ੍ਹਾਂ ਨੂੰ ਉਸ ਸਮੇਂ ਦੇ ਕੌਮੀ ਇਨਕਲਾਬੀਆਂ ਅਤੇ ਸੁਭਾਸ਼ ਚੰਦਰ ਬੋਸ ਦੀ ਅਜ਼ਾਦ ਹਿੰਦ ਫੌਜ ਦੇ ਕੰਮਾਂ 'ਚ ਹਿੱਸਾ ਲਿਆ ਸੀ। ਬ੍ਰਿਟਿਸ਼-ਵਿਰੋਧੀ ਅੰਦੋਲਨ ਦੇ ਹਿੱਸੇ ਵਜੋਂ ਸਭ ਸੰਘਰਸ਼ 'ਚ ਉਹ ਸਭ ਤੋਂ ਅੱਗੇ ਸਨ। ਪੱਛਮ 'ਚ ਸਫ਼ਰੇਗੇਟ (ਵੋਟ ਦੇਣ ਦੇ ਅਧਿਕਾਰ) ਦੇ ਅੰਦੋਲਨ ਦੇ ਪ੍ਰਭਾਵ 'ਚ ਕੁਝ ਉੱਚ ਵਰਗਾਂ ਦੀਆਂ ਔਰਤਾਂ ਨੇ ਵੋਟ ਦੇ ਅਧਿਕਾਰ ਦੀ ਮੰਗ ਕਰਦਿਆਂ ਮੰਗ ਪੱਤਰ ਵੀ ਦਿੱਤੇ। ਪਰ ਬਸਤੀਵਾਦ-ਵਿਰੋਧੀ ਅੰਦੋਲਨ ਸਮੇਂ ਅਤੇ ਅਗਸਤ 1947 'ਚ ਸੱਤਾ ਬਦਲੀ ਪਿੱਛੋਂ ਵੀ ਰਾਜਸੀ ਅਖਾੜੇ 'ਚ ਮੁੱਖ ਭੂਮਿਕਾ ਅਦਾ ਕਰਨ ਵਾਲੀਆਂ ਮੁੱਖ ਹਾਕਮ ਜਮਾਤ ਦੀਆਂ ਪਾਰਟੀਆਂ ਦੇ ਏਜੰਡੇ 'ਤੇ ਪਿੱਤਰ ਸੱਤਾ ਖਿਲਾਫ ਰਾਜਸੀ ਸੰਘਰਸ਼ ਨਹੀਂ ਸੀ। ਅਜਿਹਾ ਇਸ ਲਈ ਕਿ ਉਹ ਖੁਦ ਲੁਟੇਰੀ ਜਮਾਤ ਦੀ ਰਾਜਸੀ ਪ੍ਰਤੀਨਿੱਧ ਸੀ ਅਤੇ ਆਪਣੇ ਜਮਾਤੀ ਹਿੱਤ ਵਿਚ ਉਨ੍ਹਾਂ ਨੇ ਪਿੱਤਰ ਸੱਤਾ ਦੀ ਰਾਖੀ ਕਰਨੀ ਸੀ। ਦਰਅਸਲ ਉਨ੍ਹਾਂ ਦੀ ਅਗਵਾਈ 'ਚ ਜਾਰੀ ਮਹਿਲਾ ਸੁਧਾਰ ਅੰਦੋਲਨਾਂ ਦਾ ਅਸਲੀ ਮਕਸਦ ਔਰਤਾਂ ਨੂੰ ਇਨਕਲਾਬੀ ਰਾਹ 'ਤੇ ਜਾਣ ਤੋਂ ਭਟਕਾ ਦੇਣਾ ਤੇ ਉਨ੍ਹਾਂ ਦੀ ਰਾਜਸੀ ਵਰਤੋਂ ਕਰਨਾ ਹੈ।

ਹਾਲਾਂਕਿ ਭਾ. ਕ. ਪਾ. ਅੰਦਰ ਕਮਿਊਨਿਸਟ ਔਰਤਾਂ ਨੇ ਪਿੱਤਰ ਸੱਤਾ ਦੇ ਖਿਲਾਫ ਸੰਘਰਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਇਸ ਸੁਆਲ 'ਤੇ ਪਾਰਟੀ ਕੋਲ ਕੋਈ ਢੁਕਵਾਂ ਭਵਿੱਖ ਨਕਸ਼ਾ ਨਹੀਂ ਸੀ। ਜਦ ਪਾਰਟੀ ਸੋਧਵਾਦੀ ਬਣੀ, ਤਦ ਸਾਰੇ ਕ੍ਰਾਂਤੀਕਾਰੀ ਸੰਘਰਸ਼ਾਂ ਦੇ ਨਾਲ-ਨਾਲ ਪਿੱਤਰ ਸੱਤਾ ਦੇ ਖਿਲਾਫ ਰਾਜਸੀ ਸੰਘਰਸ਼ ਵੀ ਹੋਰ ਪਿੱਛੇ ਚਲਾ ਗਿਆ। ਸੀ. ਪੀ. ਐਮ. ਦੇ ਦੌਰ 'ਚ ਵੀ ਅਜਿਹਾ ਹੀ ਹੋਇਆ।

ਹਾਕਮ ਜਮਾਤ ਦੀਆਂ ਪਾਰਟੀਆਂ ਵੱਲੋਂ ਔਰਤਾਂ ਦੀਆਂ ਸਮੱਸਿਆਵਾਂ ਦੇ ਹੱਲ ਦੇ ਨਾਂ 'ਤੇ ਉਛਾਲਿਆ ਗਿਆ ਨਵਾਂ ਨਾਹਰਾ ਹੈ, "ਔਰਤ ਨੂੰ ਵੱਧ ਅਖਤਿਆਰ ਦੇਣਾ"। ਉਨ੍ਹਾਂ ਨੂੰ ਚੁਣਾਵੀ ਅਮਲ ਦਾ ਹਿੱਸਾ ਬਣਾ ਕੇ ਅਤੇ ਕੁਝ ਸੀਟਾਂ 'ਤੇ ਉਨ੍ਹਾਂ ਨੂੰ ਚਿਣਵਾ ਕੇ ਉਹ ਕਹਿੰਦੇ ਹਨ ਕਿ ਔਰਤਾਂ ਮਜ਼ਬੂਤ ਹੋ ਗਈਆਂ। ਹਾਲਾਂਕਿ ਹਾਕਮ ਜਮਾਤਾਂ ਦੇ ਲਈ ਲੋਕਾਂ ਨੂੰ ਸੰਸਦੀ ਪ੍ਰਬੰਧ ਬਾਰੇ ਭਰਮ 'ਚ ਰੱਖਣ ਦੀ ਸਖਤ ਲੋੜ ਹੈ, ਫਿਰ ਵੀ ਉਨ੍ਹਾਂ 'ਚ ਇਨੀ ਪਿੱਤਰਸੱਤਾ ਹੈ ਕਿ (ਬਾਕੀ ਕਾਰਨਾਂ ਤੋਂ ਇਲਾਵਾ) ਉਹ ਪਾਸ ਕੀਤੇ ਜਾਣ ਵਾਲੇ ਰਾਜਸੀ ਕਨੂੰਨਾਂ 'ਚ ਔਰਤਾਂ ਨੂੰ 33.3 ਫੀਸਦੀ ਨੁਮਾਇੰਦਗੀ ਵੀ ਨਹੀਂ ਦੇ ਰਹੇ ਹਨ।

ਦੂਜੇ ਪਾਸੇ ਸੀ. ਪੀ. ਆਈ./ਸੀ. ਪੀ. ਐਮ./ ਮਾਲੇ ਵਰਗੀਆਂ ਸੋਧਵਾਦੀ ਪਾਰਟੀਆਂ ਵੀ ਨਾਰੀਆਂ ਦੇ ਲਈ ਕੰਮ ਦੇ ਅਧਿਕਾਰ, ਸਿੱਖਿਆ ਦਾ ਅਧਿਕਾਰ ਨੌਕਰੀਆਂ 'ਚ ਬਰਾਬਰੀ ਦਾ ਅਧਿਕਾਰ, ਜਾਇਦਾਦ ਦਾ ਅਧਿਕਾਰ, ਬਰਾਬਰ ਕੰਮ ਦੇ ਲਈ ਬਰਾਬਰ ਤਨਖਾਹ ਆਦਿ ਮੰਗਾਂ 'ਤੇ ਸਿਰਫ ਸੁਧਾਰਵਾਦੀ, ਆਰਥਕਵਾਦੀ ਕਾਨੂੰਨਵਾਦੀ ਤੇ ਸੋਧਵਾਦੀ ਕਿਸਮ ਦੇ ਅਤੇ ਗਾਂਧੀਵਾਦੀ ਕਿਸਮ ਦੇ ਅੰਦੋਲਨਾਂ ਵਿਚ ਔਰਤ ਸੰਘਰਸ਼ਾਂ ਨੂੰ ਫਸਾਈ ਰੱਖਣ, ਉਸ ਨੂੰ ਇਨਕਲਾਬੀ ਰਾਹ 'ਤੇ ਜਾਣ ਤੋਂ ਰੋਕਣ ਤੇ ਗੁੰਮਰਾਹ ਕਰਨ ਦਾ ਕੰਮ ਕਰਦੀਆਂ ਹਨ। ਫਿਰ ਹਾਕਮ ਜਮਾਤ ਦੀਆਂ ਬਾਕੀ ਚੁਣਾਵੀ ਪਾਰਟੀਆਂ ਤੇ ਸੋਧਵਾਦੀ ਪਾਰਟੀਆਂ 'ਚ ਪਿੱਤਰਸੱਤਾ ਦੇ ਪਹਿਲੂ ਵੀ ਵਰਨਣਯੋਗ ਮਾਤਰਾ 'ਚ ਔਰਤਾਂ ਦੇ ਰਾਜਸੀ ਵਿਕਾਸ ਨੂੰ ਰੋਕਦੇ ਤੇ ਵਰਗਲਾਉਂਦੇ ਹਨ।

ਇਨ੍ਹਾਂ ਦੇ ਢਕੋਸਲੇ ਦਾ ਪਰਦਾਫਾਸ਼ ਕਰਨਾ ਪੈਣਾ ਹੈ ਕਿ ਔਰਤਾਂ ਦੀ ਅਸਲੀ ਮਜ਼ਬੂਤੀ ਲਈ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਅਸਲ ਹੱਲ ਲਈ ਇਸ ਪਿੱਤਰਸੱਤਾਵਾਦੀ ਰੁਝਾਣ ਦਾ ਪਰਦਾਫਾਸ਼ ਕਰਦੇ ਹੋਏ ਵੀ ਸਾਡਾ ਮੁੱਖ ਕੇਂਦਰ ਬਿੰਦੂ ਇਸ ਵਿਵਸਥਾ ਅੰਦਰ ਔਰਤ ਦੀ ਮਜ਼ਬੂਤੀ ਦੇ ਢਕੌਂਜ ਦਾ ਪਰਦਾਫਾਸ਼ ਕਰਨਾ ਹੋਣਾ ਹੈ। ਪੈਦਾਵਾਰ ਦੇ ਸਾਧਨਾਂ 'ਤੇ ਕੰਟਰੋਲ ਬਿਨਾ ਸੱਚੀ ਔਰਤ ਮਜ਼ਬੂਤੀ ਸੰਭਵ ਨਹੀਂ ਹੈ। ਇਸ ਲਈ ਜ਼ਰੂਰੀ ਹੈ ਕਿ ਔਰਤਾਂ ਪੈਦਾਵਾਰ ਦੇ ਸਾਧਨਾਂ 'ਤੇ ਮੇਹਨਤਕਸ਼ਾਂ ਦੀ ਮਾਲਕੀ ਤੇ ਕੰਟਰੋਲ ਲਈ ਜਾਰੀ ਸੰਘਰਸ਼ਾਂ 'ਚ ਹਿੱਸਾ ਲੈਣ ਲਈ ਵੱਡੀ ਗਿਣਤੀ 'ਚ ਅੱਗੇ ਆਉਣ ਅਤੇ ਰਾਜਸੀ ਖੇਤਰ 'ਚ ਪੂਰੀ ਤਾਕਤ ਨਾਲ ਅੱਗੇ ਵਧਣ। ਇਨਕਲਾਬੀ ਔਰਤ ਸੰਘਰਸ਼ ਨੂੰ ਵੱਡੀ ਮਾਤਰਾ 'ਚ ਲੁਟੀਆਂ ਜਾਂਦੀਆਂ ਔਰਤਾਂ ਨੂੰ ਲਾਮਬੰਦ ਕਰਦੇ ਹੋਇਆਂ ਉਨ੍ਹਾਂ ਨੂੰ ਆਪਣੇ ਰਾਜਸੀ ਤੇ ਆਰਥਕ ਅਧਿਕਾਰਾਂ ਨੂੰ ਹਾਸਲ ਕਰਨ ਲਈ ਇਨਕਲਾਬ ਦੀ ਜ਼ਰੂਰਤ ਨੂੰ ਸਮਝਣਾ ਪੈਣਾ ਹੈ ਤੇ ਉਨ੍ਹਾਂ ਨੂੰ ਇਨਕਲਾਬੀ ਅੰਦੋਲਨ 'ਚ ਸ਼ਾਮਲ ਕਰਨਾ ਪੈਂਦਾ ਹੈ, ਇਸ 'ਚ ਉਨ੍ਹਾਂ ਦੀ ਪਹਿਲ ਕਦਮੀ ਵਧਾਉਣੀ ਪੈਣੀ ਹੈ। ਇਸ ਦੇ ਨਾਲ ਹੀ ਇਸ ਦੇ ਲਈ ਉਨ੍ਹਾਂ ਨੂੰ ਭਰਪੂਰ ਮੌਕੇ ਦੇਣ ਹਿੱਤ ਸਭ ਜਥੇਬੰਦੀਆਂ 'ਚ ਔਰਤਾਂ ਦੀ ਨੁਮਾਇੰਦਗੀ 50 ਫੀਸਦੀ ਤੱਕ ਹੋਵੇ, ਇਸ ਦੇ ਲਈ ਲਗਾਤਾਰ ਚੇਤੰਨ ਯਤਨ ਕਰਨੇ ਹੋਣਗੇ। ਜਨਤਕ ਜਥੇਬੰਦੀਆਂ 'ਚ ਔਰਤਾਂ ਦੀ ਭਾਗੀਦਾਰੀ ਵਧਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਕ੍ਰਮਵਾਰ ਜ਼ਿਆਦਾ ਉੱਚੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਉਤਸ਼ਾਹਿਤ ਕਰਨਾ ਉਨ੍ਹਾਂ ਨੂੰ ਇਸ ਲਈ ਭਰਪੂਰ ਮੌਕੇ ਦੇਣੇ, ਉਨ੍ਹਾਂ ਦੀ ਕਾਬਲੀਅਤ ਦਾ ਵਿਕਾਸ ਕਰਨਾ ਤੇ ਇਸ ਤਰ੍ਹਾਂ ਉਨ੍ਹਾਂ 'ਚੋਂ ਲਗਾਤਾਰ ਪਾਰਟੀ ਨੇਤਾਵਾਂ (ਸਿਰਫ ਔਰਤ ਨੇਤਾ ਹੀ ਨਹੀਂ) ਵੱਡੀ ਗਿਣਤੀ 'ਚ ਵਿਕਸਤ ਕਰਨਾ ਇਕ ਫੌਰੀ ਤੇ ਬੇਹੱਦ ਮਹੱਤਵਪੂਰਨ ਕਾਰਜ ਹੈ। ਇਸ ਨੂੰ ਮਹੱਤਵ ਦੇ ਕੇ ਲਗਾਤਾਰ ਕਰਦੇ ਜਾਣਾ ਪਵੇਗਾ। ਇਸ ਲਈ ਪਾਰਟੀ 'ਚ ਪੂਰਵ ਧਾਰਨਾਵਾਂ ਦਾ ਵਿਰੋਧ ਕਰਨਾ, ਖਾਸ ਕਰਕੇ ਮਰਦ ਪੂਰਵ ਧਾਰਨਾਵਾਂ ਦਾ ਵਿਰੋਧ ਕਰਨਾ ਜ਼ਰੂਰੀ ਹੈ। ਔਰਤਾਂ ਨੂੰ ਜ਼ਿਆਦਾਤਰ "ਔਰਤ-ਕਾਰਜਾਂ" 'ਚ ਲਾਉਣਾ ਉਨ੍ਹਾਂ ਨੂੰ ਨੀਵਾਂ ਤੇ "ਔਰਤ" ਸਮਝਦੇ ਰਹਿਣ ਵਾਲੇ ਵਿਚਾਰਾਂ ਨਾਲ ਲੜਣਾ ਪੈਣਾ। ਦੂਜੇ ਪਾਸੇ ਔਰਤਾਂ 'ਚ ਵੀ, ਔਰਤ ਚੇਤਨਾ (ਨਾਲ ਹੀ ਮਰਦ ਸਾਥੀਆਂ ਦੀ ਮਰਦ ਚੇਤਨਾ) ਖਿਲਾਫ ਸੰਘਰਸ਼ ਕਰਕੇ ਉਨ੍ਹਾਂ 'ਚ ਪ੍ਰੋਲਤਾਰੀ ਚੇਤਨਾ ਤੇ ਦ੍ਰਿਸ਼ਟੀਕੋਣ ਦਾ ਵਿਕਾਸ ਕਰਨ ਦੇ ਲਗਾਤਾਰ ਚੇਤੰਨ ਯਤਨ ਕਰਨੇ ਹੋਣਗੇ। ਉਨ੍ਹਾਂ 'ਚ ਜਮਾਤੀ ਚੇਤਨਾ ਦਾ ਇਹ ਵਿਕਾਸ ਜਮਾਤੀ-ਲੜਾਈ 'ਚ ਭਾਗ ਲੈਣ ਰਾਹੀਂ ਹੀ ਸੰਭਵ ਹੈ। ਇਸ ਤਰ੍ਹਾਂ ਆਪਾਂ ਔਰਤ ਦੀ ਰਾਜਸੀ ਪਹਿਲ ਕਦਮੀ ਖੋਲ੍ਹ ਸਕਦੇ ਹਾਂ ਅਤੇ ਔਰਤਾਂ ਵੀ ਜਮਾਤੀ-ਲੁੱਟ ਘਸੁੱਟ ਤੇ ਪਿੱਤਰ ਸੱਤਾ ਦੇ ਬੰਧਨਾਂ ਤੋਂ ਮੁਕਤ ਹੋਣ ਦੇ ਰਾਹ 'ਤੇ ਅੱਗੇ ਵਧ ਸਕਦੀਆਂ ਹਨ। ਇਸ ਪੂਰੇ ਅਮਲ 'ਚ ਜਮਾਤੀ-ਲੜਾਈ ਦੇ ਨਾਲ-ਨਾਲ ਉਸ ਦੇ ਵਿਕਾਸ ਦੇ ਉਦੇਸ਼ ਨੂੰ ਦਿਮਾਗ 'ਚ ਰਖਦਿਆਂ ਪਿੱਤਰ ਸੱਤਾ ਵਿਰੋਧੀ ਸੰਘਰਸ਼ ਵੀ ਲਗਾਤਾਰ ਚਲਾਉਂਦੇ ਰਹਿਣਾ ਪਵੇਗਾ।

# ਪਿੱਤਰ ਸੱਤਾਵਾਦੀ ਸਭਿਆਚਾਰ ਅਤੇ ਲਿੰਗ ਵੰਡ ਦਾ ਗਲਬਾ

ਪਿੱਤਰ ਸੱਤਾਵਾਦੀ ਸਭਿਆਚਾਰ 'ਚ ਭਰੀ ਹੋਈ ਕੇਂਦਰੀ ਧਾਰਾ, ਔਰਤਾਂ ਖਿਲਾਫ ਭੇਦਭਾਵ ਹੈ। ਪਿੱਤਰ ਸੱਤਾ ਦੇ ਸਭਿਆਚਾਰ ਦੀ ਤਾਕਤ, ਪਿੱਤਰਸੱਤਾ ਦੀ ਆਰਥਕ ਭੂਮਿਕਾ ਤੋਂ ਆਉਂਦੀ ਹੈ ਅਤੇ ਬਦਲੇ 'ਚ ਅਰਥਚਾਰੇ ਅਤੇ ਸਭਿਆਚਾਰ 'ਚ ਪਿੱਤਰ ਸੱਤਾਵਾਦੀ ਰਿਸ਼ਤਿਆਂ ਨੂੰ ਮਜ਼ਬੂਤ ਕਰਦੀ ਹੈ। ਅਰਥਚਾਰੇ ਅਤੇ ਸਭਿਆਚਾਰ 'ਚ ਪਿੱਤਰ ਸੱਤਾ ਦੀ ਹੋਂਦ, ਜ਼ਿੰਮੀਦਾਰਾਂ ਅਤੇ ਪੂੰਜੀਪਤੀਆਂ ਵੱਲੋਂ ਜਮਾਤੀ ਲੁੱਟ 'ਚ ਮਦਦ ਕਰਦੀ ਹੈ। ਨਾਲ ਹੀ ਇਹ ਜਮਾਤੀ ਲੁੱਟ ਤੇ ਜਬਰ ਪਿੱਤਰ ਸੱਤਾਵਾਦੀ ਸਭਿਆਚਾਰ ਤੇ ਉਸ ਦੇ ਪ੍ਰਬੰਧ ਨੂੰ ਪਾਲਦੀ ਪੋਸਦੀ ਹੈ।

ਮਰਦਾਂ ਦੀ ਵਿਆਪਕ ਜਨਤਾ 'ਚ ਪਿੱਤਰ ਸਤਾ ਕਈ ਰੂਪਾਂ 'ਚ ਹੋਂਦ 'ਚ ਦਿਸਦੀ ਹੈ। ਸਭ ਤੋਂ ਪ੍ਰਚਲਿਤ ਰੂਪ ਹੈ ਮਰਦ ਉਤਮਤਾ ਅਤੇ ਮਰਦ ਪੂਰਵ ਧਾਰਨਾ ਮਰਦਾਂ ਦੇ ਅਗਾਂਹਵਧੂ ਤਬਕਿਆਂ ਦੇ ਵਿਚਕਾਰ ਦੀ ਜੋ ਆਮ ਤੌਰ 'ਤੇ ਔਰਤ ਅੰਦੋਲਨ ਦੀਆਂ ਮੰਗਾਂ ਦੀ ਹਮਾਇਤ ਕਰਦੇ ਹਨ, ਪਿੱਤਰ ਸੱਤਾਵਾਦੀ ਰੁਝਾਣਾਂ ਅਤੇ ਮੁੱਲਾਂ ਤੋਂ ਉਭਰਨ ਦੇ ਸੁਚੇਤ ਯਤਨਾਂ ਦੀ ਘਾਟ ਹੈ।

ਉਤਮਤਾ ਔਰਤਾਂ ਪ੍ਰਤੀ ਭੇਦਭਾਵ ਦੀ ਭਾਵਨਾ ਹੈ ਮਰਦਾਵੀਂ ਉਤਮਤਾ। ਇਹ ਮਰਦਾਵੀਂ ਉਤਮਤਾ ਇਕ ਫਾਸ਼ੀਵਾਦੀ ਪਿੱਤਰ ਸੱਤਾਵਾਦੀ ਵਿਚਾਰ ਹੈ। ਮਜ਼ਦੂਰ ਜਮਾਤ ਅਤੇ ਗਰੀਬ ਕਿਸਾਨਾਂ ਦੇ ਮਰਦਾਂ ਸਮੇਤ, ਜਨਤਾ ਦੇ ਜ਼ਿਆਦਾਤਰ ਮਰਦ ਮੈਂਬਰਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ 'ਚ ਇਹ ਮਰਦ ਪੂਰਵ ਧਾਰਨਾ ਮੌਜੂਦ ਰਹਿੰਦੀ ਹੈ ਅਤੇ ਜਿੱਥੋਂ ਤੱਕ ਪ੍ਰਗਤੀਸ਼ੀਲ ਮਰਦ ਸਾਥੀਆਂ ਦਾ ਸਬੰਧ ਹੈ, ਜਿਨ੍ਹਾਂ ਨਾਲ ਸਮਾਜਕ ਸੰਘਰਸ਼ 'ਚ ਅਕਸਰ ਆਹਮਣਾ ਸਾਹਮਣਾ ਹੁੰਦਾ ਹੈ, ਉਨ੍ਹਾਂ ਦੇ ਲੇਖਾਂ, ਭਾਸ਼ਣਾਂ ਅਤੇ ਵਿਹਾਰ 'ਚ ਔਰਤ ਸੁਆਲ 'ਤੇ ਧਿਆਨ ਨਾ ਦੇਣਾ ਪਿੱਤਰ ਸੱਤਾ ਦੀ ਜ਼ਿੰਦਗੀ ਵਧਾਉਣ ਦਾ ਇੱਕ ਹੋਰ ਤਰੀਕਾ ਹੈ।

ਆਮ ਔਰਤਾਂ ਵਿਚਕਾਰ ਇਸ ਮਾਮਲੇ 'ਚ ਅੰਤਰ ਵਿਰੋਧੀ ਸਥਿਤੀਆਂ ਹਨ। ਜਿਥੇ ਕੁਝ ਸਪੱਸ਼ਟ ਰੂਪ ਨਾਲ ਪਿੱਤਰਸੱਤਾ ਵਿਰੋਧੀ ਹਨ, ਕਈਆਂ ਦੇ ਵਿਚਾਰ ਪਿੱਤਰਸੱਤਾ ਦੇ ਹੱਕ ਵਿਚ ਹਨ। ਪਿੱਤਰ ਸੱਤਾ ਉਨ੍ਹਾਂ ਦੀ ਸਹਿਮਤੀ ਅਤੇ ਸਾਂਝੇ ਜੁਰਮ ਨਾਲ ਕੰਮ ਕਰਦੀ ਹੈ। ਅਰਥਚਾਰੇ ਅਤੇ ਸਮਾਜ 'ਚ ਪਿੱਤਰਸੱਤਾ ਦੀ ਡੂੰਘੀ ਛਾਪ ਕਾਰਨ ਇਨ੍ਹਾਂ ਔਰਤਾਂ ਨੇ ਪਿੱਤਰ ਸੱਤਾਵਾਦੀ ਮੁੱਲਾਂ ਅਤੇ ਰੁਝਾਣਾਂ ਨੂੰ ਅਪਣਾ ਲਿਆ ਹੈ। ਔਰਤਾਂ ਵੱਲੋਂ ਅਪਣਾਏ ਪਿੱਤਰ ਸੱਤਾਵਾਦੀ ਮੁੱਲ ਵੀ ਪਿੱਤਰ ਸੱਤਾਵਾਦੀ ਸਭਿਆਚਾਰ ਦਾ ਇਕ ਮਹੱਤਵਪੂਰਨ ਸਿੱਟਾ ਹੈ ਅਤੇ ਔਰਤ ਮੁਕਤੀ ਅੰਦੋਲਨ ਦੇ ਸਾਹਮਣੇ ਇਕ ਫੌਰੀ ਰੁਕਾਵਟ ਹੈ। ਇਸ ਵਿਚ ਸਭ ਤੋਂ ਮਹੱਤਵਪੂਰਨ ਹੈ ਪਿੱਤਰਸੱਤਾ ਦਾ ਪੋਸ਼ਣ ਕਰਨਾ, ਉਸ ਨੂੰ ਟਿਕਾਈ ਰੱਖਣ ਅਤੇ ਉਸ ਨੂੰ ਉਤਸ਼ਾਹਿਤ ਕਰਨ ਵਿਚ ਹਾਕਮ ਜਮਾਤਾਂ ਦੀ ਸਰਗਰਮ ਭੂਮਿਕਾ।

ਸਿੱਖਿਆ – ਭਾਰਤ 'ਚ ਔਰਤਾਂ ਦੀ ਸਾਖਰਤਾ ਦਰ ਮਰਦ ਸਾਖਰਤਾ ਦਰ ਤੋਂ ਕਾਫੀ ਘੱਟ ਹੈ। ਲਾੜਾ ਲੱਭਣ ਤੇ ਸ਼ਹਿਰੀ ਨਿਕ ਬੁਰਜੂਆ ਜੀ 'ਚ ਵਿਚਕਾਰ ਸ਼ਾਦੀ ਤਹਿ ਕਰਨ ਸਮੇਂ, ਇਹ ਧਿਆਨ ਰੱਖਿਆ ਜਾਂਦਾ ਹੈ ਕਿ ਲਾੜੀ ਦਾ ਸਿੱਖਿਆ ਪੱਧਰ,

ਲਾੜੇ ਤੋਂ ਵੱਧ ਤਾਂ ਨਹੀਂ, ਸਿੱਖਿਆ ਇਕ ਮਰਦ ਵਿਸ਼ੇਸ਼ ਅਧਿਕਾਰ ਹੈ। ਬੇਟੀਆਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਪਿੱਤਰਸੱਤਾ ਦੇ ਨਾਲ ਲੰਬੀ ਲੜਾਈ ਲੜਨੀ ਪੈਂਦੀ ਹੈ।

ਸਿੱਖਿਆ ਦੇ ਵਪਾਰੀਕਰਨ ਅਤੇ ਖਰਚੇ ’ਚ ਵਾਧੇ ਨਾਲ ਦਰਮਿਆਨੇ ਦਰਜੇ ਦੇ ਪਰਿਵਾਰ ਵੀ ਅਕਸਰ ਧੀਆਂ ਨੂੰ ਸਿੱਖਿਆ ਤੋਂ ਵਾਂਝੇ ਰੱਖ ਕੇ ਪੁੱਤਾਂ ਨੂੰ ਪੜ੍ਹਾਉਂਦੇ ਹਨ। ਪਾਠ ਪੁਸਤਕਾਂ ਪਿੱਤਰਸੱਤਾਵਾਦੀ ਮੁੱਲਾਂ ਦੀ ਨੁਮਾਇੰਦਗੀ ਕਰਦੀਆਂ ਹਨ। ਸਕੂਲਾਂ ’ਚ ਪੜ੍ਹਾਈ ਦਾ ਸਾਰ ਪਿੱਤਰਸੱਤਾਵਾਦੀ ਹੈ।

ਲਿੰਗ ਦੇ ਅਧਾਰ ’ਤੇ ਪ੍ਰੇਸ਼ਾਨ ਕਰਨਾ, ਦੋਨਾਂ ਲਿੰਗਾਂ ਲਈ ਜੋ ਵੱਖ ਵੱਖ ਖੇਡਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਿੱਖਣ ਦੇ ਮਹੌਲ ’ਚ ਪ੍ਰਚਲਿਤ ਭੇਦਭਾਵ ਵੀ ਲੜਕਿਆਂ ਤੇ ਲੜਕੀਆਂ ਦੀ ਵੱਖ ਵੱਖ ਚੇਤਨਾ ਵਿਕਸਤ ਕਰਨ ’ਚ ਉਨੇ ਹੀ ਮਹੱਤਵਪੂਰਨ ਕਾਰਕ ਹਨ। ਇਹ ਕਹਿਣਾ, ਅੱਤਕਥਨੀ ਨਹੀਂ ਹੋਵੇਗੀ ਕਿ ਜਿੱਥੋਂ ਤੱਕ ਔਰਤਾਂ ਦਾ ਸਬੰਧ ਹੈ ਸਿੱਖਿਆ ਅਤੇ ਰੁਜ਼ਗਾਰ, ਆਰਜੀ ਨਿਯੁਕਤੀ ਵਜੋਂ ਅਕਸਰ ਉਨ੍ਹਾਂ ਦੇ ਵਿਆਹ ਰਾਹੀਂ ਸਮਝੇ ਜਾਂਦੇ ਹਨ। ਔਰਤਾਂ ਦੇ ਜੀਵਨ ’ਚ ਮੁੱਖ ਕਾਰੋਬਾਰ ਸ਼ਾਦੀ ਕਰਨਾ, ਪਰਿਵਾਰ ਹਾਸਲ ਕਰਨਾ, ਪਤੀ, ਬੁੱਢਿਆਂ, ਬੀਮਾਰਾਂ ਦੀ ਸੇਵਾ ਕਰਨਾ, ਬੱਚੇ ਪਾਲਣ ਆਦਿ ਸਮਝਿਆ ਜਾਂਦਾ ਹੈ।

**ਮੀਡੀਆ** - ਮਾਸ ਮੀਡੀਆ ਇਕ ਅਜਿਹਾ ਸਾਧਨ ਹੈ ਜੋ ਬੁਨਿਆਦੀ ਤੌਰ ’ਤੇ ਭਾਰਤੀ ਹਾਕਮ ਜਮਾਤ ਦੇ ਪੱਖ ਵਿਚ ਹੈ, ਸਾਮਰਾਜੀਆਂ, ਉਨ੍ਹਾਂ ਦੀਆਂ ਦਲਾਲ ਹਾਕਮ ਜਮਾਤਾਂ ਅਤੇ ਰਾਜਸੱਤਾ ਦੇ ਕੰਟਰੋਲ ਵਿਚ ਹੈ।

ਦ੍ਰਿਸ਼ ਮੀਡੀਆ ਤੇ ਪ੍ਰਿੰਟ ਮੀਡੀਆ ’ਚ ਗ੍ਰਾਫਿਕ ਖੁੱਲ੍ਹੇ ਤੌਰ ’ਤੇ ਲੱਚਰ ਚੁਟਕਲਿਆਂ ਨਾਲ ਭਰੇ ਹੁੰਦੇ ਹਨ। ਟੀ. ਵੀ. ਸੀਰੀਅਲਾਂ ਦੀ ਵਿਸ਼ਾ ਵਸਤੂ ਮਰਦਾਵੀਂ ਚੌਧਰ ਨੂੰ ਮਜ਼ਬੂਤ ਕਰਨ ਲਈ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਕੰਮ ਕਰਦਾ ਹੈ। ਦ੍ਰਿਸ਼ ਮੀਡੀਆ ਕਾਫੀ ਸਾਰੇ, ਜਿਨ੍ਹਾਂ ਨੂੰ ਕਿਹਾ ਜਾ ਸਕਦਾ ਹੈ, ਪਰਿਵਾਰ ਅਧਾਰਤ ਭਾਵੁਕ ਨਾਟਕ ਲੈ ਕੇ ਆਉਂਦਾ ਹੈ। ਜਿਸ ’ਚ ਔਰਤਾਂ ਨੂੰ ਜਾਗੀਰੂ ਅਤੇ ਪੂੰਜੀਵਾਦੀ ਰੂੜੀਵਾਦੀ ਧਾਰਨਾ ਅਨੁਸਾਰ ਦਰਸਾਇਆ ਜਾਂਦਾ ਹੈ। ਨਾਚ ਅਤੇ ਗਾਣੇ ਉਸ ਨੂੰ ਕਾਫੀ ਹੱਦ ਤੱਕ ਇਕ ਜਿਣਸੀ ਵਸਤੂ ਵਜੋਂ ਪੇਸ਼ ਕਰਦੇ ਹਨ। ਵਿਸ਼ਵੀਕਰਨ ਪਿੱਛੋਂ ਤੀਜੀ ਦੁਨੀਆਂ ਵਿਚ ਸਾਮਰਾਜੀ ਲੁਟ ਵੱਲ ਡੂੰਘੀ ਘੁਸਪੈਂਠ ਅਤੇ ਵੱਧ ਵਿਆਪਕ ਫੈਲਾਅ ਪਿੱਛੋਂ, ਸਾਮਰਾਜੀ ਮੀਡੀਆ ਨੇ ਨਾ ਸਿਰਫ ਕਾਲੇ, ਭੂਰੇ ਤੇ ਪੀਲੇ ਲੋਕਾਂ ਲਈ ਹੀਰੋ/ਹੀਰੋਇਨਾਂ ਵਜੋਂ ਗੋਰੇ ਪਾਤਰਾਂ ਨੂੰ ਠੋਸਿਆ ਹੈ ਬਲਕਿ ਸੁੰਦਰਤਾ ਦੀਆਂ ਆਪਣੀਆਂ ਨਸਲਵਾਦੀ ਧਾਰਨਾਵਾਂ ਨੂੰ ਵੀ ਠੋਸ ਦਿੱਤਾ ਹੈ। ਦੈਨਿਕ ਮੀਡੀਆ ’ਚ ਸੈਕਸੀ ਤੇ ਅਸ਼ਲੀਲ ਸਾਹਿਤ ਵਧ ਰਿਹਾ ਹੈ। ਇਸ਼ਤਿਹਾਰੀ ਏਜੰਸ਼ੀਆਂ ਨੇ ਖਪਤਵਾਦ ਫੈਲਾਇਆ ਹੈ, ਇਕ ਭਰਮਾਊ ਉਚ ਵਰਗੀ ਜੀਵਨ ਜਾਂਚ ਨੂੰ ਫੈਲਾਇਆ ਹੈ ਅਤੇ ਅਜਿਹਾ ਕਰਨ ’ਚ ਉਨ੍ਹਾਂ ਨੇ ਘਟੀਆ ਵਸਤੂਆਂ ਨਾਲ ਭਰੇ ਬਜ਼ਾਰ ’ਚ ਵੇਚਣ ਲਈ ਔਰਤਾਂ ਦੇ ਸਰੀਰ ਦੀ ਵਰਤੋਂ ਕੀਤੀ ਹੈ।

ਕਈ ਕਿਸਮ ਦੇ ਸੁੰਦਰਤਾ ਸਾਧਨਾਂ, ਘਰੇਲੂ ਉਪਕਰਨਾਂ ਅਤੇ ਅੱਧੇ ਤਿਆਰ ਜਾਂ ਪੂਰੀ ਤਰ੍ਹਾਂ ਤਿਆਰ ਖਾਣ ਵਾਲੀਆਂ ਵਸਤੂਆਂ ਦੀ ਖਪਤ ਔਰਤ ਮੁਕਤੀ ਦੇ ਰਾਹ ਵਜੋਂ ਵਿਖਾਈ ਜਾਂਦੀ ਹੈ। ਪੂਰੀ ਦੁਨੀਆਂ ਜਿਸ ਬਾਰੇ ਮਾਸ ਮੀਡੀਆ ਆਚਿੰਤਤ ਹੈ

ਉਹ ਸ਼ਹਿਰੀ ਤੇ ਪੇਂਡੂ ਅਮੀਰਾਂ ਦੀ ਹੈ। ਉਸ ਨੇ ਕਿਸਾਨਾਂ ਔਰਤਾਂ ਤੇ ਔਰਤ ਮਜ਼ਦੂਰ ਜਮਾਤ ਦੀ ਜ਼ਿੰਦਗੀ ਅਤੇ ਸਮੱਸਿਆਵਾਂ ਨੂੰ ਦਰਸਾਉਣ ਦੀ ਸ਼ਾਇਦ ਹੀ ਕਦੀ ਕੋਸ਼ਿਸ਼ ਕੀਤੀ ਹੈ। ਮਾਸ ਮੀਡੀਆ ਵੱਲੋਂ ਫੈਲਾਏ ਜਾ ਰਹੇ ਸਾਰੇ ਪਿੱਤਰਸੱਤਾਵਾਦੀ ਵਿਗਾੜਾਂ ਤੇ ਰੂਪਾਂ ਨਾਲ ਲੜਨਾ ਇਨਕਲਾਬੀ ਅੰਦੋਲਨ ਦਾ ਕਾਰਜ ਹੈ। ਔਰਤ ਮੁਕਤੀ ਅੰਦੋਲਨ ਨੂੰ ਆਪਣੇ ਵੱਲੋਂ ਲਏ ਗਏ ਲੋਕ ਸੰਚਾਰ 'ਚ ਇਨਕਲਾਬੀ ਰੂਪ ਨਾਲ ਬਦਲਵੇਂ ਸਾਰ ਨੂੰ ਵਿਕਸਤ ਕਰਨਾ ਹੋਵੇਗਾ।

**ਧਰਮ ਤੇ ਧਾਰਮਿਕ ਉਤਮਤਾ** - ਜੋ ਵੀ ਸ਼ੁਰੂਆਤੀ ਧਰਮ ਪੈਦਾ ਹੋਏ ਸਨ ਉਹ ਸ਼ੁਰੂਆਤੀ ਜਮਾਤੀ ਸਮਾਜਾਂ ਦੀ ਸਥਾਪਨਾ ਅਤੇ ਵਿਕਾਸ ਦੇ ਤਹਿਤ ਹੋਏ ਸਨ। ਲੁਟੇਰੀਆਂ ਜਮਾਤਾਂ ਦੇ ਲਈ ਧਰਮ ਇਕ ਸਿਧਾਂਤਕ ਹਥਿਆਰ ਹੈ। ਇਨ੍ਹਾਂ ਸਾਰੀਆਂ ਧਾਰਮਿਕ ਵਿਵਸਥਾਵਾਂ ਦੀ ਸ਼ੁਰੂਆਤ ਨਿੱਜੀ ਜਾਇਦਾਦ ਅਤੇ ਇਕਜੁਟਤਾ ਦੇ ਵਿਕਾਸ ਦੇ ਅਮਲ 'ਚ ਹੋਈ ਸੀ। ਇਸ ਲਈ ਇਹ ਸਾਰੇ ਧਰਮ, ਵੱਖ-ਵੱਖ ਮਾਤਰਾਵਾਂ 'ਚ ਪ੍ਰਭਾਵਸ਼ਾਲੀ ਪਿੱਤਰਸੱਤਾਵਾਦੀ ਵਿਚਾਰਾਂ ਨੂੰ ਪ੍ਰਤੀਬਿੰਬਤ ਕਰਦੇ ਹਨ। ਧਰਮ ਜਿਸ ਨੇ ਲੁਟੇਰੇ ਸਮਾਜਕ ਰਿਸ਼ਤਿਆਂ ਨੂੰ ਮਾਨਤਾ ਦਿੱਤੀ, ਉਸ ਨੇ ਜਾਬਰ ਪਿੱਤਰਸੱਤਾਵਾਦੀ ਰਿਸ਼ਤਿਆਂ ਨੂੰ ਵੀ ਮਾਨਤਾ ਦਿੱਤੀ। ਇਨ੍ਹਾਂ ਸਾਰੀਆਂ ਧਾਰਮਕ ਵਿਵਸਥਾਵਾਂ ਦੇ ਪਵਿੱਤਰ ਗ੍ਰੰਥ, ਮਾਤਿਰਤਵ ਤੇ ਔਰਤਾਂ ਦੇ ਮਰਦਾਂ ਅਧੀਨ ਹੋਣ ਨੂੰ ਦੇਵੀ ਦੇਵਤਿਆਂ ਦੀ ਮਰਜ਼ੀ ਦੱਸਦੇ ਹਨ। ਨਾਲ ਹੀ ਨਾਲ ਸਿੱਖ ਧਰਮ ਵਰਗੇ ਹੋਰ ਧਰਮ ਹਨ, ਜੋ ਜਾਗੀਰੂ ਸਮਾਜਕ ਪ੍ਰਬੰਧ ਦੇ ਵਿਰੋਧ ਸਮੇਂ ਉਭਰੇ ਸਨ। ਮੁੱਖ ਧਾਰਮਕ ਵਿਵਸਥਾਵਾਂ ਦੇ ਅੰਦਰ ਵੀ ਕਈ ਵਿਰੋਧੀ ਪੰਥ ਸਨ ਜਿਵੇਂ ਪ੍ਰੋਟੇਸਟੇਂਟ ਧਰਮ ਵੀਰਾ ਸ਼ੈਵ ਧਰਮ ਅਤੇ ਭਗਤੀ ਪ੍ਰਮਪਰਾ। ਇਨ੍ਹਾਂ 'ਚੋਂ ਕੁਝ ਪੰਥਾਂ ਦੀਆਂ ਔਰਤਾਂ ਸੰਤ ਸਨ ਜਿਵੇਂ ਅਕੱਮਾ ਅਤੇ ਮੀਰਾ ਬਾਈ। ਹਾਲਾਂਕਿ ਇਨ੍ਹਾਂ ਸੁਧਾਰਵਾਦੀ ਅੰਦੋਲਨਾਂ ਨੇ ਪਿੱਤਰ ਸੱਤਾ ਦੇ ਕੁਝ ਵਿਹਾਰਾਂ ਦਾ ਵਿਰੋਧ ਕੀਤਾ ਸੀ ਅਤੇ ਔਰਤਾਂ ਸਬੰਧੀ ਪ੍ਰਗਤੀਸ਼ੀਲ ਭੂਮਿਕਾ ਨਿਭਾਈ ਸੀ ਪਰ ਉਨ੍ਹਾਂ ਨੇ ਧਰਮ ਵੱਲੋਂ ਸਥਾਪਿਤ ਬੁਨਿਆਦੀ ਪਿੱਤਰ ਸੱਤਾਵਾਦੀ ਸਿਧਾਂਤਾਂ 'ਤੇ ਸੁਆਲ ਨਹੀਂ ਉਠਾਇਆ। ਸ਼ੁਰੂਆਤੀ ਸੁਧਾਰਵਾਦੀ ਉਭਾਰ ਪਿੱਛੋਂ ਉਹ ਜਲਦੀ ਹੀ ਮਰਦਾਵੀਂ ਚੌਧਰਵਾਦੀ ਵਿਚਾਰਾਂ ਦੇ ਬੇਸ਼ਰਮ ਵਾਹਕ ਬਣ ਗਏ। ਧਰਮ ਵੱਲੋਂ ਔਰਤਾਂ ਨੂੰ ਦਿੱਤੇ ਗਏ ਆਦਰਸ਼ਵਾਦੀ ਹੱਲ ਦੇ ਕਾਰਨ ਅਤੇ ਉਨ੍ਹਾਂ ਵੱਲੋਂ ਖਾਨਦਾਨ ਦੇ ਮੁਖੀ ਨੂੰ ਰੱਬ ਵੱਲੋਂ ਥਾਪਿਆ ਅਤੇ ਮਰਦ ਦੇ ਗਲਬੇ ਨੂੰ ਮਾਨਤਾ ਦੇਣ ਕਾਰਨ, ਔਰਤਾਂ ਲਈ ਧਰਮ ਰਾਹੀਂ ਮੁਕਤੀ ਦਾ ਰਾਹ ਪਾਉਣਾ ਅਸੰਭਵ ਹੈ। ਅਸਲ ਵਿਚ, ਇਨਕਲਾਬੀ ਔਰਤ ਅੰਦੋਲਨਾਂ ਦਾ ਇਕ ਕਾਰਜ ਹੈ, ਵੱਖ ਵੱਖ ਧਾਰਮਿਕ ਵਿਵਸਥਾਵਾਂ 'ਚ ਸਥਾਪਤ ਪਿੱਤਰਸੱਤਾਵਾਦੀ ਧਾਰਨਾਵਾਂ ਨਾਲ ਲੜਨਾ।

ਧਰਮ ਦਾ ਕੱਟੜਪੰਥੀ ਅਤੇ ਡਰਾਉਣਾ ਔਰਤ ਵਿਰੋਧੀ ਚਿਹਰਾ ਉਦੋਂ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਜਦ ਇਹ ਫਾਸ਼ੀਵਾਦੀ ਹੋ ਜਾਂਦਾ ਹੈ। ਅਜਿਹੇ ਸਮਿਆਂ 'ਚ, ਜਿਹੋ ਜਿਹਾ ਕਿ ਭਾਰਤ 'ਚ ਹਿੰਦੂ ਫਿਰਕਾਪ੍ਰਸਤੀ ਦਾ ਮਾਮਲਾ ਹੈ, ਧਰਮ ਘੱਟ ਗਿਣਤੀਆਂ ਲੁੱਟੀਆਂ ਜਾਂਦੀਆਂ ਜਾਤੀਆਂ ਅਤੇ ਜਮਹੂਰੀ ਤਾਕਤਾਂ ਨੂੰ ਭਰਪੂਰ ਕੋਸ਼ਿਸ਼ਾਂ ਰਾਹੀਂ ਨਿਸ਼ਾਨਾ ਬਣਾਇਆ ਜਾਂਦਾ ਹੈ। ਉਹ ਸੰਘਰਸ਼ ਰਾਹੀਂ ਹਾਸਲ ਨਾ ਮਾਤਰ ਅਧਿਕਾਰਾਂ ਨੂੰ ਵੀ ਖੋਹਣ ਦੀ ਕੋਸ਼ਿਸ਼ ਕਰਦੇ ਹਨ। ਹਿੰਦੂਤਵ ਦੀ ਪੂਰੀ ਕੋਸ਼ਿਸ਼ ਹੈ ਕਿ ਭਾਰਤੀ ਔਰਤਾਂ ਨੂੰ ਸੀਤਾ ਅਤੇ ਸਵਿਤਰੀ ਬਣਾਇਆ ਜਾਵੇ। ਆਰ. ਐਸ. ਐਸ. ਦੀ

ਅਗਵਾਈ 'ਚ ਚਲ ਰਹੀ ਹਿੰਦੂਵਾਦੀ ਬ੍ਰਿਗੇਡ ਨੇ ਭਾਰਤੀ ਔਰਤਾਂ ਦੀ ਚੇਤੰਨਤਾ ਨੂੰ ਫਿਰ ਤੋਂ ਢਾਲਣ ਦੇ ਲਈ ਇਕ ਲਗਾਤਾਰ ਮੁਹਿੰਮ ਚਲਾਈ ਹੈ। ਉਨ੍ਹਾਂ ਅਨੁਸਾਰ ਹਿੰਦੂ ਔਰਤਾਂ ਨੂੰ ਖੁਦ ਨੂੰ ਰਸੋਈ, ਬੱਚਿਆਂ ਤੇ ਧਰਮ ਤੱਕ ਸੀਮਤ ਰੱਖਣਾ ਚਾਹੀਦਾ ਹੈ। ਪਤੀ ਪ੍ਰਤੀ ਵਫ਼ਾਦਾਰ ਹੋਣਾ ਚਾਹੀਦਾ ਹੈ ਅਤੇ ਉਸ ਦੀ ਪੂਜਾ ਕਰਨੀ ਚਾਹੀਦੀ ਹੈ। 'ਪਵਿੱਤਰਤਾ', 'ਸੁਰੱਖਿਆ' ਅਤੇ "ਨੈਤਿਕਤਾ" ਦੇ ਨਾਂ 'ਤੇ ਔਰਤਾਂ ਦਾ ਸਮਾਜਕ ਬਾਈਕਾਟ ਕਰਨ ਨੂੰ ਕਿਹਾ ਜਾਂਦਾ ਹੈ। ਮਨੂੰ ਸਮਰਿਤੀ ਨੂੰ ਮਾਨਤਾ ਦਿੰਦਿਆਂ, ਆਰ. ਐਸ. ਐਸ. ਦੀ ਵਿਚਾਰਧਾਰਾ, ਪਰਿਵਾਰ ਤੇ ਰਾਜ ਲਈ ਤਿਆਗ ਦੀਆਂ ਧਾਰਨਾਵਾਂ ਰਾਹੀਂ, ਔਰਤਾਂ ਨੂੰ ਦਬਾਉਣ ਅਤੇ ਉਨ੍ਹਾਂ 'ਤੇ ਹਕੂਮਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਿਛਾਖੜੀ ਭਗਵਾਨ ਅਤੇ ਨੀਮ-ਸਰਮਾਏਦਾਰੀ ਔਰਤਾਂ ਦੇ ਨਾਲ ਉਸ ਨੇ ਦੁਰਗਾਵਾਹਿਨੀ ਅਤੇ ਭਾਰਤੀ ਮਹਿਲਾ ਮੋਰਚਾ ਵਰਗੇ ਸੰਗਠਨਾਂ ਦੀ ਉਸਾਰੀ ਕੀਤੀ ਹੈ। ਜੋ "ਹਿੰਦੂ" ਰੀਤੀ-ਰਿਵਾਜ, 'ਹਿੰਦੂ' ਧਰਮ ਤੇ "ਹਿੰਦੂ" ਰਾਸ਼ਟਰ ਦੇ ਨਕਾਬ ਵਿਚ ਔਰਤ ਵਿਰੋਧੀ ਤੇ ਲੋਕ ਵਿਰੋਧੀ ਮੁਹਿੰਮਾਂ ਦੀ ਅਗਵਾਈ ਕਰਦੇ ਹਨ। ਇਹ ਸੰਗਠਨ ਆਪਣੀਆਂ ਮਾਂ ਜਥੇਬੰਦੀਆਂ ਆਰ. ਐਸ. ਐਸ. ਬਜ਼ਰੰਗ ਦਲ ਆਦਿ ਦੇ ਨਾਲ ਦਹੇਜ ਪ੍ਰਥਾ ਨੂੰ ਜਾਇਜ਼ ਠਹਿਰਾਉਂਦੇ ਹਨ, ਸਤੀ ਦੀ ਮਹਿਮਾ ਕਰਦੇ ਹਨ ਅਤੇ ਫਿਰਕਾਪ੍ਰਸਤ ਤੇ ਜਾਤੀਵਾਦੀ ਹੋਣ ਦੇ ਨਾਤੇ ਕੱਟੜ ਔਰਤ ਵਿਰੋਧੀ ਹਨ ਕਿਉਂਕਿ ਇਹ ਮੁਸਲਮਾਨ ਔਰਤ ਦੇ ਨਾਲ ਬਦਤਮੀਜ਼ੀ ਤੇ ਬਲਾਤਕਾਰ ਦੇ ਪੱਖ 'ਚ ਅਤੇ ਉਚ ਜਾਤੀਆਂ ਦੇ ਮਰਦਾਂ ਰਾਹੀਂ ਦਲਿਤ ਔਰਤਾਂ ਦੇ ਬਲਾਤਕਾਰ ਦੇ ਪੱਖ 'ਚ ਵੀ ਬੋਲਦੇ ਹਨ। ਸਤੀ ਤੋਂ ਇਲਾਵਾ ਇਹ ਬਾਲ-ਵਿਆਹ, ਡਾਇਨ ਪ੍ਰਥਾ ਅਤੇ ਦੇਵਦਾਸੀ ਵਿਵਸਥਾ ਵਰਗੇ ਔਰਤ ਵਿਰੋਧੀ ਵਿਹਾਰਾਂ ਨੂੰ ਉਤਸ਼ਾਹਿਤ ਤੇ ਮੁੜ-ਸੁਰਜੀਤ ਕਰਦੇ ਹਨ।

ਹਿੰਦੂ ਫਿਰਕਾਪ੍ਰਸਤੀ ਦੇ ਖਤਰੇ ਦੇ ਨਾਲ ਧਰਮ ਦੇ ਪਿਛਾਖੜੀ ਸਾਰ ਦਾ ਸਿੱਟਾ ਹੈ ਮੁਸਲਿਮ ਧਾਰਮਕ ਕੱਟੜਪੰਥ ਦਾ ਵਿਕਾਸ ਸ਼ਰੀਅਤ ਦੇ ਨਾਂ 'ਤੇ ਇਹ ਜਾਤੀ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਇਸ ਲਈ ਉਸ ਔਰਤ ਦੇ ਜੋ ਵੀ ਬੱਚੇ ਹੋਣਗੇ ਉਨ੍ਹਾਂ ਨੂੰ ਕੋਈ ਜਾਇਦਾਦ ਨਹੀਂ ਮਿਲਣੀ। ਇਸ ਤੋਂ ਜ਼ਾਹਿਰ ਹੈ ਕਿ ਕਿਸ ਤਰ੍ਹਾਂ ਨਾਲ ਪੀੜਤ ਜਾਤੀਆਂ ਨੂੰ ਉੱਚ ਜਾਤੀਆਂ ਦੀ ਜਾਇਦਾਦ 'ਤੇ ਅਜ਼ਾਰੇਦਾਰੀ 'ਚ ਹਿੱਸੇਦਾਰੀ ਦੀ ਮੰਨਜ਼ੂਰੀ ਨਹੀਂ ਹੈ।

ਸਭ ਪੀੜਤ ਔਰਤਾਂ 'ਚ ਦਲਿਤ ਔਰਤਾਂ ਸਭ ਤੋਂ ਵੱਧ ਪੀੜਤ ਹਨ ਅਤੇ ਉਹ ਸਮਾਜਕ ਕੰਮ 'ਚ ਸਭ ਤੋਂ ਹੇਠਾਂ ਹਨ। ਦਲਿਤ ਔਰਤਾਂ, ਜਿਨ੍ਹਾਂ ਦੀ ਵਿਸ਼ਾਲ ਬਹੁ-ਗਿਣਤੀ ਫਿਰਕੇ ਵਜੋਂ ਗਰੀਬ ਤੇ ਜਾਇਦਾਦ ਤੋਂ ਵਾਂਝੀ ਹੈ। ਸਿਰਫ ਜਮਾਤੀ ਲੁੱਟ ਘਸੁੱਟ ਦੀ ਹੀ ਨਹੀਂ ਬਲਕਿ ਨੰਗੇ ਚਿੱਟੇ ਪਿੱਤਰਸੱਤਾਵਾਦੀ ਰੁਖ ਦੇ ਨਾਲ ਜਾਤੀ ਦਾਬੇ ਨੂੰ ਵੀ ਝਲਦੀ ਹੈ। ਇਹ ਦਲਿਤ ਔਰਤਾਂ ਹੀ ਹਨ ਜੋ ਪਿੰਡਾਂ 'ਚ ਅਸ਼ਲੀਲ ਛੇੜਖਾਨੀ ਦੇ ਸਭ ਤੋਂ ਭੱਦੇ ਰੂਪਾਂ ਅਤੇ ਬਲਾਤਕਾਰਾਂ ਨੂੰ ਝਲਦੀਆਂ ਹਨ, ਜਿਨ੍ਹਾਂ ਨੂੰ ਨੰਗਾ ਘੁਮਾਇਆ ਜਾਂਦਾ ਹੈ। ਡਾਇਨ ਕਹਿ ਕੇ ਪੱਥਰਾਂ ਨਾਲ ਮਾਰ ਦਿੱਤਾ ਜਾਂਦਾ ਹੈ ਉਚ ਜਾਤੀ ਵਰਗ ਦੇ ਮਰਦਾਂ ਦੀ ਵਾਸ਼ਨਾ ਨੂੰ ਸੰਤੁਸ਼ਟ ਕਰਨ ਲਈ ਜਿਨ੍ਹਾਂ ਨੂੰ ਦੇਵਦਾਸੀ ਬਣਾ ਦਿੱਤਾ ਜਾਂਦਾ ਹੈ ਅਤੇ ਜੋ ਜਾਤੀ ਤੇ ਸਰਕਾਰੀ ਹਿੰਸਾ ਦੀਆਂ ਲਗਾਤਾਰ ਸ਼ਿਕਾਰ ਬਣਦੀਆਂ ਹਨ।

ਇਸ ਤਰ੍ਹਾਂ ਜਾਤੀ ਇਕ ਅਜਿਹੀ ਸੰਸਥਾ ਹੈ ਜੋ ਪਿੱਤਰਸੱਤਾ ਨੂੰ ਉਤਸ਼ਾਹਿਤ

ਕਰਨ 'ਚ ਮਦਦ ਦਿੰਦੀ ਹੈ। ਇਹ ਪਿੱਤਰਸੱਤਾ 'ਤੇ ਪਲਦੀ ਹੈ ਅਤੇ ਬਦਲੇ 'ਚ ਪਿੱਤਰਸੱਤਾ ਇਸ ਤੇ ਪਲਦੀ ਹੈ। ਦੋਹਾਂ ਦਾ ਇਕ ਸਹਿਜੀਵੀ ਰਿਸ਼ਤਾ ਹੈ ਅਤੇ ਲੁਟੇਰੇ ਹਾਕਮਾਂ ਦੀ ਜਮਾਤ ਇਨ੍ਹਾਂ ਦੋਹਾਂ ਨੂੰ ਸੁਚੇਤ ਰੂਪ 'ਚ ਟਿਕਾਈ ਰੱਖਦੀ ਹੈ। ਜਮਾਤੀ ਲੜਾਈ ਨੂੰ ਤੇਜ਼ ਕਰਨ ਦੇ ਨਾਲ-ਨਾਲ ਜਾਤੀ ਪ੍ਰਬੰਧ ਦਾ ਖਾਤਮਾ ਅਤੇ ਉਸ ਦੇ ਸਭ ਤੋਂ ਜ਼ਾਲਮ ਚਿਹਰੇ, ਛੂਤਛਾਤ ਨੂੰ ਨਸ਼ਟ ਕਰਨਾ ਵੀ ਇਨਕਲਾਬੀ ਔਰਤ ਅੰਦੋਲਨ ਦੀ ਚਿੰਤਾ ਹੋਣੀ ਚਾਹੀਦੀ ਹੈ।

**ਕਾਨੂੰਨ** - ਕਿਸੇ ਵੀ ਸਮਾਜ ਦੀ ਕਨੂੰਨ ਵਿਵਸਥਾ, ਹਾਕਮ ਜਮਾਤ ਦੀ ਜਾਇਦਾਦ ਦੀ ਰਾਖੀ ਕਰਨ, ਇਸ ਜਾਇਦਾਦ ਨੂੰ ਹੋਰ ਇਕੱਠਾ ਕਰਨ 'ਚ ਰੁਕਾਵਟਾਂ ਨੂੰ ਹਟਾਉਣ ਲਈ ਅਤੇ ਜਾਇਦਾਦ ਤੋਂ ਵਾਂਝਿਆਂ ਵੱਲੋਂ ਜਾਇਦਾਦ ਮਾਲਕ ਖਿਲਾਫ ਸੰਘਰਸ਼ਾਂ, ਅੰਦੋਲਨਾਂ, ਬਗਾਵਤਾਂ ਤੇ ਵਿਦਰੋਹਾਂ ਨੂੰ ਕੁਚਲਣ ਲਈ ਬਣਾਈ ਜਾਂਦੀ ਹੈ। ਜਾਗੀਰੂ ਤੇ ਪੂੰਜੀਵਾਦੀ ਸਮਾਜਾਂ ਦੇ ਕਨੂੰਨ ਪਿੱਤਰਸੱਤਾ ਨੂੰ ਵੀ ਉਤਸ਼ਾਹਿਤ ਕਰਦੇ ਹਨ। ਬੁਰਜੂਆ ਕਨੂੰਨ, ਜਮਹੂਰੀਅਤ ਦੇ ਨਾਂ 'ਤੇ ਬੁਰਜੂਆ ਦੀ ਤਾਨਾਸ਼ਾਹੀ ਨੂੰ ਯਕੀਨੀ ਬਣਾਉਣ ਦਾ ਸਿਰਫ ਇਕ ਹੋਰ ਜ਼ਰੀਆ ਸੀ। ਕਿਸੇ ਵੀ ਬੁਰਜੂਆ ਸਮਾਜ ਦੀ ਕਾਨੂੰਨ ਵਿਵਸਥਾ 'ਚ, ਉਪਰੀ ਚੇਹਰੇ ਅਤੇ ਸਾਰ ਵਿਚ ਇਹ ਅੰਤਰ ਵਿਰੋਧ ਸ਼ਾਮਲ ਰਹਿੰਦਾ ਹੈ।

ਔਰਤ ਸੁਆਲ ਲਈ ਇਹ ਵੀ ਸੱਚ ਹੈ। ਦਹੇਜ ਹਤਿਆਵਾਂ, ਬਲਾਤਕਾਰ, ਪਤਨੀ ਨੂੰ ਕੁੱਟਣਾ, ਛੇੜਖਾਨੀ, ਲਿੰਗ ਅਧਾਰਤ ਅਸ਼ਲੀਲ ਜਬਰ, ਅਸ਼ਲੀਲ ਸਾਹਿਤ ਵੇਸ਼ਵਾ ਬਿਰਤੀ ਅਤੇ ਔਰਤਾਂ ਦੇ ਵਪਾਰ, ਸਤੀ ਹਤਿਆਵਾਂ, ਬਾਲ-ਵਿਆਹ, ਫੈਕਟਰੀਆਂ 'ਚੋਂ ਵਿਆਹੀਆਂ ਔਰਤਾਂ ਦੀ ਛਾਂਟੀ, ਔਰਤ ਫੈਕਟਰੀ ਮਜ਼ਦੂਰਾਂ ਨੂੰ ਕੰਮ ਤੋਂ ਕੱਢ ਦੇਣਾ ਤਲਾਕ ਦੇ ਅਮਲ ਨੂੰ ਨਿਰਾਸ਼ਾਜਨਕ ਰੂਪ ਨਾਲ ਗੁੰਝਲਦਾਰ ਤੇ ਲੰਬਾ ਬਣਾਉਣਾ ਔਰਤਾਂ ਨੂੰ ਜਾਇਦਾਦ 'ਚੋਂ ਹਿੱਸਾ ਨਾ ਦੇਣ ਆਦਿ 'ਚ ਕਾਨੂੰਨੀ ਸਹਿਭਾਗੀ ਸਾਬਤ ਹੋਇਆ ਹੈ। ਨੰਗੇ ਚਿੱਟੇ ਰੂਪ ਨਾ ਨਜ਼ਾਇਜ ਕਨੂੰਨ ਜਿਵੇਂ ਕਿ ਕਨੂੰਨੀ ਤਲਾਕ ਤੋਂ ਪਹਿਲਾਂ ਸਰੀਰਕ ਸਬੰਧ ਦਾ ਅਧਿਕਾਰ, ਜਿਸ ਦਾ ਯਤਨ ਪਤੀ ਦੀ ਸੈਕਸ ਜ਼ਰੂਰਤ ਪੂਰੀ ਕਰਨ ਲਈ ਔਰਤ ਨੂੰ ਜਬਰਦਸਤੀ ਤਿਆਰ ਕਰਦਾ ਹੈ, ਵੀ ਹੋਂਦ ਵਿਚ ਹੈ।

ਇਸ ਤੋਂ ਇਲਾਵਾ ਅਖੌਤੀ 'ਧਰਮ ਦੀ ਅਜ਼ਾਦੀ' ਨੇ ਜੋ ਦੈਵਿਕ ਪ੍ਰਣਾਲੀ ਵਜੋਂ ਔਰਤ ਤੇ ਦਾਬੇ ਨੂੰ ਬਰਕਰਾਰ ਰੱਖਦੀ ਹੈ ਅਤੇ ਜਾਇਜ਼ ਠਹਿਰਾਉਂਦੀ ਹੈ ਔਰਤਾਂ ਨੂੰ ਜਾਇਦਾਦ 'ਚ ਬਰਾਬਰ ਦੇ ਅਧਿਕਾਰ ਦੀ ਮਨਾਹੀ ਕੀਤੀ ਹੈ। ਪਰਿਵਾਰ ਅੰਦਰ ਬਰਾਬਰ ਅਧਿਕਾਰ, ਵਿਆਹ ਤੋਂ ਪਿੱਛੋਂ ਔਰਤਾਂ ਦੇ ਰਹਿਣ ਦਾ ਫੈਸਲਾ ਲੈਣ ਦਾ ਅਧਿਕਾਰ, ਕੁਝ ਦੇ ਲਈ ਗੁਜ਼ਾਰੇ ਭੱਤੇ ਦਾ ਅਧਿਕਾਰ, ਕੁਝ ਦੇ ਲਈ ਤਲਾਕ ਦਾ ਅਧਿਕਾਰ, ਅਤੇ ਕੁਝ ਦੇ ਲਈ ਗੋਦ ਲੈਣ ਦਾ ਅਧਿਕਾਰ ਆਦਿ 'ਤੇ ਇਸ ਨੇ ਰੋਕ ਲਾਈ ਹੈ। ਇਸ ਅਨੁਸਾਰ ਕਿਸ ਫਿਰਕੇ ਤੋਂ ਔਰਤ ਆਉਂਦੀ ਹੈ ਇਸ 'ਤੇ ਨਿਰਭਰ, ਔਰਤਾਂ ਦੇ ਅਧਿਕਾਰ ਵੱਖ ਵੱਖ ਵਿਅਕਤੀਗਤ ਕਨੂੰਨਾਂ ਰਾਹੀਂ ਕੰਟਰੋਲ ਹੁੰਦੇ ਹਨ ਅਤੇ ਕੱਟੇ ਜਾਂਦੇ ਹਨ। ਇਸ ਤਰ੍ਹਾਂ ਉਪਰੋਕਤ ਸਾਰੇ ਕਨੂੰਨ ਹਾਲਾਂਕਿ ਔਰਤਾਂ ਦੇ ਲਗਾਤਾਰ ਸੰਘਰਸ਼ਾਂ ਦੀ ਵਜ੍ਹਾ ਕਾਰਨ ਹੀ ਹੋਂਦ 'ਚ ਆਏ ਹਨ ਅਤੇ ਇਨ੍ਹਾਂ ਨੂੰ ਬਣਾਉਣ ਦੇ ਪਿੱਛੇ ਲੁਟੇਰੇ ਹਾਕਮ ਦਾ ਮੰਤਵ ਸਿਰਫ ਔਰਤਾਂ ਨੂੰ ਧੋਖਾ ਦੇਣਾ, ਉਨ੍ਹਾਂ ਅੰਦਰ ਮੌਜੂਦਾ

ਸੱਤਾ ਪ੍ਰਤੀ ਮੋਹ ਪੈਦਾ ਕਰਨਾ ਅਤੇ ਉਨ੍ਹਾਂ ਤੇ ਉਨ੍ਹਾਂ ਦੇ ਸੰਘਰਸ਼ ਨੂੰ ਮੌਜੂਦਾ ਸੱਤਾ ਪ੍ਰਤੀ ਮੋਹ ਪੈਦਾ ਕਰਨਾ ਅਤੇ ਉਨ੍ਹਾਂ ਤੇ ਉਨ੍ਹਾਂ ਦੇ ਸੰਘਰਸ਼ ਨੂੰ ਇਸ ਵਿਚ ਫਸਾ ਕੇ ਗੁਮਰਾਹ ਕਰਨਾ ਹੈ। ਸਾਨੂੰ ਇਕ ਪਾਸੇ ਇਨ੍ਹਾਂ ਦੀ ਵਰਤੋਂ ਕਰਕੇ ਇਨਕਲਾਬੀ ਔਰਤ ਅੰਦੋਲਨ ਅਤੇ ਸਾਮਰਾਜਵਾਦ-ਜਾਗੀਰਵਾਦੀ ਵਿਰੋਧੀ ਇਨਕਲਾਬੀ ਯੁੱਧ ਵਿਚ ਔਰਤਾਂ ਦੀ ਵਿਆਪਕ ਭਾਗੀਦਾਰੀ ਦੀ ਦਿਸ਼ਾ 'ਚ ਔਰਤਾਂ ਨੂੰ ਕਦਮ-ਬ-ਕਦਮ ਲੈ ਜਾਣਾ ਹੋਵੇਗਾ। ਦੂਜੇ ਪਾਸੇ ਸਾਨੂੰ ਇਨ੍ਹਾਂ ਦੇ ਖੋਖਲੇਪਣ ਤੇ ਢਕੌਂਜ ਦਾ ਪਰਦਾਫਾਸ਼ ਵੀ ਕਰਨਾ ਹੋਵੇਗਾ। ਹਿੰਦੂ ਫਿਰਕਾਪ੍ਰਸਤ ਸ਼ਕਤੀਆਂ ਨੇ ਧਾਰਮਕ ਘੱਟ ਗਿਣਤੀ ਸਮਾਜ (ਮੁਸਲਮਾਨ, ਇਸਾਈ) ਦੀ ਹੋਂਦ ਨੂੰ ਦਬਾਉਣ ਲਈ ਬਰਾਬਰ ਨਾਗਰਿਕ ਕਾਨੂੰਨ ਦੀ ਮੰਗ ਬੁਲੰਦ ਕੀਤੀ ਹੈ। ਇਹ ਹਿੰਦੂ ਕਨੂੰਨ ਨੂੰ ਹੀ ਉਨ੍ਹਾਂ 'ਤੇ ਜਬਰੀ ਠੋਸਨ ਦਾ ਉਨ੍ਹਾਂ ਦੀ ਉਜੱਡ ਕੋਸ਼ਿਸ਼ ਹੈ। ਔਰਤ ਅੰਦੋਲਨ ਨੂੰ ਉਸ ਦੀ ਇਸ ਰਾਜਸੀ ਚਾਲ ਦਾ ਵਿਰੋਧ ਕਰਨਾ ਪਵੇਗਾ। ਅਤੇ ਘੱਟ ਗਿਣਤੀ ਔਰਤਾਂ ਵੱਲੋਂ ਉਨ੍ਹਾਂ ਦੇ ਵਿਅਕਤੀਗਤ ਕਨੂੰਨਾਂ 'ਚ ਸੁਧਾਰ ਦੀਆਂ ਕੋਸ਼ਿਸ਼ਾਂ ਦੀ ਹਮਾਇਤ ਕਰਨੀ ਹੋਵੇਗੀ।

**ਮਾਤਰਤਿਵ** - ਮਾਤਰਤਿਵ ਦੀ ਧਾਰਨਾ ਦੇ ਕੇਂਦਰ ਵਿਚ ਇਹ ਧਾਰਨਾਵਾਂ ਹਨ ਕਿ ਬੱਚੇ ਪੈਦਾ ਕਰਨਾ ਅਤੇ ਪਾਲਣਾ, ਔਰਤ ਦੀ ਜ਼ਿੰਦਗੀ 'ਚ ਮੁੱਖ ਕਾਰਜ ਤੇ ਗੁਣ ਹਨ। ਔਰਤ ਦੇ ਸਰੀਰ ਦੀ ਸਰੀਰਕ ਬਣਤਰ ਦੇ ਕਾਰਨ ਬਿਨਾ ਸ਼ੱਕ, ਸੰਤਾਨ ਦੀ ਉਤਪਤੀ 'ਚ ਔਰਤ ਦੀ ਇਕ ਵੱਡੀ ਭੂਮਿਕਾ ਹੈ। ਪਰ ਮਾਤਰਤਿਵ ਇਸ ਤੇ ਇਹ ਜ਼ੋਰ ਦੇਣ ਲੱਗਦਾ ਹੈ ਕਿ ਔਰਤਾਂ ਦਾ ਸਮਾਜਕ ਉਦੇਸ਼ ਹੀ ਬੱਚੇ ਪੈਦਾ ਕਰਨਾ ਹੈ ਅਤੇ ਜ਼ਿੰਦਗੀ ਭਰ ਉਨ੍ਹਾਂ ਨੂੰ ਪਾਲਣਾ ਹੈ।

ਮਾਤਰਤਿਵ, ਜਿਵੇਂ ਕਿ ਅੱਜ ਪ੍ਰਚਲਿਤ ਹੈ, ਇਕ ਪਿੱਤਰ ਸੱਤਾਵਾਦੀ ਧਾਰਣਾ ਹੈ ਅਤੇ ਜਾਗੀਰਵਾਦੀ ਦੇ ਸਮੁੱਚੇ ਅਰਸੇ 'ਚ ਖਾਸ ਤੌਰ 'ਤੇ ਇਸ 'ਤੇ ਜ਼ੋਰ ਦਿੱਤਾ ਗਿਆ ਸੀ। 'ਮਾਤਰਿਤਵ' ਨੂੰ ਜਮਾਤੀ ਪੂਰਵ ਧਰਾਨਾਵਾਂ, ਜੋ ਦੇਵੀ ਮਾਂ ਦੀਆਂ ਮੂਰਤੀਆਂ ਤੋਂ ਸਪੱਸ਼ਟ ਹੈ। ਪੂਰੀ ਤਰ੍ਹਾਂ ਅਲੱਗ ਸੋਚ ਦੀ ਨੁਮਾਇੰਦਗੀ ਕਰਦੀ ਹੈ। ਇਹ ਔਰਤ ਦੀ ਸੰਤਾਨ ਦੀ ਉਤਪਤੀ 'ਚ ਵਿਸ਼ੇਸ਼ ਯੋਗਤਾ ਅਤੇ ਭੂਮਿਕਾ ਅਨੁਸਾਰ, ਫਿਰਕੇ 'ਚ ਉਸ ਦੇ ਲਈ ਇੱਜ਼ਤ ਅਤੇ ਉੱਚੇ ਅਹੁਦੇ ਦਾ ਮੌਕਾ ਦਿੰਦੀ ਸੀ। ਬੱਚੇ ਪੈਦਾ ਕਰਨ 'ਚ ਔਰਤ ਦੀ ਵਾਧੂ ਜ਼ਿੰਮੇਵਾਰੀ ਇਕ ਸਮਾਜਕ ਤੌਰ 'ਤੇ ਮਿੱਥਿਆ ਕੰਮ (ਕਿਰਤ) ਸੀ ਅਤੇ ਉਸ ਸਮੇਂ ਮੌਜੂਦ ਮਾਤਰਿਤਵ ਦੀ ਧਾਰਨਾ ਉਸ ਨੂੰ ਦੂਜੇ ਤਰੀਕੇ ਤੋਂ ਰੋਕਣ ਦੀ ਕੋਸ਼ਿਸ਼ ਨਹੀਂ ਕਰਦੀ ਸੀ। ਪਰ ਜਮਾਤੀ ਸਮਾਜ 'ਚ ਮਾਤਰਿਤਵ ਦੀ ਧਾਰਨਾ ਔਰਤ ਦੇ ਨਜ਼ਰੀਏ ਨੂੰ ਤੰਗ ਦਿਲ ਕਰਦੀ ਅਤੇ ਸਮਾਜ 'ਚ ਉਸ ਦੀ ਭੂਮਿਕਾ ਪਰਿਵਾਰ ਤੱਕ ਸੀਮਤ ਕਰਦੀ ਹੈ।

ਵਿਆਹ ਦੀ ਇਕਹਰੀ ਵਿਵਸਥਾ ਤਹਿਤ, ਕੁਦਰਤੀ ਅਰਥਚਾਰੇ, ਨਿੱਜੀ ਜਾਇਦਾਦ ਤੇ ਜਮਾਤੀ ਲੁੱਟ ਦੇ ਮਹੌਲ 'ਚ, ਕਿਸੇ ਵੀ ਮਰਦ ਦੇ ਪੁੱਤਰਾਂ ਦੀ ਗਿਣਤੀ, ਉਸ ਦੀ ਜਾਇਦਾਦ ਅਤੇ ਤਾਕਤ ਦਾ ਨਿਸ਼ਚਤ ਸੰਕੇਤ ਸੀ।

ਸਥਿਤੀ ਨੂੰ ਹੋਰ ਬਦਤਰ ਕਰਦਿਆਂ, ਇਹ ਨਹੀਂ ਭੁਲਣਾ ਚਾਹੀਦਾ ਕਿ ਮਾਤਰਿਤਵ ਨੂੰ ਤਾਂ ਹੀ ਮਾਣਤਾ ਦਿੱਤੀ ਜਾਂਦੀ ਹੈ ਜੋ ਔਰਤ ਦੇ ਬੱਚੇ ਪੁੱਤਰ ਹੋਣ। ਜੋ ਔਰਤਾਂ ਬੱਚੇ ਪੈਦਾ ਨਹੀਂ ਕਰ ਸਕਦੀਆਂ ਸਨ, ਉਨ੍ਹਾਂ ਬਾਂਝ ਐਲਾਨ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਜ਼ਿੰਦਗੀ ਇਕ ਨਰਕ ਬਣ ਜਾਂਦੀ ਸੀ। ਪਿੱਤਰਸੱਤਾਵਾਦੀ ਪੂਰਵ

ਧਾਰਨਾ ਦੇ ਹਿਸਾਬ ਨਾਲ, ਔਰਤ 'ਬਾਝ' ਹੁੰਦੀ ਹੈ ਅਤੇ ਮਰਦ ਨਹੀਂ। ਪਿੱਤਰਸੱਤਾਵਾਦੀ ਮਾਹੌਲ ਦੇ ਕਾਰਨ, ਬੱਚੇ ਦਾ ਜਾਂ ਬੇਟੇ ਦਾ ਨਾ ਹੋਣਾ, ਮਰਦਾਂ ਨੂੰ ਦੂਜੀ ਜਾਂ ਤੀਜੀ ਸ਼ਾਦੀ ਕਰਨ ਲਈ ਇਕ ਤਿਆਰ ਬਹਾਨਾ ਦੇ ਦਿੰਦਾ ਹੈ।

ਮਾਤਰਤਿਵ ਦੀ ਧਾਰਨਾ ਬੁਨਿਆਦੀ ਤੌਰ 'ਤੇ ਉੱਚ ਵਰਗ ਦੀਆਂ ਔਰਤਾਂ ਨੂੰ ਸਮਾਜਕ ਤੌਰ 'ਤੇ ਵੱਖ ਕਰਨ ਦਾ ਕੰਮ ਕਰਦੀ ਹੈ ਅਤੇ ਹਾਲਾਂ ਕਿ ਪੀੜਤ ਜਮਾਤ ਦੀਆਂ ਔਰਤਾਂ ਦੀ ਵਿਸ਼ਾਲ ਬਹੁ ਗਿਣਤੀ ਸਮਾਜਕ ਪੈਦਾਵਾਰ 'ਚ ਲੱਗੀ ਹੋਈ ਹੈ, ਪਰ ਇਸ ਸਿਧਾਂਤਕ ਧਾਰਨਾ ਦਾ ਵਿਸਥਾਰ, ਅਰਥਚਾਰੇ 'ਚ ਉਨ੍ਹਾਂ ਦੀ ਭੂਮਿਕਾ ਨੂੰ ਘੱਟ ਕਰਨ ਲਈ ਹੋ ਗਿਆ ਹੈ। ਉਨ੍ਹਾਂ ਦੀ ਮੁੱਖ ਭੂਮਿਕਾ, ਪਰਿਵਾਰ 'ਚ ਪਤਨੀ ਅਤੇ ਮਾਂ ਦੇ ਰੂਪ 'ਚ ਵੇਖੀ ਜਾਂਦੀ ਹੈ। ਇਸ ਤਰ੍ਹਾਂ ਮਾਤਰਤਿਵ ਦੀ ਧਾਰਨਾ ਦੋਹਰੀ ਧਾਰ ਵਾਲਾ ਹਥਿਆਰ ਹੈ ਜੋ ਔਰਤਾਂ ਨੂੰ ਗਊ ਬਣਾ ਦਿੰਦੀ ਹੈ, ਉਨ੍ਹਾਂ ਨੂੰ ਪਰਿਵਾਰ ਨਾਲ ਬੰਨ ਕੇ ਰੱਖਦੀ ਹੈ ਅਤੇ ਨਾਲ ਹੀ ਨਾਲ ਉਨ੍ਹਾਂ ਦੀ ਮੁੱਢਲੇ ਤੌਰ 'ਤੇ ਗ੍ਰਹਿਣੀ ਦੇ ਅਕਸ ਨੂੰ ਜਾਗੀਰੂ ਅਤੇ ਪੂੰਜੀਵਾਦੀ ਦੋਨਾਂ ਉਤਪਾਦਨ ਪ੍ਰਣਾਲੀਆਂ 'ਚ, ਉਨ੍ਹਾਂ ਨੂੰ ਘੱਟ ਮਜ਼ਦੂਰੀ ਦੇਣ ਲਈ, ਘਰੇਲੂ ਉਤਪਾਦਨ ਰਾਹੀਂ ਅਰਥਚਾਰੇ 'ਚ ਉਸ ਦੇ ਯੋਗਦਾਨ ਨੂੰ ਨਕਾਰਨ ਲਈ ਵਰਤਿਆ ਜਾਂਦਾ ਹੈ। ਇਸ ਤੋਂ ਅੱਗੇ, ਖੂਬ ਚਰਚਾ 'ਚ ਆਏ ਮਾਤਰਤਿਵ ਦਾ ਸਿਧਾਂਤ ਔਰਤਾਂ ਦੀਆਂ ਅੱਖਾਂ 'ਚ ਘੱਟਾ ਪਾ ਦੇ ਬਜ਼ਾਰ ਤੇ ਮੁਨਾਫੇ ਦੀ ਅਸਿੱਧੀ ਸੇਵਾ 'ਚ ਮੁਫਤ ਘਰੇਲੂ ਮਜ਼ਦੂਰਾਂ ਵਜੋਂ ਉਨ੍ਹਾਂ ਦੀ ਨਿਰੰਤਰ ਲੁੱਟ ਉਨ੍ਹਾਂ ਤੋਂ ਲਕੋ ਕੇ ਰੱਖਦਾ ਹੈ।

ਇਸ ਲਈ ਇਨਕਲਾਬੀ ਔਰਤ ਅੰਦੋਲਨ ਲਈ ਇਹ ਲਾਜਮੀ ਹੈ ਕਿ ਉਹ ਮਾਤਰਤਿਵ ਦੀ ਇਸ ਧਾਰਨਾ 'ਤੇ ਸੁਆਲ ਉਠਾਏ ਜੋ ਜ਼ਿੰਦਗੀ 'ਚ ਔਰਤਾਂ ਦੇ ਸੰਘਰਸ਼ ਨੂੰ ਬੱਚੇ ਪੈਦਾ ਕਰਨ ਦੇ ਉਸ ਦੇ ਬੋਝ ਅਤੇ ਤੰਗ ਪਰਿਵਾਰਿਕ ਦਾਇਰੇ ਤੱਕ ਡੇਗ ਦਿੰਦਾ ਹੈ।

ਵਿਧਵਾ, ਅਣਵਿਆਹੀਆਂ ਤੇ ਇਕੱਲੀਆਂ ਔਰਤਾਂ – ਪਿੱਤਰਸੱਤਾ, ਖਾਸ ਤੌਰ 'ਤੇ ਜਗੀਰੂ ਕਿਸਮ ਦੀ, ਨੇ ਵਿਧਵਾਵਾਂ, ਅਣਵਿਆਹੀਆਂ ਔਰਤਾਂ ਤੇ ਇਕੱਲੀਆਂ ਔਰਤਾਂ ਪ੍ਰਤੀ ਕੱਟੜ ਰੁਝਾਣ ਵਿਕਸਤ ਕਰ ਦਿੱਤੇ ਹਨ। ਪੂੰਜੀਵਾਦ ਨੇ ਇਸ ਪ੍ਰਸੰਗ ਵਿਚ ਕੁਝ ਵੱਧ ਵਿਖਾਉਣ ਵਾਲੇ ਅਤੇ ਤੇਜ਼ ਅਧਾਰ ਨੂੰ ਕੁਝ ਛਾਂਟਿਆ ਹੈ। ਉਸ ਤਿੱਖੇ ਅਧਾਰ ਨੂੰ ਕੁੱਝ ਛਾਂਟਿਆ ਹੈ। ਇਸ ਤਰ੍ਹਾਂ ਇਸ ਨੇ ਉਸ ਦੇ ਰੂਪ 'ਚ ਕੁਝ ਤਬਦੀਲੀ ਭਾਵੇਂ ਹੀ ਕੀਤੀ ਹੈ, ਪਰ ਅੰਤਰ ਵਸਤੂ ਨੂੰ ਬਰਕਰਾਰ ਰੱਖਿਆ ਹੈ।

ਭਾਰਤੀ ਔਰਤ ਦਾ ਔਰਤ ਹੋਣ ਦੇ ਨਾਤੇ ਪਹਿਲਾਂ ਤੋਂ ਘੱਟ ਰੁਤਬਾ ਵਿਧਵਾਪਣ ਦੇ ਨਾਲ ਹੋਰ ਜ਼ਿਆਦਾ ਡਿੱਗ ਜਾਂਦਾ ਹੈ। ਸਤੀ ਪ੍ਰਥਾ ਉਹ ਸੀ ਜੋ ਭਾਰਤੀ ਜਾਗੀਰਦਾਰੀ ਨੇ ਔਰਤਾਂ ਲਈ ਪੈਦਾ ਕੀਤੀ। ਔਰਤ ਨੂੰ ਜਾਂ ਤਾਂ ਆਪਣੇ ਪਿਤਾ ਦੀ ਚਿਖਾ 'ਚ ਖੁਦ ਸੁੱਟ ਦੇਣਾ ਹੁੰਦਾ ਸੀ ਜਾਂ ਫਿਰ ਉਸ ਲਈ ਪੁੱਟੀ ਕਬਰ 'ਚ ਖੁਦ ਨੂੰ ਜਿੰਦਾ ਦਫਨਾ ਦੇਣਾ ਹੁੰਦਾ ਸੀ।

ਸੰਤਾਨ ਦੀ ਉਤਪਤੀ ਨੂੰ ਹੋਰ ਇਸ ਤਰ੍ਹਾਂ ਨਿੱਜੀ ਜਾਇਦਾਦ ਨੂੰ ਸਥਾਪਿਤ ਪਿੱਤਰਪੱਖੀ ਲੀਹ ਅਨੁਸਾਰ ਵਿਰਸੇ 'ਚ ਦੇਣ ਨੂੰ ਕੰਟਰੋਲ ਕਰਨ ਦਾ ਸਤੀ ਪ੍ਰਥਾ ਇਕ ਜ਼ਾਲਮ ਤਰੀਕਾ ਸੀ। ਇਸ ਉਦੇਸ਼ ਲਈ, ਬ੍ਰਾਹਮਣ ਵਿਧਵਾਵਾਂ ਨੂੰ ਗੰਜਾ ਕਰਦੇ ਸਨ ਅਤੇ ਉਸ ਦੇ ਗਹਿਣਿਆਂ, ਰੰਗ ਬਰੰਗੇ ਫੁੱਲਾਂ ਜਾਂ ਕੱਪੜਿਆਂ ਤੋਂ ਉਸ ਤੋਂ ਵਾਂਝਿਆਂ

ਕਰਦੇ ਸਨ। ਇਨ੍ਹਾਂ ਕਾਰਨਾਂ ਕਰਕੇ ਜਾਗੀਰੂ ਕਾਲ ਵਿਚ ਤਲਾਕ ਹੋਂਦ 'ਚ ਨਹੀਂ ਆਇਆ ਸੀ। ਵਿਆਹ ਸਾਰੀ ਜ਼ਿੰਦਗੀ ਅਤੇ ਉਸ ਤੋਂ ਬਾਅਦ ਤੱਕ ਦੇ ਲਈ ਸੀ। ਉਹ ਇਕ ਚਿਰ ਸਥਾਈ ਬੰਧਨ ਸੀ। ਪਰ ਪਿਛੜੀਆਂ ਜਾਤੀਆਂ, ਔਰਤਾਂ ਨੂੰ ਗੰਜਾ ਨਹੀਂ ਕਰਦੀਆਂ ਸਨ। ਜਾਤੀ ਤਰਤੀਬ ਦੇ ਸਭ ਤੋਂ ਹੇਠਾਂ ਦੀਆਂ ਦੱਬੀਆਂ ਕੁਚਲੀਆਂ ਜਾਤੀਆਂ ਦੋਨਾਂ 'ਚੋਂ ਕੁਝ ਵੀ ਨਹੀਂ ਕਰਦੀਆਂ ਸਨ। ਕਾਰਨ ਇਹ ਕਿ ਉਨ੍ਹਾਂ ਕੋਲ ਵਿਰਸੇ 'ਚ ਦੇਣ ਲਈ ਜਾਇਦਾਦ ਵਜੋਂ ਵਿਧਵਾ ਮੁੜ-ਵਿਆਹ ਦਾ ਰਿਵਾਜ ਸੀ ਅਤੇ ਉਨ੍ਹਾਂ ਦੀ ਇਕ ਤਲਾਕ, ਮਰਿਆਦਾ ਸੀ। ਭਾਰਤ 'ਚ ਸਤੀ-ਪ੍ਰਥਾ ਅਤੇ ਵਿਧਵਾ ਨੂੰ ਗੰਜਾ ਕਰਨਾ ਆਮ ਤੌਰ 'ਤੇ ਫਿੱਕਾ ਪੈ ਗਿਆ ਹੈ। ਪਰ ਹਿੰਦੂ ਫਿਰਕਾਪ੍ਰਸਤ ਮਰਦ ਫਾਸ਼ੀਵਾਦੀ ਜਿਨ੍ਹਾਂ ਨੇ ਰੂਪ ਕੰਵਰ ਨੂੰ ਜਿੰਦਾ ਸਾੜ ਦਿੱਤਾ, ਇਤਿਹਾਸ ਦੇ ਪਹੀਆਂ ਨੂੰ ਪੁੱਠਾ ਗੇੜਾ ਦਿਵਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਪਿੱਤਰਸੱਤਾਵਾਦੀ ਸਭਿਆਚਾਰ ਅਤੇ ਮਰਦ ਪੂਰਵ ਧਾਰਨਾ ਇਕੱਲੀ ਔਰਤ ਸਾਰੀਆਂ ਸ੍ਰੇਣੀਆਂ-ਵਿਧਵਾਵਾਂ, ਤਲਾਕਸ਼ੁਦਾ ਔਰਤਾਂ, ਅਣਵਿਆਹੀਆਂ ਔਰਤਾਂ ਪਤੀਆਂ ਵੱਲੋਂ ਛੱਡੀਆਂ ਗਈਆਂ ਔਰਤਾਂ ਨੂੰ ਤੰਗ ਕਰਦਾ ਹੈ, ਖਾਸ ਤੌਰ 'ਤੇ ਉਦੋਂ ਹੋਰ ਵੱਧ ਜਦੋਂ ਉਹ ਆਪਣਾ ਜੀਵਨ ਖੁਦ ਚਲਾਉਂਦੀਆਂ ਹਨ। ਅਜ਼ਾਦ ਜੀਵਨ ਚਲਾਉਣ ਦੀ ਉਨ੍ਹਾਂ ਦੀ ਕੋਸ਼ਿਸ਼ ਆਮ ਤੌਰ 'ਤੇ ਸਹਿਣ ਨਹੀਂ ਕੀਤੀ ਜਾਂਦੀ। ਬੱਚਿਆਂ ਦੇ ਨਾਲ ਜਾਂ ਬੱਚਿਆਂ ਤੋਂ ਬਗੈਰ ਇਕੱਲੀਆਂ ਔਰਤਾਂ ਲਈ ਘਰ ਕਿਰਾਏ 'ਤੇ ਲੈਣਾ, ਜਾਇਦਾਦ ਰੱਖਣਾ ਜਾਂ ਪਿੱਤਰਸੱਤਾਵਾਦੀ ਸਮਾਜਕ ਦਬਾਵਾਂ ਤੋਂ ਮੁਕਤ ਜੀਵਨ ਜਿਉਣ ਲਈ ਮੁਸ਼ਕਿਲ ਹੁੰਦਾ ਹੈ। ਇਸ ਪ੍ਰਕਾਰ ਦੀਆਂ ਇਕੱਲੀਆਂ ਔਰਤਾਂ ਦੇ ਚਾਰੇ ਪਾਸੇ ਬਣਿਆ ਪਿੱਤਰ ਸੱਤਾਵਾਦੀ ਰੁਝਾਣ ਜਾਂ ਤਾਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਨਾਲ ਜਾਂ ਤਾਂ ਉਸ ਨੂੰ ਕਿਸੇ ਤਰ੍ਹਾਂ ਜਿਣਸੀ ਆਤਮ ਸਮਰਪਣ 'ਚ ਅਤੇ ਇਸ ਤਰ੍ਹਾਂ ਜਿਥੇ ਸੰਭਵ ਹੋ ਸਕੇ, ਕਿਸੇ ਕਿਸਮ ਦੀ ਵੇਸ਼ਵ ਬਿਰਤੀ 'ਚ ਲਿਆਣ ਦੀ ਹੁੰਦੀ ਹੈ ਜਾਂ ਫਿਰ ਉਹ ਅਣਵਿਆਹੀਆਂ ਇਕੱਲੀਆਂ ਔਰਤਾਂ ਹਨ ਤਾਂ ਉਨ੍ਹਾਂ ਦਾ ਵਿਆਹ ਕਰਵਾ ਦੇਣ ਦੀ ਹੁੰਦੀ ਹੈ।

ਕਾਫੀ ਸਰੀਰਕ ਤੇ ਮਾਨਸਿਕ ਤਸੀਹਿਆਂ ਦੇ ਕਾਰਨ ਅਤੇ ਸਬੰਧਿਤ ਮਰਦਾਂ ਦੀ ਅਣਗੌਲਿਆਂ ਅਤੇ ਗੈਰ ਜ਼ਿੰਮੇਵਾਰੀ ਕਾਰਨ, ਕਈ ਪਰਿਵਾਰ ਇਕੱਲੀਆਂ ਔਰਤਾਂ ਚਲਾਉਂਦੀਆਂ ਹਨ। ਪਰ ਉਨ੍ਹਾਂ ਨੂੰ ਸਮਾਜਕ ਅਤੇ ਇੱਥੋਂ ਤੱਕ ਕਿ ਕਾਨੂੰਨੀ ਪਹਿਚਾਣ ਵੀ ਨਹੀਂ ਮਿਲਦੀ ਹੈ ਜਿਸ ਦੇ ਚਲਦਿਆਂ ਉਨ੍ਹਾਂ ਨੂੰ ਕਈ ਸਮੱਸਿਆਵਾਂ ਝੱਲਣੀਆਂ ਪੈਂਦੀਆਂ ਹਨ।

ਇਕੱਲੀਆਂ ਔਰਤਾਂ ਵੱਲੋਂ ਝੱਲੇ ਜਾ ਰਹੇ ਵੱਧ ਭਾਰਾਂ ਕਾਰਨ ਅਤੇ ਇਸ ਦੇ ਬਾਵਜੂਦ ਉਨ੍ਹਾਂ ਦੀ ਹਿੰਮਤ ਤੇ ਪੈਰਾਂ 'ਤੇ ਖੜੇ ਹੋ ਕੇ ਜਿਉਣ ਦੀ ਇੱਛਾ ਨੂੰ ਧਿਆਨ 'ਚ ਰੱਖਦਿਆਂ, ਇਨਕਲਾਬੀ ਔਰਤ ਅੰਦੋਲਨ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ 'ਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਲੁਟੇਰੀ ਸਮਾਜਕ ਵਿਵਸਥਾ ਖਿਲਾਫ ਅਜਿਹੀਆਂ ਔਰਤਾਂ ਨੂੰ ਲਾਮਬੰਦ ਕਰਨਾ ਚਾਹੀਦਾ ਹੈ।

**ਜਿਣਸੀ ਕੱਟੜ ਪੰਥ** - ਲਿੰਗਕ ਭੇਦਭਾਵ ਦੇ ਕੁਝ ਸਥਾਈ ਰੂੜੀਵਾਦੀ ਕਿਰਦਾਰਾਂ ਨੂੰ ਉਸਾਰਿਆ ਹੈ। ਜਦ ਕੋਈ ਮਰਦ ਦੀਆਂ ਖੂਬੀਆਂ ਬਾਰੇ ਸੋਚਦਾ ਹੈ ਤਾਂ ਉਸ ਨੂੰ ਬਹਾਦਰ, ਨਵੀਂ ਖੋਜ ਕਰਨ ਵਾਲਾ, ਖੁੱਲ੍ਹ ਕੇ ਬੋਲਣ ਵਾਲਾ ਤਰਕਸ਼ੀਲ ਖੁੱਲ੍ਹੇ

ਵਿਚਾਰਾਂ ਵਾਲਾ ਹੋਣਾ ਚਾਹੀਦਾ ਹੈ। ਪਰ ਜਦ ਕੋਈ ਔਰਤਾਂ ਦੀਆਂ ਖ਼ੂਬੀਆਂ ਸਬੰਧੀ ਸੋਚਦਾ ਹੈ ਤਾਂ ਉਨ੍ਹਾਂ ਨੂੰ ਦਾਬੂ, ਵਫ਼ਾਦਾਰ, ਸ਼ਰਮੀਲੀ ਚੁੱਪਚਾਪ, ਭਾਵੁਕ ਆਦਿ ਹੋਣਾ ਚਾਹੀਦਾ ਹੈ। ਮਰਦ ਤੇ ਔਰਤ ਦੇ ਬਾਰੇ ਇਹ ਸਥਾਪਿਤ ਕੀਤਾ ਗਿਆ ਹੈ, ਦਰਅਸਲ ਸਮਾਜਕ ਸਭਿਆਚਾਰ ਵਿਚ ਪਿੱਤਰਸੱਤਾ ਦੇ ਪ੍ਰਭਾਵ ਨੂੰ ਦਰਸਾਉਂਦੀ ਹੈ। ਪਿੱਤਰਸੱਤਾ ਖਿਲਾਫ ਰਾਜਸੀ ਸੰਘਰਸ਼ ਨੂੰ ਇਸ ਲਿੰਗ ਅਧਾਰਤ ਕੱਟੜ ਪੰਥ ਖਿਲਾਫ ਲੜਨਾ ਪਵੇਗਾ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਹਾਲਾਂ ਕਿ ਅਸੀਂ ਕੁੱਝ ਵੱਧ ਮਹੱਤਵਪੂਰਨ ਮੁੱਦਿਆਂ ਨੂੰ ਛੋਹਿਆ ਹੈ। ਫਿਰ ਵੀ ਇਹ ਸੂਚੀ ਪੂਰੀ ਹੋਣ ਤੋਂ ਕਾਫੀ ਘੱਟ ਹੈ।

ਲਿੰਗਕ ਪੂਰਵ ਧਾਰਨਾ ਨੇ ਸਾਡੇ ਸਭਿਆਚਾਰ ਨੂੰ ਡੁਬੋ ਦਿੱਤਾ ਹੈ। ਇਹ ਜਿੰਨਾ ਤਾਕਤਵਰ ਹੈ, ਉਨ੍ਹਾਂ ਹੀ ਵਿਆਪਕ ਹੈ। ਮਹਿਲਾ ਅੰਦੋਲਨ ਨੂੰ ਇਨ੍ਹਾਂ ਅਤੇ ਹੋਰਨਾਂ ਸੁਆਲਾਂ ਨੂੰ ਵੱਧ ਬਾਰੀਕੀ ਨਾਲ ਅਧਿਐਨ ਕਰਨਾ ਚਾਹੀਦਾ ਹੈ। ਇਨ੍ਹਾਂ ਸੱਭਿਆਚਾਰਕ ਲੱਛਣਾਂ ਦਾ ਸਹੀ ਸਾਰ ਕੱਢਣਾ ਚਾਹੀਦਾ ਹੈ ਅਤੇ ਇਸ ਨਾਲ ਲੜਨ ਲਈ ਸਹੀ ਤਰੀਕੇ ਤੇ ਸਾਧਨ ਲੱਭਣੇ ਚਾਹੀਦੇ ਹਨ।

### ਔਰਤਾਂ ਬਨਾਮ
# ਦਾਬੇ ਤੇ ਮੁਕਤੀ ਦੇ ਆਰਥਕ ਪਹਿਲੂ

ਘਰੇਲੂ ਕੰਮ – ਘਰੇਲੂ ਕੰਮ ਨੂੰ ਅੱਜ ਠੋਸ ਰੂਪ ਨਾਲ ਸਮਝਣ ਲਈ ਆਓ ਉਸ ਦੇ ਖਾਸ ਵਿਕਾਸ ਤੇ ਬਦਲਾਅ ਨੂੰ ਵੇਖੀਏ।

ਸ਼ੁਰੂਆਤ 'ਚ ਜਦ ਇਨਸਾਨ ਝੁੰਡ ਵਿਚ ਰਹਿੰਦੇ ਸਨ। ਘਰ ਦਾ ਕੰਮ ਵਰਗੀ ਕੋਈ ਵੱਖਰੀ ਚੀਜ਼ ਨਹੀਂ ਸੀ। ਸ਼ੁਰੂਆਤ 'ਚ ਔਰਤ ਤੇ ਮਰਦ ਮਿਲ ਕੇ ਸ਼ਿਕਾਰ ਕਰਨਾ, ਮੱਛੀ ਫੜਨਾ ਤੇ ਖਾਣਾ ਇਕੱਠਾ ਕਰਨਾ ਵਰਗੇ ਧੰਦੇ ਕਰਦੇ ਸਨ। ਹਾਲਾਂਕਿ ਔਰਤਾਂ ਅਕਸਰ ਸ਼ਿਕਾਰ ਕਰਨ ਜਾਂਦੀਆਂ ਸਨ। ਉਹ ਬੱਚਿਆਂ ਨੂੰ ਪੈਦਾ ਕਰਨ ਅਤੇ ਪਾਲਨ ਦੀ ਜ਼ਰੂਰਤ ਕਾਰਨ ਕਾਫੀ ਲੰਮੇ ਸਮੇਂ ਤੱਕ ਘਰੇ ਹੀ ਰਹਿੰਦੀਆਂ ਸਨ। ਇਸ ਸਮੇਂ 'ਚ ਉਹ ਆਸ-ਪਾਸ ਦੇ ਇਲਾਕਿਆਂ 'ਚ ਖਾਣਾ ਇਕੱਠਾ ਕਰਨ 'ਚ ਖੁਦ ਨੂੰ ਰੁਝੇਵਿਆਂ 'ਚ ਰੱਖਦੀਆਂ ਸਨ ਅਤੇ ਪਿੱਛੋਂ ਜਾਨਵਰਾਂ ਨੂੰ ਪਾਲਤੂ ਬਣਾਉਣ ਦੀ ਕਲਾ ਸਿੱਖਣ ਬਾਅਦ ਉਨ੍ਹਾਂ ਨੇ ਖੇਤੀ ਅਤੇ ਪਸ਼ੂ ਪਾਲਣ ਦੀ ਖੋਜ ਕੀਤੀ। ਜਮਾਤਾਂ ਤੋਂ ਪਹਿਲਾਂ ਦੇ ਸਮਾਜ 'ਚ ਲਿੰਗਾਂ ਵਿਚਕਾਰ ਇਹ ਪਹਿਲੀ ਕੁਦਰਤੀ ਕਿਰਤ ਵੰਡ ਸੀ।

ਸਮਾਜ ਔਰਤਾਂ ਨੂੰ ਬਹੁਤ ਹੀ ਇੱਜ਼ਤ ਦਿੰਦਾ ਸੀ, ਕਿਉਂਕਿ ਇਨਸਾਨ ਦੀ ਪੈਦਾਇਸ਼ ਸਮਾਜਿਕ ਵਿਕਾਸ ਲਈ ਸਭ ਤੋਂ ਮਹੱਤਵਪੂਰਨ ਅਤੇ ਲਾਜ਼ਮੀ ਸਮਝੀ ਜਾਂਦੀ ਸੀ। ਔਰਤਾਂ ਵੱਲੋਂ ਖੇਤੀ ਤੇ ਪਸ਼ੂ ਪਾਲਣ ਦੀ ਖੋਜ ਨੇ ਘੁਮੰਤੂ ਜੀਵਨ ਦਾ ਅੰਤ ਕਰਕੇ ਸਥਾਈ ਰਿਹਾਇਸ਼ ਦੀ ਸ਼ੁਰੂਆਤ ਕਰਕੇ ਹੌਲੀ ਹੌਲੀ ਜੀਵਨ ਜਾਂਚ 'ਚ ਇਕ ਬਦਲਾਅ ਲਿਆ ਦਿੱਤਾ ਸੀ। ਸਮੇਂ ਦੇ ਨਾਲ ਨਾਲ ਸਮਾਜ ਦੇ ਖਾਣੇ ਦੀ ਜ਼ਰੂਰਤ ਪੂਰੀ ਕਰਨ 'ਚ ਖਾਣੇ ਦੀ ਪੈਦਾਵਾਰ ਅਤੇ ਪਸ਼ੂਆਂ ਦਾ ਯੋਗਦਾਨ ਸ਼ਿਕਾਰ ਤੋਂ ਵੱਧ ਹੋਣ ਲੱਗਿਆ। ਇਸ ਲਈ ਮੁਢ ਕਦੀਮੀ ਸਮਾਜ 'ਚ ਘਰ 'ਚ ਔਰਤਾਂ ਵੱਲੋਂ ਕੰਮ ਸਮਾਜਕ ਪੈਦਾਵਾਰ ਦਾ ਇਕ ਲਾਜ਼ਮੀ ਤੇ ਵੱਧ ਮਹੱਤਵਪੂਰਨ ਹਿੱਸਾ ਸੀ। ਜਮਾਤੀ ਸਮਾਜ 'ਚ ਕੀਤੇ ਜਾਣ ਵਾਲੇ ਘਰੇਲੂ ਕੰਮ ਦੇ ਭਾਰ ਨਾਲ ਇਸ ਦੀ ਕੋਈ ਬਰਾਬਰੀ ਨਹੀਂ ਹੈ। ਇਸ ਤਰ੍ਹਾਂ ਭਾਰੀ ਹੱਲ ਦੀ ਸ਼ੁਰੂਆਤ ਤੱਕ ਅਤੇ ਜਦ ਤੱਕ ਜਮਾਤੀ ਸਮਾਜ ਸੀ, ਅਖੌਤੀ ਸਭਿਅਤਾ ਦੀ ਪਹੁ ਫੁਟਾਲੇ ਨਾਲ ਖੇਤੀ ਅਤੇ ਪਸ਼ੂ ਪਾਲਨ ਮਰਦਾਂ ਦਾ ਖੇਤਰ ਨਹੀਂ ਬਣਦਾ ਹੈ। ਔਰਤਾਂ ਦੇ ਕੰਮ ਦਾ ਕਾਫੀ ਸਮਾਜਕ ਮੁੱਲ ਸੀ ਅਤੇ ਕੁੱਲ ਸਮਾਜਕ ਜਾਇਦਾਦ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਸੀ। ਜਮਾਤਾਂ 'ਚ ਵੰਡੇ ਸਮਾਜ ਦੇ ਉਭਰਨ ਦੇ ਨਾਲ ਨਾਲ ਹੀ ਜਦ ਔਰਤਾਂ ਪਿੱਤਰ ਸਤਾ ਦੇ ਅਧੀਨ ਹੋ ਗਈਆਂ, ਇਸ ਘਰੇਲੂ ਕੰਮ ਨੂੰ ਹੇਠਲੇ ਪੱਧਰ ਦਾ ਠਹਿਰਾਇਆ ਜਾਣ ਲੱਗਿਆ ਤੇ ਇਸ ਦੇ ਸਮਾਜਕ ਮਹੱਤਵ ਨੂੰ ਖਤਮ ਕਰ ਦਿੱਤਾ ਗਿਆ। ਪੂੰਜੀਵਾਦ ਦੇ ਫੈਲਾਅ ਅਤੇ ਘੁਸਪੈਂਠ ਨਾਲ, ਜਿਸ ਨਾਲ ਸੇਵਾ ਤੇ ਸਨਅਤੀ ਖੇਤਰ ਅਤੇ ਅਰਧ ਜਾਗੀਰੂ ਖੇਤੀ ਵਿਕਸਤ ਹੋਈ ਹੈ, ਔਰਤਾਂ ਦੀ ਕਿਰਤ ਸਮਾਜਕ ਪੈਦਾਵਾਰ ਅਤੇ ਅਰਧ ਜਾਗੀਰੂ ਖੇਤੀ ਵਿਕਸਤ ਹੋਈ ਹੈ, ਔਰਤਾਂ ਦੀ ਕਿਰਤ ਸਮਾਜਕ ਪੈਦਾਵਾਰ 'ਚ ਆ ਗਈ ਹੈ। ਔਰਤਾਂ ਸਿਰਫ ਘਰ 'ਚ ਹੀ ਕੰਮ ਨਹੀਂ ਕਰਦੀਆਂ ਹਨ, ਬਲਕਿ ਸਮਾਜਕ ਕਿਰਤ 'ਚ ਸ਼ਾਮਲ ਮਜ਼ਦੂਰ ਮੇਹਨਤਕਸ਼ ਤੇ ਕਰਮਚਾਰੀ ਵੀ ਬਣਦੀਆਂ ਹਨ। ਜਿਥੇ ਪੂੰਜੀਪਤੀ ਤੇ ਜ਼ਿੰਮੀਦਾਰ ਉਸ ਨੂੰ ਸਮਾਜਕ

ਪੈਦਾਵਾਰ ਦੇ ਖੇਤਰ 'ਚ ਖਿੱਚਦੇ ਹਨ, ਉੱਥੇ ਨਾ ਤਾਂ ਇਹ ਜਮਾਤ ਤੇ ਨਾ ਹੀ ਉਸ ਦੀ ਰਾਜ ਸੱਤਾ ਉਸ ਨੂੰ ਉਸ ਦੇ ਘਰੇਲੂ ਭਾਰ ਤੋਂ ਮੁਕਤ ਕਰਦੇ ਹਨ। ਅਸਲ 'ਚ ਔਰਤ ਦੋਹਰੀ ਗੁਲਾਮ ਹੈ। ਘਰ ਦੇ ਬਾਹਰ ਉਹ ਪੈਸਾ ਲੈ ਕੇ ਗੁਲਾਮ ਹੈ ਅਤੇ ਘਰ ਅੰਦਰ ਮੁਫ਼ਤ 'ਚ ਗੁਲਾਮ ਹੈ। ਸਮਾਜਕ ਪੈਦਾਵਾਰ 'ਚ ਉਸ ਦੀ ਭਾਗੀਦਾਰੀ ਵਰਦਾਨ ਵਜੋਂ ਨਹੀਂ ਬਲਕਿ ਵਾਧੂ ਭਾਰ ਵਜੋਂ ਦਿਸਦੀ ਹੈ। ਘਰੇਲੂ ਕੰਮ ਤੇ ਸਮਾਜਕ ਪੈਦਾਵਾਰ, ਔਰਤਾਂ 'ਤੇ ਦੂਹਰਾ ਭਾਰ ਹੈ। ਲੈਨਿਨ ਨੇ ਘਰੇਲੂ ਕੰਮ ਤੇ ਪੂੰਜੀਵਾਦੀ ਸਮਾਜ 'ਚ ਔਰਤਾਂ 'ਤੇ ਇਸ ਦੇ ਅਸਰ ਨੂੰ ਇਸ ਰੂਪ 'ਚ ਦਰਸਾਇਆ ਹੈ, "ਔਰਤਾਂ ਨੂੰ ਮੁਕਤ ਕਰਨ ਦੇ ਸਾਰੇ ਕਾਨੂੰਨਾਂ ਦੇ ਬਾਵਜੂਦ ਇਹ ਘਰੇਲੂ ਗੁਲਾਮ ਬਣੀ ਹੋਈ ਹੈ ਕਿਉਂਕਿ ਘਰ ਦਾ ਛੋਟਾ ਛੋਟਾ ਕੰਮ ਉਸ ਨੂੰ ਤੋੜਦਾ ਹੈ, ਦਬਾਉਂਦਾ ਹੈ, ਮੂਰਖ ਬਣਾਉਂਦਾ ਹੈ ਅਤੇ ਬੇਇਜ਼ਤ ਕਰਦਾ ਹੈ, ਉਸ ਨੂੰ ਰਸੋਈ ਤੇ ਨਰਸਰੀ ਨਾਲ ਬੰਨਦਾ ਹੈ ਅਤੇ ਉਹ ਆਪਣੀ ਕਿਰਤ... ਨੂੰ ਛੋਟੀ ਛੋਟੀ ਦਿਮਾਗ ਖਰਾਬ ਕਰਨ ਵਾਲੀ ਬੇਤੁਕੀ ਅਤੇ ਦਬਾਉਣ ਵਾਲੀ ਘਰੇਲੂ ਚਾਕਰੀ 'ਤੇ ਬਰਬਾਦ ਕਰਦੀ ਹੈ। *(ਮਹਾਨ ਸ਼ੁਰੂਆਤ)*

ਕਮਿਊਨਿਸਟ ਪਾਰਟੀ ਨੂੰ ਔਰਤਾਂ ਦੀ ਇਸ ਦੋਹਰੀ ਗੁਲਾਮੀ ਦੇ ਸੁਆਲ ਨੂੰ ਮਜ਼ਬੂਤੀ ਨਾਲ ਉਠਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਔਰਤਾਂ ਦੇ ਘਰੇਲੂ ਕੰਮ ਦੇ ਬੋਝ ਨੂੰ ਘੱਟ ਕਰਨ ਅਤੇ ਸਮਾਜਕ ਪੈਦਾਵਾਰ ਤੇ ਹੋਰ ਸਮਾਜਕ-ਰਾਜਸੀ ਕੰਮਾਂ 'ਚ ਵਧ-ਚੜ੍ਹ ਕੇ ਹਿੱਸੇਦਾਰੀ ਕਰਨ ਦਾ ਮੌਕਾ ਦੇਣ ਅਤੇ ਔਰਤ ਮਜ਼ਦੂਰਾਂ ਦੀਆਂ ਸਹੂਲਤਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਇਨਕਲਾਬ ਪਿੱਛੋਂ ਨਿੱਜੀ ਘਰੇਲੂ ਕੰਮ ਦੇ ਹਿੱਸੇ ਨੂੰ ਸਮਾਜਕ ਸੇਵਾ ਖੇਤਰ 'ਚ ਮੁੜ ਜਥੇਬੰਦ ਕਰਨਾ ਪੈਣਾ ਹੈ। ਜਿਵੇਂ ਬੱਚਿਆਂ ਲਈ ਕਰੈੱਚ (ਬਾਲ ਘਰ) ਸਕੂਲਾਂ ਤੇ ਕਾਰਖਾਨਿਆਂ 'ਚ ਖਾਣਾ, ਸਮੂਹਕ ਧੁਲਾਈ ਕੇਂਦਰ ਪਸ਼ੂ ਵਾੜੇ ਆਦਿ ਵਰਗਾ ਪ੍ਰਬੰਧ ਕਾਇਮ ਕਰਨਾ ਪਵੇਗਾ।

ਇਕ ਹੋਰ ਮਹੱਤਵਪੂਰਨ ਪਹਿਲੂ ਜੋ ਪ੍ਰੋਲੇਤਾਰੀ ਨੂੰ ਉਠਾਉਣਾ ਚਾਹੀਦਾ ਹੈ, ਉਸ ਪਿੱਤਰ ਸੱਤਾ ਵਿਚਾਰ ਨਾਲ ਲੜਨਾ ਹੈ, ਕਿ ਘਰੇਲੂ ਕੰਮ ਸਿਰਫ ਔਰਤਾਂ ਨੂੰ ਹੀ ਕਰਨਾ ਚਾਹੀਦਾ ਹੈ। ਔਰਤਾਂ ਦੇ ਅੰਦਰ ਇਸ ਬਾਰੇ ਚੇਤਨਾ ਪੈਦਾ ਕਰਨ ਦੇ ਨਾਲ ਨਾਲ, ਇਸ ਪ੍ਰਸੰਗ 'ਚ ਮਰਦਾਨਾ ਪੂਰਵ-ਧਾਰਨਾਵਾਂ ਬਾਰੇ ਪਹਿਲਾਂ ਆਪਣੇ ਕੇਡਰ ਨੂੰ ਸਿਖਿਅਤ ਕਰਨਾ ਪਾਰਟੀ ਲਈ ਲਾਜ਼ਮੀ ਹੈ। ਇਸ ਪਿਛੋਂ ਉਨ੍ਹਾਂ ਨੂੰ ਔਰਤਾਂ ਦੇ ਨਾਲ ਘਰੇਲੂ ਕੰਮ ਵੰਡਣ ਲਈ ਮਰਦਾਂ ਨੂੰ ਵਿਆਪਕ ਤੌਰ 'ਤੇ ਲਾਮਬੰਦ ਕਰਨਾ ਪੈਣਾ ਹੈ ਪਰ ਇਹ ਇਕ ਲੰਮਾ ਅਮਲ ਹੈ। ਇਸ ਸੰਘਰਸ਼ ਦੇ ਨਾਲ-ਨਾਲ ਸਿੱਖਿਆ-ਮੁਹਿੰਮ ਤੇ ਇਕਜੁੱਟਤਾ ਮੁਹਿੰਮ 'ਚ ਸ਼ਾਮਲ ਹੋਣਾ ਚਾਹੀਦਾ ਹੈ। ਹਾਲਾਂਕਿ ਇਹ ਇਕ ਲੰਬੇ ਸਮੇਂ ਦਾ ਕਾਰਜ ਹੈ ਅਤੇ ਵਿਆਪਕ ਪੱਧਰ 'ਤੇ ਇਸ ਨੂੰ ਲਾਗੂ ਕਰਾਉਣ ਦਾ ਬਾਹਰਮੁਖੀ ਅਧਾਰ ਸਿਰਫ ਸਮਾਜਵਾਦ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਹੀ ਆ ਸਕਦਾ ਹੈ, ਫਿਰ ਵੀ ਘਰੇਲੂ ਕੰਮ 'ਚ ਪਿਤਰ ਸੱਤਾਵਾਦੀ ਮੁੱਲਾਂ ਦੇ ਖਿਲਾਫ ਮੁਹਿੰਮ ਨੂੰ ਕਿਸੇ ਭਵਿੱਖ ਦੀ ਤਰੀਕ ਤੱਕ ਮੁਲਤਵੀ ਕਰਨ ਦਾ ਬਹਾਨਾ ਨਹੀਂ ਬਣਾਉਣਾ ਚਾਹੀਦਾ।

### 2. ਸਮਾਜਕ ਪੈਦਾਵਾਰ

ਪਿੱਤਰ ਸੱਤਾ ਤੇ ਸਮਾਜਕ ਪੈਦਾਵਾਰ ਨਾਲ ਸਬੰਧਤ ਕੁਝ ਮਹੱਤਵਪੂਰਨ ਪਹਿਲੂ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ। ਘਰੇਲੂ ਖੇਤਰ ਤੱਕ ਔਰਤਾਂ ਨੂੰ ਸੀਮਤ ਰੱਖਣਾ

ਉਨ੍ਹਾਂ ਦੀ ਸੋਚ ਨੂੰ ਬੌਣਾ ਕਰ ਦਿੰਦਾ ਹੈ ਅਤੇ ਉਨ੍ਹਾਂ ਦੀ ਚੇਤਨਾ ਨੂੰ ਵੀ ਸੌੜੀ ਕਰ ਦਿੰਦਾ ਹੈ, ਇਸ ਦੇ ਉਲਟ ਸਮਾਜਕ ਪੈਦਾਵਾਰ 'ਚ ਔਰਤਾਂ ਦੀ ਭਾਗੀਦਾਰੀ ਉਨ੍ਹਾਂ ਦੀ ਸਮਾਜਕ ਚੇਤਨਾ ਨੂੰ ਖੋਲ੍ਹਦੀ ਹੈ ਅਤੇ ਉਨ੍ਹਾਂ ਦੀ ਜਮਾਤੀ ਸੋਚ ਨੂੰ ਵਿਕਸਤ ਕਰਦੀ ਹੈ, ਇਹ ਉਨ੍ਹਾਂ ਨੂੰ ਉਨ੍ਹਾਂ ਦੀ ਗੁਲਾਮੀ ਦੀਆਂ ਜਮਾਤੀ ਜੜ੍ਹਾਂ ਨੂੰ ਸਮਝਣ 'ਚ ਮਦਦ ਕਰਦੀ ਹੈ। ਇਸ ਨਾਲ ਰਾਜਸੀ ਸੰਘਰਸ਼ 'ਚ ਉਨ੍ਹਾਂ ਦੀ ਭਾਗੀਦਾਰੀ ਪ੍ਰੇਰਿਤ ਹੁੰਦੀ ਹੈ ਅਤੇ ਇਹ ਉਨ੍ਹਾਂ ਨੂੰ ਇਹ ਸਮਝਣ 'ਚ ਮਦਦ ਕਰਦੀ ਹੈ ਕਿ ਉਨ੍ਹਾਂ ਦੀ ਘਰੇਲੂ ਗੁਲਾਮੀ ਦਾ ਸੱਚਮੁੱਚ ਕੌਣ ਫਾਇਦਾ ਉਠਾਉਂਦਾ ਹੈ। ਫ੍ਰੇਡਰਿਕ ਏਂਗਲਜ਼ ਨੇ ਕਿਹਾ ਸੀ–"…. ਔਰਤਾਂ ਨੂੰ ਮੁਕਤ ਕਰਨਾ ਅਤੇ ਉਸ ਨੂੰ ਮਰਦ ਦੇ ਬਰਾਬਰ ਬਣਾਉਣਾ ਉਦੋਂ ਤੱਕ ਅਸੰਭਵ ਹੈ ਅਤੇ ਰਹੇਗਾ ਜਦ ਤੱਕ ਉਸ ਨੂੰ ਸਮਾਜਕ ਪੈਦਾਵਾਰ ਕਿਰਤ ਤੋਂ ਬਾਹਰ ਰੱਖਿਆ ਜਾਂਦਾ ਹੈ। ਔਰਤਾਂ ਦੀ ਮੁਕਤੀ ਤਾਂ ਹੀ ਸੰਭਵ ਹੋਵੇਗੀ ਜਦ ਔਰਤਾਂ ਵੱਡੀ ਸਮਾਜਕ ਪੱਧਰ 'ਤੇ ਪੈਦਾਵਾਰ 'ਚ ਭਾਗ ਲੈ ਸਕਦੀਆਂ ਹਨ ਅਤੇ ਘਰੇਲੂ ਕੰਮ ਉਸ ਦੇ ਸਮੇਂ ਦੇ ਬਹੁਤ ਨਾ ਮਾਤਰ ਹਿੱਸਾ ਤੋਂ ਵੱਧ ਨਹੀਂ ਲੈਂਦਾ ਹੈ।"
(ਪਰਿਵਾਰ ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ)

ਸਾਨੂੰ ਇਸ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਔਰਤਾਂ ਨੂੰ ਸਮਾਜਕ ਪੈਦਾਵਾਰ 'ਚ ਭਾਗ ਲੈਣਾ ਚਾਹੀਦਾ ਹੈ। ਇਸ ਪ੍ਰਸੰਗ 'ਚ ਸਾਨੂੰ ਜਾਗੀਰੂ ਪਰਦਾ ਪ੍ਰਥਾ ਨਾਲ ਲੜਨਾ ਚਾਹੀਦਾ ਹੈ ਜੋ ਔਰਤਾਂ ਨੂੰ ਘਰੇਲੂ ਖੇਤਰ ਤੱਕ ਸੀਮਤ ਕਰਦੀ ਹੈ ਪਰ ਅਜਿਹਾ ਕਰਨ ਵਿਚ ਸਾਨੂੰ ਸਮਾਜਕ ਪੈਦਾਵਾਰ 'ਚ ਕਿਰਤ ਦੀ ਲਿੰਗਕ ਵੰਡ ਅਤੇ ਇਸ ਪ੍ਰਕਾਰ ਦੇ ਹੋਰ ਪਿੱਤਰ ਸੱਤਾਵਾਦੀ ਵਿਹਾਰਾਂ ਨੂੰ ਵੀ ਪਹਿਚਾਨਣਾ ਚਾਹੀਦਾ ਹੈ ਤੇ ਉਨ੍ਹਾਂ ਖਿਲਾਫ਼ ਲੜਨਾ ਚਾਹੀਦਾ। ਅੱਜ ਦੇ ਸਮਾਜ 'ਚ ਹਾਲਾਂਕਿ ਔਰਤਾਂ ਕਾਫੀ ਵੱਡੀ ਗਿਣਤੀ 'ਚ ਸਮਾਜਕ ਪੈਦਾਵਾਰ 'ਚ ਹਿੱਸਾ ਲੈਣ ਲਈ ਬਾਹਰ ਆਈਆਂ ਹਨ ਪਰ ਉਹ ਉਨ੍ਹਾਂ ਸਾਰੇ ਕੰਮਾਂ ਨੂੰ ਅਜੇ ਤੱਕ ਕਰ ਰਹੀਆਂ ਹਨ ਜੋ ਉਨ੍ਹਾਂ ਦੀ ਔਰਤ ਸੁਭਾਅ ਦੇ ਲਾਇਕ ਹੈ। ਇਹ ਪਿਤਰ ਸਤਾ ਦੇ ਮੁੱਲਾਂ ਨੂੰ ਠੋਸ ਕੇ ਔਰਤਾਂ ਨੂੰ ਸਮਰਪਿਤ ਅਤੇ ਆਗਿਆਕਾਰੀ ਬਣਾਈ ਰੱਖਣ ਦੇ ਯਤਨ ਤੋਂ ਇਲਾਵਾ ਕੁਝ ਨਹੀਂ ਹੈ। ਨਾਲ ਹੀ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ, ਜੋ ਏਂਗਲਜ਼ ਨੇ ਕਾਫੀ ਸਪੱਸ਼ਟ ਸ਼ਬਦਾਂ 'ਚ ਕਿਹਾ ਹੈ ਕਿ "ਜਨਤਕ ਅਮਲ 'ਚ ਸਮੁੱਚੀ ਔਰਤ ਜਾਤੀ ਦਾ ਦਾਖਲਾ ਹੋਣਾ ਔਰਤ ਮੁਕਤੀ ਦੀ ਪਹਿਲੀ ਬੁਨਿਆਦ ਹੈ।"
(ਉਹੀ ਜੋਰ ਸਾਡਾ)

ਖੇਤੀ ਅਤੇ ਸਨਅਤ ਜਾਂ ਸੇਵਾ ਖੇਤਰ ਸਾਰੇ ਥਾਵਾਂ 'ਤੇ ਲਿੰਗਕ ਭੇਦਭਾਵ ਦੇ ਅਧਾਰ 'ਤੇ ਕਿਰਤ–ਵੰਡ ਬਣਾਉਟੀ ਤੌਰ 'ਤੇ ਕਰਦਿਆਂ ਔਰਤਾਂ ਨੂੰ 'ਔਰਤ ਸੁਭਾਅ ਮੁਤਾਬਕ ਕੰਮ 'ਚ ਲਾਇਆ ਜਾਂਦਾ ਹੈ। ਉਨ੍ਹਾਂ ਕੰਮਾਂ ਨੂੰ ਦੋਮ ਕਰਜੇ ਦਾ ਅਤੇ ਨੀਵਾਂ ਕਰਾਰ ਦੇ ਕੇ ਔਰਤ ਦੀ ਕਿਰਤ ਦੀ ਜ਼ਬਰਦਸਤ ਲੁੱਟ ਘਸੁੱਟ ਹੁੰਦੀ ਹੈ। ਜਦਕਿ ਅਸਲੀਅਤ ਇਹ ਹੈ ਕਿ ਔਰਤਾਂ ਉਹ ਸਾਰੇ ਕੰਮ ਕਾਰ ਸਕਦੀਆਂ ਹਨ ਜਿਨ੍ਹਾਂ ਬਾਰੇ ਸਿਰਫ ਮਰਦਾਂ ਨੂੰ ਹੀ ਕਾਬਲ ਸਮਝਿਆ ਜਾਂਦਾ ਹੈ। ਇਹ ਤਾਂ ਸੰਸਾਰ ਜੰਗਾਂ ਦੌਰਾਨ ਸਾਮਰਾਜੀ ਦੇਸ਼ਾਂ ਤੇ ਸਾਮਜਵਾਦੀ ਰੂਸ 'ਚ ਸਾਬਤ ਹੋਇਆ ਤੇ ਇਨਕਲਾਬ ਪਿਛੋਂ ਚੀਨ ਵਿਚ ਵੀ। ਇਸ ਤਰ੍ਹਾਂ ਮਰਦ ਤੇ ਔਰਤਾਂ ਦੇ ਕੰਮ 'ਚ ਫਰਕ ਚਾਹੇ ਕਿਸੇ ਵੀ ਕਸੌਟੀ 'ਤੇ ਅਧਾਰਤ ਹੋਵੇ – 'ਸਰੀਰਕ ਤਾਕਤ' ਜਿਵੇਂ ਜਗੀਰਦਾਰੀ ਕਹਿੰਦੀ ਹੈ ਜਾਂ

'ਕਾਬਲੀਅਤ' ਜਿਵੇਂ ਪੂੰਜੀਵਾਦ ਕਹਿੰਦਾ ਹੈ – ਪਿੱਤਰੀ ਸੱਤਾਵਾਦੀ ਪੂਰਵ ਧਾਰਨ ਤੋਂ ਇਲਾਵਾ ਕੁਝ ਨਹੀਂ ਹੈ। ਇਹ ਪੂਰਵ ਧਾਰਨਾ ਟ੍ਰੇਡ ਯੂਨੀਅਨ ਅੰਦੋਲਨ ਤੋਂ ਲੈ ਕੇ ਕਿਸਾਨ ਤੇ ਹੋਰ ਅੰਦੋਲਨਾਂ ਵਿਚ ਵੀ ਔਰਤਾਂ ਪ੍ਰਤੀ ਨਜ਼ਰੀਏ 'ਚ ਸਪੱਸ਼ਟ ਦਿਸਦੀ ਹੈ। ਸਮਾਜਕ ਪੈਦਾਵਾਰ 'ਚ ਪਿਤਰੀ ਸੱਤ ਦਾ ਇਕ ਹੋਰ ਪਹਿਲੂ ਹੈ, ਔਰਤਾਂ ਵੱਲੋਂ ਆਪਣੀ ਕਮਾਈ ਨੂੰ ਘਰ ਦੇ ਮੁਖੀ ਨੂੰ ਸੌਂਪ ਦੇਣਾ। ਇਸ ਲਈ ਔਰਤਾਂ ਇਕ ਦੋਹਰੇ ਵਖਰੇਵੇਂ ਦਾ ਅਨੁਭਵ ਕਰਦੀਆਂ ਹਨ। ਪਹਿਲਾਂ ਖੇਤ ਮਜ਼ਦੂਰਾਂ ਤੇ ਸਨਅਤੀ ਕਾਮਿਆਂ ਵਜੋਂ ਜ਼ਿਮੀਦਾਰ ਜਾਂ ਪੂੰਜੀਪਤੀ ਵੱਲੋਂ ਉਨ੍ਹਾਂ ਤੋਂ ਪੈਦਾਵਾਰ ਵੱਖ ਕਰ ਦਿੱਤੀ ਜਾਂਦੀ ਹੈ। ਉਸ ਪਿੱਛੋਂ ਘਰ ਦਾ ਮੁਖੀਆ ਮਰਦ ਉਸ ਤੋਂ ਉਸ ਦੀ ਕਮਾਈ ਵੀ ਖੋਹ ਲੈਂਦਾ ਹੈ।

ਇਹ ਵਿਹਾਰ ਉਸ ਸਮੇਂ 'ਤੇ ਉਸ ਸਮਾਜਕ ਚੇਤੰਨਤਾ ਨੂੰ ਵੀ ਨਸ਼ਟ ਕਰ ਦਿੰਦਾ ਹੈ, ਜੋ ਸਮਾਜਕ ਪੈਦਾਵਾਰ 'ਚ ਭਾਗ ਲੈਣ ਕਾਰਨ ਔਰਤਾਂ 'ਚ ਵਿਕਸਤ ਹੁੰਦੀ ਹੈ। ਕਮਾਈ ਦੀ ਲੁਟ ਦੋ ਵੱਖ ਵੱਖ ਤਰੀਕਿਆਂ ਨਾਲ ਹੁੰਦੀ ਹੈ। ਇਕ ਹੈ ਬੇਸ਼ਰਮੀ ਨਾਲ ਜ਼ਬਰਦਸਤੀ ਉਸ ਤੋਂ ਸਮਰਪਣ ਕਰਾਉਣਾ, ਦੂਜਾ ਤਰੀਕਾ ਵੱਧ ਟੇਡਾ ਹੈ। ਕਮਾਈ ਕਰਨ ਵਾਲਾ ਮਰਦ ਘਰੇਲੂ ਸਥਿਤੀ ਨੂੰ ਇਸ ਤਰੀਕੇ ਨਾਲ ਸੰਚਾਲਿਤ ਕਰਦਾ ਹੈ ਕਿ ਜਿਸ ਨਾਲ ਔਰਤ ਦੀ ਆਮਦਨ ਘਰੇਲੂ ਜ਼ਰੂਰਤਾਂ 'ਤੇ ਖਰਚ ਹੁੰਦੀ ਹੈ ਅਤੇ ਮਰਦ ਆਪਣੇ ਪੈਸੇ ਨੂੰ ਆਪਣੇ ਸੌਂਕ 'ਤੇ, ਜਾਇਦਾਦ ਇਕੱਠੀ ਕਰਨ 'ਤੇ ਖਰਚ ਕਰਨ ਦਾ ਵਿਸ਼ੇਸ਼ ਅਧਿਕਾਰ ਰੱਖਦਾ ਹੈ। ਸੰਖੇਪ 'ਚ ਮਰਦ ਦੀ ਕਮਾਈ ਉਸ ਦੀ ਆਪਣੀ ਹੈ ਅਤੇ ਔਰਤ ਦੀ ਕਮਾਈ ਪੂਰੇ ਪਰਿਵਾਰ ਦੀ ਹੈ। ਸਮਾਜਕ ਪੈਦਾਵਾਰ ਨੂੰ ਸਬੰਧਤ ਇਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਔਰਤਾਂ ਨੂੰ ਸਿਰਫ ਮੇਹਨਤ ਕਰਨੀ ਪਈ, ਪਰ ਜਾਇਦਾਦ 'ਤੇ ਮਾਲਕੀ ਦਾ ਅਧਿਕਾਰ ਉਨ੍ਹਾਂ ਨੂੰ ਨਹੀਂ ਦਿੱਤਾ ਗਿਆ। ਜਾਗੀਰਦਾਰੀ 'ਚ ਪੈਦਾਵਾਰ ਦੇ ਸਾਰੇ ਸਾਧਨਾਂ 'ਤੇ ਮਾਲਕੀ ਜਾਗੀਰਦਾਰੀ ਜਮਾਤਾਂ ਦੇ ਮਰਦਾਂ ਦੀ ਸੀ। ਜਾਗੀਰਦਾਰੀ ਜਮਾਤਾਂ ਦੀਆਂ ਔਰਤਾਂ ਨੇ ਕਿਸਾਨਾਂ ਦੀ, ਮੇਹਨਤ ਦੇ ਪਲਾਂ ਨੂੰ ਤਾਂ ਆਪਣੀ ਜਮਾਤ ਦੇ ਮਰਦਾਂ ਦੇ ਨਾਲ ਖਾਧਾ ਪਰ ਆਮ ਤੌਰ 'ਤੇ ਉਨ੍ਹਾਂ ਨੂੰ ਜਾਇਦਾਦ 'ਤੇ ਅਧਿਕਾਰ ਦੀ ਇਜਾਜ਼ਤ ਨਹੀਂ ਦਿੱਤੀ ਗਈ। ਜਾਇਦਾਦ ਦਾ ਜਬਤੀਕਰਨ, ਜੋ ਨਿੱਜੀ ਜਾਇਦਾਦ ਦੇ ਉਭਾਰ ਦੇ ਨਾਲ ਹਾਲਾਂਕਿ ਪੂੰਜੀਵਾਦੀ ਕਾਨੂੰਨੀ ਤੌਰ 'ਤੇ ਔਰਤਾਂ ਨੂੰ ਜਾਇਦਾਦ ਦੀ ਮਾਲਕੀ ਦੇ ਅਧਿਕਾਰ ਤੋਂ ਵਾਂਝਿਆ ਨਹੀਂ ਕਰਦਾ ਪਰ ਵਿਹਾਰ 'ਚ ਸੱਚ ਇਹ ਹੈ ਕਿ ਜਾਇਦਾਦ 'ਤੇ ਅਧਿਕਾਰ ਮਰਦਾਂ ਦਾ ਹੁੰਦਾ ਹੈ। ਸਮਾਜਕ ਜਾਇਦਾਦ ਦੇ ਸਾਰੇ ਰੂਪਾਂ ਤੋਂ ਇਹ ਬੇਦਖਲੀ ਹੈ। ਜੋ ਕਿ ਔਰਤ ਨੂੰ ਆਪਣੀ ਮਜ਼ਦੂਰੀ ਤੋਂ ਵਾਂਝਿਆਂ ਕਰਨ ਦੇ ਕੰਮ ਨੂੰ ਵੀ ਤਾਕਤਵਰ ਬਣਾਉਂਦੀ ਹੈ। ਇਸ ਤਰ੍ਹਾਂ ਪੂੰਜੀਵਾਦੀ ਜਮਹੂਰੀਅਤ ਜੋ ਕਿ ਜਾਇਦਾਦ 'ਤੇ ਔਰਤਾਂ ਦੇ ਬਰਾਬਰ ਅਧਿਕਾਰ ਨੂੰ ਯਕੀਨੀ ਬਣਾਉਣ ਦੀ ਗੱਲ ਕਰਦੀ ਹੈ, ਸਿਰਫ ਇਕ ਢਕੌਂਜ ਹੈ।

ਇਨਕਲਾਬੀ ਔਰਤ ਅੰਦੋਲਨ ਨੂੰ ਇਸ ਮੁੱਦੇ ਨੂੰ ਉਠਾਉਣਾ ਚਾਹੀਦਾ ਹੈ ਕਿ ਔਰਤਾਂ ਆਪਣੀ ਕਮਾਈ ਦੀਆਂ ਮਾਲਕ ਆਪ ਹੋਣ ਅਤੇ ਜਾਇਦਾਦ ਉੱਪਰ ਉਨ੍ਹਾਂ ਦੀ ਬਰਾਬਰ ਦੀ ਹਿੱਸੇਦਾਰੀ ਹੋਵੇ। ਇਨ੍ਹਾਂ ਮੁੱਦਿਆਂ 'ਤੇ ਅਧਾਰਤ ਸੰਘਰਸ਼ ਨੂੰ ਔਰਤਾਂ ਨੂੰ ਨਵ-ਜਮਹੂਰੀ ਇਨਕਲਾਬ 'ਚ ਸ਼ਾਮਲ ਹੋਣ, ਉਤਸ਼ਾਹਿਤ ਕਰਨ ਦੀ ਦਿਸ਼ਾ

’ਚ ਸੰਚਾਲਿਤ ਹੋਣਾ ਚਾਹੀਦਾ ਹੈ।

### 3. ਪਰਿਵਾਰ ਅਤੇ ਵਿਆਹ

ਹੋਰ ਸਮਾਜਕ ਸੰਸਥਾਵਾਂ ਵਾਂਗੂੰ ਸਮਾਜਕ ਢਾਂਚੇ ਦੇ ਵਿਆਪਕ ਬਦਲਾਅ ਦੇ ਨਾਲ-ਨਾਲ ਪਰਿਵਾਰ ’ਚ ਵੀ ਬਦਲਾਅ ਆਇਆ ਹੈ। ਜਿਵੇਂ ਕਿ ਏਂਗਲਜ਼ ਨੇ ਪਹਿਲਾਂ ਹੀ ਸਪੱਸ਼ਟ ਕੀਤਾ ਹੈ ਕਿ ਨਿੱਜੀ ਜਾਇਦਾਦ ਦੇ ਵਿਕਾਸ ਦੇ ਨਾਲ-ਨਾਲ ਇਕਹਿਰਾ ਪਰਿਵਾਰ ਹੋਂਦ ’ਚ ਆਇਆ। ਇਕਹਿਰੇ ਪਰਿਵਾਰ ਦੇ ਦੋ ਪਹਿਲੂ ਹਨ ਜਿਨ੍ਹਾਂ ’ਤੇ ਧਿਆਨ ਦੇਣਾ ਚਾਹੀਦਾ ਹੈ ਕਿ ਇਕ ਪਾਸੇ ਅਰਥਚਾਰੇ ’ਚ ਉਸ ਦੀ ਭੂਮਿਕਾ ਅਤੇ ਦੂਜੇ ਪਾਸੇ ਹੈ ਪਿਤਰੀ ਸਤਾ ਨੂੰ ਸੰਸਥਾਗਤ ਕਰਨ ’ਚ ਉਸ ਦੀ ਭੂਮਿਕਾ।

ਸ਼ਿਕਾਰ ਇਕੱਠਾ ਕਰਨ ਵਾਲੇ ਯੁੱਗ ਦੇ ਵਿਕਸਤ ਪੜਾਵਾਂ ਦੇ ਸਮੇਂ ਤੋਂ ਇਕਹਿਰਾ ਪਰਿਵਾਰ ਪੈਦਾਵਾਰ ਤੇ ਖਪਤ ਦੀ ਇਕਾਈ ਵਜੋਂ ਕੰਮ ਕਰਦਾ ਸੀ। ਪੈਦਾਵਰੀ ਪਰਿਵਾਰਿਕ ਇਕਾਈਆਂ ਦੇ ਅਧਾਰ ’ਤੇ ਸੰਗਠਿਤ ਕੀਤਾ ਜਾਂਦਾ ਸੀ। ਜਗੀਰੂ ਜਾਇਦਾਦ ਦੀ ਹੋਂਦ ਅਤੇ ਵਾਧੂ ਕਦਰ ਦੀ ਉਗਰਾਹੀ ਦੋਨੋਂ ਪਰਿਵਾਰਾਂ ਤੇ ਅਧਾਰਤ ਸੀ। ਪੈਦਾਵਾਰ ਦੇ ਸਾਧਨਾਂ ਦੇ ਵਿਕਾਸ ਦਾ ਪੱਧਰ ਪੈਦਾਵਾਰ ਦੇ ਵਿਅਕਤੀਗਤ ਰੁਝਾਣ ਨੂੰ ਤਹਿ ਕਰਦਾ ਸੀ। ਇਸ ਨਾਲ ਜਾਗੀਰਦਾਰੀ ਦੇ ਅੰਦਰ ਪਰਿਵਾਰ ਪੈਦਾਵਾਰ ਦੀ ਇਕਾਈ ਬਣ ਗਿਆ। ਚਾਹੇ ਜ਼ਿੰਮੀਦਾਰਾਂ ਦਾ ਪਰਿਵਾਰ ਹੋਵੇ ਜਾਂ ਕਿਸਾਨਾਂ ਦੇ ਪਰਿਵਾਰ, ਸਾਰੀ ਖਪਤ ਇਕ ਇਕਾਈ ਵਜੋਂ ਪਰਿਵਾਰ ਕਰਦਾ ਸੀ। ਪਰ ਪੂੰਜੀਵਾਦ ਦੇ ਵਿਕਾਸ ਦੇ ਨਾਲ ਅਤੇ ਮਸ਼ੀਨਾਂ ਰਾਹੀਂ ਪੈਦਾਵਾਰ ਦੇ ਪਹਿਲੇ ਸਾਧਨਾਂ ਦੀ ਤਬਦੀਲੀ ਅਤੇ ਇਸ ਤਰ੍ਹਾਂ ਵਿਆਪਕ ਪੈਦਾਵਾਰ ਦੀ ਸ਼ੁਰੂਆਤ ਦੇ ਨਾਲ, ਕਿਰਤ ਦਾ ਸਮਾਜੀਕਰਨ ਹੋਇਆ। ਸੈਂਕੜੇ ਮਜ਼ਦੂਰ ਇਕ ਥਾਂ ’ਤੇ ਇਕੱਠੇ ਹੋਏ। ਪੈਦਾਵਾਰ ਹੁਣ ਪਰਿਵਾਰਿਕ ਅਧਾਰਤ ’ਤੇ ਜਥੇਬੰਦ ਨਹੀਂ ਹੁੰਦੀ ਸੀ। ਪੂੰਜੀਵਾਦ ਨੇ ਸਾਬਕਾ ਪਰਿਵਾਰ ਅਧਾਰਤ ਪੈਦਾਵਾਰ ਪ੍ਰਬੰਧ ਨੂੰ ਤੋੜ ਅਤੇ ਖਿੰਡਾ ਦਿੱਤਾ ਪਰ ਜ਼ਿਆਦਾਤਰ ਖਪਤ ਇਕ ਇਕਾਈ ਵਜੋਂ ਕੰਮ ਕਰ ਰਹੇ ਪਰਿਵਾਰ ਰਾਹੀਂ ਹੀ ਹੁੰਦੀ ਸੀ।

ਪਰ ਕੀ ਪੂੰਜੀਵਾਦ ਦੀ ਨਵੀਂ ਪੈਦਾਵਾਰ ਪ੍ਰਣਾਲੀ ਨੇ ਪੂਰੀ ਤਰ੍ਹਾਂ ਨਾਲ ਪਰਿਵਾਰ ਦੀ ਆਰਥਿਕ ਭੂਮਿਕਾ ਨੂੰ ਖਤਮ ਕਰ ਦਿੱਤਾ? ਅਜਿਹਾ ਕਰਨਾ ਗਲਤ ਹੋਵੇਗਾ। ਜਿਵੇਂ ਕਿ ਆਪਾਂ ਪਹਿਲਾਂ ਹੀ ਕਹਿ ਚੁਕੇ ਹਾਂ ਘਰੇਲੂ ਕਿਰਤ ਪੂੰਜੀਵਾਦ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਇਹ ਅਰਥਚਾਰੇ ਦਾ ਦੂਜਾ ਥੰਮ ਹੈ ਪਹਿਲਾ ਹੈ ਜਨਤਕ ਥੰਮ ਜਿਸ ’ਚ ਕਾਫ਼ੀ ਜ਼ਿਆਦਾ ਕਿਰਤ ਕਾਰਜ ਹੁੰਦਾ ਹੈ। ਪਰਿਵਾਰਿਕ ਦਾਇਰੇ ’ਚ ਕੰਮ ਕਰਦੀ ਹੈ। ਇਹ ਕਿਰਤ ਸ਼ਕਤੀ ਦੀ ਘਾਟ ਨੂੰ ਪੂਰਾ ਕਰਨਾ ਤੇ ਮੁੜ-ਪੈਦਾਵਾਰ ’ਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਪੂੰਜੀਵਾਦੀ ਪ੍ਰਬੰਧ ਆਪਣੀ ਮੁੜ ਪੈਦਾਵਾਰ ਲਈ ਵੀ ਘਰੇਲੂ ਕਿਰਤ ’ਤੇ ਨਿਰਭਰ ਹੁੰਦੀ ਹੈ। ਇਸ ਤਰ੍ਹਾਂ ਪਰਿਵਾਰ ਦੀ ਆਰਥਕ ਭੂਮਿਕਾ ਕਾਇਮ ਰਹਿ ਗਈ ਹੈ ਅਤੇ ਇਹ ਪੂੰਜੀਵਾਦ ਦੇ ਅਧਾਰ ’ਚ ਆਪਣੀ ਭੂਮਿਕਾ ਅਦਾ ਕਰਦਾ ਰਹੇਗਾ। ਏਂਗਲਜ਼ ਨੇ ਇਕਹਿਰੇ ਇਕੱਠੇ ਪਰਿਵਾਰ ਬਾਰੇ ਕਿਹਾ ਹੈ, “ਇਕਮੁਠਤਾ ਮਰਦ ਤੇ ਔਰਤ ਦੇ ਸਮਝੌਤੇ ਵਜੋਂ ਇਤਿਹਾਸ ’ਚ ਆਪਣਾ ਚਿਹਰਾ ਨਹੀਂ ਵਿਖਾਉਂਦੀ ਹੈ, ਅਤੇ ਅਜਿਹੇ ਸਮਝੌਤੇ ਦੇ ਉੱਚਤਮ ਪੱਧਰ ਵਜੋਂ ਬਿਲਕੁਲ

ਹੀ ਨਹੀਂ। ਇਸ ਦੇ ਉਲਟ, ਇਹ ਇਕ ਲਿੰਗ ਵਜੋਂ ਦੂਜੇ ਲਿੰਗ ਦੀ ਅਧੀਨਗੀ ਵਜੋਂ ਆਉਂਦੀ ਹੈ। ਪੂਰਵ ਇਤਿਹਾਸਕ ਸਮਿਆਂ 'ਚ ਕਦੀ ਨਹੀਂ ਵੇਖੇ ਗਏ, ਲਿੰਗਾਂ ਵਿਚਕਾਰ ਸੰਘਰਸ਼ ਦੇ ਦਾਅਵੇ ਵਜੋਂ ਆਉਂਦੀ ਹੈ।"

ਜਮਾਤੀ ਸਮਾਜ 'ਚ ਇਕਮੁੱਠ ਪਰਿਵਾਰ ਪਿੱਤਰਸਤਾ ਦਾ ਥੰਮ ਰਿਹਾ ਹੈ। ਜਾਗੀਰੂ ਸਮਾਜ 'ਚ ਇਕਜੁੱਟ ਪਰਿਵਾਰ ਦਾ ਢਾਂਚਾ ਜਾਗੀਰੂ ਸੱਤਾ ਦੇ ਢਾਂਚੇ ਵਰਗਾ ਹੁੰਦਾ ਹੈ। ਇਕ ਪਿੱਤਰ ਸੱਤਾਵਾਦੀ ਕੇਂਦਰ ਹੁੰਦਾ ਹੈ ਜੋ ਪੂਰੇ ਪਰਿਵਾਰ 'ਤੇ ਪ੍ਰਧਾਨਗੀ ਕਰਦਾ ਹੈ, ਔਰਤਾਂ ਤੇ ਬੱਚੇ ਉਸ ਦੀ ਪਰਜਾ ਹਨ, ਉਨ੍ਹਾਂ ਨੇ ਉਸ ਦੀ ਸੇਵਾ ਕਰਨੀ ਹੁੰਦੀ ਹੈ। ਅਤੇ ਉਸ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੁੰਦਾ ਹੈ। ਜੋ ਵੀ ਪਤਨੀ ਅਤੇ ਬੱਚੇ ਕਮਾਉਂਦੇ ਹਨ ਸਾਰੀ ਕਮਾਈ ਉਸ ਨੂੰ ਸੌਂਪ ਦੇਣੀ ਚਾਹੀਦੀ ਹੈ। ਉਹ ਘਰੇਲੂ ਕੰਮ 'ਚ ਕੋਈ ਹਿੱਸਾ ਨਹੀਂ ਲੈਂਦਾ। ਸਭ ਤੋਂ ਪਹਿਲਾਂ ਉਸ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਪਰਿਵਾਰ ਅੰਦਰ ਉਸ ਦੇ ਸ਼ਬਦ ਹੀ ਕਾਨੂੰਨ ਹਨ ਅਤੇ ਉਹ ਸਿਰਫ ਫੈਸਲਾ ਹੀ ਨਹੀਂ ਸੁਣਾਉਂਦਾ ਬਲਕਿ ਸਜ਼ਾ ਵੀ ਦਿੰਦਾ ਹੈ। ਆਪਣੀ 'ਪਰਜਾ' ਨੂੰ ਅਨੁਸਾਸ਼ਨ 'ਚ ਰੱਖਣ ਲਈ ਉਹ ਹਿੰਸਾ ਦੀ ਵਰਤੋਂ ਵੀ ਕਰਦਾ ਹੈ। ਉਹ ਆਪਣੇ ਰਾਜ ਪਰਿਵਾਰ ਦਾ ਭਗਵਾਨ ਤੇ ਮਾਲਕ ਹੈ।

ਜਾਗੀਰੂ ਸਮਾਜ ਦੇ ਸਮਾਜਕ ਪੂਰਨਿਆਂ ਦੀ ਪੌੜੀ ਤੋਂ ਜਿਵੇਂ ਜਿਵੇਂ ਅਸੀਂ ਹੇਠਾਂ ਉਤਰਦੇ ਹਾਂ। ਜਾਗੀਰੂ ਸਮਾਜ ਦੀ ਪਿੱਤਰ ਸੱਤਾਵਾਦੀ ਕਠੋਰਤਾ ਘੱਟ ਹੁੰਦੀ ਜਾਂਦੀ ਹੈ। ਪਰ ਜਾਇਦਾਦ ਤੋਂ ਵਾਂਝੇ ਦੱਬੇ, ਕੁਚਲੇ ਵਰਗਾਂ ਅਤੇ ਜਾਤਾਂ ਵਿਚ ਵੀ ਇਹ ਪਿੱਤਰ ਸੱਤਾਵਾਦੀ ਰਿਸ਼ਤੇ ਆਮ ਤੌਰ 'ਤੇ ਦਿਸਦੇ ਹਨ।

ਪੂੰਜੀਵਾਦ 'ਚ ਕੁਝ ਉਦਾਰ ਪ੍ਰਭਾਵ ਘੁਸ ਗਏ ਹੋਣਗੇ, ਪਰ ਮਰਦ ਤੇ ਔਰਤ ਵਿਚਾਲੇ ਕਿਰਤ ਦੀ ਵੰਡ ਬਰਕਰਾਰ ਰਹਿੰਦੀ ਹੈ, ਬਲਕਿ ਪੂੰਜੀਵਾਦੀ ਸਮਝੌਤੇ ਦੇ ਰੂਪ 'ਚ ਹੈ ਅਤੇ ਉਸ ਦੇ ਨਾਲ ਪਰਿਵਾਰ ਅੰਦਰ ਪਿੱਤਰ ਸੱਤਾਵਾਦੀ ਰਿਸ਼ਤੇ ਦੇ ਜ਼ਰੂਰੀ ਪਹਿਲੂ ਯਾਦ ਰਹਿੰਦੇ ਹਨ।

ਭਾਰਤੀ ਸਮਾਜ 'ਚ ਵਿਆਹ ਆਮ ਤੌਰ 'ਤੇ ਪਿੱਤਰ ਸੱਤਾਵਾਦੀ ਹੁੰਦਾ ਹੈ, ਲੜਕੀ ਆਪਣੇ ਪਿਤਾ ਤੇ ਨਿਰਭਰ ਹੁੰਦੀ ਹੈ। ਵਿਆਹ ਪਿੱਛੋਂ ਉਹ ਆਪਣੇ ਪਤੀ ਦੀ ਛਤਰ ਛਾਇਆ 'ਚ ਰਹਿੰਦੀ ਹੈ ਅਤੇ ਆਪਣੇ ਪਤੀ ਦੀ ਮੌਤ ਪਿੱਛੋਂ ਆਪਣੇ ਪੁੱਤਰਾਂ 'ਤੇ ਨਿਰਭਰ ਹੁੰਦੀ ਹੈ। ਸਾਰੀ ਉਮਰ ਔਰਤ ਵੇਲ ਬਣ ਕੇ ਰਹਿੰਦੀ ਹੈ ਜਿਸ ਨੂੰ ਪਿੱਤਰ ਸੱਤਾਵਾਦੀ ਸਹਾਰੇ ਦੀ ਲੋੜ ਹੁੰਦੀ ਹੈ।

ਵਿਆਹ ਬੁਨਿਆਦੀ ਤੌਰ 'ਤੇ ਤਹਿਸ਼ੁਦਾ ਹੁੰਦੇ ਹਨ। ਵਿਆਹ ਤਹਿ ਕਰਨ ਵਿਚ ਜੋੜੇ ਦੀ ਚੋਣ ਤੇ ਅਤੇ ਉਸ ਤੋਂ ਵੀ ਵੱਧ ਲਾੜੀ ਦੀ ਮਨਜ਼ੂਰੀ 'ਤੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਭਾਰਤ 'ਚ ਖਪਤਵਾਦ ਦੇ ਫੈਲਾਅ ਦੇ ਨਾਲ-ਨਾਲ ਵਿਆਹ ਲਾੜੀ ਦੇ ਪਰਿਵਾਰ ਤੋਂ ਪੈਸੇ ਬਟੋਰਨ ਦਾ ਸਾਧਨ ਬਣ ਗਿਆ ਹੈ ਉਹ ਦਹੇਜ ਜਾਇਦਾਦ ਤੇ ਮਾਲ/ਵਸਤੂਆਂ ਨੂੰ ਹਾਸਲ ਕਰਨ ਦਾ ਤਰੀਕਾ ਬਣ ਗਿਆ ਹੈ ਅਤੇ ਲਾੜੀ ਦਾ ਇਨਸਾਨ ਵਜੋਂ ਕੋਈ ਮਹੱਤਵ ਨਹੀਂ ਰਹਿ ਗਿਆ ਹੈ। ਇਸ ਲਈ ਦਹੇਜ ਲਈ ਔਰਤਾਂ ਦੀ ਲੁੱਟ ਦੇ ਨਾਲ-ਨਾਲ ਉਨ੍ਹਾਂ ਦੀਆਂ ਧੜੱਲੇ ਨਾਲ ਹੱਤਿਆਵਾਂ ਵੀ ਕੀਤੀਆਂ ਜਾ ਰਹੀਆਂ ਹਨ। ਇਹ ਗੈਰ-ਮਨੁੱਖੀ ਗੰਦੀ ਪ੍ਰਥਾ ਦਾ ਸ਼ਿਕਾਰ ਲੁਟੀ ਜਾਂਦੀ ਜਮਾਤ ਦੇ ਪਰਿਵਾਰ ਵੀ ਹੋ ਰਹੇ ਹਨ।

ਡੂੰਘੇ ਹੋ ਚੁਕੇ ਪਿਤਰ ਸੱਤਾਵਾਦੀ ਰੁਝਾਣਾਂ ਦੀ ਵਜ੍ਹਾ ਕਾਰਨ ਪਰਿਵਾਰਾਂ 'ਚ ਲੜਕੀਆਂ ਪ੍ਰਤੀ ਘੋਰ ਭੇਦਭਾਵ ਅਪਣਾਇਆ ਜਾ ਰਿਹਾ ਹੈ। ਔਰਤਾਂ 'ਤੇ ਉਸ ਦੀ ਕਿਰਤ ਨੂੰ ਬਹੁਤ ਘੱਟ ਮਹੱਤਵ ਦੇਣ ਅਤੇ ਦਹੇਜ ਦੀਆਂ ਕੁਰੀਤੀਆਂ ਕਾਰਨ ਬੱਚੀਆਂ ਪੈਦਾ ਹੋਣ ਤੋਂ ਪਹਿਲਾਂ ਹੀ ਵੱਡੇ ਪੈਮਾਨੇ 'ਤੇ ਮਾਰ ਦਿੱਤੀਆਂ ਜਾ ਰਹੀਆਂ ਹਨ। ਇਸ ਕਾਰਨ ਦੇਸ਼ ਦੇ ਕਈ ਸੂਬਿਆਂ ਵਿਚ ਔਰਤ-ਮਰਦ ਦੇ ਅਨੁਪਾਤ 'ਚ ਭਾਰੀ ਕਮੀ ਆਈ ਹੈ। ਔਰਤਾਂ ਪ੍ਰਤੀ ਭੇਦਭਾਵ ਕਿੰਨਾ ਡੂੰਘਾ ਹੈ ਉਸ ਦਾ ਇਹ ਇਕ ਸੰਕੇਤ ਹੈ।

ਅੱਜ ਦਾ ਵਿਆਹ ਅਤੇ ਪਰਿਵਾਰ ਦੋਨੋਂ ਔਰਤਾਂ ਲਈ ਬੇਹੱਦ ਜਬਰ ਹਨ। ਇਸ ਤੋਂ ਇਲਾਵਾ ਉਹ ਸੰਸਥਾ ਹੈ ਜਿਸ ਰਾਹੀਂ ਹਾਕਮ ਜਮਾਤ ਮਰਦਾਂ ਵਿਚਕਾਰ ਆਪਣੀ ਪਿੱਤਰ ਸੱਤਾਵਾਦੀ ਵਿਚਾਰਧਾਰਾ ਲਈ ਹਮਾਇਤ ਹਾਸਲ ਕਰਦੀ ਹੈ। ਜਮਾਤੀ ਲੁੱਟ-ਘਸੁੱਟ ਵਾਲੇ ਸਮਾਜ 'ਚ, ਜਾਤੀ ਜਬਰ ਨਾਲ ਭਰੇ ਸਮਾਜ 'ਚ ਪਿੱਤਰ ਸੱਤਾਵਾਦੀ ਇਕਹਿਰਾ ਵਿਆਹ, ਲੁਟੇ ਜਾਂਦੇ ਵਰਗਾਂ ਦੇ ਮਰਦਾਂ ਨੂੰ ਜੋ ਵਿਸ਼ੇਸ਼ ਅਧਿਕਾਰ ਦਿੰਦਾ ਹੈ, ਉਥੇ ਹਾਕਮ ਜਮਾਤ ਦੇ ਲਈ ਪਿੱਤਰ ਸੱਤਾ ਦੀ ਸੰਸਥਾ ਨੂੰ ਜਿਉਂਦਾ ਤੇ ਬਰਕਰਾਰ ਰੱਖਦਾ ਹੈ। ਅੱਜ ਦੇ ਜਾਬਰ ਪਰਿਵਾਰਿਕ ਢਾਂਚੇ ਬਿਨਾ, ਅਜਿਹੇ ਪਰਿਵਾਰਾਂ ਨੂੰ ਬੰਦੇਜ ਵਾਲੀਆਂ ਸ਼ਾਦੀਆਂ ਦੇ ਢਕੌਂਸਲੇ ਬਿਨਾ, ਹਾਕਮ ਜਮਾਤਾਂ ਦੇ ਪਿੱਤਰ ਸੱਤਾਵਾਦੀ ਵਿਚਾਰਾਂ ਨੂੰ ਸਮਾਜਕ ਮਾਨਤਾ ਨਹੀਂ ਮਿਲ ਸਕਦੀ ਸੀ। ਇਕ ਲੜਕੀ ਹੋਣ ਦੇ ਨਾਤੇ ਉਹ ਅਜਿਹਾ ਦਬਾਅ ਪਾਉਣਾ ਸਿੱਖ ਜਾਂਦਾ ਹੈ। ਇਸ ਲਈ ਲੋਕਾਂ ਲਈ ਅਸਲੀ ਜਮਹੂਰੀਅਤ ਜਿੱਤਣ ਦੀ ਕਿਸੇ ਵੀ ਕੋਸ਼ਿਸ਼ ਨੂੰ ਇਨਕਲਾਬੀ ਯੁੱਧ 'ਚ ਔਰਤਾਂ ਦੀ ਭਾਰੀ ਗਿਣਤੀ ਸਮੇਤ ਵਿਆਪਕ ਜਨਤਾ ਨੂੰ ਲਾਮਬੰਦ ਕਰਨ ਦੇ ਨਾਲ ਨਾਲ ਪਰਿਵਾਰ ਅੰਦਰ ਪਿੱਤਰ ਸੱਤਾਵਾਦੀ ਰਿਸ਼ਤਿਆਂ ਦੀਆਂ ਜੜ੍ਹਾਂ 'ਤੇ ਸੱਟ ਮਾਰਨੀ ਹੋਵੇਗੀ।

ਸਾਨੂੰ ਅਜਿਹਾ ਨਹੀਂ ਸਮਝਣਾ ਚਾਹੀਦਾ ਕਿ ਔਰਤ ਦਾ ਪਿੱਤਰ ਸੱਤਾਵਾਦੀ ਇਕਹਿਰਾ ਪਰਿਵਾਰ ਦੇ ਮਾਲਕ ਵਿਰੁੱਧ ਸੰਘਰਸ਼ ਉਨ੍ਹਾਂ ਦੇ ਸਾਮਰਾਜਵਾਦ-ਜਾਗੀਰਦਾਰੀ ਵਿਰੋਧੀ ਸੰਘਰਸ਼ ਦੀ ਮੁੱਢਲੀ ਸ਼ਰਤ ਹੈ। ਇਸ ਤਰ੍ਹਾਂ ਅਸੀਂ ਔਰਤ ਦੇ ਬਰਾਬਰ ਦੇ ਅਧਿਕਾਰ ਨੂੰ ਅਤੇ ਜਮਹੂਰੀਅਤ ਨੂੰ ਸਿਰਫ ਘਰ-ਪਰਿਵਾਰ ਦੇ ਦਾਇਰੇ ਤੱਕ ਹੀ ਸੀਮਤ ਨਹੀਂ ਕਰ ਸਕਦੇ। ਦਰਅਸਲ ਪਰਿਵਾਰ ਦਾ ਜਮਹੂਰੀਕਰਨ ਸਮਾਜ ਦੇ ਜਮਹੂਰੀਕਰਨ ਦੇ ਲਈ ਸੰਘਰਸ਼ 'ਚ ਭਾਗ ਲੈਣ ਦੇ ਜ਼ਰੀਏ ਹੀ ਹੋ ਸਕਦਾ ਹੈ। ਉਸ ਤੋਂ ਵੱਖਰਾ ਰਹਿ ਕੇ ਨਹੀਂ। ਨਾਲ ਹੀ ਯਾਦ ਰੱਖਣਾ ਹੋਵੇਗਾ ਕਿ ਘਰ ਪਰਿਵਾਰ ਦੇ ਪਿੱਤਰ ਸੱਤਾ ਵਿਰੋਧੀ ਸੰਘਰਸ਼ ਦਾ ਕਿਰਦਾਰ ਦੋਸਤਾਨਾ ਹੈ। ਇਸ ਨੂੰ ਸਮਝਾਉਣ ਬੁਝਾਉਣ ਤੇ ਬਹਿਸ ਮੁਬਾਸਿਆਂ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਜਮਾਤੀ ਏਕਤਾ ਵਧੇ, ਉਸ 'ਚ ਪਿੱਤਰ ਸੱਤਾ ਵਿਰੋਧੀ ਸੰਘਰਸ਼ ਰਾਹੀਂ ਦਰਾੜ ਨਾ ਪਵੇ। ਦੂਜੇ ਪਾਸੇ, ਸਾਮਰਾਜਵਾਦ-ਜਾਗੀਰਦਾਰੀ ਖਿਲਾਫ਼ ਸੰਘਰਸ਼ ਦਾ ਕਿਰਦਾਰ ਦੁਸ਼ਮਨਾ ਹੈ ਅਤੇ ਇਸ ਦਾ ਹੱਲ ਇਨਕਲਾਬੀ ਯੁੱਧ ਰਾਹੀਂ ਕੀਤਾ ਜਾਣਾ ਹੈ। ਇਸ ਲਈ ਘਰ ਪਰਿਵਾਰ 'ਚ ਮੁੱਖ ਤੌਰ 'ਤੇ ਸਮਝਾਉਣ-ਬੁਝਾਉਣ ਦਾ ਤਰੀਕਾ ਵਰਤਣਾ, ਔਰਤ ਨੂੰ ਇਨਕਲਾਬੀ ਯੁੱਧ 'ਚ ਲਿਆਉਣ ਦੇ ਮਹੱਤਵ ਅਤੇ ਜ਼ਰੂਰਤ ਦਾ ਅਹਿਸਾਸ ਘਰ ਪਰਿਵਾਰ ਦੇ ਮਰਦ ਤੇ ਔਰਤ ਸਾਥੀਆਂ ਨੂੰ ਕਰਵਾਉਣ ਅਤੇ ਇਸ ਲਈ ਸੰਘਰਸ਼ ਕਰਨਾ ਬੇਹੱਦ ਜ਼ਰੂਰੀ ਹੈ। ਤਾਂ ਹੀ ਅਸੀਂ ਮਰਦ-ਔਰਤਾਂ ਮੋਢੇ ਨਾਲ ਮੋਢਾ ਲਾ ਕੇ ਸੰਘਰਸ਼ 'ਚ ਹਿੱਸਾ ਲੈ

ਸਕਾਂਗੇ। ਇਹ ਸਥਿਤੀ ਘਰ-ਪਰਿਵਾਰ ਦੇ ਰਿਸ਼ਤਿਆਂ 'ਚ ਜਮਹੂਰੀਕਰਨ ਦਾ ਰਾਹ ਵੀ ਦਰਸਾਏਗੀ। ਮਤਲਬ ਇਹ ਹੈ ਕਿ ਘਰ-ਪਰਿਵਾਰ ਅੰਦਰ ਪਿੱਤਰ ਸੱਤਾ ਦੇ ਨਾਲ ਔਰਤਾਂ ਦੇ ਅੰਤਰ ਵਿਰੋਧ ਅਤੇ ਸਮਾਜ 'ਚ ਲੁਟੇਰੀਆਂ ਤੇ ਹਾਕਮ ਜਮਾਤਾਂ ਦੇ ਨਾਲ ਔਰਤਾਂ ਦੇ ਅੰਤਰ ਵਿਰੋਧ ਇਨ੍ਹਾਂ ਦੋਹਾਂ ਵਿਰੋਧਤਾਈਆਂ 'ਚ ਸਪੱਸ਼ਟ ਫਰਕ ਰੱਖਿਆ ਜਾਣਾ ਚਾਹੀਦਾ ਹੈ। ਦੋਸਤਾਨਾ ਵਿਰੋਧਾਂ ਦਾ ਹੱਲ ਮੁੱਖ ਤੌਰ 'ਤੇ ਸਮਝਾਉਣ-ਬੁਝਾਉਣ ਦੇ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਤਾਂਕਿ ਦੁਸ਼ਮਣਾਂ ਵਿਰੋਧਤਾਈਆਂ ਦਾ ਹੱਲ ਇਨਕਲਾਬੀ ਯੁੱਧ ਰਾਹੀਂ ਕਰਨ ਵਾਸਤੇ ਸਮੁੱਚੀਆਂ ਸ਼ਕਤੀਆਂ ਨੂੰ ਲਾਮਬੰਦ ਕੀਤਾ ਜਾ ਸਕੇ ਅਤੇ ਉਨ੍ਹਾਂ ਦੀ ਸਮੁੱਚੀ ਪਹਿਲ ਕਦਮੀ ਨੂੰ ਜਮਾਤੀ-ਦੁਸ਼ਮਣਾਂ ਖਿਲਾਫ਼ ਸੰਗਠਿਤ ਤੌਰ 'ਤੇ ਲਾਇਆ ਜਾ ਸਕੇ।

ਜਦੋਂ ਪਰਿਵਾਰ ਆਪਣੀ ਆਰਥਕ ਭੂਮਿਕਾ ਅਦਾ ਕਰਨਾ ਬੰਦ ਕਰ ਦਿੰਦਾ ਹੈ ਅਤੇ ਅਧਾਰ ਦੀ ਸੰਸਥਾ ਹੋਣ ਦੀ ਥਾਂ ਸਿਰਫ ਉਪਰੀ ਢਾਂਚੇ ਦੀ ਸੰਸਥਾ ਬਣ ਜਾਂਦਾ ਹੈ, ਤਾਂ ਹੀ ਉਸ 'ਚ ਕੋਈ ਤਬਦੀਲੀ ਨਹੀਂ ਦਿਸ ਸਕਦੀ। ਸਿਰਫ ਇਹੀ ਸਥਿਤੀ ਪਰਿਵਾਰ ਅੰਦਰ ਪਿੱਤਰ ਸੱਤਾ ਦਾ ਖਾਤਮਾ ਕਰ ਸਕਦੀ ਹੈ ਅਤੇ ਉਸ ਦਾ ਜਮਹੂਰੀਕਰਨ ਕਰ ਸਕਦੀ ਹੈ।

ਇਨਕਲਾਬ ਪਿੱਛੋਂ ਕਮਿਊਨਿਸਟ ਪਾਰਟੀ ਨੂੰ ਨੀਤੀ ਵਜੋਂ ਔਰਤਾਂ ਤੋਂ ਘਰੇਲੂ ਕੰਮ ਦਾ ਭਾਰ ਹਟਾਉਣਾ ਚਾਹੀਦਾ ਹੈ ਅਤੇ ਇਹ ਕੰਮ ਮਰਦਾਂ ਨੂੰ ਇਹ ਭਾਰ ਵੰਡਣ ਦੇ ਸੱਦੇ ਨਾਲ ਹੀ ਨਹੀਂ ਹੋਣਾ ਬਲਕਿ ਉਸ ਕਿਸਮ ਦੇ ਤਰੀਕਿਆਂ ਨੂੰ ਕੱਢਣ ਨਾਲ ਹੋਣਾ ਹੈ ਜੋ ਇਸ ਕੰਮ ਨੂੰ ਅਰਥਚਾਰੇ 'ਚ ਘਰੇਲੂ ਦਾਇਰੇ ਤੋਂ ਕੱਢ ਕੇ ਜਨਤਕ ਖੇਤਰ 'ਚ ਲੈ ਆਵੇ। ਔਰਤਾਂ ਨੂੰ ਪੂਰੀ ਤਰ੍ਹਾਂ ਘਰੇਲੂ ਕੰਮ ਤੋਂ ਮੁਕਤ ਹੋਣਾ ਚਾਹੀਦਾ ਹੈ ਜੋ ਕਿ ਪਰਿਵਾਰ ਦੀ ਹੱਦ ਅੰਦਰ ਸੰਚਾਲਿਤ ਹੁੰਦਾ ਹੈ ਤਾਂ ਹੀ ਸਮਾਜਕ ਪੈਦਾਵਾਰ 'ਚ ਉਨ੍ਹਾਂ ਦੀ ਭਾਗੀਦਾਰੀ ਅਰਥਪੂਰਨ ਹੋ ਸਕਦੀ ਹੈ ਅਤੇ ਮਰਦਾਂ ਦੇ ਨਾਲ ਸਮਾਜਕ ਬਰਾਬਰੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰ ਸਕਦੀ ਹੈ।

ਇਸ ਤਰ੍ਹਾਂ ਅਸੀਂ ਵਿਆਹ ਦੀ ਸੰਸਥਾ ਦੇ ਖਿਲਾਫ਼ ਨਹੀਂ ਹਾਂ ਪਰ ਇਕਹਿਰੇ ਪਰਿਵਾਰ ਦੇ ਪਿੱਤਰ ਸੱਤਾਵਾਦੀ ਢਾਂਚੇ ਦੇ ਖਿਲਾਫ਼ ਹਾਂ। ਇਸ ਗੱਲ ਲਈ ਸਾਨੂੰ ਲੜਨਾ ਚਾਹੀਦਾ ਹੈ ਕਿ ਤਹਿਸ਼ੁਦਾ ਵਿਆਹਾਂ ਦੀ ਥਾਂ 'ਤੇ ਅਜ਼ਾਦ ਚੋਣ ਨਾਲ ਵਿਆਹ ਹੋਣ। ਸਾਡੇ ਦੇਸ਼ 'ਚ ਇਸ ਦਾ ਅਰਥ ਇਹ ਵੀ ਨਹੀਂ ਹੋਣਾ ਚਾਹੀਦਾ ਕਿ ਜਾਤੀ, ਧਰਮ, ਨਸਲ ਕੌਮੀਅਤਾਂ ਤੋਂ ਪਰੇ ਸ਼ਾਦੀਆਂ ਨੂੰ ਠੋਸ ਹਮਾਇਤ ਤੇ ਉਤਸ਼ਾਹ ਦਿੱਤਾ ਜਾਵੇ ਅਤੇ ਉਦੋਂ ਹੋਰ ਵੀ ਵੱਧ ਜਦੋਂ ਇਹ ਸ਼ਾਦੀਆਂ ਦਲਿਤਾਂ ਦੇ ਨਾਲ ਹੋਣ।

ਸ਼ਾਦੀ ਦਾ ਜਾਗੀਰੂ ਤੌਰ-ਤਰੀਕਾ ਰਿਵਾਜ ਵਜੋਂ ਬੰਦ ਹੋਣਾ ਚਾਹੀਦਾ ਹੈ ਸਾਡੇ ਗੁਰੀਲਾ ਜੋਨਾਂ 'ਚ ਦਹੇਜ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ ਅਤੇ ਔਰਤਾਂ ਲਈ ਤਲਾਕ ਦਾ ਅਮਲ ਘੱਟ ਗੁੰਝਲਦਾਰ ਬਣਾਉਣਾ ਚਾਹੀਦਾ ਹੈ। ਪਤਨੀ ਤੇ ਬੱਚਿਆਂ ਨੂੰ ਮਾਰਨ ਕੁੱਟਣ ਸਮੇਤ ਪਰਿਵਾਰ 'ਚ ਸਾਰੇ ਪਿੱਤਰ ਸੱਤਾਵਾਦੀ ਵਿਸ਼ੇਸ਼ ਅਧਿਕਾਰਾਂ ਅਤੇ ਰੁਝਾਨਾਂ ਬਾਰੇ ਸਿਖਿਅਤ ਕਰਨ-ਮਨਾਉਣ-ਸੰਘਰਸ਼ ਕਰਨ ਦੀ ਲਗਾਤਾਰ ਮੁਹਿੰਮ ਚਲਾਉਣੀ ਚਾਹੀਦੀ ਹੈ। ਆਰਥਕ ਨੀਤੀਆਂ (ਜੋ ਖੁਦ ਸਮਾਜਕ ਇਨਕਲਾਬ ਦੀ ਸਫਲਤਾ 'ਤੇ ਨਿਰਭਰ ਹਨ), ਕਾਨੂੰਨ ਅਤੇ ਮਰਦਾਂ ਦੇ ਦ੍ਰਿਸ਼ਟੀਕੋਣ ਨੂੰ ਬਦਲਣ ਲਈ ਔਰਤਾਂ ਦੇ ਸੰਘਰਸ਼ ਅਤੇ ਸਿੱਖਿਆ ਰਾਹੀਂ ਚੇਤਨਾ ਵਿਕਸਤ ਕਰਨ ਦੇ ਇਕੱਠੇ

ਨਿਪਟਾਰੇ ਪੈਕੇਜ ਨਾਲ ਹੀ ਉਸ ਪਿੱਤਰ ਸੱਤਾਵਾਦੀ ਇਕਹਿਰੇਪਣ ਨੂੰ ਬਦਲਿਆ ਜਾ ਸਕਦਾ ਹੈ। ਜੋ ਪਰਿਵਾਰ ਅੰਦਰ ਔਰਤ ਨੂੰ ਬੰਨ ਕੇ ਰੱਖਦੀ ਹੈ ਅਤੇ ਦਬਾਏ ਹੋਏ ਮਰਦਾਂ ਦੀ ਅਗਾਂਹਵਧੂ ਸੋਚ ਨੂੰ ਪਿੱਛੇ ਧੱਕਦੀ ਹੈ। ਜਿਸ ਨੂੰ ਖਤਮ ਕਰਨਾ ਹੈ, ਉਹ ਹੈ – ਇਕਹਿਰੇ ਪਰਿਵਾਰ 'ਤੇ ਸ਼ਿਕੰਜੇ ਵਰਗੀ ਪਿੱਤਰ ਸੱਤਾਵਾਦੀ ਪਕੜ। ਜਮਹੂਰੀ ਰਿਸ਼ਤਿਆਂ ਨੂੰ ਲਿਆਉਣ 'ਚ ਸਾਰੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਨਵੇਂ ਇਕਹਿਰੇ ਪਰਿਵਾਰ ਨੂੰ ਜਨਤਾ 'ਚ ਪਿੱਤਰ ਸਤਾ ਦਾ ਕਿਲਾ ਹੋਣ ਦੀ ਥਾਂ ਔਰਤ ਨੂੰ ਅਜ਼ਾਦ ਕਰਨਾ ਚਾਹੀਦਾ ਹੈ ਅਤੇ ਮਰਦਾਂ ਨੂੰ ਉਸ ਹੱਤ ਤੱਕ ਮਰਿਆਦਾ ਅਧੀਨ ਕਰਨਾ ਚਾਹੀਦਾ ਹੈ।

# ਨਵ-ਜਮਹੂਰੀ ਔਰਤ ਅੰਦੋਲਨ

ਭਾਰਤੀ ਨਵ ਜਮਹੂਰੀ ਇਨਕਲਾਬ ਦੇ ਨਿਸ਼ਾਨੇ, ਸਾਮਰਾਜ, ਵੱਡੇ ਜ਼ਿੰਮੀਦਾਰ, ਦਲਾਲ ਨੌਕਰਸ਼ਾਹ ਸਰਮਾਏਦਾਰ, ਭਾਰਤੀ ਔਰਤਾਂ 'ਤੇ ਜਮਾਤੀ ਲੁੱਟ-ਘਸੁੱਟ ਤੇ ਨਾਲ ਹੀ ਪਿੱਤਰ-ਸੱਤਾਵਾਦੀ ਜ਼ੁਲਮ ਦੇ ਵਾਹਨ ਹਨ ਇਸ ਲਈ ਇਨ੍ਹਾਂ ਜਮਾਤਾਂ ਤੇ ਉਨ੍ਹਾਂ ਦੀ ਰਾਜ ਸੱਤਾ ਦੇ ਖਿਲਾਫ਼ ਸੰਘਰਸ਼, ਜਮਾਤੀ ਲੁੱਟ-ਘਸੁੱਟ ਤੇ ਪਿੱਤਰਸੱਤਾ ਖਿਲਾਫ਼ ਔਰਤਾਂ ਦੇ ਮੁਕਤੀ ਸੰਘਰਸ਼ ਨੂੰ ਵੀ ਸ਼ਾਮਲ ਕਰਦਾ ਹੈ। ਦੋਨੋਂ 'ਚ ਨਿਰੰਤਰ ਤੇ ਜੀਵਤ ਵਿਰੋਧ ਵਿਕਾਸੀ ਰਿਸ਼ਤਾ ਹੈ। ਦੂਜੇ ਬਿਨਾ ਇਕ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਹੈ। ਨਵ-ਜਨਵਾਦੀ ਇਨਕਲਾਬ ਲਈ ਸੰਘਰਸ਼, ਪਿੱਤਰ ਸੱਤਾ ਤੋਂ ਔਰਤ ਮੁਕਤੀ ਲਈ ਨਵੇਂ ਰਾਹ ਖੋਲ੍ਹਦਾ ਹੈ ਅਤੇ ਪਿੱਤਰਸੱਤਾ ਦੇ ਖਿਲਾਫ਼ ਸੰਘਰਸ਼ ਨਵ-ਜਮਹੂਰੀ ਇਨਕਲਾਬ ਨੂੰ ਤਾਕਤ ਬਖਸ਼ਦਾ ਹੈ। ਨਵ-ਜਮਹੂਰੀ ਇਨਕਲਾਬ, ਭਾਰਤੀ ਜਨਤਾ ਦੀ ਮੁਕਤੀ ਦਾ ਹਰਕਾਰਾ ਅਤੇ ਔਰਤ ਮੁਕਤੀ ਦਾ ਨਿਸ਼ਚਤ ਰਾਹ ਹੈ। ਪਰ ਔਰਤ ਮੁਕਤੀ ਸੰਘਰਸ਼ ਦੀ ਅਗਵਾਈ ਕਿਸ ਨੂੰ ਕਰਨੀ ਚਾਹੀਦੀ ਹੈ? ਜੋ ਜਮਾਤ ਨਵ-ਜਮਹੂਰੀ ਇਨਕਲਾਬ ਦੀ ਅਗਵਾਈ ਕਰਦੀ ਹੈ ਯਾਨੀ ਕਿ ਪ੍ਰੋਲੇਤਾਰੀ, ਉਸ ਨੂੰ ਆਪਣੀ ਪਾਰਟੀ, ਕਮਿਊਨਿਸਟ ਪਾਰਟੀ ਨੂੰ ਹੀ ਇਨਕਲਾਬੀ ਔਰਤ ਅੰਦੋਲਨ ਦੀ ਅਗਵਾਈ ਕਰਨੀ ਚਾਹੀਦੀ ਹੈ।

ਭਾਰਤ ਦੀ ਔਰਤ ਲੋਕਾਈ 'ਚ, ਔਰਤ ਮਜ਼ਦੂਰ ਸਭ ਤੋਂ ਵੱਧ ਇਨਕਲਾਬੀ ਹਿੱਸੇ ਹਨ, ਉਹ ਸਮਾਜਕ ਪੈਦਾਵਾਰ 'ਚ ਸ਼ਾਮਲ ਹਨ ਅਤੇ ਪੈਸੇ ਕਮਾਉਂਦੀਆਂ ਹਨ ਜੋ ਉਨ੍ਹਾਂ ਦੀ ਚੇਤਨਾ ਨੂੰ ਵਿਆਪਕ ਬਣਾਉਂਦਾ ਹੈ ਅਤੇ ਪਰਿਵਾਰ ਤੇ ਸਮਾਜ 'ਚ ਉਨ੍ਹਾਂ ਨੂੰ ਇੱਕ ਹੱਦ ਤੱਕ ਅਜ਼ਾਦੀ ਦਿੰਦਾ ਹੈ। ਕਿਰਤੀਆਂ ਵਜੋਂ ਉਨ੍ਹਾਂ ਦੀ ਵਧੀ ਹੋਈ ਚੇਤਨਾ ਦੇ ਕਾਰਨ ਉਹ ਅਸਾਨੀ ਨਾਲ ਇਕਮੁੱਠ ਹੁੰਦੀਆਂ ਹਨ ਅਤੇ ਇਨਕਲਾਬੀ ਔਰਤ ਜਥੇਬੰਦੀ ਦੀ ਲੋੜ ਮਹਿਸੂਸ ਕਰਦੀਆਂ ਹਨ।

ਇਸ ਤੋਂ ਬਾਅਦ ਆਉਂਦੀਆਂ ਹਨ ਔਰਤ ਬੇਜ਼ਮੀਨੇ ਮਜ਼ਦੂਰ ਤੇ ਗਰੀਬ ਕਿਸਾਨ। ਉਹ ਪ੍ਰੋਲੇਤਾਰੀ ਦੀ ਸਭ ਤੋਂ ਨੇੜਲੀ ਤੇ ਵਿਸਵਾਸ਼ਯੋਗ ਮਿੱਤਰ ਹੈ ਅਤੇ ਇੱਕ ਵੇਲੇ ਪਿੰਡ 'ਚ ਸਭ ਤੋਂ ਵੱਧ ਗਿਣਤੀ ਵਾਲੀ ਤੇ ਸਭ ਤੋਂ ਵੱਧ ਇਨਕਲਾਬੀ ਜਮਾਤ ਹੈ। ਇਕ ਪਾਸੇ ਸਭ ਤੋਂ ਵੱਧ ਜ਼ਾਲਮ ਤੇ ਵਿਆਪਕ ਜਮਾਤੀ ਲੁਟ ਤੇ ਦਾਬੇ ਨਾਲ ਹੀ ਪਿੱਤਰਸੱਤਾ ਵਾਲੇ ਦਾਬੇ ਦੇ ਤਿੱਖੇਪਣ ਅਤੇ ਆਪਾਂ ਬਿਆਨ ਅਤੇ ਟਾਕਰੇ ਦੀ ਉਨ੍ਹਾਂ ਦੀ ਯੋਗਤਾ ਉਨ੍ਹਾਂ ਨੂੰ ਔਰਤ ਮੁਕਤੀ ਦੇ ਸੱਦੇ ਦੀ ਸਭ ਤੋਂ ਉਤਸ਼ਾਹੀ ਸ਼ਕਤੀ ਬਣਾ ਦਿੰਦੀ ਹੈ।

ਪਿੰਡ ਦੇ ਸੇਵਾ ਕਰਨ ਵਾਲੇ ਦਸਤਕਾਰ ਤੇ ਮੱਧ-ਵਰਗੀ ਕਿਸਾਨ, ਔਰਤ ਅੰਦੋਲਨ 'ਤੇ ਹਮਾਇਤੀ ਹੁੰਗਾਰਾ ਭਰਦੇ ਹਨ। ਉਹ ਖੇਤੀ ਤੇ ਸਰੀਰਕ ਉਤਪਾਦਕ ਕਿਰਤ 'ਚ ਭਾਗ ਲੈਂਦੇ ਹਨ ਅਤੇ ਇਸ ਤਰ੍ਹਾਂ ਪਿੰਡ ਵਿਚ ਜਾਗੀਰਦਾਰੀ-ਵਿਰੋਧੀ ਤੇ ਪਿੱਤਰਸੱਤਾ-ਵਿਰੋਧੀ ਸੰਘਰਸ਼ ਦੇ ਵਿਸਵਾਸ਼ ਯੋਗ ਦੋਸਤ ਹਨ।

ਕਸਬਿਆਂ ਤੇ ਸ਼ਹਿਰਾਂ ਵਿਚ, ਔਰਤਾਂ ਜੋ ਖੁਦ ਕਿਰਤੀ ਮਜ਼ਦੂਰ ਨਹੀਂ ਹਨ ਪਰ ਮਜ਼ਦੂਰ ਜਮਾਤ ਦੇ ਪਰਿਵਾਰਾਂ ਦੀਆਂ ਹਨ, ਸੁਭਾਵਿਕ ਤੌਰ 'ਤੇ ਮਰਦ ਮਜ਼ਦੂਰਾਂ

ਦੀ ਔਖੀ ਜ਼ਿੰਦਗੀ ਦਾ ਭਾਰ ਵੰਡਾਉਂਦੀਆਂ ਹਨ। ਪ੍ਰੋਲਤਾਰੀ ਦੇ ਸੰਘਰਸ਼ਾਂ ਦੇ ਨਾਲ ਇਕਜੁਟਤਾ ਜ਼ਾਹਰ ਕਰਨ ਵਾਲਿਆਂ 'ਚ ਉਹ ਔਰਤਾਂ ਸਭ ਤੋਂ ਮੂਹਰੇ ਹਨ ਅਤੇ ਔਰਤਾਂ ਦੇ ਇਨਕਲਾਬੀ ਸੰਘਰਸ਼ 'ਚ ਔਰਤਾਂ ਮਜ਼ਦੂਰਾਂ ਦੇ ਪਿੱਛੇ ਚਲਦੀਆਂ ਹਨ।

ਔਰਤ ਵਿਦਿਆਰਥੀ ਤਬਕਾ ਔਰਤ ਬੁਧੀਜੀਵੀਆਂ ਦੇ ਜੁਝਾਰੂ ਹਿੱਸੇ ਨੂੰ ਜਥੇਬੰਦ ਕਰਦਾ ਹੈ। ਉਨ੍ਹਾਂ ਦੀ ਗਿਣਤੀ ਹਰ ਰੋਜ਼ ਵਧ ਰਹੀ ਹੈ ਤੇ ਉਨ੍ਹਾਂ ਦੀਆਂ ਆਸਾਂ ਰਹਿੰਦੀਆਂ ਹਨ ਕਿ ਪਿੱਤਰ ਸੱਤਾਵਾਦੀ ਬੰਧਨਾਂ ਨੂੰ ਤੋੜ ਕੇ, ਅਜ਼ਾਦ ਜੀਵਨ ਜਿਉਣਾ। ਜੇ ਇਨਕਲਾਬੀ ਵਿਚਾਰਧਾਰਾ 'ਚ ਸਹੀ ਤਰੀਕੇ ਨਾਲ ਢਾਲਿਆ ਜਾਵੇ ਤਾਂ ਉਹ ਇਨਕਲਾਬੀ ਔਰਤ ਸੰਘਰਸ਼ ਲਈ ਕੇਡਰ ਸ਼ਕਤੀ ਦਾ ਚੰਗਾ ਸੋਮਾ ਬਣ ਸਕਦੀਆਂ ਹਨ।

ਸਮਾਜਕ ਖੁੱਲ੍ਹੇਪਣ ਅਤੇ ਸਮਾਜਕ ਪੈਦਾਵਾਰ ਵਿਚ ਆਪਣੀ ਭੂਮਿਕਾ ਕਾਰਨ ਦਰਮਿਆਨੀ ਜਮਾਤ ਦੀਆਂ ਔਰਤਾਂ, ਔਰਤ ਅੰਦੋਲਨ ਲਈ ਹਾਂ ਪੱਖੀ ਰੁਖ ਵਿਖਾਉਂਦੀਆਂ ਹਨ। ਇਨ੍ਹਾਂ 'ਚੋਂ ਬਹੁ ਗਿਣਤੀ, ਜੋ ਦਰਮਿਆਨੀ ਜਮਾਤ ਦੇ ਮੁਲਾਜ਼ਮਾਂ ਦੇ ਹੇਠਲੇ ਤਬਕੇ ਜਿਵੇਂ ਆਂਗਨਵਾੜੀ ਅਧਿਆਪਕਾਂ, ਸਕੂਲ ਅਧਿਆਪਕਾਂ ਆਦਿ ਨਾਲ ਬਣੇ ਹਨ, ਇਨਕਲਾਬੀ ਔਰਤ ਅੰਦੋਲਨ ਵਿਚ ਸਰਗਰਮ ਹਿੱਸੇਦਾਰ ਦੇ ਰੂਪ ਵਿਚ ਇਨ੍ਹਾਂ ਦੇ ਅੱਗੇ ਆਉਣ ਦੀ ਸੰਭਾਵਨਾ ਹੈ। ਦਰਮਿਆਨੀ ਜਮਾਤ ਦੀਆਂ ਔਰਤ ਮੁਲਾਜ਼ਮਾਂ ਦਾ ਉਪਰਲਾ ਹਿੱਸਾ ਅਤੇ ਕਿੱਤਾਕਾਰੀ ਬੁਰਜੂਆ ਨਾਰੀਵਾਦ ਦੇ ਵਿਕਾਸ ਲਈ ਸਮਾਜਕ ਅਧਾਰ ਬਣਦੇ ਹਨ। ਇਨਕਲਾਬੀ ਔਰਤ ਅੰਦੋਲਨ ਨਾਲ ਉਨ੍ਹਾਂ ਦੇ ਸਿਧਾਂਤਕ ਮੱਦਭੇਦਾਂ ਦੇ ਬਾਵਜੂਦ ਲੰਮੇ ਪੱਖ ਤੋਂ ਉਨ੍ਹਾਂ ਨਾਲ ਸਾਂਝਾ ਮੋਰਚਾ ਬਣਾਉਣ ਦੀ ਸੰਭਾਵਨਾ ਹੈ।

ਵੱਡੇ ਸ਼ਹਿਰਾਂ ਵਿਚ ਔਰਤ ਸਨਅਤਕਾਰਾਂ ਦਾ ਵੱਧ ਰਿਹਾ ਹਿੱਸਾ ਹੈ। ਉਹ ਹਮੇਸ਼ਾ ਆਪਣੀ ਵਡੱਤਣ 'ਚ ਗੁਆਚੀਆਂ ਰਹਿਣਾ ਪਸੰਦ ਕਰਦੀਆਂ ਹਨ ਅਤੇ ਬੁਰਜੂਆ ਨਾਰੀਵਾਦ ਦਾ ਸਭ ਤੋਂ ਵਧੀਆ ਜਿਉਂਦਾ ਚਿੰਨ ਹਨ। ਉਹ ਨਾਲੋ ਨਾਲ ਬੁਰਜੂਆ ਅਤੇ ਨਾਰੀਵਾਦੀ ਹਨ। ਇਨ੍ਹਾਂ 'ਚ ਇਕ ਹਿੱਸਾ ਕੌਮੀ ਸਰਮਾਏਦਾਰ ਜਮਾਤ ਵਿਚੋਂ ਹੈ। ਹਾਲਾਂਕਿ ਉਹ ਔਰਤ (ਜਾਂ ਮਰਦ) ਮੇਹਨਤਕਸ਼ਾਂ ਦੀ ਲੁੱਟ ਕਰਦੀਆਂ ਹਨ, ਪਰ ਕਦੇ ਕਦੇ ਇਹ ਕੌਮੀ ਸਨਅਤਕਾਰ ਔਰਤਾਂ ਇਨਕਲਾਬੀ ਭੂਮਿਕਾ ਨਿਭਾ ਸਕਦੀਆਂ ਹਨ।

ਧਨੀ ਕਿਸਾਨ ਵਰਗ ਦੀਆਂ ਔਰਤਾਂ ਅਤੇ ਸ਼ਹਿਰੀ ਮੱਧ ਵਰਗ ਮਰਦਾਂ ਅਤੇ ਕੌਮੀ ਸਰਮਾਏਦਾਰੀ ਵਰਗ ਦੇ ਮਰਦਾਂ 'ਤੇ ਨਿਰਭਰ ਔਰਤਾਂ ਸਮਾਜਕ ਪੈਦਾਵਾਰ ਦੇ ਕਿਸੇ ਵੀ ਰੂਪ 'ਚ ਹਿੱਸਾ ਨਹੀਂ ਲੈਂਦੀਆਂ ਹਨ। ਉਹ ਪਰਿਵਾਰ ਤੱਕ ਸੀਮਤ ਹਨ। ਹਾਲਾਂ ਕਿ ਇਹ ਔਰਤਾਂ ਇਨਕਲਾਬੀ ਵਰਗਾਂ 'ਚੋਂ ਆਉਂਦੀਆਂ ਹਨ ਅਤੇ ਇਸ ਤਰ੍ਹਾਂ ਨਵ ਜਮਹੂਰੀ ਇਨਕਲਾਬ ਦੀ ਹਮਾਇਤ ਕਰਦੀਆਂ ਹਨ ਫਿਰ ਵੀ ਉਹ ਕਾਫੀ ਹੱਦ ਤੱਕ ਪਿੱਤਰ ਸੱਤਾਵਾਦੀ ਮੁੱਲਾਂ ਨੂੰ ਆਤਮਸਾਤ ਕਰ ਲੈਂਦੀਆਂ ਹਨ। ਹਿੰਦੂ ਫਿਰਕਾਪ੍ਰਸਤ ਅਤਿਰਤਵ ਅਤੇ ਸੀਤਾ ਵਰਗੀ ਪਵਿੱਤਰ ਪਤਨੀ ਦੀ ਆਪਣੀਆਂ ਪਿਛਾਖੜੀ ਧਾਰਨਾਵਾਂ ਦਾ ਪ੍ਰਚਾਰ ਕਰਨ ਲਈ, ਇਨ੍ਹਾਂ 'ਤੇ ਨਿਰਭਰ ਕਰਦੇ ਹਨ ਤੇ ਜੇ ਉਹ ਉੱਚ ਜਾਤੀ ਹਿੰਦੂ ਜਾਂ ਤੰਗ ਨਜ਼ਰ ਮੁਸਲਮਾਨ ਪਰਿਵਾਰਾਂ 'ਚੋਂ ਹਨ ਤਾਂ ਅਜਿਹਾ ਹੋਰ ਵੀ ਜ਼ਿਆਦਾ ਹੈ।

ਬਾਵਜੂਦ ਇਸ ਦੇ ਇਨਕਲਾਬੀ ਅੰਦੋਲਨ ਦੇ ਉਭਾਰ ਸਮੇਂ ਇਹ ਹਿੱਸਾ ਇਕ ਸਰਗਰਮ ਭਾਗੀਦਾਰ ਹੋਏ ਬਗੈਰ ਵੀ ਇਨਕਲਾਬੀ ਔਰਤ ਅੰਦੋਲਨ ਨੂੰ ਆਪਣੀ ਮਜ਼ਬੂਤ ਹਮਦਰਦੀ ਦੇ ਸਕਦਾ ਹੈ ਤੇ ਉਸ ਦੇ ਪ੍ਰਚਾਰ ਨੂੰ ਗ੍ਰਹਿਣ ਕਰ ਸਕਦਾ ਹੈ। ਭਾਰਤ 'ਚ ਪੀੜਤ ਔਰਤਾਂ ਦਾ ਇਕ ਹੋਰ ਹਿੱਸਾ ਵਧਦੀ ਗਿਣਤੀ 'ਚ ਵੇਸ਼ਵਾਵਾਂ ਹਨ ਜੋ ਔਰਤਾਂ 'ਤੇ ਸਾਮਰਾਜੀ ਹਮਲੇ ਦੀਆਂ ਸਭ ਤੋਂ ਬੁਰੀ ਤਰ੍ਹਾਂ ਸ਼ਿਕਾਰ ਹਨ। ਉਹ ਇਸ ਸਮਾਜ ਤੇ ਇਸ ਦੇ ਦੋਹਰੇ ਮਾਪਦੰਡ ਤੋਂ ਨਫਰਤ ਕਰਦੀਆਂ ਹਨ ਤੇ ਉਸ ਕਿਸਾਨ ਦੀ ਜ਼ਿੰਦਗੀ ਤੋਂ ਬਾਹਰ ਨਿਕਲਣ ਲਈ ਛਟਪਟਾ ਰਹੀਆਂ ਹਨ। ਇਸ ਲਈ ਉਹ ਵੀ ਨਵ-ਜਮਹੂਰੀ ਇਨਕਲਾਬ ਦੀ ਹਮਾਇਤ ਕਰਨਗੀਆਂ। ਜੋ ਵੇਸ਼ਵਾਬਿਰਤੀ ਖਤਮ ਕਰਨ ਦਾ ਵਾਅਦਾ ਕਰਦੀਆਂ ਹਨ ਅਤੇ ਉਨ੍ਹਾਂ ਲਈ ਇੱਜ਼ਤ ਦੀ ਜ਼ਿੰਦਗੀ ਯਕੀਨੀ ਬਣਾਉਂਦੀਆਂ ਹਨ। ਕੁਝ ਇਨਕਲਾਬੀ ਸੰਘਰਸ਼ਾਂ ਵਿਚ, ਉਨ੍ਹਾਂ ਨੇ ਇਕ ਬਹੁਤ ਹੀ ਬਹਾਦਰਾਨਾ ਭੂਮਿਕਾ ਅਦਾ ਕੀਤੀ ਸੀ ਗੱਲ ਕਿ ਉਨ੍ਹਾਂ ਨੂੰ ਜਥੇਬੰਦ ਕਰਨਾ ਓਨਾ ਸੌਖਾ ਨਹੀਂ ਹੈ ਅਤੇ ਤੁਰੰਤ ਸੰਭਵ ਹੋ ਵੀ ਨਹੀਂ ਸਕਦਾ ਹੈ ਪਰ ਇਨਕਲਾਬੀ ਔਰਤ ਸੰਘਰਸ਼ ਨੂੰ ਵਾਜਿਬ ਮੰਗਾਂ ਤੇ ਨਾਹਰਿਆਂ ਦੇ ਨਾਲ ਉਨ੍ਹਾਂ ਵਿਚਕਾਰ ਕੰਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜ਼ਿੰਮੀਦਾਰ ਤੇ ਦਲਾਲ ਸਰਮਾਏਦਾਰੀ ਜਮਾਤਾਂ ਦੀਆਂ ਔਰਤ ਪਿੱਤਰ ਸੱਤਾਵਾਦੀ ਪਾਬੰਦੀਆਂ ਦਾ ਸਾਹਮਣਾ ਕਰਦੀਆਂ ਹਨ। ਪਰ ਹਾਕਮ ਜਮਾਤ ਦੇ ਅੰਗ ਵਜੋਂ ਉਹ ਸਿਰਫ ਜਗੀਰੂ ਤੇ ਸਾਮਰਾਜੀ ਲੁੱਟ ਤੇ ਭਾਰਤ ਦੀ ਮੇਹਨਤਕਸ਼ ਜਨਤਾ ਦੀ ਲੁੱਟ ਰਾਹੀਂ ਜਿਉਂਦੀਆਂ ਰਹਿੰਦੀਆਂ ਹਨ। ਅੰਤ ਦੇ ਪਿੱਤਰ ਸੱਤਾਵਾਦੀ ਮੁੱਲਾਂ ਨੂੰ ਆਤਮਸਾਤ ਕਰਨ ਦੀਆਂ ਉਹ ਪਾਤਰ ਹਨ ਤੇ ਉਨ੍ਹਾਂ ਦਾ ਪਰਜੀਵੀ ਕਿਰਦਾਰ ਹੈ। ਉਹ ਇਨਕਲਾਬੀ ਲੋਕਾਂ 'ਤੇ ਜ਼ੁਲਮ ਦੀ ਹਰ ਕਾਰਵਾਈ ਦੀ ਹਮਾਇਤ ਕਰਦੀਆਂ ਹਨ। ਉਹ ਭਾਰਤ ਦੀ ਨਵ ਜਮਹੂਰੀ ਕ੍ਰਾਂਤੀ ਦੀਆਂ ਦੁਸ਼ਮਣ ਹਨ। ਕੁਝ ਬੁਰਜੂਆ ਨਾਰੀਵਾਦੀ ਐਸੀਆਂ ਔਰਤਾਂ ਦਾ ਸਿਰਫ ਔਰਤ ਹਿੱਸਾ ਹੀ ਵੇਖਦੀਆਂ ਹਨ ਪਰ ਜਮਾਤੀ ਖਾਸਾ ਨਹੀਂ ਵੇਖਦੀਆਂ ਭਾਰਤੀ ਨਵ-ਜਮਹੂਰੀ ਇਨਕਲਾਬੀਆਂ ਦੀਆਂ ਪ੍ਰੇਰਕ ਸ਼ਕਤੀਆਂ, ਪ੍ਰੋਲੇਤਾਰੀ, ਕਿਸਾਨ ਨੀਮ-ਸਰਮਾਏਦਾਰ ਤੇ ਕੌਮੀ ਸਰਮਾਏਦਾਰ ਹਨ ਜਿਨ੍ਹਾਂ 'ਚ ਅਗਵਾਈ ਕਰਨ ਵਾਲੀ ਜਮਾਤ ਪ੍ਰੋਲੇਤਾਰੀ ਹੈ। ਨਵ-ਜਮਹੂਰੀ ਇਨਕਲਾਬ ਦਾ ਅਤੇ ਇਸ ਦੇ ਇਕ ਹਿੱਸੇ ਵਜੋਂ ਇਨਕਲਾਬੀ ਔਰਤ ਸੰਘਰਸ਼ ਦੀ ਵੀ ਅਗਵਾਈ ਪ੍ਰੋਲੇਤਾਰੀ ਕਰੇਗਾ, ਜਿਸ ਦਾ ਔਰਤ ਤਬਕਾ ਇਨਕਲਾਬੀ ਔਰਤ ਸੰਘਰਸ਼ ਦੇ ਅੱਗੇ ਰਹੇਗਾ। ਬੇਜ਼ਮੀਨ ਤੇ ਗਰੀਬ ਕਿਸਾਨ ਅਤੇ ਆਦੀਵਾਸੀ ਔਰਤਾਂ ਉਸ ਦੀਆਂ ਸਭ ਤੋਂ ਉਤਸ਼ਾਹੀ, ਦ੍ਰਿੜ ਤੇ ਬਹੁਗਿਣਤੀ ਭਾਗੀਦਾਰ ਹੋਣਗੀਆਂ, ਮੱਧ-ਵਰਗੀ ਪਰਿਵਾਰਾਂ ਦੀਆਂ ਔਰਤਾਂ, ਵਿਦਿਆਰਥਣਾਂ, ਔਰਤ ਕਾਰੋਬਾਰੀ ਤੇ ਮੱਧ ਕਿਸਾਨੀ ਔਰਤਾਂ ਇਸ ਦੀਆਂ ਭਰੋਸੇਯੋਗ ਭਾਗੀਦਾਰ ਹੋਣਗੀਆਂ। ਮੱਧ ਵਰਗਾਂ ਦੇ ਉਪਰਾਲੇ ਤਬਕੇ ਦੀਆਂ ਔਰਤਾਂ ਧਨੀ ਕਿਸਾਨ ਔਰਤਾਂ ਤੇ ਕੌਮੀ ਸਰਮਾਏਦਾਰੀ ਜਮਾਤ ਦੀਆਂ ਔਰਤਾਂ ਸਨਅਤਕਾਰ, ਗੈਰ ਸਰਗਰਮ ਪਰ ਹਮਾਇਤ ਦੀ ਭੂਮਿਕਾ ਨਿਭਾਉਣਗੀਆਂ ਅਤੇ ਇਨ੍ਹਾਂ 'ਚ ਇੱਕ ਹਿੱਸਾ ਡਾਵਾਂਡੋਲ ਰਹੇਗਾ। ਔਰਤ ਮੁਕਤੀ ਅੰਦੋਲਨ, ਨਵ-ਜਮਹੂਰੀ ਇਨਕਲਾਬ ਦੀ ਅਤੇ ਬਦਲੇ 'ਚ ਉਸ ਤੋਂ ਮਜ਼ਬੂਤੀ ਲੈਂਦਾ ਹੈ। ਮਹੱਤਵਪੂਰਨ ਧਾਰਾ ਤੇ ਉਸ ਦਾ ਹਿੱਸਾ ਹੈ। ਇਹ ਨਵ-ਜਮਹੂਰੀ ਇਨਕਲਾਬ ਨੂੰ ਮਜ਼ਬੂਤ ਕਰਦਾ ਹੈ।

ਜਮਾਤੀ ਲੜਾਈ ਨੂੰ ਤੇਜ਼ ਕਰਕੇ, ਸਮੁੱਚੇ ਸਮਾਜ ਵਿਚ ਪਿੱਤਰਸੱਤਾ-ਵਿਰੋਧੀ ਸੰਘਰਸ਼ ਨੂੰ ਵੀ ਤਿੱਖਾ ਕਰਨ ਦੀ ਗੁੰਜਾਇਸ਼ ਖੁੱਲ੍ਹ ਜ਼ਾਦੀ ਹੈ। ਇਸ ਤਰ੍ਹਾਂ ਸਹੀ ਟੀਚਾ ਅਤੇ ਦਿਸ਼ਾ ਦੇ ਨਾਲ ਸਮੁੱਚੀ ਸਮਾਜਕ ਵਿਵਸਥਾ ਵਿਚ ਵੀ ਪਿੱਤਰ ਸੱਤਾ-ਵਿਰੋਧੀ ਸੰਘਰਸ਼ ਨੂੰ ਵੀ ਤਿੱਖਾ ਕਰਨ ਨਾਲ ਜਮਾਤੀ ਲੜਾਈ ਦਾ ਵਿਕਾਸ ਵੀ ਤੇਜ਼ ਹੋ ਜਾਂਦਾ ਹੈ। ਨਵ-ਜਮਹੂਰੀ ਇਨਕਲਾਬ ਦੇ ਲੰਬੇ ਅਮਲ 'ਚ, ਹਰ ਪੜਾਅ, ਅੰਦੋਲਨ ਦੇ ਮੋੜਾਂ ਘੋੜਾਂ 'ਤੇ, ਆਮ ਰਾਜਸੀ, ਆਰਥਕ ਤੇ ਸਭਿਆਚਾਰਕ ਖੇਤਰਾਂ ਨਾਲ ਸਬੰਧਤ ਅਤੇ ਪਿੱਤਰ ਸੱਤਾ ਵਿਰੋਧੀ ਰਾਜਸੀ, ਆਰਥਕ ਤੇ ਸਭਿਆਚਾਰਕ ਖੇਤਰਾਂ ਲਈ ਵਾਜਬ ਨਾਹਰੇ ਦੇਣ ਦਾ ਧਿਆਨ ਰੱਖਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਹੀ ਜਮਾਤੀ ਸੰਘਰਸ਼ ਚਲਾਉਣ ਵਿਚ ਔਰਤਾਂ ਦਾ ਉਤਸ਼ਾਹ, ਪਿੱਤਰਸੱਤਾ ਨਾਲ ਲੜਨ ਅਤੇ ਖੁਦ ਨੂੰ ਔਰਤਾਂ ਵਜੋਂ ਅਤੇ ਲੁੱਟੀ ਜਾਂਦੀ ਜਮਾਤ ਦੇ ਰੂਪ 'ਚ ਵੀ ਮੁਕਤ ਕਰਨ ਦੇ ਉਨ੍ਹਾਂ ਦੇ ਉਤਸ਼ਾਹ ਨਾਲ ਮੇਲ ਖਾ ਸਕੇਗਾ। ਇਸ ਤਰ੍ਹਾਂ ਅਸੀਂ ਪਾਰਟੀ, ਫੌਜ, ਜਨਤਕ ਜਥੇਬੰਦੀਆਂ ਤੇ ਸਾਂਝਾ ਮੋਰਚਾ ਸੰਗਠਨਾਂ 'ਚ ਵੀ ਔਰਤਾਂ ਦੀ ਹਿੱਸੇਦਾਰੀ ਨੂੰ ਅਤੇ ਉਨ੍ਹਾਂ ਨੂੰ ਯੋਧਾ ਤੇ ਨੇਤਾ ਵਜੋਂ ਵਿਕਸਤ ਤੇ ਉੱਚਾ ਚੁੱਕਣ ਦੇ ਸਭ ਤੋਂ ਮਹੱਤਵਪੂਰਨ ਕਾਰਜ ਨੂੰ ਪੂਰਾ ਕਰਨ ਦੀ ਦਿਸ਼ਾ ਵਿਚ ਸੁਚੇਤ ਤੌਰ 'ਤੇ ਵਧ ਸਕਣਗੇ।

ਨਵ ਜਮਹੂਰੀ-ਇਨਕਲਾਬ ਔਰਤਾਂ ਲਈ ਕੀ ਲਿਆਵੇਗਾ? ਇਹ ਉਨ੍ਹਾਂ ਨੂੰ ਮੁਕਤੀ ਵੱਲ ਕਿਵੇਂ ਲੈ ਜਾਵੇਗਾ?

"ਜ਼ਮੀਨੀ ਹਲਵਾਹਿਕ ਦੀ", ਨਵ-ਜਮਹੂਰੀ ਇਨਕਲਾਬ ਦਾ ਬੁਨਿਆਦੀ ਨਾਹਰਾ ਹੈ। ਕਿਉਂਕਿ ਔਰਤਾਂ ਖੇਤੀ ਮਜ਼ਦੂਰ ਸ਼ਕਤੀ ਦਾ ਲਾਜ਼ਮੀ ਹਿੱਸਾ ਹੈ, ਉਹ ਇਨਕਲਾਬ ਵੱਲੋਂ ਜਬਤ ਕੀਤੀ ਤੇ ਵੰਡੀ ਗਈ ਸਾਰੀ ਜ਼ਮੀਨ ਦਾ ਅੱਧਾ ਹਿੱਸਾ ਹਾਸਲ ਕਰਨਗੀਆਂ। ਇਸ ਤਰ੍ਹਾਂ, ਕਿਸਾਨ ਔਰਤਾਂ ਨੂੰ, ਜਿਨ੍ਹਾਂ ਨੂੰ ਜਾਇਦਾਦ ਦੇ ਅਧਿਕਾਰ ਤੋਂ ਵਾਂਝਿਆ ਰੱਖਿਆ ਜਾਂਦਾ ਹੈ, ਘੱਟੋ ਘੱਟ ਆਪਣੇ ਹਿੱਸੇ ਦੀ ਜ਼ਮੀਨ ਤਾਂ ਮਿਲੇਗੀ। ਇਹ ਨਾ ਸਿਰਫ ਜਾਗੀਰਦਾਰਾਂ ਨੂੰ ਭੰਨੇਗਾ ਬਲਕਿ ਜਾਗੀਰੂ ਪਿੱਤਰਸੱਤਾ ਦੇ ਪਹਿਲੂਆਂ 'ਚੋਂ ਇਕ ਮੁੱਖ ਤੇ ਮਹੱਤਵਪੂਰਨ ਪਹਿਲੂ ਨੂੰ ਵੀ ਤੋੜੇਗਾ।

ਔਰਤਾਂ ਲਈ ਬਰਾਬਰ ਕੰਮ ਲਈ ਬਰਾਬਰ ਮਜ਼ਦੂਰੀ ਯਕੀਨੀ ਬਣਾਈ ਜਾਵੇਗੀ। ਇਹ ਨਾਹਰਾ ਅਰਧ-ਬਸਤੀਵਾਦੀ ਤੇ ਅਰਧ ਜਾਗੀਰੂ ਪਿੱਤਰ ਸੱਤਾਵਾਦੀ ਅਰਥਚਾਰੇ ਦੇ ਇਕ ਮੁੱਖ ਥੰਮ ਦਾ ਨਾਸ਼ ਕਰੇਗਾ। ਸਮਾਜਕ ਉਤਪਾਦਨ 'ਚ ਸ਼ਾਮਲ ਔਰਤ ਮਜ਼ਦੂਰ ਅਤੇ ਬੇਜ਼ਮੀਨ ਗਰੀਬ ਕਿਸਾਨ ਔਰਤਾਂ, ਅਰਥਚਾਰੇ 'ਚ ਪਿੱਤਰਸੱਤਾ ਦੀ ਇੱਕ ਵੱਡੀ ਰੁਕਾਵਟ ਦਾ ਹੱਲ ਕਰ ਸਕੇਗੀ।

ਅਸੀਂ ਵੇਖਿਆ ਹੈ ਕਿ ਅਰਧ-ਜਾਗੀਰੂ ਅਰਥਚਾਰਾ ਸਮਾਜਕ ਪੈਦਾਵਾਰ 'ਚ ਔਰਤਾਂ ਦੀ ਭਾਗੀਦਾਰੀ ਦਾ ਗਲਾ ਘੁੱਟਦਾ ਤੇ ਰੋਕਦਾ ਹੈ। ਜਾਗੀਰਦਾਰੀ ਦਾ ਨਾਸ਼ ਆਪਸੀ ਟੀਮਾਂ ਵਜੋਂ ਖੇਤੀ ਕਾਰਜਾਂ 'ਚ ਔਰਤਾਂ ਦੇ ਭਾਗ ਲੈਣ ਲਈ ਵਿਆਪਕ ਗੁਜਾਇਸ਼ ਖੋਹਲੂਗਾ। ਪੈਦਾਵਾਰੀ ਸ਼ਕਤੀਆਂ ਦੀ ਮੁਕਤੀ ਦੇ ਨਤੀਜੇ ਵਜੋਂ ਨਵੇਂ ਪੇਂਡੂ ਤੇ ਸ਼ਹਿਰੀ ਸਨਅਤਾਂ ਦਾ ਵਿਕਾਸ, ਵੱਡੇ ਪੈਮਾਨੇ 'ਤੇ ਸਮਾਜਕ ਪੈਦਾਵਾਰ 'ਚ ਔਰਤਾਂ ਨੂੰ ਸ਼ਾਮਲ ਕਰ ਸਕੇਗਾ। ਸਮਾਜਕ ਪੈਦਾਵਾਰ 'ਚ ਖੁਦ ਘੱਟੋ ਘੱਟ 50 ਫੀਸਦੀ ਨੌਕਰੀਆਂ ਔਰਤਾਂ ਲਈ ਰਾਖਵੀਆਂ ਹੋਣਗੀਆਂ ਤੇ ਇਸ ਤਰ੍ਹਾਂ ਔਰਤਾਂ ਦੇ ਆਰਥਕ ਜੀਵਨ ਦੀ ਛੇਤੀ ਤਬਦੀਲੀ ਦੀ ਗਰੰਟੀ ਹੋਵੇਗੀ।

ਸ਼ਹਿਰਾਂ 'ਚ ਘਰੇਲੂ ਕੰਮ ਨੂੰ ਲਗਾਤਾਰ ਸਹਿ ਕਾਰਿਤਾਵਾਂ ਦੇ ਦਾਅਰੇ 'ਚ ਲਿਆਂਦਾ ਜਾਵੇ ਅਤੇ ਪਿੰਡਾਂ 'ਚ ਆਪਸੀ ਸਹਿਯੋਗ ਉਸ ਦੇ ਨਿੱਜੀ ਘਰੇਲੂ ਖੇਤਰ ਤੋਂ ਅਰਥਚਾਰੇ ਦੇ ਜਨਤਕ ਖੇਤਰ 'ਚ ਤਬਦੀਲੀ ਦੇ ਅਮਲ ਦੀ ਪਹਿਲ ਕਰੇ। ਇਹ ਔਰਤਾਂ ਸਬੰਧੀ ਵੱਧ ਮਹੱਤਵਪੂਰਨ ਆਰਥਕ ਤਬਦੀਲੀਆਂ 'ਚੋਂ ਕੁਝ ਹੋਣਗੀਆਂ।

ਸਭਿਆਚਾਰਕ ਖੇਤਰ ਵਿਚ ਅਜ਼ਾਦ ਚੋਣ ਅਤੇ ਹੋਰ ਵੀ ਅਜ਼ਾਦ ਤਲਾਕ ਦੇ ਤਰੀਕਿਆਂ ਦੀ ਇਕ ਨਵੀਂ ਤੇ ਜਮਹੂਰੀ ਵਿਆਹ ਕੋਡ ਨੂੰ ਕਾਨੂੰਨੀ ਬਣਾਇਆ ਜਾਵੇਗਾ ਅਤੇ ਲਾਗੂ ਕੀਤਾ ਜਾਵੇਗਾ। ਦਹੇਜ ਪ੍ਰਥਾ ਦਾ ਖਾਤਮਾ ਕੀਤਾ ਜਾਵੇਗਾ। ਘਰ ਤੇ ਬਾਹਰ ਔਰਤਾਂ 'ਤੇ ਹਰ ਕਿਸਮ ਦੀ ਹਿੰਸਾ ਨਾਲ ਗੰਭੀਰਤਾ ਨਾਲ ਨਿਪਟਿਆ ਜਾਵੇਗਾ, ਪਰਿਵਾਰ ਅੰਦਰ ਪਿੱਤਰ ਸੱਤਾਵਾਦੀ ਅਧੀਨਤਾ ਤੋਂ ਉਭਰਨ ਅਤੇ ਪਰਿਵਾਰ ਦਾ ਜਮਹੂਰੀ ਕਰਨ 'ਤੇ ਜ਼ੋਰ ਹੋਵੇਗਾ। ਵੇਸ਼ਵਾ ਬਿਰਤੀ ਖਤਮ ਕੀਤੀ ਜਾਵੇਗੀ ਅਤੇ ਸਾਬਕਾ ਵੇਸਵਾਵਾਂ ਨੂੰ ਆਰਥਕ ਤੇ ਸਮਾਜਕ ਤੌਰ 'ਤੇ ਮੁੜ ਵਸਾਇਆ ਜਾਵੇਗਾ। ਉਨ੍ਹਾਂ ਦੀ ਇਕ ਸਨਮਾਨ ਭਰਪੂਰ ਜ਼ਿੰਦਗੀ ਯਕੀਨੀ ਬਣਾਈ ਜਾਵੇਗੀ। ਸਾਰੇ ਬੱਚਿਆਂ ਲਈ ਮੁਢਲੀ ਸਿੱਖਿਆ ਜ਼ਰੂਰੀ ਕੀਤੀ ਜਾਵੇਗੀ। ਪਿੱਤਰ ਸੱਤਾਵਾਦੀ ਪੂਰਵ ਧਾਰਨਾ ਨਾਲ ਗ੍ਰਸਿਤ ਵਿਸ਼ਾ-ਵਸਤੂ ਦੀ ਥਾਂ 'ਤੇ ਲਿੰਗਕ ਬਰਾਬਰੀ ਨੂੰ ਮਾਨਤਾ ਦੇਣ ਵਾਲੀ ਵਿਸ਼ਾ-ਵਸਤੂ ਲਿਆਂਦੀ ਜਾਵੇਗੀ। ਸਮਾਜਕ ਪੈਦਾਵਾਰ 'ਚ ਆਉਣ ਵਾਲੀਆਂ ਗੈਰ-ਹੁਨਰਮੰਦ ਔਰਤਾਂ ਨੂੰ ਕਾਬਲੀਅਤ ਹਾਸਲ ਕਰਨ ਲਈ ਸਿਖਲਾਈ ਦਿੱਤੀ ਜਾਵੇਗੀ ਜਿਸ ਨਾਲ ਕਾਬਲੀਅਤ ਦੇ ਅਧਾਰ 'ਤੇ ਮਰਦ ਤੇ ਔਰਤ ਕੰਮ ਵਿਚਕਾਰਲੀ ਖਾਈ ਨੂੰ ਘੱਟ ਕੀਤਾ ਜਾ ਸਕੇ। ਨਵ ਜਮਹੂਰੀ ਰਾਜ ਜਨਤਾ ਦੀ ਬੀਮਾਰੀ ਦੇ ਖਰਚੇ ਨੂੰ ਪੂਰਾ ਕਰਨ ਦਾ ਕਾਰਜ ਸੰਭਾਲੇਗਾ। ਪੇਂਡੂ ਹਸਪਤਾਲ ਸ਼ੁਰੂ ਕਰਕੇ ਜਣੇਪੇ ਤੋਂ ਪਹਿਲਾਂ ਜਣੇਪੇ ਤੋਂ ਪਿੱਛੋਂ ਦੀ ਦੇਖਭਾਲ ਯਕੀਨੀ ਬਣਾਈ ਜਾਵੇਗੀ। ਇਸ ਸਮੇਂ ਲਈ ਔਰਤਾਂ ਨੂੰ ਤਨਖਾਹ ਸਮੇਤ ਛੁੱਟੀ ਮਿਲੇਗੀ।

ਔਰਤਾਂ ਨੂੰ ਰਾਜਸੀ ਮੁੱਖ ਧਾਰਾ 'ਚ ਲਿਆਂਦਾ ਜਾਵੇਗਾ ਜਿਸ ਨਾਲ ਕਿ ਇਤਿਹਾਸ 'ਚ ਪਹਿਲੀ ਵਾਰ ਸਮਾਜਕ ਪੱਧਰ 'ਤੇ ਮਰਦਾਂ ਦੇ ਨਾਲ ਸਾਂਝੇ ਤੌਰ 'ਤੇ ਰਾਜਸੀ ਸ਼ਕਤੀ ਦੇ ਵਿਹਾਰ 'ਚ ਉਨ੍ਹਾਂ ਦੀ ਬਰਾਬਰੀ ਦੀ ਹਿੱਸੇਦਾਰੀ ਯਕੀਨੀ ਹੋ ਸਕੇ। ਲੈਨਿਨ ਨੇ 'ਲੇਟਰਸ ਫ੍ਰਾਮ ਅਫਾਰ' 'ਚ ਜੋ ਲਿਖਿਆ ਸੀ, ਉਸ ਨੂੰ ਯਾਦ ਕਰਨਾ ਠੀਕ ਹੋਵੇਗਾ : ਜੇ ਅਸੀਂ ਜਨਤਕ ਕੰਮਾਂ, ਮਿਲੀਸ਼ੀਆ ਰਾਜਸੀ ਜੀਵਨ 'ਚ ਔਰਤਾਂ ਨੂੰ ਨਹੀਂ ਲਿਆਵਾਂਗੇ, "ਜੇ ਅਸੀਂ ਔਰਤਾਂ ਨੂੰ ਪਰਿਵਾਰ ਤੇ ਰਸੋਈ ਦੇ ਨਿਰਜੀਵ ਮਹੌਲ ਤੋਂ ਕੱਢਾਂਗੇ ਨਹੀਂ, ਤਾਂ ਅਸਲੀ ਅਜ਼ਾਦੀ ਯਕੀਨੀ ਬਣਾਉਣਾ ਅਸੰਭਵ ਹੋਵੇਗਾ, ਸਮਾਜਵਾਦ ਤਾਂ ਛੱਡ ਹੀ ਦੇਈਏ, ਜਮਹੂਰੀਅਤ ਦੀ ਉਸਾਰੀ ਵੀ ਅਸੰਭਵ ਹੈ।"

ਇਹ ਹੈ, ਕੁਝ ਵੱਧ ਮਹੱਤਵਪੂਰਨ ਆਰਥਕ, ਸਭਿਆਚਾਰਕ ਤੇ ਰਾਜਸੀ ਤਬਦੀਲੀਆਂ, ਜੋ ਨਵ-ਜਮਹੂਰੀ ਇਨਕਲਾਬ ਔਰਤਾਂ ਲਈ ਯਕੀਨੀ ਬਣਾਏਗਾ। ਪਰ ਉਪਰੋਕਤ ਬਦਲਾਵਾਂ ਨੂੰ ਹਾਸਲ ਕਰਨਾ ਇਕ ਔਖਾ ਅਮਲ ਹੈ। ਇਨ੍ਹਾਂ ਤਬਦੀਲੀਆਂ ਦਾ ਵਿਰੋਧ ਨਾ ਸਿਰਫ ਪਿਛਾਖੜੀ ਜਾਗੀਰੂ ਤੇ ਬੁਰਜੂਆਂ ਵਰਗਾਂ ਵੱਲੋਂ ਮਜ਼ਬੂਤੀ ਨਾਲ ਆਵੇਗਾ, ਬਲਕਿ ਲੁਟੀ ਜਾਂਦੀ ਜਨਤਾ ਦਾ ਜੋ ਹਿੱਸਾ ਇਨ੍ਹਾਂ ਲੁਟੇਰੀਆਂ ਜਮਾਤਾਂ ਦੀ ਵਿਚਾਰਧਾਰਾ ਤੇ ਸਭਿਆਚਾਰ ਦੇ ਪ੍ਰਭਾਵ 'ਚ ਰਹਿੰਦਾ ਹੈ ਅਤੇ ਉਸੇ ਹਿੱਸੇ ਦੀ ਪਿਛਾਖੜੀ ਲੋਕ ਰਾਇ ਪਿਛਾਖੜੀ ਜਮਾਤਾਂ ਵੱਲੋਂ ਨਵੇਂ ਪ੍ਰਬੰਧ ਨੂੰ ਪੁਨਰ ਸਥਾਪਤ

ਕਰਨ ਦੇ ਯਤਨ ਨੂੰ ਬਦਲਣ ਲਈ, ਆਰਥਕ ਖੇਤਰ 'ਚ ਜਮਾਤੀ ਲੜਾਈ ਦੇ ਨਾਲ-ਨਾਲ ਸਭਿਆਚਾਰ ਇਨਕਲਾਬ ਲਾਜ਼ਮੀ ਹੋ ਜਾਂਦੇ ਹਨ।

ਇਨ੍ਹਾਂ ਮਹਾਨ ਤਬਦੀਲੀਆਂ ਨੂੰ ਵੇਖ ਕੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਨਵ-ਜਮਹੂਰੀ ਇਨਕਲਾਬ ਪੂਰੀ ਤਰ੍ਹਾਂ ਪਿੱਤਰਸੱਤਾ ਨੂੰ ਖਤਮ ਨਹੀਂ ਕਰੇਗਾ। ਇਸ ਜਗੀਰੂ ਪਿੱਤਰਸੱਤਾ ਦਾ ਵਿਨਾਸ਼ ਕਰਨ 'ਚ ਮੋਟੇ ਤੌਰ 'ਤੇ ਸਫਲ ਹੋਵੇਗਾ। ਪਰ ਪਿੱਤਰਸੱਤਾ ਦੀ ਪੂੰਜੀਵਾਦੀ ਕਿਸਮ, ਔਰਤਾਂ ਦੀ ਸਮਾਜਵਾਦੀ ਬਰਾਬਰੀ ਦੇ ਵਧਦੇ ਹੋਇਆ ਪਹਿਲੂਆਂ ਨਾਲ ਲੜਦੀ ਰਹੇਗੀ। ਜਿਸ ਤਰ੍ਹਾਂ ਨਵ-ਜਮਹੂਰੀ ਇਨਕਲਾਬ, ਸਮਾਜ ਦੇ ਸਮਾਜਵਾਦ 'ਚ ਤਬਦੀਲੀ ਹੋਣ ਲਈ ਰਾਹ ਤਿਆਰ ਕਰਦਾ ਹੈ ਇਸ ਤਰ੍ਹਾਂ ਆਪਾਂ ਕਹਿ ਸਕਦੇ ਹਾਂ ਕਿ ਪਿੱਤਰਸੱਤਾ 'ਤੇ ਹਮਲਾ ਕਰਕੇ ਅਤੇ ਉਸ ਦੇ ਵੱਧ ਤੋਂ ਵੱਧ ਜਾਗੀਰੂ ਪ੍ਰਗਟਾਵਿਆਂ ਤੇ ਕੁਝ ਸਰਮਾਏਦਾਰਾ ਪ੍ਰਗਟਾਵਿਆਂ ਨੂੰ ਖਤਮ ਕਰਕੇ, ਨਵ-ਜਮਹੂਰੀ ਇਨਕਲਾਬ ਔਰਤਾਂ ਦੀ ਮੁਕਤੀ ਲਈ ਅਧਾਰ ਤਿਆਰ ਕਰਦਾ ਹੈ ਅਤੇ ਰਾਹ ਖੋਹਲਦਾ ਹੈ।

ਜੋ ਇਸ ਅਮਲ ਨੂੰ ਯਾਨੀ ਕਿ ਨਵ-ਜਮਹੂਰੀ ਇਨਕਲਾਬ ਅਤੇ ਸਮਾਜਵਾਦ ਵਿਚਕਾਰ ਰਿਸ਼ਤੇ ਨੂੰ ਹੋਰ ਸਿੱਟੇ ਵਜੋਂ ਔਰਤਾਂ ਦੀ ਮੁਕਤੀ ਲਈ ਅਧਾਰ ਬਣਾਉਣ ਅਤੇ ਸੰਪੂਰਨ ਮੁਕਤੀ ਹਾਸਿਲ ਕਰਨ ਦੇ ਵਿਚਕਾਰ ਦੇ ਰਿਸ਼ਤੇ ਨੂੰ ਦੇਖਣ 'ਚ ਅਸਫਲ ਹਨ। ਉਹ ਔਰਤ ਸੁਆਲ ਨੂੰ ਸਮਝਣ 'ਚ ਭੜਕਾਵਾਂ 'ਚ ਚਲੇ ਜਾਂਦੇ ਹਨ ਨਵ-ਜਮਹੂਰੀ ਇਨਕਲਾਬ ਲਈ ਜਮਾਤੀ ਲੜਾਈ ਤੇ ਔਰਤ ਦੀ ਪਿੱਤਰ ਸੱਤਾ ਵਿਰੋਧੀ ਨਵ-ਜਮਹੂਰੀ ਮੁਕਤੀ ਸੰਘਰਸ਼ ਵਿਚਕਾਰ ਆਪਸੀ ਸਹਿਯੋਗ ਦਾ ਰਿਸ਼ਤਾ ਹੈ। ਇਹ ਇਕ-ਦੂਜੇ ਨੂੰ ਮਜ਼ਬੂਤ ਕਰਦੇ ਹਨ, ਪਰ ਗਲਤ ਵਿਹਾਰ ਦੇ ਸਿੱਟੇ ਵਜੋਂ, ਇਕ ਅੰਤਰ ਵਿਰੋਧ ਪੈਦਾ ਹੋ ਸਕਦਾ ਹੈ।

ਜੇ ਪਿੱਤਰਸੱਤਾ ਦੇ ਖਿਲਾਫ ਪਾਰਟੀ ਅੰਦਰ ਤੇ ਬਾਹਰ ਸੰਘਰਸ਼ ਕਰਨ ਦੇ ਮਹੱਤਵ ਨੂੰ ਨਾ ਵੇਖ ਕੇ ਜਾਂ ਇਸ ਦੇ ਲਈ ਭਰਪੂਰ ਗੁਜਾਇਸ਼ ਮੁਹਈਆ ਕੀਤੇ ਬਿਨਾ ਜਮਾਤੀ ਲੜਾਈ 'ਤੇ ਇਕ ਤਰਫਾ ਜ਼ੋਰ ਦਿੱਤਾ ਜਾਂਦਾ ਹੈ (ਜੋ ਮਸ਼ੀਨੀ ਜਾਂ 'ਮਰਦ' ਨਜ਼ਰੀਆ ਹੈ) ਜਾਂ ਜਦ ਪਿੱਤਰ ਸੱਤਾ ਦੇ ਖਿਲਾਫ ਸੰਘਰਸ਼ ਉਸ ਬਿੰਦੂ ਤੋਂ ਅੱਗੇ ਧੱਕ ਦਿੱਤਾ ਜਾਂਦਾ ਹੈ ਜਿਥੇ ਉਹ ਇਨਕਲਾਬੀ ਜਮਾਤਾਂ ਦੇ ਮਰਦਾਂ ਅਤੇ ਔਰਤਾਂ ਦੀ ਏਕਤਾ ਨੂੰ ਪ੍ਰਭਾਵਿਤ ਕਰਦਾ ਹੈ (ਜੋ ਕਿ ਇਕਾਂਗੀ ਤੇ 'ਨਾਰੀਵਾਦੀ' ਨਜ਼ਰੀਆ ਹੈ) ਜਿਸ ਨਾਲ ਜਮਾਤੀ ਲੜਾਈ ਤੋਂ ਅੱਗੇ ਵਿਕਾਸ 'ਚ ਅੜਿਕਾ ਲੱਗਦਾ ਹੈ, ਜੋ ਕਿ ਰਵਾਇਤੀ ਅੰਤਰਵਿਰੋਧੀ ਸਥਿਤੀ ਪੈਦਾ ਹੋ ਸਕਦੀ ਹੈ। ਇਨ੍ਹਾਂ ਦੋਹਾਂ ਭੜਕਾਵਾਂ ਤੋਂ ਬਚਣਾ ਚਾਹੀਦਾ ਹੈ। ਜਦ ਇਕ ਕਮਿਊਨਿਸਟ ਪਾਰਟੀ ਪਹਿਲੀ ਤਰ੍ਹਾਂ ਦੀ ਗਲਤੀ ਨੂੰ ਸੁਧਾਰ ਰਹੀ ਹੁੰਦੀ ਹੈ ਅਤੇ ਵਰਗ ਸੰਘਰਸ਼ ਦੇ ਵਿਕਾਸ ਦੇ ਹਿੱਸੇ ਵਜੋਂ ਪਿੱਤਰ ਸੱਤਾ ਖਿਲਾਫ਼ ਸੰਘਰਸ਼ ਦੀ ਪਹਿਲ ਕਦਮੀ ਕਰਦੀ ਹੈ ਤਦ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਅੰਦੋਲਨ ਦੂਜੀ ਥਿੜਕਣ ਦੀ ਝੋਲੀ ਵਿਚ ਨਾ ਚਲਾ ਜਾਵੇਗਾ ਅਤੇ ਇਸ ਦੇ ਉਲਟ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਇਨਕਲਾਬੀ ਔਰਤ ਅੰਦੋਲਨ ਹੇਠ ਲਿਖੀਆਂ ਲੰਬੇ ਸਮੇਂ ਦੀਆਂ ਅਤੇ ਫੌਰੀ ਮੰਗਾਂ ਨੂੰ ਸੰਬੋਧਿਤ ਹੋ ਸਕਦਾ ਹੈ।

ਫੌਰੀ ਕਾਰਜ ਜਿਨ੍ਹਾਂ 'ਤੇ ਨਵ-ਜਮਹੂਰੀ ਇਨਕਲਾਬ ਦੇ ਹਿੱਸੇ ਵਜੋਂ ਔਰਤਾਂ ਨੂੰ ਲਾਮਬੰਦ ਕੀਤਾ ਜਾਵੇ।

✪ ਚਲ ਰਹੇ ਜਰਈ ਇਨਕਲਾਬੀ ਸੰਘਰਸ਼ ਦੇ ਹਿੱਸੇ ਵਜੋਂ ਗਰੀਬ ਕਿਸਾਨਾਂ ਨੂੰ ਵੰਡੀ ਗਈ ਸਾਰੀ ਜਾਗੀਰੂ ਜਾਇਦਾਦ 'ਚ ਮਰਦਾਂ ਦੇ ਨਾਲ ਬਰਾਬਰ ਦਾ ਹਿੱਸਾ।

✪ ਪਿਤਾ ਪੁਰਖੀ (ਵਿਰਾਸਤੀ) ਜਾਂ ਕਮਾਈ ਨਾਲ ਬਣਾਈ ਜਾਇਦਾਦ 'ਚ ਸਭ ਅਗਾਂਹਵਧੂ ਵਰਗਾਂ ਦੀਆਂ ਔਰਤਾਂ ਲਈ ਬਰਾਬਰ ਦਾ ਹਿੱਸਾ।

✪ ਬਰਾਬਰ ਕੰਮ ਕਰਨ ਲਈ ਬਰਾਬਰ ਮਜ਼ਦੂਰੀ।

✪ ਕੰਮ ਦਾ ਅਧਿਕਾਰ ਅਤੇ ਸਿੱਖਿਆ ਤੇ ਜਾਇਦਾਦ ਦਾ ਅਧਿਕਾਰ।

✪ ਸਭ ਜਾਗੀਰੂ ਤੇ ਪੂੰਜੀਵਾਦੀ-ਸਾਮਰਾਜਵਾਦੀ ਪ੍ਰੇਰਿਤ ਜਿਣਸੀ ਪ੍ਰਚਾਰ ਦਾ ਅੰਤ ਅਤੇ ਵੇਸ਼ਵਾ ਬਿਰਤੀ ਤੇ ਸਮੁੱਚੇ ਦੇਹ ਉਦਯੋਗ ਦਾ ਖਾਤਮਾ।

✪ ਔਰਤਾਂ 'ਤੇ ਪਿੱਤਰ ਸੱਤਾਵਾਦੀਆਂ ਤੇ ਰਾਜ ਵੱਲੋਂ ਅਤੇ ਜਮਾਤੀ ਹਿੰਸਾ ਸਮੇਤ ਸਭ ਪ੍ਰਕਾਰ ਦੀ ਹਿੰਸਾ ਦਾ ਅੰਤ। ਇਸ ਤਰ੍ਹਾਂ ਸਭ ਅਤਿਆਚਾਰਾਂ ਲਈ ਸਖਤ ਸਜ਼ਾ ਦੇਣਾ।

✪ ਦਹੇਜ 'ਤੇ ਪਾਬੰਦੀ ਲਾਉਣੀ। ਤਹਿਸ਼ੁਦਾ, ਰਵਾਇਤੀ ਤੇ ਖਰਚੀਲੇ ਵਿਆਹਾਂ ਦਾ ਅੰਤ ਕਰਨ ਲਈ ਸੰਘਰਸ਼/ਵਿਆਹ 'ਚ ਅਜ਼ਾਦ ਚੋਣ, ਸਧਾਰਨ ਵਿਆਹਾਂ ਦੇ ਲਈ ਮੰਗ ਅਤੇ ਅੰਤਰਜਾਤੀ ਤੇ ਅੰਤਰ-ਫਿਰਕਾਦਾਇਕ ਵਿਆਹ ਲਈ ਉਤਸ਼ਾਹ।

✪ ਰਾਜ ਤੇ ਕੇਂਦਰੀ ਸਰਕਾਰਾਂ 'ਚ ਔਰਤਾਂ ਲਈ ਲੋੜੀਦੀਆਂ ਨੌਕਰੀਆਂ ਦਾ ਰਾਖਵਾਂਕਰਨ।

✪ ਔਰਤਾਂ ਲਈ ਮੁਫ਼ਤ ਤੇ ਲਾਜ਼ਮੀ ਸਿੱਖਿਆ। ਸਹਿ ਸਿੱਖਿਆ। ਸਾਰੀਆਂ ਫਿਰਕਾਪ੍ਰਸਤ ਤੇ ਸਾਮਰਾਜੀ ਕੁਰੀਤੀਆਂ ਦਾ ਵਿਰੋਧ, ਜੋ ਸਿੱਖਿਆ ਦੇ ਖੇਤਰ ਵਿਚ ਔਰਤਾਂ ਖਿਲਾਫ ਭੇਦਭਾਵ ਕਰਦੀਆਂ ਹਨ।

✪ ਗਰਭ 'ਚ ਮਾਦਾ ਭਰੂਣ ਹੱਤਿਆ, ਛੋਟੀਆਂ ਬੱਚੀਆਂ ਦੀ ਹੱਤਿਆ, ਔਰਤ ਵਿਰੋਧੀ ਗਰਭ ਰੋਕਣ ਦੇ ਤਰੀਕਿਆਂ, ਲਿੰਗ ਦੇ ਅਧਾਰ 'ਤੇ ਬੱਚਿਆਂ ਵਿਚਕਾਰ ਭੇਦਭਾਵ ਦੇ ਮਾਮਲੇ 'ਤੇ ਸਖਤ ਕਾਰਵਾਈ।

✪ ਧਰਮ 'ਚ ਔਰਤਾਂ ਦੀ ਪੇਸ਼ਕਾਰੀ ਖਿਲਾਫ ਸੰਘਰਸ਼, ਹਿੰਦੂ ਫਾਸ਼ੀਵਾਦ ਸਮੇਤ ਸਾਰੇ ਕਿਸਮ ਦੀ ਕੱਟੜਤਾ ਤੇ ਫਿਰਕਾਪ੍ਰਸਤੀ ਖਿਲਾਫ, ਮਨੂੰ ਧਰਮ ਸਾਸ਼ਤਰ ਖਿਲਾਫ, ਉਨ੍ਹਾਂ ਵਿਅਕਤੀਗਤ ਕਾਨੂੰਨਾਂ ਖਿਲਾਫ ਜੋ ਔਰਤਾਂ ਖਿਲਾਫ ਭੇਦ-ਭਾਵ ਕਰਦੇ ਹਨ।

✪ ਔਰਤਾਂ ਦੀਆਂ ਸਾਰੀਆ ਮੀਡੀਆ ਵਿਗਾੜਾਂ ਖਿਲਾਫ ਸੰਘਰਸ਼।

✪ ਆਦੀਵਾਸੀ ਤੇ ਹੋਰ ਘੱਟ ਗਿਣਤੀ ਸਮੂਹਾਂ ਵਿਚਕਾਰ ਔਰਤ-ਵਿਰੋਧੀ ਰਿਵਾਜਾਂ ਖਿਲਾਫ ਮੁਹਿੰਮ।

✪ ਔਰਤਾਂ ਲਈ ਵਿਆਪਕ ਸਿਹਤ ਦੇਖਭਾਲ ਦੀਆਂ ਸਹੂਲਤਾਂ ਤੇ ਸੇਵਾਵਾਂ ਸਭ ਔਰਤ-ਵਿਰੋਧੀ ਗਰਭ ਰੋਕਣ ਦੇ ਤਰੀਕਿਆਂ 'ਤੇ ਪਾਬੰਦੀ।

### ਇਨਕਲਾਬ ਪਿੱਛੋਂ ਦੇ ਲੰਮੇ ਸਮੇਂ ਦੇ ਕਾਰਜ

ਨਵ ਜਮਹੂਰੀ ਇਨਕਲਾਬ ਤੋਂ ਪਿੱਛੋਂ ਔਰਤਾਂ ਸਬੰਧੀ ਕਾਰਜਾਂ ਅੰਦਰ ਹੇਠਲੇ

ਕਾਰਜ ਸ਼ਾਮਲ ਹੋਣੇ ਚਾਹੀਦੇ ਹਨ।

✪ ਸਮਾਜਕ ਪੈਦਾਵਾਰ 'ਚ ਔਰਤਾਂ ਦੀ ਪੂਰਨ ਸਮੂਲੀਅਤ ਯਾਨੀ ਸਮਾਜਕ ਪੈਦਾਵਾਰ 'ਚ ਲਿੰਗਾਂ ਵਿਚਕਾਰ ਦੇ ਰਿਸ਼ਤਿਆਂ ਨੂੰ ਬਦਲਣਾ।

✪ ਘਰੇਲੂ ਕੰਮ ਦਾ ਸਮਾਜਵਾਦੀਕਰਨ।

✪ ਘਰੇਲੂ ਕੰਮ 'ਚ ਮਰਦਾਂ ਦੀ ਸਾਂਝਦਾਰੀ ਯਾਨੀ ਘਰੇਲੂ ਕੰਮ ਦੇ ਖੇਤਰ 'ਚ ਲਿੰਗਾਂ ਵਿਚਕਾਰ ਦੇ ਰਿਸ਼ਤਿਆਂ ਨੂੰ ਬਦਲਣਾ।

✪ ਔਰਤਾਂ ਦੀ ਰਾਜਸੀ ਸ਼ਮੂਲੀਅਤ ਤੇ ਰਾਜਸੀ ਸ਼ਕਤੀ ਦਾ ਸਾਂਝਾ ਵਿਹਾਰ।

✪ ਸਾਰੀ ਨਿੱਜੀ ਸੰਪਤੀ ਦਾ ਸਮੂਹਕੀਕਰਨ ਤੇ ਪਿੱਤਰ ਸੱਤਾਵਾਦੀ ਪਰਿਵਾਰਿਕ ਵਿਵਸਥਾ ਦੇ ਖਾਤਮੇ ਲਈ ਸੰਘਰਸ਼। ਸਮਾਜਵਾਦੀ ਮਰਦ-ਔਰਤ ਰਿਸ਼ਤੇ ਨੂੰ ਸਥਾਪਤ ਕਰਨਾ।

✪ ਨਿੱਜੀ ਘਰ-ਅਧਾਰਿਤ ਸਨਅਤ ਤੇ ਮਜ਼ਦੂਰੀ-ਕਿਰਤ ਦੀ ਸਮੁੱਚੀ ਵਿਵਸਥਾ ਦਾ ਖਾਤਮਾ ਅਤੇ ਉਸ ਦੀ ਥਾਂ 'ਤੇ ਸਮਾਜਕ ਪੈਦਾਵਾਰ ਤੇ ਮਾਲਕੀ ਸਥਾਪਤ ਕਰਨਾ।

✪ ਸੰਸਾਰ ਭਰ 'ਚ ਔਰਤਾਂ ਤੇ ਸੰਘਰਸ਼ਸ਼ੀਲ ਲੋਕਾਂ ਦੇ ਨਾਲ ਇਕਜੁੱਟਤਾ ਵਿਖਾਉਣਾ।

# ਨਰਕ ਦਾ ਦੂਜਾ ਰੂਪ ਹੈ ਰਜੀਵ ਕਲੋਨੀ

ਫਰੀਦਾਬਾਦ 'ਚ ਹਾਰਡਵੇਅਰ ਤੋਂ ਪਆਲੀ ਚੌਂਕ ਤੇ ਵਰਲਪੂਲ ਚੌਕ ਤੋਂ ਆਈਪੁਰ ਚੌਂਕ ਵਿਚਕਾਰ ਭਾਰਤ ਸਰਕਾਰ ਦਾ ਮੁੱਖ ਦਫਤਰ ਮੈਟਲ ਬਾਕਸ ਪੁਰਾਣੀ ਆਈਪੁਰ ਪੁਰਾਣੀ ਹਾਰਡਵੇਅਰ ਫੈਕਟਰੀ ਹਿੰਦੁਸਤਾਨ ਗਿਲਾਸ, ਪੁਰਾਣੀ ਬੰਦ ਪਆਲੀ ਫੈਕਟਰੀ ਹੈ ਅਤੇ ਇਹਨਾਂ ਸਾਰੀਆਂ ਫੈਕਟਰੀ ਵਿਚਕਾਰ ਰੇਲਵੇ ਲਾਈਨ ਹੈ। ਇਸ ਲਾਈਨ ਤੋਂ ਪਹਿਲਾਂ ਪਆਲੀ ਫੈਕਟਰੀ 'ਚ ਸਮਾਨ ਆਉਂਦਾ ਜਾਂਦਾ ਸੀ। ਪਆਲੀ ਫੈਕਟਰੀ ਦੇ ਬੰਦ ਹੋਣ ਪਿਛੋਂ ਇਸ ਲਾਈਨ ਦਾ ਕੋਈ ਕੰਮ ਨਹੀਂ ਰਹਿ ਗਿਆ। ਇਸ ਲਾਈਨ ਦੇ ਕਿਨਾਰੇ ਕਿਨਾਰੇ ਤਿੰਨ ਪਾਈਪ ਲਾਈਨਾਂ ਹਨ ਜਿਨ੍ਹਾਂ 'ਚ ਪਾਵਰ ਹਾਊਸ ਦਾ ਗਰਮ ਪਾਣੀ ਵਗਦਾ ਹੈ।

ਇਸ ਰੇਲਵੇ ਲਾਈਨ ਤੇ ਪਾਈਪ ਲਾਈਨ ਦੇ ਬਿਲਕੁਲ ਉਪਰ ਗਰੀਬ ਮੇਹਨਤਕਸ਼ ਲੋਕਾਂ ਦੀ ਇਕ ਬਸਤੀ ਹੈ ਜਿਸ ਦਾ ਨਾਂ ਹੈ ਰਾਜੀਵ ਕਲੋਨੀ ਹਾਲਾਂਕਿ ਇਹ ਬਸਤੀ ਲਗਭਗ ਦਸ ਹਜ਼ਾਰ ਦੀ ਆਬਾਦੀ ਵਾਲੀ ਹੈ ਤੇ ਸ਼ਹਿਰ ਦੇ ਇਕ ਮੁੱਖ ਚੌਰਾਹੇ ਹਾਰਡਵੇਅਰ ਚੌਂਕ ਤੋਂ ਬਹੁਤ ਨੇੜੇ ਹੈ ਪਰ ਇਸ ਚੌਂਕ ਤੋਂ ਆਉਣ ਜਾਣ ਵਾਲੇ ਸਾਰੇ ਰਸਤਿਆਂ ਤੋਂ ਕਿਧਰੇ ਵੀ ਇਹ ਬਸਤੀ ਦਿਸਦੀ ਨਹੀਂ ਕਿਉਂਕਿ ਇਹ ਸਾਰੀਆਂ ਫੈਕਟਰੀਆਂ ਓਹਲੇ ਛੁਪ ਗਈ ਹੈ। 10 ਹਜ਼ਾਰ ਦੀ ਅਬਾਦੀ ਵਾਲੀ ਇਸ ਝੁੱਗੀ ਬਸਤੀ ਵਿੱਚ ਸਰਕਾਰ ਸਿੱਖਿਆ, ਸਿਹਤ, ਪੀਣ ਦਾ ਪਾਣੀ, ਸਫਾਈ ਆਦਿ ਕੋਈ ਪ੍ਰਬੰਧ ਨਹੀਂ ਹੈ। ਬਸਤੀ 'ਚ ਪੀਣ ਦੇ ਪਾਣੀ ਲਈ ਨਿੱਜੀ ਟੈਂਕਰ ਵਾਲਿਆਂ 'ਤੇ ਨਿਰਭਰ ਕਰਨਾ ਪੈਂਦਾ ਹੈ। ਇਹ ਟੈਂਕਰ ਵਾਲੇ ਟ੍ਰੈਕਟਰ ਦੇ ਨਾਲ ਪਾਣੀ ਦਾ ਟੈਂਕਰ ਜੋੜ ਕੇ ਲਿਆਉਂਦੇ ਹਨ ਅਤੇ ਤਿੰਨ ਰੁਪਏ ਤੋਂ ਪੰਜ ਰੁਪਏ ਪ੍ਰਤੀ ਕੇਨ (30-40 ਲਿਟਰ) ਪਾਣੀ ਬਸਤੀ ਵਾਲਿਆਂ ਨੂੰ ਵੇਚਦੇ ਹਨ। ਕਦੀ ਜਦ ਟੈਂਕਰ ਵਾਲੇ ਨਹੀਂ ਆਉਂਦੇ ਤਾਂ ਬਸਤੀ ਵਾਲੇ ਸਾਈਕਲਾ ਤੇ ਪਾਣੀ ਦੇ ਬਰਤਨ ਲਟਕਾਈ ਦੂਰ-ਦੂਰ ਤੱਕ ਭਟਕਦੇ ਰਹਿੰਦੇ ਹਨ। ਇਹਨਾਂ ਟੈਂਕਰਾ 'ਚ ਪਾਣੀ ਸਾਫ ਹੈ ਇਸ ਗੱਲ ਦੀ ਕੋਈ ਗਰੰਟੀ ਨਹੀਂ ਪਰ ਮਜ਼ਬੂਰੀ ਦਾ ਨਾਂ ਮਹਾਤਮਾ ਗਾਂਧੀ ਕਹਿ ਕੇ ਲੋਕ ਸਭ ਕੁਝ ਕਿਸਮਤ ਮੰਨ ਕੇ ਬਰਦਾਸ਼ਿਤ ਕਰ ਲੈਂਦੇ ਹਨ।

ਜ਼ਿਕਰਯੋਗ ਹੈ ਕਿ ਇਸ ਦੇਸ਼ ਵਿਚ ਏਨੇ ਵਾਟਰ ਪੂਰੀ ਫਾਇਰ ਤੇ ਵਾਟਰ ਫਿਲਟਰ ਮਸ਼ੀਨਾ ਬਣਾਉਣ ਵਾਲੀਆਂ ਕੰਪਨੀਆਂ ਮਸ਼ੀਨਾ ਬਣਾਉਂਦੀਆਂ ਹਨ ਕਿ ਉਹ ਵਿਕ ਵੀ ਨਹੀਂ ਸਕਦੀਆਂ ਅਤੇ ਉਹਨਾਂ ਨੂੰ ਵੇਚਣ ਲਈ ਇਹ ਕੰਪਨੀਆਂ ਲੱਖਾਂ ਰੁਪਏ ਇਸ਼ਤਿਹਾਰਬਾਜ਼ੀ ਤੇ ਖਬਚ ਕਰਦੀਆਂ ਹਨ। ਦੇਸ਼ 'ਚ ਬੋਤਲ ਬੰਦ ਪਾਣੀ ਪਿਆਊ ਵਾਲਾ ਪਾਣੀ ਇਕ ਰੁਪਏ ਤੋਂ ਲੈ ਕੇ 25 ਰੁਪਏ ਤੱਕ ਖੂਬ ਮਿਲਦਾ ਹੈ। ਇਸ ਦੇਸ਼ ਵਿੱਚ ਪੈਪਸੀ ਤੇ ਕੋਕ ਨੂੰ ਕਦੀ ਪਾਣੀ ਦੀ ਘਾਟ ਨਹੀਂ ਹੁੰਦੀ। ਕਈ ਸਾਲ ਪਹਿਲਾਂ ਕੁਝ ਟੱਟਪੂੰਜੀਏ ਨੇਤਾਵਾਂ ਨੇ ਵੋਟਾਂ ਦੇ ਲਾਲਚ 'ਚ ਇਸ ਬਸਤੀ 'ਚ ਕੁਝ ਸਰਕਾਰੀ ਨਲਕੇ ਲਵਾਏ ਸਨ ਜਿਹਨਾਂ 'ਚ ਖਾਰਾ ਪਾਣੀ ਆਉਂਦਾ ਸੀ ਪਰ ਕੁਝ ਹੀ ਸਾਲਾਂ-'ਚ ਉਹ ਖ਼ਰਾਬ ਹੋ ਗਏ, ਕੁੱਝ ਸੁੱਕ ਗਏ, ਇਹਨਾਂ ਨਲਕਿਆਂ ਦੀ ਸ਼ੁੱਧ ਬੁੱਧ ਲੈਣ ਵਾਲਾ ਕੋਈ ਨਹੀਂ ਰਿਹਾ। ਇੱਥੇ ਰਹਿਣ ਵਾਲੇ 40 ਸਾਲਾਂ ਤੋਂ ਇਸ ਬਸਤੀ 'ਚ ਰਹਿੰਦੇ

ਹਨ ਅਤੇ ਫਰੀਦਾਬਾਦ ਦੀਆਂ ਸਾਰੀਆਂ ਫੈਕਟਰੀਆਂ 'ਚ ਕੰਮ ਕਰਦੇ ਹਨ। ਕੁਝ ਲੋਕ ਬੇਲਦਾਰੀ, ਰਿਕਸ਼ਾ ਚਲਾਉਣ ਤੇ ਸਰਮਾਏਦਾਰਾਂ ਦੇ ਬਾਗਾਂ 'ਚ ਮਾਲੀ ਗਿਰੀ ਦਾ ਕੰਮ ਕਰਦੇ ਹਨ। ਪਿੱਛੇ ਜਿਹੇ ਹੀ ਬਸਤੀ ਨੇੜੇ ਥਾਣੇ ਲਈ ਇਕ ਬਿਲਡਿੰਗ ਬਣਾਈ ਗਈ, ਜਿਸ ਦੇ ਲਈ ਬਸਤੀ ਦੇ 100 ਤੋਂ ਵੱਧ ਘਰਾਂ ਨੂੰ ਉਜਾੜ ਦਿੱਤਾ। ਉਜੜੇ ਘਰਾਂ ਦੇ ਇਹਨਾਂ ਪਰਿਵਾਰਾਂ ਲਈ ਸਰਕਾਰ ਨੇ ਨਾ ਤਾਂ ਕੋਈ ਮੁਆਵਜ਼ਾ ਦਿੱਤਾ ਤੇ ਨਾ ਹੀ ਮੁੜ ਵਸੇਬਾ। ਹੁਣ ਜਦ ਥਾਣਾ ਬਣ ਗਿਆ ਹੈ। ਥਾਣੇ 'ਚ ਸਭ ਪੁਲਸੀਆ ਕਾਰਵਾਈਆਂ ਤਾਂ ਬਸਤੀ ਦੇ ਲੋਕ ਬੜੇ ਨੇੜਿਉਂ ਪੁਲਸੀਆ ਕਿਰਦਾਰ ਨੂੰ ਸਮਝ ਰਹੇ ਹਨ। ਅਜੇ ਪਿੱਛੇ ਜਿਹੇ ਹੀ ਇਸ ਥਾਣੇ (ਸਾਰਨ ਥਾਣਾ) ਦੇ ਕੁਝ ਸਿਪਾਹੀਆਂ ਨੇ ਥਾਣੇ ਕੋਲ ਖੇਡ ਰਹੇ ਕੁਝ ਬੱਚਿਆਂ ਨੂੰ ਫੜ ਲਿਆ ਤੇ ਥਾਣੇ 'ਚ ਲਿਜਾ ਕੇ ਝਾੜੂ ਲਵਾਉਣ, ਬਰਤਨ ਧੁਵਾਏ ਤੇ ਹੱਥ ਪੈਰ ਘੁਟਣ ਵਰਗੇ ਕੰਮ ਕਰਵਾਏ। ਇਹਨਾਂ ਬੱਚਿਆਂ ਦੀ ਉਮਰ 12 ਤੋਂ 13 ਸਾਲਾਂ ਦੀ ਸੀ ਕਦੀ ਵੋਟ ਬੈਂਕ ਦੇ ਲਾਲਚ 'ਚ ਟੱਟਪੂੰਜੀਵਾਦੀਆਂ ਨੇਤਾਵਾਂ ਨੇ ਇੱਥੇ ਇਕ ਸਕੂਲ ਸ਼ੁਰੂ ਕਰਵਾਇਆ ਸੀ ਇਕ ਕਮਰੇ 'ਚ ਪੰਜਵੀਂ ਤੱਕ ਦਾ ਸਕੂਲ ਹੈ। ਦੋ ਮੈਡਮਾਂ ਮਿਲ ਕੇ ਸਭ ਜਮਾਤਾਂ ਸੰਭਾਲਦੀਆਂ ਹਨ। ਬਾਰਸ਼ ਹੋਏ ਤਾਂ ਸਕੂਲ ਵਿੱਚ ਛੁੱਟੀ ਹੋ ਜਾਂਦੀ ਹੈ। ਸਥਾਨਕ ਲੋਕ ਦੱਸਦੇ ਹਨ ਕਿ ਇਥੇ ਪੜ੍ਹਾਈ ਦੇ ਨਾਂ 'ਤੇ ਸਿਰਫ ਖਾਨਾਪੂਰਤੀ ਹੁੰਦੀ ਹੈ। ਬੀਮਾਰੀਆਂ ਲਈ ਲੋਕ ਬਸਤੀ ਦੇ ਹੀ ਝੋਲਾ ਛਾਪ ਡਾਕਟਰਾਂ 'ਤੇ ਨਿਰਭਰ ਰਹਿੰਦੇ ਹਨ। ਲੋਕ ਦੱਸਦੇ ਹਨ ਕਿ ਬਾਹਰ ਹਸਪਤਾਲਾਂ 'ਚ ਇਲਾਜ ਬਹੁਤ ਮਹਿੰਗਾ ਹੈ।

ਜਨਤਕ ਵੰਡ ਪ੍ਰਣਾਲੀ ਦੇ ਨਾਂ 'ਤੇ ਇਥੋਂ ਦੇ ਲੋਕਾਂ ਦੇ ਇਕ ਹਜ਼ਾਰ ਰਾਸ਼ਣ ਕਾਰਡ ਬਣਵਾਏ ਗਏ ਹਨ ਪਰ ਇਹਨਾਂ 'ਤੇ ਰਾਸ਼ਣ ਮਿਲਦਾ ਨਹੀਂ ਬੇਹੱਦ ਗਰੀਬ ਇਸ ਬਸਤੀ 'ਚ ਲਗਭਗ ਸੌ ਲੋਕਾਂ ਦੇ ਗਰੀਬੀ ਰੇਖਾ ਦੇ ਹੇਠਲਿਆਂ ਦੇ ਰਾਸ਼ਣ ਕਾਰਡ ਬਣੇ ਹਨ। ਇਹਨਾਂ ਕਾਰਡ 'ਤੇ ਸਾਮਾਨ ਮਿਲਣ 'ਚ ਭਾਰੀ ਧਾਂਦਲੀ ਹੁੰਦੀ ਹੈ। ਡਿਪੋ ਹੋਲਡਰ ਮਨਚਾਹੇ ਤਰੀਕੇ ਨਾਲ ਖਾਨੇ ਭਰੀ ਜਾਂਦੇ ਹਨ, ਘੱਟ ਤੋਲਨਾ ਘਟੀਆ ਸਮਾਨ ਦੇਣਾ ਡਿਪੋ ਹੋਲਡਰ ਦੀ ਆਦਤ ਬਣ ਗਈ ਹੈ। ਬਸਤੀ ਤੋਂ ਲੰਘਣ ਵਾਲੀ ਪਾਵਰ ਹਾਊਸ ਦੇ ਗਰਮ ਪਾਣੀ ਲਾਈਨ ਜਦ ਕਦੇ ਟੁੱਟ ਜਾਂਦੀ ਹੈ ਤਾਂ ਬਸਤੀ ਵਾਲਿਆਂ 'ਤੇ ਆਫਤ ਆ ਜਾਂਦੀ ਹੈ। ਪੂਰੀ ਬਸਤੀ 'ਚ ਹੜ੍ਹ ਦਾ ਮਹੌਲ ਬਣ ਜਾਂਦਾ ਹੈ। ਟੁੱਟੀ ਪਾਈਪ ਤੋਂ ਨਿਕਲਦੇ ਗਰਮ ਪਾਣੀ ਦੇ ਫੁਹਾਰੇ ਨਾਲ ਕਈ ਲੋਕ ਸੜ ਜਾਂਦੇ ਹਨ। ਬਾਰਸ਼ ਦਾ ਪਾਣੀ ਜਾਂ ਘਰਾਂ ਦੇ ਗੰਦੇ ਪਾਣੀ ਨੂੰ ਕੱਢਣ ਲਈ ਬਸਤੀ 'ਚ ਕੋਈ ਪ੍ਰਬੰਧ ਨਹੀਂ ਹੈ। ਬਰਸਾਤਾਂ 'ਚ ਪੂਰੀ ਬਸਤੀ ਪਾਣੀ ਨਾਲ ਭਰ ਜਾਂਦੀ ਹੈ। ਕੁਝ ਟੁੱਟਪੂੰਜੀਏ ਸਿਆਸਤਦਾਨਾਂ ਨੇ ਵੋਟ ਦੇ ਲਾਲਚ ਵਜੋਂ ਬਸਤੀ 'ਚ ਕੁਝ ਮੀਟਰ ਲਵਾਏ ਪਰ ਇਹਨਾਂ ਮੀਟਰਾਂ ਨਾਲ ਪ੍ਰੇਸ਼ਾਨੀਆਂ ਹੋਰ ਆ ਗਈਆਂ। ਪੁਰਾਣੇ ਮੀਟਰਾਂ ਤੋਂ ਤਿੰਨ ਰੁਪਏ ਯੂਨਿਟ ਦੇ ਹਿਸਾਬ ਨਾਲ ਬਿੱਲ ਆਉਂਦਾ ਹੈ ਤੇ ਆਉਂਦਾ ਵੀ ਹਰ ਮਹੀਨੇ ਹੈ। ਨਵੇਂ ਮੀਟਰਾਂ ਦੀ ਸਕਿਊਟਰੀ ਬਹੁਤ ਵੱਧ ਹੈ। ਮੀਟਰ ਲਾਉਣ ਲਈ ਬਿਜਲੀ ਕਰਮਚਾਰੀ ਰਿਸ਼ਵਤ ਮੰਗਦੇ ਹਨ। ਮੀਟਰਾਂ ਦੇ ਬਿਲਾਂ 'ਚ ਹੁੰਦੀਆਂ ਗੜਬੜਾ ਦੀ ਕੋਈ ਵੀ ਸੁਣਵਾਈ ਨਹੀਂ ਹੈ।

ਬਸਤੀ 'ਚ ਚਾਰੇ ਪਾਸੇ ਥਾਂ ਥਾਂ ਕੂੜਾ ਕਰਕਟ ਦੇ ਗੰਦਗੀ ਦੇ ਢੇਰ ਦਿਸਦੇ ਹਨ। ਬਸਤੀ ਤੋਂ ਬਾਹਰ ਕੂੜਾ ਕਚਰਾ ਜਾਂਦਾ ਹੀ ਨਹੀਂ। ਸਾਡਾ ਕੂੜਾ ਬਸਤੀ ਅੰਦਰ

ਹੀ ਸੜਦਾ ਹੈ। ਨਗਰ ਨਿਗਮ ਦਾ ਕੋਈ ਸਫਾਈ ਸੇਵਕ ਇੱਥੇ ਨਹੀਂ ਆਉਂਦਾ। ਰਾਜਸੀ ਪੱਖੋਂ ਵੀ ਬਸਤੀ ਪਿਛੜੀ ਹੋਈ ਹੈ। ਹਰ ਵਾਰੀ ਲੋਕ ਚੋਣ ਵੇਲੇ ਵੋਟ ਵਟੋਰੂਆਂ ਦੇ ਝਾਂਸੇ 'ਚ ਆ ਜਾਂਦੇ ਹਨ। ਇਹ ਨੇਤਾ ਇਹਨਾਂ ਨੂੰ ਵਰਤ ਕੇ ਆਪਣਾ ਸੁਆਰਥ ਪੂਰਾ ਕਰਦੇ ਹਨ। ਹਰ ਵਾਰੀ ਰਾਵਣ ਭਿਖਾਰੀ ਦੇ ਭੇਸ 'ਚ ਆਉਂਦਾ ਹੈ। ਭੀਖ 'ਚੋਂ ਵੋਟਾਂ ਮੰਗ ਕੇ ਇਹਨਾਂ ਦੇ ਅਧਿਕਾਰਾਂ ਤੇ ਸੁੱਖ ਦੇ ਸੁਪਨਿਆਂ ਨੂੰ ਅਗਵਾ ਕਰਕੇ ਲੈ ਜਾਂਦਾ ਹੈ। ਲੋਕਾਂ ਨੂੰ ਚੋਣਾਂ ਤੋਂ ਉਪਰ ਉੱਠ ਕੇ ਇਹ ਗੱਲ ਸਮਝਣੀ ਪੈਣੀ ਹੈ ਕਿ ਪੂਰੀ ਦੀ ਪੂਰੀ ਸਮਾਜਕ ਰਾਜਸੀ ਵਿਵਸਥਾ ਹੀ ਮੇਹਨਤਕਸ਼ ਵਿਰੋਧੀ ਹੈ ਤੇ ਇਸ ਦਲਾਲ ਨੌਕਰਸ਼ਾਹੀ ਪੂੰਜੀਪਤੀਆਂ ਦੇ ਰਾਜ 'ਚ ਇਹਨਾਂ ਮੇਹਨਤਕਸ਼ਾਂ ਨੂੰ ਇਸ ਗਲੀਚ ਜ਼ਿੰਦਗੀ ਤੋਂ ਛੁਟਕਾਰਾ ਨਹੀਂ ਮਿਲਣਾ। ਆਪਣੀ ਬੇਹਤਰ ਜ਼ਿੰਦਗੀ ਜਿਉਣ ਦੇ ਹੱਕ ਦੀ ਪ੍ਰਾਪਤੀ ਲਈ ਮੇਹਨਤਕਸ਼ਾਂ ਦੇ ਇਨਕਲਾਬੀ ਸੰਗਠਨ ਬਣਨੇ ਚਾਹੀਦੇ ਹਨ। ਸਰਮਾਏਦਾਰੀ ਪ੍ਰਬੰਧ ਦੀ ਥਾਂ ਸਮਾਜਵਾਦੀ ਪ੍ਰਬੰਧ ਲਿਆਉਣਾ ਪਵੇਗਾ। ਜਿਥੇ ਕੋਈ ਛੋਟਾ-ਵੱਡਾ ਨਾ ਹੋਵੇ ਕੋਈ ਗਰੀਬ ਕੋਈ ਬੇਰੁਜ਼ਗਾਰ ਤੇ ਇੱਥੇ ਕੋਈ ਝੁੱਗੀ ਬਸਤੀ ਨਾ ਹੋਵੇ।

# ਕੌਮੀਕਰਨ ਦਾ ਅਸਲੀ ਅਰਥ ਕੀ ਹੈ?

ਮੌਜੂਦਾ ਗੰਭੀਰ ਆਰਥਿਕ ਸੰਕਟ ਤੋਂ ਨਿਕਲਣ ਦੀ ਕੋਸ਼ਿਸ਼ ਵਿਚ ਸਾਮਰਾਜੀ ਦੇਸ਼ਾਂ, ਖਾਸ ਕਰਕੇ ਸੰਯੁਕਤ ਰਾਜ ਅਮਰੀਕਾ 'ਚ ਇਸ ਗੱਲ 'ਤੇ ਬਹਿਸ ਚੱਲ ਰਹੀ ਹੈ ਕਿ ਬੈਂਕਾਂ ਤੇ ਵਿੱਤੀ ਸੰਸਥਾਵਾਂ ਦਾ ਕੌਮੀਕਰਨ ਕੀਤਾ ਜਾਵੇ ਜਾਂ ਨਾ। ਕੁਝ ਲੋਕਾਂ ਦਾ ਕਹਿਣਾ ਹੈ ਕਿ ਜਿਸ ਗੰਭੀਰ ਸੰਕਟ 'ਚ ਇਹ ਸੰਸਥਾਵਾਂ ਫਸੀਆਂ ਹਨ, ਉਸ 'ਚੋਂ ਉਹਨਾਂ ਨੂੰ ਬਾਹਰ ਕੱਢਣ ਦਾ ਇਹੀ ਤਰੀਕਾ ਹੈ ਕਿ ਉਹਨਾਂ ਦਾ ਕੌਮੀਕਰਨ ਕੀਤਾ ਜਾਵੇ, ਉਹਨਾਂ ਦਾ ਕਾਂਟ ਛਾਂਟ ਕਰਕੇ ਦਰੁਸਤ ਕਰ ਲਿਆ ਜਾਵੇ ਤੇ ਜਦ ਅਰਥਚਾਰੇ ਦੀ ਹਾਲਤ ਸੁਧਰੇ ਤਾਂ ਉਹਨਾਂ ਦਾ ਫਿਰ ਨਿੱਜੀਕਰਨ ਕਰ ਦਿੱਤਾ ਜਾਵੇ। ਦੂਜਾ ਪੱਖ ਕਹਿੰਦਾ ਹੈ ਕਿ ਸਰਕਾਰ ਨੂੰ ਬੱਸ ਉਨੇ ਹੀ ਪੈਸੇ ਨਾਲ ਮੱਦਦ ਕਰਨੀ ਚਾਹੀਦੀ ਹੈ ਤੇ ਉਹਨਾਂ ਨੂੰ ਆਪਣੇ ਅਧਿਕਾਰ 'ਚ ਨਹੀਂ ਲੈਣਾ ਚਾਹੀਦਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹਨਾਂ ਇਹਨਾਂ ਸੰਸਥਾਵਾਂ ਦੀਆਂ ਰੱਦੀ ਦੇ ਭਾਅ ਹੋ ਚੁੱਕੀਆਂ ਜਾਇਦਾਦਾਂ ਦੇ ਭਾਅ ਵੱਧਣ ਤਾਂ ਉਹਨਾਂ ਨੂੰ ਵੇਚ ਦੇਵੇ। ਇਸ ਤਰ੍ਹਾ ਇਹ ਅਦਾਰੇ ਦਿਵਾਲੀਆਂ ਹੋਣ ਤੋਂ ਬਚ ਜਾਣਗੇ ਅਤੇ ਠੱਪ ਵਿੱਤੀ ਬਾਜ਼ਾਰ ਚੱਲ ਪਵੇਗਾ।

ਸਾਮਰਾਜੀਆਂ ਦਰਮਿਆਨ ਇਨ੍ਹਾਂ ਬਹਿਸਾਂ ਦਾ ਕੀ ਮਤਲਬ ਹੈ? ਇਨ੍ਹਾਂ ਦੇ ਅਸਲੀ ਅਰਥ ਹਨ ਕੀ? ਇਹਨਾਂ ਵਿਸ਼ਾਲ ਵਿੱਤੀ ਸੰਸਥਾਵਾਂ ਦੇ ਕੌਮੀਕਰਣ ਦੀ ਗੱਲ ਉਠਾਉਣੀ, ਇਹ ਦਰਸਾਉਂਦਾ ਹੈ ਕਿ ਅੱਜ ਪੈਦਾਵਾਰ ਤੇ ਵੰਡ ਕਿੰਨਾਂ ਵਿਸ਼ਾਲ ਪੱਧਰ ਤੇ ਸਮਾਜੀਕਰਨ ਹੋ ਚੁੱਕਿਆ ਹੈ ਤੇ ਇਹ ਵੀ ਕਿ ਇਹ ਸਮਾਜੀਕਰਨ ਹੁਣ ਨਿੱਜੀ ਜਾਇਦਾਦਾਂ ਦੇ ਪ੍ਰਬੰਧ ਨਾਲ ਮੇਲ ਨਹੀਂ ਖਾਂਦਾ। ਇਹ ਸਮੁੱਚੀ ਅਰਥ ਵਿਵਸਥਾ ਨੂੰ ਠੱਪ ਕਰਨ ਲੱਗਾ ਹੈ। ਆਖਰ ਕੌਮੀਕਰਨ ਦਾ ਮਤਲਬ ਹੈ ਕੀ?

ਕੌਮੀਕਰਨ ਦਾ ਮਤਲਬ ਇਹ ਹੈ ਕਿ ਦੇਸ਼ ਦੀ ਸਰਕਾਰ ਸਬੰਧਤ ਅਦਾਰੇ ਨੂੰ ਆਪਣੇ ਹੱਥਾਂ ਵਿਚ ਲੈ ਲਵੇ, ਉਸ ਦੀ ਮਾਲਕ ਬਣ ਜਾਵੇ ਪਰ ਸਰਕਾਰ ਕੀ ਹੈ? ਸਰਮਾਏਦਾਰ ਆਪਣੇ ਲੋਕ ਰਾਜ ਬਾਰੇ ਚਾਹੇ ਜੋ ਮਰਜੀ ਕਹਿਣ, ਸਰਕਾਰ ਸਰਮਾਏਦਾਰ ਜਮਾਤ ਦੀ ਪ੍ਰਬੰਦ ਦੀ ਕਮੇਟੀ ਹੈ। ਇਕ ਐਸੀ ਕਮੇਟੀ ਜੋ ਸਾਰੇ ਸਰਮਾਏਦਾਰਾਂ ਵੱਲੋਂ, ਸਰਮਾਏਦਾਰਾਂ ਲਈ ਸਰਮਾਏਦਾਰੀ ਪ੍ਰਬੰਦ ਨੂੰ ਚਲਾਉਂਦੀ ਹੈ। ਨਿੱਜੀ ਤੌਰ 'ਤੇ ਹਰ ਸਰਮਾਏਦਾਰ ਆਪਣਾ ਖਿਆਲ ਰੱਖਦਾ ਹੈ ਪਰ ਸਰਕਾਰ ਸਮੁੱਚੀ ਪੂੰਜੀਪਤੀ ਜਮਾਤ ਦਾ ਖਿਆਲ ਰੱਖਦੀ ਹੈ। ਇਸ ਲਈ ਸਰਕਾਰ ਵਲੋਂ ਕਿਸੇ ਅਦਾਰੇ ਨੂੰ ਹੱਥ ਵਿਚ ਲੈਣ ਦਾ ਮਤਲਬ ਕਿ ਉਹ ਸਾਰੀ ਸਰਮਾਏਦਾਰਾਂ ਜਮਾਤ ਵਲੋਂ ਉਸ ਨੂੰ ਆਪਣੇ ਹੱਥ ਵਿਚ ਲੈ ਰਹੀ ਹੈ, ਇਹ ਇਸ ਗੱਲ ਦਾ ਸੂਚਕ ਹੁੰਦਾ ਹੈ ਕਿ ਨਿੱਜੀ ਸਰਮਾਏਦਾਰ ਉਸ ਅਦਾਰੇ ਨੂੰ ਨਹੀਂ ਚਲਾ ਸਕੇ ਹਨ ਜਾਂ ਉਹ ਅਦਾਰਾ ਚੱਲ ਨਹੀਂ ਰਿਹਾ ਹੈ ਜਾਂ ਉਹ ਸਾਰੇ ਅਰਥਚਾਰੇ ਲਈ ਪ੍ਰੇਸ਼ਾਨੀ ਖੜ੍ਹੀ ਕਰ ਰਿਹਾ ਹੈ। ਇਸ ਤਰ੍ਹਾਂ ਸਰਕਾਰ ਵੱਲੋਂ ਕੌਮੀਕਰਨ ਵਿਵਸਥਾ ਦੇ ਅੰਦਰ ਸਰਮਾਏਦਾਰਾਂ ਜਮਾਤ ਦੇ ਫਾਇਦੇ 'ਚ ਅਦਾਰੇ ਦਾ ਕੌਮੀਕਰਨ ਹੈ। ਇਹ ਉਸ ਅਦਾਰੇ ਦੇ ਸਮਾਜਿਕ ਕਿਰਦਾਰ ਦੀ ਮੰਜ਼ੂਰੀ ਹੈ। ਬੈਂਕਾਂ ਤੇ ਵਿੱਤੀ ਸੰਸਥਾਵਾਂ ਦੇ ਕੌਮੀਕਰਨ 'ਤੇ ਵੀ ਇਹੋ ਗੱਲ ਲਾਗੂ ਹੁੰਦੀ ਹੈ।

ਪਰ ਇਹ ਸਮਾਜੀਕਰਨ ਪੂਰੀ ਤਰ੍ਹਾਂ ਸਰਮਾਏਦਾਰਾਂ ਜਮਾਤ ਦੇ ਫਾਇਦੇ 'ਚ

ਹੁੰਦਾ ਹੈ ਤੇ ਉਦੋਂ ਹੀ ਹੁੰਦਾ ਹੈ ਜਦ ਪੂੰਜੀਪਤੀ ਸਰਕਾਰ ਅਰਥਚਾਰੇ ਦੇ ਵਿਕਾਸ ਲਈ ਅਜਿਹਾ ਕਰਦੀ ਹੈ। (ਜਿਵੇਂ ਭਾਰਤ 'ਚ 1969 'ਚ ਬੈਂਕਾਂ ਦਾ ਕੌਮੀਕਰਨ) ਤੇ ਉਦੋਂ ਵੀ ਜਦੋਂ ਅਰਥਚਾਰੇ ਦੇ ਸੰਕਟ ਤੋਂ ਬਚਣ ਲਈ ਕਰਦੀ ਹੈ। ਵੈਸੇ ਇਥੇ ਇਹ ਜ਼ਿਕਰ ਕਰ ਦੇਣਾ ਸਹੀ ਹੋਵੇਗਾ ਕਿ ਕਦੀ ਕਦੀ ਕਿਸੇ ਇਕ ਸਰਮਾਏਦਾਰ ਜਾਂ ਸਰਮਾਏਦਾਰਾਂ ਦੇ ਛੋਟੇ ਜਿਹੇ ਸਮੂਹ ਦੇ ਫਾਇਦੇ ਲਈ ਸਰਕਾਰਾਂ ਅਜਿਹਾ ਕਰਦੀਆਂ ਹਨ। ਸਰਮਾਏਦਾਰਾਂ ਪ੍ਰਬੰਦ 'ਚ ਸਰਮਾਏਦਾਰਾਂ ਸਰਕਾਰ ਵਲੋਂ ਕੀਤੇ ਜਾਣ ਵਾਲੇ ਇਹ ਕੌਮੀਕਰਨ ਕਿਸੇ ਅਦਾਰੇ ਨੂੰ ਲੋਕਾਂ ਦੀ ਜਾਇਦਾਦ ਨਹੀਂ ਬਣਾਉਂਦੇ ਕਿਉਂਕਿ ਸਰਕਾਰ ਲਈ ਸਰਮਾਏਦਾਰਾਂ ਦੀ ਹੁੰਦੀ ਹੈ ਇਸ ਲਈ ਸਰਕਾਰੀ ਜਾਇਦਾਦ ਸਰਮਾਏਦਾਰਾਂ ਦੀ ਮਿਲੀ ਜੁਲੀ ਜਾਇਦਾਦ ਹੀ ਹੁੰਦੀ ਹੈ। ਇਹ ਲੋਕਾਂ ਦੀ ਜਾਇਦਾਦ ਨਹੀਂ ਹੋ ਸਕਦੀ। ਇਸ ਲਈ ਉਸ ਨਾਲ ਲੋਕਾਂ ਦਾ ਫਾਇਦਾ ਵੀ ਨਹੀਂ ਹੁੰਦਾ। ਸਰਮਾਏਦਾਰਾਂ ਜਮਾਤ ਜੀ ਤੋੜ ਕੋਸ਼ਿਸ਼ ਕਰਦੀ ਹੈ ਕਿ ਉਹ ਕੌਮੀਕ੍ਰਿਤ ਜਾਇਦਾਦ ਨੂੰ ਜਨਤਾ ਦੀ ਜਾਇਦਾਦ ਵਲੋਂ ਸਥਾਪਤ ਕਰੇ। ਇਹ ਉਸ ਲਈ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਜਿਵੇਂ ਇਹ 'ਲੋਕਰਾਜੀ' ਸਰਕਾਰ ਦੀ ਜਾਇਦਾਦ ਨੂੰ ਲੋਕਾਂ ਦੀ ਸਰਕਾਰ ਦੱਸਦੀ ਹੈ। ਇਸ ਵਲੋਂ ਇਹ ਜਨਤਾ ਨੂੰ ਭਰਮ 'ਚ ਰੱਖਦੀ ਹੈ ਬਲਕਿ ਵੱਧ ਆਸਾਨੀ ਨਾਲ ਲੁੱਟਦੀ ਹੈ। ਜਦ ਇਸ ਜਾਂ ਉਸ ਕਿਸਮ ਦੇ ਸਮਾਜਵਾਦ ਦਾ ਭਾਅ ਪਾਲਦੀ ਹੈ ਤੇ ਸਰਮਾਏਦਾਰ ਮਜ਼ੇ ਨਾਲ ਲੋਕਾਂ ਨੂੰ ਲੁੱਟਦੇ ਰਹਿੰਦੇ ਹਨ।

ਅਜਕਲ੍ਹ ਕੌਮੀਕਰਨ ਦੀ ਵਕਾਲਤ ਕਰਨ ਵਾਲੇ ਵੀ ਇਹੀ ਕਰ ਰਹੇ ਹਨ। ਉਹ ਇਹ ਜਤਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੌਮੀਕਰਨ ਨਾਲ ਬੈਂਕ ਤੇ ਵਿੱਤੀ ਅਦਾਰੇ ਲੋਕਾਂ ਦੇ ਹੱਥਾਂ ਵਿਚ ਆ ਜਾਣਗੇ। ਉਹ ਇਸ ਦੀ ਵਿਰੋਧੀ ਨੀਤੀ ਦੀ ਤਿੱਖੀ ਅਲੋਚਨਾ ਕਰਦੇ ਹਨ ਕਿ ਲੋਕਾਂ ਦੇ ਟੈਕਸਾਂ ਰਾਹੀਂ ਇਕੱਠੇ ਹੋਏ ਪੈਸੇ ਨਾਲ ਦਾ ਕੌਮੀਕਰਨ 'ਤੇ ਖਰਚ ਕਰਨ ਬਦਲੇ ਵਿੱਤੀ ਸੰਸਥਾਵਾਂ 'ਤੇ ਦੂਜੀ ਤਰ੍ਹਾਂ ਨਾਲ ਲੁਟਾਇਆ ਜਾ ਰਿਹਾ ਹੈ।

ਇਸ ਤਰ੍ਹਾਂ ਇਹ ਸੁਧਾਰਵਾਦੀ ਖੁੱਲੇ ਬਜ਼ਾਰ ਵਿਚ ਦੇ ਹਮਾਇਤੀਆਂ ਤੋਂ ਵੱਧ ਖਤਰਨਾਕ ਸਾਬਤ ਹੁੰਦੇ ਹਨ। ਇਹ ਕੰਮ ਤਾਂ ਸਰਮਾਏਦਾਰਾਂ ਜਮਾਤ ਦਾ ਕਰ ਰਹੇ ਹਨ ਤੇ ਉਸ ਨੂੰ ਜਿਤਾ ਰਹੇ ਹਨ ਲੋਕਾਂ ਦਾ ਕੰਮ। ਪਰ ਮਿਹਨਤਕਸ਼ ਲੋਕ ਉਹਨਾਂ ਦੇ ਬਹਿਕਾਵੇ 'ਚ ਨਾ ਆਉਣ ਤਾਂ ਹੀ ਬੇਹਤਰ ਹੈ। ਉਹਨਾਂ ਦਾ ਆਪਣਾ ਵੱਖਰਾ ਏਜੰਡਾ ਹੋਣਾ ਚਾਹੀਦਾ ਹੈ ਜਿਸ 'ਚ ਸਭ ਤੋਂ ਪਹਿਲਾਂ ਹੋਵੇ ਮੌਜੂਦਾ ਲੁਟੇਰੇ ਪ੍ਰਬੰਦ ਨੂੰ ਮੁਢੋਂ ਸੁਢੋਂ ਬਦਲਣਾ।

# ਕਿਲੇ ਢਹਿ ਢੇਰੀ, ਰਾਜਾ ਬੇਨਕਾਬ

ਮਾਰਚ ਦੇ ਅੰਤ ਵਿਚ ਓਬਾਮਾ ਪ੍ਰਸਾਸ਼ਨ ਨੂੰ ਸਾਮਰਾਜੀ ਸ਼ਕਤੀ ਦੀ ਪ੍ਰਤੀਕ ਜਨਰਲ ਮੋਟਰਸ ਤੇ ਕ੍ਰਿਸਲਰ ਦੇ ਮਜ਼ਦੂਰਾਂ-ਮਜ਼ਲੂਮਾਂ 'ਤੇ ਮੰਦੀ ਅਤੇ ਆਰਥਕ ਸੰਕਟ ਦੇ ਨਾਂ ਤੇ ਜੋ ਹਮਲਾ ਕੀਤਾ, ਉਸ ਨਾਲ ਇਹ ਸਾਫ਼ ਹੋ ਗਿਆ ਹੈ ਕਿ ਪੂੰਜੀਵਾਦ ਦੀ ਲਾ-ਇਲਾਜ ਬੀਮਾਰੀ ਮੰਦੀ ਤੋਂ ਉਸ ਦੇ ਸਭ ਤੋਂ ਸ਼ਕਤੀਸ਼ਾਲੀ ਅਦਾਰੇ ਵੀ ਨਹੀਂ ਬਚ ਸਕਦੇ ਅਤੇ ਇਸ ਬੀਮਾਰੀ ਦੇ ਸਿੱਟਿਆਂ ਨੂੰ ਮਜ਼ਦੂਰਾਂ 'ਤੇ ਧੱਕਣ 'ਚ ਕੋਈ ਵੀ ਨੇਤਾ ਮੌਕਾ ਨਹੀਂ ਖੁੰਜਾਉਂਦਾ। ਇਤਿਹਾਸ ਦੇ ਪਹਿਲੇ ਕਾਲੇ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਇਹ ਕੀ ਕੀਤਾ? ਉਨ੍ਹਾਂ ਨੇ ਜਨਰਲ ਮੋਟਰਸ ਤੇ ਕ੍ਰਿਸਲਰ ਦੇ ਅਧਿਕਾਰੀਆਂ ਨੂੰ ਡਾਂਟਿਆ ਹੀ ਨਹੀਂ ਮਾਰੀ ਧਮਕੀ ਵੀ ਦਿੰਦੀ ਕਿ ਜਲਦੀ ਮਜ਼ਦੂਰਾਂ ਦੇ ਬੋਝ ਤੋਂ ਮੁਕਤੀ ਪਾਓ ਨਹੀਂ ਤਾਂ ਸਰਕਾਰ ਤੁਹਾਡੀ ਕੋਈ ਮਦਦ ਨਹੀਂ ਕਰੇਗੀ, ਕੋਈ ਉਧਾਰ, ਕੋਈ ਮੁਆਵਜਾ ਨਹੀਂ। 'ਜਨਤਾ ਦੇ ਪਿਆਰੇ' ਇਸ ਨੇਤਾ ਨੇ ਕਿਹਾ ਕਿ ਇਨ੍ਹਾਂ ਕੰਪਨੀਆਂ ਦੇ ਅਧਿਕਾਰੀ ਮਜ਼ਦੂਰਾਂ ਦੀ ਜਿੰਨੀ ਛਾਂਟੀ ਦੀ ਯੋਜਨਾ ਪੇਸ਼ ਕਰ ਰਹੇ ਹਨ ਉਹ ਨਾਕਾਫ਼ੀ ਹੈ, ਮਜ਼ਦੂਰਾਂ ਨੂੰ ਹੋਰ ਕਸ਼ਟ ਦੇਣਾ ਪਵੇਗਾ। ਦੁਨੀਆਂ ਨੇ ਜਾਣ ਲਿਆ ਕਿ ਸੱਟੇਬਾਜਾਂ ਦੀਆਂ ਕਰਤੂਤਾਂ ਪੂੰਜੀਵਾਦ ਦੀਆਂ 'ਆਦਰਸ਼ੀ' ਕੰਪਨੀਆਂ ਨੂੰ ਵੀ ਨਿਗਲ ਰਹੀ ਹੈ। ਜਨਰਲ ਮੋਟਰਸ ਤੇ ਕ੍ਰਿਸਲਰ ਦੇ ਮਜ਼ਦੂਰਾਂ ਨੇ ਜਾਣਿਆ ਕਿ ਪਿਆਰਾ ਤੇ ਮਹਾਨ ਓਬਾਮਾ, ਜਿਸ ਦੇ ਭਾਸ਼ਣ ਲੱਖਾਂ ਲੋਕ ਕੜਕਦੀ ਠੰਢ ਦੀ ਪ੍ਰਵਾਹ ਕੀਤੇ ਬਗੈਰ ਸੁਣਦੇ ਹਨ, ਉਸਦੀ ਜੋਸ਼ੀਲੀਆਂ ਗੱਲਾਂ ਕੁੱਝ ਨਹੀਂ ਬਸ ਛਲਾਵਾ ਹੀ ਹੈ।

ਓਬਾਮਾ ਪ੍ਰਸ਼ਾਸਨ ਨੇ 31 ਮਾਰਚ ਨੂੰ ਇਹ ਸਪੱਸ਼ਟ ਕਰ ਦਿੱਤਾ ਕਿ ਜਨਰਲ ਮੋਟਰਸ ਤੇ ਕ੍ਰਿਸਲਰ ਨੂੰ ਭਵਿੱਖ 'ਚ ਕਿਸੇ ਵੀ ਸਰਕਾਰੀ ਕਰਜ਼ੇ ਦੀ ਸ਼ਰਤ ਵਜੋਂ ਅਮਰੀਕੀ ਆਟੋਮੋਬਾਇਲ ਉਦਯੋਗ 'ਚ ਸਖ਼ਤੀ ਨਾਲ ਕਾਂਟ-ਛਾਂਟ ਕਰਨੀ ਹੋਵੇਗੀ ਅਤੇ ਮਜ਼ਦੂਰੀ ਤੇ ਮਜ਼ਦੂਰ ਸਹੂਲਤਾਂ 'ਤੇ ਬੇਰਹਿਮ ਤਲਵਾਰ ਚਲਾਉਣੀ ਪਵੇਗੀ। ਓਬਾਮਾ ਨੇ ਕਿਹਾ ਕਿ ਇਨ੍ਹਾਂ ਕੰਪਨੀਆਂ ਵੱਲੋਂ ਪੇਸ਼ ਯੋਜਨਾਵਾਂ ਲਾਗਤ ਘਟਾਉਣ ਅਤੇ ਮੁਨਾਫਾ ਯਕੀਨੀ ਬਣਾਉਣ ਦੇ ਉਦੇਸ਼ ਤੋਂ ਨਾਕਾਫੀ ਹੈ। ਓਬਾਮਾ ਨੇ 'ਮੰਗ' ਕੀਤੀ ਕਿ ਇਨ੍ਹਾਂ ਕੰਪਨੀਆਂ ਨੂੰ ਆਪਣੀਆਂ ਸਰਗਰਮੀਆਂ 'ਚ ਬੁਨਿਆਦੀ ਤਬਦੀਲੀ ਲਿਆਉਣੀ ਹੋਵੇਗੀ, ਜਿਸ ਵਿਚ ਹੋਰ ਚੀਜ਼ਾਂ ਤੋਂ ਇਲਾਵਾ ਮਜ਼ਦੂਰਾਂ ਨੂੰ ਜੋ ਪਹਿਲਾਂ ਹੀ ਦੁਖਦਾਈ ਕੀਮਤ ਚੁਕਾ ਚੁੱਕੇ ਹਨ ਅਤੇ ਕਸ਼ਟ ਝੱਲਣਾ ਪਵੇਗਾ। ਓਬਾਮਾ ਨੇ ਕਿਹਾ ਕਿ ਜਨਰਲ ਮੋਟਰਸ ਨੂੰ 'ਸਹੀ ਪੂੰਜੀ' ਅਤੇ 60 ਦਿਨ ਦੀ ਮੋਹਲਤ ਦਿੱਤੀ ਜਾਵੇਗੀ। ਉਸ ਨੂੰ ਵੱਧ ਖਿਚਪਾਊ ਯੋਜਨਾ ਲਾਗੂ ਕਰਨੀ ਹੋਵੇਗੀ ਜਿਸ ਵਿਚ ਮਜ਼ਦੂਰ ਯੂਨੀਅਨ ਤੋਂ ਵੱਡੀਆਂ 'ਛੋਟਾਂ' ਲੈਣਾ, ਮੁਨਾਫਾ ਨਾ ਦੇਣ ਵਾਲੇ ਬ੍ਰਾਂਡਾਂ ਤੇ ਮਾਡਲਾਂ ਨੂੰ ਖਤਮ ਕਰਨਾ ਅਤੇ ਫੈਕਟਰੀਆਂ ਨੂੰ ਬੰਦ ਕਰਨਾ, ਬਕਾਇਆ ਕਰਜ਼ਿਆਂ 'ਚ ਕਮੀ ਲਿਆਉਣਾ ਸ਼ਾਮਲ ਹੋਵੇਗਾ। ਅਜਿਹੀ ਸਹਿਮਤੀ ਤੋਂ ਬਿਨਾਂ ਇਸ 100 ਵਰ੍ਹੇ ਪੁਰਾਣੀ ਕੰਪਨੀ ਨੂੰ ਦਿੱਤੀ ਜਾਣ ਵਾਲੀ ਵਾਧੂ ਸਹਾਇਤਾ ਖ਼ਤਮ ਕਰਕੇ ਦਿੱਤੀ ਜਾਵੇਗੀ - ਅਜਿਹਾ ਓਬਾਮਾ ਨੇ ਕਿਹਾ। ਓਬਾਮਾ ਪ੍ਰਸ਼ਾਸਨ ਵੱਲੋਂ ਗਠਿਤ 'ਆਟੋ ਕਾਰਜ ਦਲ' ਨੇ ਕਿਹਾ ਕਿ ਕ੍ਰਿਸਲਰ ਬਿਨਾਂ ਕਿਸੇ ਪਾਰਟਨਰ ਦੇ ਨਹੀਂ ਚੱਲ ਸਕਦਾ। ਓਬਾਮਾ ਨੇ

ਕਿਹਾ ਕਿ ਕ੍ਰਿਸਲਰ ਨੂੰ ਤੀਹ ਦਿਨਾਂ ਦਾ ਸਮਾਂ ਦਿੱਤਾ ਗਿਆ ਕਿ ਉਹ ਇਟਲੀ ਦੀ ਨਿਰਮਾਤਾ ਫਿਏਟ ਦੇ ਨਾਲ ਰਲੇਵਾਂ ਕਰ ਲਵੇ। ਇਹ ਸਭ 6 ਅਰਬ ਡਾਲਰ ਦੀ ਵਾਧੂ ਸਰਕਾਰੀ ਦੀ ਪੂਰਵ ਸ਼ਰਤ ਵਜੋਂ ਲੈਣਾ ਹੋਵੇਗਾ। ਇਸ ਦੇ ਲਈ ਕ੍ਰਿਸਲਰ, ਫਿਏਟ ਤੇ ਯੂਨਾਈਟਿਡ ਆਟੋ ਵਰਕਸ ਯੂਨੀਅਨ (ਯੂ. ਏ. ਡਬਲਯੂ) ਨੂੰ ਆਪਸ 'ਚ ਗੱਲ ਕਰਕੇ ਮਜ਼ਦੂਰ ਹਿੱਤਾਂ ਨੂੰ ਕੁਰਬਾਨ ਕਰਨਾ ਹੋਵੇਗਾ। ਓਬਾਮਾ ਨੇ ਇਟਲੀ ਦੀ ਇਸ ਕੰਪਨੀ ਫਿਏਟ ਵੱਲੋਂ ਪਿਛਲੇ ਚਾਰ ਸਾਲਾਂ 'ਚ ਉਠਾਏ ਗਏ ਕਦਮਾਂ ਦੀ ਤਾਰੀਫ ਕੀਤੀ ਜਿਸ ਕਾਰਨ ਇਟਲੀ ਦੀ ਸਭ ਤੋਂ ਵੱਡੀ ਕੰਪਨੀ ਦੇ ਹਜ਼ਾਰਾਂ ਰੁਜ਼ਗਾਰ ਖਤਮ ਹੋਏ। ਓਬਾਮਾ ਨੇ ਇਨ੍ਹਾਂ ਕਦਮਾਂ ਨੂੰ ਸਫਲ ਦੱਸਿਆ। ਜੇ ਕਿਲਰ ਤੀਹ ਦਿਨਾਂ 'ਚ ਉਕਤ ਕਾਰਜ ਸਿਰੇ ਨਹੀਂ ਚੜ੍ਹਾਵੇਗੀ ਤਾਂ ਕੋਈ ਵਾਧੂ ਪੈਸਾ ਸਰਕਾਰੀ ਪੈਸਾ ਕੰਪਨੀ ਨੂੰ ਨਹੀਂ ਮਿਲੇਗਾ ਅਤੇ ਇਸ ਤਰ੍ਹਾਂ ਗੰਭੀਰ ਸੰਕਟ 'ਚ ਫਸੀ ਕੰਪਨੀ ਢਹਿ ਜਾਵੇਗੀ ਅਤੇ ਤੀਹ ਹਜ਼ਾਰ ਤੋਂ ਵੱਧ ਰੁਜ਼ਗਾਰ ਖਤਮ ਹੋ ਜਾਣਗੇ। ਇਸ ਤਰ੍ਹਾਂ ਓਬਾਮਾ ਦੇ ਐਲਾਨ ਕੰਪਨੀ ਨੂੰ ਦਿਵਾਲੀਆ ਛੱਡ ਦੇਣ ਦੀ ਧਮਕੀ ਹੈ, ਜਿਸ ਦੇ ਦਮ 'ਤੇ ਇਹ ਮਜ਼ਦੂਰਾਂ ਨੂੰ ਦਬਾ ਦੇਣਾ ਚਾਹੁੰਦਾ ਹੈ। ਕੰਪਨੀ ਦੇ ਦਿਵਾਲੀਆ ਹੋਣ ਦੀ ਸਥਿਤੀ 'ਚ ਕਾਨੂੰਨੀ ਤੌਰ 'ਤੇ ਕੰਪਨੀ ਮਜ਼ਦੂਰਾਂ ਦੀ ਪੈਨਸ਼ਨ ਤੇ ਸੇਵਾ ਨਵਿਰਤੀ ਮਜ਼ਦੂਰਾਂ ਦੀਆਂ ਸਿਹਤ ਸਹੂਲਤਾਂ ਦੀ ਜ਼ਿਮੇਵਾਰੀ ਤੋਂ ਬਰੀ ਹੋ ਜਾਵੇਗੀ।

ਦੋਨਾਂ ਹੀ ਹਾਲਤਾਂ 'ਚ-ਚਾਹੇ ਇਹ ਕੰਪਨੀਆਂ ਜਨਰਲ ਮੋਟਰਸ ਤੇ ਕ੍ਰਿਸਲਰ-ਦਿਵਾਲੀਆ ਹੋਣ ਤੋਂ ਬਚਾ ਲਈ ਜਾਏ ਜਾਂ ਦਿਵਾਲੀਆ ਹੋ ਜਾਏ ਮਜ਼ਦੂਰਾਂ ਦੀਆਂ ਨੌਕਰੀਆਂ, ਪੈਨਸ਼ਨਾਂ ਤੇ ਸਿਹਤ ਸਹੂਲਤਾਂ ਦਾ ਗਲਾ ਘੋਟਿਆ ਜਾਣਾ ਤਹਿ ਹੈ। ਦੋਨਾਂ ਹੀ ਹਾਲਤਾਂ 'ਚ ਚਾਹੇ ਉਹ ਕੰਪਨੀਆਂ ਦਿਵਾਲੀਆ ਹੋਣ ਤੋਂ ਬਚਾ ਲਈ ਜਾਵੇ ਜਾਂ ਦਿਵਾਲੀਆ ਹੋ ਜਾਏ, ਸਰਕਾਰ ਇਨ੍ਹਾਂ ਕੰਪਨੀਆਂ ਦੀ ਮਦਦ ਇਸ ਜਾਂ ਉਸ ਰੂਪ 'ਚ ਲੋਕਾਂ ਦੇ ਪੈਸੇ ਨਾਲ ਕਰੇਗੀ। ਦਿਵਾਲੀਆ ਨਾ ਹੋਣ ਦੀ ਸਥਿਤੀ 'ਚ ਸਾਰੀਆਂ ਜ਼ਿੰਮੇਵਾਰੀਆਂ-ਦੇਣਦਾਰੀਆਂ ਤੋਂ ਕਾਨੂੰਨ ਨੂੰ ਕਾਨੂੰਨੀ ਤੌਰ 'ਤੇ ਮੁਕਤ ਕਰਕੇ ਅਤੇ ਕਈ ਦੇਣਦਾਰੀਆਂ ਨੂੰ ਆਪਣੇ ਸਿਰ ਲੈ ਕੇ ਸਰਕਾਰ ਕੰਪਨੀਆਂ ਦੀ ਮਦਦ ਕਰੇਗੀ। ਓਬਾਮਾ ਪ੍ਰਸ਼ਾਸਨ ਦਿਵਾਲੀਆ ਹੋਣ ਨੂੰ ਵੀ ਰਣਕੌਸ਼ਲਾਤਮਕ ਬਦਲ ਵਜੋਂ ਪੇਸ਼ ਕਰਦਾ ਹੈ। ਓਬਾਮਾ ਨੇ ਕਿਹਾ ਕਿ ਦਿਵਾਲੀਆ ਹੋ ਕੇ ਕੰਪਨੀਆਂ 'ਆਪਣੇ ਪੁਰਾਣੇ ਭਾਰੀ ਕਰਜ਼ਿਆਂ ਤੋਂ ਤੇਜ਼ੀ ਨਾਲ' ਮੁਕਤ ਹੋ ਸਕਦੀਆਂ ਹਨ। ਓਬਾਮਾ ਪ੍ਰਸ਼ਾਸਨ ਨੇ ਦਿਵਾਲੀਆ ਹੋਣ ਦੀ ਦਸ਼ਾ 'ਚ ਸਪੱਸ਼ਟ ਤੌਰ 'ਤੇ 'ਵਿਰਾਸਤ 'ਚ ਮਿਲੀਆਂ ਜ਼ਿੰਮੇਵਾਰੀਆਂ-ਦੇਣਦਾਰੀਆਂ "ਭਾਵ ਸੇਵਾ ਮੁਕਤੀ ਦੀਆਂ ਸਿਹਤ ਸਹੂਲਤਾਂ ਤੇ ਪੈਨਸ਼ਨ ਦੇਣਦਾਰੀਆਂ ਦੇ ਬੋਝ ਤੋਂ ਮੁਕਤੀ ਦੀ ਗੱਲ ਕਹੀ ਹੈ। ਸਟੀਲ ਉਦਯੋਗ 'ਚ ਵੀ ਅਜਿਹਾ ਹੀ ਹੋਇਆ ਸੀ। ਉੱਥੇ ਮਜ਼ਦੂਰਾਂ ਦੀ ਜ਼ਿੰਮੇਵਾਰ ਕੰਪਨੀ ਤੋਂ ਹਟਾ ਕੇ ਸਰਕਾਰੀ ਮਦਦ ਵਾਲੇ ਪੈਨਸ਼ਨ ਲਾਭ ਗਰੰਟੀ ਨਿਗਮ ਦੇ ਤਹਿਤ ਲਿਆਂਦੀ ਗਈ ਸੀ ਅਤੇ ਲੱਖਾਂ ਮਜ਼ਦੂਰਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਝੱਲਣਾ ਪਿਆ ਸੀ। ਬੀਤੇ ਦਸੰਬਰ ਤੋਂ ਜਨਰਲ ਮੋਟਰਸ ਅਤੇ ਕ੍ਰਿਸਲਰ ਨੇ 17 ਅਰਬ ਡਾਲਰ ਦਾ ਕਰਜਾ ਹਾਸਲ ਕਰਨ ਲਈ ਬੁਸ਼ ਪ੍ਰਸ਼ਾਸਨ ਮੂਹਰੇ ਜੋ ਆਪਣੀ ਕੰਪਨੀ ਦੇ ਪੁਨਰ ਗਠਨ ਦਾ ਪ੍ਰਸਤਾਵ ਰੱਖਿਆ ਸੀ, ਉਸ ਦੇ ਤਹਿਤ ਜਨਰਲ ਮੋਟਰਸ ਨੇ ਵਿਸ਼ਵੀ ਪੱਧਰ 'ਤੇ 47 ਹਜ਼ਾਰ ਨੌਕਰੀਆਂ ਖਤਮ ਕਰਨ ਦੀ ਗੱਲ ਕਹੀ ਸੀ। (ਜਿਨ੍ਹਾਂ ਵਿਚੋਂ 21 ਹਜ਼ਾਰ ਖੁਦ ਅਮਰੀਕਾ ਵਿਚ

ਸੀ) ਉਤਰੀ ਅਮਰੀਕਾ ਤੇ ਯੂਰਪ ਵਿਚ 2012 ਤੱਕ ਆਪਣੇ 14 ਪਲਾਂਟ ਬੰਦ ਕਰਨ ਦੀ ਗੱਲ ਕਹੀ ਸੀ। ਜਿਸ ਨਾਲ 2012 'ਚ ਇਸ ਦੀ ਪੈਦਾਵਾਰੀ ਸਮਰੱਥਾ ਸੰਨ 2000 ਦੇ ਮੁਕਾਬਲੇ ਲਗਭਗ ਅੱਧੀ ਹੋ ਜਾਂਦੀ। ਕ੍ਰਿਸਲਰ ਨੇ ਕਿਹਾ ਸੀ ਕਿ ਉਹ 13 ਲੱਖ ਯੂਨਿਟ ਪੈਦਾਵਾਰ ਘਟਾ ਦੇਵੇਗੀ, ਆਪਣੇ ਸੱਤ ਪਲਾਂਟ ਬੰਦ ਕਰ ਦੇਵੇਗੀ ਅਤੇ 60 ਫੀਸਦੀ ਵਾਈਟ ਕਾਲਰ ਕਿਰਤ ਸ਼ਕਤੀ ਖ਼ਤਮ ਕਰਨ ਦੀ ਯੋਜਨਾ ਨੂੰ ਪੂਰਾ ਕਰੇਗੀ। ਦੋਨੋਂ ਕੰਪਨੀਆਂ ਨੇ ਕਿਹਾ ਸੀ ਕਿ ਉਹ ਘੰਟੇ ਦੇ ਮਜ਼ਦੂਰਾਂ ਦੀ ਮਜ਼ਦੂਰੀ ਤੇ ਸਹੂਲਤਾਂ 'ਚ ਕਟੌਤੀ ਕਰੇਗੀ ਅਤੇ ਮੌਜੂਦਾ ਵਰਕ ਰੂਲਸ ਨੂੰ ਰੱਦ ਕਰਕੇ ਲਾਗਤ ਨੂੰ ਘਟਾ ਕੇ ਉਸ ਪੱਧਰ 'ਤੇ ਲੈ ਆਵੇਗੀ ਜਿਸ 'ਤੇ ਜਪਾਨੀਆਂ ਦੀ ਮਾਲਕੀ ਵਾਲੇ ਅਮਰੀਕੀ ਪਲਾਂਟਾਂ 'ਚ ਪੈਦਾਵਾਰ ਹੁੰਦੀ ਹੈ। ਜਨਰਲ ਮੋਟਰਸ ਨੇ ਇਹ ਵੀ ਕਿਹਾ ਸੀ ਕਿ ਉਹ ਖੁਦ 'ਤੇ ਯੂਨੀਅਨ ਵੱਲੋਂ ਕੰਟਰੋਲ ਸੇਵਾ ਮੁਕਤੀ-ਸਿਹਤ-ਕੋਸ਼ ਬਕਾਏ 20 ਅਰਬ ਡਾਲਰ ਦਾ ਅੱਧਾ ਨਕਦ ਦੀ ਬਜਾਏ ਸ਼ੇਅਰਾਂ ਦੇ ਰੂਪ 'ਚ ਭੁਗਤਾਨ ਕਰੇਗੀ। ਇਸ ਨਾਲ ਲੱਖਾਂ ਸੇਵਾ ਮੁਕਤ ਲੋਕਾਂ ਨੂੰ ਸਿਹਤ ਸਹੂਲਤਾਂ 'ਚ ਭਾਰੀ ਨੁਕਸਾਨ ਉਠਾਉਣਾ ਪੈਂਦਾ। ਓਬਾਮਾ ਪ੍ਰਸ਼ਾਸਨ ਨੇ ਉਕਤ ਪ੍ਰਸਤਾਵਾਂ ਨੂੰ ਨਾਕਾਫੀ ਮੰਨਿਆ ਹੈ। ਇਸ ਤਰ੍ਹਾਂ ਬਾਲ ਸਟਰੀਟ ਦੇ ਇਸ ਨਵੇਂ ਰਹਿਨੁਮਾ ਨੇ 'ਜਨਤਾ ਦੇ ਪਿਆਰ' ਓਬਾਮਾ ਨੇ ਬੁਸ਼ ਨੂੰ ਬਹੁਤ ਥੋੜੇ ਸਮੇਂ 'ਚ ਹੀ ਪਿੱਛੇ ਛੱਡ ਦਿੱਤਾ ਹੈ ਅਤੇ ਮਜ਼ਦੂਰਾਂ ਦਾ ਖ਼ੂਨ ਚੂਸਣ ਦੀ ਆਪਣੀ ਇੱਛਾ ਤੇ ਸਮਰੱਥਾ ਨੂੰ ਬੇਨਕਾਬ ਕਰ ਲਿਆ ਹੈ।

ਇਸ ਪ੍ਰੈੱਸ ਕਾਨਫਰੰਸ (31 ਮਾਰਚ 2009) ਦੇ ਮੌਕੇ 'ਤੇ ਜਨਰਲ ਮੋਟਰਸ ਦੇ ਮੁਖੀ ਤੇ ਮੁੱਖ ਅਧਿਕਾਰੀ ਰਿਗ ਵੈਗਨਰ ਨੂੰ ਅਸਤੀਫ਼ਾ ਦੇਣ ਲਈ ਮਜ਼ਬੂਰ ਕਰਕੇ ਓਬਾਮਾ ਪ੍ਰਸ਼ਾਸਨ ਨੇ ਆਪਣਾ ਰੁਖ ਸਪੱਸ਼ਟ ਕਰ ਦਿੱਤਾ ਹੈ ਕਿ ਆਪਣੀਆਂ ਯੋਜਨਾਵਾਂ ਨੂੰ ਲਾਗੂ ਕਰਵਾਉਣ ਵਿਚ ਓਬਾਮਾ ਪ੍ਰਸ਼ਾਸਨ ਨੇ 'ਆਟੋ ਕਾਰਜਕਾਲ' ਰਾਹੀਂ ਕਿਸੇ ਕੰਪਨੀ ਦੀ ਸਥਿਤੀ ਦੇ ਮੁਲਾਂਕਣ ਦਾ ਇਕ ਮੁੱਖ ਪੈਮਾਨਾ ਇਹ ਹੁੰਦਾ ਹੈ ਕਿ ਉਸ ਦੀ ਹੋਂਦ ਨਾਲ ਬਾਲ ਸਟ੍ਰੀਟ ਨੂੰ ਕਿੰਨਾ ਮੁਨਾਫਾ ਹੁੰਦਾ ਹੈ। ਓਬਾਮਾ ਅਨੁਸਾਰ ਕੰਪਨੀਆਂ ਦੀ ਅਗਵਾਈ ਦੀ ਅਸਫਲਤਾ ਹੀ ਆਟੋ ਉਦਯੋਗ ਦੇ ਸੰਕਟ ਦਾ ਕਾਰਨ ਹੈ। ਅਸਲੀਅਤ ਇਹ ਹੈ ਕਿ ਪਿਛਲੇ ਦਹਾਕੇ ਦੀ ਅਮਰੀਕੀ ਪੂੰਜੀਵਾਦ 'ਚ ਸੱਟੇਬਾਜ਼ੀ ਇਸ ਸੰਕਟ ਲਈ ਜ਼ਿੰਮੇਵਾਰ ਹੈ ਜਿਸ ਦੇ ਤਹਿਤ ਸ਼ੇਅਰਧਾਰਕ ਮੁੱਲ ਦੇ ਜਨੂੰਨ 'ਚ ਡੇਟ੍ਰਾਇਟ ਫਿਲੰਟ ਅਤੇ ਮਿਸ਼ੀਗਨ ਤੇ ਲੱਖਾਂ ਰੁਜ਼ਗਾਰਾਂ ਅਤੇ ਅਨੇਕਾਂ ਪਲਾਟਾਂ ਨੂੰ ਖ਼ਤਮ ਕੀਤਾ ਗਿਆ ਹੈ।

ਅਲਬਤਾ ਮਜ਼ਦੂਰਾਂ ਨੂੰ ਜ਼ਖ਼ਮੀ ਕਰਕੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਨ ਦਾ ਕੰਮ ਓਬਾਮਾ ਨੇ ਇਹ ਕਹਿ ਕੇ ਕੀਤਾ ਹੈ ਕਿ ਉਹ ਉਸ ਦੇਸ਼ ਦੇ ਲਈ "ਲੜ" ਰਹੇ ਹਨ ਅਤੇ ਓਬਾਮਾ ਦੀ ਪ੍ਰੈੱਸ ਕਾਨਫਰੰਸ ਦੇ ਕੁੱਝ ਹੀ ਘੰਟੇ ਬਾਅਦ ਕੈਨੇਡਾ ਸਰਕਾਰ ਨੇ ਕੈਨੇਡਾ ਦੇ ਆਟੋ ਮਜ਼ਦੂਰਾਂ ਦੀਆਂ ਸਹੂਲਤਾਂ 'ਚ ਕਟੌਤੀ ਦੇ ਆਦੇਸ਼ ਜਾਰੀ ਕਰ ਦਿੱਤੇ। ਮੌਜੂਦਾ ਆਰਥਕ ਸੰਕਟ ਦੀ ਪਿੱਠ ਭੂਮੀ ਵਿਚ ਅਮਰੀਕਾ ਦੇ ਆਟੋ ਉਦਯੋਗ ਦੇ ਚਾਰ ਲੱਖ ਰੁਜ਼ਗਾਰ ਸਾਲ 2008 'ਚ ਪਹਿਲਾਂ ਹੀ ਖ਼ਤਮ ਹੋ ਚੁੱਕੇ ਹਨ। ਸਰਕਾਰ ਦਸ ਖਰਬ ਡਾਲਰ ਵਿਸ਼ਾਲ ਬੈਂਕਾਂ ਤੇ ਹੇਜ ਫੰਡਾਂ ਨੂੰ ਦੇ ਚੁੱਕੀ ਹੈ। ਇਸ ਦੇ ਵਰਕਸ ਹੁਣ ਉਦਯੋਗਾਂ ਦੇ ਲੱਖਾਂ ਮਜ਼ਦੂਰਾਂ ਦੀਆਂ ਨੌਕਰੀਆਂ ਖੁੱਸ ਗਈਆਂ ਹਨ।

# 1984 ’ਚ ਹੋਏ ਸਿੱਖਾਂ ਦੇ ਕਤਲੇਆਮ ਦੇ ਜ਼ਿੰਮੇਵਾਰ ਕੌਣ?

ਕੁਲ ਹਿੰਦ ਮੈਡੀਕਲ ਸੰਸਥਾ (ਏਮਜ਼) ਦੇ ਕੈਂਪਸ ’ਚ ਭੀੜ ਸੀ। ਕਾਂਗਰਸ ਦੇ ਅਨੇਕਾਂ ਨੇਤਾ ਉੱਥੇ ਮੌਜੂਦ ਸਨ, ਸਭ ਉਦਾਸ ਸਨ, ਮਹੌਲ ’ਚ ਤਣਾਅ ਸੀ। ਬੀ. ਬੀ. ਰੇਡਿਉ ਪਹਿਲਾਂ ਹੀ ਦੱਸ ਚੁੱਕਿਆ ਸੀ ਪਰ ਹਸਪਤਾਲ ਦੇ ਅੰਦਰੋਂ 9 ਵਜੇ ਤੋਂ ਥੋੜੀ ਦੇਰ ਬਾਅਦ ਖਬਰ ਆਈ ਕਿ ਇੰਦਰਾ ਗਾਂਧੀ ਨੂੰ ਬਚਾਇਆ ਨਹੀਂ ਜਾ ਸਕਿਆ, ਖਬਰ ਮਿਲਦਿਆਂ ਹੀ ‘ਜਦ ਤੱਕ ਸੂਰਜ ਚਾਂਦ ਰਹੇਗਾ.....’ ਵਰਗੇ ਨਾਹਰੇ ਗੂੰਜਣ ਲੱਗੇ। ਉੱਥੇ ਮੌਜੂਦ ਹਜ਼ਾਰਾਂ ਦੀ ਭੀੜ ਦਾ ਵੱਡਾ ਹਿੱਸਾ ਹੌਲੀ ਹੌਲੀ ਖਿੰਡਣ ਲੱਗਿਆ ਇਨ੍ਹਾਂ ’ਚੋਂ ਦੋ ਢਾਈ ਸੌ ਲੋਕਾਂ ਦਾ ਇਕ ਝੁੰਡ ਨਾਹਰੇ ਲਾਉਂਦਾ ਹੋਇਆ ਆਈ. ਐਨ. ਏ. ਮਾਰਕਿਟ ਪਹੁੰਚਿਆ। ਉੱਥੇ ਇਕ ਸਕੂਟਰ ’ਤੇ ਸਵਾਰ ਦੋ ਸਿੱਖਾਂ ਨੂੰ ਰੋਕਿਆ, ਉਨ੍ਹਾਂ ਨੂੰ ਗਾਲਾਂ ਦਿੱਤੀਆਂ, ਉਨ੍ਹਾਂ ਦੀਆਂ ਪੱਗਾਂ ਉਛਾਲ ਦਿੱਤੀਆਂ ਅਤੇ ਉਨ੍ਹਾਂ ਨੂੰ ਏਨਾ ਕੁੱਟਿਆ ਕਿ ਇਕ ਨੇ ਦਮ ਤੋੜ ਦਿੱਤਾ, ਦੂਜਾ ਭੀੜ ਦੇ ਚੁੰਗਲ ’ਚ ਬਚ ਕੇ ਥੋੜਾ ਦੂਰ ਭੱਜਿਆ ਪਰ ਭੀੜ ਨੇ ਆਖਰਕਾਰ ਉਸ ਨੂੰ ਦਬੋਚ ਲਿਆ, ਨੇੜੇ ਦੀ ਇਕ ਗੈਰਿਜ ਤੋਂ ਜੋ ਇਕ ਕਾਂਗਰਸੀ ਨੇਤਾ ਦੀ ਸੀ ਇਕ ਟਾਇਰ ਲਿਆ ਕੇ ਉਸ ਦੇ ਗਲ ’ਚ ਪਾਇਆ ਗਿਆ ਤੇ ਉਸ ਨੂੰ ਅੱਗ ਲਾ ਦਿੱਤੀ ਗਈ। ਫਿਰ ਉਸ ਜਲਦੇ ਹੋਏ ਵਿਅਕਤੀ ਨੂੰ ਬੜੀ ਬੇਰਹਿਮੀ ਨਾਲ ਇਧਰ-ਉਧਰ ਘੁਮਾਇਆ ਗਿਆ ਜਦ ਤੱਕ ਉਹ ਇਕ ਥਾਂ ਡਿੱਗ ਕੇ ਕਾਲਾ ਨਹੀਂ ਪੈ ਗਿਆ। ਇਹ 31 ਅਕਤੂਬਰ 1984 ਦਾ ਦਿਨ ਸੀ ਅਤੇ ਕਈ ਲੋਕਾਂ ਦਾ ਮੰਨਣਾ ਹੈ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਹ ਪਹਿਲੇ ਕਤਲ ਸਨ। ਦੋ ਘੰਟਿਆਂ ’ਚ ਦਿੱਲੀ ਦੇ ਦਰਜਨਾਂ ਇਲਾਕੇ ਅਜਿਹੀਆਂ ਵਾਰਦਾਤਾਂ ਦੇ ਗਵਾਹ ਬਣ ਗਏ ਸਨ। ਵਿਕਾਸ ਮਾਰਗ ’ਚ ਗਲੇ ’ਚ ਟਾਇਰ ਜਲਾ ਕੇ ਸਭ ਤੋਂ ਵੱਧ ਸਿੱਖ ਮਾਰੇ ਗਏ। ਸ਼ਾਮ ਹੁੰਦਿਆਂ ਦਿੱਲੀ ਸੈਂਕੜੇ ਇਨਸਾਨਾਂ, ਦੁਕਾਨਾਂ ਤੇ ਵਾਹਨਾਂ ਨੂੰ ਸੁਆਹ ਹੁੰਦਿਆਂ ਦੇਖ ਚੁੱਕੀ ਸੀ। ਮਾਡਲ ਟਾਊਨ ਹੋਵੇ ਜਾਂ ਨਾਂਗਲੋਈ, ਪੰਜਾਬੀ ਬਾਗ, ਪਟੇਲ ਨਗਰ, ਤਿਲਕ ਨਗਰ, ਰਜੌਰੀ ਗਾਰਡਨ, ਜਨਕਪੁਰੀ, ਦਿੱਲੀ ਕੈਂਟ, ਲਾਜਪਤ ਨਗਰ, ਜੰਗਪੁਰਾ ਜਾਂ ਮਾਲਵੀਆ ਨਗਰ ਕੋਈ ਥਾਂ ਨਹੀਂ ਬਚੀ। ਤ੍ਰਿਲੋਕਪੁਰੀ ਤੇ ਕਲਿਆਣਪੁਰੀ ਵਿਚ ਸਿਕਲੀਗਰ ਜਾਤੀ ਦੇ 300 ਤੋਂ ਵੱਧ ਲੋਕਾਂ ਨੂੰ ਸਿਰਫ ਇਸ ਲਈ ਮਾਰਿਆ ਗਿਆ ਕਿ ਉਹ ਦਿਸਦੇ ਸਿੱਖਾਂ ਵਰਗੇ ਸਨ। ਰਾਤ ਪੈਣ ਪਿੱਛੋਂ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੈਂਕੜੇ ਥਾਵਾਂ ਤੇ ਜਥੇਬੰਦੀ ਕੀਤੀ ਭੀੜ ਨੇ ਸਿੱਖਾਂ ਦੇ ਘਰ ਲੁੱਟੇ ਅਤੇ ਉਨ੍ਹਾਂ ਨੂੰ ਫਿਰ ਅੱਗ ਲਾ ਦਿੱਤੀ। ਕਾਂਗਰਸੀ, ਨੇਤਾਵਾਂ ਦੀ ਅਗਵਾਈ ’ਚ ਪੂਰੇ 3 ਦਿਨ ਇਹ ਸਾਜ਼ਿਸ਼ੀ ਖੇਡ ਚੱਲੀ ਜੋ ਵਿਉਂਤ ਬਣਾ ਕੇ ਹੋਈ ਜਦ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਕੁੱਝ ਹਲਚਲ ਤਾਂ ਹੁੰਦੀ ਹੀ ਹੈ - ਵਰਗੇ ਮੂਰਖਤਾਪੂਰਨ ਬਿਆਨ ਦੇਣ ਵਾਲੇ ਰਾਜੀਵ ਗਾਂਧੀ ਨੂੰ ਫੌਰਨ ਪ੍ਰਧਾਨ ਮੰਤਰੀ ਦੀ ਸਹੁੰ ਚੁਕਾ ਦਿੱਤੀ ਗਈ। ਚੌਥੇ ਦਿਨ ਦਿੱਲੀ ਫੌਜ ਦੇ ਹਵਾਲੇ ਕਰ ਦਿੱਤੀ ਗਈ ਇਸ ਪਿੱਛੇ ਹਾਕਮ ਪਾਰਟੀ ਕਾਂਗਰਸ ਦਾ ਹੱਥ ਸੀ। ਉਸ ਸਮੇਂ ਐਸ. ਕੇ. ਐਲ. ਭਗਤ ਦਿੱਲੀ ’ਚ ਕਾਂਗਰਸ ਦੇ ਵੱਡੇ ਨੇਤਾ ਸਨ। ਉਸ ਪਿੱਛੋਂ ਸੱਜਣ ਕੁਮਾਰ

ਜਗਦੀਸ਼ ਟਾਈਟਲਰ ਤੇ ਲਲਿਤ ਮਾਕਨ ਦਾ ਨੰਬਰ ਆਉਂਦਾ ਸੀ। ਭਗਤ ਦੀ ਮੌਤ ਹੋ ਗਈ ਹੈ ਤੇ ਉਨ੍ਹਾਂ ਵਿਰੁੱਧ ਮਾਮਲੇ ਠੰਡੇ ਪੈ ਗਏ। ਸੱਜਣ ਕੁਮਾਰ ਦਾ ਨਾਂ ਕਈ ਐਫ. ਆਈ. ਆਰ. 'ਚ ਦਰਜ ਹੈ। ਕੁੱਝ ਵਿਚ ਤਾਂ ਸੀ. ਬੀ. ਆਈ. ਦੀ ਚਾਰਜਸੀਟ ਵੀ ਤਿਆਰ ਹੈ। ਟਾਈਟਲਰ ਤੇ ਭਾਵੇਂ ਕੋਈ ਐਫ. ਆਈ. ਆਰ. ਨਹੀਂ ਪਰ ਸਭ ਕੋਸ਼ਿਸ਼ਾਂ ਦੇ ਬਾਵਜੂਦ ਉਹ ਕਤਲੇਆਮ ਦੇ ਦੋਸ਼ਾਂ ਤੋਂ ਮੁਕਤ ਨਹੀਂ ਹੋ ਸਕੇ। ਇਸ ਕਤਲੇਆਮ 'ਚ ਜ਼ਿੰਮੇਵਾਰ (ਦੋਸ਼ੀ) ਨੇਤਾਵਾਂ ਦੇ ਜਦ ਨਾਂ ਲਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਂਦਾ। ਕਾਂਗਰਸ ਅੱਜ ਵੀ ਇਸ ਮੁੱਦੇ 'ਤੇ ਦੋਸ਼ੀ ਹੈ। ਇਸ ਨੂੰ ਕਾਂਗਰਸ ਨੇ ਹਮੇਸ਼ਾ ਰਾਜਸੀ ਮੁੱਦਾ ਸਮਝਿਆ ਪਰ ਇਹ ਮੁੱਦਾ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਤੇ ਘੱਟ ਗਿਣਤੀਆਂ ਉੱਤੇ ਜਬਰ ਦਾ ਵੀ ਹੈ ਇਹ ਮੁੱਦਾ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਦਾ ਵੀ ਹੈ। ਇੰਦਰਾ ਗਾਂਧੀ ਦੇ ਕਤਲ ਪਿੱਛੋਂ ਕਰਵਾਈਆਂ ਚੋਣਾਂ 'ਚ ਹਮਦਰਦੀ ਵਜੋਂ 400 ਤੋਂ ਵੱਧ ਸੀਟਾਂ ਮਿਲੀਆਂ। ਏਨੀਆਂ ਸੀਟਾਂ ਤਾਂ ਨਹਿਰੂ ਵੇਲੇ ਵੀ ਨਹੀਂ ਮਿਲੀਆਂ ਸਨ। ਇਸ ਭਾਰੀ ਜਿੱਤ ਨਾਲ ਪਾਰਟੀ ਨੂੰ ਲੱਗਿਆ ਕਿ ਸਿਆਸੀ ਫਰੰਟ 'ਤੇ ਸਭ ਠੀਕ ਹੈ। ਇਸ ਲਈ ਕਾਂਗਰਸ ਨੇ ਇਹ ਮੁੱਦਾ ਠੰਡੇ ਬਸਤੇ 'ਚ ਪਾਈ ਰੱਖਿਆ। 1985 'ਚ ਰੰਗਾਨਾਥ ਕਮਿਸ਼ਨ ਤੇ ਜੈਨ-ਬੈਨਰਜੀ ਕਮੇਟੀ ਗਠਿਤ ਕਰਕੇ ਕਾਂਗਰਸ ਸਰਕਾਰ ਨੇ ਆਪਣਾ ਕੰਮ ਪੂਰਾ ਹੋਇਆ ਮੰਨ ਲਿਆ।

ਦੰਗਾਂ ਪੀੜਤਾਂ ਨੇ ਇਸ 'ਚ ਜੋ ਹਲਫਨਾਮੇ ਦਾਖਲ ਕੀਤੇ ਅਤੇ ਉਨ੍ਹਾਂ 'ਚੋਂ ਜਿਨ੍ਹਾਂ ਨੂੰ ਸਹੀ ਮੰਨਿਆ ਗਿਆ। ਉਨ੍ਹਾਂ ਨੂੰ ਗ੍ਰਹਿ ਮੰਤਰਾਲੇ ਨੂੰ ਦਿੱਤਾ ਗਿਆ ਜਿੱਥੋਂ ਉਹ ਦਿੱਲੀ ਪੁਲਿਸ ਨੂੰ ਭੇਜੇ ਗਏ। ਪੁਲਿਸ ਨੇ ਅਜਿਹੇ ਦਰਜਨਾਂ ਕੇਸ ਦਰਜ ਕੀਤੇ ਹਨ ਕਈ 'ਚ ਥੋੜੀਆਂ ਬਹੁਤ ਸਜ਼ਾਵਾਂ ਵੀ ਸੁਣਾਈਆਂ ਗਈਆਂ। ਪਰ ਸਭ ਕੁੱਝ ਰਵਾਇਤ ਢੰਗ ਨਾਲ ਹੀ ਹੁੰਦਾ ਰਿਹਾ ਕੋਈ ਸਪੈਸ਼ਲ ਤਵੱਜੋ ਨਹੀਂ ਦਿੱਤੀ ਗਈ। ਫਾਸਟ ਟ੍ਰੈਕ ਅਦਾਲਤਾਂ ਵੀ ਨਹੀਂ ਬਣਾਈਆਂ ਗਈਆਂ। ਇਸ ਲਈ ਇਸ ਸਿੱਖ ਕਤਲੇਆਮ ਦੇ ਸੈਂਕੜੇ ਕੇਸ ਅੱਜ ਵੀ ਅਦਾਲਤਾਂ 'ਚ ਧੱਕੇ ਖਾ ਰਹੇ ਹਨ। ਢੀਠਤਾਈ ਦਾ ਆਲਮ ਇਹ ਹੈ ਕਿ ਸਾਰੇ ਕਰੀਬ 3000 ਕਤਲ ਹੋਏ ਸਨ ਪਰ ਕੇਸ ਸਿਰਫ 1800 ਕਤਲਾਂ ਦੇ ਹੀ ਦਰਜ ਹੋਏ। ਬਾਕੀ ਹਜ਼ਾਰ ਤੋਂ ਵੱਧ ਕਾਤਲਾਂ ਦਾ ਕੀ ਹੋਇਆ, ਕਾਫੀ ਦਿਨਾਂ ਤੱਕ ਇਸ 'ਤੇ ਝਮੇਲਾ ਚੱਲਦਾ ਰਿਹਾ। ਪਿੱਛੋਂ ਅਜਿਹੇ ਕਈ ਕਮਿਸ਼ਨ ਤੇ ਕਮੇਟੀਆਂ ਬਣੀਆਂ ਪਰ ਚਲਿਆ ਸਭ ਕੁੱਝ ਬੇਰੁਖੀ ਨਾਲ ਹੀ। ਭਾਜਪਾ ਦੀ ਅਗਵਾਈ ਵਾਲੀ ਐਨ. ਡੀ. ਏ. ਸਰਕਾਰ ਨੇ ਕਾਂਗਰਸ ਨੂੰ ਨੀਵਾਂ ਵਿਖਾਉਣ ਲਈ ਨਾਨਾਵਤੀ ਕਮਿਸ਼ਨ ਤਾਂ ਬਣਾ ਦਿੱਤਾ ਪਰ ਕਤਲੇਆਮ ਪੀੜਤ ਨੂੰ ਛੇਤੀ ਨਿਆਂ ਮਿਲੇ, ਇਸ ਦਾ ਇੰਤਜ਼ਾਮ ਉਸ ਨੇ ਵੀ ਨਹੀਂ ਕੀਤਾ। ਇਕ ਤੱਥ ਇਹ ਹੈ ਕਿ ਇਨ੍ਹਾਂ ਦੰਗਿਆਂ ਸਮੇਂ ਕਈ ਪਰਿਵਾਰ ਜਾਨ ਬਚਾਉਣ ਲਈ ਭੱਜ ਕੇ ਪੰਜਾਬ ਜਾਂ ਕਿਤੇ ਹੋਰ ਚਲੇ ਗਏ। ਹੁਣ ਤੱਕ ਕਿਸੇ ਸਰਕਾਰ ਸਮੇਂ ਵੀ ਸੱਜਣ ਕੁਮਾਰ ਤੇ ਟਾਈਟਲਰ ਖਿਲਾਫ ਕੁੱਝ ਨਹੀਂ ਹੋਇਆ। ਹੁਣ ਤੱਕ ਕਿਸੇ ਵੀ ਸਰਕਾਰ ਨੇ ਇਹ ਯਕੀਨੀ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਦਿੱਲੀ 'ਚੋਂ ਹਿਜਰਤ ਕਰਕੇ ਗਏ ਸਿੱਖ ਵਾਪਸ ਪਰਤੇ ਜਾਂ ਨਹੀਂ। ਕਾਂਗਰਸ ਕਹਿ ਸਕਦੀ ਹੈ ਕਿ ਐਨ. ਡੀ. ਏ. ਸਰਕਾਰ ਨੇ ਵੀ ਕਤਲੇਆਮ ਸਬੰਧੀ ਕੁੱਝ ਨਹੀਂ ਕੀਤਾ ਪਰ ਇਹ ਕਹਿਣ ਨਾਲ ਕਾਂਗਰਸ ਦਾ ਦੋਸ਼ ਘੱਟ ਨਹੀਂ ਜਾਂਦਾ ਕਿਉਂਕਿ ਪਹਿਲੀ ਜ਼ਿੰਮੇਵਾਰੀ ਉਸ ਦੀ ਆਪਣੀ ਬਣਦੀ ਸੀ ਉਸ ਨੇ ਦੋ ਵਾਰੀ ਤਾਂ ਸੱਜਣ ਕੁਮਾਰ ਤੇ ਟਾਈਟਲਰ ਨੂੰ

ਲੋਕ ਸਭਾ ਤੋਂ ਦੂਰ ਰੱਖਿਆ ਪਰ ਦਿੱਲੀ ਦੀ ਰਾਜਨੀਤੀ 'ਚ ਆਪਣੀ ਹੈਸੀਅਤ ਤੇ ਦਬਦਬਾ ਕਾਰਨ ਇਹ ਲੋਕ ਫਿਰ ਚੋਣਾਂ 'ਚ ਵਾਪਸ ਆਉਂਦੇ ਰਹੇ। ਇਨ੍ਹਾਂ ਨੇਤਾਵਾਂ ਦੇ ਚੋਣ ਨਤੀਜਿਆਂ ਤੋਂ ਇਹ ਸਾਬਤ ਨਹੀਂ ਹੋ ਜਾਂਦਾ ਕਿ ਉਹ ਨਿਰਦੋਸ਼ ਹਨ। ਇਹ ਕੰਮ ਅਦਾਲਤ ਦਾ ਹੈ। ਕਾਂਗਰਸੀ ਦੀ ਢੀਠਤਾਈ ਨੇ ਇਸ ਪੂਰੇ ਕੇਸ ਨੂੰ ਐਸਾ ਬਣਾ ਦਿੱਤਾ ਹੈ ਕਿ ਇਹ ਕਲੰਕ ਵਾਂਗੂੰ ਇਸ ਨਾਲ ਚਿਪਕ ਗਿਆ ਹੈ। ਜਿਵੇਂ ਅਸੀਂ ਬਾਬਰੀ ਮਸਜਿਦ ਕਾਂਡ ਤੇ ਗੁਜਰਾਤ ਦੰਗਿਆਂ ਨੂੰ ਭਾਜਪਾ ਤੋਂ ਵੱਖ ਨਹੀਂ ਕਰ ਸਕਦੇ ਤਾਂ ਕਾਂਗਰਸ ਦੀ ਜਰਸੀ ਤੋਂ ਵੀ 1984 ਹਟਾਇਆ ਨਹੀਂ ਜਾ ਸਕਦਾ। ਹਾਲਾਂਕਿ ਇਸ ਮਾਮਲੇ ਸਬੰਧੀ ਸੋਨੀਆ ਗਾਂਧੀ, ਮਨਮੋਹਨ ਸਿੰਘ ਤੇ ਰਾਹੁਲ ਗਾਂਧੀ ਅਫਸੋਸ ਜਾਹਰ ਕਰ ਚੁੱਕੇ ਹਨ। ਸਿੱਖਾਂ ਦੀ ਅਬਾਦੀ ਦਿੱਲੀ 'ਚ ਅੰਮ੍ਰਿਤਸਰ ਤੋਂ ਵੱਧ ਹੈ। ਕਤਲੇਆਮ ਤੋਂ ਤੁਰੰਤ ਪਿੱਛੋਂ ਦਿੱਲੀ 'ਚ ਸਿੱਖ ਨੇਤਾਵਾਂ ਦੀ ਇਕ ਨਵੀਂ ਜਮਾਤ ਖੜ੍ਹੀ ਹੋ ਗਈ। ਦਿੱਲੀ 'ਚ ਕਾਂਗਰਸ ਤੋਂ ਇਲਾਵਾ ਦੂਜੀ ਵੱਡੀ ਪਾਰਟੀ ਭਾਜਪਾ ਹੈ। ਭਾਜਪਾ ਹਰ ਚੋਣਾਂ 'ਚ ਇਨ੍ਹਾਂ ਕਤਲਾਂ ਦੇ ਕੇਸ ਨੂੰ ਹਵਾ ਦਿੰਦੀ ਹੈ। ਹਰ ਚੋਣ 'ਚ ਤਿਲਕ ਬਿਹਾਰ ਦੀਆਂ ਔਰਤਾਂ ਨੂੰ ਬੈਨਰਾਂ ਨਾਲ ਟੈਂਪੂਆਂ 'ਤੇ ਬਿਠਾ ਕੇ ਦਿੱਲੀ ਦੀਆਂ ਸੜਕਾਂ 'ਤੇ ਘੁੰਮਦੇ ਤੇ ਨਾਹਰੇ ਲਾਉਂਦੇ ਦੇਖਦੇ ਹਨ। ਦਿੱਲੀ ਤੋਂ ਇਲਾਵਾ ਪੰਜਾਬ 'ਚ ਵੀ ਇਹ ਮੁੱਦਾ ਕਾਰਗਰ ਹੋ ਸਕਦਾ ਹੈ। ਉੱਥੇ ਵੀ ਭਾਜਪਾ ਅਕਾਲੀ ਦਲ (ਬਾਦਲ) ਗੱਠਜੋੜ ਹਰ ਚੋਣ 'ਚ ਇਸ ਮੁੱਦੇ ਦੀ ਵਰਤੋਂ ਕਰਦਾ ਹੈ। ਫਿਰ ਵੀ ਕਾਂਗਰਸ ਕਈ ਚੋਣਾਂ ਜਿੱਤਦੀ ਰਹੀ ਹੈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਮੁੱਦੇ ਕਾਰਨ ਉਸ ਦੀ ਹਾਰ ਹੋ ਸਕਦੀ ਹੈ। ਇਸ ਵਾਰੀ ਵੀ ਸੱਜਣ ਕੁਮਾਰ ਤੇ ਟਾਈਟਲਰ ਸ਼ਾਇਦ ਸਿੱਖਾਂ ਦੇ ਵਿਰੋਧ ਬਾਅਦ ਵੀ ਆਪਣੀਆਂ ਸੀਟਾਂ ਜਿੱਤ ਹੀ ਜਾਂਦੇ। ਪਰ ਕਾਂਗਰਸ ਨੂੰ ਲੱਗਿਆ ਕਿ ਇਸ ਦਾ ਖਮਿਆਜਾ ਉਸ ਨੂੰ ਪੰਜਾਬ 'ਚ ਭੁਗਤਨਾ ਪੈ ਸਕਦਾ ਹੈ। ਇਸ ਲਈ ਡਰ ਕੇ ਕਾਂਗਰਸ ਨੇ ਇਨ੍ਹਾਂ ਦੋਹਾਂ ਉਮੀਦਵਾਰਾਂ ਦੀਆਂ ਟਿਕਟਾਂ ਕੱਟ ਦਿੱਤੀਆਂ। ਹੋ ਸਕਦਾ ਹੈ ਇਹ ਦੋਹਾਂ ਆਗੂਆਂ ਦੇ ਰਾਜਸੀ ਕੈਰੀਅਰ ਦਾ ਅੰਤ ਹੋਵੇ। ਅਸਲ 'ਚ ਕਾਂਗਰਸ ਨੂੰ ਦਿੱਲੀ ਤੇ ਪੰਜਾਬ ਦੋਨੋਂ ਥਾਈਂ ਆਪਣੀ ਸਥਿਤੀ ਠੀਕ ਲੱਗ ਰਹੀ ਸੀ। ਅਚਾਨਕ ਇਕ ਅਖਬਾਰ ਦੇ ਵਿਸ਼ੇਸ਼ ਪੱਤਰਕਾਰ ਜਰਨੈਲ ਸਿੰਘ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ 'ਤੇ ਜੁੱਤਾ ਸੁੱਟ ਕੇ ਸਭ ਗੜਬੜ ਕਰ ਦਿੱਤਾ ਤੇ ਕਾਂਗਰਸ ਫਸ ਗਈ।

# ਕੀ ਜੁੱਤਾ ਸੁੱਟਣਾ ਅਸੱਭਿਅਕ ਹੈ?

ਮੰਨਿਆ ਕਿ ਕਿਸੇ 'ਤੇ ਜੁੱਤਾ ਸੁੱਟਣਾ ਅਸਭਿਅਤਾ ਦੀ ਹੱਦ ਹੈ ਠੀਕ ਨਹੀਂ ਕੀਤਾ ਜਰਨੈਲ ਸਿੰਘ ਨੇ ਗ੍ਰਹਿ ਮੰਤਰੀ ਨੂੰ ਆਪਣੇ ਜੁੱਤੇ ਦਾ ਨਿਸ਼ਾਨਾ ਬਣਾ ਕੇ, ਉਹ ਵੀ ਇਕ ਪੱਤਰਕਾਰ ਸੰਮੇਲਨ ਵਿਚ, ਪਰ ਉਸ ਸੁੱਟੇ ਗਏ ਜੁੱਤੇ ਕਾਰਨ ਜੋ ਬਹਿਸ ਛਿੜੀ ਹੈ, ਉਹ ਅੱਛੀ ਗੱਲ ਹੈ, ਇਸ ਲਈ ਕਿਸੇ ਵੀ ਸਭਿਅਕ ਦੇਸ਼ 'ਚ ਅਸਭਿਅਤ ਦੀ ਅਸਲੀ ਹੱਦ ਹੈ। ਉਸ ਜੁੱਤੇ ਨੇ ਇਹ ਯਾਦ ਦਵਾਇਆ ਹੈ ਕਿ ਜਿਸ ਦੇਸ਼ ਵਿਚ 25 ਸਾਲ ਲੱਗ ਸਕਦੇ ਹਨ ਕਾਤਲਾਂ ਨੂੰ ਸਜ਼ਾ ਦੇਣ ਲਈ, ਉਸ ਦੇਸ਼ ਨੂੰ ਸੱਭਿਅਕ ਅਖਵਾਉਣ ਦਾ ਅਧਿਕਾਰ ਨਹੀਂ ਹੈ। ਜਦੋਂ ਦੀ ਸੀ. ਬੀ. ਆਈ. ਨੇ ਜਗਦੀਸ਼ ਟਾਈਟਲਰ ਨੂੰ 'ਕਲੀਨ ਚਿੱਟ' ਦਿੱਤੀ ਹੈ, ਉਹ ਆਪਣੇ ਆਪ ਨੂੰ ਪੀੜਤ ਅਖਵਾਉਂਦੇ ਫਿਰ ਰਹੇ ਹਨ, "ਮੈਂ ਮੀਡੀਆ ਦਾ 'ਵਿਕਟਮ' ਰਿਹਾ ਹਾਂ 25 ਸਾਲਾਂ ਤੋਂ ਮੇਰੇ ਉੱਤੇ ਗਲਤ ਦੋਸ਼ ਲਾਇਆ ਗਿਆ ਸੀ। ਸੱਚ ਤਾਂ ਇਹ ਹੈ ਕਿ ਮੈਂ 31 ਅਕਤੂਬਰ 1984 ਨੂੰ ਦਿੱਲੀ 'ਚ ਹੈ ਹੀ ਨਹੀਂ ਸੀ" ਸਭ ਜਾਣਦੇ ਹਨ ਕਿ ਇੰਦਰਾ ਗਾਂਧੀ ਦੇ ਕਤਲ ਦੇ ਦਿਨ ਦਿੱਲੀ 'ਚ ਕਤਲੇਆਮ ਨਹੀਂ ਸੀ ਹੋਇਆ, ਕੁੱਝ ਰੋਸ ਪ੍ਰਗਟ ਹੋਇਆ ਸੀ, ਸਿੱਖਾਂ ਦੀਆਂ ਦੁਕਾਨਾਂ ਸਾੜ ਕੇ ਪਰ ਸ਼ਰੇਆਮ ਸਿੱਖਾਂ ਦੀ ਹੱਤਿਆ ਤਿੰਨ ਦਿਨਾਂ ਵਿਚ ਹੋਈ ਸੀ, ਸਾਜ਼ਿਸ਼ੀ ਤਰੀਕੇ ਨਾਲ ਕਤਲੇਆਮ ਹੋਇਆ ਸੀ। ਇਸ ਦੇ ਅਨੇਕਾਂ ਚਸ਼ਮਦੀਦ ਗਵਾਹ ਹਨ।

ਇਹ ਹਿੰਸਾ ਇਸ ਤਰ੍ਹਾਂ ਸ਼ੁਰੂ ਹੋਈ ਸੀ ਪਹਿਲਾਂ ਨਾਹਰਿਆਂ ਦੀ ਆਵਾਜ਼ ਸੁਣਾਈ ਦਿੰਦੀ ਸੀ 'ਇੰਦਰਾ ਗਾਂਧੀ ਜ਼ਿੰਦਾਬਾਦ, ਇੰਦਰਾ ਗਾਂਧੀ ਜ਼ਿੰਦਾਬਾਦ' ਫਿਰ ਲੱਗਦਾ ਸੀ ਇਹ ਨਾਹਰਾ 'ਸਿੱਖ ਆ ਰਹੇ ਹਨ, ਸਿੱਖ ਆ ਰਹੇ ਹਨ, ਭੱਜੋ ਭੱਜੋ' ਇਨ੍ਹਾਂ ਨਾਹਰਿਆਂ ਨਾਲ ਜਦ ਮਹੌਲ 'ਚ ਪੂਰਾ ਡਰ ਫੈਲ ਜਾਂਦਾ ਸੀ ਤਾਂ ਹਿੰਸਕ ਭੀੜ ਮੌਕੇ 'ਤੇ ਪੁੱਜ ਜਾਂਦੀ ਸੀ, ਇਸ ਭੀੜ 'ਚ ਕਾਂਗਰਸ ਦੇ ਵਰਕਰ ਹੁੰਦੇ ਸਨ ਜਿਨ੍ਹਾਂ ਦੇ ਨਾਂ ਅੱਜ ਤੱਕ ਸਾਹਮਣੇ ਨਹੀਂ ਆਏ, ਗਵਾਹੀ ਦਿੱਤੀ ਗਈ ਹੈ, ਜਾਂਚ ਕਮਿਸ਼ਨਾਂ ਦੇ ਸਾਹਮਣੇ ਕਿ ਭੀੜ ਦੀ ਅਗਵਾਈ ਕਰਦਿਆਂ ਲੋਕਾਂ ਨੇ ਕਾਂਗਰਸੀ ਸਾਂਸਦਾ (ਟਾਈਟਲਰ, ਸੱਜਣ ਕੁਮਾਰ ਆਦਿ) ਨੂੰ ਵੇਖਿਆ ਸੀ। ਸੀ. ਬੀ. ਆਈ. ਨੂੰ ਕੋਈ ਅਧਿਕਾਰ ਨਹੀਂ ਹੈ ਇਨ੍ਹਾਂ ਗਵਾਹਾਂ ਦੇ ਭਰੋਸੇਯੋਗ ਹੋਣ ਬਾਬਤ ਟਿੱਪਣੀ ਕਰਨ ਦਾ, ਇਹ ਤਾਂ ਸਾਬਤ ਅਦਾਲਤ 'ਚ ਹੋਣਾ ਚਾਹੀਦਾ ਹੈ ਪਰ ਅਜਿਹਾ ਕਰਨ ਪਿੱਛੋਂ ਵੀ ਸੀ. ਬੀ. ਆਈ. ਨੇ ਟਾਈਟਲਰ ਨੂੰ ਬੇਗੁਨਾਹ ਕਿਹਾ ਹੈ, ਉਹ ਵੀ ਲੋਕ ਸਭਾ ਚੋਣਾਂ ਮੌਕੇ। ਇਕ ਤਰ੍ਹਾਂ ਨਾਲ ਅੱਛਾ ਕਾਂਗਰਸ ਪਾਰਟੀ ਨੇ ਇਨ੍ਹਾਂ ਦੋਹਾਂ ਦੋਸ਼ੀ ਸਾਂਸਦਾਂ ਨੂੰ ਟਿਕਟ ਦੇ ਕੇ (ਚਾਹੇ ਹੁਣ ਕੱਟੇ ਗਏ ਹੋਣ) ਇਸ ਲਈ ਕਿ ਅਤੀ 'ਸੈਕੂਲਰ' ਪਾਰਟੀ ਦਾ 'ਸੈਕੂਲਰਿਜ਼ਮ' ਕਿੰਨਾ ਥੋਥਾ ਹੈ। ਉਸ ਦਾ ਪਤਾ ਹੁਣ ਸਭ ਨੂੰ ਲੱਗ ਗਿਆ ਹੈ ਅਤੇ ਇਸ ਲਈ ਵੀ ਕਿ ਅਨਿਆਂ ਦੀ ਹੱਦ ਸਾਹਮਣੇ ਆਈ ਹੈ। ਟਾਈਟਲਰ ਸਾਹਿਬ ਜੇ ਇਸ ਹਿੰਸਾ ਤੋਂ ਪੀੜਤ ਹਨ ਤਾਂ ਉਨ੍ਹਾਂ ਹਜ਼ਾਰਾਂ ਝਮੇਲਿਆਂ ਬਾਰੇ ਅਸੀਂ ਕੀ ਕਹਾਂਗੇ ਜੋ ਅੱਜ ਵੀ ਨਿਆਂ ਮੰਗ ਰਹੇ ਹਨ? ਮੁੱਦਾ ਦੋ ਬੰਦਿਆਂ ਦੀ ਬੇਗੁਨਾਹੀ ਦਾ ਨਹੀਂ ਹੈ, ਮੁੱਦਾ ਨਿਆਂ ਦਾ ਹੈ, ਮੁੱਦਾ ਸਿਰਫ 1984 ਦੀ ਹਿੰਸਾ ਦਾ ਹੀ ਨਹੀਂ ਹੈ, ਮੁੱਦਾ ਹੈ ਸਭ ਦੰਗਿਆਂ ਪਿੱਛੋਂ

ਨਿਆਂ ਨਾ ਮਿਲਣ ਦਾ, ਯਾਦ ਕਰੋ ਉਨ੍ਹਾਂ ਸਾਰੇ ਸ਼ਹਿਰਾਂ ਦੇ ਨਾਂ ਜਿੱਥੇ ਜਿੱਥੇ ਵੱਡੇ ਦੰਗੇ ਹੋਏ ਸਨ ਅਤੇ ਜਿਨ੍ਹਾਂ ਪਿੱਛੋਂ ਕਿਸੇ ਨੂੰ ਸਜ਼ਾ ਨਹੀਂ ਹੋਈ ਹੈ, ਮੇਰਠ, ਮਲਿਆਨਾ, ਮੁਰਦਾਬਾਦ, ਭਾਗਲਪੁਰ.... ਇਕ ਜ਼ਮਾਨਾ ਸੀ ਜਦ ਹਰ ਸਾਲ ਹੋਇਆ ਕਰਦੇ ਸਨ ਹਿੰਦੂ ਮੁਸਲਿਮ ਦੰਗੇ, ਸੂਚੀ ਲੰਬੀ ਹੈ ਮੇਰਠ ਦੀ ਹਾਸਿਮਪੁਰਾ ਬਸਤੀ ’ਚ 1987 ’ਚ ਦੰਗਾ ਹੋਇਆ। ਜਿਸ ਪਿੱਛੋਂ ਪੁਲਿਸ ਨੇ ਮੁਸਲਮਾਨਾਂ ਨੂੰ ਟਰੱਕ ’ਚ ਭਰ ਕੇ ਮਾਰਿਆ ਸੀ, ਮਰਨ ਵਾਲਿਆਂ ’ਚ ਬੁੱਢੇ ਵੀ ਸਨ, ਬੱਚੇ ਵੀ ਸਨ, ਲਾਸਾਂ ਗੰਗਾ ’ਚ ਸੁੱਟ ਦਿੱਤੀਆਂ ਗਈਆਂ ਸਨ ਜਿਨ੍ਹਾਂ ’ਚੋਂ ਇਕ ਦੋ ਜੇ ਜਿਉਂਦੇ ਨਾ ਬਚਦੇ ਤਾਂ ਸੱਚ ਕਦੀ ਵੀ ਸਾਹਮਣੇ ਨਾ ਆਉਂਦਾ ਜੋ ਉਨ੍ਹਾਂ ਕਾਤਲ ਮੁਸਲਮਾਨਾਂ ਨੂੰ ਬਾਅਦ ’ਚ ਸਜ਼ਾ ਦਿੱਤੀ ਉੱਤਰ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੇ ਤਾਂ ਇਸ ਗੱਲ ਨੂੰ ਛੁਪਾ ਕੇ ਰੱਖਿਆ ਹੈ। ਨਿਆਂ ਪ੍ਰਣਾਲੀ ਜੇ ਸਾਡੇ ਦੇਸ਼ ਵਿਚ ਮਜ਼ਬੂਤ ਹੁੰਦੀ ਤਾਂ ਇਸ ਕਿਸਮ ਦੀ ਸ਼ਰਮਨਾਕ ਹਿੰਸਾ ਹੁਣ ਤੱਕ ਰੁਕ ਗਈ ਹੁੰਦੀ। ਹੁਣ ਜਦ ਜੇਹਾਦੀ ਅੱਤਵਾਦ ਨੇ ਸਭ ਨੂੰ ਹੈਰਾਨ ਕਰ ਰੱਖਿਆ ਹੈ ਸਭ ਭੁਗਤ ਰਹੇ ਹਨ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਫਲ। ਮਾਹਰਾਂ ਦੀ ਰਾਇ ਹੈ ਕਿ ਸਾਡੀਆਂ ਅਦਾਲਤਾਂ ’ਚ ਸਾਰੇ ਪੁਰਾਣੇ ਮੁਕਦਮਿਆਂ ਨੂੰ ਖਤਮ ਕਰਨ ਵਿਚ 300 ਤੋਂ ਵੱਧ ਸਾਲ ਲੱਗ ਜਾਣਗੇ, ਨਿਆਂ ਪ੍ਰਣਾਲੀ ਉਹੀ ਅੰਗਰੇਜ਼ਾਂ ਵੇਲੇ ਦੀ ਚਲਦੀ ਆ ਰਹੀ ਹੈ। ਉਹੀ ਫਾਇਲ ਸਿਸਟਮ ਹੈ। ਗੁਨਾਹਗਾਰਾਂ ਨੂੰ ਸਜ਼ਾ ਮਿਲਣ ਤੱਕ ਦਹਾਕੇ ਲੱਗ ਜਾਂਦੇ ਹਨ। ਜਿਵੇਂ ਕਿ ਅਸੀਂ ਮੁੰਬਈ ਦੇ 1993 ਵਾਲੇ ਬੰਬ ਕਾਂਡ ਕੇਸ ’ਚ ਵੇਖਿਆ ਹੈ, ਇਸ ਕੇਸ ’ਚ ਸਜ਼ਾ ਪਿਛਲੇ ਸਾਲ ਤੱਕ ਨਹੀਂ ਹੋਈ ਸੀ। ਨਿਆਂ ਦੀ ਰਫ਼ਤਾਰ ਜੇ ਏਨੀ ਸੁਸਤ ਰਹਿੰਦੀ ਹੈ ਤਾਂ ਨਿਆਂ ਵੀ ਅਨਿਆਂ ਹੀ ਬਣ ਕੇ ਰਹਿ ਜਾਂਦਾ ਹੈ। ਅਜਿਹਾ ਹੋਇਆ ਹੈ 1984 ਦੀ ਹਿੰਸਾ ਸਬੰਧੀ, ਉਦੋਂ ਤੋਂ ਲੈ ਕੇ ਹੁਣ ਤੱਕ ਕਈ ਸਰਕਾਰਾਂ ਬਦਲੀਆਂ, ਕਈ ਜਾਂਚ ਕਮਿਸ਼ਨ ਬੈਠੇ ਪਰ ਸਜ਼ਾ ਮੁਠੀਭਰ ਅਣਜਾਣ ਇਨਸਾਨਾਂ ਨੂੰ ਹੋਈ ਅੱਖਾਂ ਪੂੰਝਣ ਲਈ। ਜਿਨ੍ਹਾਂ ਨੇ ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਮਰਵਾਇਆ ਸੀ ਉਹ ਅੱਜ ਵੀ ਆਜ਼ਾਦ ਘੁੰਮ ਰਹੇ ਹਨ। ਅਜਿਹਾ ਜੇ ਨਾ ਹੁੰਦਾ ਤਾਂ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਗੁਜਰਾਤ ’ਚ 2002 ਦਾ ਕਤਲੇ-ਆਮ ਨਾ ਹੁੰਦਾ, ਗੱਲ ਸਿਰਫ ਦੋ ਵਿਅਕਤੀਆਂ ਦੇ ਬੇਗੁਨਾਹ ਹੋਣ ਦੀ ਨਹੀਂ ਹੈ, ਗੱਲ ਨਿਆਂ ਦੀ ਹੈ। ਗੱਲ ਸਰਕਾਰ ਦੀ ਨੀਤੀਆਂ ਦੀ ਹੈ ਜੋ ਸਰਮਾਏਦਾਰਾਂ ਪੱਖੀ ਵੱਧ ਹੈ ਤੇ ਗਰੀਬਾਂ ਪੱਖੀ ਘੱਟ ਹਨ।

# ਕੀ ਸਮੂਹ-20 ਨੇ ਬਣਾਈ ਦੂਜੀ ਆਮ ਰਾਇ?

ਸਮੂਹ–20 ਸਿਖਰ ਸੰਮੇਲਨ ਖਤਮ ਹੋਣ ’ਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਗਾਰਡਨ ਬਰਾਊਨ ਨੇ ਦੋ ਅਪ੍ਰੈਲ ਨੂੰ ਇਕ ਬਿਆਨ ਜਾਰੀ ਕਰਕੇ ਮੌਜੂਦਾ ਵਿਸ਼ਵ ਵਿਆਪੀ ਸੰਕਟ ਤੋਂ ਦੁਨੀਆਂ ਨੂੰ ਨਿਜਾਤ ਦਵਾਉਣ ਲਈ ਅਪਨਾਏ ਜਾਣ ਵਾਲੇ ਪ੍ਰੋਗਰਾਮ ਦੀ ਸੂਚਨਾ ਦਿੱਤੀ। ਭਾਵੇਂ ਹੀ ਇਸ ਪ੍ਰੋਗਰਾਮ ਦੀ ਸਾਰਥਿਕਤਾ ਸਬੰਧੀ ਆਮ ਲੋਕ ਇਕਮਤ ਨਾ ਹੋਣ ਪਰ ਇਸ ਗੱਲ ’ਤੇ ਕੋਈ ਵਿਵਾਦ ਨਹੀਂ ਕਿ ਜਦ ਸੰਸਾਰ ਆਰਥਕ ਮਾਮਲਿਆਂ ਦੇ ਸਿਲਸਿਲੇ ਵਿਚ ਪੁਰਾਣੇ ਢਰੇ ’ਤੇ ਨਹੀਂ ਚਲੇਗਾ ਸੰਮੇਲਨ ਨੇ ਪੁਰਾਣੀ ਵਾਸ਼ਿੰਗਟਨ ਆਮ ਰਾਏ ਨੂੰ ਖਾਰਿਜ ਕਰ ਦਿੱਤਾ ਹੈ ਅਤੇ ਉਸ ਦੀ ਥਾਂ ਦੂਜੀ ਨਵੀਂ ਆਮ ਰਾਇ ਲਿਆਈ ਜਾਵੇਗੀ। ਬਿਆਨ ਜਾਰੀ ‘ਦ ਗਾਰਡਨ’ ਨੂੰ ਇਕ ਇੰਟਰਵਿਊ ’ਚ ਕਿਹਾ ਕਿ ਚਾਲੀ ਸਾਲਾਂ ਚਲਿਆ ਆ ਰਿਹਾ ਬਜ਼ਾਰੀ ਰੂੜੀਵਾਦ, ਜਿਸ ਨੂੰ ਅੱਗੇ ਚੱਲ ਕੇ ਵਾਸ਼ਿੰਗਟਨ ਆਮ ਰਾਏ ਨਾਲ ਜਾਣਿਆ ਗਿਆ ਤੇ ਜਿਸ ’ਚ ਮੁਕਤ ਬਜ਼ਾਰ ਹੀ ਪਿਆਰਾ ਸੀ ਹੁਣ ਉਹ ਖਤਮ ਹੋ ਗਈ ਹੈ। ਉਸ ਅਨੁਸਾਰ ਖੁੱਲ੍ਹੇ ਮੁਕਾਬਲੇ ਦਾ ਜ਼ਮਾਨਾ ਲੰਘ ਗਿਆ ਹੈ। ਉਹ ਹੁਣ ਆਪਣੇ ਆਪ ਆਰਥਕ ਅਮਲ ਦਾ ਕੁਸ਼ਲ ਸੰਚਾਲਨ ਨਹੀਂ ਕਰ ਸਕਦੀ। ਇਸ ਦਾ ਇਹ ਮਤਲਬ ਬਿਲਕੁਲ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਸਰਕਾਰ ਹਮੇਸ਼ਾ ਸਹੀ ਹੀ ਕਰਦੀ ਹੈ। ਜ਼ਰੂਰੀ ਇਹ ਹੈ ਕਿ ਸਰਕਾਰ ਤੇ ਬਜ਼ਾਰ ਆਪਸੀ ਸਹਿਯੋਗੀ ਹਨ। ਬਰਾਊਨ ਨੇ ਕੁੱਲ ਮਿਲਾ ਕੇ ਇਹ ਗੱਲ 24 ਮਾਰਚ ਨੂੰ ਯੂਰਪੀ ਸੰਸਦ ਤੇ 30 ਮਾਰਚ ਨੂੰ ਆਪਣੀ ਸਰਕਾਰੀ ਰਿਹਾਇਸ਼ ’ਤੇ ਇਕ ਪ੍ਰੈੱਸ ਕਾਨਫਰੰਸ ’ਚ ਕਹੀ ਸੀ। ਯਾਨੀ ਥੈਚਰ–ਰੀਗਨ ਦਾ ‘ਬਜ਼ਾਰ ਦੇ ਜਾਦੂ’ ਵਾਲਾ ਚਿੰਤਨ ਨਾਕਾਮ ਹੋ ਗਿਆ ਹੈ। ਇਹੀ ਚਿੰਤਨ 1990 ’ਚ ਜਾਨ ਵਿਲੀਅਮ ਵੱਲੋਂ ਪੇਸ਼ ਆਮ ਰਾਏ ਦਾ ਪ੍ਰੇਰਨਾ ਸ੍ਰੋਤ ਬਣਿਆ ਸੀ। ਇਹ ‘ਵਸ਼ਿੰਗਟਨ ਆਮ ਰਾਏ’ ਵਿਸ਼ਵੀਕਰਨ ਦਾ ਅਧਾਰ ਬਣੀ। ਜੇ ਨੋਬੇਲ ਪੁਰਸਕਾਰ ਨਾਲ ਸਨਮਾਨਿਤ ਅਰਥ ਸ਼ਾਸ਼ਤਰੀ ਜੋਸੇਫ ਸਿਟਗ੍ਰਿਲਜ਼ ਦੀ ਮੰਨੀਏ ਤਾਂ ਇਸ ਨੂੰ ਵਾਸ਼ਿੰਗਟਨ ’ਚ ਅਮਰੀਕੀ ਪ੍ਰਸ਼ਾਸਨ ਦੇ ਆਰਥਕ ਦਫ਼ਤਰ (ਵਾਸ਼ਿੰਗਟਨ ਦੀ 15ਵੀਂ ਸੜਕ ਤੇ ਸਥਿਤ) ਦੀ ਮਿਲੀਭੁਗਤ ਨਾਲ ਵਿਕਾਸਸ਼ੀਲ ਦੇਸ਼ਾਂ ’ਤੇ ਬਿਨਾਂ ਉਨ੍ਹਾਂ ਦੀ ਸਹਿਮਤੀ ਤੇ ਹਾਲਾਤ ਉੱਪਰ ਧਿਆਨ ਦਿੱਤੇ ਲੱਦਣ ਦੀ ਕੋਸ਼ਿਸ਼ ਕੀਤੀ ਵਾਸ਼ਿੰਗਟਨ ਆਮ ਰਾਏ ’ਚ ਦਸ ਸੂਤਰ ਹਨ ਜੋ ਨਵ ਉਦਾਰਵਾਦ, ਨਿੱਜੀਕਰਨ ਤੇ ਵਿਸ਼ਵੀਕਰਨ ਨਾਲ ਅਨੁਪ੍ਰਮਾਣਿਤ ਹਨ। ਬਾਜ਼ਾਰ ਦੀਆਂ ਸ਼ਕਤੀਆਂ ਨੂੰ ਖੁੱਲੀ ਛੋਟ, ਰਾਜ ਦੀ ਆਰਥਕ ਭੂਮਿਕਾ ਨੂੰ ਘੱਟੋ ਘੱਟ ਕਰਨਾ, ਖੁੱਲਾ ਬਜ਼ਾਰ ਵਿਦੇਸ਼ੀ ਨਿਵੇਸ਼ਕਾਂ ਨੂੰ ਖੁੱਲੀ ਛੋਟ ਤੇ ਸਮਾਜ ਕਲਿਆਣ ਸਬੰਧੀ ਪ੍ਰੋਗਰਾਮ ਨੂੰ ਤਿਲਾਂਜਲੀ ਦੇਣਾ ਉਸ ਦੀਆਂ ਮੁੱਖ ਗੱਲਾਂ ਰਹੀਆਂ ਹਨ। ਸਮੂਹ–20 ਸਿਖਰ ਸੰਮੇਲਨ ਪਿੱਛੋਂ ਨਿਸਚਿਤ ਤੌਰ ’ਤੇ ਭੂਮੰਡਲੀਕਰਨ ਦਾ ‘ਕਿਰਦਾਰ’ ਤੇ ਰੂਪ ’ਚ ਤਬਦੀਲੀ ਹੋ ਸਕੇਗੀ? ਬਿਆਨ ’ਚ ਛੇ ਉਦੇਸ਼ਾਂ ’ਤੇ ਜ਼ੋਰ ਦਿੱਤਾ ਗਿਆ ਹੈ। ਪਹਿਲਾਂ ਨਿਰਾਸ਼ਾ ਦੂਰ ਕਰਕੇ ਆਤਮ ਵਿਸ਼ਵਾਸ ਜਗਾਇਆ ਜਾਵੇ, ਆਰਥਕ ਖੁਸ਼ਹਾਲੀ ਦੇ ਠੱਪ ਪਏ ਅਮਲ ਨੂੰ ਚਾਲੂ ਕੀਤਾ ਜਾਵੇ। ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ। ਦੂਜਾ ਨੁਕਸਾਨ ਗ੍ਰਸਿਤ ਵਿੱਤੀ ਪ੍ਰਣਾਲੀ ਨੂੰ ਠੀਕ ਕੀਤਾ ਜਾਵੇ। ਜਿਸ ਨਾਲ ਉਧਾਰ ਦੇਣ ਦਾ ਅਮਲ ਫਿਰ

ਚਾਲੂ ਹੋ ਸਕੇ। ਵਿੱਤੀ ਅਦਾਰਿਆਂ 'ਚ ਜਾਨ ਵਿਸ਼ਵਾਸ ਮਜ਼ਬੂਤ ਕਰਨ ਲਈ ਵਿੱਤੀ ਨਿਯਮਨ ਨੂੰ ਦ੍ਰਿੜ ਕੀਤਾ ਜਾਵੇ। ਕੌਮਾਂਤਰੀ ਵਿੱਤੀ ਅਦਾਰਿਆਂ 'ਚ ਜ਼ਰੂਰੀ ਸੁਧਾਰ ਕਰਕੇ ਉਨ੍ਹਾਂ ਦਾ ਲੋੜੀਂਦਾ ਵਿੱਤੀ ਪੋਸ਼ਣ ਕੀਤਾ ਜਾਵੇ। ਜਿਸ ਨਾਲ ਸੰਕਟ ਦਾ ਮੁਕਾਬਲਾ ਹੋ ਸਕੇ। ਖੁਸ਼ਹਾਲੀ ਲਿਆਉਣ ਲਈ ਰਾਖਵੇਕਰਨ ਨੂੰ ਹਟਾ ਕੇ ਵਿਸ਼ਵ ਵਪਾਰ ਤੇ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਜਾਵੇ ਅੰਤ ਵਿਚ ਅਰਥਚਾਰੇ ਦਾ ਭਲਾ ਕਰਕੇ ਸਭ ਨੂੰ ਇਸ ਦਾ ਫਾਇਦਾ ਦਿੱਤਾ ਜਾਵੇ। ਵਾਤਾਵਰਣ ਦੀ ਰਾਖੀ ਹੋਵੇ ਤੇ ਆਰਥਕ ਅਮਲ ਨਿਰੰਤਰ ਚਲੇ। ਮੌਜੂਦਾ ਸੰਕਟ ਨਾਲ ਨਿਬੜਨ ਲਈ ਸਾਰੇ ਮਿਲ ਕੇ ਕੋਸ਼ਿਸ਼ ਕਰਨ। ਸ਼ਿਖਰ ਸੰਮੇਲਨ ਦੇ ਫੈਸਲਿਆਂ 'ਤੇ ਨਜ਼ਰ ਮਾਰੀਏ ਤਾਂ ਹੋ ਸਕਦਾ ਹੈ ਕਿ ਡਾਲਰ ਦਾ ਮਹੱਤਵ ਆਉਣ ਵਾਲੇ ਸਮੇਂ 'ਚ ਘਟੇ। ਸਪੈਸ਼ਲ ਡ੍ਰਾਇੰਗ ਰਾਈਟਸ (SDR) ਨੂੰ ਮਜ਼ਬੂਤ ਬਣਾਉਣ ਲਈ ਕੌਮਾਂਤਰੀ ਮੁਦਰਾ ਕੋਸ਼ ਦੇ ਵਿੱਤੀ ਅਦਾਰਿਆਂ ਨੂੰ ਤਿਗੁਨਾ ਕਰਕੇ 750 ਅਰਬ ਡਾਲਰ 'ਤੇ ਪਹੁੰਚਾ ਦਿੱਤਾ ਜਾਵੇਗਾ ਤਾਂ ਕਿ ਬਹੁਪੱਖੀ ਵਿਕਾਸ ਬੈਂਕਾਂ ਨੂੰ 100 ਅਰਬ ਡਾਲਰ ਦੀ ਵਾਧੂ ਰਾਸ਼ੀ ਮਿਲੇ। ਕੌਮਾਂਤਰੀ ਵਪਾਰ ਲਈ 250 ਅਰਬ ਡਾਲਰ ਦਾ ਪ੍ਰਬੰਧ ਹੋਵੇ ਅਤੇ ਕੌਮਾਂਤਰੀ ਮੁਦਰਾ ਕੋਸ਼ ਆਪਣੇ ਸੋਨੇ ਦੇ ਭੰਡਾਰ ਦੀ ਵਿਕਰੀ ਰਾਹੀਂ ਸੰਸਾਰ ਦੇ ਗਰੀਬ ਦੇਸ਼ਾਂ ਲਈ ਵਾਧੂ ਵਿੱਤੀ ਸਾਧਨ ਮੁਹੱਈਆ ਕਰਵਾਏ ਕੁੱਲ ਮਿਲਾ ਕੇ ਗਿਆਰਾਂ ਖਰਬ ਡਾਲਰ ਕਰਜ਼ਾ, ਖੁਸ਼ਹਾਲੀ ਤੇ ਰੁਜ਼ਗਾਰ ਦੇ ਮੌਕੇ ਵਿਸ਼ਵ ਅਰਥਚਾਰੇ 'ਚ ਲਿਆਉਣ ਲਈ ਖਰਚ ਕਰਨ ਦੀ ਗੱਲ ਹੈ। ਸੰਮੇਲਨ ਦਾ ਦਾਅਵਾ ਹੈ ਕਿ ਸਮੂਹ-20 ਅਗਲੇ ਸਾਲ ਦੇ ਅੰਤ ਤੱਕ 50 ਖਰਬ ਡਾਲਰ ਖਰਚ ਕਰਕੇ ਰੁਜ਼ਗਾਰ ਦੇ ਮੌਜੂਦ ਮੌਕਿਆਂ ਨੂੰ ਨਸ਼ਟ ਹੋਣ ਤੋਂ ਨਹੀਂ ਬਚਾਏਗਾ। ਬਲਕਿ ਨਵੀਆਂ ਨੌਕਰੀਆਂ ਪੈਦਾ ਕਰੇਗਾ। ਵਾਤਾਵਰਣ ਦੀ ਰਾਖੀ 'ਤੇ ਪੂਰਾ ਧਿਆਨ ਦਿੰਦਿਆਂ ਵਿਸ਼ਟ ਪੈਦਾਵਾਰ 'ਚ ਚਾਰ ਫੀਸਦੀ ਵਾਧਾ ਕਰੇਗਾ ਯਾਦ ਰਹੇ ਮੌਜੂਦ ਸਥਿਤੀ ਬੜੀ ਚਿੰਤਾਜਨਕ ਹੈ ਕਿਉਂਕਿ ਵਿਸ਼ਵ ਭਰ 'ਚ ਉਤਪਾਦਨ ਘੱਟ ਰਿਹਾ ਹੈ। ਰੁਜ਼ਗਾਰ ਦੇ ਮੌਕਿਆਂ 'ਚ ਕਮੀ ਆ ਰਹੀ ਹੈ ਤੇ ਲੋਕਾਂ ਦਾ ਜੀਵਨ ਪੱਧਰ ਡਿੱਗ ਰਿਹਾ ਹੈ। ਸੰਮੇਲਨ 'ਚ ਅੱਛੀ ਰਾਜਕੋਸ਼ੀ ਸਥਿਤੀ ਨੂੰ ਲੰਮੇ ਸਮੇਂ ਤੱਕ ਬਣਾਈ ਰੱਖਣ ਤੇ ਕੀਮਤਾਂ 'ਚ ਸਥਿਰਤਾ ਲਈ ਭਰੋਸੇਮੰਦ ਤਰੀਕਿਆਂ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ ਸੀ। ਸੰਮੇਲਨ 'ਚ ਰੇਖਾਂਕਿਤ ਕੀਤਾ ਗਿਆ ਕਿ ਉਸ ਦੇ ਮੈਂਬਰਾਂ ਦੀਆਂ ਆਰਥਕ ਨੀਤੀਆਂ ਤੇ ਕਾਰਵਾਈਆਂ ਆਪਸੀ ਸਹਿਯੋਗ ਦੇ ਅਧਾਰ 'ਤੇ ਚਲਣਗੀਆਂ ਅਤੇ ਇਹ ਧਿਆਨ ਰੱਖਿਆ ਜਾਵੇਗਾ ਕਿ ਉਨ੍ਹਾਂ 'ਚੋਂ ਕੁੱਝ ਨੂੰ ਫਾਇਦਾ ਤੇ ਬਾਕੀਆਂ ਨੂੰ ਘਾਟਾ ਨਾ ਹੋਵੇ। ਨਾਲ ਹੀ ਇਕ ਦੂਜੇ ਨੂੰ ਨੁਕਸਾਨ ਪਹੁੰਚਾ ਕੇ ਮੈਂਬਰ ਆਪਣੇ ਘਾਟੇ ਨੂੰ ਪੂਰਾ ਨਾ ਕਰਨਾ ਨਿਗਰਾਨੀ ਕੌਮਾਂਤਰੀ ਮੁਦਰਾ ਕੋਸ਼ ਦੀ ਹੋਵੇ। ਕੌਮਾਂਤਰੀ ਵਿੱਤੀ ਅਦਾਰਿਆਂ ਦਾ ਸੰਚਾਲਨ ਸਾਮਰਾਜ ਦੇ ਦਾਬੇ ਹੇਠ ਹੁੰਦਾ ਰਿਹਾ ਹੈ ਕਿਉਂਕਿ ਵੋਟਾਂ ਦਾ ਅਧਾਰ ਦਿੱਤੀ ਗਈ ਪੂੰਜੀ ਨੂੰ ਬਣਾਇਆ ਗਿਆ ਹੈ। ਅਮਰੀਕੀ ਸਾਮਰਾਜ ਤੇ ਉਸ ਦੇ ਸਹਿਯੋਗੀ ਆਪਣੇ ਹਿੱਤਾਂ ਨੂੰ ਉੱਪਰ ਰੱਖ ਕੇ ਨੀਤੀਆਂ ਘੜਦੇ ਰਹੇ ਹਨ। ਸੰਸਾਰ ਬੈਂਕ ਦਾ ਮੁਖੀ ਕੋਈ ਅਮਰੀਕੀ ਤੇ ਮੁਦਰਾ ਕੋਸ਼ ਦਾ ਪ੍ਰਬੰਧਕ ਕਿਸੇ ਵਿਕਸਿਤ ਯੂਰਪੀ ਦੇਸ਼ ਦਾ ਹੁੰਦਾ ਹੈ। ਸਿਖਰ ਸੰਮੇਲਨ 'ਚ ਇਹ ਕਿਹਾ ਗਿਆ ਹੈ ਕਿ 'ਬਜ਼ਾਰ ਤੇ ਵਿਕਾਸਸ਼ੀਲ ਦੇਸ਼ ਵਿਸ਼ਵ ਖੁਸ਼ਹਾਲੀ ਦੇ ਇੰਜਨ ਰਹੇ ਹਨ। ਭਾਵੇਂ ਉਨ੍ਹਾਂ ਨੂੰ ਵੀ ਵਿਸ਼ਵੀਕ੍ਰਿਤ ਅਰਥਚਾਰੇ 'ਚ ਚਲ ਰਹੀ ਮੰਦੀ ਨਾਲ ਜੂਝਣਾ ਪੈ ਰਿਹਾ ਹੈ। ਭੂਮੰਡਲੀ

ਵਿਸ਼ਵਾਸ ਤੇ ਪਹਿਲ ਦੀ ਆਰਥਕ ਸਥਿਤੀ ਨੂੰ ਲਿਆਉਣ ਲਈ ਜ਼ਰੂਰੀ ਹੈ ਉੱਥੇ ਬਾਹਰੀ ਪੂੰਜੀ ਨਿਵੇਸ਼ ਜਾਰੀ ਰਹੇ' ਨਾਲ ਹੀ ਕੌਮਾਂਤਰੀ ਮੁਦਰਾ ਕੋਸ਼ 'ਚ ਸੁਧਾਰ ਹੋਵੇ ਉਸ ਦੇ ਪ੍ਰਬੰਧ 'ਚ ਉਭਰਦੇ ਬਜ਼ਾਰਾਂ ਤੇ ਵਿਕਾਸਸ਼ੀਲ ਦੇਸ਼ਾਂ ਦੀ ਸ਼ਮੂਲੀਅਤ ਵਧੇ ਭਾਵ ਅਮਰੀਕੀ ਅਗਵਾਈ 'ਚ ਸਥਾਪਤ ਵਿਕਸਤ ਦੇਸ਼ਾਂ ਦਾ ਦਾਬਾ ਘਟੇ। ਜਿਥੋਂ ਤੱਕ ਕੌਮਾਂਤਰੀ ਮੁਦਰਾ ਕੋਸ਼ ਦਾ ਸੁਆਲ ਹੈ ਉਸ ਵਿਚ 2011 ਤੱਕ ਜ਼ਰੂਰੀ ਤਬਦੀਲੀ ਕਰ ਲੈਣੀ ਚਾਹੀਦੀ ਹੈ। ਨੁਮਾਇੰਦੇ ਅਨੁਸਾਰ, 'ਅਸੀਂ ਸਹਿਮਤ ਹਾਂ ਕਿ ਕੌਮਾਂਤਰੀ ਵਿੱਤੀ ਅਦਾਰਿਆਂ ਦੇ ਪ੍ਰਧਾਨ ਤੇ ਉੱਚ ਲੀਡਰਸ਼ਿਪ ਦੀ ਨਿਯੁਕਤੀ ਖੁੱਲੀ ਪਾਰਦਰਸ਼ੀ ਤੇ ਯੋਗਤਾ ਅਧਾਰਤ ਚੋਣ ਅਮਲ ਰਾਹੀਂ ਹੋਵੇ' ਸਪੱਸ਼ਟ ਹੈ ਕਿ ਹੁਣ ਅਮਰੀਕੀ ਸਾਮਰਾਜੀਆਂ ਦੀ ਮਨਮਾਨੀ ਨਹੀਂ ਚਲਣੀ ਚਾਹੀਦੀ। ਅਨੁਛੇਦ 21 ਅੰਦਰ ਰੇਖਾਕ੍ਰਿਤ ਕੀਤਾ ਗਿਆ ਹੈ ਕਿ ਵਿਸ਼ਵੀਕਰਨ ਦੀਆਂ ਨਵੀਆਂ ਚੁਣੌਤੀਆਂ ਦਾ ਮੁਕਾਬਲਾ ਤਾਂ ਹੀ ਕੀਤਾ ਜਾ ਸਕਦਾ ਹੈ ਜਦ ਨਵੀਂ ਆਮ ਰਾਇ ਬਣਾਈ ਜਾਵੇ ਯਾਨੀ ਵਸ਼ਿੰਗਟਨ ਆਮ ਰਾਇ ਨੂੰ ਕੂੜੇਦਾਨ 'ਚ ਸੁੱਟਿਆ ਜਾਵੇ। ਸਿਖਰ ਸੰਮੇਲਨ ਨੇ ਸਾਲਾਂ ਤੋਂ ਦਲਦਲ 'ਚ ਫਸੇ ਵਿਸ਼ਵ ਵਪਾਰ ਸੰਗਠਨ ਦੇ ਦੋਹਾ ਵਿਕਾਸ ਚੱਕਰ ਨੂੰ ਉਭਾਰ ਕੇ ਦੌੜਾਉਣ ਦਾ ਆਪਣਾ ਸੰਕਲਪ ਦੁਹਰਾਇਆ ਹੈ। ਵੱਡੀ ਧੂਮ ਧਾਮ ਨਾਲ ਪਾਸ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਲਈ ਬਹੁਤ ਉਤਸ਼ਾਹ ਨਹੀਂ ਦਿਸਦਾ ਖਾਸ ਕਰਕੇ ਮੌਜੂਦਾ ਸੰਕਟ ਦੇ ਦੌਰ ਵਿਚ। ਵਿਕਸਤ ਦੇਸ਼ ਇਨ੍ਹਾਂ ਸਿਫਾਰਿਸ਼ਾਂ ਨੂੰ ਠੰਡੇ ਬਸਤੇ 'ਚ ਪਾ ਸਕਦੇ ਹਨ। ਵਿੱਤੀ ਪ੍ਰਣਾਲੀ ਨਾਕਾਰਾ ਹੋਈ ਪਈ ਹੈ। ਕੌਮਾਂਤਰੀ ਵਪਾਰ ਦਾ ਪ੍ਰਵਾਹ ਤੇਜ਼ੀ ਨਾਲ ਪਾਟ ਰਿਹਾ ਹੈ। ਕਿਸੇ ਵਿੱਤੀ ਪ੍ਰਾਪਤੀ ਦੇ ਆਸਾਰ ਨਹੀਂ ਦਿਸ ਰਹੇ। ਬਰਾਮਦ ਵਪਾਰ 'ਤੇ ਅਧਾਰਿਤ ਅਰਥਚਾਰੇ ਬਦਹਾਲ ਹਨ। ਨਿੱਜੀ ਪੂੰਜੀ ਪ੍ਰਵਾਹ 'ਚ ਬੜੀ ਤੇਜ਼ੀ ਨਾਲ ਕਮੀ ਆ ਰਹੀ ਹੈ ਜਿਸ ਨਾਲ ਪੂਰਬੀ ਯੂਰਪ ਦੇ ਦੇਸ਼ ਬਹੁਤ ਚਿੰਤਤ ਹਨ। ਡਰ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਸਾਲ 2009 'ਚ ਵਿਸ਼ਵ ਅਰਥਚਾਰੇ ਦਾ ਆਕਾਰ 2.7 ਫੀਸਦੀ ਸੁੰਗੜ ਜਾਵੇਗਾ। ਇਹ ਸਭ ਗੱਲਾਂ ਪ੍ਰਸਿੱਧ ਬ੍ਰਿਟਿਸ਼ ਸਪਤਾਹਿਕ 'ਦੀ ਇਕੋਨੋਮਿਸਟ' ਨੇ ਸਿਖਰ ਸੰਮੇਲਨ ਪਿੱਛੋਂ ਆਪਣੀ ਸੰਪਾਦਕੀ ਲਿਖੀ ਹੈ। ਅਮਰੀਕਾ ਨੇ ਜੋ ਕਦਮ ਉਠਾਏ ਹਨ ਉਹ ਨਾਕਾਫੀ ਹਨ। ਅਤੇ ਜੋ ਹਾਸਲ ਹਨ ਉਸ ਦਾ ਅਸਰ ਸਾਮਰਾਜੀ ਅਮਰੀਕਾ ਦੇ ਅਰਥਚਾਰੇ ਤੱਕ ਹੀ ਸੀਮਤ ਰਹੇਗਾ। ਇਸ ਗੱਲ ਦਾ ਖਤਰਾ ਵੀ ਬਣਿਆ ਹੋਇਆ ਹੈ ਕਿ ਸਿਖਰ ਸੰਮੇਲਨ ਦੇ ਮੈਂਬਰ ਗੈਰ ਸਰਗਰਮ ਹੋ ਜਾਣ। 'ਨਿਊਯਾਰਕ ਟਾਈਮਜ਼' ਦੇ ਵਿਸ਼ਵੀਕਰਨ ਐਡੀਸ਼ਨ ਇੰਟਰਨੈਸ਼ਨਲ ਹੈਮਲਡ ਟ੍ਰਿਬਿਊਨ (ਅਪ੍ਰੈਲ ਸੱਤ) 'ਚ ਪਾਲ ਟੇਲਰ ਨੇ ਲਿਖਿਆ ਹੈ ਕਿ ਸਿਖਰ ਸੰਮੇਲਨ ਦੇ ਫੈਸਲਿਆਂ 'ਤੇ ਅਮਲ ਕਰਨ ਨੂੰ ਲੈ ਕੇ ਚਿੰਤਾ ਲਾਜ਼ਮੀ ਹੈ ਕਿਉਂਕਿ ਪਿਛਲੇ ਨਵੰਬਰ 'ਚ ਵਾਸ਼ਿੰਗਟਨ ਸੰਮੇਲਨ 'ਚ ਜੋ ਫੈਸਲੇ ਲਏ ਗਏ ਸਨ ਉਨ੍ਹਾਂ ਦੇ ਉਲਟ 20 ਵਿਚੋਂ 17 ਮੈਂਬਰਾਂ ਨੇ ਉਲਟ ਕਦਮ ਉਠਾਉਂਦਿਆਂ ਹੋਇਆ ਰਾਖਵੇਂਕਰਨ ਵੱਲ ਜਾਣਾ ਸ਼ੁਰੂ ਕੀਤਾ।

ਸਮੂਹ-20 ਦੇ ਅਮੀਰ ਦੇਸ਼ਾਂ ਦੀ ਸੋਚ ਇਉਂ ਤਾਂ ਬਦਲਣੀ ਵੀ ਨਹੀਂ ਤੇ ਸਾਮਰਾਜੀਆਂ ਦੇ ਦਲਾਲ ਨੌਕਰਸ਼ਾਹ ਸਰਮਾਏਦਾਰ ਸਾਡੇ ਦੇਸ਼ ਦੇ ਹਾਕਮ ਉਨ੍ਹਾਂ ਦੇ ਪਿੱਛਲੱਗ ਬਣੇ ਹੋਏ ਹਨ। ਭਾਰਤ ਅੰਦਰ ਆਰਥਕ ਪਾੜੇ ਨੂੰ ਖਤਮ ਕਰਨ ਲਈ ਤੇ ਬਰਾਬਰੀ ਤੇ ਅਧਾਰ ਨਵਾਂ ਅਰਥਚਾਰਾ ਸਿਰਜਣ ਲਈ ਵੱਡੀ ਬੁਨਿਆਦੀ ਤਬਦੀਲੀ ਦੀ ਲੋੜ ਹੈ।

# ਮਜ਼ਦੂਰ ਜਮਾਤ ਤੇ ਸੂਚਨਾ ਪ੍ਰਚਾਰ ਤੰਤਰ (ਮੀਡੀਆ)

ਅਖਬਾਰ ਪੜਦੇ ਜਾਂ ਟੈਲੀਵਿਜਨ ਵੇਖਦੇ ਸਮੇਂ ਕਿਸੇ ਵੀ ਚੇਤੰਨ ਮਜ਼ਦੂਰ ਦੇ ਜਹਿਨ 'ਚ ਇਹ ਗੱਲ ਆ ਸਕਦੀ ਹੈ ਕਿ ਇਸ ਮਾਧਿਅਮ 'ਚ ਮਜ਼ਦੂਰ ਜਮਾਤ ਬਾਰੇ ਖਬਰਾਂ ਦੀ ਇਨੀ ਘਾਟ ਕਿਉਂ ਰਹਿੰਦੀ ਹੈ? ਕਿਉਂ ਅਜਿਹਾ ਹੁੰਦਾ ਹੈ ਕਿ ਅਖਬਾਰ ਤੇ ਟੀ. ਵੀ. ਚੈਨਲਾਂ ਵਿਚ ਫਿਲਮੀ ਕਲਾਕਾਰਾਂ ਦੇ ਜੀਵਨ ਦੀਆਂ ਛੋਟੀਆਂ-ਛੋਟੀਆਂ ਗੱਲਾਂ ਨੂੰ ਵੀ ਏਨਾ ਮਹੱਤਵ ਦਿੰਦਾ ਜਾਂਦਾ ਹੈ ਜਦਕਿ ਮਜ਼ਦੂਰ ਜਮਾਤ ਬਾਰੇ ਵੱਡੀਆਂ ਵੱਡੀਆਂ ਖਬਰਾਂ ਨੂੰ ਵੀ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਹੈ। ਅਖਬਾਰ ਤੇ ਟੀ. ਵੀ. ਚੈਨਲਾਂ ਦੀਆਂ ਖ਼ਬਰਾਂ ਤੇ ਪ੍ਰੋਗ੍ਰਾਮਾਂ ਵਿਚ ਕਿਉਂ ਪੂੰਜੀਪਤੀ, ਰਾਜਸੀ ਆਗੂ ਫਿਲਮੀ ਸਤਾਰੇ ਤੇ ਪਾਖੰਡੀ ਸੰਤ-ਮਹਾਤਮਾ ਹੀ ਛਾਏ ਰਹਿੰਦੇ ਹਨ। ਕਿਉਂ ਇਨ੍ਹਾਂ 'ਚ ਮਜ਼ਦੂਰ ਜਮਾਤ ਦੀ ਜ਼ਿੰਦਗੀ, ਕਠਿਨ ਤੇ ਨਰਕੀ ਕੰਮ ਦੀਆਂ ਹਾਲਤਾਂ ਅਤੇ ਉਸ ਦੇ ਖਿਲਾਫ ਉਸ ਦੇ ਸੰਘਰਸ਼ਾਂ ਨੂੰ ਥਾਂ ਨਹੀਂ ਦਿੱਤੀ ਜਾਂਦੀ। ਕਿਉਂ ਨਹੀਂ ਮੀਡੀਆ ਇਸ ਗੱਲ ਦੇ ਸਿਟੰਗ ਅਪਰੇਸ਼ਨ ਕਰਦਾ ਕਿ ਕਿਵੇਂ ਮਜ਼ਦੂਰੀ ਤੇ ਸਰਕਾਰ ਆਏ ਦਿਨ ਆਪਣੇ ਹੀ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੇ ਹਨ? ਕਿਵੇਂ ਫੈਕਟਰੀਆਂ 'ਚ ਕਿਰਤ-ਕਾਨੂੰਨਾਂ ਦੀ ਪਾਲਨਾ ਨਹੀਂ ਹੋ ਰਹੀ ਹੈ? ਕਿਵੇਂ ਛੋਟੇ ਵੱਡੇ ਪੂੰਜੀਪਤੀ ਪੂਰੇ ਵਾਤਾਵਰਣ ਲਈ ਸੰਕਟ ਪੈਦਾ ਕਰ ਰਹੇ ਹਨ? ਕਿਵੇਂ ਟੈਕਸ ਬਚਾਉਣ ਲਈ ਇਕ ਤੋਂ ਵਧ ਕੇ ਇਕ ਭ੍ਰਿਸ਼ਟ ਆਚਰਨ ਅਪਣਾ ਰਹੇ ਹਨ? ਕਿਵੇਂ ਪੂੰਜੀਪਤੀ ਠੇਕੇਦਾਰ ਮਜ਼ਦੂਰਾਂ ਦੀਆਂ ਤਨਖਾਹਾਂ ਤੇ ਪੀ. ਐਫ਼ ਦੇ ਕਰੋੜਾਂ ਰੁਪਏ ਡਕਾਰ ਰਹੇ ਹਨ? ਕੀ ਕਰੋੜਾਂ ਮਜ਼ਦੂਰਾਂ ਸ਼ਹਿਰੀ ਅਧਿਕਾਰ ਤੋਂ ਬਿਨਾਂ ਜਿਉਂ ਰਹੇ ਹਨ? ਕੌਮੀ ਅਖਬਾਰਾਂ ਤੇ ਚੈਨਲਾਂ ਦੀ ਬਨਿਸਪਤ ਸਥਾਨਕ ਅਖਬਾਰ (ਜਾਂ ਕੌਮੀ ਅਖਬਾਰਾਂ ਦੇ ਸਥਾਨਕ ਐਡੀਸ਼ਨ) ਤੇ ਸਥਾਨਕ ਚੈਨਲਾਂ ਵਿਚ ਮਜ਼ਦੂਰ ਸੰਘਰਸ਼ਾਂ ਜਾਂ ਕਿਸੇ ਫੈਕਟਰੀ 'ਚ ਛੋਟੀਆਂ-ਵੱਡੀਆਂ ਦੁਰਘਟਨਾਵਾਂ ਦੀਆਂ ਖਬਰਾਂ ਕਦੇ ਕਦਾਈ ਆ ਵੀ ਜਾਂਦੀਆਂ ਹਨ। ਪਰ ਇਹਨਾਂ ਖਬਰਾਂ 'ਚ ਮਜ਼ਦੂਰਾਂ ਦਾ ਪੱਖ ਰੱਖਣ ਦੇ ਨਾਂ ਤੇ ਉਹਨਾਂ ਨੂੰ ਪਹਿਲਾਂ ਹੀ ਦੋਸ਼ੀ ਮੰਨ ਲਿਆ ਜਾਂਦਾ ਹੈ। ਮਜ਼ਦੂਰ ਜੇ ਆਪਣੇ ਕਿਸੇ ਸਾਥੀ ਦੇ ਨਾਲ ਹੋਈ ਦੁਰਘਟਨਾ ਤੇ ਇਕੱਠੇ ਹੋ ਕੇ ਉਚਿਤ ਇਲਾਜ ਤੇ ਮੁਆਵਜੇ ਲਈ ਮੰਗ ਕਰਦੇ ਹਨ ਤਾਂ ਸਥਾਨਕ ਅਖਬਾਰ 'ਫੈਕਟਰੀ ਗੇਟ 'ਤੇ ਮਜ਼ਦੂਰਾਂ ਨੇ ਹੰਗਾਮਾ ਕੀਤਾ' ਸਿਰਲੇਖ ਨਾਲ ਖਬਰ ਛਾਪਦਾ ਹੈ। ਮਜ਼ਦੂਰਾਂ ਦੇ ਇਸ ਦੋਸ਼ ਨੂੰ ਕਿ 'ਫੈਕਟਰੀ 'ਚ ਸੁਰਖਿਆ ਉਪਕਰਨ ਨਹੀਂ ਦਿੱਤੇ ਜਾਂਦੇ ਹਨ' ਨੂੰ ਛਾਣਬੀਨ ਦੇ ਯੋਗ ਹੀ ਨਹੀਂ ਸਮਝਿਆ ਜਾਂਦਾ ਹੈ। ਪ੍ਰਬੰਧਕਾਂ ਦੇ ਦਾਅਵੇ ਕਿ 'ਸੁਰਖਿਆ ਉਪਕਰਨ ਦਿੱਤੇ ਜਾਂਦੇ ਹਨ, ਮਜ਼ਦੂਰ ਨੂੰ ਲਾਹਪ੍ਰਵਾਹ ਤੇ ਦੋਸ਼ੀ ਠਹਿਰਾ ਦਿੱਤਾ ਜਾਂਦਾ ਹੈ। ਇਸ ਪਿਛੋਂ ਇਲਾਜ ਤੇ ਮੁਆਵਜ਼ੇ ਨੂੰ ਸਹੀ ਮੰਨ ਕੇ ਮਜ਼ਦੂਰਾਂ ਦਾ ਅਧਿਕਾਰ ਨਹੀਂ ਬਲਕਿ ਸਰਮਾਏਦਾਰ ਵਲੋਂ ਤਰਸ ਖਾ ਕੇ ਦਿੱਤੀ ਗਈ ਭੀਖ ਬਣ ਜਾਂਦਾ ਹੈ। ਫੈਕਟਰੀ 'ਚ ਜਦ ਕਿਸੇ ਮਜ਼ਦੂਰ ਦੀ ਕੰਮ ਕਰਦਿਆਂ ਮੌਤ ਹੋ ਜਾਂਦੀ ਹੈ ਤਾਂ ਫੈਕਟਰੀ ਦਾ ਮਾਲਕ ਤੇ ਪ੍ਰਬੰਧਕ ਮਜ਼ਦੂਰ ਦੀ ਲਾਸ਼ ਹੀ ਗਾਇਬ ਕਰਵਾ ਦਿੰਦੇ ਹਨ। ਸਥਾਨਕ ਅਖਬਾਰਾਂ ਤੇ ਟੀ. ਵੀ. ਚੈਨਲਾਂ ਦਾ ਕਾਇਮ ਬਹੁਤ ਹੀ ਸੀਮਤ ਹੁੰਦਾ ਹੈ। ਕਈ ਤਾਂ ਇਕ ਸ਼ਹਿਰ 'ਚ ਹੀ ਆਪਣੀਆਂ ਖਬਰਾਂ ਪ੍ਰਕਾਸ਼ਿਤ ਕਰਦੇ ਹਨ। ਉਹ ਕੌਮੀ ਅਤੇ ਕੌਮਾਂਤਰੀ ਘਟਨਾਵਾਂ (ਖਾਸ ਕਰਕੇ ਮਜ਼ਦੂਰ ਜਮਾਤ ਨਾਲ

ਜੁੜੀਆਂ) ਨੂੰ ਕੋਈ ਮਹੱਤਵ ਨਹੀਂ ਦਿੰਦੇ। ਹਾਲਾਤ ਤਾਂ ਇਹ ਹੈ ਕਿ ਅਜਿਹੇ ਹਿੰਦੀ ਅਖਬਾਰ ਜੋ ਆਪਣੇ ਪਾਠਕਾਂ ਦਾ ਦਾਇਰਾ ਕਰੋੜਾਂ ਵਿਚ ਦੱਸਦੇ ਹਨ ਕੌਮੀ-ਕੌਮਾਂਤਰੀ ਖਬਰਾਂ ਨੂੰ ਲੋੜੀਂਦੀ ਥਾਂ ਵੀ ਨਹੀਂ ਦਿੰਦੇ। ਇਕ ਹਿੰਦੀ ਅਖਬਾਰ ਤਾਂ ਹਿੰਦੀ ਫਿਲਮੀ ਸਤਾਰਿਆਂ ਦੇ ਗੱਪਸ਼ਪ ਦੇ ਨਾਲ ਛਾਪਦਾ ਹੈ। ਕਰੀਨਾ ਕਪੂਰ ਤੇ ਸੈਫ ਅਲੀ ਖਾਨ ਦੇ ਕਿਸੇ ਦੇ ਹੇਠਾਂ ਇਕ ਛੋਟੀ ਖਬਰ ਛਪੀ ਹੋ ਸਕਦੀ ਹੈ ਕਿ ਪਾਕਿਸਤਾਨ 'ਚ ਅਮਰੀਕੀ ਮਿਜ਼ਾਇਲ ਹਮਲੇ 'ਚ 20 ਸ਼ਹਿਰੀ ਮਾਰੇ ਗਏ। ਥੋੜੀ ਇਸ ਤੋਂ ਵੱਖਰੀ ਹਾਲਤ ਹਰਮਨ ਪਿਆਰੇ ਅੰਗਰੇਜ਼ੀ ਅਖਬਾਰ ਦੀ ਵੀ ਹੈ। ਜਿਸ ਦੇ ਕੌਮਾਂਤਰੀ ਖਬਰਾਂ ਦੀਆਂ ਗੱਲਾਂ ਪੰਨੇ 'ਚ ਅਰਧ ਨੰਗੀਆਂ ਹਾਲੀਵੁੱਡ ਫਿਲਮੀ ਸਤਾਰਿਆਂ ਦੇ ਸਸਤੇ ਕਿਸੇ ਵੱਧ ਹੁੰਦੇ ਹਨ। ਰਾਜਸੀ ਖਬਰਾਂ ਬਹੁਤ ਘਟਾ ਇਹੀ ਹਾਲ ਟੀ. ਵੀ. ਚੈਨਲਾਂ ਦਾ ਹੈ। ਮਨ ਘੜਤ ਕਿੱਸਿਆਂ ਨਾਲ ਭਰੇ ਚੈਨਲ ਸੂਚਨਾਵਾਂ ਦੇਣ ਦੀ ਥਾਂ 'ਤੇ ਅੰਧਵਿਸ਼ਵਾਸ਼ ਫੈਲਾਉਣ 'ਚ ਲੱਗੇ ਹਨ। ਹਾਲ ਦੇ ਸਾਲਾਂ 'ਚ ਟੀ. ਵੀ. ਚੈਨਲਾਂ ਵਿਚ ਗੁੜਗਾਵਾਂ 'ਚ ਨੋਇਡਾ ਮਜ਼ਦੂਰਾਂ ਦੇ ਨਾਲ ਹੋਏ ਪੁਲਸ ਅਤਿਆਚਾਰ ਨੂੰ ਹੀ ਕੁਝ ਸਮਾਂ ਪ੍ਰਸਾਰਿਤ ਕੀਤਾ ਸੀ। ਇਸ ਨੇ ਦੇਸ਼ 'ਚ ਸਨਸਨੀ ਫੈਲਾਈ ਸੀ ਅਤੇ ਲੋਕਾਂ ਨੂੰ ਖਿੱਚਿਆ ਵੀ ਸੀ। ਪਰ ਇਸ ਬਹੁ ਪ੍ਰਚਾਰਿਤ ਅਨੋਖੀ ਘਟਨਾ ਵਿਚ ਮਜ਼ਦੂਰਾਂ ਨੂੰ ਨਾ ਤਾਂ ਨਿਆ ਮਿਲਿਆ ਅਤੇ ਨਾ ਹੀ ਜਾਲਮ ਪੁਲਸੀਆ ਨੂੰ ਸਜ਼ਾ ਹੀ ਦਿੱਤੀ ਗਈ।

ਕੁਝ ਸਮੇਂ ਪਿਛੋਂ ਹਰਿਆਣਾ ਸਰਕਾਰ ਵਲੋਂ ਗਠਿਤ ਜਾਂਚ ਕਮਿਸ਼ਨ ਨੇ ਪੁਲਸ ਅਫਸਰਾਂ ਨੂੰ ਕਲੀਨ ਚਿਟ ਦੇ ਦਿੱਤੀ ਤੇ ਸਾਰੀ ਘਟਨਾ ਲਈ ਮਜ਼ਦੂਰਾਂ ਨੂੰ ਦੋਸ਼ੀ ਠਹਿਰਾ ਦਿੱਤਾ ਗਿਆ। ਇਸ ਘਟਨਾ ਨੂੰ ਛੱਡ ਦਿੱਤਾ ਜਾਏ ਤਾਂ ਤੁਸੀਂ ਅਕਸਰ ਹੀ ਵੇਖੋਗੇ ਕਿ ਦੇਸ਼ ਵਿਆਪੀ ਨੈਟਵਰਕ ਵਾਲੇ ਇਹ ਚੈਨਲ ਮਜ਼ਦੂਰਾਂ ਦੇ ਸੰਘਰਸ਼ਾਂ ਆਦਿ ਨੂੰ ਆਪਣੇ ਪ੍ਰਸਾਰਨ 'ਚ ਕੋਈ ਥਾਂ ਨਹੀਂ ਦਿੰਦੇ ਹਨ। ਇਹਨਾਂ ਤੋਂ ਨਾ ਤਾਂ ਦੇਸ਼ ਦੇ ਅੰਦਰ ਤੇ ਨਾ ਹੀ ਵਿਦੇਸ਼ਾਂ 'ਚ ਚਲਣ ਵਾਲੇ ਮਜ਼ਦੂਰ ਕਿਸਾਨ ਅੰਦੋਲਨਾਂ ਬਾਰੇ ਕੁਝ ਜਾਨਿਆ ਜਾ ਸਕਦਾ ਹੈ। ਸ਼ੁਭਾਵਿਕ ਤੌਰ 'ਤੇ ਇਥੇ ਸੁਆਲ ਪੈਦਾ ਹੁੰਦਾ ਹੈ ਕਿ ਕੀ ਲੋਕਰਾਜ 'ਸੂਚਨਾ ਕ੍ਰਾਂਤੀ' 'ਨਿਰਪੱਖਤਾ' 'ਸੂਚਨਾ ਦੇ ਅਧਿਕਾਰ' 'ਵਿਸ਼ਵੀ ਪਿੰਡ' ਵਰਗੀਆਂ ਗੱਲਾਂ ਦਾ ਜੁਮਲਿਆ ਤੋਂ ਬਿਨਾਂ ਕੋਈ ਹੋਰ ਮਹੱਤਵ ਵੀ ਹੈ। ਕਿਉਂ ਮਜ਼ਦੂਰ ਜਮਾਤ ਤਕ ਉਹਨਾਂ ਦੇ ਸੰਘਰਸ਼ਾਂ ਦੀ ਕੋਈ ਸੂਚਨਾ ਨਹੀਂ ਪਹੁੰਚਣ ਦਿੱਤੀ ਜਾਂਦੀ, ਜਦ ਮਜ਼ਦੂਰ -ਕਿਸਾਨ ਦੂਜੇ ਮਜ਼ਦੂਰਾਂ-ਕਿਸਾਨਾਂ ਦੀਆਂ ਕੰਮ ਤੇ ਜੀਵਨ ਹਾਲਤਾਂ ਨੂੰ ਜਾਣ ਜਾਣਗੇ ਤਾਂ ਫੇਰ ਐਸਾ ਕੀ ਹੋ ਜਾਊ? ਇਸ ਤਰ੍ਹਾਂ ਗਲੀਆਂ ਸੜੀਆਂ ਪੈਰਾਣਿਕ ਕਹਾਣੀਆਂ ਨੂੰ ਛਾਪਣ-ਦਿਖਾਉਣ ਵਾਲੇ ਇਹ ਮਜ਼ਦੂਰ ਵਰਗ ਦੇ ਅਤੀਤ ਦੇ ਸੰਘਰਸ਼ ਤੇ ਜਿੱਤ ਦੀਆਂ ਘਟਨਾਵਾਂ ਨੂੰ ਪ੍ਰਸਾਰਿਤ ਕਰਨਗੇ ਤਾਂ ਕੀ ਹੋ ਜਾਊ? ਅਸਲ 'ਚ ਮੀਡੀਆ ਬਾਰੇ ਵੀ ਇਹੀ ਗੱਲ ਲਾਗੂ ਹੁੰਦੀ ਹੈ ਜੋ ਇਸ ਸਮਾਜ ਦੀਆਂ ਹੋਰ ਗੱਲਾਂ ਬਾਰੇ ਲਾਗੂ ਹੁੰਦੀ ਹੈ ਜੋ ਇਸ ਸਮਾਜ ਦੀਆਂ ਹੋਰ ਗੱਲਾਂ ਬਾਰੇ ਲਾਗੂ ਹੁੰਦੀ ਹੈ, ਇਹ ਇਕ ਜਮਾਤੀ ਸਮਾਜ ਵਿਚ ਕੋਈ ਵੀ ਗੱਲ ਜਮਾਤ ਤੋਂ ਪਰ੍ਹਾਂ ਨਹੀਂ ਹੈ। ਪੂੰਜੀਵਾਦੀ ਸਮਾਜ 'ਚ ਜਿਵੇਂ ਪੈਦਾਵਾਰ ਦੇ ਸਾਧਨਾਂ, ਕਾਰਖਾਨਿਆਂ ਤੋਂ ਲੈ ਕੇ ਜ਼ਮੀਨ ਤੱਕ 'ਤੇ ਦਲਾਲ ਸਰਮਾਏਦਾਰਾਂ-ਜਾਗੀਗੀਰਦਾਰੀ ਦਾ ਕਬਜ਼ਾ ਹੈ। ਉਸੇ ਤਰ੍ਹਾਂ ਮੀਡੀਆ ਦੇ ਸਭ ਰੂਪਾਂ 'ਤੇ ਵੀ ਸਰਮਾਏਦਾਰੀ-ਜਾਗੀਰਦਾਰੀ ਦਾ ਕਬਜ਼ਾ ਹੈ। ਇਸ ਵਿਚ ਵੀ ਦੁਨੀਆਂ ਭਰ ਦੇ ਪੈਮਾਨੇ 'ਤੇ ਰੁਪਰਟ ਮਡਰੋਕ (ਸਟਾਰ ਗਰੁੱਪ ਦਾ ਮਾਲਕ) ਵਰਗੇ ਮੁਠੀ ਭਰ

ਸਰਮਾਏਦਾਰਾਂ ਦਾ ਕਬਜਾ ਹੈ। ਭਾਰਤ ਵਿਚ ਵੀ ਪ੍ਰਿੰਟ ਮੀਡੀਆ (ਅਖਬਾਰਾਂ, ਰਸਾਲੇ) ਤੋਂ ਲੈ ਕੇ ਇਲੈਕਟ੍ਰਾਨਿਕ ਮੀਡੀਆ (ਟੀ. ਵੀ., ਰੇਡਿਓ) 'ਤੇ ਕੁੱਝ ਬੰਦਿਆਂ ਦੀ ਮਾਲਕੀ ਹੈ। ਕੇਂਦਰ ਸਰਕਾਰ ਦਾ ਜਿਹੜੇ ਮਾਧਿਅਮ 'ਤੇ ਕਬਜ਼ਾ ਹੈ, ਉਹ ਵੀ ਪੂੰਜੀਪਤੀਆਂ ਦੇ ਹਿੱਤਾਂ ਤੇ ਵਿਚਾਰਾਂ ਨਾਲ ਸੰਚਾਲਿਤ ਹੁੰਦੇ ਹਨ। ਇਹ ਗੱਲਾਂ ਉਹਨਾਂ ਸਭ ਸੁਆਲਾਂ ਦਾ ਜੁਆਬ ਦੇਣ ਲਗਦੀਆਂ ਹਨ। ਜੋ ਉਪਰ ਉਠਾਏ ਗਏ ਸਨ। ਸਾਰੇ ਵੱਡੇ ਮੀਡੀਆ ਘਰਾਣਿਆਂ ਦੇ ਮਾਲਕ ਵੱਡੇ-ਵੱਡੇ ਪੂੰਜੀਪਤੀ ਹਨ। ਭਾਰਤ 'ਚ ਟਾਟਾ, ਬਿਡਲਾ, ਗੋਇਨਕਾ ਵਰਗੇ ਸਰਮਾਏਦਾਰਾਂ ਵੱਲੋਂ ਸੰਚਾਲਿਤ ਮੀਡੀਆ ਦੀ ਧਿਰ ਭਾਰਤ ਦੇ ਮਜ਼ਦੂਰਾਂ ਛੋਟੇ ਕਿਸਾਨਾਂ ਜਾਂ ਹੋਰ ਮੇਹਨਤਕਸ਼ਾਂ ਨਾਲ ਨਾ ਹੋ ਕੇ ਸਿੱਧੀ ਪੂੰਜੀਪਤੀ ਜਮਾਤ ਨਾਲ ਹੈ। ਬੇ ਜ਼ਮੀਨੇ ਤੇ ਜਾਇਦਾਦਹੀਣ ਮਜ਼ਦੂਰ ਜਮਾਤ ਪ੍ਰਤੀ ਇਸ ਮੰਡੀਆਂ ਦਾ ਵਿਹਾਰ ਕਈ ਦਫ਼ਾ ਖੁੱਲ੍ਹੇਆਮ ਤੇ ਕਈ ਵਾਰੀ ਲੁਕ ਛਿਪ ਕੇ ਦੁਸ਼ਮਣਾ ਵਰਗਾ ਹੁੰਦਾ ਹੈ। ਤਾਨਾਸ਼ਾਹੀ ਨਾਲ ਭਰਿਆ ਹੁੰਦਾ ਹੈ। ਤਾਨਾਸ਼ਾਹੀ ਨਾਲ ਭਰਿਆ ਕਹਿਣ ਤੋਂ ਭਾਵ ਹੈ ਕਿ ਪੂਰੇ ਦੇਸ਼ 'ਚ ਇਕ ਅਣ ਐਲਾਨੀ ਸੈਂਸਰਸ਼ਿਪ ਹੈ। ਜਿਸ ਤਹਿਤ ਮੀਡੀਆ ਮਜ਼ਦੂਰ ਜਮਾਤ ਨਾਲ ਸਬੰਧਤ ਖਬਰਾਂ 'ਤੇ ਪਾਬੰਦੀ ਲਾ ਦਿੰਦਾ ਹੈ। ਜਦ ਮਜ਼ਦੂਰ ਜਮਾਤ ਦੇ ਅੰਦੋਲਨ ਤੇ ਸੰਘਰਸ਼ ਉਸ ਪੱਧਰ ਤੱਕ ਪਹੁੰਚ ਜਾਂਦੇ ਹਨ ਜਿਥੇ ਉਹਨਾਂ ਨੂੰ ਲੁਕਾਉਣਾ ਸੰਭਵ ਨਹੀਂ ਰਹਿ ਜਾਂਦਾ ਹੈ ਤਦ ਮੀਡੀਆ ਭੱਦੇ ਪ੍ਰਚਾਰ 'ਤੇ ਉਤਰ ਆਉਂਦਾ ਹੈ ਝੂਠ ਤੇ ਸੱਚ ਦਾ ਐਸਾ ਘਾਲਾ ਮਾਲਾ ਪੇਸ਼ ਕਰਦਾ ਹੈ ਕਿ ਪੜਨ-ਦੇਖਣ ਵਾਲਾ ਵੀ ਬੁਰੀ ਤਰ੍ਹਾਂ ਭੰਬਲ ਭੂਸੇ 'ਚ ਪੈ ਜਾਂਦਾ ਹੈ। ਮਜ਼ਦੂਰ ਅੰਦੋਲਨ ਉਸ ਨੇਤਾਵਾਂ ਤੇ ਵਿਚਾਰਾਂ ਨੂੰ ਬੁਰੀ ਤਰ੍ਹਾਂ ਬਦਨਾਮ ਕੀਤਾ ਜਾਂਦਾ ਹੈ। ਸਰਮਾਏਦਾਰ ਮੀਡੀਆ ਮਜ਼ਦੂਰ ਸੰਘਰਸ਼ ਦੇ ਨਾ ਸਿਰਫ ਜਿਉਂਦੇ ਨੇਤਾਵਾਂ ਦੇ ਨਾਲ ਬਲਕਿ ਜੋ ਨੇਤਾ ਸਾਲਾਂ ਬੱਧੀ ਪਹਿਲਾਂ ਸ਼ਹੀਦ ਹੋ ਚੁੱਕੇ ਹਨ। ਉਹਨਾਂ ਨਾਲ ਵੀ ਇਹੀ ਵਿਹਾਰ ਕਰਦਾ ਹੈ। ਮਾਰਕਸ਼, ਲੈਨਿਨ, ਸਟਾਲਿਨ, ਮਾਓ ਵਰਗੇ ਨੇਤਾਵਾਂ ਬਾਰੇ ਸਾਰੀਆਂ ਘਟੀਆਂ ਤੇ ਝੂਠੀਆਂ ਗੱਲਾਂ ਪ੍ਰਸਾਰਿਤ ਕੀਤੀਆਂ ਜਾਂਦੀਆਂ ਹਨ। ਇਹੀ ਸਥਿਤੀ ਮਜ਼ਦੂਰ ਜਮਾਤ ਦੇ ਪਹਿਲਾਂ ਕੀਤੇ ਸੰਘਰਸ਼ਾਂ ਤੇ ਇਨਕਲਾਬਾਂ ਬਾਰੇ ਵੀ ਕੀਤੀ ਜਾਂਦੀ ਹੈ। ਸਮਾਜਵਾਦ ਤੇ ਕਮਿਊਨਿਸਟ ਪਾਰਟੀ ਨੂੰ ਅਪਰਾਧੀ ਵਜੋਂ ਪ੍ਰਚਾਰਿਤ ਪ੍ਰਸਾਰਿਤ ਕੀਤਾ ਜਾਂਦਾ ਹੈ। ਇਨਕਲਾਬੀਆਂ ਨੂੰ ਇਉਂ ਪੇਸ਼ ਕੀਤਾ ਜਾਂਦਾ ਹੈ। ਜਿਵੇਂ ਉਹ ਵਿਦੇਸ਼ੀ ਏਜੰਟ, ਅੱਤਵਾਦੀ, ਪਾਗਲ, ਸਿਰਫਿਰੇ ਜਾਂ ਲੁਟੇਰੇ ਹੋਣ। ਮਜ਼ਦੂਰ ਇਨਕਲਾਬੀ ਅੰਦੋਲਨ ਨੂੰ ਅੱਤਵਾਦੀ ਸੰਘਰਸ਼ ਕਿਹਾ ਜਾਣ ਲੱਗਿਆ ਹੈ।

ਪਿਛਲੇ ਸਾਲਾਂ 'ਚ ਨੇਪਾਲ ਦੇ ਇਨਕਲਾਬੀ ਸੰਘਰਸ਼ ਨੂੰ ਅੱਤਵਾਦੀ ਸਮੱਸਿਆ ਵਜੋਂ ਪੇਸ਼ ਕੀਤਾ ਜਾਂਦਾ ਰਿਹਾ। 'ਲੋਕ ਰਾਜ' ਦੇ ਮੁੱਲਾਂ ਦਾ ਦਾਅਵਾ ਕਰਨ ਵਾਲਾ ਭਾਰਤੀ ਮੀਡੀਆ ਰਾਜੇ ਦੇ ਪਤਨ 'ਤੇ ਅਜਿਹੇ ਹੰਝੂ ਵਗ੍ਹਾ ਰਿਹਾ ਸੀ ਜਿਵੇਂ ਇਸ ਦਾ ਤਾਜ ਖੁਸ ਗਿਆ ਹੋਵੇ। ਰਾਜੇ ਪ੍ਰਤੀ ਹਮਦਰਦੀ ਵਿਖਾਉਣ ਦਾ ਕੋਈ ਮੌਕਾ ਹੱਥੋਂ ਖੁੰਝਣ ਨਹੀਂ ਦਿੱਤਾ ਜਾਂਦਾ।

ਪੂੰਜੀਪਤੀ ਜਮਾਤ ਦਾ ਵਿਹਾਰ ਮੀਡੀਆ ਦੇ ਖੇਤਰ 'ਚ ਕੰਮ ਕਰਨ ਵਾਲੇ ਬੁਧੀਜੀਵੀ ਵਰਗ ਦੇ ਮੈਂਬਰਾਂ ਪ੍ਰਤੀ ਵੀ ਕੁ ਅੱਛਾ ਨਹੀਂ ਹੁੰਦਾ ਪਰ ਇਹ ਵਰਗ ਇਸ ਗੱਲ ਨੂੰ ਆਸਾਨੀ ਨਾਲ ਨਹੀਂ ਸਮਝ ਸਕਦਾ। ਅਕਸਰ ਬੇਹੱਦੇ ਕੌੜੇ ਤਜ਼ਰਬੇ ਹੀ ਉਸ ਨੂੰ ਇਹ ਗੱਲ ਸਮਝਣ ਦੇ ਯੋਗ ਬਣਾਉਂਦੇ ਹਨ ਕਿ ਉਹ ਵੀ ਇਕ ਤਰ੍ਹਾਂ ਨਾਲ ਪੂੰਜੀ

ਦੇ ਗੁਲਾਮ ਹਨ। ਉਹਨਾਂ ਦੀ ਵਿਅਕਤੀਗਤ ਪ੍ਰਤਿਭਾ, ਗਿਆਨ, ਕੌਸ਼ਲ ਦਾ ਮਹੱਤਵ ਉਦੋਂ ਤੱਕ ਹੈ ਜਦੋਂ ਤੱਕ ਉਹ ਪੂੰਜੀਪਤੀ ਜਮਾਤੇ ਅਤੇ ਕਿਸੇ ਖਾਸ ਪੂੰਜੀਪਤ ਦੇ ਹਿੱਤਾਂ ਦੀ ਪੂਰਤੀ ਕਰ ਰਹੇ ਹਨ। ਉਸ ਦੇ ਨਿਜੀ ਉਦਮ ਲਈ ਤੇ ਲਾਭਦਾਇਕ ਹਨ। ਬਹੁਤ 'ਮਸ਼ਹੂਰ' ਪੱਤਰਕਾਰਾਂ ਤੇ ਸੰਪਾਦਕਾਂ ਨੂੰ ਉਨ੍ਹਾਂ ਦੀ 'ਹੈਸੀਅਤ ਦਾ ਅਹਿਸਾਸ ਦਿਵਾਉਣ ਲਈ ਇਨ੍ਹਾਂ ਅਖ਼ਬਾਰਾਂ (ਜਾਂ ਮੀਡੀਆ) ਦੇ ਮਾਲਕ ਬੇਹੱਦ ਅਪਮਾਨ ਜਨਕ ਤਰੀਕਿਆਂ ਦੀ ਵੀ ਵਰਤੋਂ ਕਰਦੇ ਹਨ। ਕੁਝ ਸਮਾਂ ਪਹਿਲਾਂ ਇਕ ਅੰਗਰੇਜ਼ੀ ਅਖਬਾਰ (ਏਸ਼ੀਅਨ ਏਜ) ਦੇ ਸੰਪਾਦਕ ਨੂੰ ਦਫਤਰ ਪਹੁੰਚਣ 'ਤੇ ਉਥੇ ਹਾਜ਼ਰ ਚਪੜਾਸੀ ਨੇ ਦੱਸਿਆ ਕਿ ਹੁਣ ਉਹਨਾਂ ਦੀ ਲੋੜ ਅਖਬਾਰ ਨੂੰ ਨਹੀਂ ਰਹਿ ਗਈ ਹੈ। ਮੌਜੂਦਾ ਆਰਥਿਕ ਸੰਕਟ ਸਮੇਂ ਪ੍ਰਿੰਟ ਮੀਡੀਆ ਤੋਂ ਲੈ ਕੇ ਇਲੈਕਟ੍ਰਨਿਕ ਮੀਡੀਆ ਦੇ ਕਈ ਲੋਕਾਂ ਦੇ ਨਾਲ ਅਜਿਹਾ ਹੀ ਵਰਤਾਅ ਕੀਤਾ ਜਾ ਚੁੱਕਿਆ ਹੈ। ਹੇਠਲੇ ਪੱਧਰ 'ਤੇ ਕੰਮ ਕਰਨ ਵਾਲੇ ਪੱਤਰਕਾਰ, ਰਿਪੋਰਟ ਆਦਿ ਕੰਮ ਦੀਆਂ ਹਾਲਤਾਂ ਕਾਫੀ ਸਖਤ ਹੁੰਦੀਆਂ ਹਨ। ਘੱਟ ਤਨਖਾਹ ਕਾਰਨ ਇਹ ਕਈ ਵਾਰੀ ਆਪਣੇ ਆਤਮ-ਸਨਮਾਨ ਨੂੰ ਪਾਸੇ ਰਖ ਕੇ ਭ੍ਰਿਸ਼ਟ ਤਰੀਕੇ ਵੀ ਅਪਣਾਉਣ ਲਗਦੇ ਹਨ। ਚੇਤੰਨ ਮਜ਼ਦੂਰ ਬਹੁਤ ਜਲਦੀ ਸਮਝ ਜਾਂਦਾ ਹੈ ਕਿ 'ਮਾਨਸਿਕ ਕਿਰਤ' ਕਰਨ ਵਾਲੇ ਇਹ ਲੋਕ ਸਰੀਰਕ ਕੰਮ ਕਰਨ ਵਾਲਿਆਂ ਵਾਂਗੂੰ ਹੀ ਪੂੰਜੀ ਦੇ ਗੁਲਾਮ ਹਨ। ਬੁੱਧੀਜੀਵੀ ਜਮਾਤ ਦੇ ਇਹਨਾਂ ਮੈਂਬਰਾਂ ਵਿਚੋਂ ਬਹੁਤਿਆਂ ਦਾ ਰੁਖ ਮਜ਼ਦੂਰ ਜਮਾਤ ਪ੍ਰਤੀ ਉਹੀ ਹੁੰਦਾ ਹੈ ਜੋ ਸਰਮਾਏਦਾਰ ਦਾ ਹੁੰਦਾ ਹੈ। ਬੁੱਧੀਜੀਵੀ ਜਮਾਤ ਅਕਸਰ ਹੀ ਪੂੰਜੀਪਤੀ ਜਮਾਤ ਦੇ ਦ੍ਰਿਸ਼ਟੀਕੋਣ, ਵਿਚਾਰਾਂ ਤੇ ਮੁੱਲਾਂ ਨੂੰ ਅਪਣਾਈ ਰੱਖਦੀ ਹੈ। ਇਹ ਜਮਾਤ ਮਜ਼ਦੂਰ ਜਮਾਤ ਨੂੰ ਮੰਦੀ ਨਜ਼ਰ ਨਾਲ ਵੇਖਦਾ ਹੈ ਅਤੇ ਜਲਦੀ ਤੋਂ ਜਲਦੀ ਪੂੰਜੀਪਤੀ, ਜਮਾਤ 'ਚ ਸ਼ਾਮਲ ਹੋਣਾ ਚਾਹੁੰਦਾ ਹੈ। ਪਰ ਇਹ ਹੋਰ ਕੁਝ ਕਰ ਸਕੇ ਜਾਂ ਨਾ ਸਰਮਾਏਦਾਰਾ ਜਮਾਤ ਦੀ ਜੀਵਨਸ਼ੈਲੀ, ਨਜ਼ਰੀਏ ਨੂੰ ਤਾਂ ਅਪਣਾ ਹੀ ਲੈਂਦਾ ਹੈ। ਸਰਮਾਏਦਾਰ ਜਮਾਤ ਦਾ ਇਸ ਪ੍ਰਤੀ "ਨੌਕਰਾਂ ਵਰਗਾ ਵਿਹਾਰ' ਅਤੇ ਡੂੰਘਾ ਹੁੰਦਾ ਪੂੰਜੀਵਾਦੀ ਸੰਕਟ ਹੀ ਇਸ ਦੇ ਵੱਡੇ ਹਿੱਸੇ ਨੂੰ ਮਜ਼ਦੂਰ ਜਮਾਤ ਤੇ ਉਸ ਦੇ ਸੰਘਰਸ਼ਾਂ ਤੇ ਉਦੇਸ਼ ਪ੍ਰਤੀ ਜਾਗਰੂਕ ਤੇ ਸੰਵੇਦਨ ਸ਼ੀਲ ਬਣਾਉਂਦਾ ਹੈ। ਨਾਲ ਹੀ ਇਸ ਗੱਲ ਨੂੰ ਸਮਝਣ ਵਿਚ ਮਜ਼ਦੂਰ ਵਰਗ ਦੀ ਵਿਚਾਰਧਾਰਾ ਤੇ ਨਜ਼ਰੀਆ ਉਹਨਾਂ ਦੀ ਮਦਦ ਕਰਦਾ ਹੈ ਕਿ ਪੂੰਜੀਵਾਦ ਤੇ ਪੂੰਜੀਵਾਦੀ ਵਰਗ ਦਾ ਕੋਈ ਭਵਿੱਖ ਨਹੀਂ ਹੈ। ਮਜ਼ਦੂਰ ਜਮਾਤ ਤੇ ਸਮਾਜਵਾਦ ਹੀ ਮਨੁੱਖ ਜਾਤੀ ਦਾ ਭਵਿੱਖ ਹੈ। ਵਿਅਕਤੀਗਤ ਤੇ ਜਮਾਤ ਵਜੋਂ ਉਹਨਾਂ ਨੂੰ ਵੀ ਬੇਹਤਰ ਜੀਵਨ ਹਾਸਲ ਹੋ ਸਕਦਾ ਹੈ। ਜੇ ਉਹ ਮਜ਼ਦੂਰ ਜਮਾਤ ਦਾ ਪੱਖ ਲੈਣ ਤੇ ਸਮਾਜਵਾਦ ਲਈ ਕੰਮ ਕਰਨ। ਮਜ਼ਦੂਰ ਜਮਾਤ ਦੇ ਇਨਕਲਾਬੀ ਇਤਿਹਾਸ ਤੋਂ ਡਰ ਕੇ ਮਜ਼ਦੂਰ ਜਮਾਤ ਹਰ ਤਰੀਕੇ ਨਾਲ ਇਹ ਕੋਸ਼ਿਸ਼ ਕਰਦਾ ਹੈ ਕਿ ਜਥੇਬੰਦ ਨਾ ਹੋਣ। ਮਜ਼ਦੂਰ ਜਮਾਤ ਜਦ ਕਿਸੇ ਫੈਕਟਰੀ ਜਾਂ ਹੋਰ ਥਾਵਾਂ 'ਤੇ ਯੂਨੀਅਨ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਫੈਕਟਰੀ ਮਾਲਕ ਤੇ ਪ੍ਰਬੰਧਕ ਹਰ ਤਰੀਕੇ ਨਾਲ ਉਸ ਦਾ ਵਿਰੋਧ ਕਰਦਾ ਹੈ। ਅਸਲ 'ਚ ਮਜ਼ਦੂਰ ਵਰਗ ਦਾ ਅੰਦੋਲਨ ਆਪਣੇ ਕਿਰਦਾਰ 'ਚ ਵਿਆਪਕ ਰੂਪ ਤੇ ਆਧਾਰ ਵਾਲਾ ਹੁੰਦਾ ਹੈ। ਉਹ ਮਜ਼ਦੂਰਾਂ ਦੇ ਹਰਮਨਪਿਆਰੇ ਨਾਹਰੇ 'ਦੁਨੀਆਂ ਭਰ ਦੇ ਮਜ਼ਦੂਰ ਇੱਕ ਹੋ ਜਾਓ' ਦੇ ਰੂਪ ਵਿਚ ਆਪਣੇ ਆਪ ਨੂੰ ਜਾਹਰ ਕਰਦਾ ਹੈ। ਇਸ ਤਰ੍ਹਾਂ ਮਜ਼ਦੂਰਾਂ ਦਾ ਅੰਦੋਲਨ ਤਾਂ ਹੀ ਤੇਜ਼ੀ ਨਾਲ ਅੱਗੇ ਵਧਦਾ ਜੇ ਉਸ ਨੂੰ ਕੌਮੀ

ਤੇ ਕੌਮਾਂਤਰੀ ਸਹਿਯੋਗ ਹੋਵੇ।

ਅਜਿਹੀ ਹਾਲਤ ’ਚ ਮਜ਼ਦੂਰ ਜਮਾਤ ਦੇ ਕਿਸੇ ਇਕ ਥਾਂ ਜਾਂ ਦੇਸ਼ ’ਚ ਚਲਣ ਵਾਲੇ ਅੰਦੋਲਨ ਦੀ ਖਬਰ ਦੂਜੀ ਥਾਂ ਜਾਂ ਦੇਸ਼ ਦੇ ਮਜ਼ਦੂਰਾਂ ਕੋਲ ਪੁਜਦੀ ਹੈ ਤਾਂ ਉਸ ਤੋਂ ਪ੍ਰੇਰਣਾ ਲੈ ਕੇ ਮਜ਼ਦੂਰ ਉਤਸ਼ਾਹਿਤ ਤੇ ਸਰਗਰਮ ਹੋ ਜਾਂਦੇ ਹਨ। ਅਜਿਹੀ ਹਾਲਤ ’ਚ ਵਿਆਪਕ ਹੋਣ ਵਾਲਾ ਅੰਦੋਲਨ ਪੂੰਜੀਪਤੀ ਜਮਾਤ ਤੇ ਉਸ ਦੀ ਸੱਤਾ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਜਾਂਦਾ ਹੈ। ਇਸ ਤਰ੍ਹਾਂ ਦੀ ਗੱਲ ਇਕ ਹੋਰ ਰੂਪ ’ਚ ਉਦੋਂ ਵਾਪਰਦੀ ਹੈ ਜਦ ਇਕ ਥਾਂ ਦੇ ਮਜ਼ਦੂਰਾਂ ਦੇ ਸਾਹਮਣੇ ਦੂਜੇ ਥਾਂ ਦੇ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ ਤੇ ਜੀਵਨ ਆਉਂਦੇ ਹਨ। ਇਹ ਉਹਨਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਂਦੀ ਹੈ। ਇਕ ਫੈਕਟਰੀ ’ਚ ਕੰਮ ਕਰਨ ਵਾਲਾ ਮਜ਼ਦੂਰ ਦੂਜੀ ਫੈਕਟਰੀ ਦੇ ਮਜ਼ਦੂਰਾਂ ਬਾਰੇ ਪੜ੍ਹ ਕੇ ਇਹ ਗੱਲ ਸਮਝ ਲੈਂਦਾ ਹੈ ਕਿ ਉਸਦੇ ਕੰਮ ਤੇ ਜੀਵਨ ਦੀਆਂ ਹਾਲਤਾਂ ਉਹੋ ਜਿਹੀਆਂ ਹੀ ਹਨ ਜਿਹੋ ਜਿਹੀਆਂ ਦੂਜਿਆਂ ਦੀਆਂ ਹਨ। ਉਸ ਦੀ ਫੈਕਟਰੀ ਦਾ ਸਰਮਾਏਦਾਰ ਮਾਲਕ ਜਿਹੋ ਜਿਹੀ ਉਸ ਦੀ ਲੁੱਟ-ਘਸੁੱਟ ਕਰਦਾ ਹੈ ਉਹੋ ਜਿਹਾ ਹੀ ਦੂਜੀ ਫੈਕਟਰੀ ਦਾ ਪੂੰਜੀਪਤੀ ਉਸ ਫੈਕਟਰੀ ਦੇ ਮਜ਼ਦੂਰਾਂ ਦਾ ਕਰਦਾ ਹੈ। ਇਸ ਤਰ੍ਹਾਂ ਮਜ਼ਦੂਰ ਨਾਲ ਜਮਾਤੀ ਸਾਂਝ ਪੈਦਾ ਹੁੰਦੀ ਹੈ ਅਤੇ ਉਹ ਪੂੰਜੀਪਤੀ ਪ੍ਰਬੰਦ ਵਿਰੁੱਧ ਸੰਘਰਸ਼ ਕਰਨ ਨੂੰ ਤਿਆਰ ਹੋ ਜਾਂਦੇ ਹਨ। ਅਜਿਹੇ ਹੀ ਸੰਘਰਸ਼ਾਂ ਦੌਰਾਨ ਉਹਨਾਂ ਸਾਹਮਣੇ ਮੌਜੂਦਾ ਸੱਤਾ, ਕਿਰਤ-ਅਦਾਲਤਾਂ, ਕੋਰਟਾਂ ਕਚਹਿਰੀਆਂ ਮੀਡੀਆ ਆਦਿ ਦਾ ਪੂੰਜੀਵਾਦੀ ਕਿਰਦਾਰ ਨੰਗਾ ਹੋ ਜਾਂਦਾ ਹੈ। ਇਹਨਾਂ ਸਭ ਗੱਲਾਂ ਨੂੰ ਸਮਝਣ ਤੇ ਉਹਨਾਂ ਨੂੰ ਇਕ ਜੁੱਟ ਕਰਨ ’ਚ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਤੇ ਜਥੇਬੰਦੀਆਂ ਉਸ ਦੀ ਭਾਰੀ ਮਦਦ ਕਰਦੇ ਹਨ ਤੇ ਲੀਡਰਸ਼ਿਪ ਮੁਹਈਆਂ ਕਰਦੇ ਹਨ। ਪੂੰਜੀਪਤੀ ਜਮਾਤ ਇਸ ਗੱਲ ਨੂੰ ਬਾਖੂਬੀ ਜਾਣਦੀ ਹੈ ਕਿ ਇਹ ਸਭ ਉਹਨਾਂ ਦੇ ਹਿੱਤਾਂ ਦੇ ਖਿਲਾਫ ਹੈ। ਇਸ ਲਈ ਉਹ “ਲੋਕ ਰਾਜ” ‘ਆਜ਼ਾਦੀ’, ‘ਨਿਰਪੱਖਤਾ’, ‘ਪੇਸ਼ਾਵਰਾਨਾ ਅੰਦਾਜ਼’ ‘ਸੂਚਨਾ ਦਾ ਅਧਿਕਾਰ’ ਆਦਿ ਦੀਆਂ ਚਾਹੇ ਜਿੰਨੀਆਂ ਵੀ ਗੱਲਾਂ ਕਰਦਾ ਹੋਵੇ ਅਸਲ ’ਚ ਉਹ ਆਪਣੇ ਤੰਤਰ ਰਾਹੀਂ ਮਜ਼ਦੂਰ ਜਮਾਤ ਦੇ ਖਿਲਾਫ ਐਲਾਨ ਅਣਐਲਾਨੇ ਤੌਰ ’ਤੇ ਸੈਂਸਰਸ਼ਿਪ ਲਾਉਂਦਾ ਹੈ। ਮਜ਼ਦੂਰ ਜਮਾਤ ਬਾਰੇ ਜਦ ਮੀਡੀਆ ਨੂੰ ਖਬਰ ਦੇਣਾ ਔਖਾ ਹੋ ਜਾਵੇ ਤਾਂ ਇਹ ਮਾੜੇ ਪ੍ਰਚਾਰ ਦਾ ਤਰੀਕਾ ਅਪਣਾਉਂਦਾ ਹੈ।

ਅੱਜਕੱਲ ਤਾਂ ਵੱਧ ਸ਼ਾਤਰ ਢੰਗ ਨਾਲ ਪੂੰਜੀਪਤੀ ਮੀਡੀਆ ਨੇ ਇਹ ਗੱਲ ਪ੍ਰਚਾਰਿਤ ਕਰਨੀ ਸ਼ੁਰੂ ਕਰ ਦਿੱਤੀ ਹੈ ਕਿ ਇਕ ‘ਲੋਕਰਾਜੀ ਸਮਾਜ’ ’ਚ ਮਜ਼ਦੂਰ ਜਮਾਤ ਵਰਗੀ ਧਾਰਨਾ ਹੀ ਪੁਰਾਣੀ ਹੋ ਚੁੱਕੀ ਹੈ। ਉਹ ਜੇ ਮਜ਼ਦੂਰ ਹੈ ਤਾਂ ਖਪਤਕਾਰ ਵੀ ਹੈ, ਉਹ ਸ਼ਹਿਰੀ ਵੀ ਹੈ। ਵੋਟਰ ਵੀ ਹੈ। ਉਹ ਕਦਰ ਦਾਤਾ ਵੀ ਹੈ। ‘ਖਪਤਕਾਰ-ਨਾਗਰਿਕ-ਮਤਦਾਤਾ-ਕਰਦਾਤਾ’ ਆਦਿ ਪਹਿਚਾਣੋ ਤੇ ਨਾਲ ਨਾਲ ਜਾਂ ਉਸ ਉਪਰ ਹਨ। ਇਸ ਲਈ ਇਸ ਗੱਲ ਦਾ ਕੋਈ ਅਰਥ ਨਹੀਂ, ਕਿ ‘ਦੁਨੀਆ’ ਭਰ ਦੇ ਮਜ਼ਦੂਰੋ, ਇਕ ਹੋ ਜਾਓ’ ਵਰਗਾ ਨਾਹਰਾ ਲਾਇਆ ਜਾਵੇ। ਪੂੰਜੀਪਤੀ ਜਮਾਤ ਬਾਖੂਬੀ ਜਾਣਦੀ ਹੈ ਕਿ ਖਪਤਕਾਰ-ਸ਼ਹਿਰੀ-ਵੋਟਰ-ਕਰਦਾਤਾ ਆਦਿ ਦੇ ਆਧਾਰ ’ਤੇ ਬਣੀ ਜਥੇਬੰਦੀ ਤੇ ਅੰਦੋਲਨ ਉਸ ਲਈ ਕੋਈ ਖਤਰਾ ਨਹੀਂ। ਖਤਰਾ ਪਹਿਲਾਂ ਵੀ ਮਜ਼ਦੂਰਾਂ ਦੀ ਜਮਾਤੀ ਏਕਤਾ ਤੇ ਸੰਘਰਸ਼ ਤੋਂ ਸੀ ਤੇ ਅੱਜ ਵੀ ਹੈ। ਇਸ ਲਈ ਇਹਨਾਂ ’ਤੇ ਜਿੰਮੇ ਵੀ ਅੜਿਕੇ ਖੜੇ ਕੀਤੇ ਜਾ ਸਕਣ, ਕੀਤੇ ਜਾਣ।

# ਮਈ ਦਿਵਸ

ਇਕ ਮਈ 2009 ਨੂੰ ਫਿਰ ਮਈ ਦਿਵਸ ਧੂਮਧਾਮ ਨਾਲ ਮਨਾਇਆ ਗਿਆ ਤੇ ਦਫਤਰਾਂ 'ਚ ਸਰਕਾਰੀ ਛੁੱਟੀ ਰਹੀ। ਸਰਕਾਰੀ ਜਲਸਿਆਂ ਵਿਚ ਮਜ਼ਦੂਰਾਂ ਦੇ "ਕਲਿਆਣ" ਲਈ ਸਰਕਾਰੀ ਯੋਜਨਾਵਾਂ ਦਾ ਐਲਾਨ ਕੀਤੇ ਗਏ। ਉਥੇ ਦੂਜੇ ਪਾਸੇ ਟ੍ਰੇਡ ਯੂਨੀਅਨਾਂ ਤੇ ਹੋਰ ਮਜ਼ਦੂਰ ਜਥੇਬੰਦੀਆਂ ਨੇ ਆਪਣਾ ਪ੍ਰੋਗਰਾਮ ਕਰਕੇ ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਲੜਨ ਜਾਂ ਉਸ ਨੂੰ ਤੇਜ਼ ਕਰਨ ਦੇ ਆਪਣੇ ਸੰਕਲਪ ਦਾ ਇਜ਼ਹਾਰ ਕੀਤਾ। ਵੱਡੇ ਵੱਡੇ ਜਲਸਿਆਂ ਤੇ ਸੰਕਲਪ ਸਭਾਵਾਂ ਦੇ ਨਾਲ ਇਸ ਸਾਲ ਦਾ ਮਈ ਦਿਵਸ ਵੀ ਲੰਘ ਗਿਆ ਬਗੈਰ ਕਿਸੇ ਠੋਸ ਨਤੀਜੇ ਜਾਂ ਉਸ ਦੀ ਯੋਜਨਾ ਦੇ ਸਿਰਫ ਰਸਮੀ ਅਦਾਇਗੀ ਕਰਕੇ ਜਾਂ ਦਿਸ਼ਾਹੀਣ ਤੇ ਅਰਥਹੀਣ ਨਾਹਰਿਆਂ ਦੇ ਨਾਲ। ਭਾਰਤ ਸਮੇਤ ਪੂਰੀ ਦੁਨੀਆਂ ਦੇ ਮਜ਼ਦੂਰ ਤੇ ਹੋਰ ਮੇਹਨਤਕਸ਼ਾਂ ਦੇ ਸਾਹਮਣੇ ਅੱਜ ਜੋ ਚੁਣੌਤੀ ਹੈ ਉਹ ਮੰਗ ਕਰਦੀ ਹੈ ਕਿ ਇੱਕ ਗੰਭੀਰ ਚਿੰਤਨ ਦੀ ਜਿਸ ਨਾਲ ਨਵੇਂ ਰਾਹ ਨੂੰ ਤਲਾਸ਼ਿਆ ਜਾ ਸਕੇ। ਮਜ਼ਦੂਰਾਂ ਦੀ ਮੁਕਤੀ ਦਾ। ਵਿਸ਼ਵੀ ਮਹਾਂਮੰਦੀ ਦੀ ਮਾਰ ਨੇ ਮਜ਼ੂਦਰਾਂ, ਮੇਹਨਤਕਸ਼ਾਂ ਤੇ ਕਿਸਾਨਾਂ ਦੀ ਕਮਰ ਤੋੜ ਦਿੱਤੀ ਹੈ। ਕੌਮਾਂਤਰੀ ਕਿਰਤ ਸੰਗਠਨ ਦੇ ਮੁਲਾਂਕਣ ਅਨੁਸਾਰ ਇਸ ਸਾਲ ਮਹਾਂਮੰਦੀ ਦੀ ਵਜਾਹ ਕਾਰਨ 5 ਕਰੋੜ ਮਜ਼ਦੂਰਾਂ ਦੀ ਨੌਕਰੀ ਖੁੱਸ ਜਾਣੀ ਹੈ। ਜਿਸ 8 ਘੰਟੇ ਦੇ ਦਿਨ ਲਈ ਇਕ ਮਈ 1886 ਦਾ ਸ਼ਿਕਾਗੋ ਦੇ ਮਜ਼ਦੂਰਾਂ ਨੇ ਆਪਣਾ ਖੂਨ ਵਹਾਇਆ ਸੀ ਅੱਜ ਇਹ ਅਧਿਕਾਰ ਵੀ ਉਹਨਾਂ ਤੋਂ ਖੋਹਿਆ ਜਾ ਰਿਹਾ ਹੈ। ਭਾਰਤ ਸਮੇਤ ਅਨੇਕਾਂ ਦੇਸ਼ਾਂ ਵਿਚ ਮਜ਼ਦੂਰਾਂ ਤੇ ਹੋਰ ਕਾਮਿਆਂ ਤੋਂ 10-12 ਘੰਟੇ ਦਾ ਕੰਮ ਲਿਆ ਜਾ ਰਿਹਾ ਹੈ। ਛਾਂਟੀ ਦਾ ਡਰ ਵਿਖਾ ਕੇ ਜਾਂ ਓਵਰਟਾਈਮ ਦਾ ਲਾਲਚ ਦੇ ਕੇ ਜਾਂ ਦੋਨੋਂ ਦੀ ਇਕੋ ਵੇਲੇ ਵਰਤੋਂ ਕਰਕੇ। ਨੌਕਰੀ ਖੁਸਣ ਦੇ ਡਰ ਕਰਕੇ ਮਜ਼ਦੂਰ ਇਸ ਨੂੰ ਬਰਦਾਸ਼ਿਤ ਕਰ ਰਹੇ ਹਨ। ਏਨਾ ਹੀ ਨਹੀਂ, ਮਜ਼ਦੂਰਾਂ ਨੂੰ ਮਿਲਣ ਵਾਲੀਆਂ ਹੋਰ ਸਹੂਲਤਾਂ ਜਿਵੇਂ ਬੋਨਸ, ਹਾਊਸ ਰੈਂਟ, ਡਾਕਟਰੀ ਸਹੂਲਤ ਤੇ ਬੱਚਿਆਂ ਦੀ ਸਿੱਖਿਆ ਆਦਿ 'ਚ ਭਾਰੀ ਕਟੌਤੀ ਕੀਤੀ ਗਈ ਹੈ। ਪੂਰੀ ਦੁਨੀਆਂ 'ਚ ਇਸ ਦਾ ਵਿਰੋਧ ਹੋ ਰਿਹਾ ਹੈ ਮਜ਼ਦੂਰ ਅੰਦੋਲਨ ਖਾੜਕ ਤੇ ਤੇਜ਼ ਹੁੰਦੇ ਜਾ ਰਹੇ ਹਨ ਪਰ ਅਜੇ ਅੰਦੋਲਨ ਕੰਮਜ਼ੋਰ ਹੈ। ਇਸ ਦੀ ਵਜਾਹ ਕੀ ਹੈ? ਮੌਜੂਦਾ ਮਹਾਂਮੰਦੀ ਤੇ ਇਸ ਨਾਲ ਪੈਦਾਵਾਰ ਸਮਾਜਿਕ ਤੇ ਆਰਥਕ ਸੰਕਟ ਦੇ ਹੱਲ ਕਰਨ ਦੇ ਜਿਨੇ ਵੀ ਉਪਾਅ ਸੁਝਾਏ ਜਾ ਰਹੇ ਹਨ ਜਾਂ ਲਾਗੂ ਕੀਤੇ ਜਾ ਰਹੇ ਹਨ। ਵਿਸ਼ਵ ਪੱਧਰ 'ਤੇ ਜੀ-20 ਜਾਂ ਜੀ-8 ਵਲੋਂ ਉਹ ਉਸੇ ਪੁਰਾਣੀ ਘਿਸੀ ਪਿਟੀ ਪੂੰਜੀਵਾਦੀ ਚੌਖਟ ਦੇ ਅੰਦਰ ਹੀ ਹਨ ਜਿਥੋਂ ਸੰਕਟ ਪੈਦਾ ਹੋਇਆ ਹੈ। ਕੋਈ ਨਵੀਂ ਸੋਚ ਨਜ਼ਰ ਨਹੀਂ ਆ ਰਹੀ। ਮਜ਼ਦੂਰ ਜਥੇਬੰਦੀਆਂ ਤੇ ਉਹਨਾਂ ਦੀ ਹਮਾਇਤ ਕਰਨ ਵਾਲੇ ਖੱਬੇ ਪੱਖੀ ਪਾਰਟੀਆਂ ਵਲੋਂ ਜੋ ਵਿਕਲਪਿਕ ਪ੍ਰਸਤਾਵ ਆ ਰਹੇ ਹਨ ਉਹ ਵੀ ਪੂੰਜੀਵਾਦੀ ਦਾਇਰੇ ਦੀ ਲਛਮਣ ਰੇਖਾ ਨੂੰ ਲੰਘਦੇ ਨਹੀਂ ਦਿਸਦੇ। ਜ਼ਿਆਦਾਤਰ ਅਜਿਹੇ ਸੰਗਠਨ ਮਜ਼ੂਦਰਾਂ ਦੀ ਨੌਕਰੀ ਤੇ ਸਹੂਲਤਾਂ ਨੂੰ ਬਚਾਉਣ ਸੰਬੰਧੀ ਸੁਝਾਅ ਦੇ ਰਹੇ ਹਨ, ਜਾਂ ਫਿਰ ਬੇਰੁਜ਼ਗਾਰ ਹੋਏ ਕਾਮਿਆਂ ਨੂੰ 'ਉਚਿਤ' ਬੇਰੁਜ਼ਗਾਰੀ ਭੱਤਾ ਦੇਣ ਦੀ ਮੰਗ ਕਰ ਰਹੇ ਹਨ। ਜਾਂ ਬਾਜ਼ਾਰ ਫਿਰ ਤੋਂ ਗਤੀ ਫੜੇ ਇਸ ਦੇ ਲਈ ਸਰਕਾਰੀ

ਸਿਟਮੁਲਸ' ਦੀ ਮੰਗ ਕਰ ਰਹੇ ਹਨ ਜਾਂ ਬੈਂਕਾਂ ਤੇ ਹੋਰ ਵਿਤੀ ਸੰਸਥਾਵਾਂ 'ਤੇ ਸਰਕਾਰ ਦੀ ਸਖਤ ਨਿਗਰਾਨੀ ਦੀ ਮੰਗ ਕਰ ਰਹੇ ਹਨ ਆਦਿ। ਅਜਿਹੀਆਂ ਅਨੇਕਾਂ ਮੰਗਾਂ ਨੂੰ ਅਮਰੀਕਾ ਸਮੇਤ ਹੋਰ ਵਿਕਸਤ ਦੇਸ਼ਾਂ ਨੇ ਮੰਨ ਵੀ ਲਿਆ ਹੈ। ਜੀ-20 ਦੀ ਬੈਠਕ 'ਚ ਤਹਿ ਕੀਤਾ ਗਿਆ ਕਿ ਵਿਸ਼ਵ ਵਪਾਰ ਤੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ 1.1 ਟ੍ਰਿਲਿਅਨ ਡਾਲਰ "ਸਟੀਮੁਲਸ" ਵਿਕਸਤ ਦੇਸ਼ ਵਿਸ਼ਵੀ ਅਰਥਚਾਰੇ 'ਚ ਸਮਾਉਣਗੇ ਤਾਂ ਕਿ ਮਰਨਕੰਢੇ ਵਿਸ਼ਵ ਬਾਜ਼ਾਰ ਵਿਚ ਕੁਝ ਜੀਵਨ ਦਾ ਸੰਚਾਰ ਹੋ ਸਕੇ।

ਆਈ ਐਮ. ਐਫ ਦਾ ਵੀ 100 ਬਿਲੀਅਨ ਵਾਧੂ ਰਾਸ਼ੀ ਪ੍ਰਦਾਨ ਕਰਨ ਦੀ ਗੱਲ ਕੀਤੀ ਗਈ ਤਾਂ ਕਿ ਵਿਕਾਸਸ਼ੀਲ ਦੇਸ਼ ਇਥੋਂ ਅਸਾਨੀ ਨਾਲ ਧਨ ਪ੍ਰਾਪਤ ਕਰਕੇ ਆਪਣੇ ਦੇਸ਼ ਦੇ ਅਰਥਚਾਰੇ 'ਚ ਜਾਨ ਫੂਕਣ ਦੀ ਕੋਸ਼ਿਸ਼ ਕਰ ਸਕਣਗੇ। ਅਮਰੀਕਾ ਤੋਂ ਇਲਾਵਾ ਚੀਨ ਤੋਂ ਉਮੀਦ ਕੀਤੀ ਗਈ ਕਿ ਉਹ ਆਪਣੇ ਵਿਦੇਸ਼ੀ ਮੁਦਰਾ ਭੰਡਾਰ 'ਚੋਂ ਇਸ ਕੌਮਾਂਤਰੀ ਕੋਸ਼ਿਸ਼ 'ਚ ਮਹੱਤਵਪੂਰਨ ਯੋਗਦਾਨ ਕਰੇ। ਚੀਨ ਨੇ ਆਪਣੇ ਮਨਜ਼ੂਰੀ ਵੀ ਇਸ ਦੇ ਲਈ ਦਿੱਤੀ। ਸੰਯੁਕਤ ਰਾਸ਼ਟਰ ਸੰਘ ਵਲੋਂ ਗਠਿਤ ਵਿਸ਼ੇਸ਼ ਸੰਮਤੀ ਨੇ ਇਕ ਕੌਮਾਂਤਰੀ ਫੰਡ ਬਣਾਉਣ ਦਾ ਸੁਝਾਅ ਦਿੱਤਾ ਜਿਸ ਨਾਲ ਸੰਕਟ ਤੋਂ ਪ੍ਰਭਾਵਿਤ ਵਿਕਾਸ਼ਸ਼ੀਲ ਦੇਸ਼ਾਂ ਦੀ ਮਦਦ ਕੀਤੀ ਜਾਵੇਗੀ। ਪ੍ਰਸਿੱਧ ਅਰਥ ਸ਼ਾਸ਼ਤਰੀ ਸਿਟਗਲਿਸ ਦੀ ਪ੍ਰਧਾਨਗੀ 'ਚ ਇਹ ਸੰਮਤ ਕਰ ਕਰਦੀ ਹੈ ਤੇ ਇਸ ਦੀ ਮੁਢਲੀ ਰਪਟ ਅਜੇ ਪਿਛੇ ਜਿਹੇ ਹੀ ਆਈ ਹੈ। ਪਰ ਇਹ ਸਾਰੇ ਸੁਝਾਅ ਫਾਇਰ ਬ੍ਰਿਗੇਡ ਵਲੋਂ ਅੱਗ ਬਣਾਉਣ ਦੇ ਕੰਮ ਵਰਗੇ ਹਨ। ਅਜੇ ਪੂਰਾ ਸਮਾਜ ਆਰਥਕ ਸਮਾਜਕ ਸੰਕਟ ਦੀ ਅੱਗ ਵਿਚ ਸੜ ਰਿਹਾ ਹੈ। ਇਸ ਲਈ ਤੁਰੰਤ ਸਰਕਾਰ ਕੋਲ ਜੋ ਲੋਕਾਂ ਦੀ ਪੂੰਜੀ ਹੈ ਉਸ ਨੂੰ ਵਰਤ ਕੇ ਸੰਕਟ ਨੂੰ ਹੋਰ ਫੈਲਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾਵੇ ਤੇ ਅੱਗ ਨੂੰ ਬੁਝਾਇਆ ਜਾਵੇ। ਪਰ ਅਸਲੀ ਸੁਆਲ ਇਹ ਹੈ ਕਿ ਵਾਰ ਵਾਰ ਆਉਣ ਵਾਲੇ ਇਸ ਸੰਕਟ ਦਾ ਸਥਾਈ ਹੱਲ ਕਿਵੇਂ ਕੱਢਿਆ ਜਾਵੇ। 1929-33 'ਚ ਇਸ ਤਰ੍ਹਾਂ ਦਾ ਭਿਅੰਕਰ ਸੰਕਟ ਅਮਰੀਕਾ ਸਮੇਤ ਪੂਰੀ ਦੁਨੀਆਂ 'ਚ ਆਇਆ ਸੀ। ਉਸ ਸੰਕਟ ਕਾਰਨ ਕਰੋੜਾਂ ਲੋਕਾਂ ਨੂੰ ਗੰਭੀਰ ਕਠਿਨਾਈਆਂ ਤੇ ਬਦਹਾਲੀ ਦਾ ਮੁਕਾਬਲਾ ਕਰਨਾ ਪਿਆ ਸੀ। ਉਸ ਸੰਕਟ ਕਾਰਨ ਵਿਸ਼ਵ ਸਮਾਜਵਾਦੀ ਖੇਮੇ ਦਾ ਅੰਤਰ ਵਿਰੋਧ ਹੋਰ ਤਿੱਖਾ ਹੋ ਗਿਆ ਅਤੇ ਮਨੁੱਖੀ ਸਮਾਜ ਨੂੰ ਦੂਜੀ ਸੰਸਾਰ ਜੰਗ ਤੇ ਫਾਸ਼ੀਵਾਦ ਦੇ ਦੋਹਰੇ ਹਮਲੇ ਦਾ ਸ਼ਿਕਾਰ ਹੋਣਾ ਪਿਆ। ਦੂਜੀ ਸੰਸਾਰ ਜੰਗ ਦੀ ਸਮਾਪਤੀ ਸਮੇਂ ਮਨੁੱਖੀ ਸਮਾਜ ਨੇ ਪਹਿਲੀ ਵਾਰ ਪ੍ਰਮਾਣੂ ਬੰਬ ਦੀ ਭਿਅੰਕਰ ਤਬਾਹੀ ਨੂੰ ਵੀ ਝੱਲਿਆ ਜਦ ਅਮਰੀਕਾ ਨੇ ਆਪਣੇ ਦਾਅਵੇ ਨੂੰ ਸਥਾਪਤ ਕਰਨ ਤੇ ਕਮਿਊਨਿਜ਼ਮ ਦੇ ਵਿਸ਼ਵ-ਵਿਆਪੀ ਵਿਸਥਾਰ ਨੂੰ ਰੋਕਣ ਲਈ ਜਪਾਨ 'ਤੇ ਪ੍ਰਮਾਣੂ ਬੰਬ ਦੀ ਵਰਤੋਂ ਕੀਤੀ। ਦੂਜੀ ਸੰਸਾਰ ਜੰਗ ਪਿੱਛੋਂ 1970 ਤੋਂ ਫਿਰ ਆਰਥਕ ਸੰਕਟਾਂ ਦਾ ਦੌਰਾ ਸ਼ੁਰੂ ਹੋ ਗਿਆ। ਜੋ ਥੋੜੇ ਥੋੜੇ ਸਮੇਂ ਦੇ ਫਰਕ ਨਾਲ ਮਨੁੱਖ ਸਮਾਜ ਨੂੰ ਸੰਕਟ 'ਚ ਝੋਕਦਾ ਰਿਹਾ ਅਤੇ ਅੱਜਕਲ੍ਹ ਪੂੰਜੀਵਾਦ ਸਾਮਰਾਜ 'ਚ ਅੰਤਰਵਿਰੋਧਤਾਈਆਂ ਤੇ ਉਸ ਦੀ ਖੜੋਤ ਨੇ ਮੌਜੂਦਾ ਮਹਾਂ ਸੰਕਟ ਨੂੰ ਜਨਮ ਦਿੱਤਾ ਹੈ। ਜੋ ਲੋਕ ਮੌਜੂਦਾ ਸੰਕਟ ਲਈ ਬੈਂਕਾਂ ਤੇ ਹੋਰ ਵਿਤੀ ਸੰਸਥਾਵਾਂ 'ਤੇ ਸਰਕਾਰੀ ਨਿਗਰਾਨੀ ਦੀ ਕਮੀ ਨੂੰ ਮੁੱਖ ਤੌਰ 'ਤੇ ਜ਼ਿੰਮੇਵਾਰ ਦਸ ਰਹੇ ਹਨ। ਉਹ ਭੁੱਲ ਜਾਂਦੇ ਹਨ ਕਿ ਗਰੀਬ ਪਿਛਲੇ 30 ਸਾਲਾਂ ਦੌਰਾਨ ਰੀਗਨ ਤੇ ਥੈਚਰ

ਦੀ ਅਗਵਾਈ 'ਚ ਨਿਜੀਕਰਨ ਤੇ ਮੁਕਤ ਬਾਜ਼ਾਰ ਵਿਵਸਥਾ ਦੀ ਜਬਰਦਸਤ ਵਕਾਲਤ ਕਰਕੇ ਸਰਕਾਰ ਦੇ ਆਰਥਕ ਤੇ ਵਿਤੀ ਮਾਮਲਿਆਂ 'ਚ ਕਿਸੇ ਵੀ ਦਖ਼ਲ ਅੰਦਾਜ਼ੀ ਨੂੰ ਨਜਾਇਜ਼ ਹੀ ਨਹੀਂ ਬਲਕਿ ਅਨੈਤਿਕ ਵੀ ਕਰਾਰ ਦਿੱਤਾ ਗਿਆ। ਵਿਸ਼ਵੀਕਰਨ ਦਾ ਜੋ ਦੌਰ ਡੰਕਟ ਡਰਾਫਟ 'ਤੇ ਅਧਾਰ ਤੇ ਵਿਸ਼ਵ ਵਪਾਰ ਸੰਗਠਨ ਦੇ ਗਠਨ ਸਮੇਂ ਸ਼ੁਰੂ ਹੋਇਆ ਉਸ ਨੇ ਇਸ ਮੁਕਤ ਬਾਜ਼ਾਰ ਵਿਵਸਥਾ ਤੇ ਸਾਰੇ ਸਰਕਾਰੀ ਬੈਂਕਾਂ ਤੇ ਉਦਯੋਗਾਂ ਦੇ ਨਿੱਜੀਕਰਨ ਦੀ ਵਕਾਲਤ ਕੀਤੀ। ਮੁਕਤ ਤੇ ਖੁੱਲ੍ਹੇ ਬਾਜ਼ਾਰਵਾਦ ਨੇ ਲਾਲਚੀ ਪੂੰਜੀਪਤੀਆਂ ਤੇ ਉਹਨਾਂ ਦੇ ਮੈਨੇਜਰਾਂ ਨੂੰ ਮੌਕਾ ਮੁਹਈਆ ਕੀਤਾ ਕਿ ਉਹ ਸਟੇਬਾਜ਼ੀ ਤੇ ਧੋਖਾਧੜੀ ਰਾਹੀਂ ਦੁਨੀਆ ਦੇ ਕਰੀਬ 6 ਅਰਬ ਲੋਕਾਂ ਦੀ ਸੰਪਤੀ ਨੂੰ ਹੜੱਪ ਲੈਣ ਅਤੇ ਇਹਨਾਂ ਹਮਦਰਦੀ ਭਾਵਾਂ ਨੇ ਇਸ ਮੌਕੇ ਦਾ ਖ਼ੂਬ ਫਾਇਦਾ ਉਠਾਇਆ। ਸਬੂਤ ਜਾਂ ਸਿੱਟਾ ਹੈ ਅੱਜ ਦਾ ਸੰਕਟ। ਮੁਕਤ ਤੇ ਬੇਲਗਾਮ ਪੂੰਜੀ ਪ੍ਰਬੰਦ 'ਚ ਇਹ ਹੋਣਾ ਹੀ ਸੀ। ਪਰ ਇਸ ਦੀ ਜੜ੍ਹਾਂ ਕਿਥੇ ਹਨ? ਇਸ ਦੀ ਅਸਲੀ ਜੜ ਇਸ ਪੂੰਜੀਵਾਦੀ-ਸਾਮਰਾਜੀ ਪ੍ਰਬੰਧ 'ਚ ਹੈ। ਜਿਸ 'ਚ ਸਾਮਰਾਜੀ ਦੇਸ਼ਾਂ ਦੇ ਪੂੰਜੀਪਤੀਆਂ ਪਾਸ ਏਨਾ ਅਥਾਹ ਧਨ ਪੂਰੀ ਦੁਨੀਆਂ ਦੀ ਜਨਤਾ ਦੀ ਲੁੱਟ ਨਾਲ ਜਮ੍ਹਾਂ ਹੋ ਗਿਆ ਹੈ ਕਿ ਇਸ ਨੂੰ ਨਿਯੋਜਤ ਕਰ ਸਕਣ 'ਚ ਅੱਜ ਦੀ ਬਾਜ਼ਾਰ ਵਿਵਸਥਾ ਅਸਮਰਥ ਹੈ। ਉਸ ਦੇ ਲਈ ਬਾਜ਼ਾਰ ਨਹੀਂ ਹੈ। ਬਾਜ਼ਾਰ ਆਊ ਕਿਥੋਂ? ਦੁਨੀਆਂ ਦੀ ਕਰੀਬ ਤਿੰਨ ਚੌਥਾਈ ਆਬਾਦੀ ਬਾਜ਼ਾਰ ਵਿਵਸਥਾ ਤੋਂ ਇਕ ਦਮ ਬਾਹਰ ਹੈ। ਲੋਕਾਂ ਨੂੰ ਸਾਮਾਨ ਤੇ ਸੇਵਾ ਤਾਂ ਚਾਹੀਦੀ ਹੈ ਪਰ ਉਹਨਾਂ ਕੋਲ ਪੈਸਾ ਨਹੀਂ ਹੈ। ਇਸ ਲਈ ਇਕ ਪਾਸੇ ਪੈਦਾ ਵਸਤਾਂ ਦਾ ਅੰਬਾਰ ਹੈ ਅਤੇ ਘਾਟੇ ਦੇ ਸ਼ਿਕਾਰ ਵੰਚਿਤ ਕਰੋੜਾਂ ਲੋਕ ਗੈਰ ਮਨੁੱਖੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਇਸ ਵਿਚ ਪੈਦਾਵਾਰ ਤੇ ਵੰਡ ਸਿਰਫ ਮੁਨਾਫੇ ਲਈ ਹੁੰਦੇ ਹਨ। ਮਨੁੱਖ ਦੀ ਲੋੜ ਦੀ ਪੂਰਤੀ ਲਈ ਨਹੀਂ। ਇਸ ਵਿਚ ਸੰਕਟ ਤਾਂ ਆਉਣਾ ਹੀ ਹੈ। ਇਸ ਲਈ ਮਾਰਕਸ ਨੇ "ਕਮਿਊਨਿਸਟ ਐਲਾਨਨਾਮੇ 'ਚ ਹੀ (1948 ਵਿਚ) ਕਿਹਾ ਸੀ ਕਿ "ਪੂੰਜੀਵਾਦੀ ਸਮਾਜ ਦੀਆਂ ਸਥਿਤੀਆਂ ਉਹਨਾਂ ਵੱਲੋਂ ਪੈਦਾ ਕੀਤੀ ਸੰਪਤੀ ਨੂੰ ਸਮੋਣ ਲਈ ਉਹ ਤੰਗ ਹੋ ਜਾਂਦੀਆਂ ਹਨ।" ਮਾਰਕਸ ਨੇ ਇਹ ਵੀ ਦੱਸਿਆ ਕਿ ਪੂੰਜੀਵਾਦ ਇਹਨਾਂ ਸੰਕਟਾਂ ਨੂੰ ਹੱਲ ਕਰਨ ਲਈ ਜੋ ਕਦਮ ਉਠਾਉਂਦਾ ਹੈ ਉਸ ਨਾਲ ਸੰਕਟ ਸਿਰਫ ਕੁਝ ਸਮੇਂ ਟਲ ਜਾਂਦਾ ਹੈ। ਖਤਮ ਨਹੀਂ ਹੁੰਦਾ। ਕੁਝ ਸਮੇਂ ਪਿੱਛੋਂ ਹੋਰ ਵੱਧ ਗੰਭੀਰ ਸੰਕਟ ਸਾਹਮਣੇ ਆ ਖੜਾ ਹੁੰਦਾ ਹੈ। ਇਸ ਲਈ ਮਾਰਕਸ ਨੇ ਪੂੰਜੀਵਾਦ ਦੇ ਡੂੰਘੇ ਅਧਿਐਨ ਤੇ ਵਿਸ਼ਲੇਸ਼ਣ ਨਾਲ ਵਿਖਾਇਆ ਕਿ ਪੂੰਜੀਵਾਦ ਦੇ ਦਾਇਰੇ ਅੰਦਰ ਇਸ ਸਮੱਸਿਆ ਦਾ ਕੋਈ ਹੱਲ ਹੀ ਨਹੀਂ ਹੈ। ਹੱਲ ਇਸ ਗੱਲ 'ਚ ਹੈ ਕਿ ਪੈਦਾਵਾਰ ਮਨੁੱਖਤਾ ਦੀ ਲੋੜ ਦੀ ਪੂਰਤੀ ਲਈ ਹੋਵੇ। ਬਜ਼ਾਰ 'ਚ ਵੇਚ ਕੇ ਮੁਨਾਫਾ ਕਮਾਉਣ ਲਈ ਨਹੀਂ ਵੈਸੀ ਹਾਲਤ 'ਚ ਪੈਦਾਵਾਰ ਕਈ ਗੁਣਾ ਵਧ ਜਾਵੇਗੀ। ਸਮਾਜ ਇਕ ਯੋਜਨਾ ਤਹਿਤ ਸਮਾਜਿਕ ਜ਼ਰੂਰਤ ਦਾ ਮੁਲਾਂਕਣ ਕਰਕੇ ਉਤਪਾਦਨ ਨੂੰ ਸੰਚਾਲਿਤ ਕਰੇਗਾ। ਜਦ ਮੁਨਾਫੇ ਦੀ ਗੱਲ ਨਹੀਂ ਹੋਵੇਗੀ ਤਾਂ ਮਾਲਕ ਤੇ ਨੌਕਰ ਦੀ ਪੂੰਜੀਪਤੀ ਤੇ ਮਜ਼ਦੂਰ ਦੀ ਗੱਲ ਖਤਮ ਹੋ ਜਾਵੇਗੀ। ਸਮਾਜ ਇਕ ਯੋਜਨਾ ਤਹਿਤ ਸਮਾਜਿਕ ਜ਼ਰੂਰ ਮੁਲਾਂਕਣ ਕਰਕੇ ਉਤਪਾਦਨ ਨੂੰ ਸੰਚਾਲਿਤ ਕਰੇਗਾ। ਵਿਗਿਆਨ ਤੇ ਤਕਨੀਕ ਦਾ ਵਿਕਾਸ ਕਿਰਤ ਦੇ ਘੰਟਿਆਂ ਨੂੰ ਖਤਮ ਕਰਨਗੇ। ਕਾਮਿਆਂ ਨੂੰ ਬੇਰੁਜ਼ਗਾਰ ਨਹੀਂ ਬਣਾਉਣਗੇ ਜਿਵੇਂ ਅੱਜ ਹੁੰਦਾ ਹੈ।

ਅਜਿਹੀ ਸਮਾਜਿਕ ਆਰਥਿਕ ਵਿਵਸਥਾ ਨੂੰ ਹੀ ਮਾਰਕਸ ਨੇ ਸਮਾਜਵਾਦ ਕਿਹਾ ਹੈ। ਜਦ ਤੱਕ ਅਜਿਹਾ ਪ੍ਰਬੰਧ ਕਾਇਮ ਨਹੀਂ ਹੁੰਦਾ ਤਦ ਤੱਕ ਸਮਾਜਿਕ ਆਰਥਿਕ ਸੰਕਟਾਂ ਦੇ ਦੌਰ ਵਿਚ ਸਮਾਜ ਨੂੰ ਲਾਜ਼ਮੀ ਲੰਘਣਾ ਪਵੇਗਾ। ਇਸ ਲਈ ਅੱਜ ਮਜ਼ਦੂਰ ਸੰਗਠਨਾਂ ਅਤੇ ਕਮਿਊਨਿਸਟ ਤੇ ਖੱਬੀਆਂ ਪਾਰਟੀਆਂ ਦਾ ਫਰਜ਼ ਹੈ ਕਿ ਉਹ ਫੌਰੀ ਸੁਧਾਰ ਪ੍ਰੋਗ੍ਰਾਮਾਂ ਨਾਲ ਬਿਲਕੁਲ ਸੰਤੁਸ਼ਟ ਨਾ ਹੋਣ ਤੇ ਮੌਜੂਦਾ ਪੂੰਜੀਵਾਦੀ ਸਮਾਰਾਜੀ ਪ੍ਰਬੰਧ ਨੂੰ ਤਹਿਸ ਨਹਿਸ ਕਰਨ ਤੇ ਇਕ ਸਮਾਜਵਾਦੀ ਵਿਸ਼ਵ ਪ੍ਰਬੰਧ ਨੂੰ ਕਾਇਮ ਕਰਨ ਲਈ ਸਹੀ ਕਾਰਜਨੀਤੀ ਤੇ ਰਣਨੀਤੀ ਨੂੰ ਵਿਕਸਤ ਕਰਨ। ਅੱਜ ਪੂਰੀ ਦੁਨੀਆਂ ਵਿਚ ਕਰੋੜਾਂ ਮਜ਼ਦੂਰ, ਕਿਸਾਨ, ਵਿਦਿ-ਨੌਜਵਾਨ ਤੇ ਹੋਰ ਮੇਹਨਤਕਸ਼ ਸੜਕਾਂ ਤੇ ਪੂੰਜੀਵਾਦੀ ਸਾਮਰਾਜੀ ਵਿਵਸਥਾ ਖਿਲਾਫ ਅੰਦੋਲਨ ਕਰ ਰਹੇ ਹਨ। ਪਰ ਉਹਨਾਂ ਨੂੰ ਅਜੇ ਸਹੀ ਰਾਹ ਪਤਾ ਨਹੀਂ ਹੈ। ਵਕਤ ਆ ਗਿਆ ਹੈ ਉਹਨਾਂ ਸਾਹਮਣੇ ਹਿੰਮਤ ਤੇ ਦ੍ਰਿੜਤਾ ਨਾਲ ਸਮਾਜਵਾਦ ਦੇ ਵਿਕਲਪ ਨੂੰ ਪੇਸ਼ ਕਰਨ ਦਾ ਉਹਨਾਂ ਦੇ ਸੰਘਰਸ਼ਾਂ ਨੂੰ ਨਵ ਜਮਹੂਰੀ ਇਨਕਲਾਬ ਵੱਲ ਮੋੜਨ ਤਾਂ ਕਿ 21ਵੀਂ ਸਦੀ ਅਮਰੀਕੀ ਜਾਂ ਕਿਸੇ ਹੋਰ ਸਾਮਰਾਜੀ ਤਾਕਤ ਦੀ ਸਦੀ ਨਾ ਬਣੇ ਬਲਕਿ ਇਕ ਵਿਕਸਿਤ ਸਮਾਜਵਾਦੀ ਸਮਾਜ ਦੀ ਸਥਾਪਨਾ ਦੀ ਸਦੀ ਬਣੇ। ਮਜ਼ਦੂਰ ਦਿਵਸ ਦਾ ਅੱਜ ਇਹੀ ਸੁਨੇਹਾ ਹੈ।

# ਅੰਨੀਆਂ ਪਾਰਟੀਆਂ ਬਨਾਮ ਲੋਕਾਂ ਦੇ ਮੁੱਦੇ

ਸਿਆਸੀ ਆਗੂ ਲੜਦੇ ਨੇ ਸਿਰਫ ਸੱਤਾ ਹਾਸਲ ਕਰਨ ਲਈ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਨਾਲ ਉਹਨਾਂ ਦਾ ਕੋਈ ਲੈਣਾ ਦੇਣਾ ਨਹੀਂ। ਪੀਣ ਵਾਲਾ ਪਾਣੀ, ਬਿਜਲੀ, ਸੜਕਾਂ, ਸਿਹਤ, ਰੁਜ਼ਗਾਰ ਵਰਗੇ ਮੁੱਦੇ ਰਾਜਸੀ ਪਾਰਟੀਆਂ ਦੇ ਮੈਨੀਫੈਸਟ 'ਚ ਤਾਂ ਹਨ ਪਰ ਰੈਲੀਆਂ ਦੌਰਾਨ ਉਹਨਾਂ ਦੇ ਭਾਸ਼ਣਾਂ 'ਚ ਨਹੀਂ। ਪ੍ਰਚਾਰ ਤੇ ਭਾਸ਼ਣਾਂ 'ਚ ਨੇਤਾ ਉਹੀ ਗੱਲਾਂ ਕਰਦੇ ਹਨ ਜਿਨ੍ਹਾਂ ਦਾ ਲੋਕਾਂ ਨਾਲ ਕੋਈ ਵਾਹ ਵਾਸਤਾ ਨਹੀਂ। ਕੀ ਸੰਜੇ ਤੇ ਪ੍ਰਿਆ ਦੱਤ ਦਰਮਿਆਨ ਘਰੇਲੂ ਨੋਕ ਝੋਂਕ, ਨਰੇਂਦਰ ਮੋਦੀ ਦਾ ਕਾਂਗਰਸ ਨੂੰ ਬੁਢੀ ਕਹਿਣਾ ਜਾਂ ਵਰੁਣ ਗਾਂਧੀ ਦਾ ਇਕ ਧਰਮ ਤੇ ਫਿਰਕੇ ਖਿਲਾਫ ਖੁਲੇਆਮ ਨਫਰਤ ਦੀ ਰਾਜਨੀਤੀ ਕਰਨਾ ਦੀ ਆਮ ਲੋਕਾਂ ਦੇ ਮੁੱਦੇ ਹਨ?

ਭੋਜਨ ਦੇ ਅਧਿਕਾਰ ਮੁਕਦਮੇ 'ਚ ਸੁਪਰੀਮ ਕੋਰਟ ਵਲੋਂ ਨਿਯੁਕਤ ਸਲਾਹਕਾਰ ਬਿਰਾਜ ਪਟਨਾਇਕ ਕਹਿੰਦੇ ਹਨ "ਦੇਸ਼ 'ਚ 46 ਫੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਇਹ ਪ੍ਰਤੀਸ਼ਤ ਅਫਰੀਕਾ ਦੇ ਉਪ ਸਹਿਰਾਈ ਦੇਸ਼ਾਂ ਤੋਂ ਦੁਗਣੀ ਹੈ। ਉਥੇ 27% ਬੱਚੇ ਕੁਪੋਸ਼ਿਤ ਹਨ। ਪਰ ਭਾਰਤ ਦੀ ਕਿਸੇ ਰਾਜਸੀ ਪਾਰਟੀ ਦੇ ਐਲਾਨ ਨਾਮੇ 'ਚ ਇਸ ਦਾ ਜ਼ਿਕਰ ਨਹੀਂ" ਅਮਰੀਕਾ ਦੇ ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਸਾਲ 2008 'ਚ ਭੁੱਖਮਰੀ 'ਚ ਭਾਰਤ ਦਾ ਦੁਨੀਆਂ 'ਚ 66ਵਾਂ ਨੰਬਰ ਸੀ। ਸਮਾਜ ਸੇਵਕ ਅਰੁਣ ਧਤੀ ਘੁਰੂ ਕਹਿੰਦੇ ਹਨ, "ਦੇਸ਼ ਦੇ 28 ਫੀਸਦੀ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜਿਉਂ ਰਹੇ, ਜਿਹਨਾਂ 'ਚੋਂ ਹਰ ਸਾਲ ਕੁਪੋਸ਼ਣ ਕਾਰਨ 4 ਫੀਸਦੀ ਲੋਕ ਮਰ ਜਾਂਦੇ ਹਨ। ਪਰ ਸਰਕਾਰ ਇਸਦਾ ਖੰਡਨ ਕਰਦੀ ਹੈ।" ਦੇਸ਼ ਦੀ 70 ਫੀਸਦੀ ਤੋਂ ਵੱਧ ਆਬਾਦੀ ਪਿੰਡਾਂ 'ਚ ਰਹਿ ਰਹੀ ਹੈ ਜਦ ਕਿ ਨੇਤਾ ਮੰਨ ਚੁੱਕੇ ਹਨ ਕਿ ਭਾਰਤ ਸ਼ਹਿਰਾਂ ਵਿਚ ਵਸਦਾ ਹੈ ਤੇ ਹਰ ਸ਼ਹਿਰੀ ਅਮੀਰ ਹੈ। ਭੋਜਨ ਦੇ ਅਧਿਕਾਰ ਮੁੱਕਦਮੇ ਵਿਚ ਸੁਪਰੀਮ ਕੋਰਟ ਵਲੋਂ ਨਿਯੁਕਤ ਜੱਜ ਹਰਸ਼ ਮੰਦਰ ਕਹਿੰਦੇ ਹਨ, "ਦੇਸ਼ ਮੁਸ਼ਕਲ ਦੌਰ 'ਚੋਂ ਦੀ ਲੰਘ ਰਿਹਾ ਹੈ। ਆਰਥਕ ਤਰੱਕੀ ਤੇ ਪੈਦਾਵਾਰ ਨੂੰ ਤਰੱਕੀ ਦਸ ਰਹੇ ਹਨ। ਜਦ ਕਿ ਸੱਚ ਇਹ ਹੈ ਕਿ ਕਰੋੜਾਂ ਲੋਕ ਜਿਸ ਹਨੇਰੇ 'ਚ ਜਿਉਂ ਰਹੇ ਹਨ ਉਹ ਅੱਜ ਵੀ ਹਨੇਰੇ 'ਚ ਹੀ ਹਨ। ਨਫਰਤ ਦੀ ਰਾਜਨੀਤੀ ਜੋਰਾਂ 'ਤੇ ਹੈ। ਮੁਸਲਿਆਂ ਨੂੰ ਕਟਹਿਰੇ 'ਚ ਰੱਖਿਆ ਜਾ ਰਿਹਾ ਹੈ। ਉਹਨਾਂ ਦੇ ਅਧਿਕਾਰ ਤੇ ਸੁਰੱਖਿਆ ਖਤਰੇ ਵਿਚ ਹਨ। ਸੁਪਰੀਮ ਕੋਰਟ ਦੇ ਆਯੁਕਤਾਂ ਦੇ ਸਰਵੇਖਣ ਅਨੁਸਾਰ ਦੇਸ਼ ਦੇ ਦਸ ਰਾਜਾਂ ਦੇ ਪੇਂਡੂ ਇਲਾਕਿਆਂ ਵਿਚ ਹੁਣ ਵੀ ਦਲਿਤ ਬੱਚਿਆਂ ਨੂੰ ਜਮਾਤ 'ਚ ਵੱਖਰਾ ਬਿਠਾਇਆ ਜਾਂਦਾ ਹੈ। ਸਿਰਫ ਦਿਲੀ 'ਚ ਕਰੀਬ 5000 ਬਚੇ ਫੁਟਪਾਥ 'ਤੇ ਸੌਂਦੇ ਹਨ ਪਰ ਨੇਤਾਵਾਂ ਦੇ ਭਾਸ਼ਣਾ 'ਚ ਇਹ ਮੁੱਦੇ ਨਹੀਂ ਹਨ। ਬੀਤੇ ਦਸ ਸਾਲਾਂ ਵਿਚ 1 ਲੱਖ 82 ਹਜ਼ਾਰ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਚੋਣ ਵਿਸਲੇਸ਼ਣ ਯੋਗੇਂਦਰ ਯਾਦਵ ਦਸਦੇ ਹਨ 'ਜੇ ਰਾਜਸੀ ਪਾਰਟੀਆਂ ਦੇ ਸ਼ਬਦਾਂ 'ਤੇ ਯਕੀਨ ਕਰੀਏ ਤਾਂ ਕੋਈ ਐਸਾ ਮੁੱਦਾ ਨਹੀਂ, ਜਿਸ ਨੂੰ ਉਹ ਨਹੀਂ ਉਠਾਉਂਦੀਆਂ ਪਰ ਹਕੀਕਤ ਇਹ ਹੈ ਕਿ ਚੁਣੇ ਜਾਣ ਪਿੱਛੋਂ ਉਹ ਕੁਝ ਨਹੀਂ ਕਰਨਗੀਆਂ। ਉਹ ਇਹਨਾਂ ਮੁੱਦਿਆਂ 'ਤੇ ਚੋਣ ਨਹੀਂ ਲੜਦੀਆਂ ਹਨ ਜਿਹਨਾਂ ਦਾ ਜ਼ਿਕਰ ਕਰਦੀਆਂ ਹਨ। ਉਹ ਸਿਰਫ ਵੋਟਾਂ ਦਾ ਜੁਗਾੜ ਕਰਦੇ ਹਨ। ਆਮ ਆਦਮੀ ਲਈ ਪਟਵਾਰੀ ਜਾਂ ਥਾਣੇਦਾਰ ਹੀ ਮਾਈ ਬਾਪ ਹੈ ਅਤੇ ਸਭ ਤੋਂ ਵੱਧ ਭਰਿਸ਼ਟਾਚਾਰ

ਇਸ ਪੱਧਰ 'ਤੇ ਹੈ।" ਦੇਸ਼ 'ਚ ਪੀਣ ਵਾਲੇ ਪਾਣੀ ਦਾ ਮੁੱਦਾ ਸਾਲ ਦਰ ਸਾਲ ਅਹਿਮ ਬਣਦਾ ਜਾ ਰਿਹਾ ਹੈ। ਦੇਸ਼ ਦੇ 6 ਲੱਖ 38 ਹਜ਼ਾਰ ਪਿੰਡਾਂ ਵਿਚ ਪੀਣ ਵਾਲੇ ਪਾਣੀ 'ਚ ਦੇ ਸੰਕਟ ਕਾਰਨ ਬੀਮਾਰੀਆਂ ਫੈਲ ਰਹੀਆਂ ਹਨ। ਦੋ ਲੱਖ 16 ਹਜ਼ਾਰ ਪਿੰਡਾਂ ਪੀਣ ਵਾਲੇ ਸ਼ੁੱਧ ਪਾਣੀ ਦਾ ਸੰਕਟ ਹੈ ਜਦ ਕਿ 31 ਹਜ਼ਾਰ 306 ਪਿੰਡ ਫਲੋਰਾਈਡ ਦੀ ਸਮੱਸਿਆ ਨਾਲ ਜੂਝ ਰਹੇ ਹਨ। ਕੋਈ 23495 ਪਿੰਡਾਂ ਵਿਚ ਖਾਰੇ ਪਾਣੀ ਦੀ ਮੁਸ਼ਕਿਲ ਹੈ ਜਦ ਕਿ ਇੱਕ ਲੱਖ 18 ਹਜ਼ਾਰ 88 ਪਿੰਡਾਂ 'ਚ ਆਇਰਨ ਅਤੇ 5029 ਪਿੰਡਾਂ ਵਿਚ ਆਰਸੇਨਿਕ ਦੀ ਸਮੱਸਿਆ ਹੈ। ਸੈਂਟਰ ਫਾਰ ਇਨਵਾਇਰਨਮੈਂਟ ਐਂਡ ਡੀਵੈਲਪਮੈਂਟ ਸਟੱਡੀਜ਼ ਜੈਪਰ ਦੇ ਨਿਰਦੇਸ਼ਕ ਡਾ. ਮਨੋਹਰ ਸਿੰਘ ਰਠੌੜ ਕਹਿੰਦੇ ਹਨ ਕਿ "ਸਾਰੇ ਦੇਸ਼ 'ਚ ਪੀਣ ਵਾਲਾ ਪਾਣੀ ਵੱਡਾ ਮੁੱਦਾ ਹੈ। ਖੇਤੀ ਦੇ ਲਈ ਨਹਿਰ ਦੇ ਪਾਣੀ ਦੀ ਬਜਾਏ ਜ਼ਮੀਨ ਹੇਠਲਾ ਪਾਣੀ ਵਰਤਿਆ ਜਾ ਰਿਹਾ ਹੈ। ਕੁਦਰਤੀ ਸਾਧਨਾਂ ਦੀ ਲੁਟ ਕਰਕੇ ਦੇਸ਼ ਵਿਕਾਸਤਾਂ ਕਰ ਰਿਹੈ ਪਰ ਇਹਨਾਂ ਸਾਧਨਾਂ ਨੂੰ ਪੁਨਰਜੀਵਤ ਨਹੀਂ ਕਰ ਸਕਿਆ ਹੈ।" ਮੈਗਸਾਸੇ ਪੁਰਸਕਾਰ ਨਾਲ ਸਨਮਾਨਿਤ ਸਮਾਜਕ ਵਰਕਰ ਸੰਦੀਪ ਪਾਂਡੇ ਦਸਦੇ ਹਨ ਉਤਰ ਪ੍ਰਦੇਸ਼ 'ਚ ਸਾਡੇ ਸਰਵੇਖਣ ਅਨੁਸਾਰ ਸਰਕਾਰੀ ਯੋਜਨਾਵਾਂ ਲੋਕਾਂ ਤੱਕ ਨਹੀਂ ਪਹੁੰਚ ਰਹੀਆਂ। ਭਰਿਸ਼ਟਾਚਾਰ ਦਾ ਬੋਲਬਾਲਾ ਹੈ। ਕਾਨਪੁਰ ਦੇ ਬਿਲਵਾਨ ਵਿਧਾਨ ਸਭਾ ਖੇਤਰ 'ਚ ਵੇਖਿਆ ਗਿਆ ਕਿ ਗਰੀਬੀ ਰੇਖਾ ਦੀਆਂ ਸੂਚੀਆਂ ਹੀ ਗਲਤ ਬਣੀਆਂ ਹਨ। ਅਮੀਰਾਂ ਦੇ ਕਾਰਡ ਬਣੇ ਹਨ, ਗਰੀਬਾਂ ਦੇ ਨਹੀਂ। ਇਸ ਕਾਰਨ ਜਨਤਕ ਵੰਡ ਪ੍ਰਣਾਲੀ ਨਾਲ ਗਰੀਬੀ ਨੂੰ ਰਾਸ਼ਣ ਨਹੀਂ ਮਿਲ ਰਿਹਾ ਹੈ। ਰਿਹਾਇਸ਼ ਨਹੀਂ ਮਿਲ ਰਹੀ। ਰਿਹਾਇਸ਼ ਤਾਂ ਮਿਲੇਗੀ ਜੇ ਉਹ ਬੀ. ਪੀ. ਐਲ. ਕਾਰਡ ਹੋਲਡਰ ਹੋਣਗੇ। ਅਸਲੀ ਗਰੀਬ ਪਲਾਸਟਿਕ ਦੀ ਸੀਟ ਵਿਛਾ ਕੇ ਸੌਂਦੇ ਹਨ। ਬੁਢਿਆ ਵਿਧਵਾਵਾਂ ਨੂੰ ਪੈਨਸ਼ਨ ਨਹੀਂ ਮਿਲ ਰਹੀ, ਭੋਜਨ ਦੇ ਅਧਿਕਾਰ 'ਤੇ ਜਨਹਿਤ ਯਾਚਿਕਾ ਦਾਇਰ ਕਰਨ ਵਾਲੀ ਕਵਿਤਾ ਸ੍ਰੀ ਵਾਸਤਵ ਕਹਿੰਦੀ ਹੈ 'ਪਹਿਲੀ ਵਾਰੀ ਸਭ ਪਾਰਟੀਆਂ ਨੇ ਰਾਸ਼ਣ 'ਚ ਸਸਤੇ ਅਨਾਜ ਤੇ ਵਿਆਪਕ ਰੂਪ 'ਚ ਜਨਤਾ ਤਕ ਲਾਭ ਪਹੁੰਚਾਉਣ ਦੀ ਗੱਲ ਕੀਤੀ ਹੈ ਪਰ ਕਿੰਨੀ ਗੰਭੀਰ ਹੈ, ਪਤਾ ਨਹੀਂ।

ਦੇਸ਼ 'ਚ ਜਨਤਾ ਦੇ ਮੁੱਦਿਆਂ ਦੀ ਪੈਰਵਾਈ ਕਰਦਿਆਂ ਲਗਭਗ 3000 ਸਵੈ ਸੇਵੀ ਸੰਸਥਾਵਾਂ 'ਵਾਅਦਾ ਨਾ ਤੋੜੋ' ਮੁਹਿੰਮ ਚਲਾ ਰਹੀਆਂ ਹਨ। ਮੁਹਿੰਮ ਦੇ ਪ੍ਰੋਗ੍ਰਾਮ ਸੰਯੋਜਕ ਸੁਮਨਦਾਸ ਗੁਪਤਾ ਦੱਸਦੇ ਹਨ "ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ ਦੀ 60ਵੀਂ ਰਿਪੋਰਟ ਅਨੁਸਾਰ ਦੇਸ਼ 'ਚ 80 ਫੀਸਦੀ ਲੋਕ ਸਿਹਤ 'ਤੇ ਆਪਣੀ ਜੇਬ 'ਚੋਂ ਖਰਚ ਕਰਦੇ ਹਨ ਅਤੇ 60 ਫੀਸਦੀ ਗੰਭੀਰ ਬੀਮਾਰੀਆਂ ਕਾਰਨ ਹਸਪਤਾਲ 'ਚ ਆਪਣੇ ਖਰਚੇ 'ਤੇ ਭਾਰੀ ਹੁੰਦੇ ਹਨ। ਲਗਭਗ 30 ਫੀਸਦੀ ਲੋਕ ਆਰਥਿਕ ਸੰਕਟ ਕਾਰਨ ਮੁੱਢਲਾ ਇਲਾਜ ਵੀ ਨਹੀਂ ਲੈਂਦੇ। ਸਾਲ 2005 'ਚ 4 ਲੱਖ ਲੋਕ ਐਚ. ਆਈ. ਵੀ. ਨਾਲ ਮਰੇ। ਤਿੰਨ ਸਾਲ ਤੋਂ ਘੱਟ ਉਮਰ ਦੇ 74 ਫੀਸਦੀ ਬੱਚਿਆਂ ਤੇ 52 ਫੀਸਦੀ ਔਰਤਾਂ 'ਚ ਖੂਨ ਦੀ ਕਮੀ ਹੈ" ਇਹ ਮੁਹਿੰਮ ਨਾਲ ਜੁੜੀ ਲੀਜ਼ਾ ਜਾਨ ਦਾ ਕਹਿਣਾ ਹੈ ਕਿ 'ਕੋਈ ਵੀ ਨੇਤਾ ਐਚ. ਆਈ. ਵੀ. ਗ੍ਰਹਿਤ ਲੋਕਾਂ ਦੇ ਇਲਾਜ ਫਿਰਕੂ ਦੰਗਿਆਂ ਨੂੰ ਰੋਕਣ, ਔਰਤਾਂ ਦੇ ਰਾਖਵੇਂਕਰਨ ਲਈ ਕਨੂੰਨਾਂ ਦੀ ਗੱਲ ਅਤੇ ਘਰੇਲੂ ਹਿੰਸਾ ਬਿਲ ਪ੍ਰਤੀ ਜਾਗਰੂਕਤਾ ਫੈਲਾਉਣ ਦੀ ਗੱਲ ਨਹੀਂ ਕਰ ਰਿਹਾ। ਕੋਈ ਵੀ ਪਾਰਟੀ ਮੁਫਤ ਇਲਾਜ ਵਿਵਸਥਾ ਤੇ ਦਵਾਈਆਂ ਸੰਬੰਧੀ ਵਾਅਦੇ ਨਹੀਂ ਕਰ ਰਹੀ।'

# ਮਾਰਕਸ ਦੇ ਜਨਮ ਦਿਨ ’ਤੇ

ਪੂਰੀ ਸਭਿਅਕ ਦੁਨੀਆ ’ਚ ਮਾਰਕਸ ਦੀ ਸਿੱਖਿਆ ਆਪਣੇ ਪ੍ਰਤੀ ਉਹਨਾਂ ਸਭ ਬੁਰਜੂਆ ਵਿਗਿਆਨਾਂ (ਸਰਕਾਰੀ ਵੀ ਤੇ ਉਦਾਰਵਾਦੀ ਵੀ) ਦੀ ਜਬਰਦਸਤ ਦੁਸ਼ਮਣੀ ਤੇ ਘ੍ਰਿਣਾ ਪੈਦਾ ਕਰਦੀ ਹੈ, ਜੋ ਮਾਰਕਸਵਾਦ ਨੂੰ ਇੱਕ ‘ਹਾਨੀਕਾਰਕ ਪੰਥ’ ਤੋਂ ਇਲਾਵਾ ਹੋਰ ਕੁਝ ਨਹੀਂ ਸਮਝਦੇ। ਇਸ ਤੋਂ ਇਲਾਵਾ ਹੋਰ ਕਿਸੇ ਰਵਈਏ ਦੀ ਉਮੀਦ ਵੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਜਮਾਤੀ ਸੰਘਰਸ਼ ’ਤੇ ਅਧਾਰਤ ਸਮਾਜ ’ਚ “ਨਿਰਪੱਖ” ਸਮਾਜਕ ਵਿਗਿਆਨ ਕਿਸੇ ਨਾ ਕਿਸੇ ਢੰਗ ਨਾਲ ਉਜਰਤੀ ਗੁਲਾਮੀ ਦੀ ਰਾਖੀ ਕਰਦੇ ਹਨ। ਜਦ ਕਿ ਮਾਰਕਸਵਾਦ ਨੇ ਇਸ ਗੁਲਾਮੀ ਖਿਲਾਫ ਬੇਕਿਰਕ ਜੰਗ ਦਾ ਐਲਾਨ ਕੀਤਾ ਹੈ। ਉਜਰਤੀ ਗੁਲਾਮੀ ਵਾਲੇ ਸਮਾਜ ਵਿਚ ਨਿਰਪੱਖ ਵਿਗਿਆਨ ਦੀ ਉਮੀਦ ਕਰਨਾ ਉਨ੍ਹਾਂ ਦੀ ਮੂਰਖਤਾਪੂਰਨ ਭੋਲਾਪਣ ਹੈ, ਜਿੰਨਾ ਮਿਲ ਮਾਲਕਾਂ ਤੋਂ ਇਸ ਸੁਆਲ ’ਤੇ ਨਿਰਪੱਖਤਾ ਦੀ ਆਸ ਕਰਨਾ ਕਿ ਕਿਉਂ ਨਾ ਪੂੰਜੀ ਦੇ ਮੁਨਾਫੇ ’ਚ ਕਮੀ ਕਰਕੇ ਮਜ਼ਦੂਰਾਂ ਦੀ ਮਜ਼ਦੂਰੀ ਵਧਾ ਦਿੱਤੀ ਜਾਵੇ। ਪਰ ਗੱਲ ਏਨੀ ਹੀ ਨਹੀਂ ਹੈ। ਦਰਸ਼ਨ ਸਾਸ਼ਤਰ ਦਾ ਇਤਿਹਾਸ ਪੂਰਨ ਸਪਸ਼ਟਤਾ ਦੇ ਨਾਲ ਪ੍ਰਗਟ ਕਰਦੇ ਹਨ ਕਿ ਮਾਰਕਸਵਾਦ ਅੰਦਰ “ਪੰਥ ਪ੍ਰਥਾ” ਵਰਗੀ ਕੋਈ ਚੀਜ਼ ਨਹੀਂ ਹੈ ਇਸ ਅਰਥ ਵਿਚ ਕਿ ਇਹ ਕੋਈ ਐਸਾ ਰੂੜੀਵਾਦ ਜੜ੍ਹਮਤ ਹੋਵੇ, ਜੋ ਵਿਸ਼ਵ ਸਭਿਅਤਾ ਦੇ ਵਿਕਾਸ ਦੇ ਮਾਰਗ ਤੋਂ ਹਟ ਕੇ ਕਿਧਰੇ ਵੱਖਰਾ ਪੈਦਾ ਹੋਇਆ ਹੋਵੇ। ਇਸ ਦੇ ਉਲਟ ਮਾਰਕਸ ਦੀ ਪ੍ਰਤਿਭਾ ਇਸ ਗੱਲ ’ਚ ਸਮੋਈ ਹੈ ਕਿ ਉਹਨਾਂ ਨੇ ਉਹਨਾਂ ਸੁਆਲਾਂ ਦੇ ਜੁਆਬ ਮੁਹਈਆ ਕਰਵਾਏ ਜਿਹਨਾਂ ਨੂੰ ਮਨੁੱਖ ਜਾਤੀ ਦੇ ਮੁੱਖ ਵਿਚਾਰਕ ਪਹਿਲਾਂ ਹੀ ਉਠਾ ਚੁੱਕੇ ਸਨ। ਦਰਸ਼ਨ ਸਾਸ਼ਤਰ ਰਾਜਸੀ ਅਰਥਸਾਸ਼ਤਰ ਤੇ ਸਮਾਜਵਾਦ ਦੇ ਮਹਾਨ ਨੁਮਾਇੰਦਿਆਂ ਦੀ ਸਿੱਖਿਆ ਦੇ ਸਾਹਮਣੇ ਤੇ ਸਿੱਧੇ ਕੰਮ ਵਜੋਂ ਹੀ ਉਨ੍ਹਾਂ ਦੀ ਸਿੱਖਿਆ ਦਾ ਜਨਮ ਹੋਇਆ। ਮਾਰਕਸ ਦੀ ਸਿੱਖਿਆ ਸਰਬ ਸ਼ਕਤੀਮਾਨ ਹੈ ਕਿਉਂਕਿ ਇਹ ਸੱਚ ਹੈ। ਇਹ ਵਿਆਪਕ ਤੇ ਸੁਸੰਗਤ ਹੈ ਅਤੇ ਮਨੁੱਖ ਨੂੰ ਇਕ ਅਜੇਹਾ ਅਖੰਡ ਵਿਸ਼ਵਦ੍ਰਿਸ਼ਟੀ ਕੋਣ ਮੁਹਈਆ ਕਰਦੀ ਹੈ ਜੋ ਕਿਸੀ ਵੀ ਕਿਸਮ ਦੇ ਅੰਧਵਿਸ਼ਵਾਸ਼, ਪਿਛਾਖੜੀ ਰੁਝਾਣ ਜਾਂ ਬੁਰਜੂਆ ਲੁਟ ਘਸੁੱਟ ਦੀ ਕਿਸੇ ਵੀ ਵਕਾਲਤ ਦੀ ਕੱਟੜ ਵਿਰੋਧੀ ਹੈ। ਉਨੀਵੀਂ ਸ਼ਤਾਬਦੀ ’ਚ ਜਰਮਨ ਦਰਸ਼ਨ ਸਾਸ਼ਤਰ, ਅੰਗਲ ਰਾਜਸੀ ਅਰਥਸਾਸ਼ਤਰ ਅਤੇ ਫ੍ਰਾਂਸੀਸੀ ਸਮਾਜਵਾਦ ਵਜੋਂ ਮਨੁੱਖ ਜਾਤੀ ਨੇ ਜੋ ਵੀ ਸਭ ਤੋਂ ਵਧੀਆ ਉਸਾਰਿਆ ਹੈ, ਮਾਰਕਸਵਾਦ ਉਹਨਾਂ ਦਾ ਕਾਨੂੰਨੀ ਵਾਰਸ ਹੈ।

ਮਾਰਕਸਵਾਦ ਦੇ ਇਹਨਾਂ ਤਿੰਨ ਸ੍ਰੋਤਾਂ ’ਤੇ ਜੋ ਨਾਲ ਹੀ ਉਸਦੇ ਅਨਿਖੜਵੇਂ ਅੰਗ ਵੀ ਹਨ। ਆਪਾਂ ਸੰਖੇਪ ’ਚ ਵਿਚਾਰ ਕਰਾਂਗੇ।

ਮਾਰਕਸਵਾਦ ਦਾ ਦਰਸ਼ਨ ਭੌਤਿਕਵਾਦ ਹੈ। ਯੂਰਪ ਦੇ ਪੂਰੇ ਅਧੁਨਿਕ ਇਤਿਹਾਸ ਵਿਚ ਅਤੇ ਵਿਸ਼ੇਸ਼ ਤੌਰ ’ਤੇ ਅਠਾਰਵੀਂ ਸ਼ਤਾਬਦੀ ਦੇ ਅੰਤ ’ਚ ਫਰਾਂਸ ਅੰਦਰ ਜਿੱਥੇ ਹਰ ਪ੍ਰਕਾਰ ਦੇ ਮੱਧਯੁੱਗੀ ਕਚਰਿਆਂ ਵਿਰੁੱਧ ਸੰਸਥਾਵਾਂ ਤੇ ਵਿਚਾਰਾਂ ’ਚ ਭੋਇੰ ਸੱਤਾ ਖਿਲਾਫ ਫੈਸਲਾਕੁੰਨ ਸੰਘਰਸ਼ ਚਲਾਇਆ ਗਿਆ। ਭੌਤਿਕਵਾਦ ਇਕੋ ਇਕ ਐਸਾ ਸੁਸੰਗਤ ਦਰਸ਼ਨ ਸਿੱਧ ਹੋਇਆ ਹੈ ਕਿ ਜੋ ਕੁਦਰਤੀ ਵਿਗਿਆਨਾਂ ਦੀਆਂ

ਸਾਰੀਆਂ ਸਿੱਖਿਆਵਾਂ ਦੀ ਕਸੌਟੀ 'ਤੇ ਖਰਾ ਉਤਰਿਆ ਅਤੇ ਅੰਧਵਿਸ਼ਵਾਸ਼, ਪਖੰਡ ਆਦਿ ਦਾ ਵਿਰੋਧੀ ਨਿਕਲਿਆ। ਇਸ ਲਈ ਜਮਹੂਰੀਅਤ ਦੇ ਦੁਸ਼ਮਣਾਂ ਨੇ ਭੌਤਿਕਵਾਦ ਦਾ 'ਖੰਡਨ ਕਰਕੇ" ਉਸ ਦੀ ਜੜ ਪੁਟਣ ਤੇ ਉਸ ਨੂੰ ਕਲੰਕਿਤ ਕਰਨ ਦੀ ਵਕਾਲਤ ਕੀਤੀ, ਜਿਸ ਦਾ ਅਰਥ ਹਮੇਸ਼ਾ ਕਿਸੇ ਨਾ ਕਿਸੇ ਰੂਪ 'ਚ ਧਰਮ ਦੀ ਵਕਾਲਤ ਜਾਂ ਉਸ ਦੀ ਹਮਾਇਤ ਹੁੰਦਾ ਹੈ।

ਮਾਰਕਸ ਤੇ ਏਂਗਲਜ਼ ਨੇ ਅਤੀਅੰਤ ਦ੍ਰਿੜਤਾਪੂਰਵਕ ਭੌਤਿਕਵਾਦੀ ਦਰਸ਼ਨ ਦੀ ਹਿਮਾਇਤ ਕੀਤੀ ਅਤੇ ਵਾਰ ਵਾਰ ਇਸ ਗੱਲ ਨੂੰ ਸਮਝਾਇਆ ਕਿ ਇਸ ਅਧਾਰ 'ਤੇ ਕਿਸੇ ਵੀ ਕਿਸਮ ਦੀ ਭੜਕਨ ਕਿੰਨੀ ਭਾਰੀ ਭੁੱਲ ਹੈ। ਉਹਨਾਂ ਦੇ ਵਿਚਾਰਾਂ ਦੀ ਬੇਹੱਦ ਸਪਸ਼ਟ ਤੇ ਪੂਰਨ ਵਿਆਖਿਆ ਏਂਗਲਜ਼ ਦੀ 'ਲੁਡਵਿਗ ਫਾਇਰਬਾਖ' ਅਤੇ 'ਡਊਹਰਿੰਗ ਮਤਖੰਡਨ' ਨਾਮਕ ਰਚਨਾਵਾਂ 'ਚ ਕੀਤੀ ਹੈ। ਜੋ 'ਕਮਿਊਨਿਸਟ ਐਲਾਨ ਨਾਮੇ' ਵਾਂਗੂੰ ਹੀ ਹਰ ਜਮਾਤੀ ਚੇਤਨ ਮਜ਼ਦੂਰ ਲਈ ਮਾਰਕਸਵਾਦ ਦੇ ਗੁਟਕੇ ਹਨ। ਪਰੰਤੂ ਮਾਰਕਸ ਅਠਾਰਵੀਂ ਸ਼ਤਾਬਦੀ ਦੇ ਭੌਤਿਕਵਾਦ 'ਤੇ ਆ ਕੇ ਰੁਕ ਨਹੀਂ ਗਏ, ਉਹਨਾਂ ਨੇ ਫਿਲਾਸਫੀ ਨੂੰ ਅੱਗੇ ਵਧਾਇਆ ਉਹਨਾਂ ਨੇ ਉਸੇ ਜਰਮਨ ਕਲਾਸਿਕ ਦਰਸ਼ਨ ਕੀਤੀ, ਖਾਸ ਤੌਰ 'ਤੇ : ਹੀਗਲ ਦੀ ਉਸ ਦਰਸ਼ਨ ਪ੍ਰਣਾਲੀ ਦੀਆਂ ਪ੍ਰਾਪਤੀਆਂ ਨਾਲ ਭਰਪੂਰ ਕੀਤਾ, ਜਿਸਦਾ ਸਿੱਟਾ ਫਾਇਰਬਾਖ ਦਾ ਭੌਤਿਕਵਾਦ ਸੀ। ਇਨਾ ਪ੍ਰਾਪਤੀਆਂ ਵਿਚ ਸਭ ਤੋਂ ਮੁੱਖ ਦਵੰਦਵਾਦ ਹੈ, ਭਾਵ ਆਪਣੇ ਪੂਰਨ ਤੇ ਇਕੱਲੇਪਣ ਤੋਂ ਆਜ਼ਾਦ ਤੌਰ 'ਤੇ ਵਿਕਾਸ ਦੀ ਸਿੱਖਿਆ, ਮਨੁੱਖੀ ਗਿਆਨ ਦੇ ਮੁਕਾਬਲਤਣ ਦੀ ਸਿੱਖਿਆ ਜਿਸ 'ਚ ਸਾਨੂੰ ਵਿਕਾਸ ਮਾਨ ਭੂਤ ਦਾ ਪ੍ਰਤੀਬਿੰਬ ਮਿਲਦਾ ਹੈ। ਬੁਰਜੂਆ ਫਿਲਾਸਫਰਾਂ ਦੀਆਂ ਸਿੱਖਿਆਵਾਂ ਦੇ ਬਾਵਜੂਦ ਜੋ "ਨਵੇਂ ਸਿਰੇ ਤੋਂ" ਪੁਰਾਣੇ ਤੇ ਸੜੇ ਹੋਏ ਭਾਵਵਾਦ ਵੱਲ ਮੁੜ ਰਹੇ ਹਨ, ਕੁਦਰਤੀ ਵਿਗਿਆਨ ਦੀਆਂ ਨਵੀਆਂ ਖੋਜਾਂ-ਰੇਡਿਅਮ, ਇਲੈਕਟ੍ਰਾਨ, ਮੂਲ ਤੱਤਾਂ ਦੇ ਰੂਪਾਂਤਰਣ-ਨਾਲ ਮਾਰਕਸ ਦੇ ਦਵੰਦਾਤਮਕ ਭੌਤਿਕਵਾਦ ਦੀ ਅਜੀਬ ਤੌਰ 'ਤੇ ਪੁਸ਼ਟੀ ਹੋਈ ਹੈ। ਮਾਰਕਸ ਨੇ ਭੌਤਿਕਵਾਦੀ ਦਰਸ਼ਨ ਨੂੰ ਪੂਰੀ ਡੂੰਘਾਈ ਦਿੱਤੀ ਤੇ ਪੂਰੀ ਤਰ੍ਹਾਂ ਵਿਕਸਤ ਕੀਤਾ ਅਤੇ ਉਸ ਦੇ ਕੁਦਰਤੀ ਪ੍ਰਸੰਗ ਨੂੰ ਮਨੁੱਖੀ ਸਮਾਜ ਦੇ ਪ੍ਰਸੰਗ 'ਚ ਲਾਗੂ ਕੀਤਾ। ਮਾਰਕਸ ਦਾ ਇਤਿਹਾਸਕ ਭੌਤਿਕਵਾਦ ਵਿਗਿਆਨਕ ਚਿੰਤਨ ਦੀ ਮਹਾਨ ਪ੍ਰਾਪਤੀ ਸੀ। ਪਹਿਲਾਂ ਇਤਿਹਾਸ ਤੇ ਰਾਜਨੀਤੀ ਨਾਲ ਸਬੰਧਤ ਵਿਚਾਰਾਂ ਦੇ ਖੇਤਰ ਵਿਚ ਜੋ ਗੜਬੜ ਤੇ ਮਾਨਮਾਨੀ ਫੈਲੀ ਹੋਈ ਸੀ ਉਸ ਦੀ ਥਾਂ 'ਤੇ ਹੈਰਾਨੀਜਨਕ ਰੂਪ 'ਚ ਪੂਰਨ ਤੇ ਲੜੀਬੱਧ ਵਿਗਿਆਨਕ ਸਿਧਾਂਤ ਦੀ ਸਥਾਪਨਾ ਹੋਈ ਜੋ ਦਸਦਾ ਹੈ ਕਿ ਕਿਸ ਤਰ੍ਹਾਂ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਸਿੱਟੇ ਵਜੋਂ ਸਮਾਜਕ ਜੀਵਨ ਦੀ ਇਕ ਵਿਵਸਥਾ ਵਿਚੋਂ ਇਕ ਪਾਸੇ ਉਚਤਮ ਵਿਵਸਥਾ ਦਾ ਵਿਕਾਸ ਹੁੰਦਾ ਹੈ-ਉਦਾਹਰਣ ਵਜੋਂ ਭੂ-ਦਾਸ ਵਿਵਸਥਾ ਵਿਚੋਂ ਕਿਸ ਤਰ੍ਹਾਂ ਪੂੰਜੀਵਾਦੀ ਵਿਵਸਥਾ ਵਿਕਸਤ ਹੁੰਦੀ ਹੈ। ਜਿਸ ਪ੍ਰਕਾਰ ਮਨੁੱਖ ਦਾ ਪ੍ਰਸੰਗ ਉਸ ਤੋਂ ਆਜ਼ਾਦ ਹੋਂਦ ਵਾਲੀ ਕੁਦਰਤ ਭਾਵ ਵਿਕਾਸਮਾਨ ਭੂਤਦ੍ਰਵ ਨੂੰ ਪ੍ਰਤੀਬਿੰਬਤ ਕਰਦਾ ਹੈ, ਉਸ ਪ੍ਰਕਾਰ ਮਨੁੱਖ ਦਾ ਸਮਾਜਕ ਪ੍ਰਸੰਗ (ਭਾਵ ਉਸ ਦੇ ਵਿਵਿਧ ਵਿਚਾਰ ਤੇ ਮਤ ਦਾਰਸ਼ਨਿਕ, ਧਾਰਮਕ, ਰਾਜਨੀਤਕ ਆਦਿ) ਸਮਾਜ ਆਰਥਕ ਵਿਵਸਥਾ ਨੂੰ ਪ੍ਰਤੀਬਿੰਬਤ ਕਰਦਾ ਹੈ। ਰਾਜਸੀ ਸੰਸਥਾਵਾਂ ਆਰਥਿਕ ਨੀਂਹ 'ਤੇ ਖੜਾ ਉਪਰੀ ਢਾਂਚਾ ਹੁੰਦਾ ਹੈ। ਮਿਸਾਲ ਵਜੋਂ ਅਸੀਂ ਵੇਖਦੇ ਹਾਂ

ਕਿ ਅਧੁਨਿਕ ਯੂਰਪੀ ਰਾਜਾਂ ਦੇ ਵੱਖ-ਵੱਖ ਰਾਜਸੀ ਰੂਪ ਪ੍ਰੋਲੇਤਾਰੀ ਜਮਾਤ 'ਤੇ ਬੁਰਜੂਆ ਜਮਾਤ ਦੇ ਦਾਬੇ ਨੂੰ ਦ੍ਰਿੜ ਬਣਾਉਣ ਦੇ ਕੰਮ ਆਉਂਦੇ ਹਨ। ਮਾਰਕਸ ਦਾ ਦਰਸ਼ਨ ਭੌਤਿਕਵਾਦੀ ਦਰਸ਼ਨ ਦਾ ਪੂਰਾ ਨਿਖਰਿਆ ਹੋਇਆ ਰੂਪ ਹੈ, ਜਿਸ ਨੇ ਮਨੁੱਖ ਜਾਤੀ ਨੂੰ ਵਿਸ਼ੇਸ਼ ਤੌਰ 'ਤੇ ਮਜ਼ਦੂਰ ਜਮਾਤ ਨੂੰ ਸ਼ਕਤੀਸ਼ਾਲੀ ਸਾਧਨ ਮੁਹਈਆ ਕੀਤੇ ਹਨ। ਇਸ ਗੱਲ ਨੂੰ ਮੰਨ ਲੈਣ ਪਿਛੋਂ ਕਿ ਆਰਥਕ ਪ੍ਰਬੰਦ ਹੀ ਉਹ ਨੀਂਹ ਹੁੰਦੀ ਹੈ ਜਿਸ 'ਤੇ ਰਾਜਸੀ ਉਪਰੀ ਢਾਂਚਾ ਖੜਾ ਹੁੰਦਾ ਹੈ। ਮਾਰਕਸ ਨੇ ਸਭ ਤੋਂ ਵੱਧ ਧਿਆਨ ਇਸ ਆਰਥਿਕ ਵਿਵਸਥਾ ਦੀ ਪੜਾਈ 'ਚ ਲਾਇਆ। ਮਾਰਕਸ ਦੀ ਮੁੱਖ ਰਚਨਾ "ਪੂੰਜੀ" ਅਧੁਨਿਕ ਪੂੰਜੀਵਾਦੀ ਸਮਾਜ ਦੀ ਆਰਥਕ ਵਿਵਸਥਾ ਦੇ ਹੀ ਅਧਿਐਨ ਨੂੰ ਅਰਪਿਤ ਹੈ। ਮਾਰਕਸ ਤੋਂ ਪਹਿਲਾਂ ਕਲਾਸਕੀ ਰਾਜਸੀ ਅਰਥਸਾਸ਼ਤਰ ਦੀ ਉਤਪਤੀ ਇੰਗਲੈਂਡ 'ਚ ਹੋਈ ਸੀ, ਜੋ ਪੂੰਜੀਵਾਦੀ ਦੇਸ਼ਾਂ 'ਚ ਸਭ ਤੋਂ ਉਨਤ ਦੇਸ਼ ਸੀ। ਏਡਮਸਿਮਥ ਤੇ ਡੇਵਿਡ ਰਿਕਾਰਡਾਂ ਨੇ ਆਰਥਕ ਵਿਵਸਥਾ ਦੇ ਵਿਸ਼ੇ 'ਚ 'ਮੁੱਲ ਦੇ ਕਿਰਤ-ਸਿਧਾਂਤ' ਦੀ ਨੀਂਹ ਰੱਖੀ। ਮਾਰਕਸ ਨੇ ਉਹਨਾਂ ਦੇ ਕੰਮ ਨੂੰ ਹੋਰ ਅੱਗੇ ਵਧਾਇਆ ਉਹਨਾਂ ਨੇ ਇਸ ਸਿਧਾਂਤ ਨੂੰ ਪ੍ਰਮਾਣਿਤ ਕੀਤਾ ਅਤੇ ਉਸ ਨੂੰ ਸੁਸੰਗਤ ਤੌਰ 'ਤੇ ਵਿਕਸਤ ਕੀਤਾ। ਉਹਨਾਂ ਨੇ ਸਿੱਧ ਕਰ ਦਿੱਤਾ ਕਿ ਹਰ ਵਸਤੂ ਦਾ ਮੁੱਲ ਇਸ ਗੱਲ ਨਾਲ ਨਿਰਧਾਰਿਤ ਹੁੰਦਾ ਹੈ ਕਿ ਉਸ ਦੇ ਉਤਪਾਦਨ 'ਚ ਸਮਾਜਕ ਨਜ਼ਰੀਏ ਨਾਲ ਕਿੰਨਾ ਜ਼ਰੂਰੀ ਕਿਰਤ-ਸਮਾਂ ਲਾਇਆ ਗਿਆ ਹੈ।

ਬੁਰਜੂਆ ਅਰਥ ਸਾਸ਼ਤਰੀਆਂ ਨੇ ਜਿਥੇ ਵਸਤੂਆਂ ਦੇ ਆਪਸੀ ਸਬੰਧ (ਇਕ ਵਸਤੂ ਦੇ ਬਦਲੇ ਦੂਜੀ ਵਸਤੂ ਦਾ ਵਟਾਂਦਰਾ) ਨੂੰ ਵੇਖਿਆ ਸੀ, ਜਿਥੇ ਮਾਰਕਸ ਨੇ ਮਨੁੱਖਾਂ ਦੇ ਆਪਸੀ ਸਬੰਧ ਦਾ ਭੇਦ ਖੋਹਲਿਆ। ਵਸਤਾਂ ਦਾ ਵਟਾਂਦਰਾ ਮੰਡੀ ਰਾਹੀਂ ਵੱਖ ਵੱਖ ਉਤਪਾਦਕਾਂ ਦੇ ਆਪਸੀ ਸੰਬੰਧ ਨੂੰ ਜਾਹਰ ਕਰਦਾ ਹੈ। ਮੁਦਰਾ ਇਸ ਗੱਲ ਦੀ ਵਾਹਕ ਹੈ ਕਿ ਇਹ ਸੰਬੰਧ ਨਿਰੰਤਰ ਸੰਘਣਾ ਹੁੰਦਾ ਜਾ ਰਿਹਾ ਹੈ ਅਤੇ ਵੱਖ-ਵੱਖ ਉਤਪਾਦਕਾਂ ਦੇ ਸਮੁੱਚੇ ਆਰਥਕ ਜੀਵਨ ਨੂੰ ਇਕ ਰੂਪ ਨਾਲ ਬੰਨ੍ਹ ਰਿਹਾ ਹੈ। ਪੂੰਜੀ ਇਸ ਸੰਬਧ ਦੇ ਵਿਕਾਸ ਦੀ ਅਗਲੀ ਮੰਜ਼ਿਲ ਹੈ : ਮਨੁੱਖ ਦੀ ਕਿਰਤ ਸ਼ਕਤੀ ਇਕ ਵਸਤੂ ਬਣ ਜਾਂਦੀ ਹੈ। ਉਜਰਤੀ ਮਜ਼ਦੂਰ ਆਪਣੀ ਕਿਰਤ ਸ਼ਕਤੀ ਨੂੰ ਭੂਮੀ, ਕਾਰਖਾਨੇ ਤੇ ਕਿਰਤ ਦੇ ਸਾਧਨਾਂ ਦੇ ਮਾਲਕ ਦੇ ਹੱਥ ਵੇਚ ਦਿੰਦਾ ਹੈ। ਮਜ਼ਦੂਰ ਕਾਰਜ ਦਿਵਸ ਦਾ ਇੱਕ ਭਾਗ ਖੁਦ ਆਪਣੇ ਅਤੇ ਆਪਣੇ ਪ੍ਰੀਵਾਰ ਦੇ ਪਾਲਣ ਪੋਸ਼ਣ ਦੇ ਖਰਚੇ ਦੀ ਪੂਰਤੀ ਲਈ ਵਰਤਦਾ ਹੈ। (ਮਜ਼ਦੂਰੀ) ਅਤੇ ਦਿਨ ਦੇ ਬਾਕੀ ਭਾਗ 'ਚ ਇਹ ਬਿਨਾ ਮੇਹਨਤ ਦੇ ਮਜ਼ਦੂਰੀ ਕਰਦਾ ਹੈ ਜੋ ਪੂੰਜੀਪਤੀ ਜਮਾਤ ਦੇ ਲਈ ਬੇਸ਼ੀ ਮੂਲ ਦਾ ਨਿਰਮਾਨ ਕਰਦਾ ਹੈ ਅਤੇ ਇਸ ਤਰ੍ਹਾਂ ਪੂੰਜੀਪਤੀ ਲਈ ਮੁਨਾਫੇ ਦਾ ਸਰੋਤ, ਜਾਇਦਾਦ ਦਾ ਸਰੋਤ ਹੈ। ਬੇਸ਼ੀ ਮੁੱਲ ਦੀ ਸਿੱਖਿਆ ਮਾਰਕਸ ਦੇ ਆਰਥਿਕ ਸਿਧਾਂਤ ਦੀ ਅਧਾਰ ਸਿਲਾ (ਨੀਂਹ ਪੱਥਰ) ਹੈ। ਮਜ਼ਦੂਰਾਂ ਦੀ ਮੇਹਨਤ ਨਾਲ ਪੈਦਾ ਕੀਤੀ ਗਈ ਪੂੰਜੀ ਮਜ਼ਦੂਰ ਨੂੰ ਕੁਚਲਦੀ ਹੈ। ਛੋਟੇ ਛੋਟੇ ਮਾਲਕਾਂ ਨੂੰ ਤਬਾਹ ਕਰਕੇ ਬੇਰੁਜ਼ਗਾਰਾਂ ਦੀ ਕਤਾਰ ਖੜੀ ਕਰ ਦਿੰਦੀ ਹੈ। ਉਦਯੋਗ ਦੇ ਖੇਤਰ ਵਿਚ ਵੱਡੇ ਪੈਮਾਨੇ ਦੀ ਪੈਦਾਵਾਰ ਦੀ ਜਿੱਤ ਤੁਰੰਤ ਸਪਸ਼ਟ ਹੋ ਜਾਂਦੀ ਹੈ। ਪਰ ਖੇਤੀ ਵਿਚ ਵੀ ਅਸੀਂ ਇਹੀ ਅਮਲ ਵੇਖਦੇ ਹਾਂ: ਵੱਡੇ ਪੈਮਾਨੇ ਦੀ ਪੂੰਜੀਵਾਦੀ ਖੇਤੀ ਦੀ ਉਚਤਾ ਵਧਦੀ ਜਾਂਦੀ ਹੈ, ਮਸ਼ੀਨਾਂ ਦੀ ਵਰਤੋਂ ਵਧਦੀ ਜਾਂਦੀ ਹੈ। ਕਿਸਾਨ ਅਰਥਚਾਰੇ ਦੇ ਗਲੇ 'ਚ ਮੁਦਰਾ ਪੂੰਜੀ ਦਾ ਫੰਦਾ

ਪੈ ਜਾਂਦਾ ਹੈ ਅਤੇ ਆਪਣੀ ਪਿਛੜੀ ਹੋਈ ਕ੍ਰਿਆ ਦੇ ਬੋਝ ਹੇਠਾਂ ਉਸ ਨੂੰ ਖੋਰਾ ਲੱਗਣ ਲਗਦਾ ਹੈ। ਇਹ ਤਬਾਹ ਹੋ ਜਾਂਦੀ ਹੈ। ਖੇਤੀ ਦੇ ਛੋਟੇ ਪੱਧਰ ਦੀ ਪੈਦਾਵਾਰ ਦਾ ਖੋਰਾ ਵੱਖ ਰੂਪ ਧਾਰਨ ਕਰਦਾ ਹੈ ਪਰ ਖੁਦ ਖੋਰਾ ਇਕ ਵਿਵਾਦਰਹਿਤ ਤੱਥ ਹੈ।

ਛੋਟੀ ਪੱਧਰ ਦੀ ਪੈਦਾਵਾਰ ਦੀ ਤਬਾਹੀ ਕਰਕੇ ਪੂੰਜੀ ਕਿਰਤ ਦੀ ਉਤਪਾਦਿਤਾ ’ਚ ਵਾਧਾ ਕਰਦੀ ਹੈ ਅਤੇ ਵੱਡੇ ਤੋਂ ਵੱਡੇ ਪੂੰਜੀਪਤੀਆਂ ਦੇ ਸੰਗਠਨਾਂ ਲਈ ਇਜ਼ਾਰੇਦਾਰੀ ਦੀ ਸਥਿਤੀ ਪੈਦਾ ਕਰਦੀ ਹੈ। ਪੈਦਾਵਾਰ ਖੁਦ ਵੱਡਾ ਸਮਾਜਕ ਰੂਪ ਧਾਰਨ ਕਰ ਜਾਂਦੀ ਹੈ। ਲੱਖਾਂ-ਕਰੋੜਾਂ ਮਜ਼ਦੂਰ ਇਕ ਵਿਉਂਤਬੱਧ ਆਰਥਕ ਸੰਗਠਨ ’ਚ ਇਕ ਦੂਜੇ ਨਾਲ ਬੰਨ ਜਾਂਦੇ ਹਨ ਪਰ ਇਸ ਸਮੂਹਕ ਕਿਰਤ ਰਾਹੀਂ ਪੈਦਾ ਵਸਤੂਆਂ ਦੀ ਮੁਠੀਭਰ ਪੂੰਜੀਪਤੀ ਹੜੱਪ ਲੈਂਦੇ ਹਨ। ਪੈਦਾਵਾਰ ਦੀ ਅਰਾਜਕਤਾ, ਸੰਕਟ, ਮੰਡੀਆਂ ਦੇ ਬੇਤਹਾਸ਼ਾ ਤਲਾਸ਼ ਤੇ ਜਨ ਸਾਧਾਰਨ ਦੀ ਜੀਵਨ-ਜਾਂਚ ’ਚ ਬੇਯਕੀਨੀ ਵਧਦੀ ਜਾਂਦੀ ਹੈ।

ਪੂੰਜੀ ’ਤੇ ਮਜ਼ਦੂਰਾਂ ਦੀ ਨਿਰਭਰਤਾ ਨੂੰ ਵਧਾਉਣ ਦੇ ਨਾਲ ਹੀ ਪੂੰਜੀਵਾਦੀ ਪ੍ਰਣਾਲੀ ਸਮੂਹ ਬੱਧ ਕਿਰਤ ਦੀ ਮਹਾਨ ਸ਼ਕਤੀ ਨੂੰ ਜਨਮ ਦਿੰਦੀ ਹੈ। ਮਾਲ ਪੈਦਾਵਾਰ ’ਤੇ ਅਧਾਰਤ ਅਰਥਚਾਰੇ ਦੇ ਪਹਿਲੇ ਅੰਕੁਰਾਂ ਸੰਬੰਧੀ, ਸਾਧਾਰਨ ਵਟਾਂਦਰੇ ਕਾਰਨ ਮਾਰਕਸ ਨੇ ਪੂੰਜੀਵਾਦ ਦੇ ਵਿਕਾਸਕ੍ਰਮ ਦਾ ਉਸ ਦੇ ਉਚਤਮ ਰੂਪ ਅਰਥਾਤ ਵੱਡੇ ਪੈਮਾਨੇ ਦੀ ਪੈਦਾਵਾਰ ਤਕ ਪਤਾ ਲਾਇਆ ਅਤੇ ਪੁਰਾਣੇ ਤੇ ਨਵੇਂ ਸਭ ਪੂੰਜੀਵਾਦੀ ਦੇਸ਼ਾਂ ਦਾ ਅਨੁਭਵ ਸਾਲ ਦਰ ਸਾਲ ਮਜ਼ਦੂਰਾਂ ਦੇ ਸਾਹਮਣੇ ਮਾਰਕਸ ਦੀ ਇਸ ਸਿੱਖਿਆ ਦੇ ਸੱਚ ਨੂੰ ਸਪੱਸ਼ਟ ਤੌਰ ’ਤੇ ਪ੍ਰਦਰਸ਼ਿਤ ਕਰਦਾ ਜਾ ਰਿਹਾ ਹੈ। ਪੂੰਜੀਵਾਦ ਦੇ ਸਾਰੇ ਸੰਸਾਰ ’ਚ ਜਿੱਤ ਹਾਸਲ ਕਰ ਲਈ ਹੈ, ਪਰ ਇਹ ਜਿੱਤ ਪੂੰਜੀ ’ਤੇ ਕਿਰਤ ਦੀ ਜਿੱਤ ਦੀ ਸਿਰਫ ਭੂਮਿਕਾ ਹੀ ਹੈ। ਜਦ ਭੂ-ਦਾਸ ਪ੍ਰਣਾਲੀ ਦਾ ਤਖਤਾ ਪਲਟ ਦਿੱਤਾ ਗਿਆ ਅਤੇ ਇਸ ਨੂੰ ਧਰਤੀ ’ਤੇ “ਆਜ਼ਾਦ” ਪੂੰਜੀਵਾਦੀ ਸਮਾਜ ਦਾ ਉਦੈ ਹੋਇਆ ਤਦ ਇਹ ਗੱਲ ਤੁਰੰਤ ਸਪਸ਼ਟ ਹੋ ਗਈ ਕਿ ਇਸ ਆਜ਼ਾਦੀ ਦਾ ਅਰਥ ਮਜ਼ਦੂਰਾਂ ਦੀ ਲੁੱਟ ਖਸੁੱਟ ਤੇ ਜਬਰ ਦੀ ਇਕ ਨਵੀਂ ਪ੍ਰਣਾਲੀ ਹੈ। ਇਸ ਲੁੱਟ ਖਸੁੱਟ ਦੇ ਪ੍ਰਤੀਬਿੰਬ ਵਜੋਂ ਅਤੇ ਇਸ ਦੇ ਵਿਰੋਧ ’ਚ ਫੌਰਨ ਵੱਧ ਵੱਖ ਤਰਾਂ ਦੇ ਸਮਾਜਵਾਦੀ ਵਿਚਾਰ ਜਨਮ ਲੈਣ ਲੱਗੇ। ਪਰ ਸ਼ੁਰੂਆਤੀ ਸਮਾਜਵਾਦ ਕਲਪਨਿਕ ਸਮਾਜਵਾਦ ਸੀ। ਇਹ ਪੂੰਜੀਵਾਦੀ ਸਮਾਜ ਦੀ ਅਲੋਚਨਾ ਕਰਦਾ ਸੀ, ਉਸ ਦੀ ਨਿੰਦਾ ਕਰਦਾ ਸੀ ਅਤੇ ਉਸ ਨੂੰ ਕੋਸਦਾ ਸੀ, ਇਹ ਉਸ ਦੇ ਵਿਨਾਸ਼ ਦੇ ਸੁਪਨੇ ਦੇਖਦਾ ਸੀ। ਇਕ ਬੇਹਤਰ ਪ੍ਰਬੰਦ ਦੀ ਸੁਖੀ ਕਲਪਨਾ ਕਰਦਾ ਸੀ ਅਤੇ ਧਨੀ ਲੋਕਾਂ ਨੂੰ ਲੁੱਟ ਦੀ ਅਨੈਤਿਕਤਾ ਦਾ ਕਾਇਲ ਕਰਨ ਦਾ ਯਤਨ ਕਰਦਾ ਸੀ ਪਰ ਕਲਪਨਿਕ ਸਮਾਜਵਾਦ ਅਸਲ ਹੱਲ ਦਾ ਨਿਰਦੇਸ਼ ਨਹੀਂ ਕਰ ਸਕਿਆ। ਉਹਨਾਂ ਤਾਂ ਪੂੰਜੀਵਾਦ ਦੇ ਤਹਿਤ ਉਜਰਤੀ ਗੁਲਾਮੀ ਦੇ ਅਸਲੀ ਰੂਪ ਦੀ ਵਿਆਖਿਆ ਕਰ ਸਕਿਆ ਨਾ ਉਸ ਦੇ ਵਿਕਾਸ ਦੇ ਨਿਯਮਾਂ ਦਾ ਪਤਾ ਹੀ ਲਾ ਸਕਿਆ ਅਤੇ ਨਾ ਹੀ ਸਮਾਜਿਕ ਸ਼ਕਤੀ ਵੱਲ ਸੰਕੇਤ ਕਰ ਸਕਿਆ। ਜੋ ਇਕ ਨਵੇਂ ਸਮਾਜ ਦੀ ਰਚਨਾ ਕਰਨ ਦੀ ਸਮਰਥਾ ਰੱਖਦੀ ਹੈ। ਇਸ ਦੌਰਾਨ ਜਾਗੀਰਦਾਰੀ ਤੇ ਭੌਇੰਗੁਲਾਮ ਪ੍ਰਣਾਲੀ ਦੇ ਪਤਨ ਨਾਲ ਯੂਰਪ ਭਰ ਵਿਚ ਅਤੇ ਵਿਸ਼ੇਸ਼ ਤੌਰ ’ਤੇ ਫਰਾਂਸ ਵਿਚ ਜੋ ਤੂਫਾਨੀ ਇਨਕਲਾਬ ਹੋਏ। ਉਹਨਾਂ ਨਾਲ ਇਹ ਗੱਲ ਸਪਸ਼ਟ ਹੁੰਦੀ ਗਈ ਕਿ ਸਮੁੱਚੇ ਵਿਕਾਸ ਦਾ ਅਧਾਰ ਅਤੇ ਉਸ ਦੀ ਪ੍ਰੇਰਕ ਸ਼ਕਤੀ

ਜਮਾਤੀ ਸੰਘਰਸ਼ ਹੈ।

ਜਾਗੀਰਦਾਰੀ ਜਮਾਤ 'ਤੇ ਰਾਜਸੀ ਆਜ਼ਾਦੀ ਦੀ ਇਕ ਵੀ ਜਿੱਤ ਐਸੀ ਨਹੀਂ ਸੀ ਜੋ ਘੋਰ ਪ੍ਰਤੀਰੋਧ ਦਾ ਮੁਕਾਬਲਾ ਕੀਤੇ ਬਿਨਾਂ ਹਾਸਲ ਕੀਤੀ ਗਈ ਹੋਵੇ। ਇਕ ਵੀ ਪੂੰਜੀਵਾਦੀ ਦੇਸ਼ ਅਜਿਹਾ ਨਹੀਂ ਹੈ, ਜੋ ਪੂੰਜੀਵਾਦੀ ਸਮਾਜ ਦੇ ਵੱਖ ਵੱਖ ਵਰਗਾਂ ਵਿਚਕਾਰ ਜ਼ਿੰਦਗੀ ਤੇ ਮੌਤ ਦੀ ਲੜਾਈ ਬਿਨਾ ਆਜ਼ਾਦ ਤੇ ਜਮਹੂਰੀ ਅਧਾਰ 'ਤੇ ਵਿਕਸਤ ਹੋਇਆ ਹੋਵੇ।

ਮਾਰਕਸ ਦੀ ਪ੍ਰਤਿਭਾ ਇਸ ਗੱਲ 'ਚ ਹੈ ਕਿ ਉਹ ਪਹਿਲੇ ਬੰਦੇ ਸਨ ਜਿਹਨਾਂ ਨੇ ਇਸ ਤੋਂ ਇਹ ਸਿੱਟਾ ਕੱਢਿਆ, ਜੋ ਵਿਸ਼ਵ ਇਤਿਹਾਸ ਸਾਨੂੰ ਸਿਖਾਉਂਦਾ ਹੈ ਅਤੇ ਸੁਸੰਗਤ ਰੂਪ ਨਾਲ ਇਸ ਸਿੱਟੇ ਨੂੰ ਲਾਗੂ ਕੀਤਾ। ਇਹ ਸਿੱਟਾ ਜਮਾਤੀ ਸੰਘਰਸ਼ ਦੀ ਸਿੱਖਿਆ ਹੈ। ਲੋਕ ਰਾਜਨੀਤੀ 'ਚ ਹਮੇਸ਼ਾ ਛਲ ਤੇ ਆਤਮ ਪ੍ਰਵੰਚਨਾ ਦੇ ਨਾਦਾਨ ਸ਼ਿਕਾਰ ਹੋਏ ਹਨ ਅਤੇ ਉਦੋਂ ਤਕ ਹੁੰਦੇ ਰਹਿਣਗੇ ਜਦ ਤਕ ਉਹ ਸਾਰੇ ਨੈਤਿਕ, ਧਾਰਮਿਕ, ਰਾਜਸੀ ਤੇ ਸਮਾਜਕ ਕਥਨਾ ਐਲਾਨਾ ਤੇ ਵਾਅਦਿਆਂ ਪਿਛੇ ਕਿਸੇ ਨਾ ਕਿਸੇ ਜਮਾਤ ਦੇ ਹਿੱਤਾਂ ਦਾ ਪਤਾ ਲਾਉਣਾ ਨਹੀਂ ਸਿੱਖਣਗੇ। ਸੁਧਾਰਾਂ ਤੇ ਬੇਹਤਰੀ ਦੇ ਸਮਰਥਕ ਜਦ ਤਕ ਇਹ ਨਹੀਂ ਸਮਝ ਲੈਣਗੇ ਕਿ ਹਰ ਪੁਰਾਣੀ ਸੰਸਥਾ, ਉਹ ਕਿੰਨੀ ਹੀ ਬੇਰਹਿਮ ਤੇ ਸੜੀ ਹੋਈ ਕਿਉਂ ਨਾ ਲਗਦੀ ਹੋਵੇ, ਕਿੰਨਾ ਹਾਕਮ ਜਮਾਤਾਂ ਦੇ ਬਲਬੂਤੇ 'ਤੇ ਕਾਇਮ ਰਹਿੰਦੀ ਹੈ, ਤਦ ਤੱਕ ਪੁਰਾਣੀ ਵਿਵਸਥਾ ਦੇ ਰੱਖਿਅਕ ਉਹਨਾਂ ਨੂੰ ਬੇਵਕੂਫ ਬਣਾਉਂਦੇ ਰਹਿਣਗੇ ਅਤੇ ਇਹਨਾਂ ਵਰਗਾਂ ਦੇ ਵਿਰੋਧ ਨੂੰ ਚਕਨਾਚੂਰ ਕਰਨ ਦਾ ਸਿਰਫ ਇਕ ਤਰੀਕਾ ਹੈ, ਉਹ ਇਹ ਹੈ ਕਿ ਜਿਸ ਸਮਾਜ 'ਚ ਅਸੀਂ ਰਹਿ ਰਹੇ ਹਾਂ ਉਸ ਵਿਚ ਉਹਨਾਂ ਸ਼ਕਤੀਆਂ ਦਾ ਪਤਾ ਲਾਈਏ ਤੇ ਉਹਨਾਂ ਨੂੰ ਸੰਘਰਸ਼ ਲਈ ਜਾਗਰਤ ਤੇ ਸੰਗਠਿਤ ਕਰੀਏ। ਜੋ ਪੁਰਾਣੇ ਨੂੰ ਤਹਿਸਨਹਿਸ ਕਰਕੇ ਨਵੇਂ ਦਾ ਨਿਰਮਾਣ ਕਰਨ 'ਚ ਸਮਰਥ ਹੋ ਸਕਦਾ ਹੈ ਅਤੇ ਜਿਹਨਾਂ ਨੂੰ ਆਪਣੀ ਸਮਾਜਕ ਸਥਿਤੀ ਕਾਰਨ ਸਮਰਥ ਹੋਣਾ ਚਾਹੀਦਾ ਹੈ। ਕੇਵਲ ਮਾਰਕਸ ਦੇ ਭੌਤਿਕਵਾਦੀ ਦਰਸ਼ਨ ਨੇ ਹੀ ਮਜ਼ਦੂਰ ਵਰਗ ਨੂੰ ਉਸ ਆਤਮਕ ਕਾਸਤਾਂ ਤੋਂ ਮੁਕਤੀ ਹਾਸਲ ਕਰਨ ਦਾ ਰਾਹ ਵਿਖਾਇਆ ਹੈ। ਜਿਸ 'ਚ ਸਭ ਪੀੜਤ ਜਮਾਤਾਂ ਹੁਣ ਤਕ ਸਿਸਕਦੀਆਂ ਹੋਈਆਂ ਆਪਣੇ ਦਿਨ ਕੱਟ ਰਹੀਆਂ ਹਨ। ਕੇਵਲ ਮਾਰਕਸ ਦੇ ਆਰਥਿਕ ਸਿਧਾਂਤ ਨੇ ਹੀ ਪੂੰਜੀਵਾਦ ਦੀ ਆਮ ਵਿਵਸਥਾ 'ਚ ਮਜ਼ਦੂਰ ਵਰਗ ਦੀ ਅਸਲੀ ਸਥਿਤੀ ਦੀ ਵਿਆਖਿਆ ਕੀਤੀ ਹੈ।

ਅਮਰੀਕਾ ਤੋਂ ਲੈ ਕੇ ਜਾਪਾਨ ਤਕ ਅਤੇ ਸਵੀਡਨ ਤੋਂ ਲੈ ਕੇ ਦੱਖਣੀ ਅਫਰੀਕਾ ਤਕ ਸਾਰੇ ਸੰਸਾਰ 'ਚ ਮਜ਼ਦੂਰ ਜਮਾਤ ਦੇ ਅਜ਼ਾਦ ਸੰਗਠਨਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਆਪਣੇ ਜਮਾਤੀ ਸੰਘਰਸ਼ ਚਲਾ ਕੇ ਮਜ਼ਦੂਰ ਵਰਗ ਜਾਗਰਿਤ ਤੇ ਸਿੱਖਿਅਤ ਹੋ ਰਿਹਾ ਹੈ। ਬੁਰਜੂਆ ਸਮਾਜ ਦੇ ਪੁਰਾਣੇ ਗ੍ਰਹਿਆਂ ਤੋਂ ਮੁਕਤ ਹੋ ਰਿਹਾ ਹੈ, ਆਪਣੇ ਆਪ ਨੂੰ ਹੋਰ ਵੀ ਇਕਜੁੱਟ ਕਰ ਰਿਹਾ ਹੈ ਅਤੇ ਆਪਣੀਆਂ ਸਫਲਤਾਵਾਂ ਨੂੰ ਅੰਗਣਾ ਸਿਖਦਾ ਜਾ ਰਿਹਾ ਹੈ। ਉਹ ਆਪਣੀਆਂ ਸ਼ਕਤੀਆਂ ਨੂੰ ਫੌਲਾਦੀ ਬਣਾ ਰਿਹਾ ਹੈ।

# ਮਈ ਦਿਨ ਤੇ ਭਾਰਤ ਦੀ ਮਜ਼ਦੂਰ ਜਮਾਤ

ਯੂਰਪੀ ਸਮੂਹ ਈਸਾਈ ਧਰਮ ਦੀ ਸਥਾਪਨਾ ਦੇ ਪਹਿਲਾਂ ਤੋਂ ਹੀ ਇਕ ਮਈ ਨੂੰ ਆਪਣਾ ਇਕ ਸੁਹਾਵਣਾ ਤਿਉਹਾਰ ਮਨਾਉਂਦਾ ਹੁੰਦਾ ਸੀ। ਯੂਰਪ 'ਚ ਗਰਮੀ ਦੀ ਸ਼ੁਰੂਆਤ ਮਈ ਤੋਂ ਹੁੰਦੀ ਹੈ। ਯੂਰਪ ਦੇ ਅਨੇਕਾਂ ਪਿੰਡਾਂ ਵਿਚ ਇਸ ਮੌਕੇ 'ਤੇ ਮਈ ਰਾਨੀ ਦਾ ਨਿਰਵਾਚਨ ਹੁੰਦਾ ਹੈ। ਕੁਦਰਤ ਆਪਣੇ ਪੂਰੇ ਸ਼ਿੰਗਾਰ ਦੇ ਨਾਲ ਮਨ-ਮੋਹਣੇ ਕ੍ਰਿਤ ਸ਼ੁਰੂ ਕਰਨ ਲੱਗਦੀ ਹੈ।

ਕੌਮਾਂਤਰੀ ਮਜ਼ਦੂਰ ਵਰਗ ਨੇ ਕੁਦਰਤ ਦੀ ਇਸ ਸੁਸ਼ਮਾ ਦੇ ਦਿਨ ਨੂੰ ਕੌਮਾਂਤਰੀ ਇਕਜੁਟਤਾ ਤੇ ਕਿਰਤ ਦਿਵਸ ਵਜੋਂ ਅਪਣਾਇਆ ਸੀ। ਇਕ ਨੌਜਵਾਨ ਅਮਰੀਕੀ ਮਜ਼ਦੂਰ ਸੰਗਠਨ ਅਮਰੀਕੀ ਮਜ਼ਦੂਰ ਫੈਡਰੇਸ਼ਨ ਨੇ ਸਭ ਤੋਂ ਪਹਿਲਾਂ ਕੰਮ ਦੇ ਅੱਠ ਘੰਟੇ, ਮਨੋਰੰਜਨ ਤੇ ਪੜ੍ਹਾਈ ਦੇ ਅੱਠ ਘੰਟੇ ਅਤੇ ਆਰਾਮ ਦੇ ਅੱਠ ਘੰਟੇ ਦੀ ਮੰਗ ਸੂਚਨਾਬੰਧ ਕੀਤੀ ਸੀ। ਇਸ ਸੰਗਠਨ ਨੇ 7 ਅਕਤੂਬਰ 1884 ਨੂੰ ਇਕ ਪ੍ਰਸਤਾਵ ਰਾਹੀਂ ਇਹ ਮੰਗ ਕੀਤੀ ਕਿ 1 ਮਈ 1886 ਤੋਂ 8 ਘੰਟੇ ਦੇ ਕੰਮ ਦਿਨ ਰਾਹੀਂ ਵਿਉਂਤਬੱਧ ਢੰਗ ਨਾਲ ਸ਼ੁਰੂ ਕੀਤੀ ਜਾਵੇ।

19ਵੀਂ ਸਦੀ ਦੇ ਨੌਵੇਂ ਦਹਾਕੇ 'ਚ ਅਮਰੀਕੀ ਉਦਯੋਗਾਂ ਦਾ ਭਾਰੀ ਵਿਸਤਾਰ ਹੋਇਆ। 1873 ਦੀ ਮੰਦੀ ਪਿੱਛੋਂ ਹਰ ਦਸ ਸਾਲਾਂ ਪਿੱਛੋਂ ਮੰਦੀ ਆਉਂਦੀ ਰਹੀ। ਇਸ ਅਰਸੇ ਦੌਰਾਨ ਕੰਮ ਦੇ ਘੰਟੇ ਘੱਟ ਕਰਨ ਲਈ ਤੇ ਬੇਰੁਜ਼ਗਾਰੀ ਤੇ ਅਸਹਿ ਸਥਿਤੀ ਵਿਰੁੱਧ ਮਜ਼ਦੂਰ ਅੰਦੋਲਨ ਫੈਲਣਾ ਸ਼ੁਰੂ ਹੋਇਆ। 1889 ਵਿਚ ਮੱਧ ਹਰ ਸਾਲ ਔਸਤਨ 500 ਹੜਤਾਲਾਂ ਤੇ ਤਾਲਾਬੰਦੀਆਂ ਹੋਈਆਂ ਅਤੇ ਔਸਤਨ ਢੇਡ ਲੱਖ ਮਜ਼ਦੂਰਾਂ ਨੇ ਇਨ੍ਹਾਂ 'ਚ ਹਿੱਸਾ ਲਿਆ। 1885 'ਚ 700 ਹੜਤਾਲਾਂ ਹੋਈਆਂ ਤੇ ਹੜਤਾਲੀ ਮਜ਼ਦੂਰਾਂ ਦੀ ਗਿਣਤੀ ਢਾਈ ਲੱਖ ਹੋ ਗਈ। 1886 'ਚ ਹੜਤਾਲਾਂ ਦੀ ਗਿਣਤੀ ਦੁੱਗਣੀ ਹੋ ਕੇ 1572 ਹੋ ਗਈ ਤੇ ਹੜਤਾਲੀ ਮਜ਼ਦੂਰਾਂ ਦੀ ਗਿਣਤੀ ਛੇ ਲੱਖ ਹੋ ਗਈ।

ਹੜਤਾਲਾਂ ਦਾ ਕੇਂਦਰ ਸ਼ਿਕਾਗੋ ਸੀ ਪਰ ਇਹ ਨਿਊਯਾਰਕ, ਬਾਲਟੀਮੋਰ, ਵਸਿੰਗਟਨ ਤੇ ਸੈਂਟ ਲੁਈਸ, ਪੀਟਰਸਬਰਗ ਆਦਿ ਤੱਕ ਫੈਲ ਚੁੱਕਿਆ ਸੀ। ਅਮਰੀਕਾ ਦਾ ਕਮਿਊਨਿਸਟ ਪਾਰਟੀ ਦੇ ਪ੍ਰਧਾਨ ਕਾ. ਵਿਡਿਅਮ ਜੈਡ ਫਾਸਟਰ ਨੇ ਆਪਣੀ ਪ੍ਰਸਿੱਧ ਪੁਸਤਕ 'ਵਿਸ਼ਵ ਟ੍ਰੇਡ ਯੂਨੀਅਨ ਅੰਦੋਲਨ ਦਾ ਇਤਿਹਾਸ' 'ਚ ਇਹ ਲਿਖਿਆ ਹੈ-

"ਇਕ ਮਈ 1886 ਦੀ ਹੜਤਾਲ 'ਚ ਤਿੰਨ ਲੱਖ ਪੰਜਾਹ ਹਜ਼ਾਰ ਮਜ਼ਦੂਰਾਂ ਨੇ ਹਿੱਸਾ ਲਿਆ ਜਿਸ ਦਾ ਮੁੱਖ ਕੇਂਦਰ ਸ਼ਿਕਾਗੋ ਸੀ। ਇਥੇ ਯੂਨੀਅਨਾਂ ਵਿਚ ਖੱਬੇਪੱਖੀ ਪ੍ਰਭਾਵ ਮਜ਼ਬੂਤ ਸੀ। ਲਗਭਗ ਇਕ ਲੱਖ 85 ਹਜ਼ਾਰ ਮਜ਼ਦੂਰਾਂ ਨੇ ਜੋ ਵਿਸ਼ੇਸ਼ ਤੌਰ 'ਤੇ ਨਿਰਮਾਣ ਕੰਮ 'ਚ ਸਨ, 8 ਘੰਟੇ ਦੇ ਕੰਮ ਦੇ ਦਿਨ ਦੀ ਮੰਗ ਜਿੱਤ ਲਈ। ਇਸ ਹੜਤਾਲ ਦਾ ਮਜ਼ਦੂਰ ਅੰਦੋਲਨ ਨੂੰ ਅੱਗੇ ਵਧਾਉਣ 'ਚ ਸ਼ਾਨਦਾਰ ਪ੍ਰਭਾਵ ਪਿਆ। ਅਨੇਕਾਂ ਯੂਨੀਅਨਾਂ ਦਾ ਜਨਮ ਇਸ ਸੰਘਰਸ਼ ਦੇ ਸ਼ੁਰੂ ਨਾਲ ਹੋਇਆ ਹੈ। ਇਸ ਨਾਲ ਅਮਰੀਕਾ ਕ੍ਰਿਤ ਫੈਡਰੇਸ਼ਨ ਦਾ ਚੜ੍ਹਾਅ ਉਸ ਭਿਅੰਕਰ ਸੰਘਰਸ਼ 'ਚ ਯਕੀਨੀ ਹੋ ਗਿਆ ਜੋ ਉਨ੍ਹੀਂ ਦਿਨੀਂ ਜਥੇਬੰਦੀਆਂ ਤੇ ਕਿਰਤ ਦੇ ਸਰਦਾਰਾਂ (ਰਾਈਟਸ ਆਫ ਲੇਬਰ) ਦੇ

ਵਿਚਕਾਰ ਹੋ ਰਿਹਾ ਸੀ। ਇਸ ਮਹਾਨ ਸੰਘਰਸ ਨੇ ਕੌਮਾਂਤਰੀ ਮਈ ਦਿਨ ਨੂੰ ਵੀ ਜਨਮ ਦਿੱਤਾ। ਇਸੇ ਦਿਨ 1889 'ਚ ਪੈਰਿਸ 'ਚ ਦੂਜੀ ਇੰਟਰਨੈਸ਼ਨਲ ਨੂੰ ਸਥਾਪਤ ਕਰਨ ਲਈ ਕਾਂਗਰਸ ਜਥੇਬੰਦ ਹੋਈ ਅਤੇ ਇਸ ਲਈ ਉਸ ਦਿਨ ਨੂੰ ਵਿਸ਼ਵ ਦੇ ਮਜ਼ਦੂਰਾਂ ਦੇ ਤਿਉਹਾਰ ਵਜੋਂ ਮਾਨਤਾ ਦਿੱਤੀ ਗਈ।

1886 'ਚ ਜੋ ਇਹ ਵੱਡੀ ਆਮ ਹੜਤਾਲ ਹੋਈ, ਉਸ ਨਾਲ ਔਖੇ ਹੋ ਕੇ ਪੂੰਜੀਵਾਦ ਨੇ ਮਜ਼ਦੂਰ ਵਰਗ ਖਿਲਾਫ਼ ਬੇਹੱਦ ਘ੍ਰਿਣਤ ਅਪਰਾਧ ਕੀਤਾ। 4 ਮਈ ਨੂੰ ਸ਼ਿਕਾਗੋ ਦੀ ਹੇ-ਮਾਰਕਿਟ ਵਿਚ ਮੈਕੋਰਮਿਕ ਹਾਰਵੈਸਟਰ ਕਾਰਖਾਨੇ 'ਚ ਛੇ ਹੜਤਾਲੀਆਂ ਦੀ ਪਿੱਛੇ ਜਿਹੇ ਹੋਈ ਬੇਰਹਿਮ ਹੱਤਿਆ ਦੇ ਵਿਰੋਧ 'ਚ ਆਯੋਜਿਤ ਸਭਾ 'ਚ ਕੁਝ ਅਗਿਆਤ ਲੋਕਾਂ ਨੇ ਇਕ ਬੰਬ ਸੁੱਟ ਦਿੱਤਾ ਜਿਸ 'ਚ ਸੱਤ ਪੁਲਸੀਏ ਤੇ 4 ਮਜ਼ਦੂਰ ਮਾਰੇ ਗਏ ਤੇ ਕਈ ਜਖ਼ਮੀ ਹੋ ਗਏ। ਪੁਲਸ ਨੇ ਅਨੇਕਾਂ ਮਜ਼ਦੂਰ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਹ ਅਰਾਜਕਤਾਵਾਦੀ ਸਿੰਡੀਕੋਲਿਸਟ ਸਨ। ਇਸ ਝੂਠੇ ਮੁਕੱਦਮੇ ਦਾ ਬਦਲਾਲਊ ਤੇ ਸੰਗਠਿਤ ਢੰਗ ਨਾਲ ਬੇਇਨਸਾਫ਼ੀ ਪੂਰਨ ਮੁਹਿੰਮ ਚਲਾਉਣ ਪਿੱਛੋਂ ਪਾਰਸੰਸ, ਸਪਾਈਸ ਫਿਸ਼ਰ ਤੇ ਏਂਜਲਕੋ ਨੂੰ 11 ਨਵੰਬਰ 1888 ਨੂੰ ਫਾਂਸੀ ਦੇ ਦਿੱਤੀ ਗਈ ਅਤੇ ਵੀਨੇ, ਸੁਚਾਵ ਤੇ ਫੀਲਡੇਨ ਨੂੰ ਲੰਬੀ ਕੈਦ ਕੀਤੀ ਗਈ। ਲਿੰਗ ਕਾਲ ਕੋਠੜੀ 'ਚ ਮਾਰੇ ਗਏ ਜਿਸ ਨੂੰ ਪੁਲਸ ਨੇ ਆਤਮ ਹੱਤਿਆ ਦੱਸਿਆ। ਇਸ ਤਰ੍ਹਾਂ ਅਦਾਲਤ ਅਮਰੀਕਾ ਦੇ ਮਜ਼ਦੂਰ ਅੰਦੋਲਨ ਨੂੰ ਖਤਮ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ 'ਚ ਗਦਾਰਾਂ ਤੇ ਜਲਾਦਾਂ ਦੀ ਪੱਧਰ ਤੇ ਉਤਰ ਆਈ। ਮਜ਼ਦੂਰ ਜਗਤ ਨੇ ਇਸ ਜਾਬਰ ਘਟਨਾ ਵਿਰੁੱਧ ਆਵਾਜ਼ ਬੁਲੰਦ ਕੀਤੀ।

14 ਜੁਲਾਈ 1989 ਨੂੰ ਪੈਰਿਸ 'ਚ ਦੂਜੀ ਇੰਟਰਨੈਸ਼ਨਲ ਦੀ ਸਥਾਪਨਾ ਸਮੇਂ 1789 ਦੀ ਫ੍ਰਾਂਸੀਸੀ ਕ੍ਰਾਂਤੀ ਦੇ ਸ਼ਤਾਬਤੀ ਸਮਾਰੋਹ ਨੂੰ ਮਨਾਉਂਦੇ ਹੋਇਆ, ਜੋ ਦੂਸਰਾ ਮੁੱਖ ਫ਼ੈਸਲਾ ਲਿਆ ਉਹ ਸੀ-ਸਭ ਦੇਸ਼ਾਂ ਵਿਚ ਮਜ਼ਦੂਰ ਵਰਗ ਦੇ ਕੌਮਾਂਤਰੀ ਦਿਵਸ ਵਜੋਂ ਮਈ ਦਿਵਸ ਮਨਾਉਣ ਦੀ ਸ਼ੁਰੂਆਤ ਕਰਨੀ ਜਿਸ ਦਾ ਉਦੇਸ਼ 8 ਘੰਟੇ ਦੇ ਕੰਮ ਦਾ ਦਿਨ ਸੀ। ਕਮਿਊਨਿਸਟ ਐਲਾਨਨਾਮ ਦੇ ਜਰਮਨ ਐਡੀਸ਼ਨ ਦੀ ਨਵੀਂ ਪ੍ਰਸਤਾਵਨਾ 'ਚ ਇਕ ਮਈ 1890 ਦੇ ਵਿਸ਼ੇ ਸੰਬੰਧੀ ਏਂਗਲਜ਼ ਲਿਖਦੇ ਹਨ-

"ਦੁਨੀਆਂ ਦੇ ਮਜ਼ਦੂਰੋਂ ਇਕ ਹੋ ਜਾਓ ਪਰ ਜਦ ਅਸੀਂ ਲੋਕਾਂ (ਮਾਰਕਸ ਤੇ ਏਂਗਲਜ਼) ਨੇ ਇਸ ਦਾ ਐਲਾਨ ਦੁਨੀਆਂ 'ਚ 42 ਸਾਲ ਪਹਿਲਾਂ ਕੀਤੀ ਸੀ ਤਾਂ ਕੁਝ ਹੀ ਲੋਕਾਂ ਨੇ ਅਨੁਕੂਲ ਪ੍ਰਤੀਕ੍ਰਿਆ ਜ਼ਾਹਿਰ ਕੀਤੀ ਸੀ। ਅੱਜ ਜਦ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਉਸ ਸਮੇਂ ਯੂਰਪੀ ਤੇ ਅਮਰੀਕੀ ਪ੍ਰੋਲੇਤਾਰੀ ਆਪਣੀਆਂ ਜੁਝਾਰੂ ਤਾਕਤਾਂ ਨੂੰ ਨਵੇਂ ਸਿਰੇ ਤੋਂ ਲਾਮਬੰਦ ਕਰ ਰਿਹਾ ਹੈ। ਇਹ ਇਕ ਫੋਰੀ ਮਕਸਦ ਲਈ ਇਕ ਝੰਡੇ ਹੇਠਾਂ ਇਕ ਫੌਜ਼ ਵਜੋਂ ਲਾਮਬੰਦ ਹੈ। ਉਹ ਮਕਸਦ ਹੈ-ਕਾਨੂੰਨ ਪਾਸ ਕਰਕੇ 8 ਘੰਟੇ ਦਾ ਪ੍ਰਮਾਣਿਕ ਕਾਰਜ ਦਿਵਸ ਲਾਗੂ ਕਰਨਾ ਜਿਵੇਂ ਕਿ 1866 'ਚ ਇੰਟਰਨੈਸ਼ਨਲ ਦੀ ਜਨੇਵਾ ਕਾਂਗਰਸ ਨੇ ਐਲਾਨ ਕੀਤਾ ਸੀ ਅਤੇ 1889 'ਚ ਪੈਰਿਸ ਵਿਚ ਆਯੋਜਿਤ ਮਜ਼ਦੂਰਾਂ ਦੀ ਕਾਂਗਰਸ ਨੇ ਮੁੜ ਐਲਾਨ ਕੀਤਾ ਸੀ। ਅੱਜ ਦਾ ਚਮਤਕਾਰ ਸਭ ਦੇਸ਼ਾਂ ਦੇ ਪੂੰਜੀਪਤੀਆਂ ਦੇ ਜ਼ਿੰਮੀਦਾਰਾਂ ਦੀਆਂ ਅੱਖਾਂ ਇਸ ਤੱਥ ਪ੍ਰਤੀ ਖੋਲ੍ਹ ਦੇਵੇਗਾ ਕਿ ਅੱਜ ਸਾਰੇ ਦੇਸ਼ਾਂ ਦੇ ਮਿਹਨਤਕਸ਼ ਲੋਕ ਸੱਚਮੁੱਚ ਇਕਜੁੱਟ ਹਨ। ਕਿੰਨਾ ਚੰਗਾ ਹੁੰਦਾ ਜੇ ਅੱਜ ਮਾਰਕਸ ਮੇਰੇ ਨਾਲ ਆਪਣੇ ਅੱਖੀਂ ਦੇਖਣ ਲਈ ਜਿਉਂਦੇ ਹੁੰਦੇ।"

ਲੈਨਿਨ ਨੇ ਬਹੁਤ ਪਹਿਲਾਂ ਹੀ 1896 ਵਿਚ ਸਭ ਤੋਂ ਪਹਿਲਾਂ ਮਈ ਦਿਨ ਦੀ ਮੁੱਖ ਮੰਗ ਨੂੰ ਯਾਨੀ 8 ਘੰਟੇ ਦੇ ਕੰਮ ਦਾ ਦਿਨ ਨੂੰ ਇਕ ਛੋਟੇ ਐਲਾਨ ਨਾਮੇ ’ਚ ਬੁਲੰਦ ਕੀਤਾ ਸੀ ਜੋ ਸੈੱਟ ਪੀਟਰਸਬਰਗ ’ਚ ਪ੍ਰਕਾਸ਼ਿਤ ਹੋਇਆ ਸੀ। ਉਸ ਅਨੁਸਾਰ ਮਈ ਦਿਨ ਆਜ਼ਾਦੀ ਲਈ ਰਾਜਸੀ ਸੰਘਰਸ਼ ਦਾ ਪ੍ਰਤੀਕ ਸੀ ਜੋ ਲਾਜ਼ਮੀ ਹੀ ਲਗਾਤਾਰ ਜਾਰੀ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਲਈ ਮਈ ਦਿਵਸ ਪ੍ਰੋਲੇਤਾਰੀ ਜਮਾਤ ਵਜੋਂ ਅੱਗੇ ਵੱਧਣ ਦਾ ਸੂਚਕ ਸੀ ਜਿਸ ਦੀ ਪ੍ਰਣਿਤੀ ਲਾਜ਼ਮੀ ਹੀ ਸਮਾਜਵਾਦ ਵਾਸਤੇ ਸੰਘਰਸ਼ ਵਿਚ ਅਤੇ ਉਸ ਦੀ ਅੰਤਿਮ ਜਿੱਤ ਵਿਚ ਹੋਵੇਗੀ।

ਅੱਜ ਸਾਰੀ ਦੁਨੀਆਂ ਦਾ ਮਜ਼ਦੂਰ ਮਈ ਦਿਵਸ ਨੂੰ ਵੱਡੇ ਪੈਮਾਨੇ ’ਤੇ ਮੰਨਦਾ ਹੈ। ਵਿਸ਼ਵ ਪ੍ਰੋਲੇਤਾਰੀ ਇਸ ਦਿਨ ਇਸ ਗੱਲ ਦਾ ਲੇਖਾ ਜੋਖਾ ਕਰਦਾ ਹੈ ਕਿ ਉਸ ਨੇ ਕਿੰਨੀ ਪ੍ਰਗਤੀ ਕੀਤੀ ਹੈ।

# ਮਈ ਦਿਨ ਤੇ ਮਜ਼ਦੂਰ ਜਮਾਤ ਦਾ ਸੰਘਰਸ਼

ਭਾਰਤ ’ਚ ਉਪਨਿਵੇਸ਼ਵਾਦ ਦਾ ਆਰੰਭ 1757 ’ਚ ਪਾਲਸੀ ਦੇ ਯੁੱਧ ’ਚ ਬ੍ਰਿਟੇਨ ਦੀ ਜਿੱਤ ਨਾਲ ਹੋਇਆ ਸੀ। ਜਿਸ ਈਸਟ ਇੰਡੀਆ ਕੰਪਨੀ ਨੇ ਇਹ ਲੜਾਈ ਜਿੱਤੀ ਸੀ ਉਹ ਮੁੱਠੀਭਰ ਕੁਲੀਨ ਲੋਕਾਂ ਦੀ ਅਜ਼ਾਰੇਦਾਰੀ ਸੀ। ਜੋ ਇੰਗਲੈਂਡ ਦੇ ਅਰਥਤੰਤਰ ’ਤੇ 1640-88 ਦੀ ਬੁਰਜੂਆ ਕ੍ਰਾਂਤੀ ਪਿੱਛੋਂ ਹਾਵੀ ਹੋਈ ਸੀ। ਭਾਰਤ ਵਿਚ ਸ਼ੁਰੂ ਸ਼ੁਰੂ ਵਿਚ ਪੂੰਜੀਵਾਦ ਦੀ ਸ਼ੁਰੂਆਤ ਈਸਟ ਇੰਡੀਆ ਕੰਪਨੀ ਦੀ ਭਾਰਤ ’ਤੇ ਬਸਤੀਵਾਦੀ ਹਕੂਮਤ ਦੇ ਸਿੱਟੇ ਵਜੋਂ ਪ੍ਰਤੱਖ ਤੌਰ ’ਤੇ ਬੰਗਾਲ, ਬੰਬਈ ਤੇ ਮਦਰਾਸ ’ਚ ਹੋਈ ਸੀ।

ਪਰ ਸਾਨੂੰ ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਕਿ 1707 ਵਿਚ ਸਮਰਾਟ ਅੰਗਰੇਜ਼ ਦੀ ਮੌਤ ਨਾਲ ਮੁਗਲ ਸਾਮਰਾਜ ਦੇ ਪਤਨ ਸਮੇਂ ਕੁਝ ਮਾਤਰਾ ’ਚ ਵਪਾਰਕ ਪੂੰਜੀ ਦਾ ਵਿਕਾਸ ਹੋ ਚੁੱਕਿਆ ਸੀ। ਇਸ ਵਿਸ਼ੇ ’ਤੇ ਰਜਨੀ ਪਾਮ ਦੱਤ ਲਿਖਦੇ ਹਨ:-

“ਮੁਗਲ ਸਾਮਰਾਜ ਦੇ ਪਤਨ ਪਿੱਛੋਂ 18ਵੀਂ ਸਦੀ ਵਿਚ ਜਿੰਨਾ ਅੰਦਰੂਨੀ ਯੁੱਧਾਂ ਨੇ ਭਾਰਤ ਨੂੰ ਗ੍ਰਸ ਲਿਆ ਸੀ ਉਹ ਅੰਦਰੂਨੀ ਉਭਾਰ ਦਾ ਸੂਚਕ ਸੀ.....ਜੋ ਪੁਰਾਣੀ ਵਿਵਸਥਾ ਦੇ ਟੁੱਟਣ ਲਈ ਲਾਜ਼ਮੀ ਸੀ ਤੇ ਵਿਕਾਸ ਦੇ ਆਮ ਮਾਰਗ ਨਾਲ ਪੂੰਜੀਵਾਦੀ ਸੱਤਾ ਦੇ ਉਭਾਰ ਦਾ ਰਾਹ ਤਿਆਰ ਕਰ ਰਿਹਾ ਸੀ ਜਿਸ ਦਾ ਆਧਾਰ ਭਾਰਤੀ ਸਮਾਜ ’ਚ ਅੱਗੇ ਵੱਧਦੇ ਹੋਏ ਵਪਾਰੀਆਂ, ਜਹਾਜ਼ਰਾਨੀ ਤੇ ਵਟਾਂਦਰਾ ਕਰਨ ਨਾਲ ਸਬੰਧਤ ਹੁੰਦੇ ਸਨ। ਪਰ ਇਸ ਸੰਕਟਪੂਰਨ ਸਮੇਂ ਵਿਚ ਉਨ੍ਹਾਂ ਦੀ ਅਣਦੇਖੀ ਵੱਧ ਵਿਕਸਤ ਯੂਰਪੀ ਪੂੰਜੀਪਤੀਆਂ ਦੇ ਨੁਮਾਇੰਦਿਆਂ ਦੇ ਹਮਲੇ ਨੇ ਆਪਣੇ ਤਕਨੀਕੀ ਤੇ ਸੈਨਿਕ ਉਪਕਰਣਾਂ ਨਾਲ ਤੇ ਸਮਾਜਿਕ-ਰਾਜਸੀ ਗੱਠਜੋੜ ਦੇ ਨਾਲ ਵਿਕਾਸ ਦੇ ਇਸ ਆਮ ਮਾਰਗ ਨੂੰ ਨਸ਼ਟ ਕਰਕੇ ਉਸ ਨਤੀਜੇ ਤੇ ਪਹੁੰਚਾ ਦਿੱਤਾ ਜਿਸ ਨਾਲ ਕਿ ਭਾਰਤ ’ਚ ਪੁਰਾਣੇ ਪ੍ਰਬੰਧ ਦੇ ਟੁੱਟਣ ਨਾਲ ਪੂੰਜੀਵਾਦੀ ਹਕੂਮਤ ਕਾਇਮ ਹੋ ਗਈ ਸੀ। ਉਹ ਪੁਰਾਣੇ ਪ੍ਰਬੰਧ ਦੇ ਖਾਤਮੇ ਅੰਦਰ ਵਿਕਸਤ ਹੋਣ ਵਾਲਾ ਭਾਰਤੀ ਪੂੰਜੀਪਤੀਆਂ ਦੀ ਹਕੂਮਤ ਨਹੀਂ ਸੀ ਬਲਕਿ ਉਨ੍ਹਾਂ ਸਾਮਰਾਜੀ (ਵਿਦੇਸ਼ੀ) ਪੂੰਜੀਪਤੀਆਂ ਦੀ ਹਕੂਮਤ ਸੀ ਜਿਸ ਨੇ ਪੁਰਾਣੇ ਸਮਾਜ ’ਤੇ ਆਪਣੇ ਆਪ ਨੂੰ ਜ਼ਬਰਦਸਤੀ ਲੱਦ ਦਿੱਤਾ ਸੀ ਅਤੇ ਉੱਭਰਦੇ ਭਾਰਤੀ ਪੂੰਜੀਪਤੀ ਜਮਾਤ ਦੇ ਅੰਕੁਰ ਨੂੰ ਨਸ਼ਟ ਕਰ ਦਿੱਤਾ ਸੀ। ਇਹ ਗੱਲ ਭਾਰਤੀ ਵਿਕਾਸ ਦੀ ਦੁਖਦਾਈ ਸਥਿਤੀ ਹੈ ਜੋ ਉਸ ਤੋਂ ਬਾਅਦ ਵਿਦੇਸ਼ੀ ਪੂੰਜੀਪਤੀਆਂ ਦੇ ਫਾਇਦੇ ਵਾਸਤੇ ਰੁਕ ਗਿਆ ਸੀ ਜਾਂ ਰੁੰਡ-ਮਰੁੰਡ ਨੁਕਸਦਾਰ ਸਮਾਜਕ ਵਿਕਾਸ ਬਣ ਗਿਆ”

***ਸਨਅਤੀ ਮਜ਼ਦੂਰ ਜਮਾਤ ਦਾ ਵਿਕਾਸ :-***

1931 ਦੀ ਜਨਗਣਤਾ ਰੀਪੋਰਟ ਅਨੁਸਾਰ “ਭਾਰਤ ਦੀ ਜੋ ਆਬਾਦੀ ਹੈ, ਉਸ ਦੇ ਲਿਹਾਜ ਨਾਲ ਸੰਗਠਿਤ ਕਿਰਤ ’ਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਗਿਣਤੀ ਕਾਫੀ ਘੱਟ ਹੈ ਅਤੇ ਬ੍ਰਿਟਿਸ਼ ਭਾਰਤ ਵਿਚ ਅਦਾਰਿਆਂ ’ਚ ਜਿਨ੍ਹਾਂ ’ਚ ਫੈਕਟਰੀ ਕਾਨੂੰਨ

ਲਾਗੂ ਹੁੰਦਾ ਹੈ, ਕੰਮ ਕਰਨ ਵਾਲੇ ਮਜ਼ਦੂਰਾਂ ਦੀ ਦੈਨਿਕ ਔਸਤ ਗਿਣਤੀ 1553169......ਹੈ।

1921 'ਚ ਭਾਰਤ 'ਚ ਬਾਗਾਂ, ਖਾਣਾਂ, ਉਦਯੋਗ ਤੇ ਟਰਾਂਸਪੋਰਟ 'ਚ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ 2, 42, 39, 555 ਸੀ, ਜਿਸ ਵਿਚ 10 ਜਾਂ ਉਸ ਤੋਂ ਵੱਧ ਕਰਮਚਾਰੀਆਂ ਵਾਲੇ ਗਠਿਤ ਅਦਾਰਿਆਂ 'ਚ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ 26,85,909 ਸੀ।

"ਉਸੇ ਸਿਰਲੇਖ ਤਹਿਤ 1931 'ਚ ਕੁਲ ਗਿਣਤੀ 261,87,689 ਦਰਜ ਸੀ ਅਤੇ ਉਸ ਕਿਸਮ ਦੇ ਅਦਾਰਿਆਂ 'ਚ ਉਸੀ ਕਿਸਮ ਦੇ ਮਜ਼ਦੂਰਾਂ ਦਾ ਅਨੁਪਾਤ ਵੇਖਿਆ ਜਾਏ ਤਾਂ ਉਨ੍ਹਾਂ ਦੀ ਗਿਣਤੀ ਹੁਣ 2901776 ਹੋਵੇਗੀ"।

# ਸਾਮਰਾਜੀ ਫੌਜੀ ਗਠਜੋੜ ਨਾਟੋ

ਸਾਮਰਾਜੀ ਫੌਜੀ ਗਠਜੋੜ ਨਾਟੋ ਦੀ ਸਥਾਪਨਾ ਅਮਰੀਕੀ ਸਾਮਰਾਜੀਆਂ ਦੀ ਅਗਵਾਈ ’ਚ 1949 ’ਚ ਹੋਈ ਸੀ। ਸ਼ੁਰੂ ਸ਼ੁਰੂ ਵਿਚ ਇਸ ਵਿਚ 12 ਦੇਸ਼ ਸ਼ਾਮਲ ਸਨ। ਜਿਨ੍ਹਾਂ ਵਿਚ ਅਮਰੀਕਾ, ਬ੍ਰਿਟੇਨ, ਫਰਾਂਸ, ਕੈਨੇਡਾ, ਇਟਲੀ ਮੁਖ ਦੇਸ਼ ਸਨ। ਇਹ ਉਹ ਸਮਾਂ ਸੀ ਜਦ ਪੂਰੀ ਦੁਨੀਆਂ ਵਿਚ ਕਮਿਊਨਿਸਟ ਅੰਦੋਲਨ ਅੱਗੇ ਵੱਧ ਰਿਹਾ ਸੀ। ਸੋਵੀਅਤ ਸੰਘ ਤੋਂ ਪਿੱਛੋਂ ਪੂਰਬੀ ਯੂਰਪ ’ਚ ਕਈ ਦੇਸ਼ਾਂ ਵਿਚ ਮਜ਼ਦੂਰ ਜਮਾਤ ਦੀ ਅਗਵਾਈ ’ਚ ਸੱਤਾ ਕਾਇਮ ਹੋ ਚੁੱਕੀਆਂ ਸਨ। ਚੀਨ ਵਿਚ ਮਜ਼ਦੂਰ ਜਮਾਤ ਦੀ ਅਗਵਾਈ ’ਚ ਸਾਮਰਾਜੀਆਂ ਅਤੇ ਉਨ੍ਹਾਂ ਦੇ ਦਲਾਲਾਂ ਨੂੰ ਮੂੰਹ ਦੀ ਖਾਣੀ ਪੈ ਰਹੀ ਸੀ। ਇਸ ਦੇ ਨਾਲ ਸਾਮਰਾਜੀ ਦੇਸ਼ਾਂ, ਫਰਾਂਸ, ਇਟਲੀ ਵਿਚ ਕਮਿਊਨਿਸਟ ਅੰਦੋਲਨ ਵਧ ਰਿਹਾ ਸੀ। ਇਸ ਦੇ ਨਾਲ ਸਾਮਰਾਜੀਆਂ ਦਾ ਸਾਹ ਫੁੱਲ ਰਿਹਾ ਸੀ। ਇਸ ਦੇ ਨਾਲ ਸਾਰੀਆਂ ਬਸਤੀਆਂ ’ਚ ਅਜ਼ਾਦੀ ਲਈ ਲੜਾਈ ਅੱਗੇ ਵਧ ਰਹੀ ਸੀ। ਵਧਦੇ ਕਮਿਊਨਿਸਟ ਅੰਦੋਲਨ ਖਿਲਾਫ਼ ਅਮਰੀਕੀ ਸਾਮਰਾਜੀਆਂ ਦੀ ਅਗਵਾਈ ’ਚ ਨਾਟੋ (ਨਾਰਥ ਐਟਲਾਟਿਕ ਸੰਧੀ ਸੰਗਠਨ) ਦੇਸ਼ਾਂ ਵਿਚ ਸਾਮਰਾਜੀਆਂ ਨੇ ਫੌਜੀ ਗਠਜੋੜ ਦੀ ਸਥਾਪਨਾ ਕੀਤੀ। 1952 ’ਚ ਇਸ ਵਿਚ ਗ੍ਰੀਸ, ਤੁਰਕੀ ਤੇ 1955 ’ਚ ਪੱਛਮੀ ਜਰਮਨੀ ਨੂੰ ਸ਼ਾਮਲ ਕੀਤਾ ਗਿਆ। 1982 ’ਚ ਸਪੇਨ ਇਸ ਵਿਚ ਸ਼ਾਮਲ ਹੋ ਗਿਆ। ਅੱਜਕੱਲ ਇਸ ਦੇ 28 ਦੇਸ਼ ਮੈਂਬਰ ਹਨ।

ਦੂਜੇ ਸੰਸਾਰ ਯੁੱਧ ਵਿਚ ਅਮਰੀਕੀ ਸਾਮਰਾਜੀ ਬਹੁਤ ਵੱਡੀ ਤਾਕਤ ਵਜੋਂ ਉਭਰ ਕੇ ਸਾਹਮਣੇ ਆਏ ਸਨ। ਦੂਜੀ ਸੰਸਾਰ ਜੰਗ ਯੂਰਪ ਦੀ ਧਰਤੀ ’ਤੇ ਹੀ ਲੜੀ ਗਈ ਸੀ। ਇਸ ਯੁੱਧ ’ਚ ਯੂਰਪ ਦੀਆਂ ਸਾਰੀਆਂ ਸਾਮਰਾਜੀ ਤਾਕਤਾਂ ਬੁਰੀ ਤਰ੍ਹਾਂ ਮਧੋਲੀਆਂ ਗਈਆਂ ਸਨ। ਇਸ ਹਾਲਾਤ ਵਿਚ ਅਮਰੀਕੀ ਸਾਮਰਾਜੀ ਇਨ੍ਹਾਂ ਸਾਰਿਆਂ ਦੇ ਰਿੰਗ ਲੀਡਰ ਸਨ। ਅਮਰੀਕਾ ਸਾਮਰਾਜੀਆਂ ਦੀ ਛੱਤਰ ਛਾਇਆ ਵਿਚ ਹੀ ਨਾਟੋ ਦਾ ਗਠਨ ਹੋਇਆ। ਬਾਕੀ ਸਭ ਸਾਮਰਾਜੀ ਸੰਸਥਾਵਾਂ ਦੇ ਹੀ ਬਰਾਬਰ ਨਾਟੋ ਵਿਚ ਹੀ ਅਮਰੀਕੀ ਸਾਮਰਾਜੀਆਂ ਦੇ ਪੱਖ ’ਚ ਹੋਲ ਹੁੰਦੇ ਸਨ। ਨਾਟੋ ਦੀ ਮੂਲ ਧਾਰਨਾ ਆਤਮ ਰੱਖਿਆ ਐਲਾਨੀ ਗਈ ਸੀ। ਜਿਸ ਵਿਚ ਕਿਹਾ ਗਿਆ ਸੀ ਕਿ ਇਨ੍ਹਾਂ ’ਚ ਸ਼ਾਮਲ ਦੇਸ਼ਾਂ ਵੱਲੋਂ ਕਿਸੇ ਵੀ ਇਕ ਤੇ ਹਮਲਾ ਸਭ ’ਤੇ ਹਮਲਾ ਮੰਨਿਆ ਜਾਵੇਗਾ। ਸਭ ਤੋਂ ਵੱਡੇ ਖਤਰੇ ਵਜੋਂ ਸੋਵੀਅਤ ਸੰਘ ਨੂੰ ਮੰਨਿਆ ਗਿਆ। ਪਰ ਵਕਤ ਦੇ ਨਾਲ ਹਾਲਾਤ ਬਦਲੇ ਮਧੋਲੇ ਹੋਏ ਯੂਰਪ ਵਿਚ ਜਾਨ ਪੈਣ ਲੱਗੀ। 1966 ’ਚ ਫਰਾਂਸ ਨੇ ਨਾਟੋ ਵਿਚ ਅਮਰੀਕੀ ਸਾਮਰਾਜੀਆਂ ਦੇ ਦਾਬੇ ਖਿਲਾਫ਼ ਖੁਦ ਨੂੰ ਇਕ ਪੂਰਨ ਮੈਂਬਰ ਦੇ ਪੱਧਰ ’ਤੇ ਬਾਹਰ ਕੱਢ ਲਿਆ। ਇਸ ਤੋਂ ਪਹਿਲਾਂ ਫਰਾਂਸ, ਅਲਜੀਰੀਆ ਵਿਚ ਆਪਣੇ ਕਬਜੇ ਨੂੰ ਬਰਕਰਾਰ ਰੱਖਣ ਲਈ (1958) ਵਿਚ ਨਾਟੋ ਗਠਜੋੜ ’ਤੇ ਦਬਾਅ ਬਣਾ ਰਿਹਾ ਸੀ ਪਰ ਬਾਕੀ ਸਾਮਰਾਜੀਆਂ ਦੇ ਹਿੱਤ ਇਸ ਵਿਚ ਨਹੀਂ ਸਨ। ਕਾਲਾਂਤਰ ਵਿਚ ਸੋਵੀਅਤ ਸੰਘ ਦੇ ਸਾਮਰਾਜੀ ਦੇਸ਼ ਵਿਚ ਤਬਦੀਲ ਹੋ ਜਾਣ ਪਿੱਛੋਂ ਦੋਨੋ ਖੇਮਿਆਂ ਵੱਲੋਂ ਭਿਆਨਕ ਪੱਧਰ ’ਤੇ ਹਥਿਆਰਾਂ ਦੀ ਦੌੜ ਸ਼ੁਰੂ ਹੋਈ। ਦੁਨੀਆਂ ਦੇ ਬਾਕੀ ਦੇਸ਼ਾਂ ਨੂੰ ਦਾਬੇ ਹੇਠ ਕਰਨ ਲਈ ਨਾਟੋ ਗਠਜੋੜ ਅਤੇ ਸੋਵੀਅਤ ਸਾਮਰਾਜੀ ਖੇਮੇ ਨੇ

ਆਪਣੀਆਂ ਫੌਜਾਂ ਸਮਰਥਾਵਾਂ ਦਾ ਵਿਸਥਾਰ ਕੀਤਾ। 1991 ਵਿਚ ਸੋਵੀਅਤ ਸੰਘ ਦੇ ਬਿਖਰ ਜਾਣ ਪਿੱਛੋਂ ਨਾਟੋ ਗਠਜੋੜ ਦੀ ਪ੍ਰਸੰਗਿਕਤਾ ’ਤੇ ਸੁਆਲ ਉੱਠਣ ਲੱਗੇ। ਅਮਰੀਕੀ ਸਾਮਰਾਜੀਆਂ ਦੀ ਅਗਵਾਈ ਵਿਚ ਗਠਿਤ ਇਸ ਫੌਜੀ ਗਠਜੋੜ ਦਾ ਐਲਾਨਿਆ ਉਦੇਸ਼ ਸੋਵੀਅਤ ਖਤਰੇ ਤੋਂ ਰਾਖੀ ਦਾ ਸੀ। ਜਦ ਉਹ ਖਤਮ ਹੋ ਗਿਆ ਤਾਂ ਗਠਜੋੜ ਵੀ ਖਤਮ ਹੋ ਜਾਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਹੋਇਆ 1991 ਵਿਚ ਸੀਨੀਅਰ ਜਾਰਜ ਬੁਸ਼ ਦੀ ਅਗਵਾਈ ’ਚ ਨਾਟੋ ਦੀ ਪ੍ਰਸੰਗਿਕਤਾ ਮੁੜ ਪ੍ਰਭਾਵਿਤ ਕੀਤੀ ਗਈ। ਅਮਰੀਕੀ ਸਾਮਰਾਜੀ ਯੂਰਪ ਦੇ ਸਾਮਰਾਜੀਆਂ ਨੂੰ ਆਪਣੀ ਕਮਾਨ ਹੇਠ ਰੱਖ ਕੇ ਆਪਣੇ ਉਦੇਸ਼ ਪੂਰੇ ਕਰਨਾ ਚਾਹੁੰਦੇ ਸਨ। ਇਸ ਲਈ ਹੁਣ ਸੋਵੀਅਤ ਸੰਘ ਨਹੀਂ ਬਲਕਿ ਕੌਮਾਂਤਰੀ ਅੱਤਵਾਦ, ਦੁਸ਼ਟ ਰਾਜ ਅਤੇ ਸਾਮਰਾਜੀ ਦੇਸ਼ਾਂ ਲਈ ਕੱਚੇ ਮਾਲ ਤੇ ਨਿੱਜੀ ਜ਼ਰੂਰਤਾਂ ਨੂੰ ਪੂਰਾ ਕਰਨਾ ਚੁਣੌਤੀ ਵਜੋਂ ਰੱਖਿਆ ਗਿਆ। ਇੱਥੋਂ ਨਾਟੋ ਗਠਜੋੜ ਕਥਿਤ ਤੌਰ ’ਤੇ ਆਪਣੀ ਸਵੈ ਰਾਖੀ ਲਈ ਗਠਿਤ ਸਾਮਰਾਜੀ ਗੱਠਜੋੜ ਦੀ ਥਾਂ ’ਤੇ ਹਮਲਾਵਰ ਸੰਗਠਨ ’ਚ ਬਦਲ ਗਿਆ। ਹੁਣ ਇਹ ਅਨੀਮਿਆ ਤੌਰ ’ਤੇ ਹੀ ਪੂਰੀ ਦੁਨੀਆਂ ਪੱਧਰ ’ਤੇ ਹੀ ਸਾਮਰਾਜੀਆਂ ਦੇ ਅਨੁਕੂਲ ਵਿਸ਼ਵ ਅਰਥਚਾਰੇ ਤੇ ਰਾਜਸੀ ਅਜਾਰੇਦਾਰੀ ਨੂੰ ਹਾਸਲ ਕਰਨ ਲਈ ਵਿਕਾਸ ਬਣ ਗਿਆ।

1991 ਪਿੱਛੋਂ ਯੂਰਪ ਵਿਚ ਬਾਲਕਨ ਸੰਕਟ ਅਤੇ ਪਿੱਛੋਂ ਅਫਗਾਨਿਸਤਾਨ ’ਚ ਇਸ ਵਿਚ ਸਾਮਰਾਜੀ ਹਿੱਤ ਤਹਿਤ ਦਖਲ ਅੰਦਾਜੀ ਕੀਤੀ। ਰੂਸੀ ਸਾਮਰਾਜੀਆਂ ਦੀ ਘੇਰੇਬੰਦੀ ਵਿਚ ਨਾਟੋ ਨੇ ਭੂਮਿਕਾ ਨਿਭਾਈ। ਮੱਧ ਏਸ਼ੀਆ ਦੇ ਦੇਸ਼ਾਂ ਵਿਚ ਮੌਜੂਦਾ ਊਰਜਾ ਭੰਡਾਰ ਇਨ੍ਹਾਂ ਦੀ ਨਿਗਾਹ ਵਿਚ ਸੀ ਜਿਨ੍ਹਾਂ ਦੀ ਇਹ ਲੁੱਟ ਕਰਨੀ ਚਾਹੁੰਦੇ ਸਨ। ਜਰਜੀਆਂ ’ਚ ਰੂਸੀ ਸਮਾਜਕ ਸਾਮਰਾਜੀਆਂ ਦੀ ਫੌਜੀ ਦਖਲ ਅੰਦਾਜੀ, ਅਮਰੀਕੀ ਸਾਮਰਾਜੀਆਂ ਦੀ ਅਗਵਾਈ ਵਿਚ ਰੂਸ ਦੀ ਘੇਰਾਬੰਦੀ ਖਿਲਾਫ਼ ਤਿੱਖੀ ਪ੍ਰਤੀਕਿਰਿਆ ਕੀਤੀ।

60ਵੀਂ ਵਰ੍ਹੇਗੰਢ ’ਤੇ ਫਰਾਂਸੀਸੀ ਸਾਮਰਾਜੀਆਂ ਨੇ ਨਾਟੋ ਦੀ ਸੰਪੂਰਨ ਮੈਂਬਰਸ਼ਿਪ ਗ੍ਰਹਿਣ ਕੀਤੀ ਹੈ। 1966 ਅਤੇ 2009 ਦੌਰਾਨ ਦੁਨੀਆਂ ’ਚ ਅਨੇਕਾਂ ਖਾਸ ਤਬਦੀਲੀਆਂ ਹੋ ਚੁੱਕੀਆਂ ਹਨ। ਅਮਰੀਕੀ ਸਾਮਰਾਜੀਆਂ ਦਾ ਹੁਣ ਬਾਕੀ ਸਾਮਰਾਜੀਆਂ ’ਤੇ ਉਹੋ ਜਿਹਾ ਕੰਟਰੋਲ ਨਹੀਂ ਰਿਹਾ ਹੈ। ਫਰਾਂਸ ਦੇ ਸਾਮਰਾਜੀਆਂ ਵੱਲੋਂ ਪੂਰਨ ਮੈਂਬਰਸ਼ਿਪ ਲੈਣ ਦਾ ਉਦੇਸ਼ ਨਾਟੋ ਗਠਜੋੜ ’ਚ ਰਹਿ ਕੇ ਆਪਣੇ ਹਿੱਤਾਂ ਦੀ ਰਾਖੀ ਕਰਨਾ ਹੈ ਅਤੇ ਉਨ੍ਹਾਂ ਨੂੰ ਅੱਗੇ ਡਾਵਾਂ ਹੈ। ਮੌਜੂਦਾ ਵਿਸ਼ਵੀ ਆਰਥਕ ਸੰਕਟ ਦਾ ਕੇਂਦਰ ਅਮਰੀਕੀ ਅਰਥਚਾਰਾ ਹੈ। ਇਸ ਦੇ ਨਾਲ ਇਰਾਕ ਵਿਚ ਅਮਰੀਕੀ ਫੌਜੀ ਗਠਜੋੜ ਦੀ ਸਥਿਤੀ ਬਦਤਰ ਬਣੀ ਹੋਈ ਹੈ। ਅਫਗਾਨਿਸਤਾਨ ’ਚ ਵੀ ਇਨ੍ਹਾਂ ਦੀ ਹਾਲਤ ਪਤਲੀ ਹੈ।

60ਵੀਂ ਵਰ੍ਹੇਗੰਢ ’ਤੇ ਅਫਗਾਨਿਸਤਾਨ ਦੇ ਮੁੱਦੇ ’ਤੇ ਨਾਟੋ ਗਠਜੋੜ ਦੀ ਚਿੰਤਾ ਪ੍ਰਗਟ ਹੋਈ। ਅਮਰੀਕੀ ਸਾਮਰਾਜੀ ਅਫਗਾਨਿਸਤਾਨ ’ਤੇ ਕੰਟਰੋਲ ਕਰਨ ਲਈ ਬੇਤਾਬ ਹਨ। ਮੱਧ ਏਸ਼ੀਆ ਪੱਛਮੀ ਏਸ਼ੀਆ ਦੇ ਵਿਸ਼ਾਲ ਊਰਜਾ ਭੰਡਾਰ ਜ਼ਮੀਨੀ ਰਾਜਸੀ ਸਥਿਤੀ ਕਾਰਨ ਅਫਗਾਨਿਸਤਾਨ ’ਤੇ ਅਮਰੀਕੀ ਸਾਮਰਾਜੀ, ਕੰਟਰੋਲ ਚਾਹੁੰਦੇ ਹਨ। ਫਰਾਂਸ, ਜਰਮਨੀ, ਅਮਰੀਕੀ ਸਾਮਰਾਜੀਆਂ ਵੱਲੋਂ ਅਫ਼ਗਾਨਿਸਤਾਨ ਵਿਚ ਫੌਜਾਂ ਦੀ ਗਿਣਤੀ ਵਧਾਉਣ ਦੇ ਵਿਰੋਧ ’ਚ ਨਹੀਂ ਹਨ। ਪਰ ਖੁਦ ਆਪਣੇ ਫੌਜੀਆਂ ਨੂੰ

ਉੱਥੇ ਵਧਾਉਣ ’ਤੇ ਇਨਕਾਰ ਕਰ ਰਹੇ ਹਨ। ਇਕ ਪਾਸੇ ਇਹ ਮਹੱਤਵਪੂਰਨ ਖੇਤਰ ਹੈ ਪਰ ਨਾਲ ਹੀ ਅਮਰੀਕੀ ਸਾਮਰਾਜੀਆਂ ਤੇ ਨਾਟੋ ਦੇਸ਼ਾਂ ਨੂੰ ਉੱਥੇ ਰੂਸੀ ਸਾਮਰਾਜੀਆਂ ਨਾਲ ਉਲਝਣਾ ਪੈਣਾ ਹੈ। ਯੂਰਪ ਦੇ ਸਾਮਰਾਜੀਆਂ ਦੀਆਂ ਵੱਡੀਆਂ ਊਰਜਾ ਜ਼ਰੂਰਤਾਂ ਰੂਸ ਤੋਂ ਪੂਰੀਆਂ ਹੁੰਦੀਆਂ ਹਨ ਅਤੇ ਦੂਜੀ ਜੰਗ ਦੀ ਹਾਲਤ ਵਿਚ ਸਭ ਤੋਂ ਵੱਧ ਨੁਕਸਾਨ ਊਰਜਾ ਨੂੰ ਹੀ ਉਠਾਉਣਾ ਪਵੇਗਾ।

ਉਸ ਦੇ ਨਾਲ ਹੀ ਅਫਗਾਨਿਸਤਾਨ ’ਤੇ ਕੰਟਰੋਲ ਕਾਇਮ ਕਰਨਾ ਖਾਸਾ ਮੁਸ਼ਕਲ ਹੈ। ਇਤਿਹਾਸ ਇਸ ਦਾ ਗਵਾਹ ਹੈ। ਨਾਟੋ ਫੌਜੀ ਗੱਠਜੋੜ ਦਾ ਕੀ ਹੋਵੇਗਾ, ਇਹ ਤਾਂ ਭਵਿੱਖ ਦੇ ਗਰਭ ਵਿਚ ਹੈ। ਪਰ 60 ਸਾਲ ਦੇ ਸਫ਼ਰ ਪਿੱਛੋਂ ਇਸ ਗਠਜੋੜ ਵਿਚ ਅਮਰੀਕੀ ਸਾਮਰਾਜੀਆਂ ਦਾ ਇਕੋ ਇਕ ਦਾਬਾ ਨਹੀਂ ਰਹਿ ਗਿਆ ਹੈ। ਫਰਾਂਸ ਤੇ ਜਰਮਨੀ ਦੇ ਸਾਮਰਾਜੀ ਵੱਖ ਵੱਖ ਮੰਚਾਂ ਵਾਂਗੂੰ ਵੀ ਅਮਰੀਕੀ ਦਾਬੇ ਨੂੰ ਚੁਣੌਤੀ ਦੇ ਰਹੇ ਹਨ। ਸਾਮਰਾਜੀਆਂ ਦੇ ਵਿਸ਼ੇਸ਼ ਹਿੱਤਾਂ ਦਾ ਆਪਸ ’ਚ ਟਕਰਾ ਤਹਿ ਹੈ। ਫਰਾਂਸ ਤੇ ਜਰਮਨੀ ਦੇ ਸਾਮਰਾਜੀ ਇਸ ’ਤੇ ਆਪਣਾ ਕੰਟਰੋਲ ਵਧਾਉਣਾ ਚਾਹੁੰਦੇ ਹਨ ਅਤੇ ਅਮਰੀਕੀ ਸਾਮਰਾਜੀ ਆਪਣਾ ਕੰਟਰੋਲ ਬਣਾਈ ਰੱਖਣਾ ਚਾਹੁੰਦੇ ਹਨ। ਇਸ ਆਪਸੀ ਵਿਰੋਧ ਦੇ ਵਿਕਾਸ ’ਤੇ ਹੀ ਨਾਟੋ ਦਾ ਭਵਿੱਖ ਤਹਿ ਹੁੰਦਾ ਹੈ। ਜਿੱਥੋਂ ਤੱਕ ਸੰਸਾਰ ਦਾ ਮਜ਼ਦੂਰ ਜਮਾਤ ਦੇ ਹਿੱਤਾਂ ਦਾ ਸੁਆਲ ਹੈ ਤਾਂ ਇਹ ਸਾਮਰਾਜੀ ਫੌਜੀ ਗਠਜੋੜ ਮਜ਼ਦੂਰ ਜਮਾਤ ਦੇ ਅੰਦੋਲਨ ਨੂੰ ਕੁਚਲਣ ਲਈ ਕੀਤਾ ਗਿਆ ਹੈ। ਇਹ ਆਪਣੇ ਜਨਮ ਤੋਂ ਲੈ ਕੇ ਹੁਣ ਤੱਕ ਹਰ ਸਥਿਤੀ ਵਿਚ ਅਤੇ ਜਦ ਤੱਕ ਇਹ ਰਹੇਗਾ ਤਦ ਤੱਕ ਮਜ਼ਦੂਰ ਜਮਾਤ ਦੇ ਹਿੱਤਾਂ ਖਿਲਾਫ਼ ਹੀ ਕੰਮ ਕਰੇਗਾ। ਸਾਮਰਾਜੀ ਦੇਸ਼ਾਂ ਦੇ ਮਜ਼ਦੂਰ ਵਰਗ ਸਮੇਤ ਵਿਸ਼ਵੀ ਪੱਧਰ ’ਤੇ ਮਜ਼ਦੂਰ ਵਰਗ ਨੂੰ ਇਸ ਖਿਲਾਫ਼ ਸੰਘਰਸ਼ ਕਰਕੇ ਇਸ ਨੂੰ ਤਹਿਸ ਨਹਿਸ ਕਰਨਾ ਪਵੇਗਾ।

# ਕਾਲੇ ਕੋਟ 'ਤੇ ਕਿਉਂ ਹੈ ਦਾਗ?

ਭਾਰਤ 'ਚ ਨਿਆਂਪਾਲਿਕਾ ਦੀ ਉੱਚੀ ਥਾਂ ਹੈ ਅਤੇ ਦੇਸ਼ ਦਾ ਹਰੇਕ ਨਾਗਰਿਕ ਨਿਆਂਪਾਲਿਕਾ ਦੀ ਕਦਰ ਕਰਦਾ ਹੈ। ਬੀਤੇ ਕੁੱਝ ਦਿਨਾਂ ਤੋਂ ਨਿਆਂਪਾਲਿਕਾ ਦੇ ਪ੍ਰਹਰੀ ਜਿਸ ਤਰ੍ਹਾਂ ਭ੍ਰਿਸ਼ਟਾਚਾਰ ਦੇ ਝਮੇਲੇ 'ਚ ਫਸ ਰਹੇ ਹਨ, ਉਸ ਨਾਲ ਆਮ ਲੋਕਾਂ 'ਚ ਸ਼ੱਕ ਦੀ ਹਾਲਤ ਪੈਦਾ ਹੋ ਗਈ ਹੈ ਕਿ ਹੁਣ ਵਿਸ਼ਵਾਸ ਕਰੀਏ ਤਾਂ ਕਿਸ 'ਤੇ। ਜੱਜ ਤੋਂ ਲੈ ਕੇ ਵਕੀਲ ਤੱਕ ਦਾ ਨਾਂ ਭ੍ਰਿਸ਼ਟਾਚਾਰ 'ਚ ਉਜਾਗਰ ਹੋ ਰਿਹਾ ਹੈ। ਪਿੱਛੇ ਜਿਹੇ ਹੋਈ ਕੁੱਝ ਘਟਨਾਵਾਂ ਦਾ ਵਿਸਲੇਸ਼ਣ ਕਰੀਏ ਤਾਂ ਨਿਆਂਪਾਲਿਕਾ 'ਚ ਚਲ ਰਹੀ ਗੜਬੜ ਕਾਰਨ ਵਿਆਪਕ ਭ੍ਰਿਸ਼ਟਾਚਾਰ ਚਿੰਤਾ 'ਚ ਪਾ ਦਿੰਦਾ ਹੈ। 10 ਜਨਵਰੀ 1999 ਦਾ ਚਰਚਿਤ ਬੀ. ਐਮ. ਡਬਲਯੂ ਕਾਂਡ ਯਾਦ ਹੋਵੇਗਾ। ਇਸ ਦਿਨ ਦਿੱਲੀ 'ਚ ਸਮੁੰਦਰੀ ਫੌਜ ਦੇ ਸੇਵਾ-ਮੁਕਤ ਮੁਖੀ ਐਸ. ਐਮ. ਨੰਦਾ ਦਾ ਪੋਤਾ ਤੇ ਹਥਿਆਰਾਂ ਦੇ ਸੌਦਾਗਰ ਸੁਰੇਸ਼ ਨਪੰਦਾ ਦਾ ਬੇਟਾ ਸੰਜੀਵ ਨੰਦਾ ਨੇ ਆਪਣੀ ਬੀ. ਐਮ. ਡਬਲਯੂ ਕਾਰ ਨਾਲ ਤਿੰਨ ਪੁਲਸੀਆਂ ਸਮੇਤ 6 ਵਿਅਕਤੀਆਂ ਨੂੰ ਕੁਚਲ ਦਿੱਤਾ ਸੀ ਨੰਦਾ ਵੱਲੋਂ ਦੇਸ਼ ਦੇ ਮਸ਼ਹੂਰ ਵਕੀਲ ਆਰ. ਕੇ. ਅਨੰਦ ਨੂੰ ਮੁਕੱਦਮੇ ਦੀ ਪੈਰਵੀ ਲਈ ਨੰਦਾ ਪਰਿਵਾਰ ਨੂੰ ਅਧਿਕਾਰ ਦਿੱਤੇ ਗਏ ਜਦ ਕਿ ਸਰਕਾਰੀ ਪੱਖ ਦੇ ਪ੍ਰਸਿੱਧ ਵਕੀਲ ਆਈ. ਯੂ. ਖਾਨ ਨੂੰ ਨਿਯੁਕਤ ਕੀਤਾ ਗਿਆ। ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤੇ ਚਲਦੀ ਰਹੀ। ਪਰ ਵਿਚਲੇ ਹੀ ਇਕ ਨਿੱਜੀ ਚੈਨਲ ਨੇ ਸਿਟੰਗ ਆਪ੍ਰੇਸ਼ਨ ਕਰਕੇ ਖੁਲਾਸਾ ਕੀਤਾ ਕਿ ਆਰ. ਕੇ. ਅਨੰਦ ਨੇ ਸਰਕਾਰੀ ਵਕੀਲ ਆਈ. ਯੂ. ਖਾਨ ਨਾਲ ਮਿਲ ਕੇ ਗਵਾਹ ਸੁਨੀਲ ਕੁਲਕਰਣੀ ਨੂੰ ਆਪਣਾ ਬਿਆਨ ਬਦਲ ਕੇ ਦੋਸ਼ੀ ਸੰਜੀਵ ਨੰਦ ਦੇ ਪੱਖ 'ਚ ਬਿਆਨ ਦੇਣ ਲਈ ਰਿਸਵਤ ਦੀ ਪੇਸ਼ਕਸ਼ ਕੀਤੀ। ਚੈਨਲ ਦੇ ਖਬਰ ਪ੍ਰਸਾਰਿਤ ਕਰਦਿਆਂ ਹੀ ਖਲਬਲੀ ਮੱਚ ਗਈ। ਅਦਾਲਤ ਵੱਲੋਂ ਜਾਂਚ ਪਿੱਛੋਂ ਪਤਾ ਲੱਗਿਆ ਕਿ ਸਿਟੰਗ ਅਪ੍ਰੇਸ਼ਨ 'ਚ ਸੱਚਾਈ ਹੈ ਲਿਹਾਜਾ ਆਰ. ਕੇ. ਆਨੰਦ ਤੇ ਆਈ ਯੂ ਅਨੰਦ 'ਚ ਚਾਰ ਮਹੀਨਿਆਂ ਲਈ ਨਿਆਂ ਅਮਲ 'ਚ ਅੜਿਕਾ ਡਾਹੁਣ ਤੇ ਅਦਾਲਤ ਦੀ ਉਲੰਘਣਾ ਦੇ ਦੋਸ਼ 'ਚ ਮੁਅੱਤਲ ਕਰ ਦਿੱਤਾ ਗਿਆ। ਨਿਆਂ ਮੂਰਤੀ ਮਨਮੋਹਨ ਸਰੀਨ ਤੇ ਨਿਆਂਮੂਰਤੀ ਮਦਨ ਬੀ ਲਕੁਰ ਦੇ ਇਕ ਬੈਂਚ ਨੇ ਕਿਹਾ ਕਿ ਸਾਡੇ ਸਾਹਮਣੇ ਰੱਖੇ ਗਏ ਸਬੂਤਾਂ ਨਾਲ ਸਾਡੇ ਮਨ 'ਚ ਭੋਰਾ ਭਰ ਵੀ ਸ਼ੱਕ ਨਹੀਂ ਰਹਿ ਗਿਆ ਹੈ ਇਹ ਅਨੰਦ ਹਨ ਜਿਨ੍ਹਾਂ ਨੇ ਨਿਆਂਇਕ ਅਮਲ 'ਚ ਅੜਿੱਕਾ ਲਾਉਣ ਦੀ ਅਹਿਮ ਭੂਮਿਕਾ ਅਦਾ ਕੀਤੀ। ਸਾਨੂੰ ਇਨ੍ਹਾਂ ਗੱਲਾਂ 'ਚ ਵੀ ਕੋਈ ਸ਼ੱਕ ਨਹੀਂ ਹੈ ਕਿ ਇਹ ਅਦਾਲਤ ਦੀ ਮਾਨਹਾਨੀ ਦੇ ਵੀ ਦੋਸ਼ ਹਨ ਜਦ ਕਿ ਆਈ ਯੂ ਖਾਨ ਬਾਰੇ ਬੈਂਚ ਨੇ ਕਿਹਾ ਕਿ ਆਪਣੇ ਕਾਨੂੰਨੀ ਦਾਅਪੇਚਾਂ ਤੇ ਫਰੇਂਨਸਿਕ ਹੁਨਰ ਲਈ ਮਸ਼ਹੂਰ ਬਚਾਉ ਪੱਖ ਦੇ ਇਸ ਤਰ੍ਹਾਂ ਦੇ ਵਿਸ਼ਵਾਸਘਾਤ ਨੇ ਮੁਕੱਦਮਾ ਕਰਨ ਵਾਲੀ ਧਿਰ ਦੀ ਆਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਬੈਂਚ ਨੇ ਦੋਹਾਂ ਵਕੀਲਾਂ ਨੂੰ ਦੋ-ਦੋ ਹਜ਼ਾਰ ਰੁਪਏ ਜ਼ੁਰਮਾਨਾ ਵੀ ਲਾਇਆ ਅਤੇ ਚਾਰ ਮਹੀਨੇ ਤੱਕ ਸਿਰਫ ਡਰਾਫਟਿੰਗ ਵਰਗੇ ਕੰਮ ਤੱਕ ਹੀ ਸੀਮਤ ਕਰ ਦਿੱਤਾ। ਬੈਂਚ ਦਾ ਫੈਸਲਾ ਆਉਂਦਿਆਂ ਹੀ ਬਾਰ ਐਸੋਸੀਏਸ਼ਨ ਅਤੇ ਬੈਂਚ ਆਹਮਣੇ-ਸਾਹਮਣੇ ਆ ਗਏ। ਬਾਰ ਐਸੋਸੀਏਸ਼ਨ ਵੀ ਦੋ ਭਾਗਾਂ 'ਚ ਵੰਡੀ ਗਈ।

ਦੇਸ਼ ਦੇ ਨਿਆਂਇਕ ਇਤਿਹਾਸ ਵਿਚ ਇਹ ਪਹਿਲਾਂ ਮੌਕਾ ਸੀ ਜਦ ਦੇਸ਼ ਦੇ ਮਸ਼ਹੂਰ ਵਕੀਲ ਤੇ ਗਵਾਹ ਨੂੰ ਖਰੀਦਣ ਦਾ ਦੋਸ਼ ਲੱਗਿਆ ਹੋਵੇ। ਇਕ ਪਾਸੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ, ਦਿੱਲੀ ਹਾਈ ਕੋਰਟ ਬਾਰ ਐਸੋਸੀਏਸ਼ਨ ਤੇ ਬਾਰ ਕਾਊਂਸਿਲ ਆਫ ਦਿੱਲੀ ਨੇ ਕਿਹਾ ਕਿ ਵਕਾਲਤ ਕਰਨ ਤੇ ਰੋਕ ਲਾਉਣ ਦਾ ਵਿਸ਼ੇਸ਼ ਅਧਿਕਾਰ ਬਾਰ ਕਾਊਂਸਿਲ ਦਾ ਹੈ ਅਤੇ ਹਾਈ ਕੋਰਟ ਨੇ ਆਪਣੇ ਦਾਇਰੇ ਤੋਂ ਬਾਹਰ ਜਾ ਕੇ ਫੈਸਲਾ ਸੁਣਾਇਆ ਹੈ ਜਦ ਕਿ ਬੈਂਚ ਦਾ ਕਹਿਣਾ ਹੈ ਕਿ ਸਿਟੰਗ ਅਪ੍ਰੇਸ਼ਨ ਨੂੰ ਦੇਖਣ ਪਿੱਛੋਂ ਸਪੱਸ਼ਟ ਹੈ ਕਿ ਦੋਹਾਂ ਵਕੀਲਾਂ ਨੇ ਦਿਸ਼ਾ ਨਿਰਦੇਸ਼ ਦੀ ਉਲੰਘਣਾ ਕੀਤੀ ਹੈ ਅਤੇ ਨਿਆਂਇਕ ਅਮਲ ’ਚ ਦਖ਼ਲ ਅੰਦਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਕ ਪਾਸੇ ਬਾਰ ਕੌਂਸਿਲ ਨੇ ਹੀ ਕੁਝ ਮੈਂਬਰ ਇਸ ਸਜ਼ਾ ਨੂੰ ਘੱਟ ਕਹਿ ਰਹੇ ਹਨ, ਉਨ੍ਹਾਂ ਦੇ ਵਿਚਾਰ ਨਾਲ ਦੋਨੋਂ ਵਕੀਲਾਂ ’ਤੇ ਉਮਰ ਭਰ ਲਈ ਪਾਬੰਦੀ ਲਾਉਣੀ ਚਾਹੀਦੀ ਹੈ, ਇਹ ਦੋਨੋਂ ਹੀ ਦੇਸ਼ ਦੇ ਮਸ਼ਹੂਰ ਵਕੀਲ ਹਨ ਅਤੇ ਇਨ੍ਹਾਂ ਦੇ ਮੋਢਿਆਂ ’ਤੇ ਨੌਜਵਾਨ ਵਕੀਲਾਂ ਦਾ ਮਾਰਗ ਦਰਸ਼ਨ ਕਰਦੇ ਰਹਿਣ ਸਮੇਤ ਉਨ੍ਹਾਂ ਦੀ ਕਾਰੋਬਾਰੀ ਪਵਿੱਤਰਤਾ ਬਣਾਈ ਰੱਖਣ ਦੀ ਨੈਤਿਕ ਡਿਊਟੀ ਵੀ ਹੈ। ਗੌਰ ਕਰਨ ਲਾਇਕ ਇਹ ਹੈ ਕਿ ਆਰ. ਕੇ. ਅਨੰਦ ਦੀ ਗਿਣਤੀ ਦੇਸ਼ ਦੇ ਉੱਚ ਤੇ ਮਸ਼ਹੂਰ ਵਕੀਲਾਂ ’ਚ ਹੁੰਦੀ ਆ ਰਹੀ ਹੈ। ਇਹ ਉਹ ਆਰ ਕੇ ਅਨੰਦ ਹੈ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਨਰਸਿਮਾ ਰਾਓ ਸਮੇਤ ਦੇਸ਼ ਦੇ ਵਿਵਾਦਿਤ ਤਾਂਤਰਿਕ ਚੰਦਰਾਸੁਆਮੀ ਦੀ ਪੈਰਵੀ ਵੀ ਕੀਤੀ ਹੋਈ ਹੈ। ਜਦ ਕਿ ਆਈ. ਯੂ. ਖਾਨ ਰਾਜਧਾਨੀ ਦਿੱਲੀ ਦੇ ਪੰਜ ਉੱਚ ਕੋਟੀ ਦੇ ਵਕੀਲਾਂ ਵਿੱਚੋਂ ਇਕ ਹਨ। ਉਨ੍ਹਾਂ ਨੇ ਕਈ ਚਰਚਿਤ ਕੇਸ ਤੰਦੂਰ ਕਾਂਡ, ਪਰਸਨਲ ਪੁਆਇੰਟ ਤਿਹਰਾ ਹੱਤਿਆਕਾਂਡ ਅਤੇ ਜੈਸਿਕਾ ਨਾਲ ਹੱਤਿਆ ਕਾਂਢ ਵਰਗੇ ਮੁਕੱਦਮਿਆਂ ਦੀ ਪੈਰਵੀ ਕਰਕੇ ਖੂਬ ਨਾਂ ਕਮਾਇਆ ਹੈ। ਆਰ. ਕੇ. ਅਨੰਦ ਦਾ ਕਾਂਗਰਸ ਪਾਰਟੀ ਲਾਲ ਪੁਰਾਣਾ ਨਾਤਾ ਰਿਹਾ ਹੈ ਪਰ ਉਨ੍ਹਾਂ ਦੀ ਕਾਰਗੁਜਾਰੀ ਵੇਖ ਕਾਂਗਰਸ ਉਨ੍ਹਾਂ ਤੋਂ ਪੱਲਾ ਛੁਡਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਪੂਰੇ ਅਮਲ ਨੂੰ ਅਨੁਸਾਸ਼ਨੀ ਕਮੇਟੀ ਨੂੰ ਸੌਂਪ ਦਿੱਤਾ ਹੈ। ਇਧਰ ਅਨੰਦ ਤੇ ਆਈ. ਯੂ. ਖਾਨ ਨੂੰ ਮਿਲੀ ਸਜ਼ਾ ਖਿਲਾਫ਼ ਅਗਲੇ ਹੀ ਦਿਨ ਤੀਸ ਹਜਾਰੀ ਕੋਰਟ, ਪਟਿਆਲਾ ਹਾਊਸ ਕੋਰਟ, ਕੜਕੜਡੁਮਾ ਕੋਰਟ ਤੇ ਰੋਹਿਨੀ ਅਦਾਲਤ ਦੇ ਵਕੀਲ ਹੜਤਾਲ ’ਤੇ ਚਲੇ ਗਏ। ਜੱਜਾਂ ਤੇ ਵਕੀਲਾਂ ਦੇ ਇਸ ਟਕਰਾਅ ਦੀ ਪ੍ਰਣਿਤੀ ਕੀ ਹੋਵੇਗੀ? ਇਸ ਸਬੰਧੀ ਕੋਈ ਕੁਝ ਬੋਲਣ ਲਈ ਤਿਆਰ ਨਹੀਂ। ਇਸ ਤੋਂ ਪਹਿਲਾਂ ਗਾਜ਼ੀਆਬਾਦ ਦੇ ਪੀ. ਪੀ. ਐਫ. ਘੁਟਾਲਾ ਮਾਮਲੇ ਦੀ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਸੀ। ਜੱਜ ਸਨ ਚੀਫ ਜਸਟਿਸ ਕੇ. ਜੀ. ਬਾਲਾ ਕ੍ਰਿਸ਼ਨਨ ਤੇ ਸੁਪਰੀਮ ਕੋਰਟ ਦੇ ਉੱਚ ਕੋਟੀ ਦੇ ਜੱਜ ਵੀ ਐਨ ਅਗਰਵਾਲ। ਵਕੀਲ ਵੀ ਦੇਸ਼ ਦੀਆਂ ਜਾਣੀਆਂ ਪਹਿਚਾਣੀਆਂ ਹਸਤੀਆਂ ਵਿਚੋਂ ਸਨ। ਜਿਨ੍ਹਾਂ ਨੂੰ ਲੋਕ ਸ਼ਾਂਤੀ ਭੂਸ਼ਣ ਦੇ ਨਾਂ ਨਾਲ ਜਾਣਦੇ ਹਨ ਅਤੇ ਉਹ ਭਾਰਤ ਦੇ ਕਨੂੰਨੀ ਮੰਤਰੀ ਵੀ ਰਹਿ ਚੁੱਕੇ ਹਨ। ਸਾਂਤੀਭੂਸਣ ਦੇ ਵਿਹਾਰ ਨਾਲ ਜੱਜ ਨੇ ਕਿਹਾ, ਸੌਰੀ ਤੁਹਾਡਾ ਜੋ ਰਵਈਆ ਹੈ ਉਹ ਨਿਆਂਪਾਲਿਕਾ ਪ੍ਰਤੀ ਸਨਮਾਨਜਨਕ ਨਹੀਂ ਹੈ। ਮੈਂ ਕੋਈ ਸਨਿਆਸੀ ਨਹੀਂ ਹਾਂ। ਨੋਕ-ਝੋਕ ਪਿੱਛੋਂ ਨਿਆਂ ਮੂਰਤੀ ਅਗਰਵਾਲ ਨੇ ਇਸ ਕੇਸ ’ਚ ਲਿਖਵਾਏ ਆਪਣੇ ਫੈਸਲੇ ਵਿਚ ਸਾਫ ਲਿਖਿਆ ਕਿ ਸ਼ਾਂਤੀਪੂਰਨ ਨੇ ਉਨ੍ਹਾਂ ਮੂਹਰੇ ਕੁੱਝ ਸੁਆਲ ਰੱਖੇ ਹਨ ਤੇ ਕਾਫੀ ਉੱਚੀ ਅਵਾਜ਼ ’ਚ ਬੋਲਿਆ ਹੈ। ਉਹ ਅਦਾਲਤ ’ਚ ਕਿਸੇ ਵਕੀਲ ਨੂੰ ਇਸ ਤਰ੍ਹਾਂ

ਦੇ ਵਿਹਾਰ ਦੀ ਇਜਾਜ਼ਤ ਨਹੀਂ ਦੇ ਸਕਦੇ। ਨਾ ਹੀ ਸੁਣਵਾਈ ’ਚ ਸਹਾਇਤਾ ਕਰ ਸਕਦੇ ਹਨ। ਆਖਰ ਉਹ ਸੁਣਵਾਈ ਤੋਂ ਹਟ ਰਹੇ ਹਨ। ਇਥੇ ਸਭ ਤੋਂ ਵੱਡਾ ਸੁਆਲ ਇਹ ਹੈ ਕਿ ਦੇਸ਼ ਦੇ ਵਿਧੀ ਮੰਤਰੀ ਰਹਿ ਚੁਕੇ ਸ਼ਾਂਤੀਭੂਸ਼ਣ ਨੇ ਚੀਫ ਜਸਟਿਸ ਸਮੇਤ ਦੇਸ਼ ਦੇ ਉੱਚ ਕੋਟੀ ਦੇ ਜੱਜ ਨਾਲ ਜਿਸ ਤਰ੍ਹਾਂ ਦਾ ਵਿਹਾਰ ਕੀਤਾ ਕੀ ਉਸ ਨਾਲ ਆਮ ਜਨਤਾ ਜਾਂ ਨਿਆਂਪਾਲਿਕਾ ’ਤੇ ਅਸਰ ਪਵੇਗਾ? ਜਦ ਦੇਸ਼ ਦੇ ਉੱਚ ਕੋਟੀ ਦੇ ਵਕੀਲ ਗਲਤ ਰਵਾਇਤ ਪਾਉਣਗੇ ਭ੍ਰਿਸ਼ਟਾਚਾਰ ’ਚ ਡੁੱਬਣਗੇ ਤਾਂ ਆਮ ਨੌਜਵਾਨ ਵਕੀਲਾਂ ’ਤੇ ਅਨੁਸਾਸ਼ਨ ਦੀ ਨਕੇਲ ਪਾਉਣਾ ਕਿੱਥੋਂ ਤੱਕ ਸਹੀ ਹੋਵੇਗਾ। ਲੱਗਦਾ ਹੈ ਇਨ੍ਹਾਂ ਉੱਚ ਕੋਟੀ ਦੇ ਵਕੀਲਾਂ ਨੂੰ ਦੇਖ ਕੇ ਅੱਜ ਆਮ ਵਕੀਲ ਵੀ ਗੱਲ ਗੱਲ ’ਤੇ ਗਰਮ ਹੋ ਕੇ ਭੰਨ ਤੋੜ ’ਤੇ ਉਤਰ ਆਉਂਦੇ ਹਨ ਕਿਉਂਕਿ ਇਹ ਮੰਨ ਲਿਆ ਜਾਵੇ ਕਿ ਜਨੂੰਨ ਦੀ ਲੰਮੀ ਪੜਾਈ ਤੇ ਕਨੂੰਨ ਦੀ ਰਾਖੀ ਕਰਨ ਦੀ ਸਹੁੰ ਖਾ ਕੇ ਵਕਾਲਤਾਂ ਪੇਸ਼ਾ ਸ਼ੁਰੂ ਕਰਨ ਵਾਲੇ ਇਸ ਵਰਗ ਦਾ ਖੁਦ ਹੀ ਅਦਾਲਤ ਤੇ ਕਨੂੰਨ ਉੱਪਰ ਭਰੋਸਾ ਖਤਮ ਹੋ ਚੁੱਕਿਆ ਹੈ? ਹੁਣ ਜਿਥੋਂ ਤੱਕ ਜੱਜਾਂ ਦਾ ਸੁਆਲ ਹੈ ਤਾਂ ਉਨ੍ਹਾਂ ’ਤੇ ਵੀ ਉਂਗਲੀਆਂ ਉਠਣੀਆਂ ਸ਼ੁਰੂ ਹੋ ਗਈਆਂ ਹਨ। 2002 ’ਚ ਮੈਸੂਰ ਸੈਕਸ ਸਕੈਂਡਲ ’ਚ ਕਰਨਾਟਕਾ ਹਾਈਕੋਰਟ ਦੇ ਤਿੰਨ ਜੱਜਾਂ ਖਿਲਾਫ਼ ਜਾਂਚ ਹੋ ਚੁੱਕੀ ਹੈ। ਸਾਲ 2003 ’ਚ ਰਾਜਸਥਾਨ ਹਾਈ ਕੋਰਟ ਦੇ ਸਾਬਕਾ ਜੱਜ ਅਰੁਣ ਮਦਨ ਤੇ ਸੈਕਸ ਸਕੈਂਡਲ ’ਚ ਸ਼ਾਮਲ ਹੋਣ ਦਾ ਦੋਸ਼ ਲੱਗਾ। ਉਸੇ ਸਾਲ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ ਸਮਿਤ ਮੁਕਰਜੀ ਦਿੱਲੀ ਵਿਕਾਸ ਅਥਾਰਟ ਘਪਲੇ ’ਚ ਸ਼ਾਮਲ ਹੋਣ ਦੇ ਦੋਸ਼ ’ਚ ਗ੍ਰਿਫ਼ਤਾਰ ਹੋ ਚੁੱਕੇ ਹਨ। ਸੰਨ 2008 ’ਚ ਹੀ ਹਰਿਆਣਾ ਦੇ ਸਾਬਕਾ ਵਧੀਕ ਜੱਜ ਸੰਜੀਵ ਬਾਂਸਲ ਹਾਈਕੋਰਟ ਦੇ ਇਕ ਜੱਜ ਜੋ ਰਿਸ਼ਵਤ ਦੇਣ ਦੀ ਕੋਸ਼ਿਸ਼ ਦੇ ਦੋਸ਼ ’ਚ ਗ੍ਰਿਫ਼ਤਾਰ ਹੋ ਚੁੱਕੇ ਹਨ। ਆਰ. ਕੇ. ਅਨੰਦ ਤੇ ਆਈ. ਯੂ. ਅਨੰਦ ਦਾ ਮਾਮਲਾ ਅਜੇ ਤਾਜ਼ਾ ਹੀ ਹੈ। ਕਵੀ ਸੂਰਦਾਸ ਨੇ ਲਿਖਿਆ ਹੈ ਕਿ ‘ਸੂਰਦਾਸ ਕਾਲੀ ਕਮਲੀ ਕਮਲੀ ਚੜਤ ਨਾ ਦੂਜੋ ਰੰਗ’ ਭਾਵ ਕਾਲੇ ਰੰਗ ’ਤੇ ਕਿਸੇ ਹੋਰ ਰੰਗ ਦਾ ਚੜਨਾ ਮੁਸ਼ਕਲ ਹੈ ਪਰ ਜਿਸ ਤਰ੍ਹਾਂ ਹਾਲੀਆ ਦਿਨਾਂ ’ਚ ਕਾਲੇ ਕੋਟ ’ਤੇ ਵੀ ਕਾਲਾ ਦਾਗ ਲੱਗ ਰਿਹਾ ਹੈ ਉਸ ਨਾਲ ਤਾਂ ਅਜਿਹਾ ਹੀ ਲੱਗਦਾ ਹੈ ਕਿ ਉਹ ਦਿਨ ਦੂਰ ਨਹੀਂ ਜਦ ਕਾਲੇ ਕੋਟ ’ਤੇ ਅਨੇਕਾਂ ਕਿਸਮ ਦੇ ਦਾਗ ਲੱਗਣਗੇ, ਜੋ ‘ਲੋਕਤੰਤਰ’ ਦੇ ਮੂੰਹ ’ਤੇ ਕਾਲਖ ਮਲਣ ਲਈ ਕਾਫੀ ਹੋਣਗੇ।

# ਮੀਡੀਆ ਦਾ ਮੰਡੀਕਰਣ ਕਿਵੇਂ?

ਪੱਤਰਕਾਰਿਤਾ ਇੱਕ ਪਵਿੱਤਰ ਕੰਮ ਹੈ। ਇਹ ਨਿਰਪੱਖ ਕਾਰਜ ਹੈ। ਇਹੀ ਕਾਰਨ ਹੈ ਕਿ ਇਸ ਨੂੰ ਬੁਰਜੂਆ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ। ਅੱਜ ਇਸ ਥੰਮ 'ਤੇ ਖਤਰਾ ਮੰਡਰਾ ਰਿਹਾ ਹੈ। ਭਾਵੇਂ ਹੀ ਚੈਨਲਾਂ ਦਾ ਹੜ੍ਹ ਆ ਗਿਆ ਹੋਵੇ। ਹਰ ਚੌਂਕ 'ਤੇ ਅਖਬਾਰਾਂ ਰਸਾਲਿਆਂ ਦੀਆਂ ਦੁਕਾਨਾਂ ਸੱਜਣ ਲੱਗੀਆਂ ਹੋਣ ਪਰ ਮੀਡੀਆ ਦੀ ਭਰੋਸੇ ਯੋਗਤਾ ਉਹ ਨਹੀਂ ਰਹੀ ਜੋ ਕਦੇ ਕੁਝ ਹੁੰਦੀ ਸੀ। ਇਹ ਠੀਕ ਹੈ ਕਿ ਵਿਦੇਸ਼ੀ ਨਿਵੇਸ਼ ਦੇ ਅਨਕੂਲ ਨੀਤੀਆਂ ਕਾਰਨ ਮਨੋਰੰਜਨ ਤੇ ਮੀਡੀਆ ਦੇ ਕਾਰੋਬਾਰ ਵਿੱਚ ਗਠਜੋੜ ਦੇ ਲਿਹਾਜ ਨਾਲ ਭਾਰਤ ਦੁਨੀਆਂ ਦੇ ਚੋਟੀ ਦੇ ਤਿੰਨ ਦੇਸ਼ਾਂ 'ਚੋਂ ਇਕ ਬਣ ਗਿਆ ਹੈ। ਇਸੇ ਕਾਰਨ ਦੇਸ਼ 'ਚ ਮੀਡੀਆ ਤੇ ਮਨੋਰੰਜਨ ਦਾ ਬਜ਼ਾਰ 18.5 ਫੀਸਦੀ ਦੀ ਦਰ ਨਾਲ ਵਧ ਕੇ ਸਾਲ 2012 ਤਕ 36 ਅਰਬ ਡਾਲਰ ਭਾਵ 15 ਹਜ਼ਾਰ ਕਰੋੜ ਰੁਪਏ ਸਲਾਨਾ ਹੋ ਜਾਵੇਗਾ। ਵਿਸ਼ਵ ਪੱਧਰ 'ਤੇ ਬਾਜ਼ਾਰ ਦਾ ਅਧਿਐਨ ਕਰਨ ਵਾਲੀ ਸੰਸਥਾ ਪ੍ਰਾਈਮ ਵਾਟਰ ਹਾਊਸ ਕੂਪਰਸ ਨੇ ਆਪਣੀ ਤਾਜ਼ਾ ਰਿਪੋਰਟ 'ਚ ਖੁਲਾਸਾ ਕੀਤਾ ਹੈ ਕਿ ਏਸ਼ੀਆ 'ਚ ਮਨੋਰੰਜਨ ਤੇ ਮੀਡੀਆ ਨਾਲ ਸਬੰਧਤ ਉਦਯੋਗ 8.8 ਫੀਸਦੀ ਸਾਲਾਨਾ ਦੀ ਦਰ ਨਾਲ ਵਧੇਗਾ। ਕਹਿਣ ਦਾ ਭਾਵ ਇਹ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਇਥੇ ਕੁਲ ਕਾਰੋਬਾਰ 508 ਅਰਬ ਡਾਲਰ ਸਾਲਾਨਾ ਦਾ ਹੋ ਜਾਵੇਗਾ। ਇਸ ਰਿਪੋਰਟ ਵਿੱਚ ਸਾਲ 2008 ਤੋਂ 2012 ਤੱਕ ਮੀਡੀਆ ਤੇ ਮਨੋਰੰਜਨ ਉਦਯੋਗ ਦੇ ਵਿਕਾਸ ਦਾ ਮੂਲਅੰਕਣ ਪੇਸ਼ ਕੀਤਾ ਗਿਆ ਹੈ। ਸੰਸਥਾ ਦਾ ਇਹ ਵੀ ਕਹਿਣਾ ਹੈ ਕਿ ਆਰਥਕ ਵਿਕਾਸ ਦੀ ਤੇਜ਼ ਗਤੀ ਤੇ ਮਨੋਰੰਜਨ ਅਤੇ ਮੀਡੀਆ ਦਾ ਖੁਲਾ ਬਾਜ਼ਾਰ ਇਸ ਕਾਰੋਬਾਰ ਨੂੰ ਵਧਾਉਣ 'ਚ ਮਦਦ ਕਰੇਗਾ ਪਰ ਭਾਰਤ 'ਚ ਜਿਸ ਪ੍ਰਕਾਰ ਚੈਨਲ ਚਲਾਉਣ ਦਾ ਕਾਰੋਬਾਰ ਸ਼ੁਰੂ ਹੋਇਆ ਹੈ ਉਸ ਨਾਲ ਮੀਡੀਆ ਦੇ ਖੇਤਰ ਵਿੱਚ ਕੰਮ ਕਰ ਰਹੇ ਲੋਕਾਂ 'ਤੇ ਅਤੇ ਉਹਨਾਂ ਦੀ ਨਿਰਪੱਖਤਾ 'ਤੇ ਪ੍ਰਸ਼ਨ ਚਿੰਨ ਖੜਾ ਹੋ ਗਿਆ ਹੈ। ਇਥੇ ਨਕਲ ਕਰਨ ਦੀ ਐਸੀ ਰਵਾਇਤ ਸ਼ੁਰੂ ਹੋ ਗਈ ਜਿਸ ਨਾਲ ਮੀਡੀਆ ਮੰਡੀ 'ਚ ਤਬਦੀਲ ਹੁੰਦਾ ਨਜ਼ਰ ਆ ਰਿਹਾ ਹੈ। ਕੌਮੀ ਚੈਨਲਾਂ ਨਾਲ ਮਿਲਦੇ ਜੁਲਦੇ ਨਾਂ ਵਾਲੇ ਚੈਨਲਾਂ ਦੀ ਭਰਮਾਰ ਹੋ ਗਈ ਹੈ। ਸਰਕਾਰ ਇਹਨਾਂ ਅਖੌਤੀ ਚੈਨਲ ਦੇ ਨੱਕ 'ਚ ਨਕੇਲ ਪਾਉਣ 'ਚ ਅਸਮਰਥ ਹੈ। ਇਹੀ ਕਾਰਨ ਹੈ ਕਿ ਹੱਥ ਵਿੱਚ ਕੈਮਰਾ ਤੇ ਮਾਈਕਰੋਫੋਨ ਚੁੱਕ ਕੇ ਚਲਣ ਵਾਲਿਆਂ ਦੀ ਭੀੜ ਇਕੱਠੀ ਹੋ ਰਹੀ ਹੈ। ਸੜਕ 'ਤੇ ਚਲਣ ਵਾਲਾ ਹਰ ਦਸਵਾਂ ਵਿਅਕਤੀ ਕਿਸੇ ਨਾ ਕਿਸੇ ਚੈਨਲ ਨਾਲ ਜੁੜੇ ਹੋਣ ਦੀ ਧੌਂਸ ਵਿਖਾਉਂਦਾ ਨਜ਼ਰ ਆ ਰਿਹਾ ਹੈ। ਹਰਮਨ ਪਿਆਰੇ ਚੈਨਲ 'ਸਬ ਟੀ. ਵੀ.' ਦੇ ਸੀਰੀਅਲ ਖ਼ਬਰ ਚੈਨਲ ਆਜ ਤੱਕ ਦੀ ਖਿੱਲੀ ਉਡਾਉਣ ਲਈ ਇਕ ਕਲਪਨਿਕ ਚੈਨਲ 'ਕਲ ਤਕ' ਦਾ ਸਹਾਰਾ ਲਿਆ ਗਿਆ ਪਰ ਇਹ ਕੀ? ਉਤਰ ਪ੍ਰਦੇਸ਼ ਦੇ ਇਕ ਵਿਅਕਤੀ ਨੇ 'ਕਲ ਤਕ' ਦੇ ਨਾਂ ਨਾਲ ਚੈਨਲ ਸ਼ੁਰੂ ਕਰ ਦਿੱਤਾ। ਚੈਨਲਾਂ 'ਚ ਇਸ ਵਿਸਫੋਟ 'ਚ ਇਸ ਸਮੇਂ ਦੇਸ਼ ਦੇ ਛੋਟੇ ਵੱਡੇ ਸਾਰੇ ਸ਼ਹਿਰਾਂ 'ਚ ਸੈਂਕੜੇ ਅਸਲੀ ਨਕਲੀ ਚੈਨਲ ਸ਼ੁਰੂ ਹੋ ਗਏ। ਦੁਖ ਦੀ ਗੱਲ ਇਹ ਹੈ ਕਿ ਵੱਡੇ ਕੌਮੀ ਚੈਨਲ ਦੀ ਨਕਲ ਕਰਕੇ ਕੁਝ ਲੋਕਾਂ ਨੇ ਐਸਾ ਮਿਲਦਾ ਜੁਲਦਾ ਨਾਂ ਰੱਖ ਲਿਆ ਕਿ ਸੁਨਣ

ਵਾਲੇ ਹੈਰਾਨੀ 'ਚ ਪੈ ਜਾਣ। ਮਸਲਨ 'ਅੱਜ ਤੱਕ' ਦੀ ਤਰਜ 'ਤੇ 'ਅਬ ਤਕ' ਅਭੀਤਕ, ਕਲ ਤਕ, ਸ਼ਾਮ ਤਕ, ਆਗੇ ਤਕ ਵਰਗੇ ਕਈ ਸਥਾਨਕ ਚੈਨਲ ਮੈਦਾਨ 'ਚ ਉਤਰ ਆਏ। ਇਥੋਂ ਤੱਕ ਕਿ ਬੀ. ਏ. ਜੀ. ਫਿਲਮਜ਼ ਵਲੋਂ ਸਥਾਪਤ ਕੀਤੇ ਨਵੇਂ ਚੈਨਲ ਨਿਊਜ਼ 24 ਤੋਂ ਪ੍ਰੇਰਿਤ ਹੋ ਕੇ ਪਟਨਾ, ਲਖਨਊ, ਬਨਾਰਸ, ਮੁਰਾਬਾਦ, ਗਾਜੀਆਬਾਦ, ਆਦਿ ਸ਼ਹਿਰਾਂ 'ਚ ਨਿਊਜ਼-12, ਨਿਊਜ-22 ਤੇ ਨਿਊਜ-44 ਵਰਗੇ ਸਥਾਨਕ ਚੈਨਲ ਵੀ ਸ਼ੁਰੂ ਹੋ ਗਏ। ਦਿਲੀ ਦੇ ਨਾਲ ਗਾਜੀਆਬਾਦ 'ਚ ਅਭੀ ਤਕ, ਜਨ ਆਵਾਜ਼, ਦ੍ਰਿਸ਼ਟੀ ਆਇਨਾ ਵਰਗੇ ਚੈਨਲ ਸ਼ੁਰੂ ਹੋ ਗਏ। ਅਜਿਹੇ ਲੋਕਾਂ ਨੇ ਸਟਾਰ ਨਿਊਜ਼ ਨੂੰ ਵੀ ਨਹੀਂ ਛੱਡਿਆ। ਸਟਾਰ ਨਿਊਜ਼ ਨਾਲ ਮਿਲਦੇ ਜੁਲਦੇ ਚੈਨਲਾਂ ਦੇ ਨਾਂ 'ਤੇ ਗੌਰ ਕਰੀਏ। ਫਾਈਵ ਸਟਾਰ, ਨਿਊਜ ਗ੍ਰੇਟਰ, ਨਿਊਜ ਮਾਈਸਟਾਰ, ਨਿਊਜ ਆਦਿ-ਆਦਿ। ਇਹ ਸਭ ਚੈਨਲ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਚਲ ਰਹੇ ਹਨ। ਕਹਿਣ ਨੂੰ ਇਹ ਸਿਰਫ਼ ਨਿਊਜ਼ ਨੈਟਵਰਕ ਨਾਲ ਸਬੰਧਤ ਹਨ ਪਰ ਕਈ ਅਤੇ ਅਖੌਤੀ ਚੈਨਲ ਵੀ ਹਨ ਜਿਹਨਾਂ ਦਾ ਸਿਰਫ਼ ਕੈਮਰਾ ਤੇ ਮਾਈਕਰੋਫੋਨ ਹੀ ਕੁਲ ਜਮਾ ਪੂੰਜੀ ਹੈ। ਨਾ ਤਾਂ ਇਹ ਚੈਨਲ ਕਿਤੇ ਜ਼ਮੀਨ 'ਤੇ ਹਨ ਨਾ ਹੀ ਇਨ੍ਹਾਂ ਨੂੰ ਕਦੀ ਕਿਸੇ ਨੇ ਵੇਖਿਆ ਹੈ। ਨਿਯਮ ਅਨੁਸਾਰ ਕਿਸੇ ਵੀ ਚੈਨਲ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਰਕਾਰ ਤੋਂ ਇਜਾਜ਼ਤ ਲੈਣੀ ਜ਼ਰੂਰੀ ਹੈ। ਪਰ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਕਈ ਲੋਕ ਇਕ ਹੈਂਡੀ ਕੈਮਰਾ ਤੇ ਕੁਝ ਗੈਰ ਅਨੁਭਵੀ ਲੋਕਾਂ ਦੀ ਟੀਮ ਬਣਾ ਕੇ ਅਧਿਕਾਰੀਆਂ ਕਾਰੋਬਾਰੀਆਂ ਤੇ ਕੁਝ ਟੱਟ ਪੂੰਜੀਏ ਨੇਤਾਵਾਂ ਨੂੰ ਸਿਟੰਗ ਅਪ੍ਰੇਸ਼ਨ ਦੇ ਨਾਂ ਤੇ ਧਮਕਾ ਕੇ ਮੋਟੀ ਰਕਮ ਵਸੂਲ ਲੈਂਦੇ ਹਨ। ਜ਼ਿਆਦਾਤਰ ਅਜਿਹੇ ਲੋਕਲ ਚੈਨਲ ਵਾਲੇ ਪੱਤਰਕਾਰਿਤਾ ਦੇ ਨਾਂ 'ਤੇ ਸੁਆਦ ਲੈਂਦੇ ਹਨ ਜਾਂ ਫਿਰ ਉਸ ਦੇ ਨਾਂ 'ਤੇ ਗੋਰਖ ਧੰਦਾ ਚਲਾ ਰਹੇ ਹਨ। ਕਈ ਵਾਰੀ ਅਸਲੀ ਨਕਲੀ 'ਚ ਫਰਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਇਹਨਾਂ ਦਾ ਗੋਰਖ ਧੰਦਾ ਵਧ ਫੁੱਲ ਰਿਹਾ ਹੈ। ਆਪਣੇ ਵਾਹਨ 'ਤੇ ਪ੍ਰੈਸ ਦਾ ਸਟਿਕਰ ਲਾ ਕੇ ਚਲਣਾ ਅੱਜ ਸ਼ੁਗਲ ਬਣ ਗਿਆ ਹੈ। ਆਪਣੇ ਅਨੁਭਵ ਨੂੰ ਬਿਆਨ ਕਰਦਿਆਂ ਇਕ ਆਈ. ਪੀ. ਐਸ. ਅਧਿਕਾਰੀ ਨੇ ਦੱਸਿਆ ਕਿ ਰੋਜ਼ਾਨਾ ਗਸ਼ਤ ਦੌਰਾਨ ਇਕ ਸਕੂਟਰ 'ਤੇ ਮੋਟੇ ਅੱਖਰਾਂ 'ਚ ਪ੍ਰੈਸ ਲਿਖਿਆ ਵੇਖਿਆ ਜਦ ਪਿੱਛੇ ਦੀ ਸੀਟ 'ਤੇ ਕੱਪੜੇ 'ਚ ਲਪੇਟਿਆ ਸਮਾਨ ਰੱਸੀ ਨਾਲ ਬੰਨਿਆ ਸੀ ਤੇ ਸਕੂਟਰ ਚਾਲਕ ਅਤੀ ਸਾਧਾਰਨ ਵਿਅਕਤੀ ਲੱਗ ਰਿਹਾ ਸੀ। ਸਕੂਟਰ ਰੋਕ ਕੇ ਜਦ ਉਸ ਤੋਂ ਸਖ਼ਤੀ ਨਾਲ ਪੁੱਛ ਗਿੱਛ ਕੀਤੀ ਗਈ ਤਾਂ ਪਤਾ ਲੱਗਿਆ ਉਹ ਕੱਪੜਿਆਂ 'ਤੇ ਪ੍ਰੈਸ ਕਰਨ ਵਾਲਾ ਧੋਬੀ ਹੈ ਜਿਸ ਨੇ ਸਕੂਟਰ 'ਤੇ ਵੱਡੇ ਅੱਖਰਾਂ 'ਚ ਪ੍ਰੈਸ ਲਿਖ ਰੱਖਿਆ ਸੀ ਇਸ ਨੂੰ ਪੜ੍ਹ ਕੇ ਹਾਸੀ ਆਉਣਾ ਲਾਜ਼ਮੀ ਹੈ। ਪਰ ਸੁਆਲ ਉਥੇ ਮਾਨਸਿਕਤਾ ਦਾ ਹੈ। ਜੇ ਵੇਖਿਆ ਜਾਵੇ ਤਾਂ ਇਲੈਕਟ੍ਰਾਨਿਕ ਮੀਡੀਆ ਵਾਂਗੂ ਪ੍ਰਿੰਟ ਮੀਡੀਆ 'ਤੇ ਵੀ ਇਹਨਾਂ ਅਖੌਤੀ ਪੱਤਰਕਾਰਾਂ ਦੀ ਨਜ਼ਰ ਪਹਿਲਾਂ ਤੋਂ ਹੈ। ਇੰਡੀਆ ਟੂ. ਡੇ. ਨਾਲ ਮਿਲਦਾ ਜੁਲਦਾ ਨਾਂ ਮੀਡੀਆ ਟੂ. ਡੇ, ਟੂਡੇਜ਼ ਇੰਡੀਆ, ਆਈਡਿਓ ਟੂ. ਡੇ. ਆਦਿ ਨਾਵਾਂ ਨਾਲ ਅਨੇਕਾਂ ਮੈਗਜ਼ੀਨ ਬਾਜ਼ਾਰ 'ਚ ਵਿਕ ਰਹੇ ਹਨ। ਜਿਹਨਾਂ ਦਾ ਇੰਡੀਆ ਟੂ. ਡੇ. ਮੈਗਜ਼ੀਨ ਨਾਲ ਦੂਰ ਦਾ ਵੀ ਵਾਹ ਵਾਸਤਾ ਨਹੀਂ। ਹਰਮਨ ਪਿਆਰੇ ਅਖਬਾਰ ਵੀ ਇਸ ਪ੍ਰਕੋਪ ਤੋਂ ਨਹੀਂ ਬਚੇ ਹਨ। ਜਨਸੱਤਾ ਦੀ ਤਰਜ਼ ਤੇ ਜਨਤਾ ਸੱਤਾ ਜਨਤਾ ਦੀ ਸੱਤਾ, ਤਾਂ ਹਿੰਦੁਸਤਾਨ ਅਖਬਾਰ ਦੀ ਤਰਜ਼

’ਤੇ ਹਿੰਦੁਸਤਾਨ ਦੀ ਖਬਰ, ਹਿੰਦ ਸਮਾਚਾਰ ਆਦਿ ਸਥਾਨਕ ਅਖਬਾਰਾਂ ਦੀ ਵਿਕਰੀ ਧੜੱਲੇ ਨਾਲ ਹੋ ਰਹੀ ਹੈ। ਅਜਿਹੀ ਹਾਲਤ ’ਚ ਇਹ ਲਾਜ਼ਮੀ ਹੈ ਕਿ ਭਾਰਤ ਸਰਕਾਰ ਉਹਨਾਂ ਨਿਯਮਾਂ ਨੂੰ ਵੱਧ ਸਖਤੀ ਨਾਲ ਲਾਗੂ ਕਰੇ ਜੋ ਅਖ਼ਬਾਰਾਂ, ਰਸਾਲਿਆਂ, ਚੈਨਲਾਂ ਦੀ ਰਜਿਸਟ੍ਰੇਸ਼ਨ ਲਈ ਮਾਪਦੰਡ ਨਿਰਧਾਰਿਤ ਕੀਤੇ ਗਏ ਹਨ। ਨਹੀਂ ਤਾਂ ਮੀਡੀਆ ਦੀ ਮੰਡੀ ’ਚ ਆਮ ਲੋਕਾਂ ਤੋਂ ਲੈ ਕੇ ਅਧਿਕਾਰੀ, ਕਾਰੋਬਾਰੀ ਤੇ ਰਾਜਸੀ ਨੇਤਾ ਤਕ ਦਾ ਚੀਰ ਹਰਣ ਹੁੰਦਾ ਰਹੇਗਾ ਅਤੇ ਸਤਹੀ ਪੱਧਰ ’ਤੇ ਪੱਤਰਕਾਰਿਤਾ ਕਰਨ ਵਾਲਿਆਂ ਦੀ ਘੋਰ ਕਮੀ ਹੋ ਜਾਵੇਗੀ ਕਿਉਂਕਿ ਨੇਕ ਕੰਮ ਕਰਕੇ ਬਦਨਾਮ ਕੌਣ ਹੋਣਾ ਚਾਹੇਗਾ।

# ਕੀ ਸਰਕਾਰੀ ਕਮਿਊਨਿਸਟ ਸਾਮਰਾਜ ਦੇ ਚਾਕਰ ਹਨ?

ਭਾਰਤ ਦੇ ਸਰਕਾਰੀ ਕਮਿਊਨਿਸਟਾਂ ਨੇ ਇਹਨਾਂ ਚੋਣਾਂ ਵਿੱਚ ਗੈਰ ਕਾਂਗਰਸੀ, ਗੈਰ ਭਾਜਪਾਈ ਸਰਕਾਰ ਦਾ ਨਾਹਰਾ ਬੁਲੰਦ ਕੀਤਾ ਹੈ। ਇਹ ਦੋਨੋਂ ਦੇਸ਼ ਦੀ ਦੋਨੋਂ ਪ੍ਰਮੁਖ ਪਾਰਟੀਆਂ ਨੂੰ ਛੱਡ ਕੇ ਛੋਟੀਆਂ ਛੋਟੀਆਂ ਕੌਮੀ ਤੇ ਖੇਤਰੀ ਪੂੰਜੀਵਾਦੀ ਪਾਰਟੀਆਂ ਨੂੰ ਨਾਲ ਲੈਣਾ ਚਾਹੁੰਦੇ ਹਨ ਅਤੇ ਉਹਨਾਂ ਨੇ ਰਾਹੀਂ ਕੇਂਦਰ ਵਿਚ, 'ਬਦਲਵੀਂ' ਸਰਕਾਰ ਬਣਾਉਣਾ ਚਾਹੁੰਦੇ ਹਨ। ਇਸ ਵਿੱਚ ਉਹਨਾਂ ਪਾਰਟੀਆਂ ਨੂੰ ਆਪਣੇ ਨਾਲ ਲੈਣ 'ਚ ਜ਼ਰਾ ਵੀ ਇਤਰਾਜ ਨਹੀਂ ਹੈ ਜੋ ਅਜੇ ਵੀ ਕਾਂਗਰਸ ਜਾਂ ਭਾਜਪਾ ਦੇ ਗਠਜੋੜ ਵਿਚ ਹਨ। ਸਰਕਾਰੀ ਕਮਿਊਨਿਸਟਾਂ ਨੇ ਇਥੋਂ ਤੱਕ ਦਾ ਸਫਰ ਤਿੰਨ ਹਫਤਿਆਂ 'ਚ ਤਹਿ ਕੀਤਾ ਹੈ। 1970 ਤੇ 1980 ਦੇ ਦਹਾਕਿਆਂ ਵਿਚ ਇਹਨਾਂ ਦਾ ਨਾਹਰਾ ਸੀ ਕਾਂਗਰਸ ਹਟਾਓ। ਇਸ ਲਈ ਉਹ ਭਾਜਪਾ ਨਾਲ ਹੱਥ ਮਿਲਾਉਣ ਨੂੰ ਤਿਆਰ ਹਨ। ਐਮਰਜੈਂਸੀ ਤੱਕ ਕਾਂਗਰਸ ਦੀ ਪੂਛ ਬਣੀ ਰਹੀ ਭਾਜਪਾ ਨੇ ਉਸ ਪਿੱਛੋਂ ਉਸ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਅਤੇ ਉਹ ਵੀ ਮਾਕਪਾ ਦੀ ਕਾਂਗਰਸ ਵਿਰੋਧੀ ਮੁਹਿੰਮ ਵਿਚ ਲੱਗ ਗਈ। ਇਸ ਮੁਹਿੰਮ ਦੀ ਨੀਤੀ 1989 'ਚ ਤਹਿ ਹੋਈ ਜਦ ਵੀ ਪੀ ਸਿੰਘ ਦੀ ਅਗਵਾਈ 'ਚ ਜਨਤਾ ਦਲ ਦੀ ਸਰਕਾਰ ਬਣੀ ਇਸ ਸਰਕਾਰ ਨੂੰ ਸਰਕਾਰੀ ਕਮਿਊਨਿਸਟਾਂ ਤੇ ਭਾਜਪਾ ਦੋਹਾਂ ਦੀ ਹਮਾਇਤ ਹਾਸਲ ਸੀ ਪਰ ਇਸ ਤੋਂ ਪਹਿਲਾਂ ਹੀ ਭਾਜਪਾ ਦਾ ਤੇਜ਼ ਉਭਾਰ ਸ਼ੁਰੂ ਹੋ ਗਿਆ ਸੀ ਅਤੇ 1991 ਤਕ ਇਹ ਸਾਫ਼ ਹੋ ਗਿਆ ਕਿ ਭਾਜਪਾ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਬਣਨ ਵੱਲ ਵਧੀ। ਭਾਜਪਾ ਦਾ ਇਹ ਉਭਾਰ ਸੰਘ ਪਰਿਵਾਰ ਦੇ ਹਿੰਦੂ ਫਿਰਕਾਪ੍ਰਸਤਾਂ ਦਾ ਉਭਾਰ ਸੀ। ਹਿੰਦੂ ਫਿਰਕਾਪ੍ਰਸਤੀ ਦੇ ਰਾਖਸ਼ੀ ਚੇਹਰਿਆਂ ਦੇ ਸਾਹਮਣੇ ਆਉਂਦਿਆਂ ਹੀ ਸਰਕਾਰੀ ਕਮਿਊਨਿਸਟ ਭੈਭੀਤ ਹੋ ਗਏ ਅਤੇ ਫਿਰਕੂ ਵਿਰੋਧ ਦੇ ਨਾਂ 'ਤੇ ਉਸ ਕਾਂਗਰਸ ਪਾਰਟੀ ਵੱਲ ਖਿਸਕ ਗਏ ਜਿਸ ਦਾ ਉਹਨਾਂ ਨੇ ਭਾਜਪਾ ਨਾਲ ਮਿਲ ਕੇ ਵਿਰੋਧ ਕੀਤਾ ਸੀ। ਇਹ ਵੀ ਟੀਸੇ 'ਤੇ ਪਹੁੰਚਿਆ ਅਤੇ 2004 ਨੂੰ ਸਰਕਾਰੀ ਕਮਿਊਨਿਸਟਾਂ ਨੇ ਕਾਂਗਰਸ ਪਾਰਟੀ ਨੂੰ ਹਮਾਇਤ ਦੇ ਕੇ ਉਸ ਨੂੰ ਕੇਂਦਰ 'ਚ ਗੱਦੀ 'ਤੇ ਬਿਠਾ ਦਿੱਤਾ। ਹੁਣ ਉਹ ਤੀਜੀ ਚੀਜ਼ ਕਰ ਰਹੇ ਹਨ। ਹਾਲਾਂਕਿ ਤੀਜੇ ਮੋਰਚੇ ਦਾ ਤਜ਼ਰਬਾ ਉਹ 1996 'ਚ ਕਰ ਚੁੱਕੇ ਹਨ ਪਰ ਇਸ ਵਾਰੀ ਉਹਨਾਂ ਦੀਆਂ ਲਾਲਸਾਵਾਂ ਵੱਧ ਹਨ। ਇਸ ਵਾਰੀ ਉਹ ਖੁਦ ਸਰਕਾਰ ਬਣਾਉਣਾ ਚਾਹੁੰਦੇ ਹਨ। ਕਿਸੇ ਵੀ ਮਜ਼ਦੂਰ ਦਾ ਇਹ ਆਮ ਸੁਆਲ ਬਣਾਉਣਾ ਚਾਹੁੰਦੇ ਹਨ। ਕਿਸੇ ਵੀ ਮਜ਼ਦੂਰ ਦਾ ਇਹ ਆਮ ਸੁਆਲ ਹੋ ਸਕਦਾ ਹੈ ਕਿ ਜੇ ਅਜਿਹਾ ਹੋ ਜਾਵੇ ਤਾਂ ਕੀ ਹੋਵੇਗਾ? ਇਸ ਨਾਲ ਮਜ਼ਦੂਰ ਜਮਾਤ ਨੂੰ ਕੀ ਮਿਲੇਗਾ? ਛੋਟੀਆਂ-ਛੋਟੀਆਂ ਪੂੰਜੀਵਾਦੀ ਪਾਰਟੀਆਂ ਵੱਡੀਆਂ ਪਾਰਟੀਆਂ ਨਾਲੋਂ ਕਿਸ ਅਰਥ 'ਚ ਅਤੇ ਕਿਉਂ ਵੱਖਰੀਆਂ ਹੋਣਗੀਆਂ? ਇਹਨਾਂ ਸਾਰੀਆਂ ਛੋਟੀਆਂ ਛੋਟੀਆਂ ਪੂੰਜੀਵਾਦੀ ਪਾਰਟੀਆਂ ਦੀ ਇਕ ਆਮ ਵਿਸ਼ੇਸ਼ਤਾ ਹੈ। ਸੱਤਾ ਹਾਸਲ ਕਰਨ ਤੇ ਉਸ ਵਿਚ ਬਣੇ ਰਹਿਣ ਸੰਬੰਧੀ ਉਹਨਾਂ ਦਾ ਰਵਈਆ ਪੂਰੀ ਤਰ੍ਹਾਂ ਮੌਕਾਪ੍ਰਸਤ ਹੈ ਅਤੇ ਇਸ ਲਈ ਉਹ ਬਹੁਤ ਭੱਦੇ ਤੇ ਕੁਫਰ ਰੂਪ ਵਿਚ ਵੀ ਆਪਣੀ ਪਹਿਲੀ ਗੱਲ ਤੋਂ ਮੁਕਰ ਸਕਦੀਆਂ ਹਨ। ਇਸ ਰੂਪ 'ਚ ਫਿਰਕਾਪ੍ਰਸਤੀ ਆਦਿ ਸਾਰੇ ਮਸਲਿਆਂ 'ਤੇ ਉਹਨਾਂ

ਦੀ ਸਥਿਤੀਆਂ ਸ਼ਰੇਆਮ ਮੌਕਾਪ੍ਰਸਤ ਹੁੰਦੀਆਂ ਹਨ। ਉਹਨਾਂ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਿਹੜੀ ਖੇਤਰੀ ਪੂੰਜੀਪਤੀ ਜਮਾਤ ਜਾਂ ਪੂੰਜੀਪਤੀ ਜਮਾਤ ਦੇ ਕਿਹੜੇ ਧੜੇ ਦੀ ਨੁਮਾਇੰਦਗੀ ਕਰਦੀਆਂ ਹਨ, ਖੇਤਰੀ, ਪੇਂਡੂ ਜਾਂ ਕਿਸੇ ਹੋਰ ਧੜੇ ਦੀ। ਹੁਣ ਜੇ ਉਹ ਸਾਰੇ ਇਕ ਮੰਚ ’ਤੇ ਆ ਜਾਂਦੇ ਹਨ ਤਾਂ ਇਸ ਨਾਲ ਬਣਨ ਵਾਲੀ ਪੰਜ ਮੇਲ ਦੀ ਖਿਚੜੀ ਦਾ ਸੁਆਦ ਕੀ ਹੋਊ? ਇਹਨਾਂ ਦੇ ਆਪਣੇ ਵਿਸ਼ੇਸ਼ ਮੁੱਦੇ ਅਤੇ ਸੱਤਾ ਪ੍ਰਤੀ ਇਹਨਾਂ ਦਾ ਰੁਖ ਆਪਸ ’ਚ ਟਕਰਾਉਣਗੇ ਅਤੇ ਇਹਨਾਂ ਦਾ ਸਿੱਟਾ ਉਹੀ ਹੋਵੇਗਾ ਜੋ 1989 ਜਾਂ 1996 ’ਚ ਗਠਿਤ ਹੋਏ ਮੋਰਚੇ ਦਾ ਹੋਇਆ ਸੀ। ਪਰ ਮਜ਼ਦੂਰ ਜਮਾਤ ਦੇ ਨਜ਼ਰੀਏ ਤੋਂ ਦੇਖੀਏ ਤਾਂ ਇਹ ਪੰਜ ਮੇਲ ਖਿਚੜੀ ਉਨ੍ਹਾਂ ਲਈ ਕਾਂਗਰਸ ਜਾਂ ਭਾਜਪਾ ਤੋਂ ਘੱਟ ਜ਼ਹਿਰੀਲੀ ਨਹੀਂ ਹੋਵੇਗੀ। ਯਾਨੀ ਇਹ ਵੀ ਉਨੀ ਹੀ ਮਜ਼ਦੂਰ ਵਿਰੋਧੀ ਹੋਵੇਗੀ ਅਤੇ ਸਰਕਾਰੀ ਕਮਿਊਨਿਸਟਾਂ ਦਾ ਅਜਿਹਾ ਕੋਈ ਇਰਾਦਾ ਨਹੀਂ ਹੈ। ਉਹ ਕਈ ਸਾਲ ਪਹਿਲਾਂ ਮਜ਼ਦੂਰ ਵਰਗ ਨਾਲ ਗਦਾਰੀ ਕਰਕੇ ਪੂੰਜੀਵਾਦੀ ਵਰਗ ਦੇ ਪਾਲੇ ’ਚ ਜਾ ਚੁੱਕੇ ਹਨ। ਹੁਣ ਉਹਨਾਂ ਦਾ ਸਿਰਫ਼ ਇਹੀ ਉਦੇਸ਼ ਰਹਿ ਗਿਆ ਹੈ ਕਿ ਮਜ਼ਦੂਰਾਂ ਨੂੰ ਪੂੰਜੀਪਤੀਆਂ ਦੇ ਰਥ ਨਾਲ ਬੰਨ ਕੇ ਰੱਖਿਆ ਜਾਵੇ। ਮਜ਼ਦੂਰ ਜਮਾਤ ਸੁਧਾਰਵਾਦੀ ਰਾਜਨੀਤੀ ਦੀ ਇਹੀ ਪ੍ਰਣਿਤੀ ਹੈ। ਮਜ਼ਦੂਰ ਪੂੰਜੀਵਾਦ ’ਚ ਨਾ ਸਿਰਫ਼ ਸਭ ਤੋਂ ਹੇਠਾਂ ਦੇ ਡੰਡੇ ’ਤੇ ਲਿਆ ਖੜ੍ਹਾ ਕੀਤਾ ਹੈ ਬਲਕਿ ਉਪਰ ਦੇ ਬਾਕੀ ਸਾਰੀਆਂ ਨੇ ਹਿਲਾਏ ਜਾਂ ਉਲਟਾਏ ਬਿਨਾਂ ਉਹ ਖੁਦ ਹਿੱਲ ਵੀ ਨਹੀਂ ਸਕਦਾ। ਮਜ਼ਦੂਰ ਜਮਾਤ ਪੂੰਜੀਵਾਦ ’ਚ ਉੱਪਰ ਕਦੀ ਨਹੀਂ ਉੱਠ ਸਕਦੀ ਜਿਵੇਂ ਕਦੀ ਪੂੰਜੀਵਾਦੀ ਜਮਾਤ ਜਾਗੀਰਦਾਰੀ ਦੇ ਅੰਦਰ ਉਠ ਗਈ ਸੀ। ਇਸ ਲਈ ਇਨਕਲਾਬ ਮਜ਼ਦੂਰ ਜਮਾਤ ਲਈ ਲਾਜ਼ਮੀ ਹੈ। ਮਜ਼ਦੂਰ ਜਮਾਤ ਜਾਂ ਤਾਂ ਇਨਕਲਾਬੀ ਹੈ ਜਾਂ ਫਿਰ ਕੁਝ ਵੀ ਨਹੀਂ ਹੈ। ਉਹ ਸੁਧਾਰਵਾਦੀ ਤਰੀਕੇ ਨਾਲ ਆਪਣਾ ਭਲਾ ਨਹੀਂ ਕਰਵਾ ਸਕਦਾ। ਮਜ਼ਦੂਰ ਜਮਾਤ ਦੀ ਮੁਕਤੀ ਲਈ ਮਜ਼ਦੂਰ ਪਾਰਟੀਆਂ ਘੱਟੋ-ਘੱਟ ਉਦੇਸ਼ ਇਨਕਲਾਬ ਹੁੰਦਾ ਹੈ। ਉਥੋਂ ਹੀ ਜਮਾਤ-ਰਹਿਤ, ਰਾਜ ਰਹਿਤ ਸਮਾਜਵਾਦੀ ਸਮਾਜ ਦੀ ਸਥਾਪਨਾ ਦੇ ਰਾਹ ਦੀ ਸ਼ੁਰੂਆਤ ਹੁੰਦੀ ਹੈ। ਠੀਕ ਇਹੀ ਕਾਰਨ ਪੂੰਜੀਪਤੀ ਜਮਾਤ ਇਨਕਲਾਬ ਨੂੰ ਕੁਚਲਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਉਹ ਇਨਕਲਾਬੀ ਮਜ਼ਦੂਰ ਪਾਰਟੀਆਂ ਅਤੇ ਇਨਕਲਾਬੀ ਸੰਘਰਸ਼ਾਂ ਦਾ ਦਮਨ ਕਰਦੀ ਹੈ ਅਤੇ ਇਨਕਲਾਬੀ ਪਾਰਟੀਆਂ ਨੂੰ ਲਾਲਚ ਦੇ ਕੇ ਉਹਨਾਂ ਨੂੰ ਖਰੀਦਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਉਹ ਹਰ ਸੰਭਵ ਕੋਸ਼ਿਸ਼ ਕਰਦੀ ਹੈ ਕਿ ਉਹ ਆਪਣੀ ਇਨਕਲਾਬੀ ਭਾਵਨਾ ਛੱਡ ਕੇ ਪੂੰਜੀਵਾਦੀ ਪ੍ਰਬੰਧ ’ਚ ਸਮੋ ਜਾਵੇ। ਪੂੰਜੀਵਾਦੀ ਪਾਰਲੀਮਾਨੀ ਰਾਜਨੀਤੀ ਉਹਨਾਂ ਦਾ ਇਸ ਮਾਮਲੇ ’ਚ ਬਹੁਤ ਵੱਡਾ ਚਾਰਾ ਹੈ। ਪਿਛਲੇ ਸੌ ਸਾਲਾਂ ਦੇ ਇਤਿਹਾਸ ਨੇ ਵਿਖਾਇਆ ਹੈ ਕਿ ਪੂੰਜੀਵਾਦੀ ਸੰਸਦੀ ਰਾਜਨੀਤੀ ਪੂੰਜੀਵਾਦੀ ਪ੍ਰਬੰਧ ਨੂੰ ਚਲਾਉਣ ਅਤੇ ਬਚਾਈ ਰੱਖਣ ਦਾ ਸਭ ਤੋਂ ਵੱਡਾ ਤਰੀਕਾ ਹੈ। ਉਹ ਇਸ ਮਾਇਨੇ ’ਚ ਵੀ ਸਭ ਤੋਂ ਅੱਛਾ ਤਰੀਕਾ ਹੈ ਕਿ ਇਸ ਰਾਹੀਂ ਵਿਵਸਥਾ ਵਿਰੋਧੀਆਂ ਨੂੰ ਵਿਵਸਥਾ ਵਿਚ ਸਮੇਟਿਆ ਜਾ ਸਕੇ। ਪੂੰਜੀਪਤੀ ਵਰਗ ਦੀ ਭਾਸ਼ਾ ਵਿਚ ‘ਮੁੱਖਧਾਰਾ’ ’ਚ ਸ਼ਾਮਲ ਕੀਤਾ ਜਾ ਸਕੇ। ਸੰਸਦੀ ਰਾਜਨੀਤੀ ਪੂੰਜੀਵਾਦ ਕੀ ਉਹ ਖੇਡ ਹੈ ਜਿਸ ਵਿਚ ਇਸ ਦੇ ਨਿਯਮਾਂ ਤਹਿਤ ਚੱਲਣ ਵਾਲਾ ਕਦੀ ਉਸ ਤੋਂ ਪਾਸੇ ਨਹੀਂ ਜਾ ਸਕਦਾ। ਯਾਨੀ ਪੂੰਜੀਵਾਦੀ ਸੰਸਦੀ ਰਾਜਨੀਤੀ ਦੀ ਵਰਤੋਂ ਕਰਕੇ ਕਦੀ ਪੂੰਜੀਵਾਦ ਦਾ ਖਾਤਮਾ ਨਹੀਂ ਕੀਤਾ ਜਾ ਸਕਦਾ। ਪਰ ਇਸ

ਸਬਕ ਦੇ ਬਾਵਜੂਦ ਪੂੰਜੀਵਾਦੀ ਜਮਾਤ ਦੁਬਾਰਾ ਦੁਬਾਰਾ ਕਾਮਯਾਬ ਹੁੰਦੀ ਰਹਿੰਦੀ ਹੈ। ਇਹ ਦੁਬਾਰਾ-ਦੁਬਾਰਾ ਨਵੀਆਂ-ਨਵੀਆਂ ਪਾਰਟੀਆਂ ਨੂੰ ਪੂੰਜੀਵਾਦੀ ਸੰਸਦੀ ਵਿਵਸਥਾ ਦੇ ਦਾਇਰੇ ਵਿੱਚ ਸਮੇਟ ਕੇ ਉਨ੍ਹਾਂ ਨੂੰ ਇਨਕਲਾਬ ਤੋਂ ਦੂਰ ਕਰਨ 'ਚ ਉਹਨਾਂ ਨੂੰ ਪਾਲਤੂ ਬਣਾਉਣ 'ਚ ਕਾਮਯਾਬ ਹੁੰਦਾ ਹੈ। ਭਾਰਤ ਦੀ ਮਾਕਪਾ ਤੇ ਭਾਕਪਾ ਅਜਿਹੀਆਂ ਹੀ ਪਾਰਟੀਆਂ ਹਨ ਭਾਕਪਾ 1950 ਦੇ ਦਹਾਕੇ 'ਚ ਪਾਲਤੂ ਬਣੀ ਤੇ ਮਾਕਪਾ 1964 'ਚ ਜੋ ਬਹਤੁ ਪਹਿਲਾਂ ਹੀ ਪਾਲਤੂ ਬਣ ਗਈਆਂ ਸਨ (ਭਾਜਪਾ ਤੋਂ ਵੱਖ ਹੋ ਕੇ) ਹੀ ਪਾਲਤੂ ਬਿੱਲੇ ਵਜੋਂ ਉਸ ਦਾ ਜਨਮ ਹੋਇਆ। ਉਦੋਂ ਤੋਂ ਹੀ ਉਹ ਪਾਲਤੂ ਹੈ। ਪਰ ਦਹਾਕੇ ਪਹਿਲਾਂ ਪਾਲਤੂ ਪਿੱਲਾ ਬਣ ਜਾਣ ਪਿੱਛੋਂ ਵੀ ਇਹਨਾਂ ਦਾ ਮਜ਼ਦੂਰ ਜਮਾਤ ਦੇ ਇਕ ਹਿੱਸੇ 'ਤੇ ਅੱਜ ਵੀ ਪ੍ਰਭਾਵ ਹੈ। ਬੇਸ਼ੱਕ ਇਹ ਹਿੱਸਾ ਉਹਨਾਂ ਦੇ ਆਪਣੇ ਮਜ਼ਦੂਰਾਂ ਦਾ ਹੈ। ਖੁਦ ਖਾਂਦਾ ਪੀਂਦਾ ਮਜ਼ਦੂਰ ਵੀ ਮਹਿੰਗਾਈ ਕਾਰਨ ਆਮ ਮਜ਼ਦੂਰ ਬਣ ਰਿਹਾ ਹੈ। ਭਾਕਪਾ-ਮਾਕਪਾ ਨੇ ਸੁਧਾਰਵਾਦੀ ਹੋ ਜਾਣ ਕਰਕੇ ਅੰਦੋਲਨ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਅੱਜ ਮਜ਼ਦੂਰ ਜਮਾਤ ਨੂੰ ਇਨਕਲਾਬ ਵਾਸਤੇ ਲਾਮਬੰਦ ਕਰਨ ਲਈ ਜ਼ਰੂਰੀ ਹੈ ਕਿ ਮਜ਼ਦੂਰ ਜਮਾਤ ਅੰਦਰ ਇਸ ਦੇ ਭਰਿਸ਼ਟ ਪ੍ਰਭਾਵ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇ।

ਭਾਜਪਾ-ਮਾਕਪਾ ਦੀ ਸੰਸਦੀ ਰਾਜਨੀਤੀ ਦਾ ਪਰਦਾਫਾਸ਼ ਜ਼ਰੂਰੀ ਹੈ।

# ਇਹ ਕਿਹੋ ਜਿਹਾ ਪ੍ਰਸ਼ਾਸ਼ਨ?

ਕਹਿਣ ਨੂੰ ਤਾਂ ਇਹ ਸਭ ਲੋਕ ਰਾਜ ਦੇ ਸੇਵਕ ਹਨ ਪਰ ਅਸਲੀਅਤ 'ਚ ਇਹ ਸੱਤਾ ਦੇ ਸਾਂਢ ਹਨ। ਇਹ ਏਧਰ-ਉਧਰ ਬੇਖ਼ੌਫ਼ ਮੂੰਹ ਮਾਰਦੇ ਫਿਰਦੇ ਹਨ ਅਤੇ ਜਦ ਚਾਹਿਆ ਉਹ ਕਿਸੇ ਦੇ ਵੀ ਸਿੰਗ ਮਾਰ ਦਿੰਦੇ ਹਨ। ਇਹ ਸਿਰਫ਼ ਆਪਣੀ ਸੇਵਾ ਨਾਲ ਹੀ ਸਰੋਕਾਰ ਰੱਖਦੇ ਹਨ, ਕਿਸੇ ਹੋਰ ਦੇ ਦੁੱਖ-ਸੁੱਖ ਨਾਲ ਨਹੀਂ। ਇਹ ਤੱਥ ਆਧੁਨਿਕ ਪ੍ਰਸਾਸ਼ਨ ਦੇ ਰਖਵਾਲਿਆਂ ਪ੍ਰਤੀ ਸਹੀ ਸਾਬਤ ਹੁੰਦੇ ਹਨ। ਅਸੀਂ ਬੀਤੇ ਤੇ ਇਸ ਸਾਲ ਦੀਆਂ ਘਟਨਾਵਾਂ 'ਤੇ ਚਰਚਾ ਕਰੀਏ ਤਾਂ ਸਾਡਾ ਭਰਮ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ ਕਿ ਜਿਨ੍ਹਾਂ ਦੇ ਮੋਢਿਆਂ 'ਤੇ ਜਨ ਮਾਨਸ ਦੀ ਰਾਖੀ ਦਾ ਦਾਰੋ-ਮਦਾਰ ਹੈ ਜਨਤਾ ਨੂੰ ਉਹਨਾਂ ਤੋਂ ਖ਼ਤਰਾ ਵੱਧ ਹੈ। ਲੋਕ ਤਾਂ ਇਹਨਾਂ ਦੇ ਸਾਹਮਣੇ ਕੀੜੇ-ਮਕੌੜੇ ਹੀ ਹਨ।

ਅਜੇ ਪਿੱਛੇ ਜਿਹੇ ਹੀ ਹਰਿਆਣਾ ਸੂਬੇ ਦੇ ਰੋਹਤਕ ਸ਼ਹਿਰ ਵਿੱਚ ਸਰਿਤਾ ਨਾਂ ਦੀ ਇਕ ਔਰਤ ਨੇ ਏ. ਡੀ. ਜੀ. ਪੀ. ਦਫ਼ਤਰ ਪਹੁੰਚ ਕੇ ਜਾਨ ਦੇ ਕੇ ਪ੍ਰਸਾਸ਼ਨ ਦੇ ਮੂੰਹ 'ਤੇ ਕਰਾਰੀ ਚਪੇੜ ਜੜ ਦਿੱਤੀ ਹੈ। ਘਟਨਾ ਇਸ ਤਰ੍ਹਾਂ ਹੈ ਕਿ ਸਰਿਤਾ ਦਾ ਪਤੀ ਸੁਭਾਸ਼ ਮੋਟਰ ਸਾਈਕਲ ਚੋਰੀ ਹੋਣ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਨੂੰ ਛਡਵਾਉਣ ਲਈ 10 ਅਪ੍ਰੈਲ 2008 ਨੂੰ ਸਰਿਤਾ ਸੀ. ਆਈ. ਏ. ਪੁਲਸ ਥਾਣੇ ਗਈ ਸੀ। ਉਥੇ ਹੈਡ ਕਾਂਸਟੇਬਲ ਬਲਰਾਜ ਤੇ ਕਾਂਸਟੇਬਲ ਸ਼ਾਲਿਕਰਾਮ ਨੇ ਡਰਾ ਧਮਕਾ ਕੇ ਉਸ ਨਾਲ ਬਲਾਤਕਾਰ ਕੀਤਾ। ਇਸ ਗ਼ੈਰ ਮਨੁੱਖੀ ਤੇ ਵਹਿਸ਼ੀਆਣਾ ਹਰਕਤ ਖਿਲਾਫ਼ ਉਸ ਔਰਤ ਨੇ ਆਵਾਜ਼ ਉਠਾਉਣ ਦੀ ਠਾਨ ਲਈ। ਦੋਸ਼ੀਆਂ ਖਿਲਾਫ਼ ਕੇਸ ਦਰਜ ਕਰਵਾਉਣ ਲਈ ਉਹਨਾਂ ਨੂੰ ਮਹੀਨਾ ਭਰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ। ਇਕ ਲੰਬੀ ਲੜਾਈ ਲੜਨ ਪਿੱਛੋਂ ਆਖ਼ਰ ਦੋਸ਼ੀਆਂ ਖਿਲਾਫ਼ 26 ਮਈ ਨੂੰ ਆਈ. ਪੀ. ਸੀ. ਦੀ ਧਾਰਾ 376 ਬੀ. ਦੇ ਤਹਿਤ ਕੇਸ ਦਰਜ ਹੋਇਆ ਪਰ ਫਿਰ ਵੀ ਪੁਲਸ ਦਾ ਉਹੀ ਢਿੱਲਾ ਢਾਲਾ ਰਵੱਈਆ ਰਿਹਾ। ਅਪਰਾਧੀ ਖੁੱਲ੍ਹੇਆਮ ਘੁੰਮਦੇ ਰਹੇ ਅਤੇ ਸਰਿਤਾ ਤੇ ਉਸ ਦੇ ਪਤੀ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੰਦੇ ਰਹੇ। ਨਿਆਂ ਮਿਲਣ ਦੀ ਆਸ ਵਿਚ ਸਾਰੇ ਤਸੀਹੇ ਸਹਿੰਦਿਆਂ-ਸਹਿੰਦਿਆਂ ਸਰਿਤਾ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ। ਆਖ਼ਰ 'ਚ ਉਸ ਨੇ ਉਹੀ ਕੀਤਾ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ ਸੀ ਪਰ ਇਸ ਦੇ ਲਈ ਉਹ ਬਿਲਕੁਲ ਦੋਸ਼ੀ ਨਹੀਂ ਹੈ। ਮਨੁੱਖ ਏਨਾ ਵੱਡਾ ਕਦਮ ਕਾਫ਼ੀ ਜਿੱਲਤਾਂ ਸਹਿਣ ਬਾਅਦ ਹੀ ਉਠਾਉਂਦਾ ਹੈ। ਜੇ ਹਰਿਆਣਾ ਪੁਲਿਸ ਉਹ ਬੇਚਾਰੀ ਨੂੰ ਛੇਤੀ ਤੇ ਸੌਖਾ ਨਿਆਂ ਦਿਵਾ ਦਿੰਦੀ ਤਾਂ ਉਸ ਦੀ ਜ਼ਿੰਦਗੀ ਬਚ ਸਕਦੀ ਸੀ ਪਰ ਪੁਲਸ 'ਚ ਅਰਾਜਕਤਾ ਵਧਣ ਤੇ ਉਨ੍ਹਾਂ ਦੀਆਂ ਸੰਵੇਦਨਾਵਾਂ ਮਰ ਜਾਣ ਕਰਕੇ ਨਾ ਜਾਣੇ ਕਿੰਨੀਆਂ ਸਰਿਤਾਵਾਂ ਦੀ ਇੱਜ਼ਤ ਵੀ ਜਾਂਦੀ ਹੈ ਅਤੇ ਜਾਨ ਵੀ ਜਾਂਦੀ ਹੈ। ਦੇਸ਼ ਦੇ ਪੁਲਸ ਪ੍ਰਸ਼ਾਸਨ ਦੀ ਚਰਚਾ ਕੀਤੀ ਜਾਵੇ ਅਤੇ ਬਿਹਾਰ ਪੁਲਸ ਦਾ ਜ਼ਿਕਰ ਨਾ ਹੋਵੇ ਅਜਿਹਾ ਕਦੀ ਸੰਭਵ ਨਹੀਂ ਹੈ। ਮੀਡੀਆ ਰਾਹੀਂ ਆਪ ਆਏ ਦਿਨ ਅਜਿਹੀਆਂ ਸਾਰੀਆਂ ਘਟਨਾਵਾਂ ਨੂੰ ਵੇਖਦੇ, ਸੁਣਦੇ ਤੇ ਪੜ੍ਹਦੇ ਰਹਿੰਦੇ ਹਨ। ਘਟਨਾ ਕੁਝ ਸਮਾਂ ਪਹਿਲਾਂ ਦੀ ਹੈ। ਮੱਝ ਚੋਰੀ ਦੇ ਸਬੰਧ 'ਚ ਨਵ ਜਾਤੀ ਦੇ

ਕੁਝ ਲੋਕਾਂ ਨੂੰ ਫੜ ਕੇ ਪਿੰਡ ਵਾਲਿਆਂ ਨੇ ਏਨੀ ਬੁਰੀ ਤਰ੍ਹਾਂ ਬੇਰਹਿਮ ਤਰੀਕੇ ਨਾਲ ਮਾਰ ਸੁੱਟਿਆ ਕਿ ਦੇਖਣ ਵਾਲਿਆਂ ਦੇ ਦਿਲ ਦਹਿਲ ਗਏ। ਪਰ ਕੋਲ ਖੜ੍ਹੇ ਪੁਲਿਸ ਵਾਲਿਆਂ ਦੇ ਦਿਲ ਪਿਘਲੇ ਹੀ ਨਹੀਂ। ਉਹਨਾਂ ਨੇ ਨਾ ਤਾਂ ਪਿੰਡ ਵਾਲਿਆਂ ਨੂੰ ਰੋਕਿਆ ਤੇ ਨਾ ਹੀ ਕੋਈ ਕਾਰਵਾਈ ਕੀਤੀ। ਸਿਰਫ਼ ਤਮਾਸ਼ਬੀਨ ਬਣੇ ਰਹੇ ਬਿਹਾਰ ਵਿਚ ਹੀ ਇੱਕ ਮੁਸਲਿਮ ਲੜਕੇ ਨੂੰ ਚੈਨ ਚੋਰੀ ਦੇ ਜੁਰਮ 'ਚ ਪਿੰਡ ਵਾਲਿਆਂ ਤੇ ਪੁਲਿਸ ਵਾਲਿਆਂ ਨੇ ਬੁਰੀ ਤਰ੍ਹਾਂ ਮਾਰ ਕੁੱਟ ਕਰਕੇ ਅੱਧ ਮਰਿਆ ਕਰ ਦਿੱਤਾ। ਏਨਾ ਕਰਕੇ ਵੀ ਪੁਲਿਸ ਸੰਤੁਸ਼ਟ ਨਹੀਂ ਹੋਈ ਤਾਂ ਫਿਰ ਪੁਲਿਸ ਵਾਲਿਆਂ ਨੇ ਉਸ ਲੜਕੇ ਨੂੰ ਆਪਣੇ ਮੋਟਰ ਸਾਈਕਲ ਪਿੱਛੇ ਬੰਨ੍ਹ ਕੇ ਕਾਫ਼ੀ ਦੂਰ ਤੱਕ ਘਸੀਟਿਆ। ਲੜਕਾ ਬੁਰੀ ਤਰ੍ਹਾਂ ਲਹੂ ਲੁਹਾਨ ਹੋ ਗਿਆ ਸੀ। ਇਸੇ ਤਰ੍ਹਾਂ ਦੇ ਪੁਲਸੀਆਂ ਕਾਰਨਾਮੇ ਦੇਖ ਕੇ ਸਾਨੂੰ ਆਪਣੇ ਗੁਲਾਮੀ ਦੇ ਦਿਨਾਂ 'ਚ ਹੋਏ ਅਤਿਆਚਾਰਾਂ ਦੀ ਯਾਦ ਤਾਜ਼ਾ ਕਰ ਦਿੰਦੇ ਹਨ। ਬਿਹਾਰ ਦੀ ਇਕ ਹੋਰ ਘਟਨਾ ਹੈ ਜਿਸ 'ਚ ਚੋਰੀ ਦੇ ਜੁਰਮ 'ਚ ਹੀ ਇੱਕ ਔਰਤ ਨੂੰ ਸ਼ਰੇਆਮ ਇਕ ਦਬੰਗ ਧੜਾਧੜ ਕੁੱਟ ਰਿਹਾ ਸੀ। ਕੋਲੇ ਖੜ੍ਹੇ ਸਾਰੇ ਲੋਕ ਇਸ ਗੈਰ ਮਨੁੱਖੀ ਦ੍ਰਿਸ਼ ਨੂੰ ਵੇਖ ਕੇ ਖੁਸ਼ ਹੋ ਰਹੇ ਸਨ। ਪਾਸ ਹੀ ਇਕ ਪੁਲਿਸ ਚੌਂਕੀ ਸੀ ਪਰ ਪੁਲਿਸ ਇਸ ਘਟਨਾ ਤੋਂ ਅਣਜਾਣ ਬਣਕੇ ਆਪਣੇ ਫ਼ਰਜ਼ਾਂ ਪ੍ਰਤੀ ਘੋਰ ਉਦਾਸੀਨ ਰਹੀ। ਕਈ ਪੁਲਸ ਅਧਿਕਾਰੀ, ਕਰਮਚਾਰੀ, ਬਲਾਤਕਾਰ, ਚੋਰੀ ਡਕੈਤੀ ਤੇ ਹੱਤਿਆ ਵਰਗੇ ਸੰਗੀਨ ਅਪਰਾਧਾਂ 'ਚ ਲਿਪਤ ਰਹੇ ਹਨ। ਜਿਹਨਾਂ ਦੇ ਮੋਢਿਆਂ 'ਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਤੇ ਔਰਤਾਂ ਦੀ ਆਬਰੂ ਦੀ ਰਾਖੀ ਦਾ ਭਾਰ ਹੋਵੇ ਅਤੇ ਜੇ ਉਹ ਇਨਸਾਨ ਹੈਵਾਨ ਬਣ ਜਾਣ ਤਾਂ ਫਿਰ ਕਿਹੋ ਜਿਹਾ ਪ੍ਰਸਾਸ਼ਨ? ਅਤੇ ਕਿਹੋ ਜਿਹਾ ਨਿਆਂ?

ਰੋਹਿਣੀ ਸੈਕਟਰ 15 ਦਾ ਨਿਵਾਸੀ ਇਕ ਨੌਜਵਾਨ ਆਪਣੀ ਡਿਊਟੀ ਲਈ ਸੁਬਾਹ ਤੜਕੇ ਨੋਇਡਾ ਲਈ ਨਿਕਲਿਆ ਲਗਾਤਾਰ ਸੁਬਾਹ 5.45 ਵਜੇ ਉਸ ਦੀ ਬਾਈਕ ਡਵਾਈਡਰ ਨਾਲ ਟਕਰਾ ਗਈ ਅਤੇ ਉਸ ਦੀ ਗਰਦਨ ਰੈਲਿੰਗ 'ਚ ਫਸ ਗਈ। ਮੌਕੇ 'ਤੇ ਪਹੁੰਚੀ ਦਿਲੀ ਤੇ ਨੋਇਡਾ ਦੀ ਪੁਲਸ ਸੀਮਾ ਝਮੇਲੇ 'ਚ ਉਲਝ ਗਈ। ਝਮੇਲਾ 30 ਮਿੰਟ ਤੱਕ ਚੱਲਿਆ। ਨੌਜਵਾਨ ਮਦਦ ਲਈ ਤੜਫਦਾ ਰਿਹਾ। ਆਖਰ ਚੈੱਕ ਪੋਸਟ 'ਤੇ ਤੈਨਾਤ ਟੈਕਸ ਵਿਭਾਗ ਦੇ ਕਰਮਚਾਰੀਆਂ ਨੇ ਉਸ ਰੈਲਿੰਗ 'ਚੋਂ ਕੱਢਿਆ। ਉਦੋਂ ਤੱਕ ਉਸ ਦੇ ਪ੍ਰਾਣ ਨਿੱਕਲ ਚੁੱਕੇ ਸਨ। ਮੌਤ ਤੋਂ ਬਾਅਦ ਵੀ ਪੁਲਸੀਆਂ ਦੇ ਦਿਲ ਰਹਿਮ ਨਹੀਂ ਆਇਆ ਅਤੇ ਪੰਚਨਾਮੇ ਸਬੰਧੀ ਉਲਝਦੇ ਰਹੇ। ਪੁਲਿਸ ਦੇ ਫ਼ਰਜ ਤੇ ਨਹਿਚਾ ਦੀਆਂ ਕਸਮਾਂ ਕੁਝ ਹੀ ਮਿੰਟਾਂ 'ਚ ਢਹਿ ਢੇਰੀ ਹੋ ਗਈਆਂ। ਰਾਜਸਥਾਨ 'ਚ ਰਾਖਵੇਂਕਰਨ ਸਬੰਧੀ ਗੁਜਰ ਅੰਦੋਲਨ 'ਚ 31 ਲੋਕਾਂ ਦੀਆਂ ਜਾਨਾਂ ਗਈਆਂ ਅਤੇ 50 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਪ੍ਰਸਾਸ਼ਨ ਚਾਹੁੰਦਾ ਤਾਂ ਇਹਨਾਂ ਨਿਰਦੋਸ਼ ਲੋਕਾਂ ਦੇ ਕਤਲ ਟਾਲੇ ਜਾ ਸਕਦੇ ਸਨ। ਇਹ ਕਤਲ ਵੀ ਪੁਲਸ ਦੀ ਬੇਰਹਿਮੀ ਦੀ ਦਾਸਤਾ ਬਿਆਨ ਕਰਦੇ ਹਨ। ਸਾਡੇ ਲੋਕ ਨੁਮਾਇੰਦਿਆਂ ਬਾਰੇ ਜ਼ਿਕਰ ਕਰਨਾ ਹੋਵੇ ਤਾਂ ਉਹ ਪੁਲਿਸ ਤੋਂ ਵੀ ਅੱਗੇ ਰਹੇ ਹਨ। ਘਟਨਾ ਪੁਰਾਣੀ ਨਹੀਂ ਹੈ। ਘਟਨਾਕ੍ਰਮ ਵਿੱਚ ਉੱਤਰ ਪ੍ਰਦੇਸ਼ ਦਾ ਅਮਰਮਣੀ ਤ੍ਰਿਪਾਠੀ-ਮਧੂਮਿਤਾ ਸ਼ੁਕਲਾ ਕਾਂਡ ਕਾਫ਼ੀ ਚਰਚਿਤਾ ਰਿਹਾ ਹੈ। ਅਮਰਮਣੀ ਤ੍ਰਿਪਾਠੀ ਤਾਂ ਉਸ ਸਮੇਂ ਉਤਰ ਪ੍ਰਦੇਸ਼ ਸਰਕਾਰ ਦੇ ਕੈਬਨਿਟ ਮੰਤਰੀ ਸਨ ਜਦ ਸੁਸ਼ਮਿਤਾ ਦਾ ਕਤਲ ਹੋਇਆ। ਜਿਨ੍ਹਾਂ ਲੋਕਾਂ ਨੂੰ ਜਨਤਾ ਇਹ ਸੋਚ ਕੇ ਵੋਟ ਦਿੰਦੀ ਹੈ ਕਿ ਉਹ ਵਿਧਾਨ ਸਭਾ 'ਚ ਜਾ ਕੇ ਲੋਕਾਂ ਦੇ ਹਿੱਤ

ਵਿੱਚ ਕਾਨੂੰਨ ਬਣਾਉਣਗੇ, ਲੋਕਾਂ ਦੀ ਰਾਖੀ ਕਰਨਗੇ ਦੇਸ-ਪ੍ਰਦੇਸ਼ ਦਾ ਵਿਕਾਸ ਕਰਨਗੇ ਪਰ ਜਦ ਉਸ ਦੇ ਅਰਮਾਨਾ ਦਾ ਗਲਾ ਇਹ ਲੋਕ ਨੁਮਾਇੰਦੇ ਹੀ ਘੋਟ ਦੇਣ ਤਾਂ ਫਿਰ ਜਨਤਾ ਵਿਚਾਰੀ ਜਾਵੇਗੀ ਕਿੱਥੇ? ਉਤਰ-ਪ੍ਰਦੇਸ਼ ਦੇ ਮੇਰਠ-ਗਾਜਿਆਬਾਦ ਸ਼ਹਿਰ ਦਾ ਇਕ ਹੋਰ ਕਾਂਡ ਹੈ ਜਿਸ 'ਚ ਕਵਿਤਾ ਨਾਂ ਦੀ ਇੱਕ ਔਰਤ ਦਾ ਕਤਲ ਹੋਇਆ। ਇਸ ਕਾਂਡ ਵਿਚ ਵੀ ਉਤਰ ਪ੍ਰਦੇਸ਼ ਦੇ ਦੋ ਮੰਤਰੀਆਂ ਦਾ ਨਾ ਕਾਫ਼ੀ ਜ਼ੋਰ-ਸ਼ੋਰ ਨਾਲ ਉਛਾਲਿਆ ਗਿਆ ਸੀ। ਜਿਸ ਕਾਰਨ ਉਨ੍ਹਾਂ ਨੂੰ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣਾ ਪਿਆ। ਜੇ ਇਸ ਕਾਂਡ ਵਿਚ ਮੁੱਖ ਦੋਸ਼ੀ ਰਵਿੰਦਰ ਪ੍ਰਧਾਨ ਨੂੰ ਬਣਾਇਆ ਗਿਆ ਸੀ। ਜਿਸ ਦੀ ਪਿੱਛੇ ਜਿਹੇ ਹੀ ਮੌਤ ਹੋ ਚੁੱਕੀ ਹੈ। ਉਤਰ ਪ੍ਰਦੇਸ਼ ਦੇ ਹੀ ਲਖਨਊ ਸ਼ਹਿਰ ਵਿਚ ਇਕ ਦਲਿਤ ਪ੍ਰੀਵਾਰ ਦੀ ਇਕ ਲੜਕੀ ਦਾ ਕਤਲ ਹੋਇਆ ਹੈ। ਇਸ 'ਚ ਵੀ ਇੱਕ ਮੰਤਰੀ ਆਨੰਦਸੇਨ ਦਾ ਨਾਂ ਆਇਆ। ਬਲਾਤਕਾਰ ਤੇ ਕਤਲ ਉਜਾਗਰ ਤਾਂ ਉਦੋਂ ਹੀ ਹੁੰਦੇ ਹਨ ਜਦੋਂ ਜੇ ਮੀਡੀਆ ਚਾਹੇ ਜਾਂ ਪੀੜਤ ਵਿਅਕਤੀ ਹਿੰਮਤ ਕਰਕੇ ਖੁਦ ਹੀ ਖ਼ਤਰਾ ਉਠਾ ਕੇ ਪਹਿਲ ਕਰੇ। ਪਰ ਲੋਕ ਨੁਮਾਇੰਦਿਆਂ ਅਤੇ ਮੰਤਰੀਆਂ ਦੇ ਲੱਠਮਾਰ ਕਾਰਨਾਮੇ ਵੀ ਘੱਟ ਨਹੀਂ ਹਨ। ਉਤਰ ਪ੍ਰਦੇਸ਼ ਦੇ ਹਿਸਟਰੀਸ਼ੀਟਰ ਮੰਤਰੀ ਜਮੁਨਾ ਪ੍ਰਸ਼ਾਦ ਮਸ਼ਹੂਰ ਹਨ। ਇਹਨਾਂ 'ਤੇ ਡੇਢ ਦਰਜਨ ਤੋਂ ਵੱਧ ਮੁਕੱਦਮੇ ਵਿਚਾਰਧੀਨ ਹਨ। ਸੱਤਾ ਦਾ ਸੁਆਦ ਚੱਖਣ ਲਈ ਇਹ ਵੱਖ-ਵੱਖ ਪਾਰਟੀਆਂ ਤੋਂ ਪੰਜ ਵਾਰੀ ਚੋਣ ਲੜ ਚੁੱਕੇ ਹਨ। ਮਹਾਰਾਜਗੰਜ ਕੋਤਵਾਲੀ ਦੇ ਪਿੰਡ ਰਾਮਪੁਰ ਬੁਜਰਗ 'ਚ ਇਕ ਮਸ਼ਹੂਰ ਫਿਰਕੇ ਦੀ ਨਾਬਾਲਿਗ ਲੜਕੀ ਬਲਾਤਕਾਰ ਦਾ ਸ਼ਿਕਾਰ ਹੋਈ ਹੈ। ਪੁਲਿਸ ਨੇ ਮਾਮਲੇ ਨੂੰ ਫਿਰ ਵੀ ਸਰਸਰੀ ਲਿਆ। ਮੰਤਰੀ 'ਤੇ ਦੋਸ਼ ਹੈ ਕਿ ਉਹਨਾਂ ਨੇ ਭੀੜ ਦੇ ਨਾਲ ਮਹਾਰਾਜਗੰਜ ਕੋਤਵਾਲੀ 'ਚ ਖਰੂਦ ਪਾਇਆ।

ਇਸ ਗੁੰਡਾਗਰਦੀ ਦੇ ਸਿੱਟੇ ਵਜੋਂ ਕੋਤਵਾਲੀ 'ਚ ਸਿਪਾਹੀ ਕ੍ਰਿਸ਼ਨਾਨੰਦ ਰਾਏ ਦਾ ਕਤਲ ਕਰ ਦਿੱਤਾ ਗਿਆ। ਮੁੱਖ ਮੰਤਰੀ ਮਾਇਆਵਤੀ ਨੇ ਭਾਵੇਂ ਮੰਤਰੀ ਤੋਂ ਅਸਤੀਫਾ ਲੈ ਕੇ ਜਾਂਚ ਦੇ ਹੁਕਮ ਦੇ ਦਿੱਤੇ। ਬਲਾਤਕਾਰ ਦੀ ਸ਼ਿਕਾਰ ਲੜਕੀ ਦੀ ਦੁਬਾਰਾ ਡਾਕਟਰੀ ਜਾਂਚ ਲਈ ਨਵੇਂ ਮੈਡੀਕਲ ਬੋਰਡ ਦਾ ਗਠਿਨ ਕਰਨ ਦਾ ਐਲਾਨ ਕੀਤਾ ਹੈ।

ਪਿੱਛੇ ਜਿਹੇ ਹੀ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਛਤਰਪੁਰ ਦੇ ਤਹਿਤ ਸੂਬੇ ਦੇ ਗ੍ਰਹਿ ਰਾਜ ਮੰਤਰੀ ਰਾਮ ਦਿਆਲ ਅਹਿਰਵਾਰ ਦੇ ਪੁੱਤਰ ਲਛਮੀ ਅਹਿਰਵਾਰ ਤੇ ਉਸ ਦੇ ਸਾਥੀਆਂ ਨੇ ਮਹਾਰਾਜਪੁਰ ਦੇ ਥਾਣੇਦਾਰ ਦੀ ਮਾਰਕੁੱਟ ਕੀਤੀ ਅਤੇ ਉਨ੍ਹਾਂ ਦੇ ਘਰੇ ਘੁਸ ਕੇ ਤੋੜ-ਫੋੜ ਤੇ ਗਾਲੀ ਗਲੋਚ ਵੀ ਕੀਤਾ। ਪਿਉ ਜਦੋਂ ਗ੍ਰਹਿ ਰਾਜ ਮੰਤਰੀ ਹੋਵੇ ਤਾਂ ਪੁੱਤ ਠਾਣੇਦਾਰ ਦੇ ਖਿਲਾਫ਼ ਕੁੱਝ ਵੀ ਕਰ ਸਕਦਾ ਹੈ ਕਿਉਂਕਿ ਪੁਲਿਸ ਵਿਭਾਗ ਗ੍ਰਹਿ ਮੰਤਰੀ ਦੇ ਅਧੀਨ ਹੁੰਦਾ ਹੈ। ਪੁਲਸ ਨੇ ਲੱਛਮੀ ਤੇ ਉਸ ਦੇ ਸਾਥੀਆਂ ਵਿਰੁੱਧ ਕੇਸ ਦਰਜ ਕਰਕੇ ਅੱਗੇ ਦੀ ਕਾਰਵਾਈ ਕਰ ਦਿੱਤੀ ਹੈ। ਪੁਲਿਸ ਦੀ ਦਮਨਕਾਰੀ ਨੀਤੀ ਤੇ ਲੋਕ ਨੁਮਾਇੰਦਿਆਂ ਦੇ ਸੱਤਾ ਦਾ ਸੁੱਖ ਨਹੀਂ ਭੋਗਿਆ, ਅਪਰਾਧੀ ਕਿਸਮ ਦੇ ਲੋਕਾਂ ਵੱਲੋਂ ਕਿਸੇ ਤਰ੍ਹਾਂ ਕੁਰਸੀ ਹਾਸਲ ਕਰ ਲੈਣਾ ਤੇ ਸੱਤਾ ਦੇ ਨਸ਼ੇ 'ਚ ਆਪਣੀ ਔਕਾਤ ਭੁਲ ਜਾਣਾ ਅਜਿਹੇ ਕਾਰਨ ਹਨ ਜਿਨ੍ਹਾਂ ਕਰਕੇ ਉਹ ਬਲਾਤਕਾਰ, ਹੱਤਿਆ ਤੇ ਹੋਰ ਅਪਰਾਧਿਕ ਕੰਮ 'ਚ ਸ਼ਾਮਲ ਹੋ ਜਾਂਦੇ ਹਨ। ਪੁਲਿਸ ਤੇ ਲੋਕਾਂ ਦਾ ਰਿਸ਼ਤਾ

ਅਜੇ ਉਹੀ ਹੈ ਜੋ ਗੁਲਾਮੀ ਦੇ ਦਿਨਾਂ 'ਚ ਹੁੰਦਾ ਸੀ। ਅਜਿਹਾ ਮਹਿਸੂਸ ਹੁੰਦਾ ਹੈ ਕਿ ਪੁਲਿਸ ਨੂੰ ਗੈਰ ਮਨੁੱਖੀ ਤੇ ਜਾਬਰ ਬਣਾਈ ਰੱਖਣ ਵਿਚ ਰਾਜਸੀ ਨੇਤਾਵਾਂ ਦਾ ਹਿੱਤ ਹੈ। ਕਿਉਂਕਿ ਅਜਿਹੀ ਪੁਲਿਸ ਨੂੰ ਉਹ ਆਪਣੇ ਸੁਆਰਥਾਂ ਲਈ ਵਰਤਦੇ ਹਨ। ਸਮਾਜ 'ਚ ਜਿਥੇ ਲੋਕਰਾਜੀ ਜਮਹੂਰੀ ਚੇਤਨਾ ਵਧ ਰਹੀ ਹੈ ਉੱਥੇ ਮੱਧ ਯੁੱਗ ਵਾਂਗੂੰ ਪੁਲਸ ਹੁੰਦੀ ਜਾ ਰਹੀ ਹੈ। ਪੁਲਸ ਤੇ ਜਨਤਾ ਦੀ ਬੇਯਕੀਨੀ ਕਦੀ ਰੋਹਤਕ ਦੀ ਆਤਮ ਹੱਤਿਆ ਵਜੋਂ ਕਦੀ ਨਾਗਪੁਰ 'ਚ ਔਰਤਾਂ ਦੇ ਹੱਥੋਂ ਬਲਾਤਕਾਰੀ ਦੀ ਹੱਤਿਆ ਵਜੋਂ ਤਾਂ ਕਦੀ ਬਿਹਾਰ 'ਚ ਵਾਪਰੀਆਂ ਤਾਜ਼ਾ ਘਟਨਾਵਾਂ ਦੇ ਵਿਹਾਰ 'ਚ ਸੁਧਾਰ ਲਿਆਉਣ ਹਿੱਤ ਬਹੁਤ ਕੁਝ ਕਿਹਾ ਜਾਣਾ ਹੈ।

# ਫਰਜੀ ਪੁਲਿਸ ਮੁਕਾਬਲਿਆਂ ਦਾ ਦੌਰ ਜਾਰੀ

ਲਾਤੇਹਾਰ ਦੇ ਬੜਨਿਅਸ (ਝਾਰਖੰਡ) ਪਿੰਡ 'ਚ ਸੀ. ਆਰ. ਪੀ. ਦੇ ਜਵਾਨਾਂ ਨੇ ਜਿਸ ਤਰ੍ਹਾਂ ਨਕਸਲੀਆਂ ਦਾ ਗੁੱਸਾ ਨਿਰਦੋਸ਼ ਪੇਂਡੂਆਂ 'ਤੇ ਉਤਾਰਿਆ, ਉਸ ਨੇ ਲੋਕਾਂ ਦੇ ਦਿਲੋ ਦਿਮਾਗ 'ਚ ਪੁਲਸੀਆਂ ਦੇ ਭੈੜੇ ਨਕਸ਼ਿਆਂ 'ਤੇ ਮੋਹਰ ਲਾ ਦਿੱਤੀ ਹੈ। ਜਵਾਨਾਂ ਨੇ ਉੱਥੇ ਜੋ ਕੁੱਝ ਕੀਤਾ, ਉਹ ਪੁਲਿਸ ਪ੍ਰਸਾਸ਼ਨ ਨੂੰ ਕਲੰਕਿਤ ਕਰਨ ਵਾਲਾ ਹੈ। ਨਕਸਲੀਆਂ ਖਿਲਾਫ਼ ਕਾਰਵਾਈ ਦੇ ਨਾਂ 'ਤੇ ਸੀ. ਆਰ. ਪੀ. ਐਫ. ਦੀ ਇਸ ਕਾਰਵਾਈ ਨਾਲ ਸੁਰੱਖਿਆ ਫੋਰਸ ਤੇ ਪੁਲਸ ਮਹਿਕਮਾ ਅੱਜ ਕਟਹਿਰੇ 'ਚ ਖੜੇ ਹਨ। ਹਾਲਾਂਕਿ ਸ਼ੁਰੂ 'ਚ ਮਾਰੇ ਗਏ ਲੋਕਾਂ ਨੂੰ ਨਕਸਲੀ ਦੱਸਣ ਵਾਲੀ ਪੁਲਿਸ ਦੇ ਜਮਾਤੀ ਅਧਿਕਾਰੀ ਹੁਣ ਇਹ ਮੰਨ ਚੁੱਕੇ ਹਨ ਕਿ ਮਾਰੇ ਗਏ ਲੋਕ ਨਕਸਲੀ ਨਹੀਂ, ਬਲਕਿ ਸਧਾਰਨ ਪੇਂਡੂ ਸਨ, ਪਰ ਇਸ ਨਾਲ ਵਿਭਾਗ ਦੇ ਦਾਮਨ 'ਤੇ ਲੱਗਿਆ ਧੱਬਾ ਮਿਟਣ ਵਾਲਾ ਨਹੀਂ। ਪੇਡੂਆਂ, ਰਾਜਸੀ ਪਾਰਟੀਆਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਦਬਾਅ 'ਚ ਸਰਕਾਰ ਵੱਲੋਂ ਜਾਂਚ ਦੀ ਜ਼ਿੰਮੇਵਾਰੀ ਪਲਾਮੂ ਡਵੀਜਨ ਦੇ ਕਮਿਸ਼ਨਰ ਏ. ਕੇ. ਪਾਂਡੇ ਨੂੰ ਸੌਂਪੇ ਜਾਣ ਦੇ ਬਾਵਜੂਦ ਲੋਕਾਂ ਦਾ ਰੋਹ ਅਜੇ ਠੰਡਾ ਨਹੀਂ ਹੋਇਆ ਹੈ। ਅਲਬੱਤਾ ਅਦਾਲਤ ਤੋਂ ਇਕ ਉਮੀਦ ਜ਼ਰੂਰ ਬੱਝੀ ਹੈ। ਆਪਣੇ ਦੋਹਾਂ ਪੁੱਤਾਂ ਨੂੰ ਗੁਆ ਚੁੱਕੇ ਸੋਮਾ ਬੋਦਰਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਤਾਂ ਨਿਆਂ ਚਾਹੀਦੈ। ਹਤਿਆਰਿਆਂ ਨੇ ਤਾਂ ਉਸ ਦੇ ਜੀਵਨ ਦੇ ਸਾਰੇ ਰਾਹ ਬੰਦ ਕਰ ਦਿੱਤੇ ਹਨ। ਹੁਣ ਹਰ ਪਾਸੇ ਹਨੇਰਾ ਹੈ। ਜਾਂਚ ਲਈ ਬੜਨਿਆਂ ਪਹੁੰਚੇ ਕਮਿਸ਼ਨਰ ਏ. ਕੇ. ਪਾਂਡੇ ਨੂੰ ਸੋਮਾ ਦੀ ਪਤਨੀ ਨਉਰੀ ਇਹ ਸੁਆਲ ਕਰਦੀ ਹੈ। ਕਿ ਕੀ ਉਸ ਨੇ ਹੱਡੀਆਂ ਵੇਚ ਕੇ ਆਪਣੇ ਦੋਨੋਂ ਪੁੱਤਾਂ ਨੂੰ ਇਸ ਲਈ ਵੱਡਾ ਕੀਤਾ ਸੀ ਕਿ ਪੁਲਿਸ ਦੇ ਜਵਾਨ ਉਨ੍ਹਾਂ ਨੂੰ ਕੁੱਤੇ-ਬਿੱਲਿਆਂ ਵਾਂਗ ਮਾਰ ਦੇਣ। ਏਧਰ ਕਮਿਸ਼ਨਰ ਨੇ ਸਬੰਧੀਆਂ ਤੋਂ ਇਲਾਵਾ ਬੜਨਿਆ ਦੇ ਪੇਂਡੂ ਅਤੇ ਡਾਲਟੇਨਗੰਜ ਸੀ. ਆਰ. ਪੀ. ਐਫ. ਕੈਂਪ ਪਹੁੰਚ ਕੇ ਉਨ੍ਹਾਂ ਜਵਾਨਾਂ ਦੇ ਬਿਆਨ ਵੀ ਕਲਮ ਬੰਦ ਕੀਤੇ ਹਨ ਜਿਨ੍ਹਾਂ ਦੀ ਇਹ ਡਿਊਟੀ ਲਾਈ ਗਈ ਸੀ। ਜਾਂਚ ਰਿਪੋਰਟ ਜਲਦੀ ਹੀ ਗ੍ਰਹਿ ਸਕੱਤਰ ਨੂੰ ਸੌਂਪ ਦਿੱਤੀ ਜਾਵੇਗੀ ਪਰ ਇਕ ਗੱਲ ਤਹਿ ਹੈ ਕਿ ਇਸ ਪੂਰੇ ਘਟਨਾਕ੍ਰਮ ਨੇ ਸੁਰੱਖਿਆ ਫੋਰਸਾਂ ਨੂੰ ਕਟਹਿਰੇ 'ਚ ਖੜਾ ਕਰ ਲਿਆ ਹੈ।

ਵੈਸੇ ਪੁਲਿਸ ਲਈ ਇਹ ਕੋਈ ਨਵੀਂ ਗੱਲ ਨਹੀਂ ਹੈ। 2004 ਵਿਚ ਪਲਾਮੂ ਜ਼ਿਲੇ ਦੇ ਚੈਨਪੁਰ ਪਿੰਡ ਦੇ ਕੁਰਕਾ ਪਿੰਡ ਤੋਂ ਸੁਰੇਸ਼ ਰਾਮ ਨੂੰ ਨਕਸਲੀ ਹੋਣ ਦੇ ਦੋਸ਼ 'ਚ ਪੁਲਿਸ ਘਰੋਂ ਲੈ ਗਈ ਸੀ ਜਿਸ ਦਾ ਅੱਜ ਤੱਕ ਪਤਾ ਨਹੀਂ ਲੱਗਿਆ। 16 ਅਗਸਤ ਦੀ ਉਸ ਭਿਆਨਕ ਰਾਤ ਨੂੰ ਅੱਜ ਵੀ ਸੁਰੇਸ਼ ਦੀ ਪਤਨੀ ਸੋਮਰਾ ਨਹੀਂ ਭੁੱਲਦੀ ਹੈ। ਹਜਾਰੀ ਬਾਗ ਦੇ ਕੇਰੇਡਾਰੀ ਠਾਣਾ ਖੇਤਰ ਦੇ ਮਨਾਤੂ ਤੇ ਉਮੇਸ਼ ਔਂਜਾ ਨੂੰ ਬੜਕਾਗਾਂਵ ਦੇ ਟਾਵਰ ਵਿਚ ਪੁਲਿਸ ਨੇ ਗੋਲੀ ਮਾਰ ਦਿੱਤੀ ਸੀ। ਖੁਦ ਨਕਸਲੀਆਂ ਦੇ ਨਿਸ਼ਾਨੇ 'ਤੇ ਰਹੇ ਔਂਜਾ ਪਰਿਵਾਰ ਦੇ ਉਮੇਸ਼ ਨੂੰ ਪੁਲਿਸ ਨੇ ਨਕਸਲੀ ਦੱਸ ਕੇ 'ਮੁਕਾਬਲੇ' 'ਚ ਮਾਰ ਸੁੱਟਿਆ ਸੀ। ਬੜਨਿਆ ਦੀ ਘਟਨਾ ਵੀ ਕੁੱਝ ਅਜਿਹੀ ਹੀ ਹੈ। ਗੌਰ ਕਰਨ ਲਾਇਕ ਹੈ ਕਿ 16 ਅਪ੍ਰੈਲ ਨੂੰ ਪਹਿਲੇ ਗੇੜ ਦੀਆਂ ਚੋਣਾਂ ਤੋਂ ਇਕ ਦਿਨ

ਪਹਿਲਾਂ 15 ਅਪ੍ਰੈਲ ਦੀ ਸੁਬਾਹ ਨੂੰ ਮਾਓਵਾਦੀਆਂ ਨੇ ਬਰੂਦੀ ਸੁਰੰਗ ਦਾ ਵਿਸਫੋਟ ਕਰਕੇ ਲਾਤ ਕਲਸਟਰ ਸੈਂਟਰ ਜਾ ਰਹੇ ਪੁਲਸੀਆਂ ਦੀ ਗੱਡੀ ਨੂੰ ਆਪਣਾ ਨਿਸ਼ਾਨਾ ਬਣਾਇਆ ਸੀ। ਜਿਸ ਵਿਚ ਇਕ ਜਵਾਨ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਪੁਲਿਸ ਵਾਲੇ ਉਸ ਵੇਲੇ ਤਾਂ ਕੁੱਝ ਨਹੀਂ ਕਰ ਸਕੇ ਪਰ ਪਿੱਛੋਂ ਨਕਸਲੀ (ਮਾਓਵਾਦੀਆਂ) ਦੀ ਖੋਜਬੀਨ ਦੇ ਬਹਾਨੇ ਦੋ ਜਵਾਨ ਬੜਨਿਆ ਪਿੰਡ ਪੁੱਜੇ। ਉੱਥੇ ਸੋਪਾਏ ਬੋਦਰਾ (50) ਆਪਣੇ ਨਵੇਂ ਘਰ ਦੇ ਛੱਪਰ ਲਈ ਖਪੜਾ ਪਕਾਉਣ ਦੀ ਤਿਆਰੀ 'ਚ ਲੱਗਿਆ ਸੀ। ਕੋਲ ਹੀ ਉਸ ਦਾ ਪੁੱਤ ਸੰਜੈ ਬੋਦਰਾ (16) ਵੀ ਸੀ। ਸੋਮਾ ਬੋਦਰਾ ਦੇ ਦੋ ਪੁੱਤਰ ਸਸੀ ਬੋਦਰਾ (14) ਸੁਪਾਏ ਬੋਦਰਾ (16) ਅਤੇ ਪਿਤਾਏ ਬੋਦਰਾ (35) ਵੀ ਉੱਥੇ ਹੀ ਸਨ। ਸੁਰੱਖਿਆ ਬਲਾਂ ਦੇ ਜਵਾਨਾਂ ਨੇ ਉਨ੍ਹਾਂ ਨੂੰ ਆਵਾਜ਼ ਮਾਰ ਕੇ ਬੁਲਾਇਆ ਅਤੇ ਉਨ੍ਹਾਂ ਨੂੰ ਫੜ ਲਿਆ। ਫਿਰ ਉਨ੍ਹਾਂ ਦੀ ਬੁਰੀ ਤਰ੍ਹਾਂ ਕੁੱਟ ਮਾਰ ਕੀਤੀ। ਪੁਲਿਸ ਵੱਲੋਂ ਉਨ੍ਹਾਂ ਨੂੰ ਫੜ ਲਏ ਜਾਣ ਪਿੱਛੋਂ ਜਦ ਪੇਂਡੂ ਉੱਥੇ ਇਸ ਦੀ ਵਜ੍ਹਾ ਜਾਨਣ ਲਈ ਪਹੁੰਚੇ ਤਾਂ ਉਨ੍ਹਾਂ ਨੂੰ ਭਜਾ ਦਿੱਤਾ ਗਿਆ। ਛੁਪ-ਛੁਪ ਕੇ ਸੋਮ ਬੋਦਰਾ ਤੇ ਉਸ ਦੀ ਪਤਨੀ ਨਉਰੀ ਬਰਵਾਡੀਹ ਪਹੁੰਚੀ। ਉੱਥੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਪੁਲਿਸ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਹੈ। ਇਹੀ ਨਹੀਂ ਪੁਲਿਸ ਉਨ੍ਹਾਂ ਦੀ ਹੱਤਿਆ ਨੂੰ ਮੁਕਾਬਲੇ 'ਚ ਮਾਓਵਾਦੀਆਂ ਨੂੰ ਮਾਰ ਦੇਣ ਦੀ ਆਪਣੀ ਬਹਾਦਰੀ ਵਜੋਂ ਪ੍ਰਚਾਰ ਕਰਨ 'ਚ ਲੱਗੀ ਸੀ। ਉਸ ਵੇਲੇ ਦੇ ਡੀ. ਆਈ. ਜੀ. ਨੰਦੂ ਪ੍ਰਸ਼ਾਦ (ਮਲਾਮੂ ਪ੍ਰਖੇਤਰ) ਲਾਤੇਹਾਰ ਐਸ. ਪੀ. ਹੇਮੰਤ ਟੋਪੋ ਅਤੇ ਡੀ. ਸੀ. ਸਰਵੇਦੂ ਆਦਿ ਸਭ ਇਕ ਆਵਾਜ਼ 'ਚ ਇਸ ਨੂੰ ਆਪਣੀ ਸਫਲਤਾ ਦਸ ਰਹੇ ਸਨ। ਸਭ ਦੀ ਨਜ਼ਰ 'ਚ ਮਾਰੇ ਗਏ ਲੋਕ ਮਾਓਵਾਦੀ ਸਨ। ਡੀ. ਆਈ. ਜੀ. ਨੰਦੂ ਪ੍ਰਸ਼ਾਦ ਨੇ ਮਾਮਲੇ ਦੀ ਜਾਂਚ ਦੀ ਗੱਲ ਵੀ ਉਦੋਂ ਮੰਨੀ, ਜਦ ਪੇਂਡੂਆਂ ਨੇ ਵੋਟ ਬਾਈਕਾਟ ਦੇ ਨਾਲ ਨਾਲ ਬਰਵਾਹੀਡ ਨੂੰ ਬੰਦ ਕਰਵਾ ਦਿੱਤਾ। ਹਾਲਾਂਕਿ ਹੁਣ ਪੁਲਿਸ ਇਹ ਮੰਨਦੀ ਹੈ ਕਿ ਮਾਰੇ ਗਏ ਲੋਕ ਨਕਸਲੀ ਨਹੀਂ ਬਲਕਿ ਸਾਧਾਰਨ ਪੇਂਡੂ ਸਨ। ਪਰ ਪੁਲਿਸ ਅਧਿਕਾਰੀਆਂ ਦੇ ਬਦਲੇ ਬਿਆਨ ਰਾਹੀਂ ਇਹ ਮਾਮਲਾ ਤੁਲ ਪਕੜਦਾ ਗਿਆ। ਅਜਿਹੇ 'ਚ ਸੁਆਲ ਉੱਠਦਾ ਹੈ ਕਿ ਭਲਾ ਸੀ. ਸੀ. ਐਲ. (CMPDI) 'ਚ ਕੰਮ ਕਰਦੇ ਸੋਪਾਏ ਬੋਦਰਾ ਤੇ ਰਾਂਚੀ 'ਚ ਪੜਨ ਵਾਲੇ ਉਸ ਦੇ ਬੇਟੇ ਸੰਜੇ ਲਈ ਕਿਹੜੀ ਮਜ਼ਬੂਰੀ ਸੀ ਜੋ ਉਹ ਨਕਸਲੀ ਬਣਦੇ? ਸੋਮਾ ਬੋਦਰਾ ਦੇ ਦੋਨੋਂ ਪੜਨ ਵਾਲੇ ਬੱਚੇ ਮਸੀ ਅਤੇ ਸੁਪਾਏ ਨਕਸਲੀ ਕਿਵੇਂ ਹੋ ਗਏ? ਆਪਣੇ ਤਿੰਨ ਬੱਚਿਆਂ ਸਮੇਤ ਪਤਨੀ ਦੇ ਨਾਲ ਪਰਿਵਾਰ ਚਲਾਉਣ ਵਾਲਾ ਪਿਤਾਏ ਮੁੰਡੂ ਜਦ ਨਕਸਲੀਆਂ ਦੇ ਨਾਲ ਘੁੰਮਦਾ, ਤਾਂ ਉਸ ਦਾ ਚੁੱਲਾ ਕਿਵੇਂ ਚਲਦਾ? ਪਰ ਪੁਲਿਸ ਤੇ ਸੁਰੱਖਿਆ ਬਲ ਦੇ ਜਵਾਨਾਂ ਨੇ ਇਸ ਦੀ ਪੜਤਾਲ ਦੀ ਜ਼ਰੂਰਤ ਹੀ ਨਹੀਂ ਸਮਝੀ। ਉਨ੍ਹਾਂ ਨੇ ਤਾਂ ਬੱਸ ਆਪਣੇ ਸਾਥੀਆਂ ਦਾ ਬਦਲਾ ਲੈਣ ਲਈ ਨਿਰਦੋਸ਼ ਲੋਕਾਂ 'ਤੇ ਗੋਲੀਆਂ ਚਲਾ ਦਿੱਤੀਆਂ।

ਬੜਨਿਆ ਕਾਂਡ ਦਾ ਇਕ ਹੋਰ ਅਹਿਮ ਪਹਿਲੂ ਇਹ ਹੈ ਕਿ ਪੁਲਿਸ ਖਿਲਾਫ਼ ਕਿਸੇ ਵੀ ਪਬਲਿਕ ਲਹਿਰ ਉਸਾਰਨ ਦੇ ਉਦੇਸ਼ ਤਹਿਤ ਕੰਮ ਕਰਦੇ ਨਕਸਲੀਆਂ ਨੂੰ ਪੁਲਿਸ ਦੀ ਇਸ ਵਾਰਦਾਤ ਨੇ ਸੁਨਹਿਰੀ ਮੌਕਾ ਮੁਹੱਈਆ ਕਰਵਾ ਦਿੱਤਾ ਹੈ। ਭਾਕਪਾ (ਮਾਓਵਾਦੀ) ਨੇ ਇਸ ਘਟਨਾ ਖਿਲਾਫ਼ 22 ਅਪ੍ਰੈਲ ਨੂੰ ਸੂਬਾ ਪੱਧਰੀ ਬੰਦ ਦਾ ਸੱਦਾ ਦੇ ਕੇ ਕਈ ਛੋਟੀਆਂ-ਵੱਡੀਆਂ ਘਟਨਾਵਾਂ ਨੂੰ ਜੁਅਰਤਮੰਦੀ ਨਾਲ ਅੰਜਾਮ ਦਿੱਤਾ।

ਇਸ ਪੁਲਿਸ ਕਾਰਵਾਈ ਨੇ ਪੁਲਿਸ ਫੋਰਸ ਦੀ ਛਵੀ ਨੂੰ ਹੋਰ ਵਿਗਾੜਨ ਤੇ ਉਜਾਗਰ ਕਰਨ ਦਾ ਕੰਮ ਕੀਤਾ ਹੈ। ਇਸ ਪੂਰੇ ਘਟਨਾਕ੍ਰਮ 'ਚ ਦੇਖਿਆ ਜਾਵੇ ਤਾਂ ਪੁਲਿਸ ਨੂੰ ਘਾਟਾ ਪਿਆ ਹੈ ਜਦ ਕਿ ਮਾਓਵਾਦੀ ਅੱਗੇ ਵਧੇ ਹਨ। ਬੜਨਿਆਂ ਕਾਂਡ ਦਾ ਅਜੇ ਤੱਕ ਇਹੀ ਸਿੱਟਾ ਨਿਕਲਿਆ ਹੈ। ਹੁਣ ਦੇਖਣਾ ਹੈ ਕਿ ਜਾਂਚ ਰਿਪੋਰਟ ਸੱਚ ਉਜਾਗਰ ਕਰਦੀ ਹੈ ਜਾਂ ਨਹੀਂ।

# ਜਜ਼ੀਆ ਦਾ ਕੈਸਾ ਜੰਜਾਲ?

ਇਸਲਾਮ ਕਬੂਲ ਕਰੋ ਨਹੀਂ ਤਾਂ ਜਜ਼ੀਆ ਟੈਕਸ ਦਿਓ ਜਾਂ ਫਿਰ ਸਜ਼ਾ ਭੁਗਤੋ ਜਾਂ ਇਸ ਮੁਲਕ ਨੂੰ ਛੱਡ ਕੇ ਚਲੇ ਜਾਓ। ਪਾਕਿਸਤਾਨ ਦੇ ਸਰਹੱਦੀ ਕਬਾਇਲੀ ਇਲਾਕਿਆਂ ਦੇ ਤਾਲਿਬਾਨ ਨੇ ਇਹ ਹੁਕਮਨਾਮਾ ਜਾਰੀ ਕੀਤਾ। ਆਪਣੇ ਇਲਾਕੇ ਦੀਆਂ ਘੱਟ ਗਿਣਤੀਆਂ ਦੇ ਨਾਂ ਸਾਰੀ ਦੁਨੀਆਂ ਨੂੰ ਇਸ ਫਰਮਾਨ ਨੇ ਹਿਲਾ ਕੇ ਰੱਖ ਦਿੱਤਾ। ਪਾਕਿਸਤਾਨ ਸਰਕਾਰ ਨੇ ਅਜੇ ਪਿਛਲੇ ਮਹੀਨੇ ਹੀ ਇਨ੍ਹਾਂ ਕੱਟੜ ਪੰਥੀਆਂ ਦੇ ਨਾਲ 'ਸ਼ਾਂਤੀ ਸਮਝੌਤਾ' ਕੀਤਾ ਸੀ। ਸਰਕਾਰ ਦੀ ਇਸ ਕਮਜ਼ੋਰੀ ਨਾਲ ਉਨ੍ਹਾਂ ਦੇ ਹੌਂਸਲੇ ਇਸ ਹੱਦ ਤੱਕ ਵਧ ਗਏ ਕਿ ਮੁਲਕ ਦੇ ਸੰਵਿਧਾਨ ਨਾਲ ਇਨਸਾਨੀ ਹਕੂਕ ਤੇ ਨਾਗਰਿਕ ਅਧਿਕਾਰਾਂ ਨੂੰ ਉਨ੍ਹਾਂ ਨੇ ਆਪਣੇ ਪੈਰਾਂ ਹੇਠ ਰੋਲਣਾ ਸ਼ੁਰੂ ਕਰ ਦਿੱਤਾ। ਵੈਸੇ ਤਾਲਿਬਾਨ ਨੇ ਕੁੱਝ ਵੀ ਅਨੋਖਾ ਨਹੀਂ ਕੀਤਾ ਕਿਉਂਕਿ ਪਾਕਿਸਤਾਨ ਦਾ ਜਨਮ ਹੀ ਕੱਟੜ ਇਸਲਾਮੀ ਧਾਰਨਾ ਤਹਿਤ ਹੋਇਆ ਹੈ। ਹੁਣ ਉੱਥੇ ਕੱਟੜ ਇਸਲਾਮੀ ਤੱਤ ਸਿਰ ਚੁਕ ਰਹੇ ਹਨ ਤਾਂ ਇਸ 'ਚ ਹੈਰਾਨੀ ਕੀ ਹੈ। ਪਰ 'ਜਜ਼ੀਆ' ਵਾਲੀ ਗੱਲ ਕੁੱਝ ਜ਼ਿਆਦਾ ਹੀ ਹੋ ਗਈ ਹੈ। ਇਸ ਨਾਲ ਪਾਕਿਸਤਾਨ ਤੇ ਇਸਲਾਮ ਦੋਹਾਂ ਦੀ ਦੁਨੀਆਂ 'ਚ ਜ਼ਬਰਦਸਤ ਕਿਰਕਰੀ ਹੋਈ। ਆਖ਼ਰ ਕੀ ਹੈ ਇਹ ਜਜ਼ੀਆ ਟੈਕਸ ਜਿਸ ਦਾ ਨਾਂ ਲੈਂਦਿਆਂ ਹੀ ਇਸਲਾਮ ਨੂੰ ਕਟਹਿਰੇ 'ਚ ਖੜਾ ਕਰ ਦਿੱਤਾ ਜਾਂਦਾ ਹੈ? ਉਲੇਮਾ ਦਾ ਕਹਿਣਾ ਹੈ ਕਿ ਹਰ ਮੁਸਲਮਾਨ ਲਈ ਆਪਣੀ ਸਲਾਨਾ ਆਮਦਨੀ ਦਾ ਢਾਈ ਫੀਸਦੀ ਹਿੱਸਾ ਜਕਾਂਤ ਦੇ ਤੌਰ 'ਤੇ ਜਰੂਰਤ ਮੰਦਾਂ ਨੂੰ ਦੇਣਾ ਹੋਵੇਗਾ। ਜੇ ਇਸਲਾਮੀ ਸਟੇਜ ਹੋਵੇਗੀ, ਤਾਂ ਸਰਕਾਰ ਕਾਨੂੰਨੀ ਵਿਵਸਥਾ ਦੇ ਤਹਿਤ ਜਕਾਤ ਵਸੂਲ ਕਰਦੀ ਹੈ। ਪਰ ਇਸ ਰਾਜ 'ਚ ਰਹਿਣ ਵਾਲੇ ਗੈਰ-ਮੁਸਲਮਾਨਾਂ ਲਈ ਜਕਾਤ ਤਾਂ ਜ਼ਰੂਰੀ ਨਹੀਂ ਹੈ ਪਰ ਉਨ੍ਹਾਂ ਨੂੰ 'ਜਜ਼ੀਆ' ਵਜੋਂ ਟੈਕਸ ਦੇਣਾ ਹੁੰਦਾ ਹੈ ਇਸ ਦੀ ਦੂਜੀ ਵਿਆਖਿਆ ਹੈ ਕਿ ਇਸਲਾਮੀ ਸਟੇਟ ਆਪਣੇ ਗੈਰ ਮੁਸਲਿਮ ਨਾਗਰਿਕਾਂ ਦੀ ਰਾਖੀ ਦੀ ਗਰੰਟੀ ਲੈਂਦੀ ਹੈ ਇਸ ਦੇ ਬਦਲੇ ਉਹ ਜਜ਼ੀਆ ਟੈਕਸ ਵਸੂਲ ਕਰਦੀ ਹੈ। ਵੇਖਿਆ ਜਾਏ ਤਾਂ ਇਹ ਮੱਧਯੁਗੀ ਕਬਾਇਲੀ ਦੌਰ ਦੀ ਯੁੱਧ ਕਲੀਨ ਵਿਵਸਥਾ ਹੈ ਇਸ ਦੀ ਕਈ ਮੁਸਲਮਾਨ ਹਾਕਮਾਂ ਨੇ ਇਸਲਾਮ ਦੇ ਨਾਂ 'ਤੇ ਦੱਬ ਕੇ ਦੁਰਵਰਤੋਂ ਕੀਤੀ ਹੈ। ਔਰੰਗਜੇਬ ਵਰਗਾ ਮੁਗਲ ਬਾਦਸ਼ਾਹ ਇਤਿਹਾਸ 'ਚ ਇਸ ਲਈ ਬਦਨਾਮ ਹਾਕਮਾਂ 'ਚੋਂ ਗਿਣਿਆ ਜਾਂਦਾ ਹੈ ਕਿਉਂਕਿ ਉਸ ਨੇ ਗੈਰ-ਮੁਸਲਿਮਾ ਤੋਂ ਜਜ਼ੀਆ ਵਸੂਲਣ ਦੀ ਪ੍ਰਪੰਰਾ ਸ਼ੁਰੂ ਕੀਤੀ। ਅਸਲ ਵਿਚ ਤਾਲਿਬਾਨ ਵੀ ਦੁਨੀਆਂ ਨੂੰ ਮੱਧਯੁਗੀ ਕਬਾਇਲੀ ਦੌਰ 'ਚ ਲਿਜਾਣਾ ਚਾਹੁੰਦੇ ਹਨ ਅਤੇ ਉਹ ਵੀ ਤਾਕਤ ਅਤੇ ਦਹਿਸ਼ਤ ਨਾਲ। ਇਸਲਾਮੀ ਸ਼ਰੀਅਤ ਦੇ ਨਾਂ 'ਤੇ ਕਬਾਇਲੀ ਇਲਾਕਿਆਂ ਦੇ ਤਾਲਿਬਾਨ ਨੇ ਪਾਕਿਸਤਾਨ ਸਰਕਾਰ ਦੇ ਨਾਲ ਸਮਝੌਤਾ ਕੀ ਕੀਤਾ ਕਿ ਉਨ੍ਹਾਂ ਦੇ ਕੱਟੜਪੰਥੀ ਹੌਂਸਲੇ ਬੁਲੰਦ ਹੋ ਗਏ। ਉਨ੍ਹਾਂ ਨੇ ਇਲਾਕੇ 'ਚ ਵਸੇ ਹਿੰਦੂਆਂ ਤੇ ਸਿੱਖਾਂ ਉੱਪਰ ਕਹਿਰ ਢਾਹੁਣਾ ਸ਼ੁਰੂ ਕਰ ਦਿੱਤਾ। ਇਸ ਇਲਾਕੇ 'ਚ ਕਲਿਆਣ ਸਿੰਘ ਦਾ ਪਰਿਵਾਰ ਵੀ ਰਹਿੰਦਾ ਹੈ। ਇਹ ਸਿੱਖ ਪਰਿਵਾਰ ਇੱਥੇ ਮੁਲਕ ਦੇ ਬਟਵਾਰੇ ਤੋਂ ਪਹਿਲਾਂ ਦਾ ਬਸ਼ਿੰਦਾ ਹੈ। ਪਾਕਿਸਤਾਨ ਬਣਨ ਪਿੱਛੋਂ ਵੀ ਇਹ ਪਰਿਵਾਰ ਇਸ ਇਲਾਕੇ ਨੂੰ ਛੱਡ ਕੇ ਨਹੀਂ ਗਿਆ ਕਿਉਂਕਿ ਕਬਾਇਲੀ

ਇਲਾਕਾ ਹੋਣ ਦੇ ਬਾਵਜੂਦ ਉਸ ਨੂੰ ਕਦੀ ਭੇਦ-ਭਾਵ ਦਾ ਸਾਹਮਣਾ ਨਹੀਂ ਕਰਨਾ ਪਿਆ। ਕਲਿਆਣ ਸਿੰਘ ਅੱਜ ਵੀ ਮੰਨਦੇ ਹਨ ਕਿ ਪਸ਼ਤੋ ਪਠਾਣ ਬਹੁਤ ਰਹਿਮ ਦਿਲ ਗੁਆਂਢੀਆਂ ਦਾ ਖਿਆਲ ਰੱਖਣ ਵਾਲੇ ਅਤੇ ਮਹਿਮਾਨ ਨਵਾਜ਼ ਹੁੰਦੇ ਹਨ। ਪਰ ਅਚਾਨਕ ਅਜਿਹਾ ਕੀ ਹੋਇਆ ਕਿ ਜਿਸ ਇਲਾਕੇ ਨੂੰ ਉਹ ਆਪਣੀ 'ਜੱਨਤ' ਸਮਝਦਾ ਸੀ ਉਹ ਉਸ ਲਈ 'ਦੋਜ਼ਖ' 'ਚ ਬਦਲ ਗਿਆ। ਪਿਛਲੇ ਇਕ ਸਾਲ ਵਿਚ ਹੀ ਇੱਥੇ ਅਚਾਨਕ ਉਸ ਸਮੇਂ ਬਦਲਾਅ ਆਇਆ ਜਦ ਤਾਲਿਬਾਨੀ ਲੀਡਰ ਬੈਤੂਲਾਹ ਮਹਿਸੂਦ ਨੇ ਇਲਾਕੇ 'ਚ ਸ਼ਰੀਅਤ ਕਨੂੰਨ ਲਾਗੂ ਕਰਨ ਦੀ ਕਵਾਇਤ ਸ਼ੁਰੂ ਕਰ ਦਿੱਤੀ।

ਇਸ ਦੀ ਵਜ੍ਹਾ ਨਾਲ ਇਸ ਕਬਾਇਲੀ ਖੇਤਰ ਵਿਚ ਧਾਰਮਿਕ ਅਸੁਰੱਖਿਆ/ ਅਸ਼ਹਿਣਸ਼ੀਲਤਾ ਦੀ ਭਾਵਨਾ ਸ਼ੁਰੂ ਹੋ ਗਈ ਜਿਸ ਦਾ ਨਿਸ਼ਾਨਾ ਬਣੇ ਇਥੇ ਸਦੀਆਂ ਤੋਂ ਰਹਿ ਰਹੇ ਸਿੱਖ ਪਰਿਵਾਰ। ਤਾਲਿਬਾਨੀ ਦਹਿਸ਼ਤ ਦੀ ਵਜ੍ਹਾ ਕਾਰਨ ਇਲਾਕੇ ਦੇ ਬਹੁਤ ਸਾਰੇ ਸਿੱਖ ਤੇ ਹਿੰਦੂ ਪਰਿਵਾਰ ਇੱਥੋਂ ਪਲਾਇਨ ਕਰਕੇ ਪੇਸ਼ਾਵਰ ਚਲੇ ਗਏ। ਪਰ ਕਲਿਆਣ ਸਿੰਘ ਨੇ ਆਪਣਾ ਘਰ ਛੱਡਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਤਾਲਿਬਾਨੀ ਨੇਤਾਵਾਂ ਨੇ ਇਲਾਕੇ 'ਚ ਆ ਕੇ ਫ਼ਰਮਾਨ ਜਾਰੀ ਕਰ ਦਿੱਤਾ ਕਿ ਇਲਾਕੇ ਦੇ ਸਾਰੇ ਸਿੱਖ ਇਕ ਖੁੱਲ੍ਹੇ ਮੈਦਾਨ 'ਚ ਜਮ੍ਹਾਂ ਹੋ ਜਾਣ। ਉਨ੍ਹਾਂ ਨੇ ਕਿਹਾ ਕਿ ਹੁਣ ਉਹ ਤਾਲਿਬਾਨ ਦੀ ਸ਼ਰਨ ਵਿਚ ਹਨ। ਉਨ੍ਹਾਂ ਨੇ ਜਾਂ ਤਾਂ ਗੈਰ ਮੁਸਲਿਮ ਹੋਣ ਕਾਰਨ ਜਜ਼ੀਆ ਟੈਕਸ ਦੇਣਾ ਪਵੇਗਾ ਜਾਂ ਇਸਲਾਮ ਕਬੂਲ ਕਰਨਾ ਪਵੇਗਾ। ਉਨ੍ਹਾਂ ਨੇ ਕਲਿਆਣ ਸਿੰਘ ਨੂੰ ਫੜ ਲਿਆ ਅਤੇ ਦਸ ਦਿਨ ਹਿਰਾਸਤ ਵਿਚ ਰੱਖ ਕੇ ਤਸੀਹੇ ਦਿੱਤੇ ਇਸ ਇਲਾਕੇ ਦੇ ਇਕ ਹੋਰ ਸਿੱਖ ਹਰਜੀਤ ਸਿੰਘ ਨੇ ਦੱਸਿਆ ਕਿ ਤਾਲਿਬਾਨ ਨੇ ਹੁਕਮ ਦਿੱਤਾ ਕਿ ਸਿੱਖ ਬਰਾਦਰੀ ਨੂੰ ਜਜ਼ੀਆ ਵਜੋਂ ਦਸ ਕਰੋੜ ਦੇਣੇ ਪੈਣਗੇ। ਹਰਜੀਤ ਸਿੰਘ ਕਿਸੇ ਤਰ੍ਹਾਂ ਤਾਲਿਬਾਨ ਦੇ ਚੁੰਗਲ 'ਚੋਂ ਨਿਕਲਣ 'ਚ ਕਾਮਯਾਬ ਹੋ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਸਿੱਖਾਂ ਦੇ ਬਜ਼ੁਰਗਾਂ ਨੇ ਤਾਲਿਬਾਨ ਨੂੰ ਕਿਹਾ ਕਿ ਉਹ ਏਨੀ ਵੱਡੀ ਰਕਮ ਜਮ੍ਹਾ ਨਹੀਂ ਕਰਵਾ ਸਕਦੇ। ਆਖਰਕਾਰ ਤਾਲਿਬਾਨ ਨੇ ਜਜ਼ੀਆ (ਤਾਵਾਨ) ਦੀ ਰਕਮ ਨੂੰ ਘਟਾ ਕੇ ਚਾਰ ਕਰੋੜ ਕਰ ਦਿੱਤਾ। ਅੰਤ ਨੂੰ ਸਵਾ ਕਰੋੜ 'ਤੇ ਫੈਸਲਾ ਹੋਇਆ। ਕਲਿਆਣ ਸਿੰਘ ਨੂੰ ਆਜ਼ਾਦ ਕਰ ਦਿੱਤਾ ਗਿਆ, ਤਾਂ ਕਿ ਉਹ ਪੈਸਾ ਜਮ੍ਹਾਂ ਕਰਾ ਸਕਣ। ਉਨ੍ਹਾਂ ਦੇ ਪਰਿਵਾਰ ਤੋਂ ਇਲਾਵਾ 50 ਹੋਰ ਸਿੱਖ ਪਰਿਵਾਰਾਂ ਨੂੰ ਬੰਦਕ ਬਣਾ ਲਿਆ ਗਿਆ ਕਿ ਜੇ ਕਲਿਆਣ ਸਿੰਘ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਬੰਦਕਾਂ ਦੀ ਹੱਤਿਆ ਕਰ ਦਿੱਤੀ ਜਾਵੇਗੀ। ਕਲਿਆਣ ਸਿੰਘ ਪੇਸ਼ਾਵਰ ਵਿਚ ਹੈ ਅਤੇ ਸਵਾ ਕਰੋੜ ਦੀ ਰਕਮ ਜਮ੍ਹਾ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਲਾਕੇ 'ਚ ਸਿੱਖਾਂ ਦੀ ਤੈਦਾਦ ਕਰੀਬ ਦਸ ਹਜ਼ਾਰ ਹੈ ਅਤੇ ਅਫਰਾ ਤਫਰੀ ਦੇ ਮਹੌਲ ਵਿਚ ਲੋਕਾਂ ਦਾ ਕਾਰੋਬਾਰ ਠੱਪ ਹੈ। ਐਸੀ ਹਾਲਤ 'ਚ ਏਨੀ ਵੱਡੀ ਰਕਮ ਜਮ੍ਹਾ ਹੋਣਾ ਬੇਹੱਦ ਮੁਸ਼ਕਲ ਹੈ। ਤਾਲਿਬਾਨੀ ਮਹਿਸੂਦ ਕਬੀਲੇ ਦੇ ਇਸ ਜ਼ੁਲਮ 'ਤੇ ਹੋਰ ਕਬੀਲੇ ਵੀ ਖਾਮੋਸ਼ ਹਨ। ਤਾਲਿਬਾਨੀ ਮਹਿਸੂਦ ਕਬੀਲੇ ਦੇ ਇਸ ਜ਼ੁਲਮ 'ਤੇ ਹੋਰ ਕਬੀਲੇ ਵੀ ਚੁਪ ਹਨ। ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਜੇ ਜ਼ੁਬਾਨ ਖੋਲ੍ਹੀ ਤਾਂ ਤਾਲਿਬਾਨੀ ਉਨ੍ਹਾਂ ਨੂੰ ਬਖਸ਼ਣਗੇ ਨਹੀਂ। ਇਨ੍ਹਾਂ ਦੋਹਾਂ ਕਬੀਲਿਆਂ ਵਿਚ ਸਮੇਂ ਸਮੇਂ 'ਚ ਖੂਨੀ ਟਾਕਰਾ ਹੁੰਦਾ ਰਹਿੰਦਾ ਹੈ ਅਤੇ ਸੈਂਕੜੇ ਲੋਕ ਮਾਰੇ ਜਾਂਦੇ ਹਨ। ਇਸ ਦੌਰਾਨ

ਪਾਕਿਸਤਾਨ ਸਰਕਾਰ ਨੇ ਤਾਲਿਬਾਨ ’ਤੇ ਫੌਜੀ ਹਮਲੇ ਤੇਜ਼ ਕਰ ਦਿੱਤੇ ਹਨ ਤੇ ਅਜੇ ਕੁਝ ਨਹੀਂ ਪਤਾ ਕਿ ਇਲਾਕੇ ’ਚ ਫਸੇ ਸਿੱਖ ਪਰਿਵਾਰਾਂ ਦਾ ਕੀ ਹੋਇਆ। ਪੇਸ਼ਾਵਰ ਹਾਈਕੋਰਟ ਨੇ ਕਿਹਾ ਹੈ ਕਿ ਜਜ਼ੀਆ ਦੀ ਵਸੂਲੀ ਨਾਲ ਪਾਕਿਸਤਾਨ ਤੇ ਪਸ਼ਤੋ ਕਬੀਲਿਆਂ ਦੀ ਬਦਨਾਮੀ ਹੋ ਰਹੀ ਹੈ ਅਤੇ ਦੁਨੀਆਂ ਭਰ ’ਚ ਇਸ ਦੀ ਨਿੰਦਾ ਕੀਤੀ ਜਾ ਰਹੀ ਹੈ। ਪਾਕਿਸਤਾਨ ਦੀ ਚੁਣੀ ਸਰਕਾਰ ਅਤੇ ਮੁਲਕ ਦੀ ਖੁਦ-ਮੁਖਤਿਆਰੀ ਲਈ ਇਹ ਸੱਚਮੁੱਚ ਖੁੱਲੀ ਚੁਣੌਤੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਾਜ ਗਿਲਾਨੀ ਨੇ ਕਿਹਾ ਕਿ ਦੁਨੀਆਂ ਸਾਹਮਣੇ ਉਨ੍ਹਾਂ ਦਾ ਸਿਰ ਸ਼ਰਮ ਨਾਲ ਝੁਕ ਗਿਆ ਹੈ। ਜਿਹੜੇ ਕਟੜਪੰਥੀਆਂ ਨਾਲ ਪਾਕਿਸਤਾਨ ਸਰਕਾਰ ਨੇ ਸਮਝੌਤੇ ਕੀਤੇ ਸਨ ਹੁਣ ਉਨ੍ਹਾਂ ਹੀ ਖਿਲਾਫ਼ ਪਾਕਿਸਤਾਨ ਦੀ ਫੌਜ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮਸ਼ਹੂਰ ਪਾਕਿਸਤਾਨੀ ਪੱਤਰਕਾਰ ਅਲਤਾਫ ਹੁਸੈਨ ਕੁਰੈਸ਼ੀ ਨੇ ਆਪਣੇ ਅਖਬਾਰ ’ਚ ਲਿਖਿਆ ਹੈ ਕਿ ‘ਕੀ ਇਹੀ ਹੈ ਇਸਲਾਮ! ਜੇ ਇਸਲਾਮ ਇਹੀ ਹੈ ਤਾਂ ਦੁਨੀਆਂ ਤੋਂ ਅਜਿਹੇ ਮਜਹਬ ਨੂੰ ਵਿਦਾ ਹੋ ਜਾਣਾ ਚਾਹੀਦੈ। ਜੋ ਬੰਦੇ-ਬੰਦੇ ’ਚ ਫਰਕ ਕਰਨਾ ਸਿਖਾਉਂਦਾ ਹੋਵੇ।” ਸੱਚਮੁੱਚ ਪਾਕਿਸਤਾਨ ਇਕ ਵੱਡੀ ਅਜਮਾਇਸ਼ ਦੇ ਦੌਰ ਵਿਚੋਂ ਦੀ ਗੁਜ਼ਰ ਰਿਹਾ ਹੈ ਅਤੇ ਇਸਲਾਮ ਵੀ।

# ਬੰਦ ਕਾਰਖਾਨਿਆਂ ਦੀ ਜ਼ਮੀਨ ਸਬੰਧੀ ਰਾਜਸੀ ਖੋਹ ਖਿੰਝ

ਬੰਗਾਲ 'ਚ 15 ਲੱਖ ਤੋਂ ਵੱਧ ਬੇਰੁਜ਼ਗਾਰਾਂ ਦੀ ਹੋਂਦ ਨੂੰ ਖਤਰਾ, ਕਿਸੇ ਜ਼ਮਾਨੇ 'ਚ ਸਨਅਤੀ ਹੱਬ ਕਹੇ ਜਾਣ ਵਾਲੇ 24, ਪਰਗਨਾ, ਹੁਗਲੀ, ਹਾਵੜਾ, ਆਸਨ ਸੋਲ, ਰਾਣੀਗੰਜ, ਦੁਰਗਾਪੁਰ ਤੇ ਹੋਰ ਜ਼ਿਲਿਆਂ ਵਿਚ ਬੰਦ ਪਈਆਂ ਛੇ ਸੌ ਤੋਂ ਵੱਧ ਇਕਾਈਆਂ 'ਚ ਬੇਕਾਰ ਮਜ਼ਦੂਰਾਂ-ਦਰਮਿਆਨੇ ਅਧਿਕਾਰੀਆਂ ਦੀ ਜ਼ਿੰਦਗੀ ਹੁਣ ਘਿਸ ਘਿਸ ਕੇ ਚਲਦੀ ਹੈ।

ਦ੍ਰਿਸ਼ 1 – ਕੋਲਕਾਤਾ ਤੋਂ 42 ਕਿਲੋ ਮੀਟਰ ਦੂਰ 600 ਏਕੜ ਵਿਚ ਫੈਲਿਆ ਗੌਰੀਪੁਰ ਜੂਟ ਮਿਲ ਕਾਰਖਾਨਾ ਕੈਂਪਸ ਦੇ ਮੈਦਾਨ 'ਚ ਖੱਬੇ ਮੋਰਚੇ ਦੀ ਰੈਲੀ 'ਚ ਮੁੱਖ ਮੰਤਰੀ ਬੁਧਾਦੇਵ ਭੱਟਾਚਾਰੀਆਂ ਸਨਅਤੀਕਰਨ ਦਾ ਮੁੱਦਾ ਉਠਾਉਂਦੇ ਹਨ। ਬੰਦ ਪਈ ਗੌਰੀਪੁਰ ਜੂਟ ਮਿਲ ਦੀ ਜ਼ਮੀਨ ਦੀ ਚਰਚਾ ਕਰਦਿਆਂ ਕਹਿੰਦੇ ਹਨ ਕਿ ਕੇਂਦਰ ਸਰਕਾਰ ਇਸ ਜ਼ਮੀਨ ਦੀ ਵਰਤੋਂ ਦੀ ਇਜਾਜ਼ਤ ਨਹੀਂ ਦੇ ਰਹੀ ਨਹੀਂ ਤਾਂ ਅਸੀਂ ਇਥੇ ਕੋਈ ਦੂਜੀ ਫੈਕਟਰੀ ਬਣਾ ਕੇ ਮਜ਼ਦੂਰਾਂ ਨੂੰ ਕੰਮ ਦਿਵਾਉਂਦੇ।

ਦ੍ਰਿਸ਼ 2 – ਇਸੇ ਕਾਰਖਾਨੇ ਦੇ ਚਾਰ ਨੰਬਰ ਲਾਈਨ 'ਚ ਸਥਿਤ ਕੁਆਟਰ ਨੰ: 42 'ਚ ਰਹਿੰਦਾ ਹੈ ਮਦਨ ਰਾਮ ਦਾ ਪਰਿਵਾਰ। ਇਸ ਇਕ ਕਮਰੇ ਦੇ ਕੁਆਟਰ ਵਿਚ ਉਸ ਨਾਲ ਪਤਨੀ ਦੋ ਬੇਟੀਆਂ ਤੇ ਦੋ ਬੇਟੇ ਰਹਿੰਦੇ ਹਨ। ਕਿਸੇ ਜ਼ਮਾਨੇ 'ਚ ਰੋਜ਼ਾਨਾ 160 ਰੁਪਏ ਦੀ ਪਗਾਰ ਸੀ। ਹੁਣ ਪੁਰਾਣੇ ਟਾਇਰ ਤੋਂ ਰਬੜ ਕੱਢ ਕੇ ਕਬਾੜੀ ਨੂੰ ਵੇਚਣ ਦਾ ਧੰਦਾ ਕਰਦੇ ਹਨ। ਘਰ ਦੇ ਸਾਰੇ ਲੋਕ ਦੋ-ਦੋ ਕਿਲੋ ਰਬੜ ਰੋਜ਼ ਕੱਢ ਲੈਂਦੇ ਹਨ। ਆਮਦਨੀ 6 ਰੁਪਏ ਪ੍ਰਤੀ ਕਿਲੋ ਰਬੜ। ਕਿਸ ਤਰ੍ਹਾਂ ਜ਼ਿੰਦਗੀ ਘਸੀਟੀ ਜਾ ਰਹੀ ਹੈ। 1885 'ਚ ਬਣੀ ਇਹ ਫੈਕਟਰੀ 12 ਦਸੰਬਰ 1997 ਨੂੰ ਬੰਦ ਕਰ ਦਿੱਤੀ ਗਈ। ਹੁਣ ਮਦਨ ਰਾਮ ਵਰਗੇ ਪੰਜ ਹਜ਼ਾਰ ਮਜ਼ਦੂਰ ਹੁਨਰਮੰਦ ਮਜ਼ਦੂਰ ਹਨ। ਪੀ. ਐਫ. ਗ੍ਰੈਚੂਟੀ ਦੀ ਰਕਮ ਅਤੇ ਦੋ ਸਾਲ ਦੀ ਤਨਖਾਹ ਬਕਾਇਆ ਹੈ।

ਕਿਸੇ ਜ਼ਮਾਨੇ 'ਚ ਪੱਛਮੀ ਬੰਗਾਲ ਦੇ ਸਨਅਤੀ ਹੱਬ ਕਹੇ ਜਾਣ ਵਾਲੇ 24 ਪਰਗਨਾ, ਹਾਵੜਾ, ਰਾਣੀਗੰਜ, ਦੁਰਗਾਪੁਰ ਤੇ ਹੋਰ ਜ਼ਿਲਿਆਂ 'ਚ ਬੰਦ ਪਈਆਂ 600 ਤੋਂ ਵੱਧ ਇਕਾਈਆਂ ਦੇ ਬੇਕਾਰ ਮਜ਼ਦੂਰਾਂ ਦੀ ਜ਼ਿੰਦਗੀ ਘਿਸ ਪਿਟ ਰਹੀ ਹੈ। ਪਿਛਲੇ 10 ਸਾਲਾਂ ਵਿਚ 15 ਲੱਖ ਤੋਂ ਵੱਧ ਮਜ਼ਦੂਰ ਤੇ ਦਰਮਿਆਨੇ ਪੱਧਰ ਦੇ ਮੁਲਾਜ਼ਮ ਅਧਿਕਾਰੀ ਬੇਰੁਜ਼ਗਾਰ ਹੋਏ ਹਨ। ਕਿਸੇ ਜ਼ਮਾਨੇ 'ਚ ਹਜ਼ਾਰਾਂ ਪਰਿਵਾਰਾਂ ਦੀ ਰੋਟੀ ਰੋਜ਼ੀ ਦੇਣ ਵਾਲੀਆਂ ਫੈਕਟਰੀਆਂ ਹੁਣ ਬੰਦ ਪਈਆਂ ਹਨ ਅਤੇ ਰਾਜਸੀ ਅਖਾੜੇ ਬਣ ਰਹੀਆਂ ਹਨ। ਗੋਰੀਪੁਰ ਜੂਟ ਮਿਲ, ਕੰਟੇਨਰਸ ਐਂਡ ਕੈਂਪਸ, ਗੋਰੀਪੁਰ ਥਰਮਲ ਪਾਵਰ ਸਟੇਸ਼ਨ, ਜੇਨਸਨ ਐਂਡ ਨਿਕਲਸਨ, ਇੰਡੀਅਨ ਪੇਪਰ ਪਲਪ, ਨੈਸ਼ਨਲ ਟੈਕਸਟਾਈ ਲਸ, ਨੈਸ਼ਨਲ ਜੂਟ ਮਿਲਸ, ਕ੍ਰਿਸ਼ਨਾ ਸਿਲੀਕੇਟ ਐਂਡ ਗਲਾਸ, ਹਿੰਦੁਸਤਾਨ ਲਿਵਰ ਲਿਮਟਿਡ ਵਰਗੀਆਂ ਵੱਡੀਆਂ ਕੰਪਨੀਆਂ ਦੇ ਨਾਂ ਗਿਣਾਏ ਜਾ ਸਕਦੇ ਹਨ। ਚੁਣਾਵੀ ਰੈਲੀਆਂ 'ਚ ਖੱਬੇ ਮੋਰਚੇ ਦਾ ਦਾਅਵਾ ਰਿਹਾ ਹੈ ਕਿ ਕੇਂਦਰ ਸਰਕਾਰ ਇਨ੍ਹਾਂ ਫੈਕਟਰੀਆਂ ਦੀ ਜ਼ਮੀਨ ਆਜ਼ਾਦ ਕਰ ਦੇਵੇ ਤਾਂ ਇੱਥੇ ਕੋਈ ਹੋਰ ਇਕਾਈਆਂ ਸੌਖਿਆਂ ਹੀ ਲਾਈਆਂ ਜਾ ਸਕਦੀਆਂ ਹਨ। ਦੂਜੇ ਪਾਸੇ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਨ੍ਹਾਂ ਜ਼ਮੀਨਾਂ

ਸਬੰਧੀ ਰਾਜ ਸਰਕਾਰ ਬਿਲਡਿੰਗ ਬਣਾਉਣ ਲਈ ਕੋਲੋਨਾਈਜ਼ਰਾਂ ਨੂੰ ਦੇ ਦੇਵੇਗੀ ਇਸ ਸਾਰੇ ਦੌਰਾਨ ਮਜ਼ਦੂਰਾਂ ਦਾ ਸਵਾਲ ਆਪਣੀ ਥਾਂ ਖੜ੍ਹਾ ਹੈ। ਗੌਰੀਪੁਰ ਮਿਲ ਕੇ ਮਜ਼ਦੂਰ ਰਹਿ ਚੁੱਕੇ 62 ਸਾਲਾਂ ਦੇ ਗਨੋਰੀ ਪਾਸਵਾਨ ਤੇ ਉਨ੍ਹਾਂ ਦੀ ਪਤਨੀ, ਤਿੰਨ ਬੇਟੇ, ਦੋ ਬੇਟੀਆਂ ਨਾਲ ਮਿਲਦੀ ਮਜ਼ਦੂਰ ਕਲੋਨੀ 'ਚ ਦੁਨੀਆ ਵਸਾਉਣ ਆਏ ਸਨ। ਅੱਜ ਉਨ੍ਹਾਂ ਦਾ ਪੂਰਾ ਪਰਿਵਾਰ ਖਾਲੀ ਹੱਥ ਹੈ। ਫੈਕਟਰੀ ਬੰਦ ਹੋਈ ਅਤੇ ਕਿਸੇ ਦੀ ਮਦਦ ਨਾਲ ਇਕ ਠੇਕੇਦਾਰ ਦਾ ਰਿਕਸ਼ਾ ਚਲਾਉਣ ਨੂੰ ਮਿਲਿਆ। ਪਿਤਾ-ਪੁੱਤਰ ਰਿਕਸ਼ਾ ਚਲਾ ਕੇ ਜੀਵਨ ਬਸਰ ਕਰ ਰਹੇ ਹਨ।

ਜੇਨਸਨ ਐਂਡ ਨਿਕਲਸਨ ਫੈਕਟਰੀ 2004 ਦੇ ਦਸੰਬਰ ਮਹੀਨੇ 'ਚ ਬੰਦ ਹੋਈ, 16 ਮਹੀਨਿਆਂ ਦੀ ਤਨਖਾਹ ਨਹੀਂ ਮਿਲੀ। ਇਥੇ ਕੰਮ ਕਰਨ ਵਾਲੇ ਮਕੈਨਿਕਲ ਚਾਰਜ ਮੈਨ ਆਸਿਸ਼ ਪਾਨ ਰੋਜ਼ਾਨਾ 140 ਰੁਪਏ ਦੀ ਦਿਹਾੜੀ 'ਤੇ ਕਿਸੇ ਛੋਟੀ ਫੈਕਟਰੀ 'ਚ ਕੰਮ ਕਰਦੇ ਹਨ। ਬੇਟੀ ਮੌਮਿਤਾ ਨੇ 2007 'ਚ 90 ਫੀਸਦੀ ਅੰਕਾਂ ਨਾਲ ਮੈਟ੍ਰਿਕ ਪਾਸ ਕੀਤੀ। ਕਿਸੇ ਤਰ੍ਹਾਂ ਘਰ ਚਲਾਉਣਾ ਹੈ। ਉਨ੍ਹਾਂ ਦੇ ਨਾਲ ਰਹੇ ਤਰੁਣ ਇਕ ਜੂਟ ਮਿਲ ਵਿਚ 70 ਰੁਪਏ ਰੋਜ਼ਾਨਾ ਅਤੇ ਹਫ਼ਤੇ 'ਚ ਚਾਰ ਦਿਨ ਕੰਮ ਮਿਲਣ ਦੀ ਸ਼ਰਤ 'ਤੇ ਕੰਮ ਕਰ ਰਹੇ ਹਨ। ਭਾਰੀ ਕਰਜ਼ੇ 'ਚ ਡੁੱਬੇ ਇਹ ਦੋਨੋਂ ਕਿਸੇ ਤਰ੍ਹਾਂ ਕਬੀਲਦਾਰੀ ਦੀ ਗੱਡੀ ਖਿੱਚ ਰਹੇ ਹਨ। ਇਕ ਹੋਰ ਕਰਮਚਾਰੀ ਦਲੀਪ ਸਿੰਘ ਇਥੇ ਬੀਵੀ-ਬੱਚਿਆਂ ਨੂੰ ਛੱਡ ਕੰਮ ਦੀ ਭਾਲ 'ਚ ਬੰਗਲੌਰ ਗਏ ਹਨ। ਛੇ ਮਹੀਨਿਆਂ ਤੋਂ ਉਨ੍ਹਾਂ ਦੀ ਪਤਨੀ ਦੀਪਾ ਸਿੰਘ ਘੋਮਚਾ ਚਲਾ ਕੇ ਗ੍ਰਹਿਸਥੀ ਚਲਾ ਰਹੀ ਹੈ।

ਜੀਵਨ ਲਈ ਸੰਘਰਸ਼ ਕਰ ਰਹੇ ਇਹ ਕੁਝ ਉਦਾਹਰਣ ਖਸਤਾ ਹਾਲ ਸਨਅਤੀ ਖੇਤਰ ਦੀ ਕਹਾਣੀ ਬਿਆਨ ਕਰਦੇ ਹਨ। ਬੰਗਾਲ ਦੇ ਸਿਲਪਾਂਚਲ ਨਦੀ ਦੇ ਅਜਿਹੇ ਟਾਪੂ ਬਣ ਗਏ ਹਨ, ਜੋ ਲਗਾਤਾਰ ਡੁੱਬ ਰਹੇ ਹਨ। ਜ਼ਮੀਨ ਤੇ ਉਦਯੋਗ ਸਬੰਧੀ ਰਾਜਨੀਤੀ ਸਿਖਰਾਂ 'ਤੇ ਹੈ। ਪਰ ਕਿਸੇ ਜ਼ਮਾਨੇ 'ਚ ਸਨਅਤੀ ਵਿਕਾਸ ਨੂੰ ਰਫ਼ਤਾਰ ਦੇਣ ਵਾਲੇ ਲੋਕ ਹਾਸ਼ੀਏ 'ਤੇ ਧੱਕੇ ਗਏ ਹਨ ਅਤੇ ਆਪਣੀ ਹੋਂਦ ਬਚਾਉਣ ਲਈ ਸੰਘਰਸ਼ਸ਼ੀਲ ਹਨ।

# ਸਾਮਰਾਜੀਆਂ ਦੀ ਹੁਣ ਉਲਟੀ ਮੱਤ

ਸਾਮਰਾਜੀਆਂ ਦੀ ਵੀ ਰੀਤ ਨਿਰਾਲੀ ਹੈ। ਸਾਲਾਂ ਤੱਕ ਪਿਛੜੇ ਦੇਸ਼ਾਂ ਨੂੰ ਬਰਾਮਦ ਵਧਾਉਣ ਦਾ ਪਾਠ ਪੜ੍ਹਾਉਣ ਪਿੱਛੋਂ ਹੁਣ ਉਹ ਉਨ੍ਹਾਂ ਨੂੰ ਕਹਿ ਰਹੇ ਹਨ ਕਿ ਬਰਾਮਦ ਦੇ ਬਦਲੇ ਆਪਣੀ ਘਰੇਲੂ ਖਪਤ ਵੱਲ ਧਿਆਨ ਦਿਉ। ਪਿਛਲੇ ਦਿਨੀਂ ਇੰਡੀਅਨ ਡਿਵੈਲਪਮੈਂਟ ਬੈਂਕ ਅਤੇ ਹੋਰ ਸੰਸਥਾਵਾਂ ਨੇ ਦੱਖਣੀ ਪੂਰਬੀ ਏਸ਼ੀਆ ਦੇ ਦੇਸ਼ਾਂ ਨੂੰ ਇਹ ਸਲਾਹ ਦਿੱਤੀ ਕਿ ਬਰਾਮਦ ਦੀ ਬਜਾਏ ਘਰੇਲੂ ਖਪਤ 'ਤੇ ਧਿਆਨ ਦੇਣ। ਇਸ ਨਾਲ ਉਨ੍ਹਾਂ ਨੂੰ ਆਪਣੀ ਬਰਾਮਦ ਦੇ ਸੰਕਟ 'ਚੋਂ ਉਭਰਨ 'ਚ ਮਦਦ ਮਿਲੇਗੀ ਨਾਲ ਹੀ ਵਿਸ਼ਵੀ ਤਵਾਜ਼ਨ ਵੀ ਠੀਕ ਹੋਵੇਗਾ ਦਰਅਸਲ ਮੌਜੂਦਾ ਸੰਕਟਾਂ ਦੀ ਜਾਂਚ ਪੜਤਾਲ ਕਰਦੇ ਹੋਇਆਂ ਸਾਮਰਾਜੀਆਂ ਦਾ ਇਕ ਪੱਖ ਇਸ ਸਿੱਟੇ ਤੇ ਪੁੱਜਿਆ ਹੈ ਕਿ ਵਿਸ਼ਵੀ ਅਸੰਤੁਲਨ ਇਸ ਦੀ ਤਹਿ ਵਿਚ ਹੈ। ਜਪਾਨ, ਚੀਨ ਤੇ ਦੱਖਣੀ ਪੂਰਬੀ ਏਸ਼ੀਆ ਦੇ ਦੇਸ਼ਾਂ ਨੇ ਅਮਰੀਕਾ ਨੂੰ ਭਾਰੀ ਮਾਤਰਾ 'ਚ ਬਰਾਮਦ ਕੀਤੀ। ਇਸ ਨਾਲ ਉਨ੍ਹਾਂ ਨੂੰ ਵਪਾਰ 'ਚ ਦਰਾਮਦ ਦੇ ਮੁਕਾਬਲੇ ਵੱਧ ਬਰਾਮਦ ਹੋਣ ਕਰਕੇ ਘਾਟਾ ਪਿਆ। ਉਨ੍ਹਾਂ ਦਾ ਭੁਗਤਾਨ ਸੰਤੁਲਨ ਨਾ ਸਿਰਫ ਪੈਸਾ ਕਮਾਉਣ ਵਾਲਾ ਰਿਹਾ ਬਲਕਿ ਉਨ੍ਹਾਂ ਕੋਲ ਇੱਥੇ ਭਾਰੀ ਮਾਤਰਾ ਵਿਚ ਵਿਦੇਸ਼ੀ ਮੁਦਰਾ ਦਾ ਅਮਰੀਕੀ ਵਿਤੀ ਬਜ਼ਾਰ 'ਚ ਨਿਵੇਸ਼ ਕੀਤਾ। ਅਮਰੀਕੀ ਵਿੱਤ ਬਜ਼ਾਰ ਆਸਮਾਨ ਛੂਹਣ ਲੱਗਾ ਪਰ ਇਕ ਦਿਨ ਬੁਲਬੁਲਾ ਫਟ ਗਿਆ ਤੇ ਸਾਰਾ ਵਿੱਤੀ ਤਾਣਾ ਬਾਣਾ ਹਿੱਲ ਗਿਆ। ਇਸ ਲਈ ਇਸ ਦੀ ਮੁੜ ਵਰਤਾਰੇ ਤੋਂ ਬਚਣ ਲਈ ਜ਼ਰੂਰੀ ਹੈ ਕਿ ਇਸ ਤਰ੍ਹਾਂ ਦਾ ਸੰਤੁਲਨ ਦੁਬਾਰਾ ਨਾ ਪੈਦਾ ਹੋਵੇ ਅਤੇ ਇਹ ਤਦ ਨਹੀਂ ਹੋਵੇਗਾ ਜਦ ਬਰਾਮਦ 'ਤੇ ਨਿਰਭਰ ਦੇਸ਼ ਬਰਾਮਦ ਘੱਟ ਕਾਰਨ ਅਤੇ ਘਰੇਲੂ ਖਪਤ 'ਤੇ ਵੱਧ ਧਿਆਨ ਦੇਣ। 1980 ਅਤੇ 1990 ਦੇ ਦਹਾਕੇ ਤੋਂ ਜਦ ਕੌਮਾਂਤਰੀ ਮੁਦਰਾ ਕੋਸ਼ ਦੀ ਦੇਖ ਰੇਖ ਵਿਚ ਪਿਛੜੇ ਦੇਸ਼ਾਂ ਵਿਚ ਨਿਜੀਕਰਨ-ਉਦਾਰੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਹੋਈਆਂ ਸਨ ਜਦ ਮੁਦਰਾ ਕੋਸ਼ ਨੇ ਇਨ੍ਹਾਂ ਦੇਸ਼ਾਂ ਨੂੰ ਸਹੀ ਸਲਾਹ ਦਿੱਤੀ ਕਿ ਉਹ ਆਪਣੇ ਬੰਦ ਅਰਥਚਾਰਿਆਂ ਨੂੰ ਖੋਲ੍ਹਣ ਅਤੇ ਭੁਗਤਾਨ ਸੰਤੁਲਨ ਦੇ ਸੰਕਟ ਤੋਂ ਬਚਣ ਲਈ ਆਪਣੀ ਬਰਾਮਦ ਵਧਾਉਣ। ਅਕਸਰ ਹੀ ਦੇਸ਼ ਮੁਦਰਾ ਕੋਸ਼ ਦੇ ਕੋਲ ਉਦੋਂ ਖੜ੍ਹਾ ਹੋ ਜਾਂਦੇ ਸਨ ਜਦ ਉਹਨਾਂ ਦੇ ਸਾਹਮਣੇ ਭੁਗਤਾਨ ਸੰਤੁਲਨ ਦਾ ਸੰਕਟ ਖੜ੍ਹਾ ਹੋ ਜਾਂਦਾ ਸੀ। ਮੁਦਰਾ ਕੋਸ਼ ਉਨ੍ਹਾਂ ਦੇ ਫੌਰੀ ਸੰਕਟ ਨੂੰ ਹੱਲ ਕਰਨ ਲਈ ਉਨ੍ਹਾਂ ਨੂੰ ਕਰਜਾ ਦਿੰਦਾ ਸੀ ਪਰ ਨਾਲ ਹੀ ਉਹ ਸ਼ਰਤਾਂ ਵੀ ਰੱਖਦਾ ਸੀ। ਉਸ ਸਮੇਂ ਬਹੁਤ ਸਾਰੇ ਅਲੋਚਕਾਂ ਨੇ ਕੌਮਾਂਤਰੀ ਮੁਦਰਾ ਕੋਸ਼ ਤੋਂ ਸੁਆਲ ਪੁੱਛਿਆ ਸੀ ਕਿ ਉਹ ਜੋ ਸਭ ਦੇਸ਼ਾਂ ਨੂੰ ਬਰਾਮਦ ਵਧਾਉਣ ਨੂੰ ਕਹਿੰਦਾ ਹੈ, ਉਸ ਨਾਲ ਕੀ ਹਾਸਲ ਹੋਊ? ਇਹ ਕਿਵੇਂ ਸੰਭਵ ਹੈ ਕਿ ਸਾਰੇ ਦੇਸ਼ਾਂ ਦੀ ਬਰਾਮਦ ਦਰਾਮਦ ਤੋਂ ਵੱਧ ਹੋ ਜਾਵੇ। ਪਰ ਅਸਲ ਵਿਚ ਉਸ ਸਮੇਂ ਸਾਮਰਾਜੀਆਂ ਦਾ ਉਦੇਸ਼ ਸੀ ਬੰਦ ਅਰਥਚਾਰੇ ਨੂੰ ਆਪਣੇ ਲਈ ਖੋਲ੍ਹਣਾ। ਆਪਣੇ ਪੂੰਜੀ ਨਿਵੇਸ਼ ਅਤੇ ਬਰਾਮਦ ਲਈ ਖੋਲ੍ਹਣਾ। ਪਰ ਐਸਾ ਹੋਇਆ ਕਿ ਕੁਝ ਦੇਸ਼ਾਂ ਦੀ ਬਰਾਮਦ ਕੁੱਝ ਖੇਤਰਾਂ 'ਚ ਵਧੀ ਖਾਸ ਕਰਕੇ ਕਿਰਤ ਪ੍ਰਧਾਨ ਵਸਤਾਂ 'ਚ ਕੁਝ ਸਾਮਰਾਜੀ ਕੰਪਨੀਆਂ ਨੇ ਵੀ ਆਪਣੇ ਉਦਯੋਗਾਂ ਨੂੰ ਪਿਛੜੇ ਦੇਸ਼ਾਂ ਵਿਚ ਸਿਫ਼ਟ ਕੀਤਾ। ਇਸ ਨਾਲ ਵੀ

ਸਾਮਰਾਜੀ ਦੇਸ਼ਾਂ ਵੱਲ ਬਰਾਮਦ ਵਧੀ। ਇਸ ਨਾਲ ਸਾਮਰਾਜੀ ਦੇਸ਼ਾਂ, ਖਾਸ ਕਰਕੇ ਅਮਰੀਕਾ ਲਈ ਵੱਖ ਤਰ੍ਹਾਂ ਦਾ ਸੰਕਟ ਪੈਦਾ ਹੋ ਗਿਆ। ਹੁਣ ਉਹ ਬਰਾਮਦਕਾਰ ਦੀ ਬਜਾਏ ਦਰਾਮਦਕਾਰ ਹੋ ਗਿਆ। ਉਸ ਦਾ ਭੁਗਤਾਨ ਸੰਤੁਲਨ ਮਨਫੀ ਹੋ ਗਿਆ ਅਤੇ ਵਧਦਾ ਗਿਆ। ਪਰ ਡਾਲਰ ਦੀ ਕੌਮਾਂਤਰੀ ਸ਼ਾਖ ਦੇ ਕਾਰਨ ਹੀ ਅਮਰੀਕਾ ਇਸ ਨੂੰ ਝੱਲ ਸਕਿਆ।

ਜਦ ਅਮਰੀਕੀ ਸਾਮਰਾਜੀ ਇਸ ਸਥਿਤੀ ਤੋਂ ਉਭਰਨਾ ਚਾਹੁੰਦੇ ਹਨ। ਉਹ ਆਪਣੇ ਵਪਾਰਕ ਸੰਤੁਲਨ ਨੂੰ ਠੀਕ ਕਰਨਾ ਚਾਹੁੰਦੇ ਹਨ। ਇਸ ਲਈ ਉਹ ਨਾ ਸਿਰਫ ਆਪਣੀ ਬਰਾਮਦ ਵਧਾਉਣਾ ਚਾਹੁੰਦੇ ਹਨ ਬਲਕਿ ਦਰਾਮਦ ਘੱਟ ਵੀ ਕਰਨਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਵੱਲੋਂ ਪ੍ਰਭਾਵਿਤ ਸੰਸਥਾਵਾਂ ਹੁਣ ਉਲਟਾ ਰਾਗ ਅਲਾਪ ਰਹੀਆਂ ਹਨ।

ਬਰਾਮਦ ਵਧਣ ਘਟਣ ਦੀ ਇਹ ਖੇਡ ਸੰਸਾਰ ਅਜ਼ਾਰੇਦਾਰਾਂ ਪੂੰਜੀਵਾਦ ਦੇ ਅੰਦਰ ਸਿਰੇ ਦੀ ਅਰਾਜਕਤਾ ਨੂੰ ਵੀ ਦਰਸਾਉਂਦੀ ਹੈ। ਇਸ ਅਰਾਜਕਤਾ ਕਾਰਨ ਬਰਾਮਦ ਵਧਾਉਣ ਦਾ ਉਪਦੇਸ਼ ਦੇਣ ਵਾਲੇ ਕੁਝ ਸਮੇਂ ਪਿੱਛੋਂ ਉਲਟੀ ਗੱਲ ਕਰਨਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਉਨ੍ਹਾਂ ਦੀਆਂ ਨੀਤੀਆਂ ਉਲਟੇ ਸਿੱਟੇ ਕੱਢਣ ਲੱਗਦੀਆਂ ਹਨ। ਉਹ ਚਾਹੁੰਦੇ ਇਕ ਚੀਜ਼ ਹਨ ਪਰ ਦੇਖਦੇ ਹਨ ਕਿ ਬਿਲਕੁਲ ਉਲਟ ਸਿੱਟਾ ਨਿਕਲ ਕੇ ਆ ਰਿਹਾ ਹੈ।

ਪਰ ਕੀ ਅਮਰੀਕੀ ਸਾਮਰਾਜੀ ਚੀਨ ਤੇ ਜਪਾਨ ਨਾਲ ਆਪਣੀ ਬਰਾਮਦ ਘੱਟ ਕਰਨ 'ਚ ਕਾਮਯਾਬ ਹੋ ਜਾਣਗੇ? ਕੀ ਉਹ ਆਪਣੀ ਬਰਾਮਦ ਘਟਾਉਣਗੇ? ਤੇ ਫਿਰ ਮਜ਼ਦੂਰ-ਮੇਹਨਤਕਸ਼ਾਂ ਦੀ ਕਾਰਜ ਸ਼ਕਤੀ ਵਧਾਉਣ ਬਿਨਾ ਇਹ ਘਰੇਲੂ ਖਪਤ ਕਿਵੇਂ ਵਧਾ ਸਕਦੇ ਹਨ? ਇਨ੍ਹਾਂ ਦੇਸ਼ਾਂ ਦੀ ਪੂੰਜੀਪਤੀ ਜਮਾਤ ਕਿਵੇਂ ਉਨ੍ਹਾਂ ਦੀ ਕਾਰਜ ਸ਼ਕਤੀ ਵਧਾ ਸਕਦਾ ਹੈ? ਫਿਰ ਉਸ ਦੇ ਮੁਨਾਫੇ ਦਾ ਕੀ ਹੋਵੇਗਾ?

# ਫਿਰਕੂ ਦੰਗੇ ਬਨਾਮ ਪੂੰਜੀਵਾਦੀ ਰਾਜ ਸੱਤਾ

ਭਾਰਤ ਅੰਦਰ ਫਿਰਕੂ ਦੰਗਿਆਂ ਦੀ ਖੇਡ ਚਲਦੀ ਰਹਿੰਦੀ ਹੈ ਅਤੇ ਪੂੰਜੀਵਾਦੀ ਰਾਜ ਸੱਤਾ ਵੀ ਉਨ੍ਹਾਂ ਨੂੰ ਖੇਡ ਖੇਡਣ ਦੀ ਖੁੱਲੀ ਛੁੱਟੀ ਦਿੰਦੀ ਰਹਿੰਦੀ ਹੈ। ਇਸ ਫਿਰਕੂ ਦੰਗਿਆਂ ਦੀ ਖੇਡ ਵਿਚ ਗਰੀਬ ਮੇਹਨਤਕਸ਼ ਤੇ ਮਜ਼ਦੂਰ ਇਸ ਦੇ ਹਮੇਸ਼ਾ ਸ਼ਿਕਾਰ ਹੁੰਦੇ ਰਹਿੰਦੇ ਹਨ। ਇਨ੍ਹਾਂ ਦੰਗਿਆਂ 'ਚ ਲੱਖਾਂ ਦੀ ਗਿਣਤੀ 'ਚ ਲੋਕ ਬੇਘਰ ਹੋਏ ਹਨ। ਭਾਰਤੀ ਰਾਜਸੱਤਾ ਦੀ ਵੀ ਜਦ ਸ਼ਾਖ ਦਾਅ 'ਤੇ ਲੱਗਦੀ ਹੈ ਤਦ ਆਪਣਾ ਨਵਾਂ ਰੂਪ ਵਿਖਾਉਂਦੀ ਹੈ। ਸਭ ਤੋਂ ਵੱਧ ਵੱਡੇ ਦੋ ਫਿਰਕੂ ਦੰਗੇ ਹਨ। 1984 ਦੇ ਸਿੱਖ ਵਿਰੋਧੀ ਦੰਗੇ ਅਤੇ 2002 ਦੇ ਗੁਜਰਾਤ ਦੰਗੇ। ਇਨ੍ਹਾਂ ਦੰਗਿਆਂ 'ਚ ਖੁੱਲੇਆਮ ਰਾਜ ਸੱਤਾ ਦੇ ਸਿਖਰ 'ਤੇ ਬੈਠੇ ਲੋਕਾਂ ਦਾ ਹੱਥ ਰਿਹਾ ਹੈ। ਪਰ ਹੱਤਿਆਰੇ ਅਜੇ ਤੱਕ ਵੀ ਖੁੱਲੇਆਮ ਘੁੰਮ ਰਹੇ ਹਨ। 2002 'ਚ ਗੁਜਰਾਤ ਵਿਚੋਂ ਫਿਰਕੂ ਦੰਗੇ ਹੋਏ ਸਨ। ਇਨ੍ਹਾਂ ਦੰਗਿਆਂ ਵਿਚ ਗੁਜਰਾਤ ਦੇ ਮੁੱਖ ਮੰਤਰੀ ਮੋਦੀ ਤੇ ਉਨ੍ਹਾਂ ਦੀ ਰਾਜ ਮਸ਼ੀਨਰੀ ਨੇ ਖੁੱਲ ਕੇ ਫਿਰਕੂ ਦੰਗਿਆਂ ਦੀ ਖੇਡ ਖੇਡੀ ਹਜ਼ਾਰਾਂ ਨਿਰਦੋਸ਼ ਨਾਗਰਿਕਾਂ ਦਾ ਕਤਲੇਆਮ ਹੋਇਆ। ਘਰਾਂ 'ਚ ਪਾਣੀ ਭਰ ਕੇ ਬਿਜਲੀ ਦਾ ਕਰੰਟ ਪਾਸ ਕਰਨਾ, ਪੂਰੇ ਪਰਿਵਾਰ ਨੂੰ ਮਾਰ ਦੇਣਾ, ਘਰਾਂ ਵਿਚ ਅੱਗ ਲਾਉਣਾ, ਗਰਭਵਤੀ ਔਰਤਾਂ ਦਾ ਪੇਟ ਚੀਰ ਕੇ ਬੱਚੇ ਨੂੰ ਤਰਸ਼ੂਲ 'ਤੇ ਟੰਗ ਕੇ ਮਾਰਨਾ ਆਦਿ ਅਪਰਾਧ ਕੀਤੇ ਗਏ ਹਨ। ਇਨ੍ਹਾਂ ਸਾਰੇ ਅਪਰਾਧਾਂ ਵਿਚ ਨੇਤਾ, ਨੌਕਰਸ਼ਾਹ ਤੇ ਪੁਲਿਸ ਦੰਗਿਆਂ ਦੇ ਨਾਲ ਰਹੀ ਹੈ ਅਤੇ ਇਨ੍ਹਾਂ ਸਾਰਿਆਂ ਦੀ ਚਾਬੀ ਨਰੇਂਦਰ ਮੋਦੀ ਮੁਖ ਮੰਤਰੀ ਦੇ ਹੱਥ ਵਿਚ ਰਹੀ ਹੈ। ਨਰੇਂਦਰ ਮੋਦੀ ਨੇ ਪਿੱਛੋਂ ਖੁੱਲੇਆਮ ਬਿਆਨ ਦਿੱਤਾ ਕਿ ਇਹ ਗੁਜਰਾਤ ਦਾ ਗੌਰਵ ਹੈ। ਨਰੇਂਦਰ ਮੋਦੀ ਨੇ ਇਸ ਰਾਹੀਂ ਆਮ ਨਾਗਰਿਕਾਂ ਦੇ ਸਾਰੇ ਅਧਿਕਾਰ ਖਤਮ ਕਰ ਦਿੱਤੇ ਤੇ ਚੋਣਾਂ 'ਚ ਦੁਬਾਰਾ ਸੱਤਾ 'ਤੇ ਕਾਬਜ ਹੋ ਗਿਆ। ਦੰਗਿਆਂ ਨਾਲ ਪੀੜਤ ਨਾਗਰਿਕ ਸਹਿਕਦੇ ਰਹੇ ਅਤੇ ਰਾਜ ਸੱਤਾ ਦੇ ਅੰਗ ਕਾਰਜਪਾਲਿਕਾ 'ਤੇ ਨਿਆਂਪਾਲਿਕਾ ਚੁੱਪ ਚਾਪ ਇਹ ਸਭ ਦ੍ਰਿਸ਼ ਵੇਖਦੀ ਰਹੀ। ਜਦ ਕਦੀ ਕੁਝ ਹੱਲਾ ਹੋਇਆ ਤਦ ਜਾਂਚ ਕਮੇਟੀ ਜਾਂ ਜਾਂਚ ਕਮਿਸ਼ਨਾਂ ਦਾ ਟੁਕੜਾ ਸੁੱਟ ਕੇ ਉਸ ਨੂੰ ਸ਼ਾਂਤ ਕੀਤਾ ਗਿਆ। ਜਾਂਚ ਕਮੇਟੀਆਂ ਜਾਂ ਜਾਂਚ ਕਮਿਸ਼ਨ ਦੀਆਂ ਰਿਪੋਰਟਾਂ ਉੱਠ ਦਾ ਬੁੱਲ੍ਹ ਬਣੀਆਂ ਰਹੀਆਂ। ਉਨ੍ਹਾਂ ਦਾ ਕੋਈ ਸਿੱਟਾ ਨਹੀਂ ਨਿਕਲਿਆ। ਹੱਤਿਆਰੇ, ਦੰਗਾਈ ਸ਼ਰੇਆਮ ਖੁੱਲੇ ਘੁੰਮਦੇ ਰਹੇ। ਉਨ੍ਹਾਂ ਦੇ ਚਿਹਰੇ 'ਤੇ ਕੋਈ ਸਿਕਕ ਨਹੀਂ ਹੁੰਦੀ ਹੈ। ਇਨ੍ਹਾਂ ਕਾਰਵਾਈਆਂ ਦੇ ਦਮਨ 'ਤੇ ਭਾਜਪਾ ਦੇ ਨੇਤਾ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਦੀ ਦਾਅਵੇਦਾਰੀ ਦਾ ਐਲਾਨ ਕਰਦਾ ਹੈ।

ਅੱਜ ਕੱਲ ਸੁਪਰੀਮ ਕੋਰਟ ਨੇ ਆਰ. ਕੇ. ਰਘਵਨ ਕਮੇਟੀ ਨੂੰ 2002 ਦੇ ਗੁਜਰਾਤ ਦੰਗਿਆਂ 'ਚ ਭਾਜਪਾ ਨੇਤਾ ਮੁੱਖ ਮੰਤਰੀ ਨਰੇਂਦਰ ਮੋਦੀ ਤੇ ਉਨ੍ਹਾਂ ਦੇ ਮੰਤਰੀ ਮੰਡਲ ਸਹਿਯੋਗੀਆਂ ਦੀ ਭੂਮਿਕਾ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਨਿਆਂ ਮੂਰਤੀ ਅਰਿਜੀਤ ਪਸਾਅਤ ਅਤੇ ਨਿਆਂ ਮੂਰਤੀ ਅਸ਼ੋਕ ਕੁਮਾਰ ਗਾਂਗੁਲੀ ਦੀ ਖੰਡਪੀਠ ਨੇ ਕੇਂਦਰੀ ਜਾਂਚ ਬਿਊਰੋ ਦੇ ਨਿਰਦੇਸ਼ਕ ਆਰ. ਕੇ. ਰਘਵਨ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੂੰ ਤਿੰਨ ਮਹੀਨਿਆਂ ਅੰਦਰ ਜਾਂਚ ਰਿਪੋਰਟ ਪੇਸ਼ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ। ਇਹ ਕਮੇਟੀ ਵੀ ਹੋਰ ਕਮੇਟੀਆਂ ਜਾਂ ਜਾਂਚ ਕਮਿਸ਼ਨਾਂ ਤੋਂ ਵੱਖਰੀ ਕੋਈ ਰਿਪੋਰਟ ਪੇਸ਼ ਨਹੀਂ ਕਰੇਗੀ। ਇਹ ਵੱਧ ਤੋਂ ਵੱਧ ਚੋਣਾਂ ਤੱਕ ਸਰਗਰਮ ਰਹੇਗੀ ਕਿਉਂਕਿ

ਵਿਰੋਧੀ ਪਾਰਟੀਆਂ ਆਪਣੀਆਂ ਵੋਟਾਂ ਦੇ ਲਾਲਚ 'ਚ ਥੋੜੀ ਗਏ ਤੋਬਾ ਮਚਾ ਰਹੀਆਂ ਹਨ। ਇਸ ਪਿੱਛੋਂ ਰਿਪੋਰਟ ਆਵੇਗੀ ਵੀ ਤਾਂ ਵੀ ਵੱਧ ਵੱਧ ਕੁੱਝ ਸਮੇਂ ਦੀ ਜ਼ੇਲ੍ਹ ਜਾਂ ਜੁਰਮਾਨਾ ਹੋ ਸਕਦਾ ਹੈ। ਇਸ ਤੋਂ ਵੱਧ ਹੋਰ ਕੁੱਝ ਨਹੀਂ। ਇਸ ਸਮੇਂ ਮੋਦੀ ਤੇ ਭਾਜਪਾ ਤੇ ਭਾਜਪਾ ਨੂੰ ਥੋੜ੍ਹਾ ਬਹੁਤ ਵੋਟਾਂ ਦਾ ਨੁਕਸਾਨ ਹੋ ਸਕਦਾ ਹੈ। ਇਨ੍ਹਾਂ ਦੰਗਿਆਂ ਵਿਚ ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਆਦਿ ਦੀ ਭੂਮਿਕਾ ਖੁੱਲੇਆਮ ਹੈ ਜਿਸ ਨੂੰ ਨਕਾਰਿਆ ਨਹੀਂ ਜਾ ਸਕਦਾ। 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਸਿੱਖ ਵਿਰੋਧੀ ਦੰਗੇ ਵੀ ਹੋਏ ਸਨ ਜਿਨ੍ਹਾਂ 'ਚ ਗਾਂਧੀ ਦੀ ਹੱਤਿਆ ਪਿੱਛੋਂ ਸਿੱਖ ਵਿਰੋਧੀ ਦੰਗੇ ਵੀ ਹੋਏ ਸਨ ਜਿਨ੍ਹਾਂ 'ਚ ਕਾਂਗਰਸੀ ਸ਼ਰੇਆਮ ਸ਼ਾਮਲ ਹੋਏ ਸਨ। ਉਨ੍ਹਾਂ ਨੇ ਦੰਗਾਈਆਂ ਦੀ ਅਗਵਾਈ ਕੀਤੀ ਸੀ। ਇਨ੍ਹਾਂ ਦੰਗਿਆਂ 'ਚ ਵੀ ਲੱਖਾਂ ਦੀ ਗਿਣਤੀ 'ਚ ਲੋਕ ਬੇਘਰ ਹੋਏ ਸਨ ਤੇ ਹਜ਼ਾਰਾਂ ਦੀ ਗਿਣਤੀ 'ਚ ਨਾਗਰਿਕਾਂ ਦੇ ਕਤਲ ਹੋਏ ਸਨ। ਇਨ੍ਹਾਂ ਦੰਗਿਆਂ 'ਚ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਵਰਗੇ ਲੋਕ ਸਨ। ਉਨ੍ਹਾਂ ਨੇ ਦੰਗੇ ਭੜਕਾਏ ਤੇ ਦੰਗਾਈਆਂ ਨੂੰ ਹਥਿਆਰ, ਗੱਡੀਆਂ ਮੁਹਈਆ ਕਰਵਾਈਆਂ।

ਇਨ੍ਹਾਂ ਦੰਗਿਆਂ ਨੂੰ ਅੱਜ 25 ਸਾਲ ਪੂਰੇ ਹੋ ਚੁੱਕੇ ਹਨ ਪਰ ਦੰਗਿਆਂ ਤੋਂ ਪੀੜਤ ਲੋਕ ਨਿਆਂ ਲਈ ਭੜਕ ਰਹੇ ਹਨ। ਸੀ. ਬੀ. ਆਈ. ਨੇ ਤਾਂ ਆਪਣੀ ਜਾਂਚ ਰਿਪੋਰਟ ਵਿਚ ਦੰਗਾਈ ਨੇਤਾ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇ ਦਿੱਤੀ। ਇਸ ਨੇ ਤਰਕ ਦਿੱਤੇ ਸਨ ਕਿ ਕੋਈ ਗਵਾਹ ਨਹੀਂ ਮਿਲ ਰਹੇ ਹਨ। ਜ਼ਿਆਦਾਤਰ ਪੀੜਤ ਤੇ ਗਵਾਹ ਉੱਥੋਂ ਹਿਜਰਤ ਕਰ ਚੁੱਕੇ ਹਨ। ਜ਼ਿਆਦਾਤਰ ਗਵਾਹ ਏਨੇ ਭੈਭੀਤ ਹਨ ਕਿ ਉਹ ਗਵਾਹੀ ਦੇਣ ਸਾਹਮਣੇ ਆ ਹੀ ਨਹੀਂ ਸਕਦੇ। ਇਹ ਅਪਰਾਧ ਅਜੇ ਤੱਕ ਸਿੱਧ ਨਹੀਂ ਸੀ ਇਸ ਲਈ ਜਗਦੀਸ਼ ਟਾਈਟਲਰ ਕਾਂਗਰਸ ਦੇ ਕੇਂਦਰੀ ਮੰਤਰੀ ਸਨ। ਇਸ ਵਾਰ ਵੀ ਜਗਦੀਸ਼ ਟਾਈਟਲਰ ਚੋਣਾਂ ਲੜ ਰਹੇ ਸਨ। ਪਰ ਲੋਕਾਂ ਦੇ ਗੁੱਸੇ ਮੂਹਰੇ ਉਨ੍ਹਾਂ ਦੀ ਉਮੀਦਵਾਰੀ ਰੱਦ ਹੋਈ।

ਇੱਥੋਂ ਤੱਕ ਹੋਇਆ ਕਿ ਪੀ-ਚਿਦੰਬਰਮ ਨੂੰ ਛਿੱਤਰ ਖਾਣਾ ਪੈ ਗਿਆ। ਪਰ ਚੋਣ ਦੇ ਲਾਲਚ 'ਚ ਸਭ ਕੁਝ ਮੁਆਫ਼ ਕਰ ਦਿੱਤਾ। ਪਰ ਸੁਆਲ ਹੈ ਕਿ ਕੀ 1984 ਦੇ ਦੰਗਾਂ ਪੀੜਤਾਂ ਨੂੰ ਨਿਆਂ ਮਿਲਿਆ? ਜਾਂ ਫਿਰ ਦੰਗਾਈ ਨੇਤਾ ਜਗਦੀਸ਼ ਟਾਈਟਲਰ ਵਰਗੇ ਲੋਕਾਂ ਨੂੰ ਸਜ਼ਾ ਮਿਲੀ? ਜੁਆਬ ਹੈ ਨਹੀਂ। ਇਨ੍ਹਾਂ ਦੰਗਿਆਂ ਦੇ ਸਿਰ 'ਤੇ ਜਗਦੀਸ਼ ਟਾਈਟਲਰ ਦੇਸ਼ ਦੀ ਸੱਤਾ ਦੇ ਸਿਖਰ 'ਤੇ ਬਿਰਾਜਮਾਨ ਹੋਏ ਸਨ ਅਤੇ ਇਨ੍ਹਾਂ ਦੀ ਸ਼ਾਖ ਅਤੇ ਜਾਇਦਾਦ ਦਾ ਕਾਫੀ ਵਾਧਾ ਹੋਇਆ ਸੀ। ਇਸ ਤਰ੍ਹਾਂ ਭਾਜਪਾ ਨੇਤਾ ਮੁਖ ਮੰਤਰੀ ਨਰੇਂਦਰ ਮੋਦੀ ਨੂੰ ਵੀ ਕਾਫੀ ਇਜਾਫਾ ਹੋਇਆ। ਉਹ ਵੀ ਮੁੱਖ ਮੰਤਰੀ ਤੋਂ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਵੇਖਣ ਲੱਗਿਆ। ਇਸ ਤਰ੍ਹਾਂ ਨਾਲ ਦੰਗਿਆਂ ਵਿਚ ਨੇਤਾਵਾਂ ਤੇ ਨੌਕਰਸ਼ਾਹਾਂ ਦੀ ਭੂਮਿਕਾ ਰਹੀ ਹੈ। ਫਿਰਕੂ ਦੰਗਿਆਂ ਵਿਚ ਅਦਾਲਤ ਵੀ ਕੋਈ ਫੈਸਲਾ ਨਹੀਂ ਦੇ ਸਕੀ ਹੈ। ਅਤੇ ਹੁਣ ਦੇਵੇਗੀ ਵੀ ਤਾਂ ਆਪਣੇ ਜਮਾਤੀ ਕਿਰਦਾਰ ਮੁਤਾਬਕ ਹੀ ਦੇਵੇਗੀ। ਇਸ ਤਰ੍ਹਾਂ ਜੇ ਅਦਾਲਤ ਦੀ ਸ਼ਾਖ 'ਤੇ ਵੱਟਾ ਲੱਗਿਆ ਤਾਂ ਥੋੜੀ ਥੋੜੀ ਸਜ਼ਾ ਸੁਣਾਈ ਜਾ ਸਕਦੀ ਹੈ। ਇਸ ਤਰ੍ਹਾਂ ਫਿਰਕਾਪ੍ਰਸਤੀ ਪੂੰਜੀਵਾਦ ਦੀ ਬੂਟੀ ਹੈ। ਪੂੰਜੀਵਾਦ ਇਸ ਫ਼ਿਰਕਾਪ੍ਰਸਤੀ ਨੂੰ ਬਰਾਬਰ ਬਣਾਈ ਰੱਖੇਗਾ ਕਿਉਂਕਿ ਇਹ ਹਮੇਸ਼ਾ ਪੂੰਜੀਪਤੀਆਂ ਨੂੰ ਫਾਇਦਾ ਪਹੁੰਚਾਉਂਦਾ ਰਹਿੰਦਾ ਹੈ। ਰਾਜ ਸੱਤਾ ਸਰਮਾਏਦਾਰਾਂ ਦੀ ਹੈ ਅਤੇ ਰਾਜ ਸੱਤਾ ਦੇ ਅੰਗ ਇਸ ਵਿਚ ਖੁੱਲ ਕੇ ਖੇਡ ਸਕਦੇ ਹਨ। ਇਨ੍ਹਾਂ ਦੰਗਿਆਂ ਵਿਚ ਨੇਤਾ, ਨੌਕਰਸ਼ਾਹ ਅਧਿਕਾਰੀ, ਪੁਲਿਸ, ਮੀਡੀਆ ਦਾ ਹੱਥ ਰਿਹਾ ਹੈ।

# ਕੀ ਹੈ ਨੇਪਾਲ ਦੇ ਸੰਘਰਸ਼ 'ਚ ਨਵਾਂ ਮੋੜ?

ਨੇਪਾਲ ਦੇ ਪ੍ਰਧਾਨ ਮੰਤਰੀ ਦੇ ਅਸਤੀਫੇ ਪਿੱਛੋਂ ਰਾਜਸੀ ਸੰਘਰਸ਼ 'ਚ ਇਕ ਨਵਾਂ ਮੋੜ ਆ ਗਿਆ ਹੈ। ਨੇਪਾਲੀ ਸਮਾਜ ਦੀਆਂ ਪਿਛਾਕੜੀ ਤਾਕਤਾਂ ਇਕ ਜੁੱਟ ਹੋਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਨ੍ਹਾਂ ਤਾਕਤਾਂ ਨੂੰ ਭਾਰਤ ਤੇ ਸਾਮਰਾਜੀ ਦੇਸ਼ਾਂ ਦੇ ਹਾਕਮਾਂ ਦੀ ਹਮਾਇਤ ਤੇ ਸਹਿਯੋਗ ਮਿਲ ਰਿਹਾ ਹੈ। ਨੇਪਾਲੀ ਫੌਜ ਦੇ ਮੁਖੀ ਨੇ ਨਾਗਰਿਕ ਹਕੂਮਤ ਦੀ ਹੁਕਮ ਅਦੂਲੀ ਕੀਤੀ। ਨਾਗਰਿਕ ਹਕੂਮਤ ਦੇ ਮੁਖੀ ਪ੍ਰਧਾਨ ਮੰਤਰੀ ਨੇ ਉਸ ਨੂੰ ਬਰਖਾਸਤ ਕਰ ਦਿੱਤਾ। ਉਹ ਇਕ ਸੁਭਾਵਿਕ ਕਦਮ ਸੀ ਪਰ ਰਾਸ਼ਟਰਪਤੀ ਨੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਫੌਜ ਮੁਖੀ ਨੂੰ ਅਸਤੀਫ਼ਾ ਦੇਣ ਤੋਂ ਰੋਕ ਦਿੱਤਾ। ਇਹ ਸਭ ਦਿਸਣ ਵਾਲੀਆਂ ਘਟਨਾਵਾਂ ਹਨ। ਤਹਿ ਦੇ ਹੇਠਾਂ ਵਿਦੇਸ਼ੀ ਤਾਕਤਾਂ ਦੇ ਸੁਆਰਥ ਹਨ। ਇਨ੍ਹਾਂ ਦਰਮਿਆਨ ਟਕਰਾਅ ਹੈ। ਇਹ ਰਾਜਸੀ ਸੰਘਰਸ਼ ਇਕ ਜਮਾਤੀ ਸੰਘਰਸ਼ ਹੈ। ਨੇਪਾਲੀ ਕਮਿਊਨਿਸਟ ਪਾਰਟੀ (ਮਾਓਵਾਦੀ) ਇਸ ਨਵੇਂ ਸੰਘਰਸ਼ ਵਿਚ ਨੇਪਾਲੀ ਮਜ਼ਦੂਰ ਵਰਗ ਤੇ ਲੁਟੇ-ਕੁਟੇ ਜਾਂਦੇ ਤਬਕਿਆਂ ਦੇ ਹਿੱਤਾਂ ਨੂੰ ਕਿਵੇਂ ਪੂਰਾ ਕਰੂਗੀ, ਇਹ ਤਾਂ ਅੱਗੇ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਪ੍ਰਧਾਨ ਮੰਤਰੀ ਪ੍ਰਚੰਡ ਨੇ ਸਰਕਾਰ ਤੋਂ ਅਸਤੀਫ਼ਾ ਦੇ ਕੇ ਇਹ ਸੰਕੇਤ ਦੇ ਹੀ ਦਿੱਤਾ ਹੈ ਕਿ ਉਹ ਦੇਸੀ ਵਿਦੇਸ਼ੀ ਸਾਜ਼ਿਸ਼ਾਂ ਸਾਹਮਣੇ ਸਿਰ ਨਹੀਂ ਝੁਕਾ ਸਕਦੇ। ਭਾਰਤੀ ਹਾਕਮ ਜਮਾਤ ਆਪਣੀ ਖੇਤਰੀ ਦਾਦਾਗਿਰੀ ਕਾਇਮ ਕਰਨ ਤੇ ਉਸ ਨੂੰ ਮਜ਼ਬੂਤ ਕਰਨ ਦੀ ਲਗਾਤਾਰ ਕੋਸ਼ਿਸ਼ ਕਰਦਾ ਰਿਹਾ ਹਾਂ। ਨੇਪਾਲ 'ਚ ਉਹ ਰਾਜਾਸ਼ਾਹੀ ਦਾ ਮਜ਼ਬੂਤ ਸੰਪਰਕ ਰਿਹਾ ਹੈ। ਇਸ ਨੇ ਆਪਣਾ ਦੂਤ ਭੇਜ ਕੇ ਰਾਜਾਸ਼ਾਹੀ ਨੂੰ ਕਿਸੇ ਤਰ੍ਹਾਂ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਨੇਪਾਲੀ ਕਾਂਗਰਸ ਭਾਰਤੀ ਹਾਕਮਾਂ ਦੇ ਪੱਖ ਦੀ ਪਾਰਟੀ ਹੈ। ਇਸੇ ਤਰ੍ਹਾ ਨੇਕਪਾ (ਯੂ. ਐਮ. ਐਲ.) ਭਾਰਤੀ ਹਾਕਮਾਂ ਦੇ ਦਖ਼ਲ ਨੂੰ ਇਕ ਹੱਦ ਸਵੀਕਾਰ ਕਰ ਰਹੀ ਹੈ। ਮਘੇਸ਼ੀ ਮੂਲ ਰੂਪ ਨਾਲ ਭਾਰਤੀ ਮੂਲ ਦੇ ਹਨ ਅਤੇ ਇਨ੍ਹਾਂ ਦੇ ਉਪਰੀ ਤਬਕਿਆਂ ਦੇ ਭਾਰਤੀ ਹਾਕਮਾਂ ਦੇ ਨਾਲ ਰਿਸ਼ਤੇ ਬਣ ਰਹੇ ਹਨ। ਇਸ ਤਰ੍ਹਾਂ ਨੇਪਾਲੀ ਸਮਾਜ ਦੇ ਉਪਰੀ ਤਬਕਿਆਂ ਵਿਚ ਭਾਰਤੀ ਹਾਕਮ ਜਮਾਤ ਦਾ ਪ੍ਰਭਾਵ ਮੌਜੂਦ ਹੈ। ਨੇਕਪਾ (ਮਾਓਵਾਦੀ) ਦੇ ਸੱਤਾ 'ਚ ਰਹਿਣ ਨਾਲ ਭਾਰਤੀ ਹਾਕਮ ਦੀ ਨੀਂਦ ਹਾਰਾਮ ਹੋ ਗਈ। ਉਦੋਂ ਤੋਂ ਲਗਾਤਾਰ ਇਹ ਕੋਸ਼ਿਸ਼ ਹੁੰਦੀ ਰਹੀ ਹੈ ਕਿ ਨੇਪਾਲ 'ਚ ਨੇਕਪਾ (ਮਾਓਵਾਦੀ) ਕਿਸੇ ਤਰ੍ਹਾ ਵੱਧ ਫੁਲ ਨਾਲ ਸਕੇ। ਸੰਵਿਧਾਨ ਸਭਾ ਦੀ ਚੋਣ ਵਿਚ ਸਭ ਤੋਂ ਵੱਡੀ ਪਾਰਟੀ ਦੇ ਬਤੌਰ ਉਹ ਉੱਭਰੇ। ਇਸ ਨਾਲ ਭਾਰਤੀ ਹਾਕਮਾਂ ਦੀ ਨੀਂਦ ਹਾਰਾਮ ਹੋ ਗਈ। ਉਦੋਂ ਤੋਂ ਲਗਾਤਾਰ ਇਹ ਕੋਸ਼ਿਸ਼ ਹੁੰਦੀ ਰਹੀ ਹੈ ਕਿ ਨੇਕਪਾ (ਮਾਓਵਾਦੀ) ਨੂੰ ਹਾਸ਼ੀਏ ਨੂੰ ਪਾ ਕੇ ਰੱਖਿਆ ਜਾਵੇ। ਇਹ ਕੋਸ਼ਿਸ਼ ਨਾ ਸਿਰਫ਼ ਨੇਪਾਲ ਦੇ ਪਿੱਛਾਖੜੀ ਹੀ ਨਹੀਂ ਕਰਦੇ ਰਹੇ ਹਨ ਉਹਨਾਂ ਦੀ ਉਸ ਕੋਸ਼ਿਸ਼ 'ਚ ਭਾਰਤੀ ਹਾਕਮ ਜਮਾਤ ਦੀ ਲਗਾਤਾਰ ਹਮਾਇਤ ਤੇ ਹੱਲਾਸ਼ੇਰੀ ਰਹੀ ਹੈ। ਅਜੇ ਵੀ ਫੌਜ ਮੁਖੀ ਵਲੋਂ ਘੋਰ ਅਨਸਾਸ਼ਨ ਹੀਣਤਾ ਦਿਖਾਉਣ ਦੇ ਸੁਆਲ 'ਤੇ ਰਾਸ਼ਟਰਪਤੀ ਵਲੋਂ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਕਾਰਵਾਈ ਕਰਨ ਦੇ ਸੁਆਲ 'ਤੇ ਅਤੇ ਸਭ ਤੋਂ ਵੱਧ ਕੇ ਵਿਆਪਕ ਸ਼ਾਂਤੀ ਸਮਝੌਤੇ ਨੂੰ ਲਾਗੂ ਕਰਨ ਵਿਚ ਹੀਲ ਹੁਜਤ

ਦੇ ਸੁਆਲ ਤੇ ਭਾਰਤੀ ਹਾਕਮ ਜਮਾਤ ਦੇ ਨੁਮਾਇੰਦੇ ਕਿਸੇ ਨਾ ਕਿਸੇ ਰੂਪ ਵਿਚ ਪਿਛਾਖੜੀ ਸ਼ਕਤੀਆਂ ਨੂੰ ਮਦਦ ਦੇਣ ਵਾਲੀ ਨੀਤੀ ਅਪਣਾ ਰਹੇ ਹਨ ਇਨ੍ਹਾਂ ਦੇ ਅਖ਼ਬਾਰ ਤਾਂ ਨੇਕਪਾ (ਮਾਓਵਾਦੀ) ਵਿਚੋਂ ਇਕ ਚੁਨਣ ਦੇ ਲਈ ਜਨਤਾ ਨੂੰ ਸੱਦਾ ਦੇ ਰਹੇ ਹਨ। ਇਥੋਂ ਦੇ ਸਰਮਾਏਦਾਰਾਂ ਦੇ ਅਖ਼ਬਾਰ ਜੋ ਪੂੰਜੀਵਾਦੀ ਪਾਰਲੀਮਾਨੀ ਪ੍ਰਣਾਲੀ ਦੇ ਠੀਕ ਤਰ੍ਹਾਂ ਨਾਲ ਸੰਚਾਲਿਤ ਹੋਣ ਦੀ ਚਿੰਤਾ ਜਾਹਿਰ ਕਰ ਰਹੇ ਹਨ। ਉਹ ਵੀ ਸੈਨਾ ਮੁਖੀ ਦੀ ਆਪ ਮੁਹਾਰਤਾਂ ਤੇ ਰਾਸ਼ਟਰਪਤੀ ਵਲੋਂ ਪ੍ਰਧਾਨ ਮੰਤਰੀ ਦੀ ਸਿਫ਼ਾਰਸ ਦੇ ਵਿਰੋਧ ਵਿਚ ਕੰਮ ਕਰਨ ਦੇ ਸੰਸਦੀ ਪ੍ਰਣਾਲੀ ਲਈ ਖਤਰਾ ਦਸਦਿਆਂ ਇਸ ਲਈ ਨੇਕਪਾ (ਮਾਓਵਾਦੀ) ਨੂੰ ਹੀ ਦੋਸ਼ੀ ਠਹਿਰਾ ਰਹੇ ਹਨ। ਭਾਜਪਾ ਵਰਗੀ ਫਿਰਕੂ ਪਾਰਟੀ ਖੁੱਲ੍ਹੇਆਮ ਸੈਨਾ ਮੁਖੀ ਵਲੋਂ ਕੀਤੀ ਹੁਕਮ ਅਦੂਲੀ ਅਤੇ ਰਾਸ਼ਟਰਪਤੀ ਵਲੋਂ ਉਠਾਏ ਗਏ "ਗੈਰ-ਸੰਵਿਧਾਨਕ" ਤੇ ਲੋਕ ਵਿਰੋਧੀ ਕਦਮਾਂ ਦੀ ਖੁੱਲ੍ਹੀ ਹਮਾਇਤ ਕਰ ਰਹੀ ਹੈ। ਹਾਲਾਂਕਿ ਭਾਰਤ ਸਰਕਾਰ ਨੇ ਇਸ ਨੂੰ ਨੇਪਾਲ ਦਾ ਅੰਦਰੂਨੀ ਮਾਮਲਾ ਕਿਹਾ ਹੈ ਪਰ ਸਾਊਥ ਬਲਾਕ 'ਚ ਬੈਠੇ ਨੌਕਰਸ਼ਾਹ ਲਗਾਤਾਰ ਨੇਪਾਲ ਦੀਆਂ ਪਿੱਛਾਖੜੀ ਤਾਕਤਾਂ ਦੇ ਸੰਪਰਕ 'ਚ ਰਹੇ ਹਨ। ਭਾਰਤ ਹਾਕਮ ਜਮਾਤ ਦੇ ਨੇਪਾਲ ਅੰਦਰ ਆਰਥਿਕ ਸੁਆਰਥ ਹਨ। ਨੇਪਾਲ ਅੰਦਰ ਨਾ ਮਾਤਰ ਦੇ ਉਦਯੋਗ ਧੰਦਿਆਂ 'ਤੇ ਭਾਰਤੀ ਪੂੰਜੀਪਤੀਆਂ ਦਾ ਦਾਬਾ ਹੈ। ਵਪਾਰ 'ਚ ਅਤੇ ਹੋਅਲ ਸਨਅਤ ਵਿਚ ਭਾਰਤੀ ਸਰਮਾਏਦਾਰ ਭਰੇ ਹੋਏ ਸਨ। ਨੇਪਾਲ ਦੇ ਸਮੁੱਚੇ ਅਰਥਚਾਰੇ ਵਿਚ ਭਾਰਤੀ ਪੂੰਜੀਪਤੀਆਂ ਦੀ ਪੈਠ ਬਣੀ ਹੋਈ ਹੈ। ਨੇਪਾਲ ਦੀਆ ਉੱਪਰਲੀਆਂ ਜਮਾਤਾਂ ਭਾਰਤੀਆਂ ਦੀਆਂ ਹਿੱਸੇਦਾਰ ਹਨ। ਇਸ ਤੋਂ ਇਲਾਵਾ ਇਨ੍ਹਾਂ ਦੇ ਜਮਾਤੀ ਹਿੱਤ ਇਨ੍ਹਾਂ ਨੂੰ ਬੰਨੀ ਬੈਠੇ ਹਨ। ਨੇਕਪਾ (ਮਾਓਵਾਦੀ) ਇਨ੍ਹਾਂ ਦੇ ਆਰਥਿਕ ਸੁਆਰਥਾਂ ਲਈ ਖਤਰਾ ਬਣੀ ਹੋਈ ਹੈ। ਇਸ ਤਰ੍ਹਾਂ ਭਾਰਤੀ ਹਾਕਮ ਜਮਾਤ ਦੇ ਰਾਜਸੀ ਸੁਆਰਥ, ਦੱਖਣੀ ਏਸ਼ੀਆ 'ਚ ਦਾਬਾ ਕਾਇਮ ਕਰਨ ਦੀ ਇਨ੍ਹਾਂ ਦੀ ਮੰਸ਼ਾ ਵਿਰੁੱਧ ਨੇਕਪਾ (ਮਾਓਵਾਦੀ) ਹਨ। ਉਹ ਸੱਤਾ 'ਚ ਆਉਣ ਦੇ ਨਾਲ ਹੀ 1950 ਦੀ ਭਾਰਤ-ਨੇਪਾਲ ਸੰਧੀ ਨੂੰ ਨਵੇਂ ਸਿਰੇ ਤੋਂ ਤਹਿ ਕਰਨ ਦੀਆਂ ਗੱਲਾਂ ਕਰਨ ਲੱਗੇ ਸਨ। ਉਹ ਭਾਰਤੀ ਵਿਸਥਾਰਵਾਦ ਵਿਰੁੱਧ ਲਗਾਤਾਰ ਆਪਣੀ ਆਵਾਜ਼ ਉਠਾ ਰਹੇ ਸਨ। ਕੁਲ ਮਿਲਾ ਕੇ ਭਾਰਤੀ ਹਾਕਮ ਜਮਾਤ ਦੇ ਆਰਥਿਕ ਰਾਜਸੀ ਤੇ ਸਮਾਜਿਕ ਸੁਆਲ ਨੇਕਪਾ (ਮਾਓਵਾਦੀ) ਦੇ ਹਕੂਮਤ 'ਚ ਰਹਿਣ ਨਾਲ ਠੀਕ ਤਰੀਕੇ ਨਾਲ ਨਹੀਂ ਪੂਰੇ ਹੋ ਸਕਦੇ ਸਨ। ਇਸ ਲਈ ਇਨ੍ਹਾਂ ਦੇ ਨੇਪਾਲ ਦੀਆਂ ਪਿੱਛਾਖੜੀ ਤਾਕਤਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਨੂੰ ਨੇਕਪਾ (ਮਾਓਵਾਦੀ) ਵਿਰੁੱਧ ਖੜ੍ਹਾ ਕਰਨ ਲਈ ਹੱਲਾਸ਼ੇਰੀ ਦਿੱਤੀ। ਇਹ ਬਿਨਾਂ ਕਾਰਨ ਨਹੀਂ ਹੈ ਕਿ ਅਸਤੀਫ਼ਾ ਦੇਣ ਪਿੱਛੋਂ ਪ੍ਰਚੰਡ ਨੇ ਬਾਹਰੀ ਤਾਕਤਾਂ ਦੀ ਦਖਲਅੰਦਾਜ਼ੀ ਦੀ ਗੱਲ ਕੀਤੀ ਅਤੇ ਇਹ ਐਲਾਨ ਕੀਤਾ ਕਿ ਕਿਸੇ ਵੀ ਹਾਲਤ 'ਚ ਬਾਹਰੀ ਤਾਕਤਾਂ ਦੀ ਨੇਪਾਲ 'ਚ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਨਗੇ। ਪ੍ਰਚੰਡ ਸਰਕਾਰ ਦੇ ਇਕ ਮੰਤਰੀ ਬਾਬੂ ਰਾਮ ਭੱਟਾ ਰਾਈ ਨੇ ਸਾਫ਼ ਤੌਰ 'ਤੇ ਦਖ਼ਲਅੰਦਾਜ਼ੀ ਕਰਨ ਵਾਲੇ ਦੇਸ਼ ਵਜੋਂ ਭਾਰਤ ਦਾ ਨਾਂ ਲਿਆ। ਭਾਰਤੀ ਹਾਕਮ ਜਮਾਤ ਦੇ ਸੁਆਰਥ ਨੇਪਾਲ 'ਤੇ ਆਪਣੇ ਆਰਥਿਕ, ਰਾਜਸੀ ਤੇ ਸਮਾਜਿਕ ਦਾਬੇ ਨੂੰ ਬਣਾਈ ਰੱਖਣ ਵਿਚ ਹਨ। ਨੇਪਾਲ ਦੇ ਪਿਛਾਂਹ ਖਿੱਚੂ ਵਰਗਾਂ ਦਾ ਸੁਆਰਥ ਨੇਪਾਲ 'ਚ ਮਜ਼ਦੂਰ ਵਰਗ ਦੀ ਪਾਰਟੀ ਨੂੰ ਸੱਤਾ ਤੋਂ ਬਾਹਰ ਰੱਖਣ ਵਿਚ ਹੈ। ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਤਾਕਤਾਂ ਦੇ

ਸੁਆਰਥ ਨੇਕਪਾ (ਮਾਓਵਾਦੀ) ਦੇ ਵਿਰੋਧ 'ਚ ਜਾਂਦੇ ਹਨ। ਇਸ ਲਈ ਇਨ੍ਹਾਂ ਦਾ ਗੱਠਜੋੜ ਮੌਜੂਦ ਹੈ। ਪਰ ਨੇਪਾਲ ਦੀ ਮਜ਼ਦੂਰ ਮਿਹਨਤਕਸ਼ ਜਨਤਾ ਜਨਤਾ ਦੇ ਹਿੱਤ ਨੇਪਾਲ ਦੀਆਂ ਹਾਕਮ ਜਮਾਤਾਂ ਦੇ ਵਿਰੁੱਧ ਹਨ। ਉਹ ਭਾਰਤੀ ਹਾਕਮਾਂ ਦੇ ਪਸਾਰਵਾਦੀਆਂ ਦੇ ਵੀ ਵਿਰੁੱਧ ਹਨ। ਭਾਰਤੀ ਹਾਕਮ ਜਮਾਤ ਜਿਸ ਤਰੀਕੇ ਨਾਲ ਆਪਣੇ ਦੇਸ਼ ਦੇ ਮਜ਼ਦੂਰਾਂ ਮਿਹਨਤਕਸ਼ਾਂ ਦਾ ਖ਼ੂਨ ਨਿਚੋੜ ਕੇ ਮਾਲਾ ਮਾਲ ਹੁੰਦੇ ਰਹੇ ਹਨ, ਉਸੇ ਤਰ੍ਹਾਂ ਉਹ ਨੇਪਾਲ ਦੇ ਮਜ਼ਦੂਰਾਂ-ਮਿਹਨਤਕਸ਼ਾਂ ਦੀ ਏਕਤਾ, ਨੇਪਾਲ ਦੇ ਮਜ਼ਦੂਰਾਂ-ਮਿਹਨਤਕਸ਼ਾਂ ਲਈ ਵੀ ਆਦਮਖੋਰ ਹਨ। ਭਾਰਤ ਦੇ ਮਜ਼ਦੂਰਾਂ-ਮਿਹਨਤਕਸ਼ਾਂ ਦੀ ਏਕਤਾ ਲੁੱਟੇ ਜਾਂਦਿਆਂ ਤੇ ਦਲਿਤਾਂ (ਨੇਪਾਲੀ) ਨਾਲ ਬਣਦੀ ਹੈ। ਭਾਰਤ ਦੇ ਮਜ਼ਦੂਰਾਂ-ਮਿਹਨਤਕਸ਼ਾਂ ਦੀ ਏਕਤਾ ਇਥੋਂ ਦੀ ਪੂੰਜੀਪਤੀ ਜਮਾਤ ਤੇ ਹੋਰ ਹਾਕਮਾਂ ਦੇ ਨਾਲ ਕਦੇ ਵੀ ਨਹੀਂ ਬਣਦੀ ਬਲਕਿ ਉਨ੍ਹਾਂ ਦੇ ਹਿੱਤਾਂ ਦਾ ਸਿੱਧਾ ਵਿਰੋਧ ਅਤੇ ਟਕਰਾਅ ਹੈ। ਇਸ ਲਈ ਨੇਪਾਲ 'ਚ ਭਾਰਤੀ ਹਾਕਮਾਂ ਦੀ ਦਖਲਅੰਦਾਜ਼ੀ ਇਥੋਂ ਦੀ ਮਜ਼ਦੂਰ-ਮਿਹਨਤਕਸ਼ ਆਬਾਦੀ ਨੂੰ ਕਦਾਚਿਤ ਕਬੂਲ ਨਹੀਂ ਹੋਣੀ ਚਾਹੀਦੀ।

ਇਕ ਤਾਂ ਦੂਜੇ ਦੇਸ਼ ਦੇ ਮਾਮਲਿਆਂ 'ਚ ਦਖਲਅੰਦਾਜ਼ੀ ਕਰੇ ਅਤੇ ਫਿਰ ਉਸ ਨੂੰ ਦੇਸ਼ ਭਗਤੀ ਜਾਂ ਕੌਮਪ੍ਰਸਤੀ ਨਾਲ ਜੋੜ ਦਿੱਤਾ ਜਾਵੇ। ਇਹ ਲੁਟੇਰਿਆਂ ਦਾ ਤਰਕ ਹੈ। ਇਨ੍ਹਾਂ ਦਾ ਰਾਸ਼ਟਰਵਾਦ ਮੁਨਾਫੇ ਦੀ ਮੰਡੀ 'ਚ ਪੈਦਾ ਹੁੰਦਾ ਹੈ ਤੇ ਉਸ ਦੇ ਲਈ ਕੰਮ ਕਰਦਾ ਹੈ। ਹਾਕਮ ਜਮਾਤ ਆਪਣੇ ਸੁਆਰਥ ਨੂੰ ਸਮੁੱਚੀ ਜਨਤਾ ਦੇ ਹਿੱਤ ਵਜੋਂ ਪੇਸ਼ ਕਰਦੀ ਹੈ।

ਪ੍ਰਚੰਡ ਦੇ ਅਸਤੀਫੇ ਪਿੱਛੋਂ ਦੇ ਨੇਪਾਲ ਵਿਚ ਰਾਜਸੀ ਸੰਘਰਸ਼ ਤੇਜ਼ ਹੋ ਗਿਆ ਹੈ। ਨੇਪਾਲ ਦੀ ਮੁਕਤੀ ਲਈ ਸੰਘਰਸਸ਼ੀਲ ਅਵਾਮ ਇਸ ਨਵੇਂ ਸੰਘਰਸ ਵਿਚ ਹੋਰ ਅੱਗੇ ਵੱਧ ਕੇ ਹਿੱਸੇਦਾਰੀ ਕਰੇਗੀ। ਸੰਵਿਧਾਨ ਸਭਾ ਵਲੋਂ ਤਹਿ ਕੀਤੇ ਜਾਣ ਵਾਲੇ ਸੰਵਿਧਾਨ 'ਚ ਇਹ ਰਾਜਸੀ ਸੰਘਰਸ਼ ਹੋਰ ਤਿੱਖਾ ਹੋਵੇਗਾ। ਇਨ੍ਹਾਂ ਸੰਘਰਸ਼ਾਂ ਦੀ ਬਦੌਲਤ ਹੀ ਨੇਪਾਲ ਨੂੰ ਪਿੱਛਾਖੜੀ ਹਾਕਮਾਂ ਤੋਂ ਮੁਕਤੀ ਮਿਲਣ ਦਾ ਰਾਹ ਖੁੱਲ੍ਹਗਾ। ਜਿਸ ਤਰ੍ਹਾਂ ਦਸ ਸਾਲਾਂ 'ਚ ਚੱਲੇ ਯੁੱਧ ਨੇ ਰਾਜਾਸ਼ਾਹੀ ਨੂੰ ਖ਼ਤਮ ਕਰਨ ਵਿਚ ਫੈਸਲਾਕੁੰਨ ਭੂਮਿਕਾ ਨਿਭਾਈ ਸੀ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿਚ ਚੱਲਣ ਵਾਲੇ ਰਾਜਸੀ ਸੰਘਰਸ਼ ਤੇ ਜਮਾਤੀ ਸੰਘਰਸ਼ ਨੇਪਾਲੀ ਸਮਾਜ ਨੂੰ ਪਿੱਛਾਖੜੀ ਹਾਕਮਾਂ ਤੋਂ ਮੁਕਤੀ ਦਿਵਾਉਣ ਵੱਲ ਲੈ ਜਾ ਸਕਦੇ ਹਨ।

✪✪✪